# ਦਿਲ ਕਰੇ ਤਾਂ ਖ਼ਤ ਲਿਖੀਂ

## *ਪਹਿਲੀ ਛਪੀ ਪੁਸਤਕ*

- ਤ੍ਰੇਲ ਜਿਹੇ ਮੋਤੀ (ਪਹਿਲਾ ਗ਼ਜ਼ਲ ਸੰਗ੍ਰਹਿ)
  *ਪੰਜਾਬੀ ਸੱਥ ਵੱਲੋਂ ਸਪਾਂਸਰ*
  *ਪੰਜਨ ਪ੍ਰਕਾਸ਼ਨ (2006)*

# ਦਿਲ ਕਰੇ ਤਾਂ ਖ਼ਤ ਲਿਖੀਂ

(ਚਿੱਠੀਆਂ)

**ਕੁਲਜੀਤ ਕੌਰ ਗ਼ਜ਼ਲ**

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

**ਚਿੱਠੀਆਂ**

**ਕੁਲਜੀਤ ਕੌਰ .ਗਜ਼ਲ**
ਪਿੰਡ - ਤਲਵੰਡੀ ਖੁੰਮਣ, ਡਾਕ - ਪਾਖਰਪੁਰਾ
ਜ਼ਿਲ੍ਹਾ - ਅੰਮ੍ਰਿਤਸਰ - 143502 (ਪੰਜਾਬ)
Email - kuljeetkaurghazal@yahoo.com.au

ਪਹਿਲੀ ਵਾਰ : 2011

© ਲੇਖਕ

ਪ੍ਰਕਾਸ਼ਕ : **ਵਿਸ਼ਵਭਾਰਤੀ ਪ੍ਰਕਾਸ਼ਨ**
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-233244 ਫੈਕਸ : 241744
E-mail : anu_bnl@yahoo.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **140/-**

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਤ

ਉਨ੍ਹਾਂ ਸਾਰਿਆਂ ਪਿਆਰਿਆਂ ਨੂੰ ਜਿਨ੍ਹਾਂ ਮੈਨੂੰ ਖ਼ਤ ਪਾਏ

*- ਕੁਲਜੀਤ ਕੌਰ .ਗਜ਼ਲ*

3-03-2010

## ਧੰਨਵਾਦ

ਤੁਹਾਡਾ ਸਾਰਿਆਂ ਦਾ। ਤੁਸਾਂ ਆਪਣਾ ਕੀਮਤੀ ਸਮਾਂ ਇਨ੍ਹਾਂ ਚਿੱਠੀਆਂ ਦੇ ਲੇਖੇ ਲਾ ਦਿੱਤਾ। ਮਿਹਰਬਾਨੀਆਂ ਜੀ।

ਪਿਆਰੇ ਦੋਸਤੋ,

ਸਤਿ ਸ੍ਰੀ ਅਕਾਲ!

ਇਹ ਮੇਰੀ ਬਦਕਿਸਮਤੀ ਹੈ ਕਿ ਮੈਂ ਸਾਹਿਤ ਨਾਲੋਂ ਕੁਝ ਸਾਲ ਟੁੱਟੀ ਰਹੀ ਹਾਂ। ਮੇਰੀ ਖੁਸ਼ਕਿਸਮਤੀ ਇਹ ਕਿ ਮੈਂ ਸਾਹਿਤ ਨੂੰ ਭੁੱਲੀ ਕਦੇ ਨਹੀਂ। ਪ੍ਰਦੇਸ ਜਾਣ ਤੋਂ ਪਹਿਲਾਂ ਮੈਂ ਸਾਰੇ ਖ਼ਤ ’ਤੇ ਪੁਸਤਕਾਂ ਸਾਂਭ ਗਈ ਸਾਂ। ਬਿਲਕੁਲ ਸੁਰੱਖਿਅਤ ਥਾਂ ਤੇ। ਹੁਣ ਜਦ ਘਰ ਆਈ ਹਾਂ ਤਾਂ ਮੇਜ਼ ਦੇ ਉੱਤੇ ਥੱਲੇ ਕੁਝ ਖ਼ਤ ਸਨ, ਅਣਪੜ੍ਹੇ ਤੇ ਅਣਸਾਂਭੇ। ਇਨ੍ਹਾਂ ਖ਼ਤਾਂ ਨੂੰ ਪੜ੍ਹਦਿਆਂ, ਘੋਖਦਿਆਂ ਹੀ ਉਨ੍ਹਾਂ ਚਿੱਠੀਆਂ ਦਾ ਚੇਤਾ ਆਇਆ ਜੋ ਮੈਂ ਸਾਂਭ ਗਈ ਸਾਂ। ਝੱਟ ਹੀ ਮੈਂ ਤਲਾਸ਼ ਸ਼ੁਰੂ ਕਰ ਦਿੱਤੀ, ਪਰ ਕੁਝ ਵੀ ਆਪਣੀ ਥਾਂ ਸਿਰ ਨਹੀਂ ਸੀ। ਕੁਝ ਖ਼ਤ ਕਿਤਿਓਂ ਮਿਲੇ ਤੇ ਕੁਝ ਕਿਤਿਓਂ। ਘਰ ਦਾ ਕੋਨਾ ਕੋਨਾ ਤਲਾਸ਼ਣ ਤੋਂ ਬਾਅਦ, ਬਹੁਤ ਸਾਰੀਆਂ ਚਿੱਠੀਆਂ ਲੱਭ ਲਈਆਂ ਸਨ ਮੈਂ। ਚਿੱਠੀਆਂ ਦੀ ਕਿਤਾਬ ਛਾਪਣ ਲਈ ਤਾਂ ਮੈਂ ਪਹਿਲਾਂ ਹੀ ਸੋਚ ਰੱਖਿਆ ਸੀ। ਚਿੱਠੀਆਂ ਦੀ ਹਾਲਤ ਵੇਖ ਕੇ ਮਨ ਵਿਚ ਆਈ ਕਿ ਕਿਉਂ ਨਾ ਐਂਤਕੀ ਹੀ ਇਨ੍ਹਾਂ ਨੂੰ ਕਿਤਾਬੀ ਰੂਪ ਦੇ ਦਿੱਤਾ ਜਾਵੇ। ਸੋ ਦੋ ਦਿਨਾਂ ਦੀ ਸਖਤ ਮਿਹਨਤ ਨਾਲ ਮੈਂ ਛਾਪਣ ਵਾਲੀਆਂ ਚਿੱਠੀਆਂ ਦੀ ਛਾਂਟ ਕਰ ਲਈ। ਸਾਰੀਆਂ ਦੀਆਂ ਸਾਰੀਆਂ ਚਿੱਠੀਆਂ ਨੂੰ ਕਿਤਾਬ ਰੂਪ ਦੇਣਾ ਸੰਭਵ ਨਹੀਂ ਸੀ, ਸੋ ਮੈਂ ਪੂਰੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਹਰ ਇੱਕ ਪਾਠਕ/ਲੇਖਕ (ਜਿਨ੍ਹਾਂ ਨੇ ਮੈਨੂੰ ਚਿੱਠੀਆਂ ਪਾਈਆਂ) ਦਾ ਕਮ ਸੇ ਕਮ ਇੱਕ ਖ਼ਤ ਜ਼ਰੂਰ ਛਪ ਜਾਵੇ।

ਇਨ੍ਹਾਂ ਚਿੱਠੀਆਂ ਵਿਚੋਂ ਲੰਘਦਿਆਂ ਇੰਝ ਲੱਗਾ ਜਿਵੇਂ ਤੁਸੀਂ ਸਾਰੇ ਮੇਰੇ ਕੋਲ ਹੋਵੋ ਤੇ ਮੇਰੇ ਨਾਲ ਗੱਲਾਂ ਕਰ ਰਹੇ ਹੋਵੋ। ਇਸ ਅਹਿਸਾਸ ਬਾਰੇ ਲਿਖਣ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਕੁਝ ਕੁ ਚਿੱਠੀਆਂ, ਜੋ ਮੈਨੂੰ ਰਵਾ ਗਈਆਂ ਸਨ ਜਿਵੇਂ ਸ. ਰਵਿੰਦਰ ਹਾਂਸ, ਸਰ ਜਤਿੰਦਰਪਾਲ ਸਿੰਘ ਜੌਲੀ ਜੀ, ਸ੍ਰੀ ਤਰਲੋਕ ਮਨਸੂਰ ਜੀ, ਰਾਮ ਸਰੂਪ ਅਣਖੀ ਜੀ ਆਦਿ ਦੀਆਂ ਜੋ ਹੁਣ ਸਾਡੇ ਵਿਚਕਾਰ ਨਹੀਂ ਹਨ। ਉਨ੍ਹਾਂ ਦੇ ਖ਼ਤ ਮੇਰੇ ਲਈ ਕਿਸੇ ਖਜਾਨੇ ਤੋਂ ਘੱਟ ਨਹੀਂ ਹਨ, ਜਿਨ੍ਹਾਂ ਨੂੰ ਸਾਂਭਣ ਲਈ ਮੈਂ ਕੋਈ ਵੀ ਦੇਰੀ ਨਹੀਂ ਸਾਂ ਕਰਨਾ ਚਾਹੁੰਦੀ।

ਇੱਕ ਇਸ ਗੱਲੋਂ ਵੀ ਦੁੱਖ ਹੋਇਆ ਕਿ ਕੁਝ ਚਿੱਠੀਆਂ ਦੀ ਹਾਲਤ ਬਹੁਤ ਹੀ ਮਾੜੀ ਸੀ, ਕੁਝ ਕੁ ਵਿਚ ਸ਼ਬਦ ਹੀ ਮਿਟ ਗਏ ਜਾਪਦੇ ਸਨ ਤੇ ਕੁਝ ਕੁ ਲਿਖਣ ਵਾਲਿਆਂ ਦੀ ਲਿਖਾਈ ਮੈਂ ਸਮਝਣ/ਪੜ੍ਹਨ ਦੇ ਅਸਮਰਥ ਰਹੀ ਹਾਂ। ਮਜ਼ਬੂਰਨ ਇਹ ਖਤ ਵਿਚ ਸ਼ਾਮਲ ਨਹੀਂ ਹੋ ਸਕੇ। ਇਸ ਵਾਸਤੇ ਮੈਨੂੰ ਬਹੁਤ ਅਫਸੋਸ ਹੈ।

ਤੁਸੀਂ ਸੋਚੋਗੇ ਕਿ ਇਸ ਨਿਮਾਣੀ ਜਿਹੀ ਤੇ ਆਮ ਜਿਹੀ ਲੇਖਿਕਾ ਨੂੰ ਐਨੀਆਂ ਚਿੱਠੀਆਂ ਕੀਹਨੇ ਲਿਖ ਦਿੱਤੀਆਂ? ਦੋਸਤੋ, ਅਸਲ ਗੱਲ ਤਾਂ ਇਹ ਹੈ ਕਿ ਮੈਨੂੰ ਆਪ ਹੀ ਚਿੱਠੀਆਂ ਲਿਖਣ ਦਾ ਬਹੁਤ ਸ਼ੌਂਕ ਰਿਹਾ ਹੈ। ਕੋਈ ਵੀ ਅਜਿਹਾ ਖ਼ਤ ਨਹੀਂ ਜਿਸਦਾ ਉੱਤਰ ਮੈਂ ਨਾ ਦਿੱਤਾ ਹੋਵੇ ਤੇ ਕੋਈ ਵੀ ਅਜਿਹੀ ਚੰਗੀ ਰਚਨਾ ਨਹੀਂ ਜਿਸਦੇ ਲੇਖਕ ਦਾ ਹੌਂਸਲਾ ਵਧਾਉਣ ਲਈ ਮੈਂ ਖ਼ਤ ਨਾ ਲਿਖਿਆ ਹੋਵੇ। ਹੁਣ ਅਜਿਹਾ ਨਹੀਂ ਹੁੰਦਾ। ਚਿੱਠੀਆਂ ਦੀ ਥਾਂ ਟੈਲੀਫੋਨ ਜਾਂ ਈਮੇਲ ਨੇ ਲੈ ਲਈ ਹੈ। ਚਿੱਠੀ ਲਿਖੀ ਹੀ ਨਹੀਂ ਜਾਂਦੀ, ਪਰ ਇਸਦਾ ਮਤਲਬ ਇਹ ਨਹੀਂ ਕਿ ਸਾਹਿਤਕ, ਪਰਿਵਾਰਕ ਜਾਂ ਆਮ ਰਿਸ਼ਤੇ ਖ਼ਤਮ ਹੋ ਗਏ ਹਨ। ਚਿੱਠੀਆਂ ਦੀ ਆਪਣੀ ਅਹਿਮੀਅਤ ਹੈ। ਵਧੀਆ ਚਿੱਠੀ ਲਿਖਣਾ ਹਰ

ਕਿਸੇ ਦੇ ਵੱਸ ਦੀ ਗੱਲ ਨਹੀਂ। ਇਨ੍ਹਾਂ ਵਿਚ ਹਰ ਤਰ੍ਹਾਂ ਦੇ ਖ਼ਤ ਸ਼ਾਮਿਲ ਹਨ। ਘੱਟ ਪੜ੍ਹਿਆਂ ਦੇ ਵੀ ਤੇ ਜ਼ਿਆਦਾ ਪੜ੍ਹਿਆਂ ਦੇ ਵੀ। ਔਰਤ ਦੇ ਵੀ ਤੇ ਮਰਦ ਦੇ ਵੀ। ਲੰਬੇ ਵੀ ਤੇ ਛੋਟੇ ਵੀ। ਲੇਖਕਾਂ ਦੇ ਵੀ ਤੇ ਪਾਠਕਾਂ ਦੇ ਵੀ। ਰੋਸੇ ਵਾਲੇ ਤੇ ਪਿਆਰ ਵਾਲੇ ਵੀ।

ਹਾਂ ਇੱਕ ਗੱਲ ਹੋਰ ਕਹਿਣੀ ਚਾਹਾਂਗੀ ਕਿ ਅਖੀਰ ਵਿਚ ਮੈਂ ਕੁਝ ਅਸਾਹਿਤਕ ਖ਼ਤ ਸ਼ਾਮਲ ਕਰ ਲਏ ਹਨ। ਇਹ ਖ਼ਤ ਪਰਿਵਾਰਕ ਹਨ, ਮੇਰੇ ਹੀ ਭੈਣ, ਭਰਾਵਾਂ ਤੇ ਦੋਸਤਾਂ ਦੇ ਜੋ ਮੈਨੂੰ ਹੀ ਨਹੀਂ ਲਿਖੇ ਗਏ ਸਗੋਂ ਅਸੀਂ ਆਪਸ ਵਿਚ ਵੀ ਇੱਕ ਦੂਜੇ ਨੂੰ ਲਿਖੇ ਹਨ। ਤੁਸੀਂ ਸੋਚੋਗੇ ਕਿ ਇਨ੍ਹਾਂ ਖ਼ਤਾਂ ਦਾ ਕਿਤਾਬ ਵਿਚ ਕੀ ਮਤਲਬ! ਪਰ ਇਹ ਮੇਰੇ ਲਈ ਮਤਲਬ ਰੱਖਦੇ ਹਨ। ਮੇਰੀ ਛੋਟੀ ਭੈਣ ਮਲਕੀਅਤ ਛੋਟੀ ਜਿਹੀ ਹੀ ਹੋਸਟਲ ਵਿਚ ਸੀ। ਉਸਨੇ ਢੇਰਾਂ ਖ਼ਤ ਘਰ ਨੂੰ ਲਿਖੇ ਪਰ ਸਾਰੇ ਨਹੀਂ ਲੱਭੇ। ਉਸਦੇ ਖ਼ਤ ਪੜ ਕੇ ਸਾਰੇ ਪਰਿਵਾਰ ਹੱਸਦਾ ਵੀ ਸੀ ਤੇ ਅੱਖਾਂ ਵੀ ਭਰ ਲੈਂਦਾ ਸੀ। ਹੁਣ ਉਹ ਸਿਆਣੀ ਹੋ ਗਈ ਹੈ ਤੇ ਘਰ ਹੀ ਹੈ। ਇਸ ਲਈ ਹੋ ਸਕਦਾ ਹੈ ਕਿ ਉਹ ਖ਼ਤ ਉਸਨੇ ਇਧਰ-ਉਧਰ ਕਰ ਦਿੱਤੇ ਹਨ ਜਾਂ ਪਾੜ ਕੇ ਸੁੱਟ ਦਿੱਤੇ ਹਨ। ਜੋ ਕੁਝ ਮੇਰੇ ਕੋਲ ਸੀ, ਮੈਂ ਇਸੇ ਕਿਤਾਬ ਵਿਚ ਸ਼ਾਮਿਲ ਕਰਨ ਦੀ ਸੋਚੀ ਹੈ। ਉਮੀਦ ਹੈ ਇਹ ਹੋਂਦ ਤੁਹਾਨੂੰ ਚੁਭੇਗੀ ਨਹੀਂ।

ਬਾਕੀ ਦੋਸਤੋ, ਜੇਕਰ ਕਿਸੇ ਪਿਆਰੇ ਦਾ ਖ਼ਤ (ਜਿਸ ਨੇ ਵੀ ਮੈਨੂੰ ਲਿਖਿਆ ਸੀ) ਛਪਣੋ ਰਹਿ ਗਿਆ ਹੈ ਤਾਂ ਮੈਂ ਮੁਆਫੀ ਚਾਹੁੰਦੀ ਹਾਂ। ਮੇਰਾ ਹੀ ਕਸੂਰ ਹੈ ਕਿ ਇਸ ਸਾਂਭ-ਸੰਭਾਲ ਵਿਚ ਮੈਥੋਂ ਕਮੀ ਰਹਿ ਗਈ। ਉਮੀਦ ਹੈ ਤੁਸੀਂ ਮੈਨੂੰ ਮੁਆਫ਼ ਕਰ ਦਿਓਗੇ। ਆਪ ਸਭ ਦੀ ਬੜੀ ਮਿਹਰਬਾਨੀ ਹੋਵੇਗੀ। ਰੱਬ ਆਪ ਜੀ ਨੂੰ ਖੁਸ਼ੀਆਂ ਦੇਵੇ ਤੇ ਪਰਿਵਾਰ ਚੜਦੀਆਂ ਕਲਾਂ ਵਿਚ ਰਹੇ।

ਇਸ ਕਿਤਾਬ ਸਬੰਧੀ ਕੋਈ ਗਿਲਾ, ਸ਼ਿਕਵਾ, ਸ਼ਿਕਾਇਤ ਜਾਂ ਸੁਝਾਅ ਹੋਵੇ ਤਾਂ ਸੰਪਰਕ ਕਰਨ ਵਿਚ ਦੇਰੀ ਨਾ ਕਰਨੀ। ਧੰਨਵਾਦੀ ਹੋਵਾਂਗੀ।

ਸ਼ੁਭਚਿੰਤਕ

*- ਕੁਲਜੀਤ ਕੌਰ ਗ਼ਜ਼ਲ*

*ਪਿੰਡ - ਤਲਵੰਡੀ ਖੁੰਮਣ, ਡਾਕ - ਪਾਖਰਪੁਰਾ*

*ਜ਼ਿਲ੍ਹਾ - ਅੰਮ੍ਰਿਤਸਰ - 143502 (ਪੰਜਾਬ)*

***Email - kuljeetkaurghazal@yahoo.com.au***

5-03-2007

ਕੁਲਜੀਤ ਕੌਰ ਗ਼ਜ਼ਲ

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ ਉਮੀਦ ਹੈ ਕਿ ਸਾਡੇ ਵਾਂਗ ਆਪ ਵੀ ਠੀਕ-ਠਾਕ ਹੀ ਹੋਵੋਗੇ ਮੈਂ ਇਕ ਦਿਨ ਅਖ਼ਬਾਰ 'ਚ ਪੜ੍ਹਿਆ ਸੀ ਕਿ ਤੁਹਾਡੀ ਕਿਤਾਬ ਰਲੀਜ ਹੋ ਰਹੀ ਹੈ ਮੈਂ ਤੁਹਾਡੀਆਂ ਬਹੁਤ ਗ਼ਜ਼ਲਾਂ ਪੜ੍ਹਦਾ ਰਹਿੰਦਾ ਹਾਂ "ਰਜਨੀ" ਮੈਗ਼ਜ਼ੀਨ ਅਖ਼ਬਾਰਾਂ 'ਚ ਤੇ ਹੋਰ ਵੀ ਕਈ ਮੈਗ਼ਜੀਨ ਕਿਤਾਬ ਵਿਚ ਪੜ੍ਹਦਾ ਹਾਂ ਦਿਲ ਕੀਤਾ ਕਿ ਆਪ ਜੀ ਨੂੰ ਕਿਤਾਬ ਰਲੀਜ ਦੀ ਵਧਾਈ ਜ਼ਰੂਰ ਭੇਜਣੀ ਹੈ। ਮੇਰੇ ਵਲੋਂ ਆਪ ਜੀ ਨੂੰ ਅਤੇ ਆਪ ਦੇ ਪਰਿਵਾਰ ਨੂੰ ਬਹੁਤ-ਬਹੁਤ ਵਧਾਈਆਂ ਅਤੇ ਆਪ ਜੀ ਦੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ। ਪ੍ਰਮਾਤਮਾ ਹਮੇਸ਼ਾ ਤੁਹਾਨੂੰ ਤੱਤੀ ਵਾਹ ਤੋਂ ਬਚਾਵੇ ਹਮੇਸ਼ਾ ਤੁਸੀਂ ਚੜ੍ਹਦੀ ਕਲਾ ਵਿਚ ਰਹੋ। ਤੁਹਾਡੇ ਚਰਨਾਂ ਦੀ ਧੂੜ ਮੱਥੇ ਨੂੰ ਲਾਉਣ ਨੂੰ ਦਿਲ ਕਰਦਾ ਹੈ ਪਰ ਤੁਹਾਡੇ ਚਰਨ ਸਪੱਸ਼ਟ ਨਹੀਂ ਹੁੰਦੇ।

-o-

ਮੈਡਮ - ਕੁਲਜੀਤ ਕੌਰ ਗ਼ਜ਼ਲ ਜੀ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ ਉਮੀਦ ਹੈ ਕਿ ਸਾਡੇ ਵਾਗਰਾ ਆਪ ਵੀ ਰਾਜੀ-ਖੁਸ਼ੀ ਹੋਵੋਗੇ ਤੁਹਾਡੀ ਗ਼ਜ਼ਲ "ਰਜਨੀ" ਮੈਗ਼ਜ਼ੀਨ ਵਿਚ ਪੜੀ ਬਹੁਤ ਹੀ ਵਧੀਆ ਲੱਗੀ ਤੇ ਮੈਂ ਖ਼ਤ ਲਿਖਣ ਤੋਂ ਨਹੀਂ ਰਹਿ ਸਕਿਆ ਆਪ ਬਹੁਤ ਹੀ ਵਧੀਆ ਲਿਖਦੇ ਹੋ ਮੈਂ ਤੁਹਾਡੀਆਂ ਗ਼ਜ਼ਲਾਂ ਕਈ ਵਾਰ ਅਖ਼ਬਾਰਾਂ 'ਚ ਵੀ ਪੜਦਾ ਹਾਂ। ਪਰ ਤੁਹਾਡੇ ਨਾਲ ਕਦੀ ਮੇਲ ਨਹੀਂ ਹੋਇਆਂ ਮੈਂ ਤੁਹਾਡੇ ਫੋਨ ਤੇ ਵੀ ਕਈ ਵਾਰ ਟਰਾਈ ਕਰਦਾ ਹਾਂ ਪਰ ਹਰ ਵਾਰ ਨਗਮਾ ਹੀ ਮਿਲਦੀ ਹੈ। ਤੁਹਾਡੀ ਇਹ ਗ਼ਜ਼ਲ ਦੋ ਮਹੀਨੇ ਲਗਾਤਾਰ ਹੀ ਲੱਗੀ ਹੈ। ਖਤ ਦਾ ਉਤਰ ਜ਼ਰੂਰ ਦੇਣਾ ਮੇਹਰਬਾਨੀ ਹੋਵੇਗੀ.

*ਤੁਹਾਡਾ ਵੀਰ*

-o-

ਰਾਣੀ ਬੇਟੀ ਕੁਲਜੀਤ

ਮੋਹ ਭਰੀ ਭਾਵਨਾ ਤੂੰ ਬੜੀ ਤਤਪਰਤਾ ਨਾਲ ਉੱਤਰ ਦਿੱਤਾ ਹੈ, ਜੀਹੀ ਆਦਤ ਹੈ ਭਲੀ ਗੱਲ ਬਣ ਗਈ ਕਿ ਮੈਂ ਤੇਰੀ ਖਿਆਲ 'ਚ ਮਰਿਆ ਹੋਇਆ ਜਿਉਂਦਾ ਮਿਲ ਗਿਆ। ਸਬੱਬ ਦੀ ਤਾਸੀਰ ਵੀ ਬੜੀ ਸੁਆਦਲੀ ਹੁੰਦੀ ਹੈ - ਕੱਲ੍ਹ ਤੇਰਾ ਖ਼ਤ ਆਇਆ, ਕੱਲ੍ਹ ਹੀ ਮੈਂ 69 ਵਰ੍ਹੇ ਪਾਰ ਕਰਕੇ 70ਵੇਂ 'ਚ ਪਵੇਸ਼ ਕੀਤਾ ਹੈ।

ਪੜ੍ਹਦਾ ਰਹਿ ਐਫ਼. ਐਮ. ਫਿਲ. ਕਰ ਲੈ। ਚੰਗੀ ਤਕੜੀ ਵਿਦਵਾਨ ਬਣ ਜਾ। ਬਾਕੀ ਫੇਰ ਕਦੇ ਸਹੀ ਤੇਰਾ ਹਿੱਤੂ ਤੇਰਾ ਬਾਪੂ

*ਓਮ ਪ੍ਰਕਾਸ਼ ਗਾਸੋ*

-o-

*ਪਿਆਰੇ ਬੱਚੂ*
*ਸਨੇਹ ਤੇ ਸ਼ੁਭ ਭਾਵਨਾਵਾਂ।*

ਗ਼ਜ਼ਲ ਵਰਗਾ ਬੜਾ ਪਿਆਰਾ ਉਪਨਾਮ ਚੁਣਿਆ ਹੈ। ਪਿਆਰੇ ਪੁੱਤਰ ਕੀ ਕਰਦਾ ਹੈ ਤੂੰ। ਕਿੰਨਾ ਕੁ ਪੜ੍ਹਿਆ ਲਿਖਿਆ ਹੈ। ਤੇਰੇ ਕਾਰਡ ਦੀਆਂ ਸਤਰਾਂ ਨੇ ਪੰਜਾਬੀ ਮਾਝੇ ਦੀ ਤੀਰਥ ਯਾਤਰਾ ਕਰਵਾ ਦਿੱਤੀ। ਖ਼ੁਸ਼ੀ ਹੈ। ਕੀ ਤੂੰ ਮੇਰੀਆਂ ਪੁਸਤਕਾਂ 'ਨਾਵਲ' ਪੜ੍ਹੇ ਹਨ। ਜੇ ਪੜ੍ਹਨਾ ਚਾਹੇ ਤਾਂ ਲਿਖਣਾ। ਸਭ ਲਈ ਆਦਰ ਤੇਰਾ ਹਿੱਤੂ

***ਓਮ ਪ੍ਰਕਾਸ਼ ਗਾਸੋ***

–o–

ਕੁਲਜੀਤ ਗ਼ਜ਼ਲ ਜੀ ਪਿਆਰ ਭਰੀ ਸਤਿ ਸ੍ਰੀ ਅਕਾਲ ਮੈਂ ਤੁਹਾਡੀਆਂ 'ਗ਼ਜ਼ਲਾਂ', 'ਰਜਨੀ' ਮੈਗ਼ਜ਼ੀਨ ਵਿਚ ਪੜ੍ਹੀਆਂ ਬਹੁਤ ਹੀ ਵਧੀਆ ਸੀ। ਦਿਲ ਕਰਦਾ ਹੈ ਕਿ ਤੁਹਾਡੀਆਂ ਗ਼ਜ਼ਲ ਵਾਰ ਵਾਰ ਹੀ ਪੜ੍ਹਦੇ ਰਹੀਏ ਇਕ ਰਜਨੀ ਹੀ ਐਸਾ ਮੈਗ਼ਜ਼ੀਨ ਹੈ ਜੋ ਹਰ ਛੋਟੇ ਵੱਡੇ ਕਲਾਕਾਰ ਨੂੰ ਇਕ ਸੁੱਚੇ ਮੋਤੀ ਦੀ ਤਰ੍ਹਾਂ ਮਾਲਾ ਵਿਚ ਪਰੋ ਦਿੰਦਾ ਹੈ। ਮੈਨੂੰ ਜਿਸ ਵੀ ਕਲਾਕਾਰ ਦੀਆਂ 'ਰਚਨਾਵਾਂ' ਚੰਗੀਆਂ ਲੱਗਦੀਆਂ ਹਨ ਮੈਂ ਉਨ੍ਹਾਂ ਕਲਾਕਾਰਾਂ ਦੇ ਵਿਚਾਰ ਜਾਨਣਾ ਚਾਹੁੰਦਾ ਹਾਂ। ਹੋਰ ਵੀ ਕਈ ਕਲਾਕਾਰਾਂ ਦੀਆ ਰਚਨਾਵਾਂ ਬਹੁਤ ਵਧੀਆ ਹੁੰਦੀਆਂ ਹਨ।

ਕੁਲਜੀਤ ਗ਼ਜ਼ਲ ਜੀ ਆਪਣੇ ਵਿਚਾਰ ਜ਼ਰੂਰ ਲਿਖ ਕੇ ਭੇਜਣੇ। ਸਾਨੂੰ ਤੁਹਾਡੇ ਖ਼ਤ ਦਾ ਇੰਤਜਾਰ ਰਹੇਗਾ ਮੈਂ ਵੀ ਇਕ ਛੋਟਾ ਜਿਹਾ ਲੇਖਕ ਹਾਂ ਅਤੇ ਮੇਰੀਆਂ ਵੀ ਕਦੀ-ਕਦੀ ਰਚਨਾਵਾਂ ਰਜਨੀ ਮੈਂਗ਼ਜ਼ੀਨ ਵਿਚ ਆਉਂਦੀਆਂ ਹਨ। ਆਪ ਜੀ ਦਾ ਛੋਟਾ ਵੀਰ।

***ਓਮ ਪ੍ਰਕਾਸ਼ "ਭਗਤ" ਸ਼ਾਂਤੀ ਨਗਰ, ਬਟਾਲਾ***
***ਪਿੰਡ ਕੋਡ : 143505***

–o–

**ਬਰਨਾਲਾ**

ਪਿਆਰੀ ਤੇ ਰਾਣੀ ਧੀਏ ਗ਼ਜ਼ਲ ਤੇ ਕੁਲਜੀਤ
ਸ਼ੁਭ ਭਾਵਨਾਵਾਂ

ਅੱਖ ਵਿਚ ਲੈਨਜ਼ ਪਵਾਉਣ ਕਾਰਨ ਪੜ੍ਹਣ ਲਿਖਣ ਤੋਂ ਪਾਸੇ ਹੋਣ ਕਰਕੇ ਨਵੇਂ ਵਰ੍ਹੇ ਲਈ ਆਪਣੇ ਬੱਚੂ ਦੀਆਂ ਸ਼ੁਭ ਇਛਾਵਾਂ ਦਾ ਉਤਰ ਨਾ ਦੇ ਸਕਿਆ। ਪੁੱਤਰਾ, ਖ਼ੂਬ ਪੜ੍ਹਿਆ ਕਰ, ਜ਼ਿੰਦਗੀ ਦੇ ਸ਼ਿਖਰ ਦਾ ਜੇਤੂ ਬਣ ਜਾ। ਕਾਵਿ ਖੇਤਰ ਦੀਆਂ ਪ੍ਰਾਪਤੀਆਂ ਪ੍ਰਾਪਤ ਕਰਦਾ ਰਹਿ। ਬਹੁਤ ਬਹੁਤ ਸਨੇਹ ਤੇ ਸ਼ੁਭ ਭਾਵਨਾਵਾਂ ਤੇਰਾ ਬਾਪੂ।

***ਓਮ ਪ੍ਰਕਾਸ਼ ਗਾਸੋ***

–o–

9-1-2002

ਪਿਆਰੀ ਕੁਲਜੀਤ

अभी सीख रही हूं पंजाबी कभी न कभी तो सीख ही जाऊंगी! तुम्हारा पत्र मिला अच्छा लगा तुमने हिन्दी में बहुत अच्छा लिखा है। मैं अम्रतसर गई थी वहां मेरी छोटी बहन का घर है। लेकिन दो दिन के लिए ही गई तो तुमसे मिलने जरूर आऊंगी। बहुत अच्छा लगा यह जान कर कि तुम भी कवियत्री हो। अब हम पंजाबी किताबों में भी मिला करेगें। तुम मुझे पंजाबी सिखाने का यत्न करना। उत्तर देना तुम्हारी बहन ऊषा मेहतानी।

*हाऊस नं : 01896-32153*

-o-

Miss Kuljeet Gazal Jio Ji Satsriakal
Very Very Congratulation for Happy New Year 2004

Miss Kuljeet Gazal Jio Ji Happy New Year 2004 ਵਿਚ ਆਪ ਜੀ U.S.A. ਵਿਚ Settle ਹੋ ਜਾਵੇਗੀ। ਮੈਂ ਆਪ ਜੀ ਦੀ ਭਵਿੱਖਬਾਣੀ ਕਰਵਾਤੀ ਹੈ। ਸਾਲ 2004 ਦੇ ਅਖੀਰ 'ਚ ਆਪ ਜੀ ਬਹੁਤ ਵੱਡੀ ਸਟਾਰ ਬਣਕੇ ਵਿਦੇਸ਼ Settle ਹੋ ਜਾਵੇਗੀ। ਜੇ ਯਕੀਨ ਨਾ ਆਵੇ, ਤੇ ਮੇਰਾ ਖਤ ਸੰਭਾਲ ਕੇ ਰੱਖ ਲਵੀ। ਜੇਕਰ ਮੇਰੀ ਭਵਿੱਖਬਾਣੀ ਸੱਚ ਹੋ ਜਾਵੇ ਤਾਂ ਇਸ ਛੋਟੇ ਜਿਹੇ ਗਰੀਬ ਇਨਸਾਨ ਨੂੰ U.S.A. ਵਿਚ ਆਪਣਾ P.A. ਜ਼ਰੂਰ ਰੱਖ ਲੈਣ ਦੀ ਕ੍ਰਿਪਾਲਤਾ ਕਰਨੀ। ਧੰਨਵਾਦ ਹੋਵੇਗਾ। ਆਪ ਦਾ ਸਟਾਰ ਇਕ ਦਮ ਹੀ ਚਮਕੇਗਾ, ਕਿਸੇ ਵਿਦੇਸ਼ੀ ਕਲਾਕਾਰ ਦੇ ਮਲ ਹੋਣ ਉਪਰੰਤ ਮੈਨੂੰ ਜੋਤਸ਼ੀ ਨੇ ਦੱਸਿਆ ਹੈ। ਗ਼ਜ਼ਲ ਜੀ ਆਪ ਜੀ ਦੀਆ ਗ਼ਜ਼ਲਾਂ : ਬੇਵਫਾ। ਸਾਨੂੰ ਅਸਾਡੇ ਹਾਲ ਤੇ ਹੀ ਰਹਿਣ ਦੇ - ਇਹ ਛਮ ਛਮ - ਅੱਥਰੂ ਵਹਿੰਦੇ ਨੇ ਜੇ ਤਾਂ ਵਹਿਣ ਦੇ ਅਤੇ ਮੈਂ ਆਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ, ਬੇਹੱਦ ਪਸੰਦ ਆਈਆਂ ਜਿਸ ਦੇ ਲਈ ਗ਼ਜ਼ਲ ਜੀ ਤੁਸੀਂ ਵਧਾਈ ਦੀ ਪਾਤਰ। ਗ਼ਜ਼ਲ ਜੀ I request you ਕਿ ਆਪ ਜੀ ਜਲਦੀ ਤੋਂ ਜਲਦੀ ਗਾਉਣਾ ਸ਼ੁਰੂ ਕਰੋ, ਕਰੋੜਪਤੀ ਬਣ ਜਾਵੋਗੀ - ਚੰਦ ਹੀ ਦਿਨਾਂ ਵਿਚ ਕਿਉਂਕਿ ਜੇਕਰ ਆਪ ਦਰਦ ਭਰੀਆਂ ਕਵਿਤਾ ਲਿਖ ਸਕਦੇ ਹੋ, ਤਾਂ ਗੀਤ ਤੇ ਬਹੁਤ ਹੀ ਵਧੀਆ ਤਰੀਕੇ ਨਾਲ ਗਾ ਸਕਦੀ ਹੋ। ਧੰਨਵਾਦ ਸਾਹਿਤ ਅਜੈਬ ਸਿੰਘ ਬਜਵਾ।

ਗੀਤਕਾਰ ਅਮ੍ਰਿਤਾ ਵਿਰਕ ਦਰਦ ਭਰੇ ਗੀਤ ਗਾ ਕੇ ਹੀ ਹਿਟ ਹੋਈ ਸੀ, ਤੇ ਹੋ ਵੀ ਰਹੀ ਹੈ, ਤੇ ਦੂਜੇ ਨੰਬਰ 'ਚ ਪੰਜਾਬ 'ਚ ਤੇਰਾ ਨਾਮ ਹਿਟ ਹੋਵੇਗਾ। "ਸੁਝਾਵ ਤੇ ਅਮਲ ਜ਼ਰੂਰ ਕਰੀ" ਧੰਨਵਾਦ ਹੋਵੇਗਾ।

***ਫੋਨ ਨੰ : 951634-230517 ਸਟੂਡੀਓ,***
***ਅਜੈਬ ਸਿੰਘ ਬਜਵਾ ਕੈਪਟਨ ਸਟੂਡੀਓ, ਸੁੰਦਰ ਨਗਰੀ,***
***ਸਟਰੀਟ ਨੰ : 17, ਅਬੋਹਰ ਜ਼ਿਲ੍ਹਾ - ਅਮ੍ਰਿਤਸਰ 152116 (ਪੰਜਾਬ)***

24-02-03

ਸਤਿਕਾਰਯੋਗ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ।

ਆਪ ਜੀ ਦੀ ਕਹਾਣੀ "ਹਿੰਦ-ਪਾਕਿ ਦੋਸਤੀ" ਪੜ੍ਹੀ। ਬਹੁਤ ਹੀ ਵਧੀਆ ਲੱਗੀ। ਆਪ ਜੀ ਵਧਾਈ ਦੇ ਪਾਤਰ ਹੋ। ਆਪ ਨੂੰ ਤਰੱਕੀ ਮਿਲੇ, ਇਸੇ ਆਸ ਨਾਲ, ਆਪ ਜੀ ਦੀ ਕਲਮ ਲਈ ਦੁਆ ਕਰਦਾ ਹਾਂ।

ਆਸ ਨਾਲ

*ਅਮਨਦੀਪ ਅਮਨ*

*ਪਿੰਡ : ਗੁੜੀ ਸੰਘਰ, ਜ਼ਿਲ੍ਹਾ ਮੁਕਤਸਰ - 152031*

-o-

29-12-2003

ਨਵੇਂ ਸਾਲ ਦੀਆਂ ਵਧਾਈਆਂ ਵੀ ਕਬੂਲ ਕਰੋ
ਸਤਿਕਾਰਯੋਗ ਕੁਲਜੀਤ ਜੀ,

ਸ਼ਨਿਚਰਵਾਰ 27-12-2003 ਨੂੰ ਜਗਬਾਣੀ ਅਖ਼ਬਾਰ ਵਿਚ ਆਪ ਜੀ ਦੀਆਂ ਦੋ ਗ਼ਜ਼ਲਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਆਪ ਜੀ ਨੂੰ ਵਧੀਆ ਲੇਖਣੀ ਤੇ ਮੁਬਾਰਕਬਾਦ ਭੇਜਦਾ ਹਾਂ ਤੇ ਨਾਲ ਹੀ ਦਾਦ ਦਿੰਦਾ ਹਾਂ।

ਦੂਜੀ ਆਪ ਜੀ ਨੂੰ ਇੱਕ ਸੂਚਨਾ ਦੇਣੀ ਆਪਣਾ ਫਰਜ਼ ਸਮਝਦਾ ਹਾਂ - ਉਂਜ ਸੂਚਨਾ ਦੇਣ ਤੋਂ ਮੈਂ ਕਾਫ਼ੀ ਲੇਟ ਹੋ ਗਿਆ ਹਾਂ। ਸ਼ਾਇਦ ਆਪ ਨੂੰ ਪਹਿਲਾਂ ਇਸ ਬਾਰੇ ਜਾਣਕਾਰੀ ਵੀ ਹੋਵੇ।

ਪੰਜਾਬੀ ਸੱਥ, ਲਾਂਬੜਾ (ਜਲੰਧਰ) ਵਾਲੇ ਛੇਤੀ ਹੀ ਇੱਕ ਪੁਸਤਕ ਛਾਪ ਰਹੇ ਹਨ, ਜਿਸ ਵਿਚ ਸਿਰਫ਼ ਧੀਆਂ ਬਾਰੇ ਕਵਿਤਾਵਾਂ ਤੇ ਗੀਤ ਸ਼ਾਮਲ ਕੀਤੇ ਜਾਣਗੇ। ਸੋ ਤੁਸੀਂ ਵੀ 'ਧੀਆਂ' ਸਬੰਧੀ ਕੋਈ ਕਾਵਿ-ਰਚਨਾ ਭੇਜ ਦਿਓ - ਬਹੁਤੀ ਲੇਟ ਨਾ ਹੋਣਾ - ਉਪਰੋਕਤ ਪਤੇ ਤੇ ਕਾਵਿ ਰਚਨਾ ਭੇਜੀ ਜਾ ਸਕਦੀ ਹੈ। ਜੇ ਰਚਨਾ ਭੇਜ ਚੁੱਕੇ ਹੋ ਤਾਂ ਫਿਰ ਠੀਕ ਹੈ। ਸਾਡੇ ਵੱਲੋਂ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

ਉੱਤਰ ਦੀ ਉਡੀਕ ਕਰਾਂਗਾ ਖ਼ਤ ਜ਼ਰੂਰ ਪਾਉਣਾ।

*ਮਾ : ਆਤਮਾ ਸਿੰਘ ਚਿੱਟੀ*
*ਪਿੰਡ ਤੇ ਡਾਕ : ਚਿੱਟੀ*
*ਜ਼ਿਲ੍ਹਾ ਜਲੰਧਰ - 144028,*
*ਫੋਨ ਨੰ : 0181-2796427*

-o-

09-03-02

ਬੇਟੀ ਕੁਲਜੀਤ ਜੀ,
ਅਸ਼ੀਰਵਾਦ!

ਪੰਛੀ ਸਾਹਿਬ ਤੋਂ ਤੁਹਾਡੀ ਜਾਣਕਾਰੀ ਮਿਲੀ ਤੇ ਫਿਰ ਤੁਹਾਡੀਆਂ ਗ਼ਜ਼ਲਾਂ ਮਿਲ ਰਹੀਆਂ ਨੇ ਪੜ੍ਹਨ ਨੂੰ। ਜਦ ਬੱਚੇ ਚੰਗਾ ਲਿਖਦੇ ਹਨ ਤਾਂ ਮਨ ਖੁਸ਼ ਹੁੰਦਾ ਹੈ। 'ਨੁਕਤਾ' ਤੁਹਾਨੂੰ ਲਗਾਤਾਰ ਮਿਲ ਹੀ ਰਿਹਾ ਹੋਵੇਗਾ। ਮਾਰਚ-ਅਪ੍ਰੈਲ 02 ਅੰਕ ਵਿਚ ਵੀ ਤੁਹਾਡੀ ਗ਼ਜ਼ਲ ਜਲਵਾਗਰ ਹੋਈ ਹੈ। ਬੇਟੇ ਇਹ ਪਰਚਾ ਆਪਾਂ ਇਕ ਮਿਸ਼ਨ ਨੂੰ ਲੈ ਕੇ ਕੱਢ ਰਹੇ ਹਾਂ ਤੇ ਇਹ ਤੁਹਾਡੇ ਜਿਹੇ ਸੁਹਿਰਦ ਸਹਿਯੋਗੀਆਂ ਦੇ ਆਸਰੇ ਹੀ ਨਿਕਲ ਰਿਹਾ ਹੈ। ਇਸ ਲਈ ਆਪਣਾ ਅਤੇ ਹੋਰ ਸਾਥੀਆਂ ਦੇ ਚੰਦੇ ਭੇਜ ਕੇ ਧੰਨਵਾਦੀ ਬਨਾਉਣਾ ਤਾਂ ਕਿ ਆਪਾਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕੀਏ।

*ਤੁਹਾਡਾ ਅੰਕਲ : ਅਮਰਜੀਤ ਸਿੰਘ ਸੰਧੂ*
*421 - ਦਕੋਹਾ*
*(ਜਲੰਧਰ) - 14402*

-o-

ਪਰਮ ਸਤਿਕਾਰਯੋਗ ਕੁਲਜੀਤ ਜੀ
ਸਤਿ ਸ੍ਰੀ ਅਕਾਲ!

28/9 ਦੇ ਜਗਬਾਣੀ 'ਚ ਤੁਹਾਡੀਆਂ ਦੋ ਗ਼ਜ਼ਲਾਂ ਪੜੀਆਂ, ਬੇਹੱਦ ਪਸੰਦ ਆਈਆਂ ਖਾਸ ਕਰਕੇ

"ਵੇਖ ਕੇ ਮੇਰਾ ਭਰੋਸਾ ਪਿਆਰ 'ਤੇ,
ਮੌਤ ਵੀ ਹਰ ਵਾਰ ਹੈ ਟਲਦੀ ਰਹੀ।
ਜਾਨ ਇਕ ਦਿਨ ਲੈ ਲੇਂਗੀ 'ਕੁਲਜੀਤ' ਦੀ,
ਪੀੜ ਜਿਹੜੀ ਦਿਲ 'ਚ ਹੈ ਪਲਦੀ ਰਹੀ।"

ਵਾਹ! ਕੁਲਜੀਤ ਜੀ ਕਮਾਲ ਦੀਆਂ ਸਤਰਾਂ ਲਿਖੀਆਂ ਨੇ ਤੁਸੀਂ ਹੋਰ ਕੀ ਲਿਖਦੇ? ਕੀ ਕਰਦੇ ਹੋ? ਜ਼ਰੂਰ ਲਿਖਣਾ। ਮੈਨੂੰ ਤੁਹਾਡੇ ਖ਼ਤ ਦਾ ਸ਼ਿੱਦਤ ਨਾਲ ਇੰਤਜ਼ਾਰ ਰਹੇਗਾ।
ਧੰਨਵਾਦ ਸਾਹਿਤ

*ਅਮਰਜੀਤ ਸਿੰਘ ਢੀਂਡਸਾ*
***Green Enclave Morinda***
***Distt : Roop-Nagar***

-o-

8-6-2003

**ਪਿਆਰੀ ਕੁਲਜੀਤ,**
ਬਹੁਤ ਨਿੱਘੀ ਯਾਦ!

ਉਮੀਦ ਏ ਹੁਣ ਤੁਹਾਡੀ ਨਾਰਾਜ਼ਗੀ ਦੂਰ ਹੋ ਗਈ ਹੋਵੇਗੀ ਆਪਣਾ ਨਾਂਅ

ਠੀਕ ਪੜ੍ਹ ਕੇ। Unconciously ਮੇਰੇ ਕੋਲੋਂ ਕੁਲਜੀਤ ਦੀ ਥਾਂ ਕੁਲਜਿੰਦਰ ਹੀ ਲਿਖਿਆ ਗਿਆ। ਹੋਰ ਫਿਰ ਅੱਜ ਕਲ ਕੀ ਹੋ ਰਿਹਾ ਹੈ? ਤੁਹਾਡੀ ਰਚਨਾ ਕਿਸ ਅਖਬਾਰ ਜਾਂ ਮੈਗਜ਼ੀਨ 'ਚ ਛਪਦੀ ਹੈ ਪਤਾ ਦੇਣਾ। ਸ਼ਾਇਦ 'ਮਿੰਨੀ' ਵਿਚ ਤੁਹਾਡੀ ਇਹ ਕਹਾਣੀ ਪੜ੍ਹੀ ਹੈ ਕਦੇ ਪਰ ਨਾਂਅ ਭੁੱਲ ਗਈ ਹਾਂ। ਉਮੀਦ ਕਰਦੀ ਹਾਂ ਕਿ ਤੁਹਾਨੂੰ ਪੀ. ਐਚ. ਡੀ. ਗਾਈਡ ਮਿਲ ਗਿਆ ਹੋਵੇਗਾ। ਦੁਆ ਕਰਦੀ ਹਾਂ ਕਿ ਤੁਸੀਂ ਹਰ ਜ਼ਿੰਦਗੀ ਦੇ ਮੋੜ ਤੇ ਸਫਲਤਾ ਦੀਆਂ ਸ਼ਿਖਰਾਂ ਛੋ ਲਵੋਂ।

ਘਰ 'ਚ ਸਭ ਨੂੰ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ – ਅਨਿਮੇਸ਼ਵਰ

***2169, Mam Road, West Patel Nagar***
***New Delhi - 11008***

–o–

**29-09-02**

Respected,
*Kuljeet ji, Namaskar.*

ਅੱਜ ਦੇ ਜਗਬਾਣੀ ਅਖ਼ਬਾਰ 'ਚ ਤੁਹਾਡੀ ਗ਼ਜ਼ਲ ਪੜ੍ਹੀ ਜੋ ਕਿ ਬੇਹੱਦ ਪਸੰਦ ਆਈ। ਇਸ ਤੋਂ ਪਹਿਲਾਂ ਵੀ ਤੁਹਾਡੀਆਂ ਦੋ ਗ਼ਜ਼ਲਾਂ ਪਿਛਲੇ ਐਤਵਾਰ ਨੂੰ ਵੀ ਪੜ੍ਹੀਆਂ ਸਨ। ਮੈਂ ਖਤ ਵੀ ਲਿਖਿਆ ਸੀ, ਪਰ ਕੋਈ ਜਵਾਬ ਨੀ ਮਿਲਿਆ। ਕੀ ਗੱਲ ਮੈਂ ਕੁਝ ਗਲਤ ਲਿਖ ਦਿੰਦਾ ਸੀ ਖ਼ਤ 'ਚ! ਅੱਜ ਦੀ ਤੁਹਾਡੀ ਗ਼ਜ਼ਲ ਵੀ ਬਹੁਤ ਪਸੰਦ ਆਈ! ਜੋ ਖ਼ਤ ਲਿਖ ਰਿਹਾ ਹਾਂ। ਉਸਦਾ ਜਵਾਬ ਜ਼ਰੂਰ ਭੇਜ ਦੇਣਾ। ਜਦੋਂ ਮੇਰੇ ਖ਼ਤਾਂ ਦਾ ਜਵਾਬ ਨੀ ਆਉਂਦਾ ਤਾਂ ਮਨ ਨੂੰ ਠੇਸ ਜਿਹੀ ਪਹੁੰਚਦੀ ਹੈ। ਪਰ ਫਿਰ ਵੀ ਮਨ ਨੂੰ ਸਮਝਾ ਲਈ ਦਾ ਹੈ। ਇਸ ਵਾਰ ਖਤ ਦਾ ਜਵਾਬ ਜ਼ਰੂਰ ਭੇਜਣਾ। ਮੇਰੀ ਦੁਆ ਹੈ ਉਸ ਪਰਮਾਤਮਾ ਅੱਗੇ ਕਿ ਤੁਸੀਂ ਇਕ ਮਹਾਨ ਲੇਖਿਕਾ ਵਜੋਂ ਆਪਣਾ ਨਾਮ ਰੋਸ਼ਨ ਕਰੋ ਤੇ ਲੇਖਕਾਰੀ 'ਚ ਵੱਧ ਤੋਂ ਵੱਧ ਤਰੱਕੀ ਕਰੋ! ਪਰਮਾਤਮਾ ਆਪ ਨੂੰ ਹਰ ਖੁਸ਼ੀ ਦੇਵੇ।

ਤੁਹਾਡੀ ਲੰਮੇਰੀ ਉਮਰ ਦੀ ਦੁਆ ਮੰਗਦਾ ਤੁਹਾਡੇ ਖ਼ਤ ਦੀ ਉਡੀਕ 'ਚ।

***ਡਾ. ਅਸ਼ੋਕ ਕੰਬੋਜ਼***
***ਕੇਅਰ ਆ.ਫ ਜਮਨਾ ਦਾਸ,***
***ਰਾਧਾ ਸੁਆਮੀ ਕਲੋਨੀ ਗਲੀ ਨੰ: 1, ਨੇੜੇ ਦਾਣਾ ਮੰਡੀ, ਫਾਜ਼ਿਲਕਾ***

–o–

**29-6-2009**

ਸਤਿਕਾਰਯੋਗ,
ਕੁਲਜੀਤ ਗ਼ਜ਼ਲ ਜੀ, ਸਤਿ ਸ੍ਰੀ ਅਕਾਲ।

ਕੁਲਜੀਤ ਗ਼ਜ਼ਲ ਜੀ ਮੈਂ ਸਭ ਤੋਂ ਪਹਿਲਾਂ ਆਪਣੇ ਬਾਰੇ ਦੱਸ ਦੇਣਾ, ਕਿ ਮੈਂ ਤੁੱਛ ਜਿਹਾ ਗੀਤਕਾਰ ਹਾਂ, ਕੁੱਝ ਅਖ਼ਬਾਰਾਂ ਵਿਚ ਮੇਰੇ ਗੀਤ ਛਪੇ ਹਨ ਅਤੇ ਕੁਝ

ਗਾਇਕਾਂ ਦੀ ਆਵਾਜ ਵਿਚ ਰਿਕਾਰਡ ਵੀ ਹੋਏ ਹਨ, ਮੈਂ ਜਗ-ਬਾਣੀ ਅਖ਼ਬਾਰ ਰੋਜ਼ਾਨਾ ਪੜ੍ਹਦਾ ਹਾਂ। ਆਪ ਜੀ ਦੀਆਂ ਰਚਨਾਵਾਂ ਮੈਨੂੰ ਬੇਹੱਦ ਪਸੰਦ ਆਉਂਦੀਆਂ ਹਨ। ਆਪ ਜੀ ਬਹੁਤ ਹੀ ਵਧੀਆ ਲਿਖਦੇ ਹੋ। ਮਿਤੀ 29/6 ਸ਼ਨੀਵਾਰ ਦੇ ਜਗ-ਬਾਣੀ ਵਿਚ ਤੁਹਾਡੀ ਲਿਖੀ ਕਹਾਣੀ "ਹਾਤੋ" ਬਹੁਤ ਹੀ ਪਸੰਦ ਆਈ, ਤੁਸੀਂ ਕਹਾਣੀ ਵਿਚ ਪਿਆਰ-ਮੁਹੱਬਤ ਅਤੇ ਅੱਲੜ-ਪੁਣੇ ਦੀ ਤਸਵੀਰ ਨੂੰ ਬਾਖ਼ੂਬੀ ਚਿਤਰਿਆ ਹੈ। ਮੈਂ ਇਹ ਕਹਾਣੀ ਸਪੈਸ਼ਲ ਤੌਰ ਤੇ ਆਪਣੀ ਫਾਇਲ ਵਿਚ ਲਗਾ ਲਈ ਹੈ। ਖ਼ਤ ਵਿਚ ਕੋਈ ਗ਼ਲਤੀ ਹੋਵੇ ਤਾਂ ਮਾਫ਼ ਕਰਨਾ ਹੋ ਸਕੇ ਤਾ ਪੱਤਰ ਲਿਖ ਦੇਣਾ।

ਆਪ ਜੀ ਦਾ ਸ਼ੁਭ ਚਿੰਤਕ

***ਗੀਤਕਾਰ ਅੰਗਰੇਜ਼ ਬਰਾੜ, ਪਿੰਡ ਤੇ ਡਾਕ : ਫੇਰੋਕੇ***
***ਤਹਿ : ਜ਼ੀਰਾ (ਫਿਰੋਜਪੁਰ) 142047***

-o-

**11-7-02**

ਗ਼ਜ਼ਲ ਵਰਗੀਏ ਸਾਡੀਏ ਆਪਣੀਏ ਕੁੜੀਏ, ਮੋਹ ਤੇ ਅਪਣੱਤ ਵਿਚ ਗੜੁੱਚ ਮੇਰੇ ਅੱਲੇ ਜ਼ਖ਼ਮਾਂ ਦੀ ਮਲ੍ਹਮ ਭੇਜਣ ਲਈ ਅਕਹਿ ਧੰਨਵਾਦ। ਗ਼ਮ 'ਚ ਸ਼ਰੀਕ ਹੋਣ ਲਈ ਦੋਸਤੀ ਭੂਗੋਲਿਕ ਦੂਰੀਆਂ ਦੀ ਮੁਹਤਾਜ ਨਹੀਂ ਹੁੰਦੀ। ਝੱਲੀਏ, ਗੱਲ ਤਾਂ ਅਹਿਸਾਸ ਕਰਨ ਦੀ ਹੁੰਦੀ ਹੈ, ਸੁਖ-ਦੁਖ ਨੂੰ ਮਹਿਸੂਸ ਕਰਨ ਦੀ ਤੇਰੇ ਵਾਂਗ ਸਿਰਫ਼ ਉਹੀ ਕਰ ਸਕਦੇ ਹਨ, ਜੋ ਲੱਗਦੇ ਹੋਣ ਆਪਣਿਆਂ ਜਿਹੇ।

'ਹਾਤੋ' ਕਈ ਵਾਰ ਪੜ੍ਹੀ। ਜਗ ਬਾਣੀ ਨੂੰ ਪੱਤਰ ਲਿਖਿਆ ਸੀ, ਪਤਾ ਨਹੀਂ ਛਪਿਆ ਜਾਂ ਉਨ੍ਹਾਂ ਸੁੱਟਤਾ। 'ਸਰੋਕਾਰ' 'ਚ ਤੇਰੀ ਕਵਿਤਾ ਹਰਦੀਪ ਰਾਵੀ ਦੀ ਕਵਿਤਾ ਦੇ ਅਗਲੇ ਪੰਨੇ ਤੇ ਛਪੀ ਹੋਈ ਸੀ। ਹਰਦੀਪ ਰਾਣੀ ਦਾ ਆਰਟੀਕਲ ਅਜੀਤ ਦੇ ਐਤਵਾਰਤਾ ਅੰਕ ਵਿਚ ਭੇਜਿਆ ਹੈ ਹਫ਼ਤੇ ਦੀ ਕਵਿੱਤਰੀ ਕਾਲਮ ਵਾਸਤੇ, ਵੇਖੋ ਕੀ ਬਣਦਾ ਹੈ। ਫੇਰ ਡਿੰਪਲ ਅੰਮ੍ਰਿਤਸਰ ਦਾ ਲੱਗੇਗਾ।

ਮੈਨੂੰ ਪਤੈ, ਤੇਰੇ ਪੈਰ ਚੱਕਰ ਹੈ, ਟਿਕਕੇ ਤੂੰ ਬੈਠਣਾ ਨਹੀਂ। ਕ੍ਰਿਪਾ ਕਰੀਂ ਜਰਾ ਆਪਣੇ ਸ਼ੁਭ ਚਿੰਤਕਾਂ ਤੇ ਆਰਾਮ ਕਰੀਂ ਹਾਲੀ, ਕਿਤੇ ਐਵੇਂ ਨੀਮ ਹਕੀਮ ਤੋਂ ਹੱਥ ਲਵਾ ਬੈਠੇ, ਚੰਗੇ ਡਾਕਟਰ ਨੂੰ ਵਿਖਾਈ। ਹੋਰ ਮੈਂ ਕਿਸੇ ਕੰਮ ਆ ਸਕਦਾ ਹੋਵਾਂਗਾ ਤੇ ਧੰਨਵਾਦੀ ਵੀ। ਲੱਗਭਗ ਤੁਹਾਡੀਆਂ ਰਚਨਾਵਾ ਚਾਹੇ ਕਿਸੇ ਵੀ ਪਰਚੇ 'ਚ ਛਪਣ ਮੇਰੇ ਪਾਸ ਪਹੁੰਚ ਜਾਂਦੀਆਂ ਹਨ ਉਨ੍ਹਾਂ ਸਬੰਧੀ ਖ਼ਤ ਨਾ ਲਿਖਣਾ ਮੇਰੀ ਕਮਜ਼ੋਰੀ ਹੋ ਸਕਦੀ ਹੈ। ਗ਼ਮਾਂ ਵਿਚ ਡੁੱਬੇ ਮਨ ਤੇ ਸਦਮੇ ਦੀ ਅਵਸਥਾ ਵਿਚ ਤੁਹਾਡੇ ਵਲੋਂ ਦਿੱਤਾ ਹੌਸਲਾ ਮੈਨੂੰ ਹਮੇਸ਼ਾ ਯਾਦ ਰਹੇਗਾ। ਤਰੋਤਾਜ਼ਾ ਰੱਖੇਗਾ। ਧੰਨਵਾਦ ਕਰ ਨਹੀਂ ਸਕਦਾ, ਪਰ ਧੰਨਵਾਦ ਬਿਨਾਂ ਸਰ ਨਹੀਂ ਸਕਦਾ।

- ***ਆਲੋਕ***

-o-

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ

ਆਪ ਜੀ ਨੇ ਜਗਬਾਣੀ ਵਿਚ 28/4/02 ਐਤਵਾਰ ਨੂੰ ਬਹੁਤ ਹੀ ਜਜ਼ਬਾਤੀ ਗ਼ਜ਼ਲ ਲਿਖ ਕੇ ਰੌਂਗਟੇ ਖੜੇ ਕਰ ਦਿੱਤੇ, ਇਸ ਲਈ ਤੁਸੀਂ ਵਧਾਈ ਦੇ ਪਾਤਰ ਹੋ। ਜਜਬਾਤੀ ਹੋਣ ਦੇ ਨਾਲ ਨਾਲ ਗ਼ਜ਼ਲ ਸਿੱਖਿਆ ਦਾਇਕ ਸੀ, ਗ਼ਜ਼ਲ ਜੀ ਤੁਸੀਂ ਬਹੁਤ ਹੀ ਚੰਗੀ ਸੇਧ ਦਿੱਤੀ ਇਸ ਸਮਾਜ ਨੂੰ, ਜਿਸ ਦਾ ਤਹਿ ਦਿਲੋ ਸੁਕਰੀਆ ਭੇਜ ਰਿਹਾ ਹਾਂ।

ਰਿਸ਼ਤਿਆਂ ਪ੍ਰਤੀ ਬਹੁਤ ਹੀ ਅਨੋਖੀਆਂ ਲਾਇਨਾਂ ਲਿਖਕੇ ਕਮਾਲ ਕਰ ਦਿੱਤਾ : ਧੀ ਉਸਦੀ ਭਰੋਸਾ ਕਰੂ ਉਸ ਉਤੇ ਕਿਵੇਂ, ਪਤ ਲੁੱਟ ਲਏ ਜੋ ਭੈਣਾਂ ਦੀ ਭਰਾ ਬਣ ਕੇ : ਕੁਲਜੀਤ ਜੀ ਆਪ ਜੀ ਨੇ ਬਹੁਤ ਹੀ ਕਰਾਰੀ ਚੋਟ ਮਾਰੀ ਹੈ। ਅੱਜਕਲ ਦੇ ਨਕਲੀ ਮਜਨੂੰਆਂ ਨੇ, ਇਹੋ ਜਿਹੇ ਇਨਸਾਨਾਂ ਨੂੰ ਇਸ ਧਰਤੀ ਤੇ ਜਿਉਣ ਦਾ ਕੋਈ ਹੱਕ ਨਹੀਂ, ਜੋ ਰਿਸ਼ਤੇ ਦੀ ਨਬਜ਼ ਨੂੰ ਵੀ ਨਹੀਂ ਪਹਿਚਾਣ ਸਕਦੇ। ਧੰਨਵਾਦ ਸਾਹਿਤ, ਅਜੈਬ ਸਿੰਘ ਬਾਜਵਾ

ਕੁਲਜੀਤ ਜੀ ਤੁਸੀਂ ਲੱਖ ਲੱਖ ਵਧਾਈ ਦੇ ਪਾਤਰ ਹੋ, ਆਪ ਜੀ ਔਰ ਆਪ ਜੀ ਦੇ ਪਰਿਵਾਰ ਵਾਲੇ। ਮੇਰੇ ਵਲੋਂ ਆਪ ਜੀ ਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ।

*ਅਜੈਬ ਸਿੰਘ ਬਜਵਾ ਕੈਪਟਨ ਸਟੂਡੀਓ*
*ਸੁੰਦਰ ਨਗਰੀ, ਸਟਰੀਟ ਨੰ : 17, ਅਬੋਹਰ*
*ਜ਼ਿਲ੍ਹਾ - ਅਮ੍ਰਿਤਸਰ 152116 (ਪੰਜਾਬ),*
*ਫੋਨ ਨੰ : 951634-230517 ਸਟੂਡੀਓ*

–o–

12/4/03

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ

"ਦੁਰ–ਫਿੱਟੇ ਮੂੰਹ" ਮਿੰਨੀ ਕਹਾਣੀ ਮਿਤੀ 11/4/03 ਸ਼ੁਕਰਵਾਰ ਨੂੰ ਅਜੀਤ ਅਖ਼ਬਾਰ 'ਚ ਪੜ੍ਹੀ। ਬਹੁਤ ਹੀ ਵਧੀਆ ਅਤੇ ਸਿੱਖਿਆਦਾਇਕ ਕਹਾਣੀ ਦਰਸ਼ਕਾਂ ਨੂੰ ਸਮਰਪਿਤ ਕਰਨ ਲਈ ਆਪ ਜੀ ਵਧਾਈ ਦੀ ਪਾਤਰ ਹੋ। ਭਵਿੱਖ 'ਚ ਵੀ ਆਪ ਜੀ ਪਾਸੋ ਆਸ ਰੱਖਦੇ ਹਾਂ ਕਿ, ਇਸੇ ਤਰ੍ਹਾਂ ਹੀ ਸਿੱਖਿਆਦਾਇਕ ਕਹਾਣੀਆਂ ਦਰਸ਼ਕਾਂ ਨੂੰ ਸਮਰਪਿਤ ਕਰਦੀ ਰਹੋਗੀ।

ਧੰਨਵਾਦ ਸਾਹਿਤ ਅਜੈਬ ਸਿੰਘ ਬਾਜਵਾ

*ਅਜੈਬ ਸਿੰਘ ਬਜਵਾ ਕੈਪਟਨ ਸਟੂਡੀਓ*
*ਸੁੰਦਰ ਨਗਰੀ, ਸਟਰੀਟ ਨੰ : 17, ਅਬੋਹਰ*
*ਜ਼ਿਲ੍ਹਾ - ਅਮ੍ਰਿਤਸਰ 152116 (ਪੰਜਾਬ)*
*ਫੋਨ ਨੰ : 951634-230517 ਸਟੂਡੀਓ*

–o–

ਲਾਪਰਵਾਹ ਗ਼ਜ਼ਲ!

ਖ਼ਤ ਮਿਲਦਿਆਂ ਹੀ ਜਲਦੀ ਤੋਂ ਪਹਿਲਾਂ ਆਪਣੀ ਪਾਸਪੋਰਟ ਫੋਟੋ ਤੇ ਬਾਇਓ-ਡਾਟਾ ਵਗੈਰਾ ਭੇਜ।

'ਦੇਸ਼ ਸ਼ੇਵਕ' 18/8/02 ਵਿਚ ਪਹਿਲਾ ਰੇਖਾ ਚਿੱਤਰ ਮਿਸ ਨਰਿੰਦਰ ਕੌਰ ਦਾ ਛਾਪਿਆ ਹੈ।

ਰਿਸ਼ਤਿਆਂ ਵਿਚਲੀ ਈਮਾਨਦਾਰੀ ਸਾਫਗੋਈ, ਸਪੱਸ਼ਟਤਾ ਤੇ ਦਿਲੀ ਮੋਹ ਕੁਦਰਤੀ ਤੌਰ ਤੇ ਸਾਨੂੰ ਵੱਧ ਪ੍ਰਭਾਵਿਤ ਕਰਦਾ ਹੈ।

ਬਾਕੀ ਤਾਂ ਐਵੇਂ ਲੋਕਾਂ ਦੀ ਭੀੜ। ਕੋਈ-ਕੋਈ ਚਿਹਰਾ ਆਪਣਿਆਂ ਜਿਹਾ।

ਤੇਰੇ ਵਰਗੀ ਧੜੱਲੇਦਾਰ ਕੁੜੀ ਦਾ ਰੇਖਾ-ਚਿੱਤਰ ਲਿਖੀ ਬੈਠਾ।

ਇੰਤਜ਼ਾਰ ਵਿਚ ਅ. ਆਲੋਕ

-o-

27/7/2000

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ

ਮਿਸ ਗਜ਼ਲ ਜੀ, ਤੁਹਾਡਾ ਪੱਤਰ ਮਿਲਿਆ ਪੜ੍ਹ ਕੇ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਗਜ਼ਲ ਜੀ ਤੁਸੀਂ ਵਧੀਆ ਲੇਖਕ ਹੋ। ਲੇਖਕਾਂ ਲਈ ਦੁਆਵਾਂ ਇੱਕ ਲੇਖਕ ਹੀ ਮੰਗ ਸਕਦਾ ਹੈ। ਵੈਸੇ ਵੀ ਆਪਾਂ ਵਧੀਆ ਇਨਸਾਨ ਨੂੰ ਕਹਿ ਦਿੰਦੇ ਹਾਂ ਕਿ ਮੇਰੀ ਉਮਰ ਤੁਹਾਨੂੰ ਲੱਗ ਜਾਣੇ, ਮੈਂ ਵੀ ਕਹਿ ਤਾ। ਬਾਕੀ ਤੁਸੀਂ ਸਾਡੀ ਜਾਤ ਨੂੰ ਲੜਾਕੀ ਦੱਸਿਆ, ਪਰ ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ। ਤੁਸੀਂ ਮੇਰੇ ਬਾਰੇ ਪੁੱਛਿਆ ਸੀ ਮੈਂ ਦੱਸ ਦਿੱਤਾ, ਬਾਕੀ ਜਾਤ-ਪਾਤ ਨਾਲ ਮੇਰਾ ਕੋਈ ਸਰੋਕਾਰ ਨਹੀਂ। ਗ਼ਜ਼ਲ ਜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਸਾਡਾ ਇਲਾਕਾ ਘੁੰਮੇ ਹੋ। ਜੇ ਹੁਣ ਕਦੇ ਇੱਧਰ ਚੱਕਰ ਲੱਗੇ ਤਾਂ ਜ਼ਰੂਰ ਮਿਲਣਾ। ਅੰਤ ਵਿਚ ਮੇਰੇ ਵੱਲੋਂ ਮੰਮੀ-ਡੈਡੀ, ਚਾਚਾ, ਦਾਦੀ ਅਤੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

ਤੁਹਾਡਾ ਸ਼ੁਭ ਚਿੰਤਕ

-o-

**ਤੇਰੀ ਉਦਾਸੀ ਦੇ ਨਾਂ**

ਮੌਸਮ ਉਦਾਸ ਹੈ
ਤੇਰੇ ਵਾਂਗ, ਤੇਰੇ ਪਿੰਡ ਵਾਂਗ
ਨੀ ਗਜਲਾਂ ਲਿਖਣ ਵਾਲੀਏ
ਆ ਮੇਰੇ ਕੋਲ ਬਹਿ ਜਾਹ
ਮੈਂ ਸਲਮਾਨ ਰਸਦੀ ਨੂੰ ਇੱਕ ਖ਼ਤ ਲਿਖਣਾ ਹੈ
ਵਕਤ ਦੀ ਸਾਜ਼ਿਸ਼ ਦਾ ਕੀ ਪਤਾ

ਕਦੋਂ ਉੱਤਰ ਪਵੇ
ਕਲਮਾਂ ਦੀ ਤੌਂਹੀਨੰ
ਮੇਰੇ ਯਾਰ
ਅਹਿਮਦ ਸਲੀਮ ਨੂੰ ਆਖੀਂ
ਕਿ ਜੁੰਮੇ ਰਾਤ
ਨਮਾਜ ਅਦਾ ਕਰਨ ਤੋਂ ਪਹਿਲਾਂ
ਮਰ ਜਾਣੀ ਸਾਰਾ ਦੀ ਕਬਰ ਤੇ
ਫਾਤਿਹਾ ਨਹੀਂ
ਬਲਦੇ ਅੱਖਰਾਂ ਲਈ ਦੁਆ ਜ਼ਰੂਰ ਕਰੇ
ਚੁੱਪ ਦੀ ਪੀਹੜੀ ਤੇ ਬੈਠੀਏ
ਮੇਰੇ ਲਈ ਉਦਾਸ ਜਿਹੀ ਨਜ਼ਮ ਵਰਗਾ
ਕੁੱਝ ਵੀ ਨਾ ਲਿਖੀ
ਜੇ ਲਿਖੀ
ਤਾਂ ਪੂਰੇ ਵੇਰਵੇ ਸਹਿਤ ਲਿਖੀ ਗੁਜਰਾਤ/ਕਰਾਚੀ
'ਚ ਹੁੰਦੇ ਕਜੀਏ ਕਲੇਸ਼ ਬਾਰੇ
ਮੈਨੂੰ ਪਤੈ
ਉਹਦੀ-ਖਾਹਮਖ਼ਾਹ ਦੰਦ ਪੀਹਣ ਦੀ ਆਦਤ
ਅਜੇ ਵੀ ਨਹੀਂ ਬਦਲੀ ਹੋਣੀ
ਭਲਾ ਦੱਸੀ ਤਾਂ ਸਹੀ
ਤੇਰੇ ਸਹਿਰ ਅੰਮ੍ਰਿਤਸਰ ਦਾ ਸਲੀਕਾ ਕਿਹੋ ਜਿਹਾ ਹੈ
ਜਿਸਦੇ ਪਿੰਡੇ ਤੇ ਉੱਤਰ ਦੀ ਸ਼ਾਮ ਦਾ ਰੰਗ
ਕਿਤੇ ਦਿੱਲੀ ਦੇ ਦੰਗਿਆਂ ਵਰਗਾ ਤਾਂ ਨਹੀਂ
ਤੇਰੀ ਸਹੁੰ
ਮੁਹੰਮਦ ਮਨਸ਼ਾ ਯਾਦ
ਬਹੁਤ ਯਾਦ ਆਉਂਦੈ
ਸੁਣਾ ਅਹਿਮਦ ਰਾਹੀ ਦਾ ਕੀ ਹਾਲ ਐ
ਨਾ ਕੋਈ ਚਿੱਠੀ ਨਾ ਚੀਰਾ
ਕਿਤੇ ਹਵਾਵਾਂ ਨਾਲ ਹੀ ਤਾਂ ਨਹੀਂ ਰਲ ਗਿਆ
ਉਹਨੂੰ ਪੁੱਛਕੇ ਦੱਸੀ
ਸਫ਼ਦਰ ਦੀ ਮਨਹੂਸ ਖ਼ਬਰ ਤੇ
ਉਹਦੇ ਅੱਖਰਾਂ ਦੀ ਅੱਖ
ਭਲਾ ਕਿੰਨੀ ਕੁ ਰੋਈ ਸੀ
ਸੱਚ ਜਾਣੀਂ
ਮੇਰੇ ਲਈ ਬੜਾ ਹੀ ਔਖਾ ਹੈ
ਇਕੋ ਵੇਲੇ ਖ਼ਤ ਵਰਗੀ ਕਵਿਤਾ ਵਿਚ
ਨਿੱਕੀ ਨਿੱਕੀ ਗੱਲ ਦਾ ਵੇਰਵਾ

ਜਾਨਣਾ ਤੇ ਲਿਖਣਾ
ਕਦੇ ਓਦੋਂ ਮੇਰੇ ਕੋਲ ਆਵੀਂ
–o–

ਸਤਿਕਾਰਯੋਗ ਭੈਣ ਕੁਲਜੀਤ,
ਪਿਆਰ ਭਰੀ ਸਤਿ ਸ੍ਰੀ ਅਕਾਲ

ਦੀਦੀ ਤੁਹਾਡੇ ਨਾਲ ਫੋਨ ਤੇ ਅਕਸਰ ਗੱਲ ਹੋ ਹੀ ਜਾਂਦੀ ਹੈ, ਪਰ ਤੁਸੀਂ ਖਤ ਤਾਂ ਲਿਖਣਾ ਹੀ ਬੰਦ ਕਰ ਦਿੱਤਾ। ਕਦੀ ਸੋਚਦਾ ਕਿ ਮੈਂ ਥੋੜਾ ਗਰੀਬ ਹਾਂ, ਵੱਡੇ ਲੋਕਾਂ ਦੇ ਰਿਸ਼ਤੇ ਵੱਡਿਆਂ ਨਾਲ ਹੀ ਨਿਭਦੇ ਨੇ। ਅਸੀਂ ਤਾਂ ਬੇਵਕੂਫੀ ਹੀ ਕਰਦੇ ਹਾਂ ਕਿ ਵੱਡਿਆਂ ਨੂੰ ਆਪਣਾ। ਮੈਂ ਤੁਹਾਨੂੰ ਕਿੰਨੇ ਖਤ ਲਿਖ ਚੁੱਕਿਆ ਹਾਂ। ਕੁਲਜੀਤ ਜੇ ਇਸ ਵਾਰ ਵੀ ਖਤ ਨਾ ਲਿਖਿਆ ਤਾਂ ਸਮਝ ਲੈਣਾ ਕਿ ਮੇਰਾ ਇਹ ਆਖਿਰੀ ਖਤ ਹੈ। ਜਦੋਂ ਕੋਈ ਜਵਾਬ ਹੀ ਨੀ ਆਉਣਾ ਤਾਂ ਖਤ ਲਿਖ ਕੇ ਕੀ ਕਰੀਏ! ਤੁਹਾਡੀ ਯਾਦ ਜਦੋਂ ਜ਼ਿਆਦਾ ਆਉਂਦੀ ਹੈ ਤਾਂ ਖ਼ਤ ਲਿਖਣ ਬੈਠ ਜਾਂਦਾ ਹਾਂ। ਹੁਣ ਤਾਂ ਸ਼ਾਇਦ 6 ਮਹੀਨੇ ਬੀਤ ਚੱਲੇ ਨੇ, ਕੋਈ ਖ਼ਤ ਨੀਂ ਲਿਖਿਆ। ਅੱਛਾ ਭੈਣ ਤੁਹਾਡੀ ਮਰਜ਼ੀ। ਮੇਰੀ ਤਾਂ ਬੇਨਤੀ ਹੈ। ਪਹਿਲਾਂ ਵੀ ਬੜੀ ਵਾਰ ਮਿੰਨਤਾਂ ਕੀਤੀਆਂ ਨੇ ਕਿ ਖ਼ਤ ਲਿਖਦਿਆਂ ਕਰੋ। ਪਰ ਤੁਸੀਂ ਤਾਂ ਹਮੇਸ਼ਾ ਬਿਜ਼ੀ ਹੀ ਰਹਿੰਦੇ ਹੋ।

ਹੋਰ ਸੰਤੋਸ਼ ਤੇ ਬੱਚੇ ਵੀ ਰਾਜੀ-ਖੁਸ਼ੀ ਨੇ। ਕ੍ਰਿਪਾ ਕਰਕੇ ਜੇ ਤੁਸੀਂ ਖ਼ਤ ਨੀ ਲਿਖਣਾ ਚਾਹੁੰਦੇ ਤਾਂ ਇਕ ਵਾਰ ਬੱਸ ਏਨਾ ਲਿਖ ਦਿਓ ਕਿ ਤੁਸੀਂ ਮੈਨੂੰ ਖਤ ਨਹੀਂ ਲਿਖਣਾ ਚਾਹੁੰਦੇ, ਜਿੱਥੇ ਜ਼ਿੰਦਗੀ ਨੇ ਐਨੇ ਦੁੱਖ, ਗ਼ਮ ਸਹੇ ਨੇ, ਇੱਕ ਦੁੱਖ ਹੋਰ ਸਹੀ। ਖ਼ਤ ਪੜ੍ਹ ਕੇ ਤੁਹਾਨੂੰ ਗੁੱਸਾ ਤਾਂ ਲੱਗੇਗਾ, ਪਰ ਮੈਂ ਵੀ ਬਹੁਤ ਇੰਤਜ਼ਾਰ ਕੀਤਾ ਤੇ ਅੱਜ ਮੈਂ ਆਪਣੇ ਵਲੋਂ ਆਖਰੀ ਖਤ ਭੇਜ ਰਿਹਾ ਹਾਂ।

–o–

ਸਤਿ ਸ੍ਰੀ ਅਕਾਲ!
ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,

ਤੁਹਾਡੇ ਨਾਲ ਤਾਂ ਵੈਸੇ ਤਾਂ ਮੈਂ ਬੋਲਣਾ ਨਹੀਂ ਸੀ ਤੇ ਨਾ ਹੀ ਕੋਈ ਖ਼ਤ ਲਿਖਣਾ ਸੀ ਕਿਉਂਕਿ ਤੁਸਾਂ ਮੇਰੀ ਭੈਣ ਦੇ ਵਿਆਹ ਵਿਚ ਨਹੀਂ ਆਏ ਸੀ ਅਸਾਂ ਤੁਹਾਨੂੰ ਇਨਵੀਟੇਸ਼ਨ ਵੀ ਪੋਸਟ ਕਰਿਆ ਸੀ ਪਰ ਤੁਸਾਂ ਤਾਂ ਲੱਗਦਾ ਹੈ ਕਿ ਸਾਡੇ ਨਾਲ ਨਾਰਾਜ਼ ਹੋ। ਪਿੰਕੀ ਵੀ ਤੁਹਾਡੇ ਨਾਲ ਬਹੁਤ ਗੁੱਸੇ ਹੈ ਹੁਣ ਤੁਹਾਡੇ ਅੱਗੇ ਮੈਂ ਬੇਨਤੀ ਕਰਦਾ ਹਾਂ ਕੀ ਤੁਸਾਂ ਮਾਰਚ ਵਿਚ ਸਾਡੇ ਸ਼ਹਿਰ ਆਵੋ ਜੋ ਕੀ ਪਿੰਕੀ ਦੀਦੀ ਨੇ ਖਾਸ ਤੁਹਾਡੇ ਲਈ ਇੱਕ ਨਾਈਟ ਪਾਰਟੀ ਦਾ ਫੈਸਲਾ ਕੀਤਾ। ਜੇਕਰ ਤੁਸਾਂ ਨਾ ਆਏ ਤਾਂ ਤੁਹਾਨੂੰ ਉਨ੍ਹਾਂ ਨੇ ਕਦੀ ਵੀ ਮੁਆਫ ਨਹੀਂ ਕਰਨਾ ਇਸ ਲਈ ਤੁਹਾਡੇ ਅੱਗੇ ਮੇਰੀ ਬੇਨਤੀ ਹੈ ਕਿ ਦੀਦੀ ਦੀ ਡਾਂਟ ਤੋਂ ਪਹਿਲਾਂ ਹੀ ਤੁਸਾਂ ਆ ਜਾਵੋ। ਤੁਸਾਂ ਤਾਂ ਠੀਕ ਹੀ ਹੋਵੋਗੇ ਬਾਕੀ ਪੂਰੀ ਫੈਮਲੀ ਨੂੰ ਮੇਰਾ ਨਮਸਤੇ। ਤੁਸਾਂ ਖਤ ਲਿਖਣਾ – ਆਸ਼ੂ

12 ਮਾਰਚ ਦੀ ਨਾਈਟ ਪਾਰਟੀ ਹੈ ਤੁਸਾਂ 11 ਮਾਰਚ ਨੂੰ ਇਥੇ ਆਉਣਾ

ਅਤੇ ਭਰਾ ਬਾਹਰ ਗਿਆ ਸੀ ਉਸਦਾ ਸਕੂਟਰ 'ਤੇ ਐਕਸੀਡੈਂਟ ਹੋ ਗਿਆ ਹੈ ਤੇ ਉਸੇ ਬਹੁਤ ਸੱਟਾਂ ਲੱਗੀਆਂ ਹਨ ਅਤੇ ਹਸਪਤਾਲ ਵਿਚ ਦਾਖਲ ਹੈ। ਕ੍ਰਿਪਾ ਕਰਕੇ ਤੁਸਾਂ ਜ਼ਰੂਰ ਆਉਣਾ।

ਧੰਨਵਾਦ!

–o–

ਅਜ਼ੀਜ਼ਾ ਕੁਲਜੀਤ,

ਨਵੇਂ ਸਾਲ ਦੀਆਂ ਵਧਾਈਆਂ ਭੇਜਣ ਲਈ ਬਹੁਤ ਬਹੁਤ ਸ਼ੁਕਰੀਆ। ਮੇਰੀ ਦੁਆ ਹੈ ਕਿ ਅਗਲਾ ਸਾਲ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਖੁਸ਼ੀਆਂ ਖੇੜਿਆਂ ਭਰਿਆ ਮਿਲੇ।

***- ਅਜਾਇਬ ਹੁੰਦਲ***

***ਈ - 596, ਰਣਜੀਤ ਮੈਰਿਟ ਨਿਊ, ਅੰਮ੍ਰਿਤਸਰ***

–o–

*ਦੂਰ ਕਿਤੇ ਅਮਰਾਈ 'ਚ ਬੋਲਦੀ ਕੋਇਲ,*
*ਮਹਿੰਦੀ ਹੱਥਾਂ ਦਾ ਗੂੜਾ ਰੰਗ,*
*ਸਾਡੀ ਆਪਣੀ 'ਗ਼ਜ਼ਲ' ਅਪਣੱਤ ਦਿੰਦਾ,*
*ਨੰਦੂ ਸੰਬੋਧਨ ਚੰਗਾ ਲੱਗਾ।*

ਭਾਈ ਕੁੜੀਏ, ਆਖ਼ਰੀ ਜਨਮ ਦਿਨ/ਮਰਨ ਦਿਨ ਦੀ ਵਧਾਈ ਤਹਿ ਦਿਲੋਂ ਸਵੀਕਾਰ ਕਰ। ਮੌਤ ਤਾਂ ਇੱਕ ਨਾ ਇੱਕ ਦਿਨ ਆਪਣੇ ਆਪ ਹੀ ਆ ਜਾਣੀ ਹੈ, ਜੀਵਨ ਦੇ ਚੱਲਦੇ ਚੱਕੇ ਨੂੰ ਇੱਕ ਪਲ ਵੀ ਰੋਕ ਕੇ ਵਿਖਾ। ਝੱਲੀ ਹੋ ਗਈ ਏਂ ਅਜੀਤ ਕੌਰ (ਫਾਲਤੂ ਔਰਤ, ਪੋਸਟ ਮਾਰਟਮ) ਤੋਂ ਬਾਅਦ ਸਾਹਿਤ ਜਗਤ ਵਿਚ ਦੂਜੀ ਧੜੱਲੇਦਾਰ ਜ਼ਿੰਦਗੀ ਜੀਣ ਵਾਲੀ ਮੰਨਦਾ ਹਾਂ ਤੈਨੂੰ ਮੈਂ। ਜਿਸਦੇ ਤੇਰੇ ਜਿੰਨੇ ਮਿੱਤਰ ਹੋਣ ਉਹ ਤਾਂ ਇੱਕ-ਇੱਕ ਦਿਨ ਵੀ ਆਪਣੇ ਮਿੱਤਰਾਂ ਦੇ ਨਾਂ ਜੀਵੇ ਤਾਂ ਉਮਰ ਛੋਟੀ ਪੈ ਜਾਵੇ। ਤੇਰੀ ਕਾਊਂਸਲਿੰਗ ਦਾ ਬਿਲਕੁਲ ਖ਼ਿਆਲ ਨਹੀਂ ਰੱਖਾਂਗਾ ਕਿਉਂਕਿ ਤੇਰੀ ਚਾਲਾਕੀ ਮੈਂ ਫੜ ਲਈ ਹੈ, ਤੈਂ ਸੋਚਿਆ ਹੋਰ ਤਾਂ ਲੋਕੀਂ, ਘੁੰਮ ਘੁਮਾਕੇ ਵੇਖ ਲਏ, ਭੈੜੇ ਜ਼ਿਆਦਾ ਤੇ ਭੇੜਾਂ ਦੀ ਭੀੜ ਤੋਂ ਅਲੱਗ ਸੰਵੇਦਨਸ਼ੀਲ ਬਹੁਤ ਘੱਟ, ਕਿਉਂ ਨਾ ਜਿਊਂਦੇ ਜੀ ਯਮਰਾਜ ਨੂੰ ਵੀ ਮਿਲ ਆਵਾਂ। ਤੇਰਾ ਕੀ ਭਰੋਸਾ ਜਨਮ ਦਿਨ ਵਾਲੇ ਦਿਨ ਧਰਮਰਾਜ ਕਚਹਿਰੀ ਨੂੰ ਵੀ ਇਨਵਾਈਟ ਕਰ ਲਵੇ ਆਪਣੀ ਪਾਰਟੀ ਤੇ।

ਜਦੋਂ ਤੂੰ ਕੰਮਾਂ ਧੰਦਿਆਂ ਤੋਂ ਉੱਕਾ ਹੀ ਵਿਹਲੀ ਹੋਵੇ ਮੈਂ ਤਮਾਮ ਰਿਸ਼ਤਿਆਂ ਦੀ ਤਕਦੀਰ ਬਦਲ ਚੁੱਕਾ ਹੋਵਾਂਗਾ, ਤੇ ਆਪਾਂ ਦੋਵੇਂ ਫਜ਼ਲੇ ਭਰਾਈ ਦੇ ਵਾੜੇ 'ਚੋਂ ਖਰਬੂਜ਼ੇ ਤੋੜਨ ਜਾਵਾਂਗੇ, ਛੱਤੋ ਕਮਲੀ ਦੀ ਬੇਰੀ ਹੇਠਾਂ ਮੈਂ ਤੈਨੂੰ ਉਹ ਨਜ਼ਮ ਪੜਕੇ ਸੁਣਾਂਵਾਗਾ ਜਿਸ 'ਚ ਸਤਾਈ ਸਾਉਣੀਆਂ ਕੈਦ ਕੱਟ ਕੇ ਆਏ ਕਿਸੇ ਕੈਦੀ ਦੇ ਪਹਿਲੇ ਹਾਸੇ ਦਾ ਜ਼ਿਕਰ ਹੈ ਮੌਸਮ ਉਦਾਸ ਹੈ ਤੇਰੇ ਵਾਂਗ ਤੇਰੇ ਪਿੰਡ ਵਾਂਗ ਨੀ ਗ਼ਜ਼ਲਾਂ ਲਿਖਣ ਵਾਲੀਏ।

–o–

**ਸੋਮਲ ਖੇੜੀ**
**29/11/2003**

ਕੁਲਜੀਤ ਪੁੱਤਰਾ,
ਪਿਆਰ।
ਪਰਿਵਾਰ ਨੂੰ ਸਤਿਕਾਰ!

ਤੇਰੇ ਮੁਹੱਬਤੀ ਰੋਸੇ ਭਰਪੂਰ ਖ਼ਤ ਨੂੰ ਆਇਆਂ ਕਾਫੀ ਸਮਾਂ ਹੋ ਹੀ ਗਿਆ ਹੈ। ਪਰ ਤੇਰੀਆਂ ਮੁਹੱਬਤੀ ਸੱਚੀਆਂ ਪਰ ਭਾਰੀਆਂ ਜੁੱਤੀਆਂ ਦੀ ਮਾਰ ਹੀ ਏਨੀ ਸੀ ਕਿ ਅੱਜ ਤੀਕ ਵੀ ਸੁਰਤ ਨਹੀਂ ਆ ਰਹੀ। ਖ਼ਤ ਦਾ ਜਵਾਬ ਲਿਖ ਹੀ ਨਹੀਂ ਹੋਇਆ। ਕੁੜੀਆਂ ਤਾਂ ਕੁੜੀਆਂ ਹੀ ਹੁੰਦੀਆਂ ਹਨ, ਉਹ ਰੋਸ ਵੀ ਕਿਸ 'ਤੇ ਕਰਨ ਜਣਦਿਆਂ ਉਪਰ ਹੀ ਤਾਂ ਕਰਨਾ ਹੁੰਦਾ ਹੈ।

ਕੁਲਜੀਤ ਮੈਂ ਭਟਕਿਆ - ਭੁਲਿਆ ਮੋਹ ਸਰਾਪਿਆ ਬੰਦਾ ਹਾਂ, ਲੱਭਦਾ ਹਾਂ ਮੋਹ-ਮੁਹੱਬਤੀ ਰਾਹਾਂ। ਪਰ ਇਹ ਭਾਲਿਆਂ ਕਦੋਂ ਮਿਲਦੀਆਂ ਨੇ? ਰੱਬ ਸਬੱਬੀਂ ਮੇਲੇ ਹੁੰਦੇ ਹਨ। ਬੱਸ! ਇਸੇ ਲਈ ਮੈਂ ਇਨ੍ਹਾਂ ਨੂੰ ਸਦੀਵੀ ਰੱਖਣ ਲਈ ਇਨ੍ਹਾਂ ਕੋਲ ਪਲ ਭਰ ਟਿਕਣ ਦਾ ਹੀ ਆਦੀ ਹਾਂ। ਧਰਨੇ ਮਾਰ ਕੇ ਬੈਠਿਆਂ ਮੋਹ ਨਹੀਂ ਵਿਰਾਸਦੇ, ਖੋਦਾਂ-ਉਲਾਂਭੇਪਲ ਰਲ ਲਗਦੇ ਹਨ।

ਪਰ ਮੈਂ ਇਹ ਵੀ ਜਾਣਦਾ ਹਾਂ ਕਿ ਧੀਆਂ ਦਾ ਗੁੱਸਾ ਵੀ ਬੁਰਾ ਹੁੰਦਾ ਹੈ। ਏਨਾ ਐਵੇਂ ਨਹੀਂ ਆਫਰਦੇ, ਇਸ ਤੋਂ ਪਹਿਲਾਂ ਉਹ ਬੜਾ ਕੁਝ ਝਲਦੇ ਨੇ। ਮੈਨੂੰ ਪਤੈ ਤੂੰ ਬੜੀ ਬੇਬਾਨ-ਬਦਰੰਗ ਕੁੜੀ ਹੈ - ਪਰ ਮੇਰੇ ਵਰਗੇ ਹਕੀਕ, ਲਾਚੀਜ਼ ਪਿਓ ਦਾ ਰਤਾ ਕੁ ਲਿਹਾਜ ਰੱਖਿਆ ਕਰ। ਮੇਰੇ ਵਰਗੇ ਬੰਦੇ ਤਾਂ ਮੁਹੱਬਤੀ ਝਿੜਕ ਨਾਲ ਹੀ ਮਰ ਜਾਂਦੇ ਹਨ। ਮੇਰੇ ਵਸ ਦਾ ਰੋਗ ਨਹੀਂ ਕਿ ਏਨੀਆਂ ਮੁਹੱਬਤੀ ਜੁੱਤੀਆਂ ਦੀ ਮਾਰ ਝੱਲ ਲਵਾਂ। ਖ਼ੈਰ! ਤੇਰੇ ਮਨੋਵੇਗ ਵੀ ਤਾਂ ਸੱਚ ਬੋਲਦੇ ਨੇ, ਇਹ ਰੋਵਣ ਵੀ ਤਾਂ ਕਿਸ ਅੱਗੇ ਰੋਵਣ?

ਚੰਗਾ ਤੇਰਾ - ਸਮੂਹ ਪਰਿਵਾਰ ਸਹਿਤ

***ਅਮਰਜੀਤ ਸੋਮਲ***

-o-

**29/1/2002**

ਮਿਸ ਕੁਲਜੀਤ ਸਤਿ ਸ੍ਰੀ ਅਕਾਲ
ਬਹੁਤ ਸਤਿਕਾਰ ਅਤੇ ਪਿਆਰ ਨਾਲ

ਮੇਰੇ ਵੱਲੋਂ ਆਪ ਨੂੰ ਨਵਾਂ ਸਾਲ 2002 ਮੁਬਾਰਕ ਹੋਵੇ। ਆਪ ਜੀ ਦੀ ਅਤੇ ਆਪ ਦੇ ਪਰਿਵਾਰ ਦੀ ਰਾਜੀ ਖੁਸ਼ੀ ਪ੍ਰਮਾਤਮਾ ਪਾਸੋਂ ਹਰ ਵੇਲੇ ਭਲੀ ਚਾਹੁੰਦੇ ਹਾਂ। ਅੱਗੇ ਸਮਾਚਾਰ ਇਹ ਹੈ ਕਿ ਆਪ ਜੀ ਦਾ ਕੋਈ ਖ਼ਤ ਨਹੀਂ ਆਇਆ ਅਤੇ ਨਾ ਹੀ ਆਪ ਜੀ ਨੇ ਕੋਈ ਚੱਕਰ ਮਾਰਿਆ ਹੈ। ਚਲੋ ਸ਼ਾਇਦ ਕੁਝ ਰੁਝੇਵੇਂ ਹੀ ਐਸੇ ਹੁੰਦੇ ਹਨ ਕਿ ਕੋਈ ਗੇੜਾ ਨਹੀਂ ਮਾਰ ਸਕੇ। ਮੈਂ ਤੁਹਾਨੂੰ ਉਡੀਕਦਾ ਵੀ ਰਿਹਾ। ਮੈਂ ਗ਼ਜ਼ਲ ਲਿਖਣ ਬਾਰੇ ਆਪ ਜੀ ਤੋਂ ਕੁਝ ਜਾਣਕਾਰੀ ਪ੍ਰਾਪਤ ਕਰਨੀ ਸੀ। ਸੋ ਕ੍ਰਿਪਾ ਕਰਕੇ

ਜੇਕਰ ਆਪ ਨਹੀਂ ਆ ਸਕਦੇ ਤਾਂ ਚਿੱਠੀ ਰਾਹੀਂ ਮੈਨੂੰ ਕੁਝ ਜਾਣਕਾਰੀ ਜ਼ਰੂਰ ਭੇਜਣੀ। ਖਾਸ ਕਰ ਮੈਂ ਤੁਹਾਡੇ ਕੋਲੋਂ ਗ਼ਜ਼ਲ ਦੀਆਂ ਕਿਸਮਾਂ ਦੀ ਜਾਣਕਾਰੀ ਲੈਣੀ ਹੈ। ਤੁਸੀਂ ਮੈਨੂੰ ਦੱਸਣਾ ਕਿ ਗ਼ਜ਼ਲ ਕਿਹੜੇ ਵਜ਼ਨ ਵਿਚ ਲਿਖੀ ਜਾਂਦੀ ਹੈ। ਜਾਣੀ ਕਿ ਕਿੰਨੇ ਕਿੰਨੇ ਫੇਲੁਲਾਂ ਦੀਆਂ ਗ਼ਜ਼ਲਾਂ ਹੁੰਦੀਆਂ ਹਨ। ਜਿਵੇਂ ਕਿ (ਤਿੰਨ ਵਾਰੀ ਫੇਲੁਨ ਫ਼ੇ ਜਾਂ ਚਾਰ ਵਾਰੀਂ ਫੇਲੁਨ ਫੇ) ਜਾਂ ਜਿਨੇ ਫ਼ੇਲੁਨਾ ਵਿਚ ਲਿਖੀ ਜਾਂਦੀ ਹੈ ਦੱਸਣਾ। ਗ਼ਜ਼ਲ ਦੀਆਂ ਕੁੱਲ ਕਿੰਨੀਆਂ ਕਿਸਮਾਂ ਹੁੰਦੀਆਂ ਹਨ। ਕਿੰਨੇ ਵਾਰੀ ਅਸੀਂ ਫੇਲੁਨ ਫੇ ਲਾ ਕੇ ਅਸੀਂ ਗ਼ਜ਼ਲਾਂ ਲਿਖ ਸਕਦੇ ਹਾਂ। ਜਾਂ ਕਿੰਨੀਆਂ ਕਿੰਨੀਆਂ ਮਾਤਰਾਂ ਜਿਵੇਂ ਕਿ 14 ਮਾਤਰਾਂ ਜਾਂ 22 ਮਾਤਰਾਂ ਦੀ ਗ਼ਜ਼ਲ ਹੈ ਜਿਵੇਂ ਕਿ (ਨੁਕਤੇ ਅਨੁਸਾਰ ਮੈਂ ਜੋ ਪੜ੍ਹੀ ਹੈ) ਤੁਸੀਂ ਕ੍ਰਿਪਾ ਕਰਕੇ ਸਾਰੀਆਂ ਕਿਸਮਾਂ ਦੱਸਣ ਦੀ ਖੇਚਲ ਕਰਨੀ। ਸ਼ਾਇਦ ਤੁਹਾਡਾ ਪੜ੍ਹਾਈ ਦਾ ਜੋਰ ਵੀ ਹੋਵੇਗਾ। ਫੇਰ ਵੀ ਕ੍ਰਿਪਾ ਕਰਕੇ ਕੀਮਤੀ ਟਾਈਮ ਕੱਢਕੇ ਜ਼ਰੂਰ ਖ਼ਤ ਰਾਹੀਂ ਮੈਨੂੰ ਜਾਣਕਾਰੀ ਭੇਜਣੀ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ। ਤੁਹਾਡੀ ਮੇਹਰਬਾਨੀ ਨਾਲ ਹੋਰ ਕਿਸਮਾਂ ਦੀਆਂ ਗਜ਼ਲਾਂ ਲਿਖ ਸਕਾਂਗਾ।

ਬਾਕੀ ਮੈਂ ਤੁਹਾਡੀ ਗ਼ਜ਼ਲ ਪਿਛਲੇ 'ਨੁਕਤੇ' ਵਿਚ ਪੜ੍ਹੀ ਸੀ। ਬਹੁਤ ਚੰਗੀ ਲੱਗੀ। ਭਾਵੇਂ ਕਿ ਮੇਰੀ ਅਤੇ 'ਪੀਰ ਕਾਦਰੀ' ਦੀ ਗ਼ਜ਼ਲ (ਮਿਸਰਾ – ਤਰਹ) ਵਿਚ ਛਪੀ ਸੀ। ਤੁਹਾਡੀ ਕ੍ਰਿਪਾ ਨਾਲ। ਪਰ ਤੁਸੀਂ ਐਤਕੀਂ ਦੇ 'ਨੁਕਤੇ' ਵਿਚ ਕਿਉਂ ਨਹੀਂ ਛਾਪੀ, ਤੁਸੀਂ ਜ਼ਰੂਰ ਛਾਪਿਆ ਕਰੋ। ਟਾਈਮ ਕੱਢਕੇ ਕੋਈ ਚੀਜ਼ ਲਿਖਕੇ ਭੇਜਿਆ ਕਰੋ। ਤੁਹਾਨੂੰ ਪੜ੍ਹਕੇ ਸਾਨੂੰ ਬਹੁਤ ਖੁਸ਼ੀ ਹੁੰਦੀ ਹੈ। ਬਾਕੀ ਤੁਸੀਂ ਸਾਨੂੰ ਦੱਸਣਾ ਕਿ ਕੁਝ ਲਿਖਦੇ ਹੋ ਜਾਂ ਨਹੀਂ। ਪੜ੍ਹਾਈ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਐਗ਼ਜ਼ਾਮ ਨੇੜੇ ਹਨ, ਮਿਹਨਤ ਕਰਨੀ। ਪ੍ਰਮਾਤਮਾ ਤੁਹਾਡੀ ਮਿਹਨਤ ਨੂੰ ਫਲ ਜ਼ਰੂਰ ਲਾਏਗਾ। ਬਾਕੀ ਜਦ ਵੀ ਤੁਹਾਡਾ ਟਾਈਮ ਲੱਗੇ ਤਾਂ ਮਿਲਕੇ ਜ਼ਰੂਰ ਜਾਣਾ। ਤੁਹਾਡੇ ਪਿੰਡ ਦਾ ਤਾਂ ਸਾਨੂੰ ਪੂਰਾ ਨਹੀਂ ਕਿਥੇ ਕਰਕੇ ਹੈ? ਬਾਕੀ ਸਾਡਾ ਜੇਕਰ ਬਟਾਲੇ ਵੱਲ ਗੇੜਾ ਲੱਗਿਆ ਤਾਂ ਤੁਸੀਂ ਸਾਨੂੰ ਬਟਾਲੇ ਕਿੱਥੇ ਮਿਲ ਸਕਦੇ ਹੋ। ਕਿਤੇ ਏਧਰ ਜਲੰਧਰ ਵੱਲ ਆਏ ਤਾਂ ਤੁਹਾਨੂੰ ਮਿਲ ਹੀ ਜਾਵਾਂਗੇ। ਤੁਸੀਂ ਕਿਸ ਸਕੂਲ ਜਾਂ ਕਾਲਜ ਵਿਚ ਪੜ੍ਹਦੇ ਹੋ ਮੈਂ ਤੇ ਪੀਰ ਗਦਰੀ ਜੇਕਰ ਤੁਹਾਡੇ ਪਾਸੇ ਆਏ ਤਾਂ ਮਿਲ ਹੀ ਜਾਵਾਂਗੇ। ਪਰ ਤੁਸੀਂ ਜ਼ਰੂਰ ਗੇੜਾ ਮਾਰਨ ਦੀ ਖੇਚਲ ਕਰਨੀ ਬਾਕੀ ਜੇਕਰ ਮਿਲਦੇ ਮਿਲਦੇ ਰਹੀਏ ਤਾਂ ਸਾਹਿਤਕ ਨੁਕਤੇ ਤੋਂ ਇੱਕ ਦੂਜੇ ਪਾਸੋਂ ਕੁੱਝ ਸਿੱਖ ਸਕਦੇ ਹਾਂ। ਪਰ ਤੁਸੀਂ ਗ਼ਜ਼ਲ ਬਾਰੇ ਜਾਣਕਾਰੀ ਜ਼ਰੂਰ ਭੇਜਣੀ। ਪਰ ਮੈਂ ਤਾਂ ਭੁੱਲ ਹੀ ਗਿਆ ਤੁਹਾਡਾ ਧੰਨਵਾਦ ਕਰਨ ਦਾ! ਕਿ ਤੁਸੀਂ ਪਹਿਲਾਂ ਵੀ ਮੈਨੂੰ ਜਿਹੜੀ 'ਕਾਦਰੀ' ਨੂੰ ਚਿੱਠੀ ਲਿਖੀ ਸੀ ਉਸ ਰਾਹੀਂ ਕੁਝ ਜਾਣਕਾਰੀ ਭੇਜੀ ਸੀ ਲੱਖ ਲੱਖ ਵਾਰੀ ਧੰਨਵਾਦ ਕਰਦਾ ਹਾਂ ਤੁਹਾਡੀ ਖੇਚਲ ਦਾ। ਗਲਤੀ ਮਾਫ਼ ਕਰਨੀ। ਆਪਣੀ ਸੁੱਖ ਸਾਂਦ ਦਾ ਪਤਾ ਦੇਣਾ।

**ਇੱਕ ਸ਼ੇਅਰ**

ਵਧੇ ਫੁੱਲੇ ਫਲ ਲੱਗਣ ਇਸਨੂੰ,
ਰਹੇ ਕਲਮ ਦੇ ਨਾਲ ਪ੍ਰੀਤ ਤੇਰੀ।
'ਗ਼ਜ਼ਲ ਜੱਗਾ' ਦਾ ਜੱਗ ਤੇ ਨਾਂ ਚਮਕੇ,
ਹਰ ਥਾਂ 'ਤੇ ਹੋਵੇ ਜੀਤ ਤੇਰੀ।
ਰੱਬ ਖੁਸ਼ੀਆਂ ਦੇ ਨਾਲ ਭਰੇ ਤੈਨੂੰ,

ਸੁੱਖ ਮੰਗਦਾ ਹਾਂ 'ਕੁਲਜੀਤ' ਤੇਰੀ।
ਗ਼ਜ਼ਲ ਲਿਖਣ ਦੀ ਜਾਣਕਾਰੀ ਲਈ,
ਮੱਦਦ ਚਾਹੁੰਦਾ ਹੈ 'ਅਮਰਜੀਤ' ਤੇਰੀ।
ਆਪ ਜੀ ਦਾ ਸ਼ੁਭ ਚਿੰਤਕ

*ਅਮਰਜੀਤ ਸੇਖਾ*
*ਪਿੰਡ - ਜਨੇਰ, ਤਹਿਸੀਲ - ਧਰਮਕੋਟ*
*ਜ਼ਿਲ੍ਹਾ - ਮੋਗਾ*
*(ਤੇਰੇ ਖ਼ਤ ਦੀ ਉਡੀਕ ਵਿਚ ਹਰ ਸਮੇਂ ਉਡੀਕਵਾਨ ਹਾਂ - ਅਸੀਂ)*

–o–

**19/11/21**

ਸਤਿਕਾਰਯੋਗ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ।

ਸੰਜੀਦਾ, ਜਵਾਬੀ ਖ਼ਤ ਲਈ ਬੇਹੱਦ ਸ਼ੁਕਰੀਆ। ਜੋ ਚਿਰਾਗ ਵਿਚ ਚਿਰਾਗ ਜਲ ਸਕਦੇ ਹਨ ਤਾਂ ਪ੍ਰੀਤ ਲੜੀ ਵਿਚ ਰਚਨਾ ਭੇਜਣਾ ਕਿੱਡਾ ਕੁ ਔਖਾ?

ਕੱਲ 'ਅਜੀਤ' ਵਿਚ ਤੁਹਾਡੀ ਮਿੰਨੀ ਕਹਾਣੀ 'ਆੜ' ਪੜ੍ਹੀ। ਸੁੰਦਰ ਹੈ। ਅਲੱਗ ਜਿਹਾ ਖਿਆਲ ਫੜਿਆ ਹੈ ਪ੍ਰੰਤੂ ਕੀ ਤੁਸੀਂ ਆਪਣੀ ਪਹਿਚਾਣ ਮਿੰਨੀ ਕਹਾਣੀ ਵਿਚ ਗੁਆਉਣਾ ਚਾਹੁੰਦੇ ਹੋ? ਕੀ ਇਹ ਛਪਣ ਵਾਸਤੇ ਭੇਜਣੀ ਜ਼ਰੂਰੀ ਸੀ? ਆਪਣੀ ਡਾਇਰੀ ਵਿਚ ਕਿਤੇ ਇੰਝ ਹੀ ਸਾਂਭਕੇ ਰੱਖ ਲੈਣੀ ਸੀ ਪ੍ਰੰਤੂ ਮੈਨੂੰ ਤਾਂ ਬੜਾ ਭੈੜਾ ਜਿਹਾ ਕਦਮ ਲੱਗਿਆ। (ਮਾਫ਼ ਕਰਨਾ, ਬੁਰਾ ਲੱਗੇਗਾ ਤੁਹਾਨੂੰ)

ਜਦੋਂ ਤੋਂ ਨਿਰਮਲ ਜਸਵਾਲ (ਕਹਾਣੀਕਾਰਾ), ਸੁਖਵਿੰਦਰ ਅੰਮ੍ਰਿਤ, ਪਾਲ ਕੌਰ ਨਿਰੂਪਮਾ ਦੱਤ ਆਦਿ ਨੇ ਲਿਖਣਾ ਸ਼ੁਰੂ ਕੀਤਾ ਹੈ, ਸ਼ੁਰੂ ਵਿਚ ਵੀ ਕਦੇ ਕੋਈ ਕੁਛ ਇਹੋ ਜਿਹਾ ਨਹੀਂ ਲਿਖਿਆ। ਤੁਸੀਂ ਵੀ ਇੱਕ ਦਿਨ ਇਸੇ ਸ਼੍ਰੇਣੀ ਵਿਚ ਖੜ੍ਹੇ ਹੋਣਾ ਹੈ।

ਕ੍ਰਿਪਾ ਕਰਕੇ, ਆਪਣੀ ਪ੍ਰਤਿਭਾ ਨੂੰ ਵੱਡੀਆਂ ਪੁਲਾਂਘਾਂ ਲਈ ਵਰਤੋਂ, ਜੋ ਅਤੀਤ ਵਿਚ ਤੁਹਾਡੀ ਰੂਹ ਨੇ ਹੰਢਾਇਆ, ਉਹ ਕੁੱਝ ਅਗਰ ਤੁਸੀਂ ਸਾਹਿਤ ਸੰਸਾਰ ਵਿਚ ਭੇਜਣਾ ਚਾਹੁੰਦੇ ਹੋ, ਮੂੰਹ ਮੱਥਾ ਲਿਸ਼ਕਾ ਕੇ ਠੋਸ ਰਚਨਾ ਹੀ ਭੇਜੋ।

ਅੱਜ ਪਾਠਕ ਦਾ ਟੇਸਟ ਬਦਲ ਗਿਆ ਹੈ। ਉਹ ਵੱਡੀ ਕਹਾਣੀ ਨਹੀਂ ਪੜ੍ਹਨਾ ਚਾਹੁੰਦਾ ਤੇ ਮਿੰਨੀ ਕਹਾਣੀ ਦਾ ਕੋਈ ਭਵਿੱਖ ਨਹੀਂ।

ਕ੍ਰਿਪਾ ਕਰਕੇ ਜਾਂ ਤਾਂ ਮੀਡੀਅਮ ਕਹਾਣੀ ਭੇਜੋ ਜਾਂ ਓਹੋ ਜਿਹੇ ਖ਼ੂਬਸੂਰਤ ਖ਼ਿਆਲਾਂ ਵਾਲੀਆਂ ਨਜ਼ਮਾਂ। "ਮਰਦਾ ਹੈ ਕੌਣ ਦੋਸਤਾ ਦੂਜੇ ਦੇ ਵਾਸਤੇ"

ਛਪਣ ਦੀ ਕਾਹਲ ਨਾ ਕਰੋ। ਮੰਨ ਲਵੋ ਆਉਣ ਵਾਲੇ ਮਹੀਨੇ ਦੇ ਸਾਰੇ ਮਾਸਿਕ ਤੇ ਤ੍ਰੈਮਾਸਿਕ ਪੱਤਰਾਂ ਵਿਚ ਤੁਹਾਡੀਆਂ ਰਚਨਾਵਾਂ ਛਪ ਜਾਣ ਤਾਂ ਉਹ ਥਿਰਕਨ, ਉਹ ਪੁਲਕ, ਉਹ ਮਜ਼ਾ ਖ਼ਤਮ ਹੋ ਜਾਵੇਗਾ। ਘੱਟ ਛਪੋ ਪਰ ਵਧੀਆ, ਮਿਆਰੀ ਤੇ ਨਿੱਗਰ ਰਚਨਾਵਾਂ ਨਾਲ। ਅਗਰ ਮਨ ਅਤੀਤ ਦੇ ਦਰਦ ਨਾਲ ਵਧੇਰੇ

ਪੀੜਤ ਹੈ ਤਾਂ ਖ਼ੂਬ ਲਿਖੋ। ਇਹੀ ਪੀਰਅਡ ਸੰਭਾਲਣਯੋਗ ਹੈ। ਇੱਕ ਡੂੰਘਾਈ ਖ਼ੁਦ ਬ ਖ਼ੁਦ ਪੈਦਾ ਹੋਵੇਗੀ।

ਤੁਹਾਡੇ ਸਮਰੱਥ ਕਹਾਣੀਕਾਰਾ ਹੋਣ ਦਾ ਦਾਅਵਾ ਤਾਂ ਮੈਂ ਤੁਹਾਡੇ ਪੱਤਰ ਦੇ ਮਿਲਣ ਤੋਂ ਪਹਿਲਾਂ ਹੀ ਸੋਚ ਚੁੱਕਾ ਸੀ। ਸੋਚਿਆ ਸੀ ਜੇ ਮੈਡਮ ਵਾਰਤਕ ਲਿਖਣ ਕਿੰਨੀ ਕਾਵਿਕ ਹੋਊ।

ਖਾਲਸਾ ਕਾਲਜ ਦੀ ਲਾਇਬਰੇਰੀ ਤਾਂ ਤੁਸੀਂ ਪੀ ਹੀ ਚੁੱਕੇ ਹੋਵੋਗੇ, ਵੱਧ ਤੋਂ ਵੱਧ ਪੜ੍ਹਨ ਵਾਲਾ ਗੰਭੀਰ ਪਾਠਕ ਹੀ ਚੰਗਾ ਲੇਖਕ ਹੁੰਦਾ ਹੈ। ਸਰਦਲ, ਚਿਰਾਗ, ਕਲਾਕਾਰ - ਸਾਹਿਤ, ਕਾਵਿ ਲੋਕ, ਨਾਗਮਣੀ, ਪ੍ਰੀਤਲੜੀ ਅੱਖਰ, ਰੂਪਾਂਤਰ, ਕਹਾਣੀ ਪੰਜਾਬ, ਲਕੀਰ, ਪ੍ਰਵਚਨ, ਤਰਕਸ਼, ਤ੍ਰਿਸ਼ੂਲ, ਸ਼ਬਦ, ਜਨ ਸਾਹਿਤ (ਭਾਸ਼ਾ ਵਿਭਾਗ ਵਲੋਂ), ਲੋਅ ਤੇ ਹੋਰ ਕਿੰਨੇ ਹੀ ਮਾਸਿਕ/ਤ੍ਰੈਮਾਸਿਕ Literary ਪਰਚੇ ਆਉਂਦੇ ਹਨ, ਸਭ ਵੇਖਦੇ ਹੀ ਰਹਿੰਦੇ ਹੋਵੋਗੇ।

ਕਾਵਿ ਜਗਤ ਵਿਚ ਆਸੀ, ਮਨਜੀਤ ਟਿਵਾਣਾ, ਨਿਰੂਪਮਾ ਦੱਤ, ਕੁਮਾਰ ਵਿਕਲ (ਪੰਜਾਬੀ ਅਨੁਵਾਦ), ਸੁਖਵਿੰਦਰ ਅੰਮ੍ਰਿਤ ਚੰਗਾ ਲਿਖ ਰਹੇ ਹਨ, ਇਨ੍ਹਾਂ ਦੀਆਂ ਪੁਸਤਕਾਂ ਵੇਖਣਯੋਗ ਲੱਗੀਆਂ। ਪਾਤਰ, ਬੁੱਟਰ ਤੇ ਭੱਠਲ ਦਾ ਕੋਈ ਸਾਨੀ ਨਹੀਂ।

ਕਹਾਣੀ ਜਗਤ ਵਿਚ, ਪ੍ਰੇਮ ਪ੍ਰਕਾਸ਼, (ਜਲੰਧਰ ਵਾਲਾ), ਤਲਵਿੰਦਰ (ਅੰਮ੍ਰਿਤਸਰ), ਦਲੀਪ ਕੌਰ ਟਿਵਾਣਾ, ਜਸਵੰਤ ਕੰਵਲ (ਕਹਾਣੀ ਤੋਂ ਨਾਵਲ ਤੱਕ ਦਾ ਸਫ਼ਰ), ਤੌਕੀਰ ਚੁਗਤਾਈ, ਜਸਬੀਰ ਭੁੱਲਰ, ਦਲਬੀਰ ਚੇਤਨ, ਦਲਬੀਰ ਸਿੰਘ, ਗਾਰਗੀ ਵੀ ਮੀਲ ਪੱਥਰ ਲੱਗੇ।

ਵਾਰਤਕ ਜਗਤ ਵਿਚ ਕਾਨਾ ਸਿੰਘ ਦੀ 'ਰੂਹ ਦਾ ਅਨੁਵਾਦ' ਬਲਜੀਤ ਸਿੰਘ ਸੰਦਲੀ ਪੈੜਾਂ ਵਾਲੇ ਦੀ ('ਪਹਿਲਾ ਖ਼ਤ ਆਖਰੀ' ਤੇ 'ਵਰਕਾ-ਵਰਕਾ ਵਜੂਦ') ਜੋ ਇੱਕ ਪ੍ਰੇਮਿਕਾ ਦੀ ਡਾਇਰੀ ਹੈ ਜਿਸ ਵਿਚ ਉਹ ਪ੍ਰੇਮਿਕਾ ਤੋਂ ਪਤਨੀ ਬਣਕੇ ਜੋ ਦਰਦ ਹੰਢਾਉਂਦੀ ਹੈ ਦਾ ਜ਼ਿਕਰ ਖ਼ੂਬਸੂਰਤ ਢੰਗ ਨਾਲ ਹੀ ਨਹੀਂ ਬਲਕਿ ਬਹੁਤ ਨਫ਼ਾਸਤ ਨਾਲ ਕੀਤਾ ਗਿਆ ਲੱਗਿਆ। ਪ੍ਰੀਤਲੜੀ ਜੀ ਦਾ ਕੋਈ ਸਾਨੀ ਨਹੀਂ।

ਤੁਸੀਂ ਪੰਜਾਬੀ ਦੀ ਐਮ. ਏ. ਹੋ। ਮੈਨੂੰ ਹੋਰ ਕਿਹੜੇ ਲੇਖਕਾਂ ਦਾ ਸਾਹਿਤ ਪੜ੍ਹਨਾ ਚਾਹੀਦਾ ਹੈ, ਕਦੀ ਸਮਾਂ ਲੱਗੇ ਜ਼ਰੂਰ ਦੱਸਣਾ।

ਜੇ ਕੋਈ ਨਿਰਛਲ ਪ੍ਰੇਮ ਦੀ ਉਦਾਹਰਣ ਦੇਵਾਂ ਤਾਂ ਮੇਰੀ ਮਾਂ ਮੈਨੂੰ ਸਭ ਤੋਂ ਚੰਗੀ ਲੱਗਦੀ ਹੈ। ਮੇਰਾ ਨਾਂ ਤਾਂ ਉਨ੍ਹਾਂ ਨੇ ਸੰਜੀਵ ਬਾਂਸਲ ਰੱਖਿਆ ਸੀ ਪ੍ਰੰਤੂ ਹਾਲਾਤ ਨੇ ਆਨੰਦ ਆਲੋਕ ਬਣਾ ਦਿੱਤਾ। 'ਫੈਸਲਾ' ਮੇਰੀ ਪਲੇਠੀ ਕਹਾਣੀ ਸੀ ਜੋ ਅਜੀਤ ਵਿਚ ਛਪੀ ਸੱਤ-ਅੱਠ ਸਾਲ ਪਹਿਲਾਂ। ਕੁੱਝ ਰਚਨਾਵਾਂ ਹੋਰ ਵੀ ਛਪੀਆਂ ਤਰਕਸ਼ੀਲ, ਪ੍ਰੀਤਲੜੀ ਮੈਗਜ਼ੀਨਾਂ ਵਗੈਰਾ ਵਿਚ। ਜਲਦੀ ਹੀ ਸਸਤੀ ਸੋਹਰਤ ਤੇ ਝੂਠੇ ਮਾਣ ਦਾ ਪਰਦਾਫਾਸ਼ ਹੋਇਆ ਤੇ ਸੰਜੀਵ ਤੋਂ ਆਨੰਦ ਦੇ ਆਲੋਕ ਵਿਚ ਜਾ ਪਹੁੰਚਿਆ। 97 ਤੋਂ 200 ਤੀਕ ਸਿਰਫ ਇੱਕ ਸ਼ਿਕਵਾ ਰੱਬ ਦੇ ਨਾਂ ਵੀ ਮਜ਼ਬੂਰੀ ਵਿਚ ਲਿਖਣੀ ਪਈ ਜਦੋਂ ਮੇਰੇ ਸਾਹਾਂ ਤੋਂ ਪਿਆਰੇ, ਨਿੱਘੇ ਮਿੱਤਰ ਦਾ ਨਿਰਛਲ ਪਿਆਰ ਵਕਤ ਦੇ ਧੱਕੇ ਚੜ੍ਹ ਗਿਆ। ਉਸ ਲਈ ਕਿੰਨੀਆਂ ਹੀ ਰਾਤਾਂ ਦੀ ਨੀਂਦ ਗੈਰ ਹਾਜਰ ਹੋ ਗਈ ਤੇ ਉਹ ਅੱਜ ਵੱਖੋ-ਵੱਖ ਹੁੰਦੇ ਹੋਏ ਵੀ ਇੱਕ ਦੂਸਰੇ ਦੇ ਮਨ ਦੇ ਕਰੀਬ ਹੋਰ ਜੁੜ ਗਏ ਹਨ ਸਾਰੀ ਉਮਰ ਦਾ ਰਿਸ਼ਤਾ ਅਣਕਿਹਾ। God bless him.

ਪ੍ਰੀਤਲੜੀ ਨੂੰ ਜਾਂ ਕਿਸੇ ਥਾਂ ਹੋਰ ਵੀ, ਰਚਨਾ ਟਾਈਪ ਕਰਵਾਕੇ ਭੇਜ ਦਿਓ। ਪ੍ਰੀਤਲੜੀ ਦੀ ਵਰਤਮਾਨ ਸੰਪਾਦਕਾ ਪੂਨਮ ਸਿੰਘ ਹੈ।

***ਪਤਾ ਹੈ : 'ਪ੍ਰੀਤਲੜੀ'***
***81, ਸੈਕਟਰ 10-ਏ, ਚੰਡੀਗੜ੍ਹ - 160011***
***ਸੰਭਵਤਾ ਮੈਂ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇ ਦਿੱਤੇ ਹਨ।***
***ਸ਼ੁਭਚਿੰਤਕ : ਆਨੰਦ ਆਲੋਕ***

–o–

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,
ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਡਮ ਕੁਲਜੀਤ ਗ਼ਜ਼ਲ ਜੀ 12/07/2002 ਦਿਨ ਸ਼ੁਕਰਵਾਰ ਮੇਰੇ ਲਈ ਬਹੁਤ ਹੀ ਖੁਸ਼ੀਆਂ ਭਰਿਆ ਦਿਨ ਸੀ। ਜਿਸ ਦਿਨ ਤੁਹਾਡੇ ਕੋਮਲ ਹੱਥਾਂ ਨਾਲ ਮੋਤੀਆਂ ਵਾਂਗ ਪਰੋਏ ਹਾਰ ਵਰਗਾ, ਲਿਖਿਆ ਹੋਇਆ ਕਾਰਡ ਪ੍ਰਾਪਤ ਹੋਇਆ ਸੀ। ਕੁਲਜੀਤ ਜੀ ਤੁਹਾਡਾ ਕਾਰਡ ਪੜ੍ਹ ਕਿ ਮੈਨੂੰ ਬੇ-ਹੱਦ ਖੁਸ਼ੀ ਹੋਈ। ਸ਼ਾਇਦ ਏਨੀ ਖੁਸ਼ੀ ਤਾਂ ਕਿਸੇ ਬੇ-ਔਲਾਦ ਵਿਅਕਤੀ ਦੇ ਘਰ ਔਲਾਦ ਹੋਣ ਤੇ ਜਾਂ ਫਿਰ ਕਿਸੇ ਆਦਮੀ ਨੂੰ ਕਰੋੜਾਂ ਰੁਪੈ ਦੀ ਲਾਟਰੀ ਨਿਕਲਣ ਤੇ ਨਹੀਂ ਹੁੰਦੀ ਹੋਵੇਗੀ, ਜਿੰਨੀ ਖੁਸ਼ੀ ਮੈਨੂੰ ਤੁਹਾਡਾ ਪਿਆਰਾ ਪਿਆਰਾ ਕਾਰਡ ਪੜ੍ਹ ਕੇ ਹੋਈ ਹੈ।

ਕੁਲਜੀਤ ਜੀ ਇੱਕ ਤੁੱਛ ਜਿਹੇ ਲੇਖਕ ਦੇ ਖ਼ਤ ਦਾ ਜਵਾਬ ਦੇਣ ਲਈ ਦਿਲ ਦੀਆਂ ਗਹਿਰਾਈਆਂ ਵਿਚੋਂ ਕੋਟਿ-ਕੋਟਿ ਧੰਨਵਾਦ ਕਰਦਾ ਹਾਂ। ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਕਿੰਨਾ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਾਂ ਕੁਲਜੀਤ ਜੀ ਮੇਰੀ ਰਹਿੰਦੀ ਉਮਰ ਤੁਹਾਨੂੰ ਹੀ ਲੱਗ ਜਾਵੇ ਪ੍ਰਮਾਤਮਾ ਮੇਰੀਆਂ ਸਾਰੀਆਂ ਹੀ ਖੁਸ਼ੀਆਂ ਤੁਹਾਡੀ ਝੋਲੀ ਪਾ ਦੇਵੇ, ਤੁਹਾਨੂੰ ਕੋਈ ਗ਼ਮ-ਦੁੱਖ ਨਾ ਸਤਾਵੇ, ਤੁਸੀਂ ਹਮੇਸ਼ਾ ਗੁਲਾਬ ਦੇ ਫੁੱਲਾਂ ਵਾਂਗ ਟਹਿਕਦੇ ਰਹੋ, ਇਹ ਮੇਰੀ ਪ੍ਰਮਾਤਮਾ ਅੱਗੇ ਅਰਜੋਈ ਹੀ ਨਹੀਂ ਬਲਕਿ ਦਿਲੀ ਤਮੰਨਾ ਵੀ ਹੈ। ਪ੍ਰਮਾਤਮਾ ਤੁਹਾਨੂੰ ਅਤੇ ਤੁਹਾਡੇ ਸਾਰੇ ਪਰਿਵਾਰ ਨੂੰ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰੱਖੇ।

ਕੁਲਜੀਤ ਜੀ ਤੁਸੀਂ ਬਹੁਤ ਹੀ ਵਧੀਆ ਲਿਖਦੇ ਰਹੋ। ਤੁਹਾਡਾ ਮੈਟਰ ਪੜ੍ਹ ਕੇ ਬੇਹੱਦ ਖੁਸ਼ੀ ਹੁੰਦੀ ਹੈ ਤੇ ਮਨ ਨੂੰ ਸਕੂਨ ਤੇ ਆਤਮਾ ਨੂੰ ਸ਼ਾਂਤੀ ਮਿਲਦੀ ਹੈ। ਤੁਹਾਡੇ ਵਰਗੇ ਗ੍ਰੈਜੂਏਟ ਲੇਖਕ ਲੱਖਾਂ ਵਿਚੋਂ ਮਿਲਦੇ ਹਨ।

ਤੁਸੀਂ ਮੈਨੂੰ ਆਪਣੇ ਬਾਰੇ ਦੱਸਣ ਲਈ ਲਿਖਿਆ ਹੈ, ਮੈਂ ਆਪਣੇ ਬਾਰੇ ਦੂਸਰੇ ਸਫ਼ੇ ਤੇ ਸੰਖੇਪ ਦੱਸਦਾ ਹਾਂ।

ਕੁਲਜੀਤ ਜੀ, ਅਸੀਂ ਚਾਰ ਭੈਣ ਭਰਾ ਹਾਂ। "ਦੋ ਭੈਣਾਂ, ਦੋ ਭਰਾ।" ਮੇਰਾ ਪਿੰਡ ਜੀਰਾ ਤੋਂ ਫਿਰੋਜ਼ਪੁਰ ਰੋਡ ਤੇ 4 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਪਿੰਡ ਦਾ ਨਾਮ "ਫੇਰੋਕੇ, ਮੇਰੇ ਡੈਡੀ ਜੀ ਰਿਟਾਇਰਡ ਫੌਜੀ ਹਨ ਤੇ ਹੁਣ ਸਟੇਟ ਬੈਂਕ ਆਫ਼ ਪਟਿਆਲਾ ਮੋਗਾ ਰੋਡ ਕੋਟ ਈਸੇ ਖਾਂ (ਮੋਗਾ) ਵਿਖੇ ਬਤੌਰ ਗੰਨਮੈਨ ਸਰਵਿਸ ਕਰ ਰਹੇ ਹਨ, ਮਾਤਾ ਜੀ ਘਰੇਲੂ ਔਰਤ ਹਨ, ਸਾਡੇ ਚਾਰਾਂ ਭੈਣਾਂ ਭਰਾਵਾਂ ਵਿਚੋਂ ਇੱਕ ਭੈਣ ਦੀ ਸ਼ਾਦੀ ਹੋ ਚੁੱਕੀ ਹੈ, ਬਾਕੀ ਦੀ ਨਹੀਂ। ਡੈਡੀ ਜੀ ਸਰਵਿਸ ਕਰਦੇ ਹੋਣ ਕਰਕੇ

ਹੁਣ ਸਾਰਾ ਹੀ ਪਰਿਵਾਰ ਮੋਗਾ ਰੋਡ ਕੋਟ ਈਸੇ ਖਾਂ ਵਿਖੇ ਰਹਿ ਰਿਹਾ ਹੈ। ਵੈਸੇ ਮੇਰਾ ਜ਼ਿਆਦਾ ਲਗਾਉ ਪਿੰਡ ਨਾਲ ਹੀ ਹੈ, ਕਿਉਂਕਿ ਮੈਂ ਸਭਿਆਚਾਰਕ ਮੰਚ (ਰਜਿ.) ਫੇਰੋਕੇ ਦਾ ਪ੍ਰਧਾਨ ਵੀ ਹਾਂ ਅਤੇ ਆਪਣੇ ਪਿੰਡ ਫੇਰੋਕੇ ਵਿਖੇ ਜੱਟ ਪਰਿਵਾਰ ਹੋਣ ਕਰਕੇ ਥੋੜ੍ਹਾ-ਬਹੁਤਾ ਖੇਤੀ ਦਾ ਕੰਮ ਕਰਦਾ ਹਾਂ। ਵੈਸੇ ਮੈਂ ਸ਼ੌਂਕੀਆ ਤੌਰ 'ਤੇ ਰੋਜ਼ਾਨਾ "ਨਵਾਂ ਜ਼ਮਾਨਾ" ਅਤੇ ਮੈਗਜ਼ੀਨ ਰਾਬਤਾ ਅਤੇ ਇੱਕ ਦੋ ਛੋਟੇ ਅਖ਼ਬਾਰਾਂ ਦੀ ਪੱਤਰਕਾਰੀ ਕਰ ਰਿਹਾ ਹਾਂ। ਮੈਨੂੰ ਗੀਤਕਾਰੀ ਦੇ ਨਾਲ-ਨਾਲ ਗਾਇਕੀ ਦਾ ਵੀ ਸ਼ੌਕ ਹੈ ਪਰ ਅੱਜ-ਕੱਲ੍ਹ ਗਾਇਕੀ ਦੀ ਵਧਦੀ ਭੀੜ ਵੇਖ ਕੇ ਇਸ ਲਾਈਨ ਵਿਚ ਨਹੀਂ ਆਉਣਾ ਚਾਹੁੰਦਾ। ਵੈਸੇ ਮੈਨੂੰ ਗਾਇਕੀ ਬਾਰੇ ਕੁੱਝ ਨੌਲਜ਼ ਵੀ ਨਹੀਂ। ਪਰ ਕਈ ਵਾਰ ਸਭਿਆਚਾਰਕ ਮੇਲਿਆਂ ਤੇ ਦੋਸਤਾਂ ਦੀ ਫਰਮਾਇਸ਼ ਤੇ ਇੱਕ ਦੋ ਗੀਤ ਬੋਲ ਦਿੰਦਾ ਹਾਂ, ਅਗਰ ਖ਼ਤ ਵਿਚ ਕੋਈ ਗਲਤੀ ਹੋਈ ਤਾਂ ਮਾਫ਼ ਕਰਨਾ। ਹੋਰ ਤੁਸੀਂ ਆਪਣੇ ਬਾਰੇ ਦੱਸਣਾ - ਖ਼ਤ ਲਿਖਦੇ ਰਹਿਣਾ ਮੈਂ ਤੁਹਾਡੇ ਖ਼ਤ ਦੀ ਉਡੀਕ ਕਰਾਂਗਾ। ਅੰਤ ਵਿਚ ਆਪ ਜੀ ਅਤੇ ਆਪ ਜੀ ਦੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

ਧੰਨਵਾਦ ਸਾਹਿਤ

***ਅੰਗਰੇਜ਼ ਬਰਾੜ***
***ਮੋਗਾ ਰੋਡ ਕੋਟ ਈਸੇ ਖਾਂ***
***ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ - 142043***

-o-

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਅੱਜ 18 ਦਿਨ ਹੋ ਗਏ ਨੇ ਤੁਹਾਡੇ ਖ਼ਤ ਦੀ ਉਡੀਕ ਕਰਦਿਆਂ ਪਰ ਲੱਗਦੈ ਤੁਸੀਂ ਕਿਸੇ ਕੰਮ 'ਚ ਬਹੁਤ ਜ਼ਿਆਦਾ ਰੁੱਝੇ ਹੋਵੋਗੇ, ਪਰ ਕੀ ਏਨਾ ਕੁ ਸਮਾਂ ਵੀ ਨੀ ਕੱਢ ਸਕੇ ਇਕ ਖ਼ਤ ਤੱਕ ਲਿਖ ਦਿੰਦੇ! ਰੋਜ਼ਾਨਾ ਡਾਕੀਆ ਜਦੋਂ ਗਲੀ 'ਚ ਆਉਂਦਾ ਹੈ ਤਾਂ ਉਸ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਦਾ ਹਾਂ ਪਰ ਮੇਰਾ ਕੋਈ ਖ਼ਤ ਹੋਵੇ ਤਾਂ ਮਨ ਨੂੰ ਸਮਝਾ ਕੇ ਖਤ ਲਿਖ ਰਿਹਾ ਕਿ ਸ਼ਾਇਦ ਕੋਈ ਜਵਾਬ ਆ ਹੀ ਜਾਵੇ। ਜੇ ਇਸ ਵਾਰ ਵੀ ਤੁਸੀਂ ਜਵਾਬ ਨਾ ਦਿੱਤਾ ਤਾਂ ਮੇਰੇ ਵੱਲੋਂ ਮੇਰਾ ਆਖਰੀ ਖ਼ਤ ਸਮਝ ਲੈਣਾ! ਰਾਤ ਵੀ ਘਰੇਂ ਗਿਆਂ ਸੰਤੋਸ਼ ਨੇ ਇਹੋ ਸਵਾਲ ਕੀਤਾ ਕਿ ਕੁਲਜੀਤ ਦਾ ਕੋਈ ਖਤ ਓਸ ਵੇਲੇ ਮੈਂ ਰੋਟੀ ਖਾ ਰਿਹਾ ਸੀ, ਪਤਾ ਨ੍ਹੀ ਮੇਰੇ ਦਿਲ ਨੂੰ ਕੀ ਹੋ ਗਿਆ ਤੇ ਰੋਟੀ ਮੰਜੇ ਤੇ ਪਈ ਰਹਿ ਗਈ ਤੇ ਮੈਂ ਅੰਦਰ ਜਾ ਕੇ ਬੈੱਡ ਤੇ ਸੌਂ ਗਿਆ। ਓਸ ਵੇਲੇ ਮੈਨੂੰ ਵੀ ਪਤਾ ਨਹੀਂ ਕੀ ਹੋ ਗਿਆ ਸੀ ਕਿ ਅੱਖੀਆਂ 'ਚੋਂ ਹੰਝੂ ਵਗਣ ਲੱਗ ਪਏ, ਸੰਤੋਸ਼ ਨੇ ਵਾਰ ਵਾਰ ਤਰਲੇ ਕੀਤੇ ਕਿ ਚਲੋ ਜੀ! ਮੈਥੋਂ ਗਲਤੀ ਹੋ ਗਈ ਤੁਹਾਡੇ ਤੋਂ ਐਵੇਂ ਪੁੱਛ ਬੈਠੀ! ਹੁਣ ਰੋਟੀ ਤੇ ਖਾ ਲਓ। ਮੈਂ ਕਿਹਾ ਮੈਨੂੰ ਭੁੱਖ ਨਹੀਂ ਤੇ ਬਾਅਦ 'ਚ ਤੁਹਾਡੇ ਪਹਿਲਾਂ ਵਾਲੇ ਖਤ ਹੀ ਕੁਛ ਦੇਰ ਪੜ੍ਹਦਾ ਰਿਹਾ ਤੇ ਏਨੇ 'ਚ ਮੇਰੀ ਭੂਆ ਜੀ ਦਾ ਲੜਕਾ ਆ ਗਿਆ ਤੇ ਆਉਂਦਿਆਂ ਹੀ ਕਹਿੰਦਾ ਕਿਵੇਂ ਡਾਕਟਰਾ! ਅੱਜ ਤਾਂ ਵਾਰ ਵੀ ਚੰਗਾ ਏ ਕਰ ਲੈ ਕੁਛ, ਫਿਰ ਕੀ! ਸਟੀਰੀਓ ਚਲਦਾ ਰਿਹਾ ਤੇ ਪੈੱਗ ਤੇ ਪੈੱਗ ਚਲਦੇ ਰਹੇ, ਫਿਰ ਕਿਤੇ ਰਾਤ ਕੋਈ ਇਕ ਵਜੇ ਦੇ ਕਰੀਬ ਜਾ ਕੇ

ਸੁੱਤੇ!

ਤੁਹਾਨੂੰ ਯਾਦ ਹੋਵੇ ਤੁਸੀਂ ਇਕ ਖ਼ਤ 'ਚ ਮੇਰੇ ਤੋਂ ਪੁੱਛਿਆ ਸੀ ਐਡੀ ਛੋਟੀ ਉਮਰ 'ਚ ਐਨਾ ਦਰਦ! ਬੱਸ ਇਹੀ ਦਰਦ ਮੇਰੇ ਦਿਲ 'ਚ ਵਸੇਬਾ ਕਰ ਜਾਂਦੇ ਨੇ, ਜਿਸ ਨੂੰ ਆਪਣਾ ਕਿਹਾ ਚਾਰ ਦਿਨ ਚੰਗੀ ਗੱਲਬਾਤ ਤੇ ਖਤ ਮੁੜ ਕੇ ਕੋਈ ਸਾਰ ਨ੍ਹੀ ਲੈਂਦਾ। ਤੁਸੀਂ ਖੁਦ ਸੋਚੋ ਕਿੰਨੀ ਦੇਰ ਹੋ ਗਈ ਤੁਸੀਂ ਖ਼ਤ ਨਹੀਂ ਲਿਖਿਆ। ਕੁਲਜੀਤ! ਜੇ ਤੁਹਾਡੀ ਕੋਈ ਘਰੇਲੂ ਮਜ਼ਬੂਰੀ ਹੈ ਤਾਂ (ਮਾਫ ਕਰਨਾ) ਤਾਂ ਵੀ ਮੈਨੂੰ ਫੋਨ ਤੇ ਦੱਸ ਦੇਣਾ, ਮੈਂ ਕਦੇ ਤੁਹਾਨੂੰ ਖਤ ਨਹੀਂ ਲਿਖਾਂਗਾ ਤੇ ਨਾ ਹੀ ਫੋਨ ਕਰਾਂਗਾ! ਸੁਖਵਿੰਦਰ-ਅੰਮ੍ਰਿਤ ਹੋਰਾਂ ਨੂੰ ਪਤਾ ਨਹੀਂ ਕੀ ਹੋ ਗਿਐ ਉਨ੍ਹਾਂ ਦਾ ਆਖਿਰੀ ਖ਼ਤ 29/9/2002 ਨੂੰ ਮੇਰੇ ਕੋਲ ਆਇਆ ਸੀ, ਫਿਰ ਬਾਅਦ 'ਚ ਮੈਂ ਬੜੇ ਖਤ ਲਿਖੇ, ਬਹੁਤ ਫੋਨ ਕੀਤੇ ਬੱਸ ਫੋਨ ਤੇ ਕਈ ਮਿਲ ਜਾਂਦੇ ਤੇ ਕਦੀ ਜਵਾਬ ਮਿਲਦਾ ਘਰ ਨਹੀਂ ਹਨ। ਹੁਣ ਮੈਂ ਵੀ ਹਾਰ ਕੇ ਸਬਰਾਂ ਦੇ ਘੁੱਟ ਭਰ ਲਵੇ ਚਲੋ ਓਨਾਂ ਦੀ ਖੁਸ਼ੀ! ਜਿੰਨੀ ਨਿਭ ਗਈ, ਚੰਗੀ-ਨਿਭਾ ਲਈ। ਕੁਲਜੀਤ ਜੀ! ਤੁਸੀਂ ਹੁਣ ਵੀ ਖ਼ਤ ਨਾ ਲਿਖਿਆ ਤਾਂ ਮੇਰਾ ਆਖਿਰੀ ਖਤ ਸਮਝ ਲੈਣਾ। ਅੱਗੇ ਤੁਹਾਡੀ ਮਰਜ਼ੀ। ਸਾਡੀ ਤਾਂ ਦੁਆ ਹੈ ਓਸ ਪਰਮਾਤਮਾ ਅੱਗੇ ਕਿ ਜ਼ਿੰਦਗੀ ਦੀ ਹਰ ਖੁਸ਼ੀ ਤੁਹਾਨੂੰ ਨਸੀਬ ਹੋਵੇ, ਹਰ ਮੰਜ਼ਿਲ ਤੁਹਾਡੇ ਕਰੀਬ ਹੋਵੇ। ਪਰਮਾਤਮਾ ਤੁਹਾਡੇ ਦੁੱਖ ਦਰਦ ਮੇਰੀ ਝੋਲੀ ਪਾ ਦੇਵੇ। ਸ਼ਾਮ ਨੂੰ ਫੋਨ ਕਰਾਂਗਾ ਤੁਹਾਡੇ ਵੱਲ ਪਤਾ ਤਾਂ ਚੱਲੇ ਗੱਲ ਕੀ ਹੈ ਕਿ ਕਿਸੇ ਪਾਸਿਓਂ ਖਤ ਨੀ ਆ ਰਿਹਾ। ਅੱਛਾ ਕੁਲਜੀਤ ਜੀ! ਗਿਲੇ-ਸ਼ਿਕਵੇ ਬਥੇਰੇ ਹੋ ਗਏ ਨੇ।

ਹੋਰ! ਤੁਸੀਂ ਹੁਣ ਕੀ ਕਰ ਰਹੇ ਹੋ! ਮੇਰੀ ਤਾਂ 13 ਘੰਟੇ ਡਿਊਟੀ ਹੁੰਦੀ ਹੈ। ਸਵੇਰੇ ਤੇ 7.30 ਜਾਂ 8 ਵਜੇ ਤੋਂ ਰਾਤ 9 ਵਜੇ ਤੱਕ ਤੇ ਘਰ ਪਹੁੰਚਦਿਆਂ 10 ਵਜ ਜਾਂਦੇ ਨੇ। ਦੁਕਾਨ ਤੋਂ ਤਾਂ 9 ਵਜੇ ਹੀ ਚੱਲ ਪਈ ਦਾ ਏ, ਪਰ ਰਸਤੇ 'ਚ ਕੋਈ ਯਾਰ ਦੋਸਤ ਮਿਲ ਗਿਆ। ਕਿਤੇ ਗੱਲਾਂ ਤੇ ਬੈਠ ਗਏ। ਕਦੇ ..... ਦਾ ਘਰ ਰਸਤੇ 'ਚ ਆਉਂਦਾ ਹੈ, ਉਹਦੇ ਕੋਲ ਦੋ ਘੜੀਆਂ ਬੈਠ ਕੇ ਜਾਣਾ ਪੈਂਦਾ ਹੈ। ਤੁਸੀਂ ਤਾਂ ਪਤਾ ਨ੍ਹੀ ਕਦੋਂ ਸਾਡੇ ਕੋਲ ਆਓਗੇ, ਪਰ ਸਾਡਾ ਜਦੋਂ ਵੀ ਬਿਆਸ ਜਾਣ ਦਾ ਪ੍ਰੋਗਰਾਮ ਬਣਿਆ, ਓਦੋਂ ਹੀ ਤੁਹਾਨੂੰ ਮਿਲ ਕੇ ਆਵਾਂਗੇ। ਹੁਣ ਤਾਂ ਗਰਮੀ। ਦੁਪਹਿਰ ਵੇਲੇ ਐਨਕ ਤੋਂ ਬਿਨਾਂ ਦੁਕਾਨ ਤੋਂ ਬਾਹਰ ਨਿਕਲਣ ਨੂੰ ਦਿਲ ਨਹੀਂ ਕਰਦਾ। ਪਰ ਹਾਲੇ ਵੀ ਗਰਮੀ ਏਨੀ ਜ਼ੋਰ ਦੀ ਨਹੀਂ ਪਈ ਹੈ ਅਗਲੇ ਜੂਨ, ਜੁਲਾਈ 'ਚ ਗਰਮੀ ਬਹੁਤ ਪਵੇਗੀ। ਚਲੋ ਇਹ ਮੌਸਮ ਤਾਂ ਆਉਂਦੇ ਰਹਿਣਗੇ, ਜਾਂਦੇ ਰਹਿਣਗੇ, ਜੇ ਮੇਰੇ ਏਸ ਖਤ ਦਾ ਜਵਾਬ ਮਿਲ ਗਿਆ ਤਾਂ ਅਗਲੇ ਖਤ 'ਚ ਤੁਹਾਨੂੰ ਆਪਣੀ ਫੈਮਲੀ ਦੀਆਂ ਸਨੈਪਸ ਵੀ ਭੇਜਾਂਗਾ। ਹੋਰ ਦੁਕਾਨ ਦਾ ਕੰਮ ਵੀ ਠੀਕ ਹੀ ਚੱਲ ਰਿਹੈ। ਸਰਦੀਆਂ 'ਚ ਨਵੰਬਰ-ਦਸੰਬਰ 'ਚ ਮੰਦਾ ਹੁੰਦਾ ਏ ਗਰਮੀਆਂ 'ਚ ਤਾਂ Dlips ਲੱਗਦੀਆਂ ਹੀ ਰਹਿੰਦੀਆਂ ਨੇ। ਸੰਤੋਸ਼ ਘਰ ਸਿਲਾਈ ਦਾ ਕੰਮ ਵੀ ਨਾਲ ਕਰਦੀ ਹੈ। ਬੱਸ ਆਪਣਾ ਘਰ ਖਰਚਾ ਵਧੀਆ ਚੱਲ ਰਿਹੈ। ਭੈਣੇ ਸੱਚ ਦੱਸਾਂ ਤਾਂ ਕਿ ਅਡਵਾਂਸ ਮੇਰੇ ਕੋਲ ਨਹੀਂ, ਤੇ ਦੇਣਾ ਮੈਂ ਕਿਸੇ ਦਾ ਨਹੀਂ। ਬੱਸ ਆਪਦਾ ਸਰਕਲ ਵਧੀਆ ਚੱਲ ਰਿਹੈ! ਓਸ ਪਰਮਾਤਮਾ ਦੀ ਮਿਹਰ ਏ। ਜਿੰਨੇ 'ਚ ਰੱਖੇ ਓਨੇ 'ਚ ਰਾਜ਼ੀ ਹਾਂ। ਪਲੀਜ਼ ਕੁਲਜੀਤ ਜੀ! ਜੇ ਹੁਣ ਵੀ ਤੁਸੀਂ ਖਤ ਨਾ ਲਿਖਿਆ ਤਾਂ ਫਿਰ ਮਾੜੀ ਗੱਲ ਹੈ। ਫੇਰ ਓਹ ਗੱਲ ਹੋ ਜਾਣੀ ਏ ਕਿ ਅਸੀਂ ਦਰਦਾਂ ਦੇ ਦਰਿਆ, ਇਕ ਦੁੱਖ ਹੋਰ ਸਹੀ।" ਖ਼ਤ ਦੁਕਾਨ ਤੇ ਬੈਠਾ

ਲਿਖ ਰਿਹਾ। ਰਾਤ ਦੇ 8.30 ਹੋ ਗਏ ਹਾਲਾਂ ਅੱਧਾ ਘੰਟਾ ਡਿਊਟੀ ਟਾਇਮ ਪਿਐ! ਪੂਰੇ ਨੌਂ ਵਜੇ ਦਾ ਟਾਇਮ ਰਖਿਐ! ਜੇ ਵਿਚੋਂ ਕੋਈ ਮਰੀਜ ਹੀ ਟਾਇਮ ਤੇ ਆ ਜਾਵੇ ਫਿਰ ਭਾਵੇਂ 12 ਵਜ ਜਾਣ। ਇਹ ਕੰਮ ਹੀ ਐਸਾ ਹੈ। ਅੱਛਾ ਸੰਤੋਸ਼ ਕਹਿੰਦੀ ਸੀ ਆਪਾਂ ਕੁਲਜੀਤ ਦੇ ਵਿਆਹ ਤੇ ਜ਼ਰੂਰ ਚੱਲਾਂਗੇ। ਮੈਂ ਕਿਹਾ ਓਹ ਤਾਂ ਕਹਿੰਦੇ ਨੇ ਮੈਂ ਵਿਆਹ ਨਹੀਂ ਕਰਵਾਉਣਾ। ਅੱਗਿਓਂ ਬੋਲਦੀ ਏ ਕੁੜੀਆਂ ਏਵੇਂ ਹੀ ਕਹਿੰਦੀਆਂ ਨੇ। ਪਲੀਜ ਕੁਲਜੀਤ ਗੁੱਸਾ ਨਾ ਕਰਨਾ!

ਮੇਰੇ ਵੱਲੋਂ ਤੇ ਸੰਤੋਸ਼ ਵੱਲੋਂ ਆਪ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਆਰਜੂ ਅਤੇ ਪੰਕਜ ਵਲੋਂ ਸਵੀਟ ਸਵੀਟ ਨਮਸਕਾਰ ਕਾਕੂ ਦਾ ਨਾਮ ਹੁਣ ਫੇਰ ਚੇਂਜ ਹੋ ਗਿਆ, ਚੰਗੋ ਹੋਇਆ ਮੈਂ ਵੀ ਆਰ ਸ਼ਬਦ ਤੇ ਨਹੀਂ ਰੱਖਣਾ ਚਾਹੁੰਦਾ ਸੀ। 5 ਮਹੀਨਿਆਂ ਦਾ ਹੋ ਗਿਐ। ਬੜਾ ਸ਼ਰਾਰਤੀ ਹੈ। ਆਰਜੂ ਦਾ ਤਾਂ ਕਹਿਣਾ ਹੀ ਕੀ ਹੈ! ਹੁਣੇ ਹੀ ਵੱਡਿਆਂ ਵਾਂਗ ਗੱਲਾਂ ਕਰਦੀ ਏ। ਕਦੀ-ਕਦੀ ਤਾਂ ਮੈਨੂੰ ਆਪ ਨੂੰ ਹੈਰਾਨੀ ਜਿਹੀ ਹੁੰਦੀ ਏ। ਵੈਸੇ ਓਹਦਾ ਜ਼ਿਆਦਾ ਮੋਹ ਮੇਰੇ ਨਾਲ ਹੈ। ਬੱਚੇ ਪਿਆਰ ਤੇ ਖਾਣ ਦੇ ਪਿਆਸੇ ਹੁੰਦੇ ਨੇ। ਸਵੇਰੇ ਘਰੋਂ ਤੁਰਨ ਵੇਲੇ 4-5 ਰੁਪਏ ਲੈ ਕੇ ਜਾਨ ਛੱਡਦੀ ਹੈ। ਬਹਾਨੇ ਬਣਾ ਲੈਂਦੀ ਏ ਪਾਪਾ ਜੀ ਸੋਪਨਰ ਲੈਣਾ ਏ, ਪੈਨਸਿਲ ਲੈਣੀ ਹੈ। ਚਲੋ ਕਮਾਉਂਦੇ ਕਾਹਦੇ ਵਾਸਤੇ ਹਾਂ। ਉਨ੍ਹਾਂ ਲਈ ਹੀ। ਨਾਲੇ ਮੈਂ ਇਕ ਟੁੱਟਾ ਫੁੱਟਾ ਗੀਤ ਜਿਹਾ ਲਿਖਿਆ ਹੈ।

ਕੁਲਜੀਤ ਜੀ! ਹੋ ਸਕੇ ਤਾਂ ਖਤ ਮਿਲਣ ਤੇ ਫੋਨ ਕਰ ਦੇਣਾ। ਫੋਨ ਮੇਰੀ ਦੁਕਾਨ ਦੇ ਬਿਲਕੁਲ ਸਾਹਮਣੇ ਏ, ਬੱਸ ਏਨਾ ਕਹਿ ਦੇਣਾ ਕਿ ਡਾਕਟਰ ਨੂੰ ਬੁਲਾ ਦਿਓ ਓਨ ਹੋਲਡ ਹੀ ਗੱਲ ਹੋ ਜਾਂਦੀ ਏ, ਅੱਗੇ ਤੁਹਾਡੀ ਮਰਜ਼ੀ ਏ। ਖਤ ਲਿਖਣ 'ਚ ਕਈ ਗਲਤੀਆਂ ਹੋਣੀਆਂ ਨੇ। ਪਲੀਜ ਅਣਜਾਣ ਸਮਝ ਕੇ ਮੁਆਫ਼ ਕਰ ਦੇਣਾ।

ਜਾ ਚਿੱਠੀਏ ਸ਼ਹਿਦ ਨਾਲੋਂ ਮਿੱਠੀਏ ਨੀ
ਜਾ ਕੇ ਦੀਦੀ ਦੇ ਹੱਥਾਂ 'ਚ ਖੁੱਲ੍ਹ ਜਾਵੀਂ
ਤੈਨੂੰ ਕਸਮ ਹੈ ਸਾਡੇ ਪਿਆਰ ਤੇ ਮੇਰੇ ਹੰਝੂਆਂ ਦੀ
ਕਿਤੇ ਰਸਤੇ ਵਿਚ ਨਾ ਰੁਲ ਜਾਵੀਂ
ਤੁਹਾਡੇ ਖ਼ਤ ਦੀ ਉਡੀਕ ਵਿਚ

-o-

ਜਿਥੇ ਬਹੁਤ ਵੱਡਾ ਕਲੰਕ ਦੱਸਿਆ ਹੈ ਉਥੇ ਇਹ ਵੀ ਬਿਆਨ ਕੀਤਾ ਹੈ ਕਿ ਕਦੇ ਭੈਣਾਂ, ਭੂਆ ਤੇ ਮਾਸੀਆਂ ਨੂੰ ਵੀ ਤਰਸੋਗੇ। ਜੇ ਕੁੱਖ 'ਚ ਮਾਰੀਆਂ ਧੀਆਂ।

ਕੁਲਜੀਤ ਜੀ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ। ਕਿ ਤੁਸੀਂ ਆਪਣੀ ਕਲਮ ਦੇ ਨਾਲ ਚੰਗੇ ਸਮਾਜ ਦੀ ਸਿਰਜਨਾ ਕਰਨ ਲਈ ਅੱਗੇ ਵਧੋਗੇ। ਮੈਂ ਕੁਲਜੀਤ ਜੀ, ਤੁਹਾਨੂੰ ਤੇ ਤੁਹਾਡੀ ਮਾਤਾ ਕੁਲਵੰਤ ਕੌਰ ਤੇ ਪਿਤਾ ਨਿਰਮਲ ਸਿੰਘ ਕਾਹਲੋਂ ਜੀ ਨੂੰ ਗ਼ਜ਼ਲ ਸੰਗ੍ਰਹਿ ਤਰੇਲ ਜਿਹੇ ਮੋਤੀ ਲਈ ਦਿਲੀ ਮੁਬਾਰਕਬਾਦ ਦੇਂਦਾ ਹਾਂ ਮੈਨੂੰ ਪੂਰਨ ਆਸ ਹੈ ਕਿ ਕੁਲਜੀਤ ਕੌਰ ਗ਼ਜ਼ਲ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਨਵੇਂ ਪੂਰਨੇ ਪਾਵੇਗੀ ਅਤੇ ਕੁਲਜੀਤ ਦੀ ਕਲਮ ਹੋਰ ਵੀ ਬੁਲੰਦੀਆਂ ਨੂੰ ਛੂਹੇਗੀ।

***ਇੰਦਰਜੀਤ ਸਿੰਘ ਬਾਸਰਕੇ***

*ਜਨਰਲ ਸੈਕਟਰੀ, ਪੰਜਾਬ ਪ੍ਰਦੇਸ ਕਾਂਗਰਸ ਕਮੇਟੀ*
*19/11/21*

**ਸਮਰਪਿਤ 'ਗਜ਼ਲ' ਜੀ ਨੂੰ**
ਬੇਹੱਦ ਨਿੱਘੇ ਸਤਿਕਾਰ ਨਾਲ

ਉਹ/-
ਨਜ਼ਮ ਸਿਰਜਦੀ ਹੈ
ਆਪਣੇ ਸਹੁਣੇ ਮਨ ਵਰਗੀ
ਸੋਹਣੀ ਜਿਹੀ ਨਜ਼ਮ
ਉਹ ਇਸ ਲਈ ਨਹੀਂ ਸਿਰਜਦੀ ਨਜ਼ਮ
ਕਿ ਕਿਸੇ ਕਵਿਤਾ ਮੁਕਾਬਲੇ ਵਿਚ
ਜਿੱਤੇ ਪਹਿਲਾ ਇਨਾਮ
ਜਾਂ ਸ਼ਹੁਰਤ ਉਸਦੇ ਕਦਮ ਚੁੰਮੇ
ਬਲਕਿ ਉਹ ਤਾਂ ਕਾਗਜਾਂ ਦਾ ਸਹਾਰਾ ਲੈ
ਹੌਲੀ ਹੁੰਦੀ ਹੈ ਆਤਮਿ ਦਰਦ ਤੋਂ
ਤਾਂਕਿ ਹਰ ਰੋਜ਼
ਥੋੜੀ ਜਿਹੀ ਜਿਊਣ ਯੋਗ ਹੋ ਸਕੇ।
ਉਹ ਨਜ਼ਮ ਮੀਢੀਆਂ ਵਾਂਗ ਗੁੰਦਦੀ ਨਹੀਂ
ਬਲਕਿ ਜ਼ੁਲਫ਼ਾਂ ਵਾਂਗ ਖੁੱਲ੍ਹਾ ਛੱਡਦੀ ਹੈ
ਉਸਦੀ ਨਜ਼ਮ ਪੜ੍ਹ
ਤੁਹਾਡਾ ਮਨ
ਕਿਸੇ ਅਕਹਿ ਜਾਦੂ ਨਾਲ ਕੀਲਿਆ ਜਾਂਦਾ ਹੈ
ਤੇ ਫੇਰ ਤੁਹਾਡਾ ਦਿਲ ਚਾਹੇਗਾ
ਕਿ ਉਸਦੀ ਉਂਗਲੀਆਂ ਦੇ ਪੋਟਿਆਂ ਨੂੰ
ਚੁੰਮ-ਚੁੰਮ ਲਾਲ ਕਰ ਦਿਓ
ਜਿਨ੍ਹਾਂ ਨਾਲ ਉਹ ਐਨੀ ਸਹੁਣੀ
ਨਜ਼ਮ ਸਿਰਜਦੀ ਹੈ
ਉਹ ਨਜ਼ਮ ਸਿਰਜਦੀ ਹੈ
ਆਪਣੇ ਸਹੁਣੇ ਮਨ ਵਰਗੀ
ਸਹੁਣੇ ਜਿਹੀ ਨਜ਼ਮ

**ਸ਼ੇਅਰ**
"ਲੱਭੇਂਗਾ ਦੱਸ ਕਿਸ ਤਰ੍ਹਾਂ ਤੂੰ ਮਾਂ ਦਾ ਉਹੀ ਰੂਪ
ਜੋ ਸਾਗਰਾਂ ਨੂੰ ਤਰ ਗਿਆ ਤੇਰੀ ਉਡੀਕ ਵਿਚ"

-o-

**ਸੋਮਲ ਖੇੜੀ**
**19/3/2003**

ਕੁਲਜੀਤ,
ਸਦੀਵੀ ਹਾਸੇ ਲਈ ਦੁਆ –

ਖ਼ਤ ਮਿਲਿਆ, ਪੜ੍ਹਿਆ – ਜੋ ਤੂੰ ਲਿਖਿਆ ਸੱਚ ਹੀ ਹੋਣੈ। "ਖ਼ਤ ਪੜ੍ਹ ਤੈਨੂੰ ਹਾਸਾ ਆਇਆ – ਪਰ ਦਿਲ ਨੇ ਧਰਵਾਸਾ ਪਾਇਆ" – ਗ਼ਜ਼ਲ ਬਹੁਤ ਸ਼ੁਕਰੀਆ। ਪਰ ਇੱਕ ਗੱਲ ਦੱਸਾਂ।

ਜਿਸ ਮਨ ਮਮਤਾ ਘਰ ਕਰ ਜਾਵੇ
ਹੋਠੋਂ ਹਾਸਾ ਝਰ ਝਰ ਜਾਵੇ।

ਇਸ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਹੋ ਜਾਂਦਾ ਹੈ।

ਉਸਦੇ ਹਾਸੇ ਕੌਤਕ ਕਰਿਆ
ਮਾਰੂਥਲਾਂ ਆ ਬੱਦਲ ਵਰ੍ਹਿਆ

ਕੁਲਜੀਤ ਬਿਨਾਂ ਖ਼ਬਰ ਤੋਂ ਕਿੰਝ ਕਿਵੇਂ ਕੋਈ ਸਾਡੇ, ਅਣਜਾਣਾ ਬਸ਼ਰ ਕੌਣ ਕਿਵੇਂ ਤੇ ਕੀ ਹੈ ਅਤੇ ਨਾ ਹੀ ਤੇਰੇ ਪਹਿਲੇ ਖ਼ਤ 'ਚੋਂ ਏਸ ਸੰਬੰਧੀ ਹੈ ਕੁੱਝ ਲੱਭਦਾ। ਫਿਰ ਦੱਸ ਮੈਨੂੰ ਮੈਂ ਕੀ ਸੰਬੋਧਤ ਕਰਦਾ। ਤੇਰੇ ਖ਼ਤ 'ਚੋਂ ਮੋਹ ਖੁਰਦਾ ਸੀ ਮੈਂ ਤਾਂ ਉਸਨੂੰ ਮਨ ਵਿਚ ਬੋਚ ਕੇ ਖ਼ਤ ਸੀ ਲਿਖਿਆ। ਤੈਨੂੰ ਚੰਗਾ ਲੱਗਿਆ ਤੂੰ ਮੁੜ ਉਤਰ ਲਿਖ ਘੱਲਿਆ – ਸਦਾ ਲਿਖਣ ਦਾ ਵਾਅਦਾ ਕਰਿਆ। ਇਸ ਦੇ ਲਈ ਧੰਨਵਾਦੀ ਹਾਂ।

ਕੁਲਜੀਤ ਤੇਰੇ ਕਹਿਣ ਮੁਤਾਬਕ ਤੇਰੇ ਨਾਲੋਂ ਉਮਰ ਵਡੇਰੀ ਹੈ ਪਰ ਮੈਨੂੰ ਤੇਰਾ ਕਿਨਾਰਾ ਬਹੁਤ ਵਡੇਰਾ ਲੱਗਿਆ ਹੈ ਫਿਰ ਵੀ ਮੇਰੀ ਇੱਕ ਗੱਲ ਮੰਨ ਲਵੀਂ – ਕਾਰਡ ਦੀ ਥਾਂ ਤੇ ਖ਼ਤ ਲਫ਼ਾਫੇ ਪਾਇਆ ਕਰ। ਕਿਉਂਕਿ ਕਾਰਡ ਸਿਰਫ਼ ਸੂਚਨਾ ਹਿੱਤ ਵਰਤੇ ਜਾਂਦੇ ਹਨ। ਜਜ਼ਬਿਆਂ ਦੇ ਪ੍ਰਗਟਾਅ ਲਈ ਨਹੀਂ। ਕਾਰਡ ਉਪਰ ਜਜ਼ਬੇ ਲੰਮੇਂ ਹੋ ਕੇ ਰਹਿ ਜਾਂਦੇ ਹਨ ਜੋ ਰੁਸਵਾ ਕਰ ਜਾਂਦੇ ਹਨ – ਖ਼ਤ ਵਿਚਲੇ ਸੱਚ ਹਰ ਸ਼ੈਅ ਤੋਂ ਮਹਿੰਗੇ ਹੁੰਦੇ ਹਨ, ਇਸੇ ਲਈ ਇੱਕ ਗੱਲ ਹੋਰ ਲਿਖ ਰਿਹਾ ਜਿਸਨੂੰ ਮੇਰੀ ਹਉਮੈਂ ਨਾ ਸਮਝੀਂ – ਨਿਮਰਤਾ ਵਾਲੀ ਹੀ ਇਹ ਗੱਲ ਹੈ। ਪਹਿਲਾ ਕਾਸਦ ਬਦਲ ਗਿਆ ਹੈ, ਨਵੇਂ ਨੂੰ ਪੂਰੀ ਸੋਝੀ ਨਹੀਂ ਸੀ – ਉਹ ਕਿਸੇ ਹੋਰ ਸਿਰਨਾਵੀਏਂ ਹੱਥ ਖ਼ਤ ਫੜਾ ਕੇ ਤੁਰਦਾ ਬਣਿਆ ਜਿਸਨੇ ਦੋ ਦਿਨ ਮਗਰੋਂ ਮੇਰੇ ਤੀਕਰ ਪੁੱਜਦਾ ਕਰਿਆ। ਕੋਈ ਸਮਾਂ ਸੀ ਜਦ ਮੈਂ ਸਾਡੇ ਪਿੰਡ ਵਿਚ ਇੱਕ ਇਕੱਲਾ ਅਮਰਜੀਤ ਸਾਂ ਅੱਜ ਤਾਂ ਗਲੀ ਗਲੀ ਵਿਚ ਇਹ ਨਾਂ ਰੁਲਦਾ ਫਿਰਦੈ ਇਸ ਕਰਕੇ ਮੇਰੇ ਨਾਂ ਦੇ ਪਿੱਛੇ ਐਮ. ਏ. ਪੰਜਾਬੀ, ਪੋਲੀਟੀਕਲ ਸਾਇੰਸ ਲਿਖ ਦਿਆ ਕਰ। ਕਿਉਂਕਿ ਸਾਡੇ ਪਿੰਡ ਦਾ ਗੋਤ ਸਮੁੱਚਾ ਸੋਮਲ ਹੈ, ਇੰਝ ਲਿਖਿਆ ਖ਼ਤ ਕਦੇ ਨਹੀਂ ਰੁਲਦਾ, ਕਾਸਦ ਵੀ ਫਿਰ ਘਰ ਨਹੀਂ ਭੁੱਲਦਾ।

ਚੰਗਾ ਬਾਈ ਕੁਲਜੀਤ ਬਾਕੀ ਫੇਰ ਕਦੇ ਤੇ ਹਾਂ ਸੱਚ ਤੇਰੇ ਖ਼ਤ ਵਿਚ ਪੰਜ ਦਸ ਸ਼ਬਦਾਂ ਤੋਂ ਵੱਧ ਕੁੱਝ ਨਹੀਂ ਹੁੰਦਾ ਪਰ ਜਜ਼ਬਾਤਾਂ ਦੇ ਵਿਚ ਜੋ ਰੰਗ ਹੁੰਦੇ ਉਹ ਮੈਥੋਂ ਤਾਂ ਫੜ ਨਹੀਂ ਹੁੰਦੇ।

ਤੇਰੇ ਵਾਅਦੇ ਮੁਤਾਬਕ ਉਤਰ ਲਈ ਉਡੀਕਵਾਨ ਇੱਕ ਦੋਸਤ।

**ਸੋਮਲ ਖੇੜੀ**
25/8/2003

ਕੁਲਜੀਤ
ਮੋਹ - ਸਨੇਹ।

ਪਰਿਵਾਰ ਨੂੰ ਦਰਜ਼ਾ ਬ ਦਰਜ਼ਾ ਪਿਆਰ, ਸਤਿਕਾਰ ਅਤੇ ਸਤਿ ਸ੍ਰੀ ਅਕਾਲ

ਕਿੰਨਾ ਚਿਰ ਹੋ ਗਿਆ ਹੈ ਤੇਰਾ ਖ਼ਤ ਆਏ ਨੂੰ ਕਿੱਥੇ ਗੁਆਚ ਗਈ ਏਂ? ਠੀਕ ਤਾਂ ਹੈ, ਪਰਿਵਾਰਕ ਸੁੱਖ ਹੈ, ਸ਼ਾਂਤੀ ਹੈ। ਤੇਰਾ ਨਤੀਜਾ ਆ ਗਿਆ ਹੈ ਜਾਂ ਕਿ ਨਹੀਂ, ਪਤਾ ਦੇਵੀਂ ਨਾ।

ਹੋਰ ਤੂੰ 10 ਜੁਲਾਈ ਦੇ ਨੇੜੇ ਤੇੜੇ ਲੁਧਿਆਣੇ ਆਉਣ ਲਈ ਕਿਹਾ ਸੀ। ਲਗਦਾ ਏ ਤੂੰ ਆਈ ਨਹੀਂ ਜਾਂ ਤੂੰ ਸੰਪਰਕ ਨਹੀਂ ਕੀਤਾ ਮੈਂ ਬਹੁਤ ਦਿਨ ਤੇਰੀ ਆਮਦ ਦੀ ਖ਼ਬਰ ਉਡੀਕਦਾ ਰਿਹਾ।

ਇਸ ਵਾਰੀ ਮੈਗਜ਼ੀਨ ਬਹੁਤ ਲੇਟ ਆਇਆ ਹੈ, ਭੇਜ ਰਿਹਾ ਹਾਂ, ਤੈਨੂੰ ਕਿਹਾ ਸੀ ਕੋਈ ਰਚਨਾ ਮੈਨੂੰ ਪਹੁੰਚਦੀ ਕਰਦੇ, ਚਲੋ ਤੇਰੀ ਰਜ਼ਾ ਹੈ।

ਮੈਂ ਕਰੀਬ 15 ਦਿਨਾਂ ਤੋਂ ਅੱਖਾਂ ਦੀ ਬਿਮਾਰੀ ਦਾ ਸ਼ਿਕਾਰ ਹਾਂ, ਹੁਣ ਕੁੱਝ ਆਰਾਮ ਹੈ।

15 ਅਗਸਤ ਦਾ ਆਇਆ ਮੈਗਜ਼ੀਨ ਅੱਜ ਪੋਸਟ ਕਰ ਰਿਹਾ ਹਾਂ। ਕਿਸੇ ਪਾਸੇ ਗਿਆ ਵੀ ਨਹੀਂ, ਨਾ ਹੀ ਕੁੱਝ ਪੜ੍ਹਿਆ ਤੇ ਨਾ ਹੀ ਲਿਖਿਆ ਹੈ ਪਰ ਬੜੀ ਅੱਚਵੀ ਜਿਹੀ ਲੱਗੀ ਹੋਈ ਹੈ ਜਦੋਂ ਦਿਸਦਾ ਹੀ ਨਹੀਂ ਕਰ ਵੀ ਕੀ ਸਕਦਾ ਹਾਂ, ਸਾਡੇ ਇਲਾਕੇ 'ਚ ਬੜਾ ਜ਼ੋਰ ਹੈ ਅੱਖਾਂ ਦੇ ਫਲੂ ਦਾ, ਸ਼ਾਇਦ ਤੂੰ ਅਖ਼ਬਾਰ 'ਚ ਪੜ੍ਹਿਆ ਹੋਣਾ ਹੈ।

ਬਾਕੀ ਵਿਹਲੇ ਪਲਾਂ 'ਚ ਕੀ ਸਰਗਰਮੀ ਹੈ; ਘਰ ਦਾ ਵੀ ਕੋਈ ਕੰਮ ਕਰਦੀ ਹੈਂ ਜਾਂ ਨਹੀਂ। ਘਰ ਦੇ ਕੰਮਾਂ ਨੂੰ ਪਹਿਲ ਦਿਆਂ ਕਰ, ਆਉਣ ਵਾਲੇ ਸਮੇਂ 'ਚ ਮੱਦਦਗਾਰ ਸਾਬਤ ਹੋਣੇ ਇਹ ਫਰਜ਼।

ਚੰਗਾ ਹਰ ਗਲਤੀ ਲਈ ਮੁਆਫ਼ੀ ਮੰਗਦਾ ਹਾਂ। ਪਰਿਵਾਰ ਦੀ ਸੁੱਖ ਲੋੜਦਾ ਹਾਂ। ਸਾਰੇ ਆਪਣਿਆਂ ਨੂੰ ਫਿਰ ਪਿਆਰ, ਸਤਿਕਾਰ ਅਤੇ ਸਤਿ ਸ੍ਰੀ ਅਕਾਲ।

ਤੇਰਾ ਤੇ ਸਮੂਹ ਪਰਿਵਾਰ ਦਾ ਆਪਣਾ

*ਅਮਰਜੀਤ ਕੋਮਲ,*
*ਐਮ. ਏ. ਪੰਜਾਬੀ, ਪੋਲੀਟੀਕਲ ਸਾਇੰਸ*

-o-

31 **ਦਸੰਬਰ**, 2007

ਸਤਿਕਾਰਯੋਗ ਕੁਲਜੀਤ ਕੌਰ ਗਜ਼ਲ,

ਨਵਾਂ ਸਾਲ 2008 ਮੁਬਾਰਕ ਹੋਵੇ। ਆਪਦੀ ਭੇਜੀ ਹੋਈ ਪੁਸਤਕ "ਤਰੇਲ

ਜਿਹੇ ਮੋਤੀ" ਮਿਲੀ, ਧੰਨਵਾਦ। ਇਸ ਪੁਸਤਕ ਵਿਚਲੀਆਂ ਮੋਤੀ ਵਰਗੀਆਂ ਗ਼ਜ਼ਲਾਂ 'ਚ ਤੇਰੇ ਅਹਿਸਾਸਾਂ ਦੀ ਵੰਨ-ਸੁਵੰਨਤਾ ਦਾ ਕਾਵਿਕ ਸੰਦੇਸ਼ ਸਰਾਹੁਣਯੋਗ ਹੈ। ਤੁਸੀਂ ਸਮਾਜ ਦੀਆਂ ਕੁਰੀਤੀਆਂ, ਕੁਦਰਤ, ਪਰਿਆਵਰਨ, ਇਨਸਾਨੀ ਰਿਸ਼ਤਿਆਂ ਆਦਿ ਨੂੰ ਬਾਖ਼ੂਬੀ ਬਿਆਨ ਕੀਤਾ ਹੈ। ਇਨਸਾਨ ਰਿਸ਼ਤਿਆਂ 'ਚ ਵਫ਼ਾ, ਬੇਫ਼ਵਾਈਆਂ ਅਤੇ ਵਿਛੋੜੇ ਦੀ ਤੜਪ ਕੁਝ ਭਾਰੂ ਜਾਪਦੀ ਹੈ। ਅਜਿਹੀ ਕਾਵਿਕ ਰਚਨਾ ਉਦੋਂ ਉਮਡਦੀ ਹੈ ਜਦੋਂ ਕਲਪਨਾ ਹੌਕਿਆਂ ਦੇ ਗਲ ਲਗ ਕੇ ਕਿਸੇ ਖ਼ਲਾ 'ਚ ਉਡਾਨ ਭਰਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਸਲ ਜੀਵਨ 'ਚ ਅਤੀਤ ਨੂੰ ਭੁਲਾ ਕੇ ਵਰਤਮਾਨ 'ਚ ਸਾਕਾਰਤਮਿਕ ਸੋਚ ਨੂੰ ਅਪਨਾ ਕੇ ਸਫ਼ਲ ਅਤੇ ਖ਼ੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ ਜਾ ਸਕਦੀ ਹੈ।

ਖ਼ੈਰ, ਪ੍ਰਮਾਤਮਾ ਨੇ ਤੁਹਾਨੂੰ ਕਾਵਿਕ ਰਚਨਾਤਮਿਕ ਗੁਣ ਤੁਹਾਡੇ ਸੰਸਕਾਰਾਂ ਨਾਲ ਜਨਮ ਤੋਂ ਬਖਸ਼ਿਆ ਹੈ। ਇਸੇ ਤਰ੍ਹਾਂ ਬੇਬਾਕੀ ਨਾਲ ਕਲਮ ਦੀ ਰਵਾਨਗੀ ਬਰਕਰਾਰ ਰੱਖਣਾ ਅਤੇ ਫੁੱਲਾਂ ਦੀ ਤਰ੍ਹਾਂ ਆਪਣੀਆਂ ਕਾਵਿਕ ਰਚਨਾਵਾਂ ਦੀ ਖ਼ੁਸ਼ਬੂ ਬਖ਼ੇਰਦੇ ਰਹਿਣਾ।

ਤੁਹਾਡਾ ਸ਼ੁਭ ਚਿੰਤਕ,

*ਅਮਰੀਕ ਸਿੰਘ 'ਮੁਲਤਾਨੀ'*
*ਸ਼ੁਭ ਇਛਾਵਾਂ ਸਹਿਤ।*

-o-

ਬੇਹੱਦ ਮਾਣਯੋਗ
ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਤੁਹਾਡੀਆਂ ਕਾਵਿ ਰਚਨਾਵਾਂ ਸਮੁੱਚੇ ਅੰਕ ਦੀ ਵਿਲੱਖਣਤਾ ਲੱਗੀਆਂ। ਪਰ ਮੈਨੂੰ ਇੰਝ ਲੱਗਿਆ ਜਿਵੇਂ ਕਹਿ ਰਹੇ ਹੋਵੋ:

"ਮੈਂ ਆਪਣਾ ਦਰਦ ਵੀ ਵੰਡ ਦਿੱਤਾ, ਇਨ੍ਹਾਂ ਮਾਸੂਮ ਸ਼ਿਅਰਾਂ ਨੂੰ
ਕਿਉਂ ਮਹਿਸੂਸ ਹੁੰਦਾ ਹੈ, ਜਿਗਰ 'ਤੇ ਭਾਰ ਹਾਲੇ ਵੀ
ਤੇਰੀ ਬਾਰਿਸ਼ ਤੇ ਕਰਦੀ ਹਾਂ ਬੜਾ ਇਤਬਾਰ ਹਾਲੇ ਵੀ"

ਜਦੋਂ ਮਨ, ਅਤੀਤ ਦੇ ਦਰਦ ਨਾਲ, ਵਰਤਮਾਨ ਦੀ ਬਰਦਾਸ਼ਤ ਤੋਂ ਬਾਹਰ ਹੋ ਜਾਵੇ ਤਾਂ ਉਹ ਕਾਗਜ਼ਾਂ ਦਾ ਸਹਾਰਾ ਲੈ ਹੌਲਿਆ ਹੋਣਾ ਲੋਚਦਾ ਹੈ।

ਪਰ ਜਦੋਂ ਮਨ ਰੋ-ਰੋ ਅੱਕ ਜਾਵੇ, ਲਿਖ-ਲਿਖ ਥੱਕ ਜਾਵੇ ਤਾਂ ਦਰਦ ਖਾਮੋਸ਼ ਹੋ ਜਾਂਦਾ ਹੈ ਪਰ ਰੂਹ ਦੇ ਉਸ ਪਾਰ ਦੀ ਦਹਿਲੀਜ਼ ਤੋਂ ਕਦੇ ਮੁਕਤ ਨਹੀਂ ਹੁੰਦਾ।

ਸ਼ਾਲਾ! ਤੁਹਾਡੀ ਕਾਵਿਮਈ ਰੂਹ ਚੇਤਨਾ ਦੇ ਉੱਚ ਗੌਰੀ ਸ਼ਿਖਰਾਂ ਨੂੰ ਛੂਹੇ, ਇਹੋ ਮੇਰੀ ਦੁਆ ਹੈ। ਕਦੇ ਆਪ ਜੀ ਦੇ ਕੰਮ ਆ ਸਕਾਂ ਜਾਂ ਮੇਰੇ ਲਾਈਕ ਕੋਈ ਸੇਵਾ ਹੋਵੇ, ਧੰਨਭਾਗੀ ਤੇ ਧੰਨਵਾਦੀ ਸਮਝਾਂਗਾ।

ਨਿਵੇਦਕ

*ਆਨੰਦ ਆਲੋਕ*
*ਨਜਦੀਕ ਐਸ. ਡੀ. ਸਕੂਲ, ਪਾਠਸ਼ਾਲਾ ਰੋਡ, ਧੂਰੀ।*

*ਫੋਨ (0) 624770*

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,

ਆਪਣੀ ਸਾਹਿਤਕ ਸਾਂਝ ਨੂੰ ਅੱਗੇ ਵਧਾਉਂਦੇ ਹੋਏ ਸਭ ਤੋਂ ਪਹਿਲਾ ਮੋਹ ਭਿੱਜੀ ਸਤਿ ਸ੍ਰੀ ਅਕਾਲ ਕਬੂਲ ਕਰਨੀ। ਪਿਛਲੇ ਵਰ੍ਹੇ ਕਾਫੀ ਵਧੀਆ ਪੰਜਾਬੀ ਸਾਹਿਤ ਅਖ਼ਬਾਰਾਂ, ਰਸਾਲਿਆਂ ਤੇ ਕਿਤਾਬਾਂ ਵਿਚੋਂ ਪੜ੍ਹਨ ਨੂੰ ਮਿਲਿਆ। ਜਿਸ ਵਿਚ ਤੁਹਾਡਾ ਵੀ ਕਾਫ਼ੀ ਸਲਾਹੁਣਯੋਗ ਯੋਗਦਾਨ ਰਿਹਾ।

ਮੈਂ ਦੁਆ ਕਰਦਾ ਹਾਂ ਕਿ ਨਵੇਂ-ਵਰ੍ਹੇ ਦਾ ਹਰ ਸੂਰਜ, ਤੁਹਾਡੇ ਵਿਹੜੇ ਖੁਸ਼ੀਆਂ ਤੇ ਕਾਮਯਾਬੀ ਦੀਆਂ ਕਿਰਨਾਂ ਬਿਖੇਰੇ। ਤਾਂ ਜੋ ਤੁਸੀਂ ਹੋਰ ਵਧੀਆ ਪੰਜਾਬੀ ਸਾਹਿਤ, ਪੰਜਾਬੀ ਅਦਬ ਦੀ ਅਤੇ ਪੰਜਾਬੀ ਪਾਠਕਾਂ ਦੀ ਝੋਲੀ ਪਾਉਂਦੇ ਰਹੋ।

ਅੰਤ ਵਿਚ ਇਕ ਵਾਰ ਫਿਰ ਨਵ-ਵਰ੍ਹੇ ਦੀਆਂ ਤੁਹਾਨੂੰ ਤੇ ਸਮੂਹ ਪਰਿਵਾਰ ਨੂੰ ਅਣਗਿਣਤ ਮੁਬਾਰਕਾਂ।

ਚੰਗੇਰੇ ਪੰਜਾਬੀ ਸਾਹਿਤ ਦਾ ਵਣਜਾਰਾ।

*ਅੰਮ੍ਰਿਤ ਸਿੰਘ 'ਧਾਰਾ' (ਐਲ. ਐਲ. ਬੀ. ਭਾਗ ਚੌਥਾ)*
*ਮੁਹੱਲਾ ਅਰੋੜਾ ਰਸਤਾ, ਸੁਲਤਾਨ ਲੋਧੀ। 144626*

-o-

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,

ਸਭ ਤੋਂ ਪਹਿਲਾਂ ਆਪ ਨੂੰ ਤੇ ਆਪ ਜੀ ਦੇ ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ! ਅੱਗੇ ਸਮਾਚਾਰ ਇਹ ਹੈ ਕਿ ਕਾਫ਼ੀ ਸਮੇਂ ਤੋਂ ਆਪ ਜੀ ਦੀ ਕੋਈ ਰਚਨਾ ਪੜਨ ਸੁਣਨ ਨੂੰ ਨਹੀਂ ਮਿਲੀ। ਭਵਿੱਖ ਵਿਚ ਆਪ ਦੀ ਕਲਮ ਦੁਆਰਾ ਰਚਿਤ ਪਾਏਦਾਰ ਸਾਹਿਤ ਪੜ੍ਹਨ ਦਾ ਚਾਹਵਾਨ ਹਾਂ। ਆਸ ਕਰਦਾ ਹਾਂ ਕਿ ਇਹ ਤਮੰਨਾ ਜਲਦ ਹੀ ਪੂਰੀ ਹੋਵੇਗੀ। ਹੋਰ ਤੁਹਾਡੀ ਪੀ. ਐਚ. ਡੀ. ਕਿੱਥੋ ਕੁ ਤੱਕ ਪਹੁੰਚੀ ਹੈ? ਨਾਲੇ ਕੇਰਾਂ ਤੁਸਾਂ ਦੱਸਿਆ ਸੀ ਕਿ ਤੁਹਾਡੀ ਕਿਤਾਬ ਬਹੁਤ ਹੀ ਜਲਦ ਪ੍ਰਕਾਸ਼ਿਤ ਹੋ ਰਹੀ ਹੈ, ਜੇ ਉਹ ਪ੍ਰਕਾਸ਼ਿਤ ਹੋ ਗਈ ਹੋਵੇ ਤਾਂ ਜ਼ਰੂਰ ਦੱਸਣਾ। ਅੰਤ ਵਿਚ ਦੁਆ ਕਰਦਾ ਹਾਂ ਕਿ ਨਵਾਂ ਵਰ੍ਹਾ ਤੁਹਾਡੇ ਲਈ ਖੁਸ਼ੀਆਂ ਤੇ ਕਾਮਯਾਬੀਆਂ ਭਰਿਆ ਹੋਵੇ ਅਤੇ ਪ੍ਰਮਾਤਮਾ ਤੁਹਾਡੀਆਂ ਸਭ ਇਛਾਵਾਂ ਪੂਰਨ ਕਰੇ। ਅੱਲ੍ਹਾ ਰਾਖਾ! ਬਾਕੀ ਫੇਰ......

ਤੁਹਾਡਾ ਦੋਸਤ

*ਅੰਮ੍ਰਿਤ*

-o-

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,

ਸਭ ਤੋਂ ਪਹਿਲਾਂ ਸਨੇਹ ਭਰਪੂਰ 'ਸਤਿ ਸ੍ਰੀ ਅਕਾਲ'। ਤੁਹਾਡੀਆਂ ਕੁਝ ਰਚਨਾਵਾਂ ਪੜ੍ਹੀਆਂ, ਜਿਨ੍ਹਾਂ ਨੂੰ ਪੜ੍ਹ ਕੇ ਬੜੀ ਆਤਮਿਕ ਖੁਸ਼ੀ ਪ੍ਰਾਪਤ ਹੋਈ।

ਤੁਹਾਡੀਆਂ ਕੁਝ ਰਚਿਤ ਕਹਾਣੀਆਂ 'ਜੋਗਾ ਸਿੰਘ' 'ਚਪੇੜਾਂ' ਅਤੇ 'ਹਾਤੋ' ਪੜ੍ਹ ਕੇ ਪ੍ਰਤੀਤ ਹੁੰਦਾ ਹੈ। ਕਿ ਸੁਚੱਜੀ ਸੋਚ ਵਾਲੀ, ਸੁਚੱਜੇ ਸ਼ਬਦਾਂ ਦੀ ਵਰਤੋਂ ਕਰਨ ਵਾਲੀ ਅਤੇ ਸੁਚੱਜਾ ਪੰਜਾਬੀ ਸਾਹਿਤ ਸਿਰਜਣ ਵਾਲੀ ਕਲੀ ਪੰਜਾਬੀ ਸਾਹਿਤ ਦੇ ਬਗੀਚੇ ਵਿਚ ਖਿੜ ਰਹੀ ਹੈ। ਉਮੀਦ ਕਰਦਾ ਹਾਂ ਕਿ ਆਪ ਅੱਗੇ ਤੋਂ ਵੀ ਅਜਿਹੇ ਹੀ ਸੱਭਿਅਕ ਅਲਫਾਜਾਂ ਦੀ ਵਰਤੋਂ ਕਰਦੇ ਹੋਏ ਆਪਣੇ ਇਸ ਸਾਹਿਤਕ ਸਫ਼ਰ ਨੂੰ ਜਾਰੀ ਰੱਖੋਗੇ। ਪ੍ਰਮਾਤਮਾ ਅੱਗੇ ਦੁਆ ਕਰਦਾ ਹਾਂ ਕਿ ਉਹ ਆਪ ਨੂੰ ਚੜ੍ਹਦੀ ਕਲਾ ਬਖਸ਼ੇ ਤਾਂ ਜੋ ਤੁਸੀਂ ਪੰਜਾਬੀ ਸਾਹਿਤ ਦੇ ਬਗੀਚੇ ਨੂੰ 'ਮਹਿਕੋ-ਮਹਿਕ' ਕਰ ਸਕੇ ਤੇ ਪੰਜਾਬੀ ਦੇ ਉੱਚ-ਕੋਟੀ ਦੇ ਸਾਹਿਤਕਾਰਾਂ ਦੀ ਸ੍ਰੇਣੀ ਵਿਚ ਸ਼ਾਮਿਲ ਹੋ ਸਕੇ।

ਸੁਚੱਜੇ ਪੰਜਾਬੀ ਸਾਹਿਤ ਦਾ ਵਣਜਾਰਾ

***ਅੰਮ੍ਰਿਤ ਸਿੰਘ***
***ਐਲ. ਐਲ. ਬੀ. ਤੀਜਾ ਸਾਲ***

-o-

ਪਿਆਰੀ ਕੁਲਜੀਤ,
ਸਤਿ ਸ੍ਰੀ ਅਕਾਲ

ਮੈਨੂੰ ਆਪ ਜੀ ਦੀਆਂ ਗ਼ਜ਼ਲਾਂ ਪੜ੍ਹਿਆਂ ਬਹੁਤ ਦੇਰ ਹੋ ਗਈ। ਇੰਡੀਆ ਆਇਆ ਸੀ। ਤੁਹਾਨੂੰ ਮਿਲਣ ਦੀ ਖਵਾਸ ਹੈ। ਆਪ ਦੀਆਂ ਗ਼ਜ਼ਲਾਂ ਪੜ੍ਹ ਆਪ ਜੀ ਦਾ ਕਾਇਲ ਹੋ ਗਿਆ।

ਆਪ ਨੇ ਜਾਂ ਤਾਂ ਖਤ ਲਿਖਣਾ ਜ਼ਰੂਰ ਕ੍ਰਿਪਾ ਕਰਕੇ ਜਾਂ ਟੈਲੀਫੋਨ ਕਰਨਾ। ਟੈਲੀਫੋਨ ਨੰ : 0044 7773.700 847 ਅਤੇ ਆਪਣਾ ਨੰਬਰ ਵੀ ਭੇਜਣਾ।

ਆਪ ਨੂੰ ਮਿਲਣਾ ਚਾਹੁੰਦਾ ਹਾਂ।

***ਅਜੀਤ ਸਿੰਘ ਇੰਜਰ***

-o-

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,
ਤੁਸੀਂ ਕਿਵੇਂ ਹੋ?
ਪਰ ਮੈਂ ਠੀਕ ਹਾਂ।
ਕੁਲਜੀਤ ਜੀ,

ਮੇਰੀਆਂ ਹੁਣ ਤੱਕ ਹਿੰਦੀ ਸ਼ਾਇਰੀ ਦੀਆਂ ਦੋ ਪੁਸਤਕਾਂ "ਨਾਮ ਲਿਖਾ ਹੈ ਦਿਲ ਪੇ ਤੇਰਾ" ਤੇ "ਤੇਰੀ ਖੁਸ਼ੀ ਮੇਰੀ ਆਰਜ਼ੂ" ਮਾਰਕਿਟ ਵਿਚ ਆ ਚੁੱਕੀਆਂ ਹਨ। ਜਿਨ੍ਹਾਂ ਨੂੰ ਖੁਦਾ ਦੀ ਰਹਿਮਤ ਨਾਲ ਚੰਗਾ ਰਿਸਪੋਂਸ ਮਿਲਿਆ ਹੈ। ਪੰਜਾਬੀ ਸ਼ਾਇਰੀ ਦਾ ਮੇਰਾ ਇਕ ਕਾਲਮ "ਅਦਬੀ-ਮਹਿਫ਼ਿਲ" ਪਿਛਲੇ ਇੱਕ ਸਾਲ ਤੋਂ "ਰਜਨੀ" ਮੈਗਜ਼ੀਨ ਵਿਚ ਚੱਲ ਰਿਹਾ ਹੈ। ਜਿਸ ਨੂੰ ਚੰਗਾ ਹੁੰਗਾਰਾ ਮਿਲਿਆ ਹੈ।

ਕੁਲਜੀਤ ਜੀ ਮੈਂ ਚੰਗਾ ਲਿਖਣ ਵਾਲਿਆਂ ਦੀ ਹਮੇਸ਼ਾ ਕਦਰ ਕਰਦਾ ਹਾਂ। ਇਸੇ ਲਈ ਹੀ ਅਸੀਂ ਪੰਜਾਬੀ ਸ਼ਾਇਰੀ ਦੀ ਪੁਸਤਕ ਛਾਪਣ ਦਾ ਵਿਚਾਰ ਬਣਾਇਆ।

ਕਿ ਜੋ ਲੋਕ ਗਰੀਬ ਘਰ ਦੇ ਹਨ ਜਾਂ ਕਿਸੇ ਵਜ੍ਹਾ ਨਾਲ ਦਬੇ ਹਨ ਉਨ੍ਹਾਂ ਨੂੰ ਉਭਾਰਿਆ ਜਾਵੇ। ਅਸੀਂ 500ਰੁ: ਹਰ ਸ਼ਾਇਰ ਤੋਂ ਇੱਕ ਸਹਿਯੋਗ ਦੇ ਤੌਰ ਤੇ ਲੈ ਰਹੇ ਹਾਂ ਬਾਕੀ ਬਾਏ ਗੌਡ ਸਾਡਾ ਕੋਈ ਇਸ ਪੁਸਤਕ ਤੋਂ ਕਮਾਈ ਕਰਨ ਦਾ ਇਰਾਦਾ ਨਹੀਂ।

ਤੁਸੀਂ ਵਧੀਆ ਲਿਖਦੇ ਹੋ, ਵਧੀਆ ਲਿਖਦੇ ਰਹੋ, ਤੁਹਾਡੀ ਸ਼ਾਇਰੀ ਦੀ ਮੈਂ ਕਦਰ ਕਰਦਾ ਹਾਂ। ਇਸ ਲਈ ਮੈਂ ਤੁਹਾਨੂੰ ਆਪਣੀ ਲੇਟਟੇਸਟ ਪੁਸਤਕ "ਤੇਰੀ ਖੁਸ਼ੀ ਮੇਰੀ ਆਰਜ਼ੂ" ਭੇਜ ਰਿਹਾ ਹਾਂ। ਉਮੀਦ ਹੈ ਤੁਹਾਨੂੰ ਪਸੰਦ ਆਵੇਗੀ। ਆਪਣੇ ਕੀਮਤੀ ਸੁਝਾਵ ਵੀ ਨਾਚੀਜ਼ ਨੂੰ ਭੇਜਣ ਦੀ ਖੇਚਲ ਕਰਨਾ।

ਧੰਨਵਾਦ

***yours own***
***Autor 'Aarzoo' C/o Aarzoo Elactric works***
***Near old telephone ex. opp. Dr. Dawinder,***
***Medical Hall, Budhlada***

–o–

**ਜਗਰਾਉਂ**
24/10/2000

ਪਿਆਰੇ ਬੇਟੀ ਕੁਲਜੀਤ,

ਨਿੱਘਾ ਪਿਆਰ ਅਤੇ ਹੱਲਾਸ਼ੇਰੀ ਆਪ ਦਾ ਪੱਤਰ ਮਿਲ ਗਿਆ ਸੀ, ਸਿਹਤ ਢਿੱਲੀ ਹੋਣ ਕਰਕੇ ਉਤਰ ਬਹੁਤ ਲੇਟ ਹੋ ਗਿਆ ਹੈ। ਇਹ ਜਾਣਕੇ ਬੜੀ ਖੁਸ਼ੀ ਹੋਈ ਕਿ ਆਪ ਐਮ. ਏ. ਕਰ ਰਹੇ ਹੋ। ਐਮ. ਏ. ਕਿਸ ਵਿਸ਼ੇ ਦੀ ਕਰ ਰਹੇ ਹੋ, ਜੇ ਪੰਜਾਬੀ ਦੀ ਕਰ ਰਹੇ ਹੋ ਤਾਂ ਮੈਂ ਆਪਦੀ ਕੁਝ ਮਦਦ ਕਰ ਸਕਦਾ ਹਾਂ। ਮੈਂ ਵੀ ਆਪ ਵਾਂਗ ਐਮ. ਏ. ਪੰਜਾਬੀ 35 ਸਾਲ ਦੀ ਉਮਰ ਵਿਚ ਕੀਤੀ ਸੀ ਜਦ ਮੈਂ ਦੋ ਬੱਚਿਆਂ ਦਾ ਬਾਪ ਸੀ। ਪੁਰਾਣਾ ਸਾਹਿਤ ਬਹੁਤ ਪਿਆ ਹੈ, ਆਪਣੇ ਸਲੇਬਸ ਦੀ ਕਾਪੀ ਭੇਜ ਦੇਣੀ ਕੁੜੀਆਂ ਦੀ ਪੜ੍ਹਾਈ ਵਿਚ ਮੈਂ ਬਹੁਤ ਦਿਲਚਸਪੀ ਲੈਂਦਾ ਹਾਂ ਖਾਸ ਕਰਕੇ ਜਿਨ੍ਹਾਂ ਦੇ ਸਥਾਨ ਘੱਟ ਹੋਣ। ਜੋ ਬੱਚੇ ਮਿਹਨਤ ਕਰਦੇ ਹਨ, ਉਹ ਮੰਜਲ ਉੱਤੇ ਹੀ ਨਹੀਂ ਪੁਜਦੇ ਸਗੋਂ ਮੰਜਲ ਉਨ੍ਹਾਂ ਵੱਲ ਚਲ ਪੈਂਦੀ ਹੈ, ਇਹ ਮੇਰਾ ਵਿਸ਼ਵਾਸ਼ ਹੈ ਅਤੇ ਜ਼ਿੰਦਗੀ ਦਾ ਪਰਬਤ ਵੀ ਸਿਰ ਨੀਵਾਂ ਕਰ ਲੈਂਦੇ ਹਨ। ਕੈਸਟ ਲਈ ਫਤਹਿ ਜਗਜੀਤ ਸਿੰਘ ਜੀ ਨੂੰ ਮੇਰੇ ਵੱਲੋਂ ਸ਼ੁਭਕਾਮਨਾਵਾਂ ਦੇਣੀਆਂ। ਤੁਹਾਡਾ ਬਚਪਨ, ਜ਼ਿੰਦਗੀ, ਲਗਨ, ਹਿੰਮਤ, ਹੌਸਲਾ ਆਦਿ ਹਾਲੀ ਮੇਰੇ ਲਈ ਛੁਪੇ ਭੇਦ ਹਨ, ਕਦੀ ਜ਼ਰੂਰ ਮੇਰੇ ਕੋਲ ਪੁਜਣਗੇ, ਮੈਨੂੰ ਪੂਰੀ ਆਸ ਹੈ ਜਗਰਾਉਂ ਸ਼ਹਿਰ ਇੱਕ ਹੀ ਹੈ। ਮੇਰਾ ਜਗਰਾਉਂ ਲੁਧਿਆਣੇ ਤੋਂ 35 ਕਿ.ਮੀ. ਲੁਧਿਆਣਾ – ਮੋਗਾ ਸੜਕ ਉੱਤੇ ਹੈ। ਹੁਸ਼ਿਆਰਪੁਰ ਗਲਤੀ ਨਾਲ ਛਪ ਗਿਆ।

ਸਰਬਤ ਨੂੰ ਫਤਹਿ

***ਤੁਹਾਡਾ ਅੰਕਲ ਈਐੱਜੀ***

–o–

**ਬਰਨਾਲਾ**
21/10/01

ਪਿਆਰੀ ਬੇਟੀ ਕੁਲਜੀਤ,
ਸਤਿ ਸ੍ਰੀ ਅਕਾਲ

ਤੁਹਾਡੀ ਦੂਜੀ ਚਿੱਠੀ ਮਿਲੀ। ਪੜ੍ਹਕੇ ਬਹੁਤ ਖੁਸ਼ੀ ਹੋਈ ਕਿ ਤੁਸੀਂ ਸੁਰਜੀਤ ਮਿਲ ਕੋਲੋਂ ਮੇਰੇ ਨਾਵਲ ਦੀਆਂ 5 ਕਾਪੀਆਂ ਹੋਰ ਲੈ ਆਏ ਹੋ। ਤੁਸੀਂ ਸੁਰਜੀਤ ਗਿੱਲ ਨੂੰ ਬਾਬਾ ਜੀ ਆਖਦੇ ਹੋ। ਮੇਰੀ ਉਮਰ ਉਨ੍ਹਾਂ ਨਾਲੋਂ ਇਕ ਅੱਧ ਸਾਲ ਵੱਧ ਹੀ ਹੋਵੇਗੀ। ਇਸ ਹਿਸਾਬ ਮੈਂ ਵੀ ਤੁਹਾਡਾ ਬਾਬਾ ਜੀ ਹਾਂ। ਆਸ ਹੈ ਤੁਹਾਨੂੰ ਮੇਰੀ ਗੱਲ ਸਮਝ ਆ ਗਈ ਹੋਵੇਗੀ।

ਤੁਸੀਂ ਦੱਸਣਾ ਤੁਸੀਂ ਕਿਸ ਕਲਾਸ ਵਿਚ ਕਿਹੜੇ ਸ਼ਹਿਰ ਦੇ ਖਾਲਸਾ ਕਾਲਜ ਵਿਚ ਪੜ੍ਹਦੇ ਹੋ? ਜੇ ਤੁਹਾਡੇ ਕਾਲਜ ਕੋਲ ਮੇਰੇ ਨਾਵਲ ਖਰੀਦਣ ਲਈ ਫੰਡ ਨਹੀਂ ਹਨ ਮੈਂ ਕਾਲਜ ਦੀ ਲਾਇਬ੍ਰੇਰੀ ਲਈ ਪੰਜ ਕਾਪੀਆਂ ਦਾਨ ਕਰ ਸਕਦਾ ਹਾਂ, ਜੇ ਖਰੀਦ ਸਕਦੇ ਹੋਣ ਤਾਂ ਨਾਲ ਬਿਲ ਵੀ ਭੇਜ ਦਿਆਂਗਾ। ਨਾਵਲ ਦੀਆਂ ਕਾਪੀਆਂ ਤੁਹਾਨੂੰ ਡਾਕ ਰਾਹੀਂ ਭੇਜ ਦਿਆਂਗਾ, ਤੁਸੀਂ ਕਾਲਜ ਦੇ ਲਾਇਬ੍ਰੇਰੀਅਨ ਨੂੰ ਮੇਰੇ ਵਲੋਂ ਦੇ ਦੇਣੀਆਂ।

ਤੁਹਾਡੇ ਮਾਤਾ ਪਿਤਾ ਨੂੰ ਸਤਿ ਸ੍ਰੀ ਅਕਾਲ। ਤੁਹਾਨੂੰ ਅਤੇ ਤੁਹਾਡੇ ਭੈਣ ਭਰਾਵਾਂ ਨੂੰ ਬਾਬਾ ਜੀ ਦਾ ਪਿਆਰ।

ਤੁਹਾਡੇ ਪਿਆਰੇ ਬਾਬਾ ਜੀ

***ਇੰਦਰ ਸਿੰਘ ਖਾਮੋਸ਼***

–o–

**ਬਰਨਾਲਾ**
23/11/2001

ਪਿਆਰੀ ਬੇਟੀ ਕੁਲਜੀਤ,

ਦੋ ਕੁ ਹਫ਼ਤੇ ਪਹਿਲਾਂ ਮੈਂ ਤੁਹਾਨੂੰ ਕਿਤਾਬਾਂ ਦਾ ਇਕ ਬੰਡਲ ਭੇਜਿਆ ਸੀ। ਆਸ ਹੈ ਮਿਲ ਗਿਆ ਹੋਵੇਗਾ। ਪਰ ਤੁਹਾਡੇ ਵਲੋਂ ਕਿਤਾਬਾਂ ਮਿਲਣ ਬਾਰੇ ਮੇਰੇ ਕੋਲ ਕੋਈ ਸੂਚਨਾ ਨਹੀਂ ਆਈ ਹੈ ਕਿ ਕਿਤਾਬਾਂ ਕਿਧਰੇ ਰਾਹ ਵਿਚ ਹੀ ਖੁਰਦ ਬੁਰਦ ਨਾ ਹੋ ਗਈਆਂ ਹੋਣ।

ਇਸ ਲਈ ਬੇਨਤੀ ਹੈ ਕਿ ਕਿਤਾਬ ਦੀ ਪਹੁੰਚ ਬਾਰੇ ਮੁੜਦੀ ਡਾਕ ਸੂਚਿਤ ਕਰਨ ਦਾ ਕਸ਼ਟ ਕਰੋ। ਜੇਕਰ ਟੈਲੀਫੋਨ ਰਾਹੀ ਦੱਸ ਸਕੇ ਤਾਂ ਮੇਰਾ ਟੈਲੀਫੋਨ ਨੰਃ 95-167-3932557 ਇਸ ਨੰਬਰ ਤੇ ਐਸ. ਟੀ. ਡੀ. ਦੀ ਸਹਾਇਤਾ ਬਿਨਾਂ ਮੈਨੂੰ ਸੂਚਿਤ ਕੀਤਾ ਜਾ ਸਕਦਾ ਹੈ। ਚਿੱਠੀ ਜਾਂ ਟੈਲੀਫੋਨ ਦੀ ਉਡੀਕ ਕਰਾਂਗਾ।

ਪਿਆਰ ਭਰੀਆਂ ਸ਼ੁਭ ਇਛਾਵਾਂ

*ਤੁਹਾਡਾ ਪਿਆਰਾ ਪਾਪਾ*

*ਇੰਦਰ ਸਿੰਘ ਖਾਮੋਸ਼, ਦਸ਼ਮੇਸ਼ ਸਟਰੀਟ, ਜੰਡਾਂ ਵਾਲਾ ਰੋਡ, ਬਰਨਾਲਾ 148101*

–o–

ਕੁਲਜੀਤ ਜੀ,

ਸਤਿ ਸ੍ਰੀ ਅਕਾਲ,

ਤੁਹਾਡਾ ਖ਼ਤ ਮਿਲ ਗਿਆ ਹੈ। ਸ਼ੁਕਰੀਆ। ਜੁਲਾਈ–ਸਤੰਬਰ 06 ਦੇ ... ਸਿੱਖਿਆ ਸੰਦੇਸ਼ ਵਿਚ ਛਪੇ ਮੇਰੇ ਲੇਖ ਙ ਅਤੇ ਞ ਸਬੰਧੀ ਮੇਰੇ ਵਿਚਾਰਾਂ ਨਾਲ ਸਹਿਮਤ ਹੋਣ ’ਤੇ ਮਾਣ ਮਹਿਸੂਸ ਕਰਦਾ ਹਾਂ। ਉਮੀਦ ਹੈ ਭਵਿੱਖ ’ਚ ਹੌਸਲਾ–ਅਫ਼ਜਾਈ ਕਰਦੇ ਰਹੋਗੇ।

ਤੁਹਾਡੀਆਂ ਗ਼ਜ਼ਲਾਂ ਦਾ ਆਨੰਦ ਮਾਣਦਾ ਰਹਿੰਦਾ ਹਾਂ। ਕੁਝ ਸਾਲ ਪਹਿਲਾਂ ‘ਕਹਾਣੀ ਪੰਜਾਬ’ ਵਿਚ ਛਪੀਆਂ ਗ਼ਜ਼ਲਾਂ (ਆਪ ਜੀ ਦੀਆਂ) ਤੇ ਸੰਪਾਦਕ ਨੂੰ ਲਿਖੀ ਚਿੱਠੀ ਕਿ ‘ਬਰਨਾਲੇ ਆ ਕੇ ਹੜਤਾਲ ਕਰ ਦੇਣੀਆ’ ਨੇ ਕਾਫੀ ਪ੍ਰਭਾਵਿਤ ਕੀਤਾ ਸੀ।

ਆਪ ਜੀ ਦਾ ਸ਼ੁਭ ਚਿੰਤਕ

*ਇਕਬਾਲ*

–o–

**ਵੱਲੋਂ : ਇਕਬਾਲ ਸਿੰਘ ਐਡਵੋਕੇਟ,**
**ਸਿਵਲ ਕੋਰਟਸ, ਤਰਨਤਾਰਨ-143401**

ਵੱਲ : ਮੈਡਮ ਕੁਲਜੀਤ ਗਜ਼ਲ ਜੀ,

ਬਹੁਤ ਬਹੁਤ ਪਿਆਰ ਤੇ ਆਪ ਲਈ ਸ਼ੁਭ ਕਾਮਨਾਵਾਂ ਆਪ ਜੀ ਦੇ ਪੱਤਰ ਅਨੁਸਾਰ ਆਪ ਜੀ ਨੂੰ ਚਿੱਠੀ ਪਾ ਦਿੱਤੀ ਸੀ। ਇਸ ਪਿੱਛੋਂ ਆਪ ਜੀ ਵਲੋਂ ਸੰਦੇਸ਼ ਨਹੀਂ ਆਇਆ ਏਨਾ ਹੀ ਆਪ ਜੀ ਆਪਣੇ ਭੂਆ ਜੀ ਨੂੰ ਮਿਲਣ ਲਈ ਤਰਨਤਾਰਨ ਆਏ। ਮੈਂ ਆਪਣਾ ਮੋਬਾਇਲ ਨੰ : ਵੀ ਲਿਖ ਭੇਜਿਆ ਸੀ ਜੋ ਦੋਬਾਰਾ ਦੱਸ ਰਿਹਾ ਹਾਂ ਜੀ ਜੋ 9872228587 ਹੈ। ਆਪ ਜੀ ਨੇ ਕੁਝ ਤਾਜ਼ਾ ਰਚਿਆ ਹੋਵੇ ਤਾਂ ਕੋਈ ਕਾਪੀ ਭੇਜਣ ਦੀ ਖੇਚਲ ਕਰਨੀ ਜੀ। ਆਪ ਜੀ ਦਾ ਟੇਸਟ ਅਧਿਕਤਰ ਕਿਸ ਟ੍ਰੈਂਡ ਵੱਲ ਹੈ, ਦੱਸਣਾ ਜੀ। ਪੱਤਰ ਦਾ ਉਤਰ ਦੇਣਾ।

ਆਪ ਜੀ ਦਾ ਵੀਰ

*ਇਕਬਾਲ ਸਿੰਘ*

–o–

ਕੁਲਜੀਤ ਜੀ

ਦਿਲੀ ਸਤਿਕਾਰ ਨਾਲ ਸਤਿ ਸ੍ਰੀ ਅਕਾਲ

ਤੁਹਾਡਾ ਖ਼ਤ ਮਿਲਿਆ। ਤੁਸੀਂ ਸਾਥੋਂ ਸਾਡਾ ਮਕਸਦ ਪੁੱਛਿਆ ਸਾਡੀ ਇੱਕ ਹੀ ਸੋਚ ਹੈ ਵਧੀਆ ਗੀਤਕਾਰਾਂ ਅਤੇ ਸੁਰੀਲੇ ਗਾਇਕਾਂ ਨੂੰ ਰਿਕਾਰਡ ਕਰਨਾ। ਤੁਸੀਂ ਆਪਣੇ ਲਿਖੇ ਹੋਏ ਗੀਤਾਂ ਸਮੇਤ ਸਾਨੂੰ ਮਿਲੋ ਅਗਰ ਸਾਡੇ ਬੋਰਡ ਨੂੰ ਪਸੰਦ ਆਏ ਤਾਂ ਜ਼ਰੂਰ ਰਿਕਾਰਡ ਕਰਾਂਗੇ।

ਤੁਸੀਂ 25/10/2000 ਤੋਂ ਪਹਿਲਾਂ ਐਤਵਾਰ ਨਾ ਹੋਵੇ, ਮਿਲੋ ਧੰਨਵਾਦ ਸਹਿਤ।

*ਇਕਬਾਲ ਰਾਏਕੋਟੀ, ਚਾਈਮ ਕੈਸਟ ਕੰਪਨੀ*
*ਕੈਡਬਰੀ ਟੇਲਰ, ਨੇੜੇ ਪੁਰਾਣਾ ਬੱਸ ਸਟੈਂਡ*
*ਰਾਏਕੋਟ, ਜ਼ਿਲ੍ਹਾ ਲੁਧਿਆਣਾ*

–o–

31/12/2001

ਪਿਆਰੀ ਗਜ਼ਲ,

ਤੇਰੇ ਖ਼ਤ ਮਿਲੇ ਨੂੰ ਤਾਂ ਕਈ ਦਿਨ ਹੋਏ ਪਰ ਜਵਾਬ ਲਿਖਣ ਵਿਚ ਦੇਰੀ ਹੋ ਗਈ। ਤੈਨੂੰ ਮੇਰੀਆਂ ਨਜ਼ਮਾਂ ਪਸੰਦ ਆਈਆਂ ਇਸ ਲਈ ਸ਼ੁਕਰੀਆ।

ਗਜ਼ਲ ਮੈਂ ਤੇਰੇ ਤੋਂ ਕਾਫ਼ੀ ਸੀਨੀਅਰ ਹਾਂ। ਮੈਂ ਕਮਰਸ ਵਿਚ ਗ੍ਰੈਜੂਏਟ ਅਤੇ ਇਕਨਾਮਿਸ ਵਿਚ ਪੋਸਟ ਗ੍ਰੈਜੂਏਟ ਹਾਂ ਇਸ ਤੋਂ ਇਲਾਵਾ ਜਰਨਲਿਜ਼ਮ ਵਿਚ ਵੀ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਕੀਤਾ ਹੈ। ਮੈਂ ਆਪਣੀ ਪੋਸਟ ਗ੍ਰੈਜੂਏਸ਼ਨ 1997 'ਚ ਕੀਤੀ ਸੀ। 1998 'ਚ ਅਖ਼ਬਾਰਾਂ ਆਦਿ 'ਚ ਛਪਣਾ ਸ਼ੁਰੂ ਕੀਤਾ ਸੀ। ਪਰ ਕੁਝ ਜਿਸਮਾਨੀ ਤਕਲੀਫ਼ਾਂ ਦੇ ਕਾਰਨ ਲੇਖਣੀ ਨੂੰ ਕੁਝ ਸਮੇਂ ਲਈ ਛੱਡਣਾ ਪਿਆ। ਪਰ 2001 ਵਿਚ ਦੁਬਾਰਾ ਸ਼ੁਰੂ ਕੀਤਾ। ਹੁਣ ਨਿਰੰਤਰ ਲਿਖਣ ਦੀ ਕੋਸ਼ਿਸ਼ ਵਿਚ ਹਾਂ। ਜਿਸਮਾਨੀ ਤਕਲੀਫ਼ਾਂ ਤੋਂ ਭਾਵ ਕਿ ਮੈਨੂੰ ਸਰਵਾਈਕਲ ਹੋ ਗਿਆ ਸੀ ਤੇ ਡਾਕਟਰ ਨੇ ਲਿਖਣ ਪੜ੍ਹਨ ਤੋਂ ਮਨ੍ਹਾ ਕੀਤਾ ਸੀ। ਬਾਕੀ ਬਚਪਨ 'ਚ ਮੈਨੂੰ ਪੋਲੀਓ ਹੋ ਗਿਆ ਸੀ ਇਸ ਲਈ ਚੱਲ ਫਿਰ ਵੀ ਨਹੀਂ ਸਕਦੀ ਹਾਂ। ਤੇਰੇ ਨਾਂ ਤੋਂ ਪਹਿਲਾਂ ਤੋਂ ਹੀ ਪੰਮਦੀਪ ਦੇ ਮਾਰਫ਼ਤ ਜਾਣੂੰ ਸਾਂ। ਪੰਮਦੀਪ ਮੇਰਾ ਭਰਾ (ਕਜ਼ਨ) ਹੈ।

ਮੇਰੀ ਨਜ਼ਮਾਂ ਦੀ ਪਹਿਲੀ ਕਿਤਾਬ ਜਨਵਰੀ ਵਿਚ ਆ ਰਹੀ ਹੈ।

ਤੂੰ ਮੈਨੂੰ ਦੀਦੀ ਕਹਿ ਕੇ ਬੁਲਾ ਸਕਦੀ ਏਂ। ਤੇਰੀਆਂ ਗ਼ਜ਼ਲਾਂ ਬਹੁਤ ਚੰਗੀਆਂ ਹੁੰਦੀਆਂ ਹਨ।

ਬਾਕੀ ਫੇਰ।

*ਇੰਦਰਜੀਤ ਨੰਦਨ*

–o–

12/4/04

ਕਿੰਝ ਕਹਾਂ ਕਿ ਕੋਲ ਤੂੰ ਬਹਿਜਾ

ਰੋਕ ਰੱਖਣ ਦਾ ਚੱਜ ਨਾ ਆਇਆ

ਤੁਹਾਡੀਆਂ ਦੋਵਾਂ ਗਜ਼ਲਾਂ ਦੇ ਸਾਹਮਣੇ ਮੇਰਾ ਇਹ ਰੰਗ ਬਹੁਤ ਫਿੱਕਾ ਹੈ। ਗ਼ਜ਼ਲ ਦੀਆਂ ਦੋਨੋਂ ਗ਼ਜ਼ਲਾਂ ਬਹੁਤ ਜਾਨਦਾਰ ਔਰ ਸ਼ਾਨਦਾਰ ਹਨ। ਮੈਂ ਆਪ ਜੀ ਨੂੰ ਬਹੁਤ ਬਹੁਤ ਸ਼ੁਭਕਾਮਨਾਵਾਂ ਭੇਜਦਾ ਹਾਂ। ਮੈਂ ਰੱਬ ਅੱਗੇ ਅਰਦਾਸ ਕਰਾਂਗਾ ਕਿ ਉਹ ਤੁਹਾਨੂੰ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਬਖਸ਼ਿਸ਼ ਕਰੇ। ਏਨਾ ਕੁਝ ਕਹਿੰਦਾ ਹੋਇਆ ਮੈਂ ਖਿਮਾ ਦਾ ਜਾਚਕ ਹਾਂ। ਕੋਈ ਅੱਖਰ ਵੱਧ ਘੱਟ ਲਿਖਿਆ ਗਿਆ ਹੋਵੇ ਤਾਂ ਮੁਆਫ਼ ਕਰਨਾ। ਹੋ ਸਕੇ ਤਾਂ ਮੇਰੀ ਇਕ ਦੁਰਖਵਾਸਤ ਨੂੰ ਕਬੂਲ ਕਰਨਾ, ਮੇਹਰਬਾਨੀ ਕਰਕੇ ਮੈਨੂੰ ਵੀ ਤੁਹਾਡੇ ਵਾਂਗ ਅਖ਼ਬਾਰ ਵਿਚ ਆਪਣੀ ਕੋਈ ਰਚਨਾ ਛਪਵਾਉਣ ਲਈ ਮੈਨੂੰ ਤੁਸੀਂ ਮੈਨੂੰ ਏਸ ਪਤੇ ਤੇ ਆਪਣਾ ਜਵਾਬ ਭੇਜ ਸਕਦੇ ਹੋ। ਮੈਂ ਆਪ ਜੀ ਦਾ ਬਹੁਤ ਸੁਕਰਗੁਜ਼ਾਰ ਹੋਵਾਂਗਾ। ਜੇਕਰ ਤੁਸੀਂ ਮੁਨਾਸਿਬ ਸਮਝੋ ਤਾਂ, ਨਹੀਂ ਤਾਂ ਕੋਈ ਗੱਲ ਨਈ, ਮੈਨੂੰ ਕੋਈ ਗਿਲ੍ਹਾ ਨਹੀਂ ਹੋਵੇਗਾ।

ਆਪ ਜੀ ਦਾ ਸ਼ੁਭ ਚਿੰਤਕ

*ਇੰਦਰਬੀਰ ਸਿੰਘ ਸਿੱਧੂ*
*ਪਿੰਡ : ਏਕਲ ਗੱਡਾ*
*ਤਹਿ : ਖਡੂਰ ਸਾਹਿਬ, ਜ਼ਿਲ੍ਹਾ : ਅੰਮ੍ਰਿਤਸਰ - 143115*

–o–

ਬੇਟਾ ਕੁਲਜੀਤ 'ਗ਼ਜਲ਼'

"ਵਚਿੱਤਰ ਘਟਨਾ ਦੇ ਕਲਪਨਾਤਮਿਕ ਵਿਸ਼ਲੇਸ਼ਨ ਦਾ ਪ੍ਰਤੀਕਰਮ ਗ਼ਜ਼ਲ ਹੈ" ਮੇਰੀ ਜਾਚੇ!

ਨਵੇਂ ਸਾਲ ਦੇ ਆਗਾਜ਼ ਤੋਂ ਅਗਾਂਹ ਆਉਣ ਵਾਲੇ ਹੋਰ ਵੀ ਬਹੁਤ ਸਾਰੇ ਸਾਲਾਂ ਲਈ, ਵਾਹਿਗੁਰੂ ਆਪ ਜੀ ਨੂੰ, ਖੁਸ਼ੀਆਂ, ਖੇੜੇ ਤੇ ਸੰਤੁਸ਼ਟਤਾ ਦੇ ਨਾਲ ਚੰਗੀ ਸਾਹਿਤ ਰਚਨਾ ਦਾ ਹੋਰ ਵੀ ਵਧੇਰੇ ਬਲ ਬਖਸ਼ੇ!

ਆਪ ਦੇ ਡੈਡੀ

*ਇਕਬਾਲ ਸਿੰਘ ਐਡਵੋਕੇਟ,*
*ਸਿਵਲ ਕੋਰਟਸ, ਤਰਨਤਾਰਨ - 143401*

–o–

मैडम कुलजीत ग़ज़ल जी,

हैलो

कल मैं श्री आनंद आलोक धूरी जी के पास गया था। और बातों बातों आपका ज़िक हुआ और उन्होनें मुझे आपको कहानी (हातों) जो रोजाना जगवाणी में 29/6/02 को छपी थी पढ़ने के लिए दी। बैसे मैं पंजाबी बहुत कम पढ़ता हूं। मेरा शौक ज्यादातर उर्दू ग़ज़लों में है। लेकिन जब कल मैनें

आपकी यह कहानी पढ़ी तो बहुत अच्छी लगी। क्योंकि इसमें कुछ बनावटी नहीं है। ये हकीकत कि कोई भी –'बीरा' का बाप–भाई 'हातो' जैसे आदमी के हाथ अपनी बेटी को नहीं सौपेगे। पूरी दुनिया लाखों बीरा और हातो है। और जो अजांम अपने इस कहानी में लिखा है वही होता है।

दरअसल आपको ये पत्र लिखने के कई कारण है। पहली तो यह बडे दुख की बात है कि हमारे अजीज आनंद आलोक जी के पिता जी गुजर गए हैं। और उनका भोग 7/7/02 को है। वैसे तो उनकी तरफ से भोग का कार्ड आपको मिल भी जाएगा। लेकिन अगर किसी कारण आपको कार्ड न भी मिले तो आप यहां पहुंचकर उनके ग़म में शरीक हो। वैसे मैं आपसे मिलने का इछ्छुक हूं। अगर आप आए तो मुझे भोग पर ही मिल लेना। खुदा आपकी कलम को और बेहतर बनाए

***Ish Dhuralri, 194/5-B Mal Godam Road,***
***Dhuri - 148024, Dist : Sangrur***

–o–

ਕੁਲਜੀਤ ਗ਼ਜ਼ਲ ਜੀ,
ਆਪ ਜੀ ਦਾ ਖ਼ਤ ਮਿਲਿਆ,

ਇਸ ਮੈਗਜ਼ੀਨ ਵਿਚ ਦੇਸ਼ ਵਿਦੇਸ਼ ਵਸਦੇ ਪੰਜਾਬੀਆਂ ਨਾਲ ਸਬੰਧਤ ਰਚਨਾਵਾਂ ਨੂੰ ਪਹਿਲ ਮਿਲਦੀ ਹੈ।

ਵੈਸੇ ਕਹਾਣੀਆਂ, ਮਿੰਨੀ ਕਹਾਣੀਆਂ, ਗ਼ਜ਼ਲਾਂ/ਗੀਤ ਆਦਿ ਵੀ ਛਾਪਦੇ ਹਾਂ।

ਮਾਰਚ ਅੰਕ ਵਿਚ ਤੁਹਾਡੀ ਇਕ ਗ਼ਜ਼ਲ ਛਪ ਰਹੀ ਹੈ ਮੈਗਜ਼ੀਨ ਅੰਮ੍ਰਿਤਸਰ ਬੱਸ ਸਟੈਂਡ ਤੋਂ ਲੈ ਲੈਣਾ ਜੀ। ਲੁਧਿਆਣਾ ਆਓ ਤਾਂ ਦਰਸ਼ਨ ਜ਼ਰੂਰ ਦੇਣਾ ਜੀ। ਖ਼ਤ ਲਿਖਣ ਲਈ ਧੰਨਵਾਦ!

***ਤੁਹਾਡਾ - ਇੰਦਰਜੀਤ ਸਿੰਘ***

–o–

5/5/07

ਸਤਿਕਾਰਯੋਗ ਕੁਲਜੀਤ ਜੀ,

ਆਪ ਜੀ ਦੀ ਪਲੇਠੀ ਛਪੀ 'ਤਰੇਲ ਜਿਹੇ ਮੋਤੀ' ਕਿਤਾਬ ਪੜ੍ਹਕੇ ਲੱਗਿਆ ਕਿ ਆਪ ਬਹੁਤ ਹੀ ਅਗਾਂਹਵਧੂ ਸੋਚ ਦੀ ਮਾਲਕ ਹੋ। ਮਜ਼ਹਬ ਦਾ ਨਾਂ ਦੂਜਾ ਬਸ ਪਿਆਰ ਮੁਹੱਬਤ ਹੈ।

ਕੀ ਦੀਨ ਧਰਮ ਕਰਨਾ ਜੋ ਹੱਥ ਛੁਰਾ ਦੇਵੇ।

ਇਸ ਤੋਂ ਲੱਗਦਾ ਹੈ ਕਿ ਆਪ ਇਕ ਸੈਕਲੁਰ ਸੋਚ ਦੇ ਧਾਰਨੀ ਹੋ ਤੇ ਦੇਸ਼ ਵਾਸੀਆਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸੇਧ ਦੇ ਰਹੇ ਹੋ।

ਜੇ ਮੁਹੱਬਤ ਨਹੀਂ ਜ਼ਿੰਦਗੀ ਕਿਸ ਲਈ
ਜ਼ਿੰਦਗੀ ਜੇ ਨਹੀਂ ਬੰਦਗੀ ਕਿਸ ਲਈ
ਮੈਂ ਕਦੇ ਦੁਰਗਾ ਬਣਾਂ, ਮੀਰਾਂ, ਕਦੇ ਝਾਂਸੀ ਦੀ ਰਾਣੀ
ਮੈਂ ਨਿਰੀ ਮਮਤਾ ਨਹੀਂ, ਬੇਬਾਕ ਵੀ ਹਾਂ ਤੇ ਨਿਡਰ ਵੀ ਹਾਂ

ਇਹ ਸਤਰਾਂ ਪੜ੍ਹ ਕੇ ਐਵੇਂ ਮਹਿਸੂਸ ਹੋਇਆ ਕਿ ਤੁਸੀਂ ਆਪਣੀ ਕਲਮ ਰਾਹੀ ਚੰਗੇ ਸਮਾਜ ਦੀ ਸਿਰਜਨਾ ਕਰਨ ਦੇ ਸਮਰਥ ਹੋ ਜਿਸ ਵਿਚ ਤੁਸੀਂ ਹੋ ਰਹੇ ਔਰਤਾਂ ਤੇ ਅਤਿਆਚਾਰ ਨੂੰ ਠੱਲ ਪਾਉਣ ਲਈ ਔਰਤ ਜਾਤੀ ਨੂੰ ਵੰਗਾਰਿਆ ਹੈ ਅਤੇ ਔਰਤਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪ੍ਰੇਰਿਆ ਹੈ।

ਸ਼ੈਤਾਨ ਹੋਊ ਕੋਈ, ਉਹ ਰੱਬ ਨਹੀਂ ਹੋਣਾ।
ਮੰਦਰ ਨੂੰ ਗਿਰਾਵੇ ਜੋ, ਮਸਜਦ ਵੀ ਗਿਰਾ ਦੇਵੇ।

ਕੁਲਜੀਤ ਜੀ ਤੁਸੀਂ ਛੋਟੀ ਉਮਰ ਵਿਚ ਬਹੁਤ ਵੱਡੀ ਸੋਚ ਦਾ ਪ੍ਰਗਟਾਵਾ ਕਰਦਿਆਂ ਭਰੂਣ ਹੱਤਿਆ ਨੂੰ ਸਾਡੇ ਸਮਾਜ 'ਤੇ ਕਲੰਕ ਸਿੱਧ ਕੀਤਾ ਹੈ।

–o–

**21/9/06**
**ਪਟਿਆਲਾ**

ਨਿੱਕੀ ਕੁਲਜੀਤ,

ਤੇਰੀ ਗ਼ਜ਼ਲਾਂ ਦੀ ਕਿਤਾਬ 'ਤ੍ਰੇਲ ਜਿਹੇ ਮੋਤੀ' ਮਿਲ ਗਈ ਹੈ। ਤੂੰ ਆਪਣੇ ਤਖ਼ੱਲਸ ਨੂੰ ਸਾਰਥਿਕ ਕਰਦਿਆਂ 'ਗ਼ਜ਼ਲ' ਨਾਲ ਮੋਹ ਪਾ ਲਿਆ ਹੈ – ਮੁਬਾਰਕ!

ਤੇਰੀ ਸ਼ਾਇਰੀ ਦਾ ਕਾਵਿ ਸ਼ਾਸਤਰ ਤੇਰੀ ਰਚਨਾ ਵਿਚ ਹੀ ਪਿਆ ਹੈ :
ਦਿਲ ਟੁੱਟਿਆਂ ਨੂੰ ਜੋੜਨ ਦਾ, ਇਹ ਕੰਮ ਸ਼ਾਇਰ ਦਾ ਹੁੰਦਾ ਹੈ,
ਜੇ ਸ਼ਾਇਰ ਹੈ ਤਾਂ ਸ਼ੇਅਰਾਂ ਤਾਈਂ ਰੂਹਾਂ ਦਾ ਹੀ ਵਸਲ ਆਖੀਂ
ਤੇਰੀ ਸ਼ਾਇਰੀ ਇਸ ਰਾਹ ਤੁਰਦੀ ਰਹੇ।

ਆਮੀਨ!
ਬਹੁਤ ਸਾਰੀਆਂ ਅਸੀਸਾਂ ਤੇ ਸ਼ੁਭ ਕਾਮਨਾਵਾਂ ਸਮੇਤ।

***ਹਿਤੂ, ਸਤੀਸ਼ ਕੁਮਾਰ ਵਰਮਾ***

–o–

**6/11/02**
**कुलजीत जी,**

हैलो।

आपका पत्र हमें 29/10/02 को मिल गया था। पत्र लिखने में देरी

दो कारणों से हुई, एक तो यह कि बीच में 4–5 छुटियां आ गई थीं, इसलिए डाक सेवा बंद होगी और दूसरी वजह यह थी कि घर में मेरा भाई और बहन की शादी 3 साल पहले बटाला (गुरदासपुर) में हुई थी। उनकी एक महीने की लडकी है। मेरे भाई ने खडूर साहिब से बी.ए. की है। उसके 60% नंबर आए है। अब वो बी.अैड जम्मू में कर रहा है। वहां कालेज में छुट्टीयां होने के कारण यहां आया हुआ है।

आपने पंजाबी भाषा के बारे में बहुत अच्छा लिखा है। मैं आपकी भावना की कदर करता हूं। परन्तु सोरी मुझे पंजाबी लिखनी नहीं आती क्योंकि मेरी पढ़ाई हिमाचल प्रदेश में हुई है, वहां पर सारे विशे हिन्दी में है। मैने वही से +2 की है। आप मुझे पंजाबी में पत्र लिख सकती है क्योकि अब मैं पंजाबी पढ़ जरुर लेता हूं। पत्र का जवाब जरुर देना।

***Surinder Kumar Bhandari***
***V.P.O : Vairowal***
***Distt : Amritsar - 143118***
***शुभ चिंतक विकास भंडारी***

–o–

22/12/2001
**ਬੀਬਾ ਕੁਲਜੀਤ,**

ਅੱਜ ਹੀ ਕਹਾਣੀ ਪੰਜਾਬ, ਦਾ ਪਰਚਾ ਮਿਲਿਆ। ਉਸ ਵਿਚ ਤੇਰੀ ਚਿੱਠੀ ਤੇ ਗ਼ਜ਼ਲਾਂ ਪੜ੍ਹੀਆਂ। ਗ਼ਜ਼ਲਾਂ ਚੰਗੀਆਂ ਹਨ। ਪਰ ਚਿੱਠੀ ਚੰਗੀ ਨਹੀਂ। ਕਿਸੇ ਨੂੰ ਧਮਕੀਆਂ ਦੇ ਕੇ ਉਸ ਤੋਂ ਕੰਮ ਕਰਵਾਉਣਾ ਇਕ ਬਚਗਾਨਾ ਗੱਲ ਹੈ। ਕਿਸੇ ਨੂੰ ਗੱਲ ਹੀ ਇਸ ਢੰਗ ਨਾਲ ਕਹੋ ਕਿ ਉਹ ਉਤਰ ਦੇਣ ਤੇ ਮਜ਼ਬੂਰ ਹੋ ਜਾਵੇ। ਅਣਖੀ ਮੇਰਾ ਮਿੱਤਰ ਹੈ। ਉਸ ਦੇ ਰੁਝੇਵੇਂ ਵੀ ਬਹੁਤ ਹਨ। ਉਸ ਨੂੰ ਚਿੱਠੀਆਂ ਲਿਖਣ ਵਾਲੇ ਤੇ ਫੋਨ ਕਰਨ ਵਾਲੇ ਸੈਂਕੜੇ ਤੇ ਹਜ਼ਾਰਾਂ ਹਨ। ਉਤਰ ਦੇਣ ਵਾਲਾ ਉਹ ਇਕੱਲਾ। ਜੇਕਰ ਹਰ ਕੋਈ ਤੇਰੇ ਵਾਂਗ ਉਸ ਨੂੰ ਧਮਕੀਆਂ ਦੇਣ ਲੱਗ ਜਾਵੇ, ਤਾਂ ਉਸ ਵਿਚਾਰੇ ਦਾ ਕੀ ਬਣੇਗਾ?

ਮੀਨਾ ਕੋਲ ਕਾਕਾ ਹੈ।

ਹਰਿੰਦਰ ਹੁਰੀਂ ਤੈਨੂੰ ਕਾਰਡ ਭੇਜ ਰਹੇ ਹਨ।

ਅਮਰਦੀਪ ਹੁਣ ਠੀਕ ਹੈ। ਉਹ ਲੁਧਿਆਣੇ ਤੋਂ ਘਰ ਆ ਗਿਆ ਹੈ। ਕਮਜ਼ੋਰੀ ਕਾਰਨ ਬਹੁਤਾ ਤੁਰ ਫਿਰ ਨਹੀਂ ਸਕਦਾ।

ਚਿਰਾਗ ਦਾ ਨਵਾਂ ਪਰਚਾ ਭੇਜ ਰਿਹਾ ਹਾਂ।

***ਤੇਰਾ ਬਾਬਾ***

*ਸੁਰਜੀਤ ਗਿੱਲ*

–o–

5/3/2003
**ਕੁਲਜੀਤ ਜੀ**

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। ਵਿਸਾਖੀ ਦੇ 13/4/2003 ਨਵਾਂ ਜ਼ਮਾਨਾ ਪੇਪਰ ਦੋਂਦਾ ਦਾ ਸਪਲੀਮੈਂਟ ਵਿਚ ਮੇਰੀ ਫੋਟੋ ਆ ਰਹੀ ਹੈ। ਆਪ ਜੀ ਦੀ ਕਹਾਣੀ ਰਚਨਾ ਨਹੀਂ ਆ ਰਹੀ ਕੀ ਕਾਰਨ ਹੈ।

*ਸ਼ਾਮ ਕੱਕੜ*

–o–

3/5/2002
**ਲੁਧਿਆਣਾ**

ਮੇਰੀ ਸਭ ਤੋਂ ਪਿਆਰੀ ਸਭ ਤੋਂ ਕਮਲੀ ਧੀ ਕੁਲਜੀਤ,
ਅਸੀਸਾਂ।

ਰੱਬ ਤੈਨੂੰ ਇਕ ਵੱਡਾ ਸਾਰਾ ਲਿਫ਼ਾਫਾ ਭਰ ਕੇ ਅਕਲ ਦਾ ਦੇਵੇ। ਆਮੀਨ! ਬੜਾ ਚਿਰ ਹੋ ਗਿਆ ਏ ਮੇਰੀ ਧੀ ਵੱਲੋਂ ਧਮਕੀ ਭਰਿਆ ਖਤ ਨਹੀਂ ਆਇਆ ਕੀ ਕਾਰਨ ਹੈ। ਸਰਕਾਰ ਬਦਲਣ ਨਾਲ ਇਰਾਦਾ ਤਾਂ ਨਹੀਂ ਬਦਲ ਗਿਆ?

ਤੇਰਾ ਇਮਤਿਹਾਨ ਕਦੋਂ ਹੈ। ਜਦੋਂ ਨਤੀਜਾ ਆਵੇ ਤਾਂ ਦੱਸੀਂ ਤੈਨੂੰ ਕਿਸੇ ਕੰਮ ਤੇ ਲਗਾਇਆ ਜਾਏ ਤਾਂਕਿ ਤੂੰ ਲੜਨਾ ਝਗੜਨਾ ਬੰਦ ਕਰ ਸਕੇ।

ਅਮਨ, ਗੁਰਿੰਦਰ ਨੂੰ ਪਿਆਰ ਆਖੀਂ। ਆਪਣੇ ਘਰ ਵਿਚ ਸਭ ਨੂੰ ਸਤਿ ਸ੍ਰੀ ਅਕਾਲ। ਸਃ ਜਗਜੀਤ ਸਿੰਘ ਹੁਰਾਂ ਤੇ ਬੀਬੀ ਨੂੰ ਸਤਿ ਸ੍ਰੀ ਅਕਾਲ।

*ਤੇਰਾ ਪਾਪਾ*
*ਸਰਦਾਰ ਪੰਛੀ*

–o–

12/7/2002
**ਲੁਧਿਆਣਾ**

ਪਿਆਰੀ ਗ਼ਜ਼ਲ,

ਤੇਰਾ ਤੰਦੂਰੀ ਖਤ ਮਿਲਿਆ। ਪੜ੍ਹਕੇ ਬੜਾ ਦੁੱਖ ਲੱਗਾ ਕਿ ਤੂੰ ਐਮ. ਏ. ਵਿਚੋਂ ਪਾਸ ਹੋ ਗਈ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਬਰੇਲੀ ਦੇ ਪਾਗਲਖਾਨੇ ਵਾਲਿਆਂ ਨੂੰ ਇਕ ਕਵਿਤਰੀ ਦੀ ਲੋੜ ਹੈ ਜੋ ਪਾਗਲਾਂ ਨੂੰ ਕਵਿਤਾ ਸੁਣਾ ਕੇ ਨਿਹਾਲ ਕਰ

ਸਕੇ। ਸ਼ਰਤ ਇਹ ਹੈ ਕਿ ਕਵਿਤਰੀ ਆਪ ਵੀ ਅੱਧੀ ਪਾਗਲ ਹੋਵੇ। ਇਸ ਲਈ ਆਪਣਾ ਨਾਮ ਭੇਜ ਦਿੱਤਾ ਹੈ। ਤਨਖਾਹ ਪਾਗਲਪਨ ਦੇ ਹਿਸਾਬ ਨਾਲ ਮਿਲੇਗੀ। ਇਹ ਨੌਕਰੀ ਸਰਕਾਰੀ ਹੈ ਅਤੇ ਇੱਟ ਵਰਗੀ ਪੱਕੀ। ਦਰਖਾਸਤ ਦੇ ਨਾਲ ਆਪਣੀ ਫੋਟੋ ਤੇ ਪਾਗਲ ਹੋਣ ਦੇ ਲਿਖਤ ਸਬੂਤ ਨੱਥੀ ਕਰਨੇ ਹੋਣਗੇ।

ਉਸ ਦਿਨ ਬੇਟੀ ਨਾਲ ਗੱਲ ਕਰਕੇ ਚੰਗਾ ਲੱਗਾ ਮੇਰੇ ਮੋਢੇ ਅਰਕਾਂ ਦੇ ਜੋੜਾਂ ਵਿਚ ਦਰਦ ਹੈ ਮੁੜ ਨਹੀਂ ਰਹੀਆਂ ਜਿਸ ਕਰਕੇ ਖਤ ਠੀਕ ਨਹੀਂ ਲਿਖ ਸਕਦਾ।

*ਤੇਰਾ ਪਾਗਲ ਪਾਪਾ*

*ਸਰਦਾਰ ਪੰਛੀ*

–o–

**ਕੁਲਜੀਤ,**

ਕਲ ਕਹਾਣੀ ਪੰਜਾਬ ਦਾ ਪਰਚਾ ਆਇਆ ਉਸ ਵਿਚ ਤੇਰੀਆਂ ਦੋ ਗ਼ਜ਼ਲਾਂ ਛਪੀਆਂ ਹਨ। ਗ਼ਜ਼ਲਾਂ ਵਿਚ ਵਿਸ਼ੇ ਦਾ ਨਿਭਾਅ ਚੰਗਾ ਕੀਤਾ ਗਿਆ ਹੈ। ਪਰੰਤੂ ਤੇਰੇ ਵਰਗੀ ਕੁੜੀ ਨੂੰ ਅਜਿਹੀਆਂ ਗ਼ਜ਼ਲਾਂ ਦੀ ਥਾਂ ਹੋਰ ਗੰਭੀਰ ਵਿਸ਼ਿਆਂ ਬਾਰੇ ਲਿਖਣਾ ਚਾਹੀਦਾ ਹੈ। ਸਮਾਜ ਵਿਚ ਰੁਮਾਂਸ ਤੋਂ ਬਿਨਾਂ ਬੜੇ ਮਸਲੇ ਪਏ ਹਨ। ਉਨ੍ਹਾਂ ਵੱਲ ਵੀ ਧਿਆਨ ਦਿਆ ਕਰ।

*ਬਾਬਾ*

*ਸੁਰਜੀਤ ਗਿੱਲ*

–o–

**ਮਾਨਯੋਗ**

**ਕੁਲਜੀਤ ਜੀ,**

ਸਤਿਕਾਰ ਸਾਹਿਤ ਆਪ ਜੀ ਨੂੰ ਮੋਹ ਭਿੱਜੀ ਸਤਿ ਸ੍ਰੀ ਅਕਾਲ।

18 ਨਵੰਬਰ ਨੂੰ ਆਪ ਜੀ ਦੀ ਕਹਾਣੀ 'ਅਜੀਤ' ਅੰਦਰ ਪੜ੍ਹੀ। ਕਹਾਣੀ ਪੜ੍ਹਨ ਉਪਰੰਤ ਆਪ ਜੀ ਨੂੰ ਆਪ ਜੀ ਦੀ ਇਸ ਕਹਾਣੀ 'ਆੜ' ਦੀ ਵਧਾਈ ਦੇਣ ਤੋਂ ਬਗੈਰ ਰਹਿ ਨਾ ਸਕਿਆ। ਵਾਕਿਆ ਹੀ ਕੁਝ ਲੋਕ ਇਸ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਆਪਣੇ ਸਵਾਰਥ ਲਈ ਵਰਤ ਕੇ ਇਸ ਮਹਾਨ ਰਿਸ਼ਤੇ ਨੂੰ ਕਲੰਕਤ ਕਰ ਰਹੇ ਹਨ। ਅਜਿਹੇ ਕੇਸ ਸਾਡੇ ਸਮਾਜ ਅੰਦਰ ਅਣਗਿਣਤ ਹੀ ਵੇਖੇ ਸੁਣੇ ਜਾ ਸਕਦੇ ਹਨ। ਸੋ ਆਪ ਦੀ ਕਹਾਣੀ ਅਜਿਹੇ ਅਨਸਰਾਂ ਦੇ ਮੂੰਹ ਤੇ ਕਰਾਰੀ ਚਪੇੜ ਸੀ। ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਆਪ ਜੀ ਦੀ ਕਲਮ ਨੂੰ ਹੋਰ ਬਲ ਬਖਸ਼ਣ ਤਾਂ ਜੋ ਆਪ ਇਸ ਸਮਾਜ ਨੂੰ ਹੋਰ ਵੀ ਜ਼ਿਆਦਾ ਸੇਧ ਦੇਣ ਲਈ ਲਿਖ ਸਕੋ। ਆਸ ਹੀ ਨਹੀਂ ਬਲਕਿ ਪੂਰਾ ਯਕੀਨ ਹੈ ਕਿ ਆਪ ਅੱਗੇ ਤੋਂ ਹੀ ਸਾਡੇ ਪੇਂਡੂ ਵਿਰਸੇ, ਕਿਰਸਾਨੀ, ਅਫ਼ਸਰਸ਼ਾਹੀ, ਬੇਰੁਜ਼ਗਾਰੀ ਅਤੇ ਦਿਨੋ ਦਿਨ ਵਧਦੀ ਜਾ ਰਹੀ ਗਰੀਬੀ ਬਾਰੇ ਬਹੁਤ ਕੁਝ ਲਿਖ ਕੇ ਮੇਰੇ ਵਰਗੇ ਅਨਜਾਣ ਨੂੰ ਕੁਝ ਸਮਝਾਉਣ ਦਾ ਯਤਨ ਕਰਦੇ ਰਹੋਗੇ। ਵਧੀਆ ਹੋਣ ਤੇ ਫਿਰ ਵਧਾਈ ਦਿੰਦਾ ਹਾਂ। ਅੱਗੇ ਤੋਂ ਆਪ ਜੀ ਦੀ ਲਿਖਤ

ਪੜ੍ਹਨ ਲਈ ਉਤਾਵਲਾ ਸਵਰਾਜ ਸਿੰਘ ਸਿੱਧੂ।

*ਪਿੰਡ - ਬਹਿੜਵਾਲ*
*ਨੇੜੇ - ਅਟਾਰੀ ਸ਼ਾਨ ਸਿੰਘ*
*ਅੰਮ੍ਰਿਤਸਰ - 143108*

–o–

**ਮਾਨਯੋਗ,**
**ਕੁਲਜੀਤ ਜੀ।**

ਸਤਿ ਸ੍ਰੀ ਅਕਾਲ।

ਪਹਿਲਾਂ ਵਾਂਗ ਇਸ ਵਾਰੀ ਵੀ ਆਪ ਜੀ ਦੀ ਕਹਾਣੀ 'ਡਰ' ਬਹੁਤ ਹੀ ਪਸੰਦ ਆਈ। ਅੰਦਰ ਆਪ ਜੀ ਦੀ ਕਹਾਣੀ 'ਡਰ' ਅਤੇ ਭੂਆ ਹੀ ਕਾਬਲੇ ਤਰੀਫ ਸਨ। ਪਤਾ ਨਹੀਂ ਕਿਉਂ ਆਪ ਜੀ ਦੀ ਹਰ ਲਿਖਤ ਨੂੰ ਮੈਂ ਬੜੀ ਬੇਸਬਰੀ ਨਾਲ ਉਡੀਕਦਾ ਹਾਂ। ਸ਼ਾਇਦ! ਤੁਸੀਂ ਮੇਰੇ ਜ਼ਿਲ੍ਹੇ ਅੰਦਰ ਵਸਦੇ ਹੋ। ਵਾਹਿਗੁਰੂ ਅੱਗੇ ਸੱਚੇ ਦਿਲੋਂ ਅਰਦਾਸ ਕਰਦਾ ਹਾਂ ਕਿ ਤੁਸੀਂ ਇਸੇ ਤਰ੍ਹਾਂ ਹੀ ਮੇਰੇ ਵਰਗੇ ਪਾਠਕਾਂ ਨੂੰ ਸਹੀ ਸੇਧ ਦਿੰਦੇ ਰਹਿਣਾ। ਵਧੀਆ ਕਹਾਣੀ ਲੱਗਣ ਤੇ ਵਧਾਈ ਭੇਜਦਾ ਹਾਂ, ਕਬੂਲ ਕਰਨੀ ਜੀ, ਅੱਛਾ ਜੀ, ਹੋ ਸਕਿਆ ਤਾਂ ਫਿਰ ਲਿਖਾਂਗਾ। ਮੇਹਰਬਾਨੀ!

*ਇਕ ਅਣਜਾਨ ਪਾਠਕ*
*ਸਵਰਾਜ ਸਿੰਘ ਸਿੱਧੂ*

–o–

28/3/2004
**ਕੁਲਜੀਤ ਜੀ,**

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਦੀਆਂ ਅਪਾਰ ਅਸੀਸਾਂ ਰਹਿਮਤਾਂ-ਖੁਸ਼ੀਆਂ ਨਾਲ ਭਰਪੂਰ ਆਪ ਦੀ ਜ਼ਿੰਦਗੀ ਦਾ ਸਤਰ ਬਨਾਇਆਂ ਰਹੇ ਆਪ ਜੀ ਦੀ ਯਾਦ ਤਾਂ ਸਾਨੂੰ ਆ ਜਾਂਦੀ ਹੈ ਆਪ ਤਾਂ ਸਾਨੂੰ ਭੁੱਲ ਤਾਂ ਨਹੀਂ ਗਏ। ਆਪ ਜੀ ਦੀ ਫੋਟੋ ਅਖ਼ਬਾਰ ਵਿਚ ਵੇਖ ਲਈ ਸੀ, ਬਹੁਤ ਚਿਰ ਹੋ ਗਿਆ ਆਪ ਦੀ ਗ਼ਜ਼ਲ ਨਹੀਂ ਆ ਰਹੀ। ਆਪ ਜੀ ਦੀ ਗ਼ਜ਼ਲ ਪੜ੍ਹਨ ਲਈ ਤਾਂ ਮੇਰੀਆਂ ਅੱਖਾਂ ਤਰਸ ਦੀਆਂ ਹਨ। ਆਪ ਜੀ ਦੀ ਪੜ੍ਹਾਈ ਕਿਸ ਤਰ੍ਹਾਂ ਚਲ ਰਹੀ ਹੈ ਆਪ ਆਪਣਾ ਹਾਲ-ਚਾਲ ਜ਼ਰੂਰ ਲਿਖਣਾ।

–o–

**ਮਾਨਯੋਗ,**
**ਕੁਲਜੀਤ ਜੀ,**

ਮੋਹ ਭਿੱਜੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।

ਪਹਿਲਾਂ ਕਈ ਦਿਨ ਪਹਿਲਾਂ ਆਪ ਜੀ ਦੀਆਂ ਪਿਆਰੀਆਂ ਲਿਖਤਾਂ ਪੜ੍ਹਦਾ ਆ ਰਿਹਾ ਹਾਂ, ਪਰ ਖ਼ਤ ਕਦੇ ਕਦੇ ਲਿਖ ਸਕਿਆ ਹਾਂ। ਪਰ 22/9/02 ਨੂੰ ਜਗਬਾਣੀ ਅੰਦਰ ਆਪ ਜੀ ਦੀਆਂ ਬਹੁਤ ਪਿਆਰੀਆਂ ਅਤੇ ਬ੍ਰਿਹੋਂ ਦੀ ਤੜਫ਼ ਅਤੇ ਦਿਲੀ ਮੋਹ ਭਿੱਜੀਆਂ ਦੋ ਰਚਨਾਵਾਂ ਪੜ੍ਹ ਕੇ ਖ਼ਤ ਪਾਉਣ ਤੋਂ ਬਿਨਾਂ ਰਹਿ ਨਾ ਸਕਿਆ। ਰਚਨਾਵਾਂ ਮੈਂ ਵਾਰ-ਵਾਰ ਪੜ੍ਹੀਆਂ ਅਤੇ ਖੁਸ਼ੀ ਮਹਿਸੂਸ ਕੀਤੀ ਕਿ ਸਾਡੇ ਜ਼ਿਲ੍ਹੇ ਅੰਦਰ ਚੰਗੇ ਗੁਣਾਂ ਵਾਲੇ ਮਨੁੱਖ ਹਨ। ਇਸ ਤੋਂ ਵੀ ਜ਼ਿਆਦਾ ਖੁਸ਼ੀ ਆਪ ਜੀ ਦੀ ਭੋਲੀ ਭਾਲੀ ਤਸਵੀਰ ਵੇਖਕੇ ਹੋਈ। ਸੱਚ ਜਾਨਣਾ ਬਹੁਤ ਹੀ ਵਧੀਆ ਤਸਵੀਰ ਲੱਗੀ ਆਪ ਦੀਆਂ ਰਚਨਾਵਾਂ ਨਾਲ। ਤੁਸੀਂ ਇਸੇ ਤਰ੍ਹਾਂ ਹੀ ਅਗਲੀ ਮੰਜਲ ਵੱਲ ਵਧਦੇ ਹੋਏ ਸਾਡੇ ਵਰਗੇ ਪਾਠਕਾਂ ਨੂੰ ਰਚਨਾਵਾਂ, ਕਹਾਣੀਆਂ, ਗ਼ਜ਼ਲਾਂ ਰਾਹੀਂ ਮਨੋਰੰਜਨ ਭਰਪੂਰ ਸਿੱਖਿਆ ਦੇਂਦੇ ਰਹੋਗੇ। ਏਸੇ ਆਸ ਨਾਲ ਇਕ ਅਨਜਾਣ ਪਾਠਕ - ਸਵਰਾਜ ਗਿੱਲ।

-o-

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਜਗਬਾਣੀ ਮੈਗਜ਼ੀਨ ਵਿਚ ਤੁਹਾਡੀਆਂ 2 ਗ਼ਜ਼ਲਾਂ ਪੜ੍ਹੀਆਂ, ਜੋ ਕਿ ਐਨੀਆਂ ਪਸੰਦ ਆਈਆਂ, ਕਿ ਮੇਰੀ ਕਲਮ ਆਪ ਮੁਹਾਰੇ ਹੀ ਤੁਹਾਡੀ ਪ੍ਰਸ਼ੰਸ਼ਾ ਵਿਚ ਪੱਤਰ ਲਿਖਣ ਨੂੰ ਉਤਾਵਲੀ ਹੋ ਗਈ। ਕੁਲਜੀਤ ਜੀ! ਸਾਹਿਤਕਾਰ ਰੂਹਾਂ ਤਾਂ ਸਮਾਜ ਦਾ ਆਇਨਾ ਹੁੰਦੀਆਂ ਹਨ, ਅਸੀਂ ਲੋਕ ਤੁਹਾਡੇ 'ਚੋਂ ਆਪਣਾ ਸਭਿਆਚਾਰ ਵੇਖਦੇ ਹਾਂ। ਅੰਤ ਵਿਚ ਇਹੋ ਕਹਾਂਗਾ ਕਿ ਜ਼ਿੰਦਗੀ ਨੂੰ ਪਿਆਰ ਕਰਨ ਵਾਲੀ ਤੇ ਸਮੁੱਚੀ ਮੁਹੱਬਤ ਦਾ ਸਨੇਹਾ ਦੇਣ ਵਾਲੀ ਕੁਲਜੀਤ ਸਾਡੀ ਧਰਤੀ ਲਈ ਮੁਬਾਰਕ ਰਵੇ।

ਰੱਬ ਸੱਚਾ ਤੁਹਾਡੀ ਮੋਹ ਭਿੱਜੀ ਤਬੀਅਤ ਨੂੰ ਤੌਫੀਕ ਬਖਸ਼ੇ। ਅੱਗੋ ਹੋਰ ਕਿਸ ਮੈਟਰ ਦੀ ਤਿਆਰੀ ਕਰ ਚੁੱਕੇ ਹੋ? ਦੱਸਣਾ। ਇੰਤਜ਼ਾਰ ਰਹੇਗਾ।

*ਤੁਹਾਡਾ ਆਪਣਾ*
*ਸੁਖਮੰਦਰ ਸਿੰਘ 'ਬਠਿੰਡਾ'*
*ਸੁਰੱਖਿਅਤ ਜੇਲ ਨਾਭਾ, ਪਟਿਆਲਾ - 147201*

-o-

**ਮੇਰੇ ਹਰਦਿਕ ਅਜੀਜ,**
**ਕੁਲਜੀਤ ਜੀ,**

ਪਿਆਰ ਭਰੀ ਨਮਸਕਾਰ,

ਮੈਂ ਇਥੇ ਰਾਜ਼ੀ ਖੁਸ਼ੀ ਹਾਂ ਅਤੇ ਆਪ ਜੀ ਦੀ ਰਾਜ਼ੀ ਖੁਸ਼ੀ ਪ੍ਰਮਾਤਮਾ ਪਾਸੋਂ ਸਦਾ ਲਈ ਮੰਗਦਾ ਹਾਂ, ਅੱਗੇ ਸਮਾਚਾਰ ਇਹ ਹੈ ਕਿ ਨਾ ਤੁਸੀਂ ਮੈਨੂੰ ਜਾਣਦੇ ਹੋ ਅਤੇ ਨਾ ਹੀ ਮੈਂ ਆਪ ਨੂੰ ਜਾਣਦਾ ਹਾਂ? ਪਰ ਮੈਂ ਵੀ ਇਕ ਲੇਖਕ ਹਾਂ, ਕਵਿਤਾ ਅਤੇ ਕਹਾਣੀ ਲਿਖਦਾ ਹਾਂ, 16/3/2002 ਸ਼ਨੀਵਾਰ ਜਗਬਾਣੀ ਅਖ਼ਬਾਰ ਤੇ ਆਪ ਜੀ ਦੀ ਕਹਾਣੀ 'ਲੈਣ ਦਾ ਦੇਣ' ਪੜ੍ਹੀ ਸੀ ਜੋ ਬਹੁਤ ਸ਼ਲਾਘਾਯੋਗ ਸੀ। ਕਹਾਣੀ

ਵਿਚਲੇ ਤੱਤਾਂ ਨੇ ਮੈਨੂੰ ਆਪ ਜੀ ਨਾਲ ਜਾਣ ਪਛਾਣ ਕਰਨ ਲਈ ਮਜ਼ਬੂਰ ਕਰ ਦਿੱਤਾ ਮੈਂ ਇਸ ਪੱਤਰ ਰਾਹੀਂ ਆਪ ਜੀ ਨੂੰ ਵਧਾਈ ਭੇਜ ਰਿਹਾ ਹਾਂ, ਕਦੀ ਕਿਤੇ ਸਮਾਂ ਮਿਲਿਆ ਤਾਂ ਆਪ ਜੀ ਨੂੰ ਮਿਲਾਂਗਾ। ਆਪਣੇ ਆਪ ਬਾਰੇ ਅਤੇ ਮਿਲਣ ਬਾਰੇ ਪੱਤਰ ਰਾਹੀਂ ਦੱਸਣਾ। ਲਿਖਣ ਵਾਲਾ ਆਪ ਦਾ ਛੋਟਾ ਵੀਰ।

***ਸ਼ਿੰਦਰਪਾਲ ਹਾਂਡਾ, ਪਿੰਡ : ਗੋਲੂ ਕੇ, ਡਾਕ : ਪਿੰਡੀ - 152022, ਜ਼ਿਲ੍ਹਾ ਫਿਰੋਜਪੁਰ***

**ਕੁਲਜੀਤ,**

ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ।

*ਪੀੜ ਤੇਰੇ ਜਾਣ ਦੀ ਮੈਨੂੰ ਮਕਾਉਂਦੀ ਵੇਖ ਲੈ*
*ਦਰਦ ਨੂੰ ਕਿੱਦਾਂ ਛੁਪਾਵਾਂ ਤੇ ਗਮਾਂ ਦਾ ਕੀ ਕਰਾਂ।*

ਆਪ ਜੀ ਦੀਆਂ 2 ਗ਼ਜ਼ਲਾਂ ਬਹੁਤ ਹੀ ਵਧੀਆ ਹਨ। ਸ੍ਰੀ ਵਾਹਿਗੁਰੂ ਅਕਾਲ ਪੁਰਖ ਦੁਨੀਆਂ ਦਾ ਮਾਲਕ ਪਰਮਾਤਮਾ ਆਪ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖਣ ਆਪ ਨੂੰ ਜ਼ਿੰਦਗੀ ਵਿਚ ਹਮੇਸ਼ਾ ਸਫਲਤਾ ਅਤੇ ਤਰੱਕੀ ਦੇਣ ਹਰ ਸਾਲ ਆਪ ਲਈ ਸ੍ਰੀ ਵਾਹਿਗੁਰੂ ਅਕਾਲ ਪੁਰਖ ਪਰਮਾਤਮਾ ਖੁਸ਼ੀਆਂ ਦੇ ਭੰਡਾਰ ਦੇਣ ਆਪ ਦੇ ਦਿਲ ਦੀ ਹਰ ਇਕ ਤਮੰਨ ਇਛਾਵਾਂ ਮਨੋਕਾਮਨਾਵਾਂ ਜ਼ਰੂਰ ਪੂਰੀਆਂ ਕਰਨ ਆਪ ਆਪਣੇ ਪਰਿਵਾਰ ਵਿਚ ਹਮੇਸ਼ਾ ਹੱਸਦੀ ਖੇਡਦੀ ਖੁਸ਼ੀਆਂ ਭਰਿਆ ਜੀਵਨ ਬਤੀਤ ਕਰੇ ਸ੍ਰੀ ਵਾਹਿਗੁਰੂ ਅਕਾਲ ਪੁਰਖ ਆਪ ਦੀ ਅਤੇ ਪਰਿਵਾਰ ਦੀ ਤੰਦਰੁਸਤੀ ਭਰੀ ਜ਼ਿੰਦਗੀ ਉਮਰ ਹਜ਼ਾਰੋਂ ਸਾਲ ਕਰੇ ਹਮੇਸ਼ਾ ਖੁਸ਼ ਰਹੋ।

***ਸਾਮ ਕੱਕੜ, ਸ਼ਾਮ ਮੈਡੀਕੋਜ***
***ਕੰਦਾ - 152031***
***ਜ਼ਿਲ੍ਹਾ : ਮੁਕਤਸਰ***

–o–

ਪਿਆਰੀ ਬੇਟੀ,

ਹੇਠ ਲਿਖੇ ਮਿਸਰੇ ਤੇ ਗ਼ਜ਼ਲ ਲਿਖਕੇ ਮੈਨੂੰ ਭੇਜ ਦੇ ਅਤੇ ਫਿਰ ਮੈਂ ਦੁਰਸਤ ਕਰਕੇ ਨੁਕਤਾ ਨਾਮਕ ਗ਼ਜ਼ਲ ਛਾਪਣ ਵਾਲੇ ਰਸਾਲੇ ਵਿਚ ਛਪਣ ਹਿੱਤ ਭੇਜਾਂਗਾ।

ਯਾਰਾਂ ਨਾਲ ਬਹਾਰਾਂ ਨੇ। ਬਹਾਰਾਂ, ਯਾਰਾਂ, ਨਾਰਾਂ, ਸਰਦਾਰਾਂ ਆਦਿ ਕਾਫੀਏ ਹਨ। ਛੇਤੀ ਕਰ। ਬਾਕੀ ਘਰ ਦਾ ਹਾਲ ਵਿਸਥਾਰ ਨਾਲ ਲਿਖੀਂ। ਘਰ ਵਿਚ ਸਭ ਨੂੰ ਸਤਿ ਸ੍ਰੀ ਅਕਾਲ, ਬੱਚਿਆਂ ਨੂੰ ਪਿਆਰ। ਅਰਸਦੀਪ ਨੂੰ ਮੇਰਾ ਪਿਆਰ ਕਹੀਂ ਉਹਦਾ ਕਾਰਡ ਮਿਲ ਗਿਆ ਹੈ।

***ਤੇਰਾ ਪਾਪਾ***
***ਸਰਦਾਰ ਪੰਛੀ***

–o–

ਧੁੱਪ ਚੰਗੀ ਨ ਓਹਦੇ ਬਾਝੋਂ ਛਾ ਚੰਗੀ,
ਪਿਆਰੀ ਕੁਲਜੀਤ ਜੀ,

ਆਪ ਜੀ ਦੀ ਗ਼ਜ਼ਲ ਬਹੁਤ ਹੀ ਸੁੰਦਰ ਜੋ ਕੀ ਪੜ੍ਹਨ ਨੂੰ ਵਾਰ ਵਾਰ ਦਿਲ ਕਰਦਾ ਹੈ!

-o-

ਸਤਿਕਾਰਤ - ਕੁਲਜੀਤ ਗ਼ਜ਼ਲ ਜੀ
ਨਿੱਘੀ ਯਾਦ!

ਕਈ ਵਰ੍ਹੇ ਪਹਿਲਾਂ 'ਅਦਬੀ ਮਹਿਕ' ਪਰਚੇ ਵਿਚ ਤੁਹਾਡੀਆਂ ਰਚਨਾਵਾਂ ਪੜ੍ਹਦਾ ਹੁੰਦਾ ਸੀ। ਫੇਰ... ਹੁਣ ਪਿਛਲੇ ਕੁਝ ਮਹੀਨਿਆਂ ਤੋਂ ਜਗਬਾਣੀ ਦੇ ਕੁਝ ਕਹਾਣੀ ਅੰਕਾਂ 'ਚ ਤੁਹਾਡੀ ਕਲਮ ਪੜ੍ਹਨ ਨੂੰ ਮਿਲੀ। ਬਹੁਤ ਵਧੀਆ ਲਿਖਦੇ ਹੋ! ਮੇਰੀ ਕਲਮੀ-ਸ਼ੁਰੂਆਤ ਵੀ ਕਹਾਣੀ-ਕਵਿਤਾ ਤੋਂ ਹੋਈ ਸੀ। ਪਰ ਹੁਣ ਮੈਂ ਫਿਲਮੀ ਦੁਨੀਆਂ ਤੇ ਪੰਜਾਬੀ ਲੋਕ ਗਾਇਕੀ ਬਾਰੇ ਲਿਖ ਰਿਹਾ ਹਾਂ। ਪੰਜਾਬੀ ਲੋਕ ਗਾਇਕੀ ਤੇ ਗੀਤਕਾਰੀ ਬਾਰੇ ਇਕ ਕਿਤਾਬ ਛਪਾਈ-ਅਧੀਨ ਹੈ। ਮਿੰਨੀ ਕਹਾਣੀਆਂ ਦਾ ਖਰੜਾ ਭਾਸ਼ਾ ਵਿਭਾਗ ਪੰਜਾਬ ਛਾਪ ਰਹੀ ਹੈ।

ਤੁਸੀਂ ਆਪਣੀਆਂ ਫੋਟੋਆਂ ਤੇ ਬਾਇਓ-ਡਾਟਾ ਭੇਜਣ ਦੀ ਖੇਚਲ ਕਰਨਾ - ਤੁਹਾਡੇ ਬਾਰੇ ਲਿਖਕੇ ਖੁਸ਼ੀ ਹੋਵੇਗੀ। ਪੱਤਰ ਲਿਖਣ ਦੀ ਖੇਚਲ ਕਰਨੀ। ਤੁਹਾਡਾ ਪਤਾ ਡਾ: ਬਲਿਹਾਰ ਜੀ ਤੋਂ ਮਿਲਿਆ।

ਧੰਨਵਾਦ

*ਸੁਰਜੀਤ ਜੱਸਲ (ਫ਼ਿਲਮੀ ਪੱਤਰਕਾਰ)*
*377, ਪੁਰਾਣਾ ਬੱਸ ਅੱਡਾ*
*ਬਰਨਾਲਾ - 148101 (ਸੰਗਰੂਰ)*

-o-

कुलजीत जी,

आज मैने जग-बाणी अखबार में आपकी लिखी हुई ग़ज़ल पढ़ी। मुझे इतनी अच्छी लगी कि 6-7 बार उसी ग़ज़ल को पढ़ चुका हूं और अब मुझे जुबानी याद भी हो गई है। आपने इत्ने अच्छे शब्द इस्तेमाल किए हैं कि आपको क्या बताऊँ। मुझे ग़ज़लें सुनना बहुत अच्छा लगता है और अैफ. अैम. बैंड पर सुनता भी रहता हूं। मेरा सबसे अच्छा गायक जगजीत सिंह जी हैं और मैं ज्यादातर ग़ज़ले सुनता हूं। आपका सबसे अच्छा गायक कौन सा है। कृपा करके मुझे जरुर बताना। क्या आपने इससे पहले भी ग़ज़ले लिखी हैं। मुझे जरुर बताना।

आप थोडा बहुत अपने जीवन के बारे में भी लिखें कि आप क्या कर रही हैं। क्या आप पढ़ रही है या कोई कोर्स कर रही है या कोई सर्विस कर रही है। मेरे पत्र का ज्वाब जरु र देना। मैं आपके पत्र का इंतजार करूँ गा।

***Surinder Kumar Bhandari***
***V.P.O : Vairowal, Distt : Amritsar - 143118***

ਕੁਲਜੀਤ ਜੀ,

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ ਆਪ ਜੀ ਦੀ ਗ਼ਜ਼ਲ ਵਾਰ ਵਾਰ ਪੜ੍ਹਨ ਨੂੰ ਦਿਲ ਕਰਦਾ ਹੈ। ਆਪ ਦੀ ਯਾਦ ਆਉਂਦੀ ਹੈ ਪਰ ਸ਼ਾਇਦ ਆਪ ਸਾਨੂੰ ਭੁੱਲ ਗਈ ਹੈ। ਆਪ ਨੇ ਆਪਣੀ ਅਗਲੀ ਪੜ੍ਹਾਈ ਬਾਰੇ ਕੁੱਝ ਨਹੀਂ ਦੱਸਿਆ।

ਬੇਵਫ਼ਾ ਸਾਨੂੰ ਅਸਾਡੇ ਹਾਲ ਤੇ ਹੀ ਰਹਿਣ ਦੇ! ਮੈਂ ਆਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ! ਮੈਂ ਜਦੋਂ ਬਾਕੀ ਐਡੀਟਰ ਨੂੰ ਹਮੇਸ਼ਾ ਆਪ ਬਾਰੇ ਖ਼ਤ ਲਿਖਦਾ ਹਾਂ। ਆਪ ਜੀ ਦੀ ਗ਼ਜ਼ਲ ਦਾ ਮੈਂ ਦਿਲੋਂ ਇੰਤਜ਼ਾਰ ਕਰਦਾ ਹੈ। ਆਪ ਮੇਰੇ ਨਾਲ ਹੀ ਰੁੱਸ ਤਾਂ ਨਹੀਂ ਗਈ।

-o-

**619/7 ਯੂ. ਈ. ਕੁਰੂਕਸ਼ੇਤਰ**
**ਬੀਬਾ ਕੁਲਜੀਤ ਗ਼ਜ਼ਲ ਜੀ,**

ਸਤਿ ਸ੍ਰੀ ਅਕਾਲ।

ਰੂਪਾਂਤਰ ਵਿਚ ਆਪ ਜੀ ਦੀ ਗ਼ਜ਼ਲ 'ਮੇਰੀ ਤੌਂਬਾ ਮੇਰੀ ਤੌਂਬਾ' ਪੜ੍ਹੀ। ਮਨੁੱਖੀ ਹਿਰਦੇ ਦੇ ਅਹਿਸਾਸ ਨੂੰ ਆਪ ਜੀ ਨੇ ਪੌੜੀਆਂ ਵਾਂਗ ਪਰੋਇਆ ਹੈ। ਕਿੰਨੀ ਸਰਲ, ਸੱਚੀ ਅਤੇ ਜ਼ਿੰਦਗੀ ਨੂੰ ਛੂਹਣ ਵਾਲੀ ਗ਼ਜ਼ਲ ਹੈ। ਇਕ ਚੰਗਾ ਲਿਖਾਰੀ ਮਾਨਵ ਜਗਤ ਦੀ ਜਿਤਨੀ ਸੇਵਾ ਕਰ ਸਕਦਾ ਹੈ, ਉਤਨੀ ਕੋਈ ਸਮਾਜ ਸੇਵਕ ਵੀ ਨਹੀਂ ਕਰ ਸਕਦਾ। ਸਮਾਜ ਦੇ ਵਿਚਾਰਾਂ ਵਿਚ ਕ੍ਰਾਂਤੀ ਪੈਦਾ ਕਰ ਦੇਣਾ ਹੀ ਸੱਚੀ ਸਮਾਜ ਸੇਵਾ ਹੈ। ਆਪ ਜੀ ਦੀ ਗ਼ਜ਼ਲ ਇਹ ਸੁਨੇਹਾ ਦੇ ਰਹੀ ਹੈ ਕਿ ਸਾਡੀਆਂ ਇੱਛਾਵਾਂ ਹੀ ਸਾਡੇ ਲੇਖਾਂ ਦਾ ਕਾਰਨ ਹਨ। ਅਸੀਂ ਇਸ ਲਈ ਅਲੱਗ ਨਹੀਂ ਕਿ ਸਾਡੀਆਂ ਇੱਛਾਵਾਂ ਦੀ ਪੂਰਤੀ ਨਹੀਂ ਹੋਈ। ਅਸੀਂ ਇਸ ਲਈ ਅਭਾਗੇ ਹਾਂ ਕਿਉਂ ਜੋ ਅਸੀਂ ਇੱਛਾ ਰੱਖਦੇ ਹਾਂ। ਪ੍ਰਮਾਤਮਾ ਦੇ ਭਾਣੇ ਵਿਚ ਪ੍ਰਸੰਨ ਰਹਿਣ ਵਾਲੇ ਕਦੀ ਦੁਖੀ ਨਹੀਂ ਹੁੰਦੇ ਅਤੇ ਭਾਣੇ ਤੋਂ ਇਲਾਵਾ ਕਿਸੇ ਨੂੰ ਮਿਲਦਾ ਵੀ ਕੁਝ ਨਹੀਂ।

***ਸ਼ੁਭ ਚਿੰਤਕ***
***ਸ਼ਾਦੀ ਲਾਲ ਵਰਮਾ***

-o-

**26 ਮਈ 2000**
**ਪਿਆਰੀ ਕੁਲਜੀਤ,**

ਅੱਜ ਬੜੀ ਦੇਰ ਬਾਅਦ ਤੁਹਾਡਾ ਪੋਸਟ ਕਾਰਡ ਮਿਲਿਆ। ਮੈਂ ਨਵੇਂ ਸਾਲ ਦਾ ਕਾਰਡ ਵੀ ਭੇਜਿਆ ਸੀ ਪਰ ਤੁਹਾਡੇ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ। ਕੁਲਜੀਤ 'ਮੁਬਾਰਕ' 'ਚ ਕਹਾਣੀ ਬਾਰੇ ਮੈਨੂੰ ਕਹਾਣੀਕਾਰ ਜਸਵੀਰ 'ਰਾਣਾ' ਦੀ ਚਿੱਠੀ ਆਈ ਸੀ ਕਿ ਕਹਾਣੀ ਛਪੀ ਏ। ਪਰ ਕੁਲਜੀਤ ਨਾ ਹੀ ਮੇਰੇ ਕੋਲ ਮੁਬਾਰਕ ਦੇ ਸੰਪਾਦਕ ਦਾ ਐਡਰਸ ਏ। ਇਹ ਖੇਚਲ ਜ਼ਰੂਰ ਕਰਨਗੇ ਕਿ ਮੈਨੂੰ ਉਨ੍ਹਾਂ ਦਾ ਪਤਾ ਜ਼ਰੂਰ ਲਿਖ ਭੇਜਣਾ। ਹੁਣ ਇਸ ਹਫ਼ਤੇ ਤ੍ਰੈਮਾਸਿਕ 'ਮਿੰਨੀ' ਮੈਗਜ਼ੀਨ 'ਚ ਮੇਰੀ ਕਹਾਣੀ 'ਪਰਾਇਆ ਦਰਦ' ਮੈਂ ਪੜ੍ਹ ਕੇ ਹੈਰਾਨ ਹੋਈ ਕਿਉਂਕਿ ਇਸ ਮੈਗਜ਼ੀਨ ਨੂੰ ਮੈਂ ਕਦੇ ਕਹਾਣੀ ਨਹੀਂ ਭੇਜੀ। ਇਹ ਮੈਗਜ਼ੀਨਾਂ ਵਾਲੇ 'ਪੰਜਾਬੀ ਟ੍ਰਿਬਿਊਨ' 'ਚੋਂ ਮੇਰੀਆਂ ਕਹਾਣੀਆਂ ਆਪ ਹੀ ਪੜ੍ਹ ਕੇ ਛਾਪ ਦਿੰਦੇ ਹਨ। ਮੈਂ ਸਿਰਫ ... ਸਿਲਸਿਲਾ, ਗੁਰਮੀਤ ਪ੍ਰਕਾਸ਼, ਹਮਸਫ਼ਰ ਆਦਿ ਨੂੰ ਭੇਜਦੀ ਹਾਂ। ਹੋਰ, ਬੱਚੇ ਵੀ ਠੀਕ ਨੇ। ਤੁਹਾਡੇ ਭਾਅ ਜੀ ਅਜੇ ਨਹੀਂ ਆਏ। ਸ਼ਾਇਦ ਤੁਸੀਂ ਪੜ੍ਹੀ ਨਹੀਂ ਹੋਣੀ 'ਅਜੀਤ' 'ਚ 7 ਮਈ ਨੂੰ ਵੱਡੀ ਕਹਾਣੀ 'ਚੁਪਾਸੇ ਪਸਰੀ ਚੁੱਪ' ਛਪੀ ਸੀ ਜਿਸਨੂੰ ਪਾਠਕਾਂ ਦਾ ਬਹੁਤ ਹੁੰਗਾਰਾ ਮਿਲਿਆ।

ਬਾਕੀ ਕੁਲਜੀਤ ਤੂੰ ਮੈਨੂੰ 'ਸੁਬਾਸਨ' ਦਾ ਪਤਾ ਜ਼ਰੂਰ ਲਿਖਣਾ। ਤੁਹਾਡੇ ਖ਼ਤ ਦੀ ਉਡੀਕ ਰਹੇਗੀ।

ਤੁਹਾਡੀ ਵੱਡੀ ਭੈਣ

***ਸੁਖਵਿੰਦਰ ਕੌਰ ਗਿੱਲ***

–o–

ਸਤਿਕਾਰਤ ਕੁਲਜੀਤ
ਸਤਿ ਸ੍ਰੀ ਅਕਾਲ।

'ਰਜਨੀ' ਦੇ ਮਾਰਚ ਅੰਕ ਵਿਚ ਆਪ ਜੀ ਦੀ ਗ਼ਜ਼ਲ ਪੜ੍ਹੀ। ਪੜ੍ਹ ਕੇ ਅਕਹਿ ਖੁਸ਼ੀ ਹੋਈ। ਲੋਕ ਹੀਰ ਦੀ ਗੱਲ ਤਾਂ ਕਰਦੇ ਹਨ ਪਰ ਚੂਚਕ ਬਣਨ ਤੋਂ ਡਰਦੇ ਹਨ। ਅੱਗੇ ਤੁਸੀਂ ਕਿਹਾ ਹੈ ਕਿ ਬੇਗਾਨਿਆਂ ਤੋਂ ਡਰਨ ਦੀ ਲੋੜ ਨਹੀਂ ਹੈ। ਆਪਣੇ ਹੀ ਲੁੱਟਦੇ ਹਨ। ਸਾਰੀ ਗ਼ਜ਼ਲ ਪੜ੍ਹ ਕੇ ਮੈਨੂੰ ਸੱਚੀ-ਮੁੱਚੀ ਹਾਰਦਿਕ ਖੁਸ਼ੀ ਹੋਈ ਹੈ। ਸੋ ਤੁਸੀਂ ਵਧਾਈ ਦੇ ਪਾਤਰ ਹੋ। ਵਾਹਿਗੁਰੂ ਆਪ ਦੀ ਕਲਮ ਨੂੰ ਹੋਰ ਵੀ ਜ਼ਿਆਦਾ ਤਰੱਕੀ ਦੇਵੇ ਇਹ ਮੇਰੀ ਕਾਮਨਾ ਹੈ।

ਆਪ ਦਾ ਸ਼ੁਭਚਿੰਤਕ

***ਸਿ.ਹੈਮੀ***
***ਸੁਖਵਿੰਦਰ ਹੈਪੀ***
***ਮਿਲਕ ਕਲੌਨੀ ਬਠਿੰਡਾ***
***ਰੋਪੜ - 140101***

–o–

ਪਿਆਰੀ ਮੇਰੀ ਨਾਨੀ ਦੀ ਨਾਨੀ,

ਦੋਵੇਂ ਹੱਥ ਜੋੜਕੇ ਬੇਨਤੀ ਹੈ ਕਿ ਗੁੱਸੇ ਨਹੀਂ ਹੋਣਾ। ਗੁੱਸੇ ਹੋਣ ਨਾਲ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਫਿਰ ਬੰਦਾ ਦੰਦ ਕਰੀਚਦਾ ਹੈ। ਦੰਦ ਖਰਾਬ ਹੋ ਜਾਂਦੇ ਹਨ। ਫਿਰ ਦੰਦਾਂ ਦੇ ਡਾਕਟਰ ਜੇਬ ਕੱਟਦੇ ਹਨ। ਫਿਰ ਪੁਰਾਣੇ ਦੰਦ ਪੁੱਟ ਕੇ ਨਵੇਂ ਲਾਉਂਦੇ ਹਨ ਅਤੇ 4 ਹਜਾਰ ਲੈਂਦੇ ਹਨ। ਮੇਰੇ ਨਾਲ ਇਹੀ ਵਾਪਰਿਆ ਹੈ। ਇਸ ਲਈ ਗੁੱਸਾ ਨਹੀਂ ਕਰਨਾ। ਗੁੱਸਾ ਕਰਨ ਨਾਲ ਬੰਦਾ ਅਤੰਕਵਾਦੀ ਬਣ ਜਾਂਦਾ ਹੈ। ਮੈਂ ਚਿੱਠੀ ਲਿਖਾਂਗਾ - ਉਮੀਦ ਹੈ ਮੇਰੀ ਨਾਨੀ ਦੀ ਨਾਨੀ ਮੁਆਫ਼ ਕਰੇਗੀ। ਸਭ ਨੂੰ ਸਤਿ ਸ੍ਰੀ ਅਕਾਲ।

5/7/2002 ਤੋਂ ਆਪਣੇ ਸੀਰੀਅਲ ਪਛਤਾਵਾ ਦੀ ਸ਼ੂਟਿੰਗ ਸ਼ੁਰੂ ਹੋ ਰਹੀ ਹੈ।

***ਤੇਰੇ ਪਾਪਾ***
***ਸਰਦਾਰ ਪੰਛੀ***

-o-

7/2/03
**ਪਿਆਰੇ ਕੁਲਜੀਤ,**

ਸਤਿ ਸ੍ਰੀ ਅਕਾਲ।

ਆਪ ਜੀ ਦੀ ਕਵਿਤਾ ਅੱਜ ਜਗਬਾਣੀ ਵਿਚ ਪੜੀ ਬਹੁਤ ਵਧੀਆ ਲੱਗੀ ਸੋਚਿਆ ਕਿ ਵਧਾਈ ਦੇ ਦੇਈਏ ਵਾਹਿਗੁਰੂ ਕਰੇ ਆਪ ਇਸੇ ਤਰ੍ਹਾਂ ਅੱਛਾ ਲਿਖਦੇ ਰਹੋ ਅਤੇ ਅੱਗੇ ਵਧਦੇ ਰਹੋ ਖ਼ਤ ਦਾ ਜਵਾਬ ਜ਼ਰੂਰ ਦੇਣਾ ਧੰਨਵਾਦ।

***Satish Arora***
***andari Nagar, Street No : 2***
***Malout - 152107***

-o-

8/2/2003

ਲੇਖਿਕਾ ਕੁਲਜੀਤ ਗ਼ਜ਼ਲ ਸਭ ਤੋਂ ਪਹਿਲਾਂ ਪਿਆਰ ਭਰੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ ਅੱਗੇ 7 ਫਰਵਰੀ ਦਿਨ ਸ਼ੁਕਰਵਾਰ ਵਾਲੇ ਦਿਨ ਤੁਹਾਡੀਆਂ ਦੋ ਰਚਨਾਵਾਂ ਛਪੀਆਂ ਸਨ ਪੜ੍ਹੀਆਂ ਤਾਂ ਬਹੁਤ ਹੀ ਚੰਗੀਆਂ ਲੱਗੀਆਂ ਮੈਨੂੰ ਇਸ ਤਰ੍ਹਾਂ ਦੀਆਂ ਰਚਨਾਵਾਂ ਬਹੁਤ ਹੀ ਪਸੰਦ ਹਨ ਤੁਹਾਡੀਆਂ ਰਚਨਾਵਾਂ ਦਾ ਕੱਲਾ-ਕੱਲਾ ਲਫ਼ਜ ਦਿਲ ਨੂੰ ਛੂਹ ਲੈਂਦਾ ਹੈ ਉਮੀਦ ਹੈ ਕਿ ਤੁਸੀਂ ਪਾਠਕਾਂ ਲਈ ਇਸ ਤਰ੍ਹਾਂ ਦੀਆਂ ਰਚਨਾਵਾਂ ਅੱਗੇ ਵੀ ਲਿਖਦੇ ਰਹੋਗੇ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਤੁਹਾਡੀ ਕਲਮ ਨੂੰ ਤਰੱਕੀ ਦੇ ਰਾਹ ਵੱਲ ਲਿਜਾਣ ਵਿਚ ਤੁਹਾਡੇ ਸਹਾਇਕ ਬਣਨ ਅਤੇ ਤੁਸੀਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੋ। ਅਸਲੀ ਰਚਨਾ ਕਦ ਛਪਵਾ

ਰਹੇ ਹੋ ਉਸਦੇ ਬਾਰੇ ਦੱਸਣਾ ਉਮੀਦ ਹੈ ਕਿ ਤੁਸੀਂ ਪਾਠਕਾਂ ਲਈ ਇਸ ਤਰ੍ਹਾਂ ਦੀਆਂ ਰਚਨਾਵਾਂ ਅੱਗੇ ਵੀ ਲਿਖਦੇ ਰਹੋਗੇ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿਉਂਕਿ ਤੁਹਾਡੀ ਕਲਮ ਨੂੰ ਤਰੱਕੀ ਦੇ ਰਾਹ ਵੱਲ ਲਿਜਾਣ ਵਿਚ ਤੁਹਾਡੇ ਸਹਾਇਕ ਬਣਨ ਅਤੇ ਤੁਸੀਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੋ ਅਗਲੀ ਰਚਨਾ ਕਦੋਂ ਛਪਵਾ ਰਹੇ ਹੋ ਉਸਦੇ ਬਾਰੇ ਦੱਸਣਾ ਉਮੀਦ ਹੈ ਕਿ ਤੁਸੀਂ ਮੇਰੇ ਖ਼ਤ ਦਾ ਜਵਾਬ ਜ਼ਰੂਰ ਦਿਓਗੇ ਤੁਹਾਡੇ ਖ਼ਤ ਦੀ ਅਤੇ ਤੁਹਾਡੀ ਰਚਨਾ ਦੀ ਉਡੀਕ ਵਿਚ ਤੁਹਾਡਾ ਪਾਠਕ : ਸੁਸੀਲ ਕੁਮਾਰ।

*ਸੁਸੀਲ ਕੁਮਾਰ*

*ਸੰਜੀਵ ਗਾਰਮੈਂਟਸ ਫੈਸ਼ਨ ਸੌਂਪ, ਬੇਦੀ ਮਾਰਕੀਟ ਬੱਧਨੀ ਕਲਾਂ (ਮੋਗਾ) 142037*

ਮਾਣਯੋਗ ਕੁਲਜੀਤ ਗ਼ਜ਼ਲ ਜੀਓ,

ਅੱਜ ਦੇ ਰੋਜ਼ਾਨਾ 'ਅਜੀਤ' ਵਿਚ ਤੁਹਾਡੀ ਮਿੰਨੀ ਕਹਾਣੀ 'ਡਰ' ਪੜ੍ਹੀ। ਤੁਹਾਡੀ ਇਹ ਰਚਨਾ ਬਹੁਤ ਪਸੰਦ ਆਈ, ਖਾਸਕਰ ਵਿਸ਼ੇ ਪੱਖੋਂ। ਇਕ ਸ਼੍ਰੇਸ਼ਟ ਰਚਨਾ ਲਈ ਬਹੁਤ-ਬਹੁਤ ਵਧਾਈ। ਆਸ ਕਰਦਾ ਹਾਂ ਕਿ ਭਵਿੱਖ ਵਿਚ ਹੋਰ ਵੀ ਚੰਗੀਆਂ ਰਚਨਾਵਾਂ ਪੜ੍ਹਨ ਨੂੰ ਮਿਲਣਗੀਆਂ।

ਸ਼ੁਭ ਇੱਛਾਵਾਂ ਨਾਲ,

*ਹਿਤੂ*

-o-

14/20/37

**ਸੁਸੀਲ ਕੁਮਾਰ ਬੱਧਨੀ ਕਲਾਂ।**

ਮੈਂ ਖ਼ਤ ਬਹੁਤ ਲੇਟ ਲਿਖ ਰਿਹਾ ਹਾਂ, ਪਲੀਜ ਤੁਸੀਂ ਗੁੱਸਾ ਨਾ ਕਰਨਾ ਤੁਹਾਨੂੰ ਵੀ ਪਤਾ ਹੀ ਹੈ ਕਿ ਕੇਸ ਵਿਚ ਕੁਝ ਟਾਈਮ ਹੀ ਨਹੀਂ ਸੀ ਮਿਲ ਰਿਹਾ, ਤੁਸੀਂ ਵੀ ਕੋਈ ਖ਼ਤ ਨਹੀਂ ਪਾਇਆ ਅੱਜ ਕੱਲ ਕਿਸ ਵਿਸ਼ੇ ਤੇ ਮੈਟਰ ਲਿਖ ਰਹੇ ਹੋ, ਇਹ ਜ਼ਰੂਰ ਦੱਸਣਾ ਮੈਨੂੰ ਤਾਂ ਤੁਸੀਂ ਵੀ ਕੁਝ ਜ਼ਿਆਦਾ ਹੀ ਬਿਜੀ ਲੱਗਦੇ ਹੋ ਜੋ ਕਈ ਗਜਲ ਨਹੀਂ ਛਾਪ ਰਹੇ ਕਿਉਂ ਜਿਸ ਦਾ ਨਾ ਹੀ ਗਜਲ ਤੋਂ ਸ਼ੁਰੂ ਹੋਵੇ, ਉਸ ਕਲਮ ਦਾ ਤਾਂ ਖੜਨਾ ਮੁਸ਼ਕਿਲ ਹੋ ਜਾਂਦਾ ਹੈ। ਕਿਉਂ ਮੈਂ ਕੋਈ ਗਲਤ ਲਿਖ ਰਿਹਾ ਹਾਂ, ਤੁਸੀਂ ਕੁਝ ਨਾ ਕੁਝ ਛਪਵਾਉਂਦੇ ਹੀ ਰਿਹਾ ਕਰੋ ਤਾਂ ਕਿ ਸਾਡਾ ਮਨ ਲੱਗਿਆ ਰਹੇ ਪਾਠਕ ਤਾਂ ਰੱਬ ਦੇ ਸਮਾਨ ਹੁੰਦੇ ਹਨ ਬਾਕੀ ਤੁਸੀਂ ਸਮਝਦਾਰ ਹੋ। ਅੱਛਾ ਏਸ ਉਮੀਦ ਨਾਲ ਰੱਬ ਰਾਖਾ ਆਮੀਨ। ਜੇ ਕੋਈ ਗਲਤੀ ਹੋਈ ਤਾਂ ਮਾਫ਼ ਕਰਨਾ।

-o-

**ਸਿੱਖ ਇਤਿਹਾਸ ਰੀਸਰਚ ਬੋਰਡ**
**ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ**
**ਸ੍ਰੀ ਅੰਮ੍ਰਿਤਸਰ।**

ਕੁਲਜੀਤ,

ਸੰਗਰੂਰ ਦੇ ਪਤੇ ਤੇ ਤੇਰਾ ਕਾਰਡ ਪੁੱਜਾ। ਕਾਵਿ-ਲੋਕ ਵਾਲੀਆਂ ਗ਼ਜ਼ਲਾਂ ਅਤੇ ਜਨ ਸਾਹਿਤ ਵਾਲੀਆਂ ਮਿੰਨੀਆਂ ਕਹਾਣੀਆਂ ਬਾਰੇ ਰਾਏ ਪੜ੍ਹੀ। ਬਹੁਤ ਬਹੁਤ ਧੰਨਵਾਦ। ਚੰਗਾ ਹੋਵੇਗਾ ਜੇਕਰ ਤੂੰ ਸਬੰਧਤ ਪਰਚਿਆਂ ਨੂੰ ਵੀ ਆਪਣੀ ਰਾਇ ਲਿਖਤੀ ਰੂਪ ਵਿਚ ਭੇਜੇ।

ਅੱਜ ਕੱਲ੍ਹ ਮੈਂ ਸ੍ਰੀ ਅੰਮ੍ਰਿਤਸਰ ਹੀ ਹਾਂ। ਸ਼ਨਿਚਰਵਾਰ ਸੰਗਰੂਰ ਜਾਂਦਾ ਹਾਂ ਅਤੇ ਸੋਮਵਾਰ ਪਰਤਦਾ ਹਾਂ।

***ਸੁਲੱਖਣ ਸਿੰਘ ਮੀਤ***

-o-

ਕੁਲਜੀਤ ਜੀ,
ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ,

ਆਪ ਜੀ ਦਾ ਲੇਖ ਕਹਾਣੀ ਰਚਨਾ ਪੜ੍ਹੇ ਨੂੰ ਅਖ਼ਬਾਰ ਵਿਚ ਬਹੁਤ ਸਮਾਂ ਹੋ ਗਿਆ ਪਰ ਆਪ ਨੂੰ ਹਮਾਰੀ ਯਾਦ ਨਹੀਂ ਆਈ ਮੈਨੂੰ ਆਪ ਦੀ ਯਾਦ ਆਉਂਦੀ ਹੈ ਆਪ ਨੂੰ ਰਾਖੀ ਬੰਧਨ ਦੀ ਬਹੁਤ ਬਹੁਤ ਵਧਾਈ ਖੁਸ਼ ਰਹੋ ਹਮੇਸ਼ਾ ਮੁਸਕਰਾਤੇ ਰਹੋ। ਸ੍ਰੀ ਵਾਹਿਗੁਰੂ ਅਕਾਲ ਪੁਰਖ ਦੀਆਂ ਅਪਾਰ ਅਸੀਸਾਂ ਆਪ ਪਰ ਅਤੇ ਪਰਿਵਾਰ ਪਰ ਬਣੀ ਰਹੇ। ਅੱਜ ਕਲ ਪੜ੍ਹਾਈ ਕਰ ਰਹੇ ਹੋ! ਜਾਂ ਕੋਈ ਟੀਚਰ।

***ਸਾਮ***

-o-

**12/8/2000**

ਪਰਮ ਸਤਿਕਾਰਯੋਗ ਮਿਸ ਕੁਲਜੀਤ ਜੀਓ,

ਸੋਰੀ ਦੇਰੀ ਲਈ ਖਿਮਾ। ਦੇਰੀ ਜਾਣ ਬੁਝ ਕੇ ਨਹੀਂ ਕੀਤੀ। ਸਗੋਂ ਇਸਦਾ ਕਾਰਨ ਮੈਂ 5/6/2000 ਤੋਂ 10/8/200 ਤੱਕ ਪੰਜਾਬੋਂ ਬਾਹਰ ਗਿਆ ਹੋਇਆ ਸੀ ਆਪਣੀ ਬੇਟੀ ਕੋਲ ਗੋਆ (ਵਾਸਕੋ)।

ਤੁਹਾਨੂੰ 25/6 ਨੂੰ ਅਜੀਤ 'ਚ ਛਪੀ ਕਹਾਣੀ "ਦੇਸ਼-ਪ੍ਰੇਮ" ਪਸੰਦ ਆਈ। ਸ਼ੁਕਰੀਆ। ਬਾਕੀ ਸਾਡਾ ਕੰਮ ਦੰਬ ਪਖੰਡ ਵਿਰੁੱਧ ਲੜਦੇ ਰਹਿਣਾ ਹੈ। ਆਪ ਜਿਹੇ ਸੂਝਵਾਨ ਪਾਠਕ ਜਦੋਂ ਇਕ ਕਾਫਲ ਬਣ ਗਏ ਤਾਂ ਇਹ ਨਜ਼ਾਮ ਅਵੱਸ ਬਦਲੇਗਾ।

***ਹਿਤੂ***
***ਗੁਰਚਰਨ ਸਿੰਘ***

-o-

ਮਾਨਯੋਗ ਕੁਲਜੀਤ ਜੀ,

ਮੋਹ ਭਿੱਜੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। 28/4/2002 ਨੂੰ ਜਗਬਾਣੀ ਅੰਦਰ ਆਪ ਜੀ ਬ੍ਰਿਹੋਂ ਦੀ ਤੜਫ ਭਰੀ ਗ਼ਜ਼ਲ ਪੜ੍ਹੀ, ਪਸੰਦ ਆਈ। ਖ਼ਤ ਲਿਖਣ

ਲਈ ਮਜ਼ਬੂਰ ਕੀਤਾ ਉਸ ਲਾਈਨ ਨੇ (ਧੀ ਉਸਦੀ ਭਰੋਸਾ ਕਰੂ ਉਸ ਉਤੇ ਕਿਵੇਂ, ਪਤ ਲੁੱਟ ਲਏ ਜੋ ਭੈਣ ਦੀ ਭਰਾ ਬਣਕੇ) ਜੋ ਅੱਜ ਦੇ ਜ਼ਮਾਨੇ ਦੇ ਉਨ੍ਹਾਂ ਲੋਕਾਂ ਦੇ ਮੂੰਹ ਤੇ ਕਰਾਰੀ ਚਪੇੜ ਸੀ, ਜੋ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਤੋਂ ਵੀ ਮੂੰਹ ਫੇਰ ਕੇ ਕੁਝ ਹੋਰ ਸਮਝਦੇ ਹਨ। ਚਲੋ ਖੈਰ! ਗ਼ਜਲ ਸਾਰੀ ਹੀ ਬਹੁਤ ਵਧੀਆ ਲੱਗੀ। 12/5/2002 ਨੂੰ 'ਅਜੀਤ' ਅੰਦਰ ਆਪ ਜੀ ਦੀ ਕਹਾਣੀ 'ਚਪੇੜਾਂ' ਵੀ ਬਹੁਤ ਵਧੀਆ ਲੱਗੀ। ਤੁਸੀਂ ਇਸ ਕਹਾਣੀ ਅੰਦਰ ਜੋ ਵਿਅੰਗ ਕੀਤਾ, ਉਥੇ ਅੱਜ ਕਲ ਦੀਆਂ ਮੁਟਿਆਰਾਂ ਨੂੰ ਹਿੰਮਤ ਨਾਲ ਸਫ਼ਰ ਕਰਨ ਦੀ ਸਿੱਖਿਆ ਵੀ ਦਿੱਤੀ। ਵਾਹਿਗੁਰੂ ਅੱਗੇ ਇਹੀ ਅਰਦਾਸ ਕਰਦਾ ਹਾਂ ਕਿ ਆਪ ਜੀ ਕਲਮ ਨੂੰ ਹੋਰ ਬਲ ਮਿਲੇ ਤਾਂ ਜੋ ਤੁਸੀਂ ਦੱਬੇ-ਕੁਚਲੇ ਲੋਕਾਂ ਅਤੇ ਇਸਤਰੀ ਦੇ ਹੱਕਾਂ ਪ੍ਰਤੀ ਹੋਰ ਲਿਖ ਸਕੋ।

ਆਸ ਕਰਦਾ ਹਾਂ ਕਿ ਤੁਸੀਂ ਇਸੇ ਤਰ੍ਹਾਂ ਹੀ ਹੋਰ ਅੱਗੇ ਵਧਦੇ ਰਹੋਗੇ ਤੇ ਮੇਰੇ ਵਰਗੇ ਪਾਠਕਾਂ ਨੂੰ ਸਹੀ ਸੇਧ ਦਿੰਦੇ ਰਹੋਗੇ। ਚਾਹੁੰਦਾ ਸੀ ਕਿ ਆਪ ਜੀ ਨੂੰ ਖਤ ਨਾ ਲਿਖਾ। ਪ੍ਰੰਤੂ ਰਹਿ ਨਾ ਸਕਿਆ, ਮਜ਼ਬੂਰੀ। ਮੈਂ ਪਹਿਲਾਂ ਵੀ ਇਕ ਖਤ ਆਪ ਜੀ ਨੂੰ ਪਾਇਆ ਸੀ ਸ਼ਾਇਦ ਉਹ ਆਪ ਜੀ ਤੱਕ ਪਹੁੰਚ ਨਹੀਂ ਸਕਿਆ। ਆਪ ਜੀ ਦੀ ਲੇਖਣੀ ਤੋਂ ਖੁਸ਼ ਹੋ ਕੇ ਆਪ ਜੀ ਨੂੰ ਵਧਾਈ ਦਿੰਦਾ ਹਾਂ ਧੰਨਵਾਦ!

***ਸਵਰਾਜ ਸਿੰਘ ਸਿੱਧੂ***

***ਵੀ. ਪੀ. ਓ. : ਬਹਿੜਵਾਲ (ਅਟਾਰੀ), ਅੰਮ੍ਰਿਤਸਰ***

-o-

***29/9/2003***

ਬਹੁਤ ਪਿਆਰੀ ਧੀ ਬੀਬੀ ਕਮਲ ਕੌਰ ਜੀ ਪਿਆਰ ਅਤੇ ਅਸੀਸਾਂ।

ਤੇਰੀਆਂ ਗ਼ਜ਼ਲਾਂ ਤੇ ਨਜ਼ਰਸਾਨੀ ਲਈ ਸਮਾਂ ਨਹੀਂ ਕੱਢ ਸਕਿਆ। ਦੋ ਤਿੰਨ ਤਾਂ ਵੇਖ ਕੇ ਵਾਪਸ ਭੇਜੀਆਂ ਸੀ ਮਿਲ ਗਈਆਂ ਹੋਣਗੀਆਂ।

ਜੰਮੂ ਵਾਲੇ ਕੰਮ ਬਾਰੇ ਸਮੇਂ ਸਿਰ ਦੱਸੀਂ। ਇਹ ਨਾ ਹੋਵੇ ਕਿ ਖੋਤਾ ਟਾਈ ਲਗਾ ਕੇ ਦਫ਼ਤਰੋਂ ਚਲਾ ਜਾਵੇ। ਵੈਸੇ ਵੀ ਮੇਰਾ ਦੋਸਤ ਖੋਤਾ ਨਹੀਂ ਹੈ, ਡਿਪਟੀ ਕਮਿਸ਼ਨਰ ਏ। ਇਸ ਜ਼ਮਾਨੇ ਵਿਚ ਖੋਤਾ ਕੁਝ ਵੀ ਬਣ ਸਕਦਾ ਹੈ। ਮੈਨੂੰ ਵੀ ਵੇਖ ਲੈ। ਸਤਵੀਂ ਜਮਾਤ ਪਾਸ ਬੰਦੇ ਨੂੰ ਲੋਕੀਂ ਕਿਵੇਂ ਸਲਾਮਾਂ ਕਰਦੇ ਹਨ। ਉਂਜ ਜੇਕਰ ਮੈਂ ਖੋਤਾ ਹੁੰਦਾ ਤਾਂ ਮਜੇ ਵਿਚ ਹੁੰਦਾ।

ਮੈਂ ਉਸ ਨੂੰ ਆਖਿਆ ਨੇਤਾ ਤਾਂ ਗੁੱਸਾ ਕਰ ਗਿਆ ਖੋਤਾ।
ਤੇ ਮਾਰੇ ਸ਼ਰਮ ਦੇ ਫਿਰ ਖੂਹ 'ਚ ਡੁੱਬ ਕੇ ਮਰ ਗਿਆ।
ਓਹਦੀ ਖੋਤੀ ਨੇ ਉਸ ਨੂੰ ਮੁਸਕਰਾ ਕੇ ਆਖਿਆ, "ਹੈਲੋ"
ਜਦੋਂ ਭੱਠੇ 'ਤੇ ਇੱਟਾਂ ਢੋ ਕੇ ਆਪਣੇ ਘਰ ਗਿਆ ਖੋਤਾ।
ਦੁਰੇਡਾ ਸੀ ਜਦੋਂ ਕੁਰਸੀ ਤੋਂ ਤਾਂ ਇਹ ਚੋਲ ਖਾਂਦਾ ਸੀ।
ਜਦੋਂ ਕੁਰਸੀ ਮਿਲੀ ਤਾਂ ਖੇਤ ਸਾਰੇ ਚਰ ਗਿਆ ਖੋਤਾ।
ਸਾਰੀ ਦੁਨੀਆਂ ਦੇ ਪਾਗਲਾਂ ਦਾ ਸਿਰਤਾਜ

***ਸਰਦਾਰ ਪੰਛੀ***

–o–

12/4/2002
**ਪਿਆਰੀ ਕੁਲਜੀਤ,**

ਪਿਆਰ ਅਤੇ ਅਸੀਸਾਂ,

ਪੱਤਰ ਮਿਲਿਆ ਮੈਂ ਰੁੱਸਿਆ ਨਹੀਂ ਤੂੰ ਵੀ ਨ ਰੁਸੀਂ। ਅਮਨ ਤੇ ਹਰਿੰਦਰ ਨੂੰ ਮੇਰਾ ਪਿਆਰ ਅਤੇ ਅਸੀਸ ਦੇਵੀਂ। ਤੇਰੀਆਂ ਦੋਵੇਂ ਗ਼ਜ਼ਲਾਂ ਮਿਲ ਗਈਆਂ ਹਨ। ਇਕ ਠੀਕ ਕੀਤੀ ਹੈ।

ਮੁਕੱਦਮਿਆਂ ਕਾਰਨ ਬਹੁਤ ਹੀ ਪਰੇਸ਼ਾਨ ਹਾਂ ਇਸ ਲਈ ਦੂਜੀ ਗ਼ਜ਼ਲ ਠੀਕ ਨਹੀਂ ਕਰ ਸਕਿਆ। ਠੀਕ ਕੀਤੀ ਇਕ ਗ਼ਜ਼ਲ ਪਾਕਿਸਤਾਨ ਜਾ ਰਹੀ ਹੈ ਛਪਣ ਲਈ।

***ਤੇਰਾ ਪਾਪਾ***
***ਸਰਦਾਰ ਪੰਛੀ***
***Sardar Panchhi, Nasheman***
***Payal Mata Nagar, Ludhiana***

–o–

ਕੁਲਜੀਤ ਜੀ,

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। ਆਪ ਜੀ ਦੀ ਗ਼ਜਲ ਬੜੀ ਹੀ ਪਿਆਰੀ ਗ਼ਜ਼ਲ ਹੈ! ਬਹੁਤ ਹੀ ਚਿਰਾਂ ਬਾਦ ਆਪ ਦੀ ਗ਼ਜ਼ਲ ਪੜ੍ਹਨ ਦਾ ਮੌਕਾ ਮਿਲਿਆ ਆਪ ਜੀ ਦੀ ਯਾਦ ਤਾਂ ਮੇਰੇ ਦਿਲ ਵਿਚ ਹੀ ਸਮਾਂ ਚੁੱਕੀ ਹੈ! ਆਪ ਚਾਹੇ ਸਾਨੂੰ ਯਾਦ ਕਰੇ ਯਾ ਨਾ ਕਰੇ! ਇਹ ਆਪ ਦੀ ਮਰਜ਼ੀ ਹੈ! ਬਾਕੀ ਫਿਰ ਸ਼ਾਮ।

***ਸ਼ਾਮ ਕੱਕੜ***

–o–

16/9/05
**ਪਿਆਰੀ ਗ਼ਜ਼ਲ,**

ਜਲੰਧਰ ਰੇਡੀਓ ਸਟੇਸ਼ਨ ਵਲੋਂ ਮੈਥੋਂ ਮੰਗੀ ਗਈ ਸ਼ਾਇਰਾਂ ਦੀ ਸੂਚੀ ਵਿਚ ਤੇਰਾ ਨਾਮ ਸ਼ਾਮਿਲ ਕਰਕੇ ਭੇਜ ਦਿੱਤਾ ਹੈ।

***ਸਰਦਾਰ ਪੰਛੀ***

–o–

ਸਤਿਕਾਰਤ ਮਿਸ ਕੁਲਜੀਤ ਜੀ,
ਸਾਹਿਤਕ ਯਾਦ।

ਆਪ ਜੀ ਦਾ ਪੱਤਰ ਪ੍ਰਾਪਤ ਹੋ ਗਿਆ ਹੈ। ਆਪ ਜੀ ਦੇ ਵੀ ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਨਵੇਂ ਸਾਲ ਦੀ ਖੁਸ਼ਆਮਦੀਦ।

ਕੁਝ ਰੁਝੇਵਿਆਂ ਕਾਰਨ ਪੱਤਰ ਨਹੀਂ ਲਿਖ ਸਕਿਆ ਸਾਂ, ਜਿਸ ਲਈ ਖਿਮਾ ਦਾ ਜਾਚਕ ਹਾਂ। ਹਫ਼ਤਾਵਰੀ "ਸੁਜਾਤਾ" ਵੀ ਠੀਕ ਠਾਕ ਚੱਲ ਰਿਹਾ ਹੈ ਮੈਂ ਤੁਹਾਨੂੰ ਤੁਹਾਡੇ ਇਸ ਪਤੇ ਤੇ ਵੀ ਦੋ-ਤਿੰਨ ਕਾਪੀਆਂ ਭੇਜੀਆਂ ਸਨ, ਜੇਕਰ ਪਹੁੰਚੀਆਂ ਸਨ ਤਾਂ ਦੱਸਣਾ। ਬਾਕੀ ਸਭ ਠੀਕ ਠਾਕ ਹੈ

*ਸਵਰਨ ਸਿੰਘ ਟਹਿਣਾ*

*ਪਿੰਡ ਤੇ ਡਾਕ : ਟਹਿਣਾ, ਜ਼ਿਲ੍ਹਾ ਫਰੀਦਕੋਟ।*

-o-

10/10/2000

**ਪਿਆਰੀ ਬੇਟੀ ਗ਼ਜ਼ਲ**

ਮੈਂ ਖੁਸ਼ ਹਾਂ ਕਿ ਤੇਰਾ ਦਾਖਲਾ ਚਲਾ ਗਿਆ। ਤੂੰ ਹਿੰਮਤ ਕਰਕੇ ਪੜ੍ਹਾਈ ਕਰ। ਪਾਸ ਹੋ ਕੇ ਦਿਖਾ। ਪਾਸ ਹੋਣ ਤੇ ਤੈਨੂੰ ਇਨਾਮ ਦਿੱਤਾ ਜਾਏਗਾ। ਤੂੰ ਹੋਰ ਗ਼ਜ਼ਲਾਂ ਲਿਖ ਕੇ ਮੈਨੂੰ ਭੇਜ! ਛਾਪਣਯੋਗ ਹੋਣ ਤੇ ਛਪਵਾਵਾਂ।

ਸਭ ਨੂੰ ਸਤਿ ਸ੍ਰੀ ਅਕਾਲ।

*ਤੇਰਾ ਪਾਪਾ - ਸਰਦਾਰ ਪੰਛੀ*

-o-

ਸਤਿਕਾਰਯੋਗ ਕੁਮਾਰੀ ਕੁਲਜੀਤ,
ਸਾਹਿਤਕ ਆਦਾਬ!

ਦੋ ਮਾਸਿਕ ਦਰਪਣਾਂ ਦਾ ਸੰਭਵ ਯੋਗ ਪੰਜਾਬੀ ਗ਼ਜ਼ਲ ਅੰਕ 150 ਪੰਨੇ ਛਪ ਗਿਆ ਹੈ। ਜਿਸ ਵਿਚ ਪੰਜਾਬੀ ਗ਼ਜ਼ਲ ਦੀ ਤਕਨੀਕ, ਗੁਣਾਤਮਿਕ ਵਿਚਾਰਧਾਰਾ ਆਦਿ ਨਾਲ ਸਬੰਧਤ 6 ਲੇਖ 90 ਗ਼ਜ਼ਲੋਆਂ ਦੇ ਕਲਾਮ ਕਰੀਬ 500 ਗ਼ਜ਼ਲ ਵਿਸ਼ੇ ਨਾਲ ਸਬੰਧਤ ਪੁਸਤਕਾਂ ਦੀ ਸੂਚੀ ਵੀ ਛਾਪੀ ਗਈ ਹੈ।

ਇਸ ਅੰਕ ਵਿਚ ਆਪ ਦੀਆਂ ਗ਼ਜ਼ਲਾਂ ਵੀ ਛਾਪੀਆਂ ਹਨ। ਇਸ ਦਾ ਰਿਆਇਤੀ ਮੁਲ 100 ਰੁਪੈ ਰੱਖਿਆ ਹੈ। ਆਪ ਹੇਠ ਲਿਖੇ ਪਤੇ ਤੇ ਮਨੀਆਰਡਰ ਭੇਜ ਕੇ ਮੰਗਵਾ ਸਕਦੇ ਹੋ।

*ਸੰਪਾਦਕ ਦਰਪਣ*

*ਨੂਰਮਹਿਲ (ਜਲੰਧਰ), ਧੰਨਵਾਦ ਸਾਹਿਤ*

*ਸੁਮਨ ਸ਼ਾਮਪੁਰੀ*

-o-

10/12/2001

**ਪਿਆਰੀ ਕੁਲਜੀਤ,**

ਤੇਰਾ ਖ਼ਤ ਮਿਲਿਆ। ਪੜ੍ਹਕੇ ਪਤਾ ਲੱਗਾ ਕਿ ਮੇਰੀ ਧੀ ਪੜ੍ਹੀ ਲਿਖੀ ਹੈ।

ਮੈਂ ਆਪਣੀ ਧੀ ਤੋਂ ਕਦੇ ਵੀ ਦੂਰ ਨਹੀਂ ਹੋ ਸਕਦਾ। ਮੈਂ ਛੇਤੀ ਹੀ ਪਿੰਡ ਆਉਣਾ ਹੈ। ਮੇਰਾ ਦਿਲ ਆਪਣੇ ਪੁੱਤਰ ਅਮਨ ਨੂੰ ਮਿਲਣ ਲਈ ਬੇਤਾਬ ਹੈ। 7/12/2001 ਨੂੰ ਅੰਮ੍ਰਿਤਸਰ ਵਿਖੇ ਪੇਸ਼ੀ ਸੀ। ਮੈਂ, ਸੀਮਾ ਅਤੇ ਮੀਤਾ ਜੀ 6/12/2001 ਨੂੰ ਅੰਮ੍ਰਿਤਸਰ ਪੁੱਜ ਗਏ ਸੀ। 7/12/2001 ਨੂੰ ਸਾਰਾ ਦਿਨ ਕਚਹਿਰੀ ਵਿਚ ਬੀਤ ਗਿਆ। 8 ਨੂੰ ਛੁੱਟੀ ਅਤੇ 9 ਨੂੰ ਐਤਵਾਰ ਸੀ। ਇਸ ਲਈ ਸੀਮਾ ਤੇਰੀ ਮੰਮੀ ਅਤੇ ਮੀਤਾ ਜੀ ਅੰਮ੍ਰਿਤਸਰ ਹੀ ਰਹੇ। ਮੈਂ ਵਾਪਸ ਆ ਗਿਆ। ਮਨ ਵਿਚ ਆਇਆ ਕਿ ਪਿੰਡ ਹੋ ਆਈਏ ਪਰ ਪ੍ਰੋਗਰਾਮ ਨਹੀਂ ਬਣ ਸਕਿਆ। ਫਿਰ ਕਦੀ ਸਹੀ। ਬਹੁਤ ਦਿਨ ਹੋ ਗਏ ਹਨ ਤੂੰ ਮੇਰੇ ਨਾਲ ਲੜੀ ਨਹੀਂ। ਮੇਰੇ ਨਾਲ ਕੋਈ ਆਪਣਾ ਨਾ ਲੜੇ ਤਾਂ ਮੇਰੀ ਤਬੀਅਤ ਖਰਾਬ ਹੋ ਜਾਂਦੀ ਹੈ। ਮੇਰੀ ਸਿਹਤ ਲਈ ਇਹ ਜ਼ਰੂਰੀ ਹੈ ਕਿ ਕੋਈ ਮੇਰੀ ਧੀ ਮੇਰੇ ਨਾਲ ਲੜਾਈ ਕਰੇ। ਮੰਮੀ ਪਾਪਾ ਨੂੰ ਪਿਆਰ ਤੇ ਸਤਿ ਸ੍ਰੀ ਅਕਾਲ ਆਖੀਂ ਮੇਰੀ।

*ਤੇਰਾ ਪਾਪਾ - ਸਰਦਾਰ ਪੰਛੀ*

–o–

30 **ਮਾਰਚ**, 2003

**ਸਤਿਕਾਰਯੋਗ ਕੁਲਜੀਤ ਜੀ,**

ਸਤਿ ਸ੍ਰੀ ਅਕਾਲ,

ਮੇਰੀ ਪਿਆਰੀ ਭੈਣ ਕੁਲਜੀਤ, ਆਪ ਦਾ ਆਰਟੀਕਲ ਅਗਰੇਜ਼ ਥਰਾੜ ਦਾ ਲਿਖਿਆ "ਸਮਰਾਟ ਅਤੇ ਨਵਾਂ ਜ਼ਮਾਨਾ" ਵਿਚ ਪੜ੍ਹਿਆ, ਪੜ੍ਹ ਕਰ ਅਨੰਦਿਤ ਹੋ ਗਈ ਬਹੁਤ ਅੱਛਾ ਲਿਖਿਆ ਸੀ। ਤੁਹਾਡੇ ਬਾਰੇ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ। ਪਲੀਜ ਆਪ ਕ੍ਰਿਪਾ ਕਰਕੇ ਅਗਰੇਜ਼ ਥਰਾੜ ਨੂੰ ਕਹਿ ਕੇ ਮੇਰਾ ਆਰਟੀਕਲ ਵੀ ਲਗਵਾ ਦੇਣਾ ਮਿਹਰਬਾਨੀ ਹੋਵੇਗੀ।

*ਹਿੱਤੂ*

*ਸਰਜੀਤ ਗਿੱਲ, ਕੋਟਕਪੂਰਾ*

–o–

ਛੋਟੀ ਭੈਣ ਕੁਲਜੀਤ,

ਤੁਹਾਡਾ ਪੋਸਟ ਕਾਰਡ ਮਿਲਿਆ, ਇਸ ਤੋਂ ਪਹਿਲਾਂ ਮੈਂ ਦੀਵਾਲੀ ਗਰੀਟਿੰਗ ਵੀ ਭੇਜ ਚੁੱਕੀ ਹਾਂ। ਕੁਲਜੀਤ, ਤੁਸੀਂ ਜਦ ਵੀ ਚਾਹੋ, ਆ ਕੇ ਮਿਲ ਸਕਦੇ ਹੋ। ਹਾਂ, ਉਸ ਤੋਂ ਪਹਿਲਾਂ ਫੋਨ ਜ਼ਰੂਰ ਕਰ ਦੇਣਾ 01628-79216। ਬਾਕੀ ਸਭ ਠੀਕ ਚੱਲ ਰਿਹਾ ਹੈ। ਤੁਸਾਂ ਕਹਾਣੀ ਪਸੰਦ ਕੀਤੀ, ਇਸ ਲਈ ਸ਼ੁਕਰੀਆ। ਬੱਚੇ ਵੀ ਠੀਕ ਠਾਕ ਨੇ। ਬਾਕੀ ਆਪਣੇ ਪਰਿਵਾਰ ਬਾਰੇ ਵੀ ਲਿਖਣਾ। ਤੁਹਾਡੀ ਅਤੇ ਤੁਹਾਡੇ ਖਤ ਦੀ ਉਡੀਕ ਰਹੇਗੀ।

*ਤੁਹਾਡੀ ਵੱਡੀ ਭੈਣ : ਸੁਖਵਿੰਦਰ ਕੌਰ ਗਿੱਲ*

–o–

ਪਿਆਰੀ ਕੁਲਜੀਤ,

ਤੇਰਾ ਖ਼ਤ ਮਿਲਿਆ ਮੈਨੂੰ ਬੜੀ ਖੁਸ਼ੀ ਹੋਈ ਕਿ ਤੇਰੇ ਵਾਂਗ ਅੱਜ ਦੇ ਮੇਰੇ ਹਾਣ ਦੇ ਸਾਰਿਆਂ ਨੇ ਮੇਰੀਆਂ ਨਜ਼ਮਾਂ ਨੂੰ ਇੰਨਾ ਪਿਆਰ ਦਿੱਤਾ ਹੈ। ਜੇ ਤੂੰ M.A. 2nd-yr 'ਚ ਹੈ ਤਾਂ ਆਪਣੀ ਉਮਰ ਦਾ ਵੀ ਬਹੁਤਾ ਫ਼ਰਕ ਨਹੀਂ ਹੈ। ਅਸੀਂ ਹਮਉਮਰ ਨਹੀਂ ਹਾਂ। ਮੈਂ ਹਮੇਸ਼ਾ ਇਹ ਚਾਹਿਆ ਹੈ ਕਿ ਮੇਰੀਆਂ ਨਜ਼ਮਾਂ ਤੇਰੇ ਵਰਗਾ ਹਰ ਸ਼ਖ਼ਸ ਪੜ੍ਹੇ ਤੇ ਅਗੋਂ ਵੀ ਪੜ੍ਹਾਏ! ਹਰ ਲਿਖਤ ਦੀ ਕਾਮਯਾਬੀ ਇਸੇ ਵਿਚ ਹੀ ਹੈ।

ਥੋੜਾ ਤੇ ਚੰਗਾ ਲਿਖਣ ਲਈ ਬਹੁਤਾ ਪੜ੍ਹਨਾ ਬੜਾ ਜ਼ਰੂਰੀ ਹੈ। ਅਧਿਐਨ ਕਰਨਾ ਤੇ ਲਫ਼ਜ਼ਾਂ ਦੇ ਸਮੁੰਦਰ 'ਚ ਡੁੱਬਣਾ ਤੇ ਗੜੁੱਚ ਹੋ ਕੇ ਉਭਰਨਾ। ਖੈਰ! ਮੈਂ ਹੁਣ ਬਸ ਕਰਦੀ ਹਾਂ। ਤੈਨੂੰ ਤੇ ਤੇਰੇ ਸਭ ਦੋਸਤਾਂ, ਸਾਥੀਆਂ ਤੇ ਘਰ 'ਚ ਪਿਆਰ ਤੇ ਮੇਰਾ ਸਨੇਹ।

***From : Simrat gagan, 696/5 Street kawboj***
***Chowk laxmausar Amritsar***

–o–

**ਸ਼ਿੰਦਰਪਾਲ ਗੋਲੂ ਕੇ**
**ਮੇਰੇ ਵੱਡੇ ਭੈਣ ਜੀ,**

ਸਤਿ ਸ੍ਰੀ ਅਕਾਲ!

ਮੈਂ ਇਥੇ ਰਾਜੀ ਖੁਸ਼ੀ ਹਾਂ ਅਤੇ ਆਪ ਜੀ ਦੀ ਰਾਜੀ ਖੁਸ਼ੀ ਪ੍ਰਮਾਤਮਾ ਪਾਸੋਂ ਸਦਾ ਲਈ ਮੰਗਦੇ ਹਾਂ, ਅੱਗੇ ਸਮਾਚਾਰ ਇਹ ਹੈ ਕਿ ਕਾਫੀ ਸਮੇਂ ਤੋਂ ਆਪ ਨੇ ਖ਼ਤ ਦਾ ਜਵਾਬ ਨਹੀਂ ਦਿੱਤਾ ਉਡੀਕ ਕਰਕੇ ਮੈਂ ਆਪ ਜੀ ਨੂੰ ਲੈਟਰ ਲਿਖ ਰਿਹਾ ਹਾਂ ਕੁੱਝ ਮੇਰੇ ਪਾਸ ਸਮਾਂ ਨਹੀਂ ਸੀ ਤੇ ਕੁੱਝ ਘਰ ਵਿਚ ਕੋਈ ਪ੍ਰੋਗਰਾਮ ਸੀ ਬਾਕੀ ਹੋਰ ਪੜ੍ਹਾਈ ਕਿਹੋ ਜਿਹੀ ਚੱਲ ਰਹੀ ਹੈ ਘਰ ਵਿਚ ਸਭ ਰਾਜੀ ਖੁਸ਼ੀ ਹਨ। ਪੇਪਰ ਹੋ ਰਹੇ ਹਨ ਭੈਣ ਭਰਾਵਾਂ ਦੀ ਪੜ੍ਹਾਈ ਦਾ ਕੀ ਹਾਲ ਹੈ ਉਸ ਤੋਂ ਬਾਅਦ ਮੈਂ ਅਖ਼ਬਾਰ ਵਿਚ ਆਪ ਦੀਆਂ ਦੋ ਗ਼ਜ਼ਲਾਂ ਪੜ੍ਹੀਆਂ ਸਨ। ਕਾਫ਼ੀ ਚੰਗੀਆਂ ਲੱਗੀਆਂ ਬਾਕੀ ਮੈਂ ਵੀ ਅਖ਼ਬਾਰ ਨੂੰ ਇਕ ਕਵਿਤਾ ਭੇਜੀ ਹੋਈ ਹੈ। ਅੱਗੇ ਮੈਂ ਆਪ ਨੂੰ ਇਕ ਗੱਲ ਦੱਸ ਦੇਣਾ ਕਿ ਸਾਡੇ ਘਰ ਫੋਨ ਲੱਗ ਗਿਆ ਹੈ ਜਿਸ ਦਾ ਨੰ : 32643 ਕੋਡ ਨੰ: 01685 ਹੈ ਰਾਤ ਨੂੰ ਕਿਸੇ ਸਮੇਂ ਗੱਲ ਕਰ ਸਕਦੇ ਹੋ। ਜੇਕਰ ਆਪ ਦਾ ਕੋਈ ਫੋਨ ਨੰ ਹੈ ਤਾਂ ਜ਼ਰੂਰ ਭੇਜਣਾ ਜੇਕਰ ਕਦੀ ਸਮਾਂ ਮਿਲੇ ਤਾਂ ਜ਼ਰੂਰ ਪਹੁੰਚਣਾ ਆਪ ਨੂੰ ਮਿਲ ਕਿ ਲੱਗਦਾ ਹੈ ਕਿ ਸਾਹਿਤ ਬਾਰੇ ਅਨਮੋਲ ਖਜ਼ਾਨਾ ਮਿਲੇਗਾ। ਅੱਗੇ ਮੇਰੇ ਵੱਲੋਂ ਮਾਤਾ ਪਿਤਾ ਜੀ ਦੇ ਪੈਰੀ ਪੈਣਾ ਅਤੇ ਛੋਟੇ ਭੈਣ ਭਰਾਵਾਂ ਨੂੰ ਮੇਰੇ ਵੱਲੋ ਸਤਿ ਸ੍ਰੀ ਅਕਾਲ। ਤੇ ਖ਼ਤ ਦਾ ਜਵਾਬ ਜ਼ਰੂਰ ਦੇਣਾ।

ਤੁਹਾਡਾ ਛੋਟਾ ਵੀਰ

***ਸ਼ਿੰਦਰਪਾਲ ਹਾਡਾ, ਪਿੰਡ : ਗੋਲੂ ਕੇ***
***ਡਾਕ : ਪਿੰਡੀ, ਜ਼ਿਲ੍ਹਾ ਫਿਰੋਜ਼ਪੁਰ***

–o–

**ਬਹੁਤ ਬਹੁਤ ਬਹੁਤ ਬਹੁਤ ਪਿਆਰੀ**
**ਤੇ ਬਹੁਤ ਬਹੁਤ ਬਹੁਤ ਬਹੁਤ ਕਮਲੀ**
**ਮੇਰੇ ਕੁਲਜੀਤ ਗ਼ਜ਼ਲ ਬੇਟੀ,**

ਬਹੁਤ ਸਾਰਾ ਪਿਆਰ, ਦੁਲਾਰ ਤੇ ਅਸੀਸਾਂ

ਤੇਰੀ ਗਰਮ ਗਰਮ ਚਿੱਠੀ ਮਿਲੀ। ਜਾਪਦਾ ਹੈ ਲੂਣ ਮਿਰਚ ਜ਼ਿਆਦਾ ਪੈ ਗਈ ਸੀ। ਜੀਭ ਸੜ ਗਈ। ਉਂਜ ਇਸ ਜੀਭ ਨੂੰ ਸੜਣਾ ਹੀ ਚਾਹੀਦਾ ਹੈ ਜਿਸ ਨੂੰ ਬਾਲੜੀ ਨਹੀਂ ਧੀ ਨੂੰ ਕਹਿ ਦਿੱਤਾ ਕਿ ਇਹ ਮੈਂ ਤੈਨੂੰ ਆਖਰੀ ਵਾਰ ਮਿਲ ਰਿਹਾਂ। ਦਰਅਸਲ ਮੈਂ ਆਪਣੀ ਧੀ ਦੇ ਮੁਕੱਦਮਿਆਂ ਤੋਂ ਦੁਖੀ ਸਾਂ ਤੇ ਇਕ ਗ਼ਲਤ ਬਿਲਕਲ ਗਲਤ ਫੈਸਲਾ ਕਰ ਲਿਆ ਸੀ। ਹੁਣ ਦੋਵੇਂ ਕੰਨ ਫੜ ਕੇ ਤੋਬਾ ਕਰ ਲਈ ਹੈ। ਉਸ ਫੈਸਲੇ ਨੂੰ ਖੂਹ ਵਿਚ ਸੁੱਟ ਦਿੱਤਾ ਹੈ।

ਹੁਣ ਤੇਰਾ ਪਾਪਾ ਤੇਰੇ ਸਾਹਮਣੇ ਦੋਵੇਂ ਕੰਨ ਫੜ ਕੇ ਊਠਕ ਬੈਠਕ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ। ਹੁਣ ਅੱਗੇ ਤੋਂ ਐਸਾ ਨਹੀਂ ਕਰਾਂਗਾ। ਆਸ ਹੈ ਹੁਣ ਇਸ ਵਿਦਿਆਰਥੀ ਨੂੰ ਆਪਣੇ ਟੀਚਰ ਤੋਂ ਮੁਆਫ਼ੀ ਮਿਲ ਜਾਏਗੀ।

ਫਤਹਿ ਜਗਜੀਤ ਬਾਰੇ ਲੇਖ ਨਹੀਂ ਲਿਖਿਆ ਜਾ ਸਕਿਆ। ਥੋੜਾ ਹੋਰ ਟਾਈਮ ਲੱਗੇਗਾ।

ਹਰਿੰਦਰ ਦੀ ਫੋਟੋ ਨਹੀਂ ਛਾਪੀ। ਮੇਰੇ ਐਡੀਟਰ ਨੇ ਕਿਹਾ ਕਿ ਤੁਸੀਂ ਉਸ ਲੜਕੀ ਬਾਰੇ ਲੰਮਾ ਲੇਖ ਲਿਖੋ। ਉਸ ਦੀਆਂ ਦੋ ਤਿੰਨ ਫੋਟੋ ਲਗਾ ਕੇ ਨਾਰੀ ਸੰਸਾਰ ਵਿਚ ਛਾਪਾਂਗੇ। ਸੋ ਜਦੋਂ ਪਿੰਡ ਆਇਆ। ਉਸ ਦੀਆਂ ਫੋਟੋ ਖਿਚਵਾਂ ਲਵਾਂਗਾ। ਫਿਰ ਲਿਖਾਂਗਾ। ਉਸ ਨੂੰ ਅਤੇ ਅਮਨਦੀਪ ਨੂੰ ਪਿਆਰ ਕਹਿਣਾ ਲੱਕੀ ਦੀ ਗ਼ਜ਼ਲ ਚੰਗੀ ਹੈ। (ਛਪਣਯੋਗ ਹੈ ਪਰ ਥਾਣੇ ਦੀ ਕੰਧ ਉਤੇ)

ਆਪਣੇ ਮੰਮੀ ਪਾਪਾ ਨੂੰ ਮੇਰਾ ਪਿਆਰ ਕਹਿਣਾ
ਕਾਹਲੋਂ ਸਾਹਿਬ ਤੇ ਉਨ੍ਹਾਂ ਦੀ ਜੀਵਨ ਸਾਥਣ ਨੂੰ ਸਤਿ ਸ੍ਰੀ ਅਕਾਲ

***ਤੇਰਾ ਨਲਾਇਕ ਪਾਪਾ - ਸਰਦਾਰ ਪੰਛੀ***

–o–

27/2/2002
**ਪਿਆਰੇ ਬੱਚਾ ਕੁਲਜੀਤ ਜੀ,**

ਸਤਿ ਸ੍ਰੀ ਅਕਾਲ,

ਕੁਝ ਹਫ਼ਤੇ ਹੋਏ ਮੈਂ ਚੰਡੀਗੜ੍ਹ, ਤੋਂ ਆਪਣੀ ਕਿਤਾਬ, ਇੰਗਲੈਂਡ ਆਉਣ ਤੋਂ ਪਹਿਲਾਂ ਪੋਸਟ ਕੀਤੀ ਸੀ। ਪਤਾ ਨਹੀਂ ਕਿ ਉਹ ਮਿਲੀ ਕਿ ਨਹੀਂ। ਕਹਿੰਦੇ ਨੇ ਡਾਕ ਵਾਲੇ 30/40 ਰੁਪਏ ਦੀਆਂ ਲੱਗੀਆਂ ਟਿਕਟਾਂ ਉਤਾਰ ਲੈਂਦੇ ਨੇ ਤੇ ਚਿੱਠੀ ਸੁੱਟ ਦੇਂਦੇ ਨੇ। ਜੇ ਇਹ ਸੱਚ ਹੈ ਤਾਂ ਮੇਰੀ ਕਿਤਾਬ ਤੁਹਾਨੂੰ ਨਹੀਂ ਮਿਲੀ। ਮਜ਼ੇਦਾਰ

ਗੱਲ ਇਹ ਹੈ ਕਿ ਇਕੋ ਦਿਨ ਮੈਂ 5 ਪਾਰਸਲ ਭੇਜੇ ਸਨ।

ਖੈਰ ਕਹਾਣੀ ਪੰਜਾਬ ਮਿਲਿਆ। ਤੁਹਾਡਾ ਉਸ ਵਿਚ ਜ਼ਿਕਰ ਸੀ। ਕਾਪੀ ਭੇਜ ਰਿਹਾ। ਮਸ਼ੀਨ ਫੋਟੋਕਾਪੀ ਕਰਦਿਆਂ ਖਰਾਬ ਹੋ ਗਈ ਸੀ। ਉਸ ਮਾੜੀ ਹਾਲਤ ਲਈ ਖਿਮਾ। ਤੁਹਾਡੀ ਚੰਡੀਗੜ੍ਹ ਵਾਲੀ ਚਿੱਠੀ ਮੇਰੇ ਸਾਹਮਣੇ ਪਈ ਹੈ। ਕਦੀ ਕਦੀ ਆਪਣੀਆਂ ਸਾਹਿਤਕ ਸਰਗਰਮੀਆਂ ਭਰੀ ਚਿੱਠੀ ਲਿਖ ਦਿਆ ਕਰੋ। ਸਭ ਨੂੰ ਸਤਿ ਸ੍ਰੀ ਅਕਾਲ।

*ਸ਼ੁਭ ਚਿੰਤਕ*
*ਸੁਰਜੀਤ ਸਿੰਘ*

–o–

ਪਿਆਰੇ ਬੱਚਾ ਕੁਲਜੀਤ ਜੀ,
ਸਤਿ ਸ੍ਰੀ ਅਕਾਲ, ਸ਼ੁਭ ਇਛਾਵਾਂ ਤੇ ਅਸੀਸਾਂ।

ਤੁਹਾਡੀ ਚਿੱਠੀ ਦੀ ਉਮੀਦ ਜਦੋਂ ਲੱਥ ਗਈ ਸੀ ਤਾਂ ਅਖੀਰ ਉਹ ਸਭ ਤੋਂ ਮਿਲ ਹੀ ਗਈ। ਧੰਨਵਾਦ।

ਸਭ ਤੋਂ ਪਹਿਲੇ ਤੁਹਾਨੂੰ 57% ਨੰਬਰ ਲੈ ਕੇ ਐਮ. ਏ. ਪਾਸ ਕਰਨ ਦੀਆਂ ਵਧਾਈਆਂ। ਤੁਸੀਂ ਬੜੇ ਹੀ ਮਿਹਨਤੀ, ਜੋਸ਼ੀਲੇ, ਅਗਾਂਹਵਧੂ, ਕ੍ਰਾਂਤੀਕਾਰੀ ਅਤੇ ਕੁਝ ਕਰ ਕੇ ਦਿਖਾਉਣ ਵਾਲੀ ਸ਼ਖ਼ਸੀਅਤ ਦੇ ਸੁਆਮੀ ਹੋ। ਉਹ ਦਿਨ ਦੂਰ ਨਹੀਂ ਜਦੋਂ ਤੁਸੀਂ ਧਰੁਵ ਤਾਰੇ ਵਾਂਗ ਚਮਕੋਗੇ ਅਤੇ ਹੋਰਨਾਂ ਦੀਆਂ ਸੋਚਾਂ ਨੂੰ ਸੇਧ ਦੇਵੋਗੇ।

ਮੇਰਾ ਖਿਆਲ ਸੀ ਕਿ ਤੁਸੀਂ ਮੇਰੀ ਪਹਿਲੀ ਚਿੱਠੀ ਪੜ੍ਹ ਕੇ ਨਾਰਾਜ਼ ਹੋ ਗਏ ਹੋਵੋਗੇ ਕਿਉਂਕਿ ਮੈਂ ਉਸ ਵਿਚ ਪੁਰਾਤਨ ਸਿੱਖਿਆ ਭਰੇ ਵਿਚਾਰ ਲਿਖੇ ਸਨ! ਦੇਖੋ! ਉਹ ਖੰਡ ਵਕਤੀ ਪੜ੍ਹਾਈ ਕਰੋ ਜਿਸ ਨਾਲ ਤੁਸੀਂ ਮਾਇਕ ਤੌਰ ਤੇ ਖੁਦਮੁਖਤਿਆਰ ਬਣ ਸਕੋ। ਪਹਿਲੇ ਕੋਈ ਨੌਕਰੀ ਲੱਭੋ – ਪੈਸੇ ਭਾਵੇਂ ਕਿੰਨੇ ਹੀ ਥੋੜੇ ਹੋਣ। ਆਪਣਾ ਖਰਚ ਤੋਰੋ, ਤਜਰਬਾ ਮਿਲੇਗਾ, ਵਕਤ ਸੋਹਣਾ ਕੱਟਿਆ ਜਾਏਗਾ। ਚਾਹੇ ਤੁਸੀਂ ਪਿੰਡ ਵਿਚ ਇੱਕ ਛੋਟਾ ਜਿਹਾ ਸਕੂਲ ਖੋਲੋ। ਬੱਚਿਆਂ ਨੂੰ ਪੜ੍ਹਾਓ। ਆਪ ਟਰੇਨਿੰਗ ਕਰੋ। ਕੰਪਿਊਟਰ ਦਾ ਕੋਰਸ ਕਰੋ। ਪ੍ਰਿੰਟਿੰਗ ਦਾ ਕੰਮ ਸਿੱਖੋ। ਪੜ੍ਹਿਆ ਲਿਖਿਆ ਬੰਦਾ ਅੱਖਰੀ ਵਿੱਦਿਆ ਦਾ ਕੰਮ ਹੀ ਕਰ ਸਕਦਾ ਹੈ। ਅੰਮ੍ਰਿਤਸਰ ਵਿਚ ਪ੍ਰਾਈਵੇਟ ਸਕੂਲ ਦੀ ਨੌਕਰੀ ਕਰੋ। ਕਿਸੇ ਪਬਲਿਸ਼ਰ ਕੋਲ ਪਰੂਫ਼ ਰੀਡਿੰਗ, ਟਿਊਸ਼ਨ ਦਾ ਕੰਮ, ..... ਦਾ ਕੰਮ, ਕੰਪਿਊਟਰ ਜਾਂ ਛਾਪੇਖਾਲੇ ਦਾ ਕੰਮ ਸਿੱਖੋ। ਤੁਸੀਂ ਤਾਂ ਬਹੁਤ ਹੁਸ਼ਿਆਰ ਹੋ। ਇਕ ਹੋਰ ਕੰਮ ਕਰੋ। ਬੀਬੀਆਂ ਦਾ ਕੀਰਤਨੀ ਜਥਾ ਬਣਾਓ। ਇੰਗਲੈਂਡ ਅਤੇ ਅਮਰੀਕਾ ਆ ਜਾਓ। ਸੰਗਤਾਂ ਤੁਹਾਨੂੰ ਮਾਇਆ ਨਾਲ ਤੋਲ ਦੇਣਗੀਆਂ। ਸੋ ਅੱਜ ਤੋਂ ਹੀ ਤਲਬਾ ਜਾਂ ਵਾਜਾ ਸਿੱਖੋ। ਐਵੇਂ ਘਰਦਿਆਂ ਨਾਲ ਨਾ ਲੜੋ। ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖੋ। ਜਦੋਂ ਚੰਗਾ ਜਿਹਾ ਸਾਥ ਲੈਣ ਵਾਲਾ ਮੁੰਡਾ ਲੱਭ ਜਾਏ ਤਾਂ ਵਿਆਹ ਕਰਵਾ ਲੈਣਾ। ਤੁਸੀਂ ਦੋਵੇਂ ਰੱਜ ਕੇ ਧਰਤ ਪਟ ਦੇਵੋਗੇ।

ਸਾਡੇ ਸਾਰਿਆਂ ਵੱਲੋਂ ਤੁਹਾਨੂੰ ਸਾਰਿਆਂ ਨੂੰ ਯਾਦ ਅਤੇ ਸਤਿ ਸ੍ਰੀ ਅਕਾਲ। ਕੰਪਿਊਟਰ ਜ਼ਰੂਰ ਸਿੱਖੋ। ਕਦੀ ਕਦੀ ਚਿੱਠੀ ਲਿਖ ਦਿਆ ਕਰੋ। ਮੇਰੇ ਲਾਇਕ ਕੋਈ

ਸੇਵਾ।

*ਤੁਹਾਡਾ ਅੰਕਲ*
*ਸੁਰਜੀਤ ਸਿੰਘ*

-o-

ਪਿਆਰੇ ਬੱਚਾ ਕੁਲਜੀਤ ਜੀ,

ਸਾਡੇ ਸਾਰਿਆਂ ਵੱਲੋਂ ਤੁਹਾਨੂੰ ਢੇਰ ਸਾਰੀਆਂ ਸਲਾਮਤੀ ਰੱਖਾਂ, ਅਸੀਸਾਂ ਅਤੇ ਮਿਹਰਾਂ।

ਤੁਹਾਡੀ ਚਿੱਠੀ ਮਿਲੀ, ਧੰਨਵਾਦ। ਸਰਦਾਰ ਮੋਤਾ ਸਿੰਘ ਸਰਾਏ ਕਮਾਲ ਦੇ ਖੂਬਸੂਰਤ ਅਤੇ ਖੁਸ਼ਬੂਦਾਰ ਇਨਸਾਨ ਹਨ। ਕਥਨੀ ਦੇ ਪੂਰੇ ਅਤੇ ਕਰਨੀ ਦੇ ਸੂਰੇ। ਉਨ੍ਹਾਂ ਤੋਂ ਪਤਾ ਲੱਗਾ ਸੀ ਕਿ ਤੁਸੀਂ ਲਾਂਬੜੇ, ਕਿਤਾਬ ਦੀ ਘੁੰਡ ਚੁਕਾਈ ਦੀ ਰਸਮ ਤੇ ਪਹੁੰਚੇ ਹੋ। ਤੁਹਾਡੀ ਕਵਿਤਾ ਮੈਂ ਉਸ ਕਿਤਾਬ ਵਿਚ ਪੜ੍ਹੀ ਹੈ। ਬਹੁਤ ਸੋਹਣਾ ਲਿਖਦੇ ਹੋ, ਮਿਹਨਤ ਕਰਦੇ ਹੋ ਅਤੇ ਵੱਡਾ ਬਣਨ ਦੇ ਚਾਹਵਾਨ ਹੋ। ਜਿਵੇਂ ਮਾਵਾਂ ਧੀਆਂ ਦੇ ਹੱਥ ਪੀਲੇ ਕਰਨ ਦੇ ਫ਼ਿਕਰ ਵਿਚ ਹੁੰਦੀਆਂ ਹਨ। ਇਸੇ ਤਰ੍ਹਾਂ, ਮੈਂ ਤੁਹਾਡੀ ਪੜ੍ਹਾਈ, ਨੌਕਰੀ, ਰੁਤਬੇ, ਸ਼ੁਹਰਤ, ਦੌਲਤ, ਸਿਹਤ, ਲੰਬੀ ਖੁਸ਼ੀ ਭਰੀ ਜ਼ਿੰਦਗੀ ਦੀ ਫ਼ਿਕਰ ਵਿਚ ਹਾਂ। ਬਾਕੀ ਤੁਸੀਂ ਸਿਆਣੇ ਹੋ, ਸਮਝਦਾਰ, ਸੰਜਮੀ ਸੁਹਿਰਦ ਅਤੇ ਸੁਘੜ ਹੋ। ਇੱਥੇ ਲੋਕ ਬੜੇ ਮੁੰਡੇ ਕੁੜੀਆਂ ਪੜ੍ਹਨ ਲਈ ਆਏ ਹੋਏ ਹਨ। ਫੀਸਾਂ ਬੜੀਆਂ ਹਨ। ਹਫ਼ਤੇ ਦੇ 20 ਘੰਟੇ ਕੰਮ ਕਰ ਸਕਦੇ ਹਨ। ਬਹੁਤੇ ਨੌਕਰੀ ਜਾਂ ਵਿਆਹ ਕਰਵਾ ਕੇ ਇਥੇ ਟਿਕ ਜਾਂਦੇ ਹਨ। ਪਤਾ ਨਹੀਂ ਤੁਸੀਂ ਕਿਵੇਂ ਸੋਚਦੇ ਹੋ। ਚਲੋ ਪੀ. ਐਚ. ਡੀ. ਠੀਕ ਹੈ। ਕੀ ਪਹਿਲੇ ਐਮ. ਫਿਲ. ਕਰਨੀ ਪੈਂਦੀ ਹੈ। ਕੀ ਐਮ. ਏ. ਵਿਚ 2nd Ian ਜ਼ਰੂਰੀ ਹੈ। ਮੈਨੂੰ ਬਹੁਤ ਠੀਕ ਤਰ੍ਹਾਂ ਤੁਹਾਡੇ ਸਿਸਟਮ ਦਾ ਪਤਾ ਨਹੀਂ। ਕੀ ਤੁਸੀਂ ਪ੍ਰੋਫੈਸਰ ਬਣਨ ਦੀ ਸੋਚੀ ਹੈ। ਰੁਜ਼ਗਾਰ ਜਾਂ ਕਿੱਤਾ ਸਾਡੇ ਜੀਵਨ ਦਾ ਇਕ ਮਹੱਤਵਪੂਰਨ ਹਿੱਸਾ ਹੈ। ਦਾਤਾ ਤੁਹਾਡੇ ਅੰਗ ਸੰਗ ਹੋਵੇ ਤਾਂ ਜੋ ਤੁਸੀਂ ਆਪਣੇ ਮਿੱਥੇ ਹੋਏ ਮਿਸ਼ਨ ਵਿਚ ਕਾਮਯਾਬ ਹੋ ਸਕੋ। ਇਸ ਲਈ ਚੜ੍ਹਦੀ ਕਲਾ, ਕਿਸਮਤ, ਵਸੀਲੇ, ਹਿੰਮਤ, ਇੱਕ ਸਾਰ ਮਿਹਨਤ ਅਤੇ ਵਾਹਿਗੁਰੂ ਦੀ ਮਿਹਰ ਦੀ ਲੋੜ ਹੈ। ਪਰਵਾਸ ਕਰਨਾ ਕੋਈ ਚੰਗੀ ਗੱਲ ਨਹੀਂ ਪਰ ਬਾਹਰਲੇ ਮੁਲਕ ਵਿਚ ਕਿਸੇ ਆਸ਼ੇ ਨੂੰ ਲੈ ਕੇ ਜਾਣਾ ਵਧੀਆ ਗੱਲ ਹੈ। ਇਥੇ ਨਦੀਨ ਤੇ ਮੂੰਗਫਲੀ ਇਕ ਭਾ ਹਨ, ਸਬਜ਼ੀ ਮਹਿੰਗੀ ਤੇ ਚਿਕਨ ਸਸਤਾ, ਇਥੇ ਲੋਕ ਗਰਮੀਆਂ ਵਿਚ ਧੁਪੇ ਬਹਿੰਦੇ ਹਨ ਅਤੇ ਭਾਰਤ ਸਰਦੀਆਂ ਵਿਚ। ਇਥੇ ਕੰਵਾਰੇ ਇਕੱਠੇ ਰਹਿੰਦੇ ਅਤੇ ਵਿਆਹੇ ਵਖਰੇ।

ਹਾਂ ਉਮੀਦ ਹੈ ਕਿ ਆਪ ਨੇ ਖੋਜ ਦਾ ਵਿਸ਼ਾ ਚੁਣ ਲਿਆ ਹੋਵੇਗਾ ਅਤੇ ਕੋਈ ਨਾ ਕੋਈ ਪ੍ਰੋ. 5 ਮਿੰਟ ਜ਼ਰੂਰ ਤੁਹਾਡੇ ਲਈ ਕੱਢ ਸਕੇਗਾ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸਣਾ ਜੀ। ਮੈਂ ਜਦੋਂ ਵੀ ਭਾਰਤ ਆਇਆ। ਆਪ ਜੀ ਨੂੰ ਮਿਲ ਕੇ ਉਤਸ਼ਾਹ ਦੀ ਚੂੰਡੀ ਲਵਾਂਗਾ। ਨੌਜੁਆਨ ਬੱਚੀਆਂ ਤੋਂ ਬਹੁਤ ਕੁਝ ਸਿੱਖਣ ਵਾਲਾ ਹੈ - ਨਵੀਂ ਨੁਹਾਰ, ਨਵੀਂ ਸੋਚ, ਉੱਚੀ ਉਡਾਰੀ, ਨਵੀਂ ਤਰਜ਼, ਨਵੀਂ ਲਹਿਰ ਮੇਰੇ ਵਲੋਂ ਮਾਤਾ ਪਿਤਾ ਅਤੇ ਹੋਰ ਸਾਕ ਸਬੰਧੀਆਂ ਨੂੰ ਫ਼ਤਹਿ। ਉਮੀਦ ਹੈ ਰੁਸੀ ਹੋਈ ਤਾਈ ਹੁਣ ਮੰਨ ਪਈ ਹੋਵੇਗੀ। ਸਿਫ਼ਤਾਂ ਕਰਦਾ ਆਸ਼ਾਵਾਦੀ ਪਿਤਾ।

*ਸੁਰਜੀਤ ਸਿੰਘ ਕਾਲੜਾ*

-o-

ਪਿਆਰੇ ਬੱਚਾ ਕੁਲਜੀਤ ਜੀ,
ਸਤਿ ਸ੍ਰੀ ਅਕਾਲ ਅਤੇ ਸ਼ੁਭ ਇਛਾਵਾਂ।

ਤੁਹਾਡੀ ਚਿੱਠੀ ਮਿਲੀ। ਚਿਰ ਹੋਇਆ ਤੁਹਾਡੀ ਪੱਤ੍ਰਿਕਾ ਆਈ ਸੀ। ਚਿੱਠੀ ਤਾਂ ਆਪ ਜੀ ਵਲੋਂ ਲੇਟ ਹੈ - ਉਸੇ ਤਰ੍ਹਾਂ, ਜਿਵੇਂ ਗੱਡੀ 24 ਘੰਟੇ ਲੇਟ ਹੋਵੇ ਅਤੇ ਯਾਤਰੀ ਜੋਕ। ਗੱਡੀ ਦੇ ਵਕਤ ਸਿਰ ਪਹੁੰਚਣ ਦੀ ਵਾਹ ਵਾਹ ਕਰ ਉੱਠਣ। ਵਧੀਆ ਗੱਲ ਹੈ ਕਿ ਤੁਸੀਂ ਜਗਬਾਣੀ ਵਿਚ ਨਿਰੰਤਰ ਛਪ ਰਹੇ ਹੋ ਅਤੇ ਪੀ. ਐਚ. ਡੀ. ਕਰਨ ਬਾਰੇ ਵਿਚਾਰ ਹੈ। ਬਾਕੀ ਗੱਲਾਂ ਫਿਰ, ਹੁਣ ਮੈਂ ਇੱਕੋ ਗੱਲ ਕਰ ਰਿਹਾ ਕਿ ਮੇਰੇ ਪਰਮ ਮਿੱਤਰ ਸ੍ਰ: ਮੋਤਾ ਸਿੰਘ ਸਰਾਏ ਅੱਜ ਕੱਲ, ਆਪਣੇ ਵੀਰ ਸ੍ਰ: ਕੁਲਵਿੰਦਰ ਸਿੰਘ ਪ੍ਰਿੰਸੀਪਲ ਸਰਕਾਰੀ ਹਾਇਰ ਸੈਕੰਡਰੀ ਸਕੂਲ, ਬੁੰਡਾਲਾ, ਜ਼ਿਲ੍ਹਾ ਜਲੰਧਰ ਕੋਲ ਪਹੁੰਚੇ ਹੋਏ ਹਨ। ਉਹ ਪੰਜਾਬੀ ਸੱਥ ਦੇ ਵਧੀਆ ਕਾਰਕੁੰਨ ਹਨ। ਉਨ੍ਹਾਂ ਨੂੰ ਮੈਂ ਤੁਹਾਡਾ ਸਿਰਨਾਵਾਂ ਅਤੇ ਟੈਲੀਫੋਨ ਦੇ ਰਿਹਾ ਹਾਂ। ਉਹ ਤੁਹਾਡੇ ਨਾਲ ਸੰਪਰਕ ਕਰਨਗੇ। ਤੁਸੀਂ ਉਨ੍ਹਾਂ ਨੂੰ ਮਿਲ ਸਕਦੇ ਹੋ। ਉਹ ਤੁਹਾਡਾ ਠਹਿਰਣ ਦਾ ਵੀ ਇੰਤਜ਼ਾਮ ਕਰਨਗੇ।

ਆਪਣਿਆਂ ਤੋਂ ਆਪਣਾ

*ਸੁਰਜੀਤ ਸਿੰਘ ਕਾਲੜਾ*

-o-

27/4/04

**ਬਹੁਤ ਹੀ ਪਿਆਰੀ ਲਾਡਲੀ ਸਾਹਿਤਕਾਰ ਬੱਚੀ**
**ਕੁਲਜੀਤ,**

ਢੇਰ ਸਾਰੀਆਂ ਸ਼ੁਭ ਇੱਛਾਵਾਂ ਅਤੇ ਸਤਿ ਸ੍ਰੀ ਅਕਾਲ।

ਸਰਦਾਰ ਮੋਤਾ ਸਿੰਘ ਨਾਲ ਗੱਲਬਾਤ ਹੁੰਦੀ ਰਹਿੰਦੀ ਹੈ। ਅਕਸਰ ਤੁਹਾਡਾ ਜ਼ਿਕਰ ਹੁੰਦਾ ਹੈ। ਪਿੱਛੇ ਜਿਹੇ ਤੁਸੀਂ ਫੰਕਸ਼ਨ ਤੇ ਜਲੰਧਰ ਪਹੁੰਚੇ ਸੀ ਅਤੇ ਅੱਜ ਤੁਹਾਡੀ ਲੰਬੀ ਚੌੜੀ ਚਿੱਠੀ, ਕਿਤਾਬ ਵਿਚ ਛਪੀਆਂ ਕਵਿਤਾਵਾਂ ਬਾਰੇ ਉਨ੍ਹਾਂ ਨੂੰ ਮਿਲੀ ਹੈ। ਮੈਂ ਨਵੇਂ ਸਾਲ 2004 ਦਾ ਸ਼ੁਭ ਕਾਮਨਾਵਾਂ ਭੇਜਦਾ ਹੋਇਆ ਕਾਰਡ ਤੁਹਾਨੂੰ ਭੇਜਿਆ ਸੀ। ਉਹ ਮਿਲਿਆ ਨਹੀਂ ਹੋਣਾ, ਵਰਨਾ ਤੁਸੀਂ ਜੁਆਬ ਜ਼ਰੂਰ ਦੇਂਦੇ। ਕੋਈ ਗੱਲ ਨਹੀਂ।

ਤੁਹਾਡੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਪੜ੍ਹਦੇ ਰਹੀ ਦਾ ਹੈ। ਬਹੁਤ ਸੋਹਣਾ ਲਿਖ ਰਹੇ ਹੋ। ਖਿਆਲਾਂ ਤੇ ਪਕੜ ਕਲਮ ਦੀ ਵਧ ਰਹੀ ਹੈ। ਹਰ ਲਾਇਨ ਅਸਲੀਅਤ ਦੇ ਬਹੁਤ ਨੇੜੇ ਹੁੰਦੀ ਹੈ। ਜੋ ਵੀ ਲਿਖਦੇ ਹੋ, ਜਿੱਥੇ ਉਹ ਸਮਾਜ ਦਾ ਦਰਪਣ ਹੁੰਦਾ ਹੈ। ਉੱਥੇ ਬਨਾਵਟ ਤੋਂ ਰਹਿਤ ਹੁੰਦਾ ਹੈ - ਐਨ ਪਾਸੇ ਦਾ 24 ਕੈਰਿਟ ਸੋਨਾ। ਹਰ ਫਿਕਰਾ ਸਹਿ ਸੁਭਾ ਦਿਲ ਦੀ ਵੇਦਨਾ ਕਹਿ ਰਿਹਾ ਹੁੰਦਾ ਹੈ। ਪਤਾ ਲੱਗਾ ਹੈ ਕਿ ਤੁਸੀਂ ਪੀ. ਐੱਚ. ਡੀ. ਕਰਨ ਦੀ ਸੋਚ ਰਹੇ ਹੋ। ਬੜਾ ਵਧੀਆ ਵਿਚਾਰ ਹੈ। ਵਾਹਿਗੁਰੂ ਤੁਹਾਡੀ ਸਧਰ ਨੂੰ ਟੀਚੇ ਵਿਚ ਉਲਧਾਣ ਵਿਚ ਸਹਾਈ ਹੋਵੇ। ਮੇਰੇ ਲਾਇਕ ਕੋਈ ਸੇਵਾ

ਹੋਵੇ ਤਾਂ ਦੱਸਣਾ ਜੀ। ਮਾਤਾ ਪਿਤਾ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਸਾਡੇ ਸਾਰਿਆਂ ਵੱਲੋਂ ਯਾਦ ਅਤੇ ਸਤਿ ਸ੍ਰੀ ਅਕਾਲ। ਉਹ ਦਿਨ ਦੂਰ ਨਹੀਂ ਜਦੋਂ ਤੁਹਾਡੇ ਦਰਸ਼ਨ ਇੰਗਲੈਂਡ ਹੋਣਗੇ।

ਰੱਬ ਰਾਖਾ।

*ਵਿਸ਼ਵਾਸ ਪਾਤਰ*
*ਸੁਰਜੀਤ ਸਿੰਘ ਕਾਲੜਾ*

–o–

ਕੁਲਜੀਤ ਜੀ, ਸਲਾਮ

ਪੰਜਾਬੀ ਗ਼ਜ਼ਲ ਵਿਚ ਜਿਹੜੇ ਕੁਝ ਇੱਕ ਨਵੇਂ ਨਾਂਅ ਸਾਹਮਣੇ ਉਭਰਕੇ ਆਪਣੀ ਪਹਿਚਾਣ ਬਣਾ ਰਹੇ ਹਨ ਉਨ੍ਹਾਂ ਵਿਚ ਕੁਲਜੀਤ ਗਜ਼ਲ ਦਾ ਨਾਂਅ ਮੋਹਰਲਿਆਂ ਵਿਚ ਆਉਂਦਾ ਹੈ। ਬਹੁਤ ਸਾਰੀਆਂ ਗ਼ਜ਼ਲਾਂ ਪੜ੍ਹੀਆਂ ਹਨ ਮੈਂ ਤੁਹਾਡੀਆਂ ਜ਼ਿਆਦਾ ਗ਼ਜ਼ਲਾਂ ਮੈਂ ਜਗਬਾਣੀ ਵਿਚ ਹੀ ਪੜ੍ਹ ਸਕਿਆ ਹਾਂ। ਤੁਹਾਡੀ ਇਨੀਂ ਦਿਨੀਂ ਪੜ੍ਹੀ ਗਜ਼ਲ ਮੇਰੇ ਸਾਹਮਣੇ ਹੈ।
ਕਿਸੇ ਦਿਲਦਾਰ ਨੂੰ......

ਤੁਸੀਂ ਇਕੋ ਇਕ ਅਜਿਹੀ ਗਜ਼ਲਕਾਰ ਹੋ ਜਿਸ ਦੀ ਸ਼ਾਇਰੀ ਗੀਤਾਂ ਦੇ ਬਹੁਤ ਨੇੜੇ ਹੈ। ਜਿਸ ਤਰ੍ਹਾਂ ਪੰਕਜ ਉਧਾਸ ਦੀਆਂ ਗਾਈਆਂ ਗਜ਼ਲਾਂ ਹੁੰਦੀਆਂ ਹਨ। ਇਹੋ ਜਿਹੀ ਸ਼ਾਇਰੀ ਪਾਠਕ ਦੇ ਅੰਦਰ ਬਹੁਤ ਛੇਤੀ ਆਪਣੀ ਥਾਂ ਬਣਾਉਂਦੀ ਹੈ। ਇਹ ਦਰਦ ਹਰ ਕਿਸੇ ਨੂੰ ਆਪਣਾ ਦਰਦ ਜਾਪਦਾ ਹੈ। ਮੈਂ ਕੁੱਝ ਸਾਲ ਪਹਿਲਾਂ ਸ਼ਾਮ ਸਹੋਤਾ ਅਤੇ ਜਗਜੀਤ ਜ਼ੀਰਵੀ ਦੀਆਂ ਅਵਾਜ਼ 'ਚ ਇੱਕ ਐਲਬਮ ਰਿਕਾਰਡ ਕੀਤੀ ਸੀ। ਜਿਸ ਵਿਚ ਇਹੋ ਦਰਦ ਨਾਲ ਇਕਮਿਕ ਹੋਈਆਂ ਗਜ਼ਲਾਂ ਹੀ ਚੁਣੀਆਂ ਸਨ। ਫਿਲਮ ਮੇਕਿੰਗ ਨਾਲ ਜੁੜਿਆ ਹੋਣ ਕਰਕੇ ਮੁੰਬਈ ਤੋਂ ਜਦੋਂ ਵੀ ਆਉਂਦਾ ਹੈ। ਤਾਂ ਪਹਿਲਾ ਵਧੀਆ ਸਾਹਿਤ ਅਤੇ ਵਧੀਆ ਸ਼ਾਇਰੀ ਦੀ ਹੀ ਤਲਾਸ਼ ਰਹਿੰਦੀ ਹੈ ਅਤੇ ਉਸ ਵਧੀਆ ਸ਼ਾਇਰੀ ਵਿਚ ਤੁਹਾਡੀਆਂ ਗਜ਼ਲਾਂ ਨੇ ਆਪਣੀ ਥਾਂ ਬਣਾਈ ਹੈ। ਇਸ ਲਈ ਮੇਰੇ ਵੱਲੋਂ ਮੁਬਾਰਕਾਂ ਕਬੂਲ ਕਰਨੀਆਂ। ਕੀ ਤੁਹਾਡਾ ਕੋਈ ਗਜ਼ਲ ਸੰਗ੍ਰਹਿ ਵੀ ਛਪਿਆ ਹੈ ਜਾਂ ਨਹੀਂ? ਸ਼ਾਇਰੀ ਕਰਨਾ ਨੰਗੇ ਪਿੰਡੇ ਛਮਕਾਂ ਸਹਿਣ ਵਰਗੀ ਗੱਲ ਹੁੰਦੀ ਹੈ। ਇਸ ਲਈ ਇਸ ਮੈਦਾਨ ਵਿਚ ਡਟੇ ਰਹਿਣ ਦੀ ਲੋੜ ਹੈ। ਅਗਰ ਵਿਹਲ ਮਿਲੀ ਤਾਂ ਖ਼ਤ ਦਾ ਜੁਆਬ ਜ਼ਰੂਰ ਦੇਣਾ।

*ਤੁਹਾਡਾ ਹਿਤੂ*
*ਸੁਖਵਿੰਦਰ ਸੇਖੋਂ*

–o–

**ਨਾਭਾ**

19/12/2002

ਸਤਿਕਾਰਯੋਗ ਰੂਹ ਗ਼ਜ਼ਲ ਜੀ,
ਨਿੱਘੀ ਯਾਦ ਅੱਪੜੇ।

ਕੁਲਜੀਤ! ਮੁਆਫ਼ੀ ਚਾਹੁੰਦਾ ਹਾਂ, ਤੁਹਾਡੇ ਖ਼ਤ ਦਾ ਜੁਆਬ ਕਾਫੀ ਦੇਰ ਨਾਲ ਦੇ ਰਿਹਾ ਹਾਂ। ਦਰਅਸਲ ਮੈਂ ਛੁੱਟੀ ਉਪਰ ਸੀ, ਦਸੰਬਰ 'ਚ ਹੀ ਵਾਪਿਸ ਪਹੁੰਚਿਆ ਹਾਂ। ਸੋ ਫੀਲ ਨਾ ਕਰਨਾ।

ਸੱਚ ਮੈਂ ਘਰ ਦੋ-ਤਿੰਨ ਵਾਰ ਫੋਨ ਕੀਤਾ ਸੀ, ਇਕ ਵਾਰ ਤਾਂ ਕਿਸੇ ਲੇਡੀਜ਼ ਨੇ ਚੁੱਕਿਆ ਸੀ, ਤੁਸੀਂ ਘਰ ਨਹੀਂ ਸੀ, ਫਿਰ 2 ਕੁ ਦਿਨ ਬਾਅਦ ਕਾਲ ਕੀਤੀ, ਕਾਫੀ ਮੱਥਾ ਮਾਰਿਆ ਪਰ ਅਗੇਂਜ ਆ ਰਿਹਾ ਸੀ। ਚਲੋ ਕੋਈ ਗੱਲ ਨਹੀਂ। ਬਾਕੀ ਕੀ ਗੱਲ ਤੁਸੀਂ ਜਗਬਾਣੀ ਨੂੰ ਆਪਣੀ ਕੋਈ ਰਚਨਾ ਕਿਉਂ ਨਹੀਂ ਭੇਜਦੇ? ਕਈ ਦਿਨਾਂ ਤੋਂ ਜਗਬਾਣੀ ਆਪ ਜੀ ਦੀਆਂ ਰਚਨਾਵਾਂ ਬਿੰਨ ਸੁੰਨਾ ਜਿਹਾ ਰਿਹਾ। ਚਲੋ ਖੈਰ ਕੋਈ ਗੱਲ ਨਹੀਂ, ਬੇਸ਼ੱਕ ਥੋੜਾ ਲਿਖੋ, ਪਰ ਜਿੰਨਾ ਕੁ ਲਿਖੋ ਜਿਉਣ-ਜੋਗੀਆਂ ਰਚਨਾਵਾਂ ਲਿਖੋ, ਜੋ ਸੈਂਕੜੇ ਵਰ੍ਹੇ ਪਾਠਕਾਂ ਦੇ ਦਿਲਾਂ ਅੰਦਰ ਮਹਿਫੂਜ਼ ਰਹਿਣ।

ਅੱਛਾ ਤੁਸੀਂ ਮੇਰੇ ਬਾਰੇ ਪੁੱਛਿਆ, ਅਗਲੇ ਪੱਤਰ 'ਚ ਵੇਰਵੇ ਸਾਹਿਤ ਲਿਖਾਂਗਾਂ, ਬਾਕੀ ਤੁਹਾਡੇ ਪ੍ਰਤੀ ਮੈਂ ਜੋ ਕੁਝ ਹਾਂ। ਬੱਸ ਏਨਾ ਸਮਝੋ ਕਿ ਸਾਹਿਤ ਵਰਗਾ ਮਨੁੱਖ ਦਾ ਨਿਗਰ ਦੋਸਤ ਕੋਈ ਨਹੀਂ। ਸਾਹਿਤਕਾਰਾਂ ਲਈ ਮੇਰੇ ਦਿਲ ਵਿਚ ਅਥਾਹ ਸ਼ਰਧਾ ਹੈ, ਤੁਸੀਂ ਸਾਹਿਤਕਾਰ ਰੂਹਾਂ ਤਾਂ ਸਮਾਜ ਦਾ ਆਇਨਾ ਹੁੰਦੀਆਂ ਹੋ, ਅਸੀਂ ਪਾਠਕ ਲੋਕ ਤੁਹਾਡੇ 'ਚੋਂ ਆਪਣੇ ਸਭਿਆਚਾਰ ਦੀ ਝਲਕ ਦੇਖਦੇ ਹਾਂ। ਬੱਸ ਮੇਰਾ ਨਾਤਾ ਤੁਹਾਡੇ ਨਾਲ ਇਥੋਂ ਤੱਕ ਹੀ ਸੀਮਿਤ ਹੈ।

ਭੈਣ ਕੁਲਜੀਤ! ਤੁਸੀਂ ਪੱਤਰ ਜਲਦੀ ਲਿਖਣਾ, ਮੈਂ ਇੰਤਜ਼ਾਰ ਕਰਾਂਗਾ।
ਜੋ ਲਿਖ ਦਿੰਦਾ ਹਾਂ ਮੂੰਹੋਂ ਬੋਲ ਨ੍ਹੀ ਸਕਦਾ
ਦਿਲ ਰੋਂਦਾ ਹੈ ਪਰ ਅੱਥਰੂ ਡੋਲ੍ਹ ਨ੍ਹੀ ਸਕਦਾ
ਮਾੜੀ ਕਿਸਮਤ ਨੇ ਮੇਰੇ ਹੱਥ ਨੇ ਵੱਢ ਦਿੱਤੇ
ਰੱਬ ਵੰਡੇ ਖੁਸ਼ੀਆਂ ਮੈਂ ਅੱਡ ਝੋਲ ਨ੍ਹੀ ਸਕਦਾ।

ਦੁੱਖ, ਦਰਦ ਤੇ ਪੀੜ, ਇਹ ਮੇਰੇ ਰਿਸ਼ਤੇਦਾਰ।
ਇਹ ਮੇਰੇ ਅਹਿਸਾਨਮੰਦ, ਮੈਂ ਇਨ੍ਹਾਂ ਦਾ ਕਰਜ਼ਦਾਰ।
ਅੱਛਾ ਗਜ਼ਲ ਜੀ ਸਮਾਪਤ ਕਰਦਾ ਹਾਂ ਸਾਰੀ ਫੈਮਲੀ ਨੂੰ ਸਤਿ ਸ੍ਰੀ ਅਕਾਲ।

*ਤੁਹਾਡਾ ਵੀਰ : ਸੁਖਮਿੰਦਰ ਸਿੰਘ (ਬਠਿੰਡਾ)*
*ਜ਼ਿਲ੍ਹਾ ਜੇਲ ਨਾਭਾ, ਪਟਿਆਲਾ - 147201*

-o-

ਕੁਲਜੀਤ ਗ਼ਜ਼ਲ ਜੀ ਸਭ ਤੋਂ ਪਹਿਲਾ ਪਿਆਰ ਭਰੀ,
ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।

ਅੱਗੇ ਤੁਹਾਡਾ ਖਤ ਮਿਲਿਆ ਪੜ੍ਹ ਕੇ ਬਹੁਤ ਹੀ ਖੁਸ਼ੀ ਹੋਈ ਵੈਸੇ ਤੁਸੀਂ

ਸ਼ਾਇਦ ਮੈਨੂੰ ਅਤੇ ਮੇਰੇ ਜਜ਼ਬਾਤ ਸਮਝ ਹੀ ਨਹੀਂ ਸਕੇ ਜਾਂ ਫਿਰ ਮੈਂ ਹੀ ਇਹੋ ਜਿਹਾ ਹਾਂ ਕੇ ਮੈਨੂੰ ਕੋਈ ਸਮਝ ਨਹੀਂ ਸਕਦਾ ਕਿਉਂਕਿ ਸੋਚਣ ਦੇ ਮਾਮਲੇ 'ਚ ਮੈਂ ਕੁਛ ਜ਼ਿਆਦਾ ਹੀ ਔਵਰ ਚਲਦਾ ਹਾਂ ਮੈਨੂੰ ਤਲਾਸ ਸੀ ਇਕ ਚੰਗੇ ਦੀ ਕਿਉਂਕਿ ਰਾਇਟਰ ਉਹ ਨਹੀਂ ਸੋਚਦੇ ਜੋ ਹੋ ਚੁੱਕਿਆ ਉਹ ਹਮੇਸ਼ਾ ਉਹ ਸੋਚਦੇ ਹਨ ਜੋ ਹੋ ਸਕਦਾ ਹੈ ਇਹੀ ਸੱਚ ਹੈ ਮੈਂ ਆਪਣੀ ਜ਼ਿੰਦਗੀ ਵਾਰੇ ਕੁਝ ਜ਼ਿਆਦਾ ਹੀ ਸੋਚਦਾ ਰਹਿੰਦਾ ਹਾਂ ਸ਼ਾਇਦ ਮੇਰੀ ਤਾਲਾਸ਼ ਖ਼ਤਮ ਹੋ ਗਈ ਹੈ ਸ਼ਾਇਦ ਤੁਸੀਂ ਮੇਰੀ ਜ਼ਿੰਦਗੀ ਦੀ ਇਸ ਉਲਝੀ ਹੋਈ ਤਾਣੀ ਨੂੰ ਸੁਲਝਾਉਣ ਵਿਚ ਮੇਰੀ ਮਦਦ ਕਰ ਸਕਦੇ ਹੋ ਕਦੇ ਕਦੇ ਤਾਂ ਮੈਂ ਖੁਦ ਸੋਚ ਕੇ ਰੌਣ ਲੱਗ ਪੈਂਦਾ ਹੈ ਕਿ ਕੋਈ ਮੈਨੂੰ ਸਮਝ ਸਕਦਾ ਹੈ ਕਿ ਕੋਈ ਮੈਨੂੰ ਸਹੀ ਰਸਤਾ ਦਿਖਾ ਸਕਦਾ ਹੈ ਪਤਾ ਨਹੀਂ ਕਿਉਂ ਮੈਨੂੰ ਇੰਝ ਲਗਦਾ ਹੈ ਕਿ ਮੇਰੀ ਜ਼ਿੰਦਗੀ ਇਕ ਐਸੇ ਰਿਸਤੇ ਨਾਲ ਜੁੜੀ ਹੋਈ ਹੈ ਜੋ ਇਨਸਾਨ ਖੁਦ ਬਣਾਉਂਦਾ ਹੈ ਇਸ ਟਾਈਮ ਮੈਂ ਐਸੇ ਚੱਕਰ ਵਿਚ ਫਸਿਆ ਹਾਂ ਕੇ ਚਹੁੰਦਾ ਹੋਇਆ ਵੀ ਇਸ ਚੱਕਰ 'ਚੋਂ ਨਿਕਲ ਨਹੀਂ ਸਕਦਾ ਸ਼ਾਇਦ ਤੁਸੀਂ ਮੇਰੀ ਮਦਦ ਕਰ ਸਕਦੇ ਹੋ ਕੇ ਇਹ ਸਹੀ ਹੈ ਜਾਂ ਗਲਤ ਮੈਨੂੰ ਕੀ ਕਰਨਾ ਚਾਹੀਦਾ ਹੈ ਸ਼ਾਇਦ ਤੁਸੀਂ ਸਮਝ ਗਏ ਹੋਵੋਗੇ ਕੇ ਮੈਂ ਕੀ ਕਹਿਣਾ ਚਾਹੁੰਦਾ ਹਾਂ ਵੈਸੇ ਤਾਂ ਮੇਰਾ ਅਤੇ ਤੁਹਾਡਾ ਰਿਸ਼ਤਾ ਦੋਸਤੀ ਦਾ ਕਹਿ ਲਓ ਜਾਂ ਫੇਰ ਇਕ ਲੇਖਕ ਅਤੇ ਪਾਠਕ ਦਾ ਕਹਿ ਲਉ ਜਿਵੇਂ ਕੇ ਤੁਸੀਂ ਕਿਹਾ ਸੀ ਕਿ ਹਰ ਇਕ ਰਿਸਤਾ ਕਿਸੇ ਨਾ ਕਿਸੇ ਸਵਾਰਥ ਸਿਰਫ਼ ਇੰਨਾ ਹੀ ਹੈ ਕਿ ਸ਼ਾਇਦ ਤੁਸੀਂ ਮੈਨੂੰ ਸਹੀ ਰਸਤਾ ਦਿਖਾ ਸਕੋ ਤੁਸੀਂ ਮੈਨੂੰ ਗਲਤ ਨਾ ਸਮਝਣਾ ਕਿਉਂਕਿ ਮੇਰਾ ਦਿਲ ਬਿਲਕੁਲ ਸਾਫ਼ ਹੈ ਮੇਰੀ ਇਕ ਰੁਕਵਿਸਟ ਹੈ ਕਿ ਜੇ ਹੋ ਸਕੇ ਤਾਂ ਤੁਸੀਂ ਖ਼ਤ ਬੇਰੰਗ ਭੇਜ ਦੇਣਾ ਤਾਂ ਕੀ ਜਿਸਦੇ ਵਿਚ ਮੇਰੇ ਸਵਾਲਾਂ ਦੇ ਜਵਾਬ ਆ ਸਕਣ ਜੇਕਰ ਤੁਹਾਨੂੰ ਮੇਰੀ ਕੋਈ ਵੀ ਗੱਲ ਗਲਤ ਲੱਗੇ ਤਾਂ ਦੱਸ ਦੇਣਾ ਮੈਂ ਅੱਗੇ ਤੋਂ ਉਸ ਤਰ੍ਹਾਂ ਦੀ ਕੋਈ ਗੱਲ ਨਹੀਂ ਲਿਖਾਂਗਾ ਮੈਂ ਤੁਹਾਨੂੰ ਇਸ ਤਰ੍ਹਾਂ ਦੇ ਸਵਾਲ ਵੀ ਪੁੱਛਣਾ ਨਹੀਂ ਚਾਹੁੰਦਾ ਸੀ ਪਰ ਕੀ ਕਰਾ ਮਜਬੂਰ ਹਾਂ ਅੱਛਾ ਤਾਂ ਮੈਂ ਖ਼ਤ ਬੰਦ ਕਰ ਰਿਹਾ ਹਾਂ ਜੇਕਰ ਲਿਖਦੇ ਹੋਏ ਕੋਈ ਗਲਤੀ ਹੋ ਗਈ ਹੋਵੇ ਆਪਣਾ ਅਣਜਾਣ ਪਾਠਕ ਸਮਝ ਕੇ ਮੁਆਫ਼ ਕਰ ਦੇਣਾ ਖ਼ਤ ਪੜ੍ਹਦੇ ਸੁਣਦਿਆਂ ਨੂੰ ਪਿਆਰ ਭਰੀ ਸੱਤ ਸ੍ਰੀ ਅਕਾਲ ਪ੍ਰਵਾਨ ਕਰਨੀ।

***ਤੁਹਾਡਾ ਪਾਠਕ***
***ਸ਼ੁਸੀਲ ਕੁਮਾਰ***

–o–

ਰਿਸਪੈਕਟਡ ਦੀਦੀ ਕੁਲਜੀਤ ਜੀ,
ਨਿੱਘੀ ਯਾਦ ਅੱਪੜੇ!

ਕਿਵੇਂ ਦੱਸਾਂ? ਕਿ ਨਾਭੇ ਵਿਚ ਮੇਰੀ ਜ਼ਿੰਦਗੀ ਦੇ ਦਿਨ ਕਿਵੇਂ ਨਿਕਲਦੇ ਨੇ। ਨਾ ਪੁੱਛੋਂ? ਕਿਸ ਤਰ੍ਹਾਂ ਦਿਲ 'ਚੋਂ ਮੇਰੇ ਅਰਮਾਨ ਨਿਕਲੇ ਨੇ। ਜੁਦਾਈ, ਦਰਦ, ਹੰਝੂ, ਹਉਂਕਿਆਂ ਲਈ ਸੁਕਰੀਆਂ God ਦਾ, ਇਹ ਮੇਰੀ ਸ਼ਾਇਰੀ ਦੇ ਵਾਸਤੇ ਵਰਦਾਨ ਨਿਕਲੇ ਨੇ॥

**ਹੈਪੀ ਨਿਊ ਈਅਰ**

ਦੀਦੀ! ਤੁਹਾਡੀ Life ਲਈ ਹਰ ਦਿਨ ਨਵੇਂ ਸਾਲ ਵਰਗਾ ਤੇ ਹਰ Night ਦੀਵਾਲੀ ਦੀ Night ਜਿਹੀ ਰੁਸ਼ਨਾਈ ਜਾਵੇ। ਤੁਹਾਡਾ ਸਾਰਾ ਜੀਵਨ ਜਸ਼ਨਾਂ ਜਿਹਾ ਖ਼ੂਬਸੂਰਤ ਹੋਵੇ, ਤੁਹਾਡੇ ਚਾਅਵਾਂ ਦੀਆਂ ਫੁੱਲਵਾੜੀਆਂ ਹਰ ਰੁੱਤ ਤੇ ਮੌਸਮ ਵਿਚ ਖਿੜਦੀਆਂ ਤੇ ਖੁਸ਼ਬੂਆਂ ਖਿਲੇਰਦੀਆਂ ਰਹਿਣ। ਤੇ ਤੁਹਾਡੇ ਵੀਰ 'ਸੁੱਖੀ' ਪ੍ਰਤੀ ਮੋਹ-ਮੁੱਹਬਤ ਤੇ ਅਪਣੱਤ ਦੀਆਂ ਮਹਿਕਾਂ ਵੰਡਦਿਆਂ ਤੁਹਾਡਾ ਸਾਹ ਨਾ ਮਿਉਂਵੇਂ? ਮੇਰੀ ਅੰਤਰੀਵ ਮਨੋ ਇਹੋ ਕਾਮਨਾ ਹੈ। ਦੀਦੀ! ਕੱਲ੍ਹ ਹੀ ਤੁਹਾਡਾ ਪੱਤਰ ਮਿਲਿਆ, ਤੁਸਾਂ ਜੋ ਮੋਹ ਤੇ ਅਪਣੱਤ ਦੀ ਮਹਿਸੂਸਗੀ ਦਾ ਨਿੱਘ ਮੇਰੇ ਤੀਕ ਅੱਪੜਦਾ ਕੀਤਾ ਤੇ ਮੇਰੀ Poem ਦੀ ਪ੍ਰਸ਼ੰਸਾ ਕੀਤਾ, ਤੁਹਾਡਾ ਬਹੁਤ ਬਹੁਤ ਸੁਕਰੀਆ। ਥੋੜ੍ਹੇ ਜਿਹੇ ਦਿਨ ਹੋਏ ਤੁਹਾਡੀ Poem ਛਪੀ ਸੀ, ਬਹੁਤ ਹੀ ਪਸੰਦ ਆਈ, ਪਰ ਦੀਦੀ! ਤੁਸੀਂ ਗ਼ਜ਼ਲਾਂ ਵਗੈਰਾਂ ਹੀ ਇਕੱਲੀਆਂ ਕਿਉਂ ਲਿਖਦੇ ਹੋ? ਕੋਈ ਕਹਾਣੀ, ਆਰਟੀਕਲ ਕਿਉਂ ਨਹੀਂ ਲਿਖਦੇ, ਮੈਂ ਇਹ ਯਕੀਨ ਨਾਲ ਕਹਿੰਦਾ ਹਾਂ ਕਿ ਤੁਹਾਡੀਆਂ ਕਹਾਣੀਆਂ, ਆਰਟੀਕਲ ਲੋਕ ਦਿਲਾਂ ਵਿਚ ਹਜ਼ਾਰਾਂ ਵਰ੍ਹੇ ਮਹਿਫੂਜ਼ ਰਹਿਣਗੇ। ਸੋ Please ਤੁਸੀਂ ਲਿਖਣ ਦੀ ਟਰਾਈ ਕਰੋ, Life ਵਿਚ ਜੋ ਲੋਕ ਡਿਜ਼ਰਵ ਕਰਦੇ ਨੇ, ਸਫਲਤਾ ਉਨ੍ਹਾਂ ਸਖ਼ਸ਼ੀਅਤਾਂ ਦੇ ਜ਼ਰੂਰ ਕਦਮ ਚੁੰਮਦੀ ਹੈ।

ਦੀਦੀ! ਤੁਹਾਡੀ ਕਲਮ ਕਲਪਨਾ ਦੀ ਮੁਹਤਾਜ ਨਹੀਂ, ਤੁਸੀਂ ਜੋ ਵੀ ਲਿਖਦੇ ਹੋ, ਯਦਾਰਥ 'ਚੋਂ ਲਫ਼ਜ਼ ਟੋਲ ਕੇ ਲਿਖਦੇ ਹੋ। ਦੀਦੀ! ਮੇਰੇ ਸ਼ਬਦਾਂ ਵਿਚ ਕਿਸੇ ਕਿਸਮ ਦਾ ਅਡੰਬਰ ਜਾਂ ਰਿਵਾਇਤੀ ਵਡਿਆਈ ਨਹੀਂ, ਸਗੋਂ ਤੁਹਾਡੀ ਕਲਮ ਪ੍ਰਸ਼ੰਸਾ ਲਈ ਵਾਸਤਵ ਵਿਚ ਇਸਦੀ ਹੱਕਦਾਰ ਹੈ। ਬਾਕੀ ਦੀਦੀ ਤੁਸੀਂ ਆਪਣੇ ਸਾਹਿਤਕ ਜੀਵਨ, ਤੇ ਫੈਮਲੀ ਬਾਰੇ ਜ਼ਰੂਰ ਜਾਣਕਾਰੀ ਦੇਣੀ, ਮੇਰੇ ਆਡੀਏ ਵਿਚ ਤੁਸੀਂ ਟੀਚਰ ਹੋ? ਕਿ ਨਹੀਂ? ਮੈਂ ਆਪਣੇ ਬਾਰੇ ਤੁਹਾਨੂੰ ਫੋਨ ਤੇ ਦੱਸਾਂਗਾ? ਹੋਰ ਘਰ ਪਰਿਵਾਰ ਦੀ ਖੈਰੀਅਤ ਲਿਖਣੀ।

Note:- ਦੀਦੀ! ਮੈਂ ਤੁਹਾਨੂੰ ਆਪਣੀ ਮੈਰਿਜ ਤੇ ਜ਼ਰੂਰ ਸੱਦਾ-ਪੱਤਰ ਭੇਜਾਂਗਾ। ਜ਼ਰੂਰ ਆਇਓ? ਅੱਛਾ! ਹੋਰ ਸਭ ਖੈਰੀਅਤ ਹੈ। ਤੁਹਾਡੇ ਪੱਤਰ ਦੀ Wait ਬਰੂਹਾਂ ਤੇ ਖਲੋ ਕੇ ਕਰਾਂਗਾ।

ਤੁਹਾਡਾ ਵੀਰ,<br>ਸੁਖਮੰਦਰ ਸਿੰਘ 'ਬਠਿੰਡਾ'

-o-

ਬੀਬਾ ਕੁਲਜੀਤ

ਆਸ ਹੈ ਤੂੰ ਠੀਕ ਠਾਕ ਹੋਵੇਗੀ। ਤੇਰੀ M.A. ਦੀ ਪੜ੍ਹਾਈ ਵੀ ਠੀਕ ਠਾਕ ਹੋਵੇਗੀ। ਤੂੰ ਵੱਧ ਤੋਂ ਵੱਧ ਮਿਹਨਤ ਕਰਕੇ ਚੰਗੇ ਨੰਬਰ ਲੈਣੇ ਹਨ। ਫਿਰ Ph.D. (ਡ੍ਰਾਕਟਰੇਟ) ਕਰਨੀ ਤੇ ਯੂਨੀਵਰਸਿਟੀ ਪੜ੍ਹਨਾ ਹੈ। ਘੱਟੋ ਘੱਟ ਤੇਰੀ ਇਹੋ ਮੰਜ਼ਲ ਹੋਣੀ ਚਾਹੀਦੀ ਹੈ।

8 ਸਤੰਬਰ ਨੂੰ ਮੈਂ ਤੇਰੇ ਪਿੰਡ ਕੋਲੋਂ ਲੰਘਕੇ ਗੁਰਦਾਸਪੁਰ ਗਿਆ ਸੀ। ਉਥੇ ਪ੍ਰਿੰਸੀਪਲ ਸੁਜਾੜ ਸਿੰਘ ਦੀ ਯਾਦ ਵਿਚ ਸਮਾਗਮ ਸੀ। ਵਾਪਸੀ ਸਮੇਂ ਹਨੇਰਾ ਹੋ ਗਿਆ ਸੀ। ਨਹੀਂ ਤਾਂ ਤੇਰਾ ਪਿੰਡ ਦੇਖ ਕੇ ਆਉਂਦੇ। ਮੇਰੇ ਨਾਲ ਹੋਰ ਲੇਖਕ ਸਨ।

ਸੁਰਜੀਤ ਬਰਾੜ (ਅਲੋਚਕ) ਬਲਦੇਵ ਸਿੰਘ, ਤੇ ਅਤਰਜੀਤ ਦੋਨੋਂ ਕਹਾਣੀਕਾਰ ਸਨ। ਮੇਰਾ ਭੇਜਿਆ ਚਾਰਟਰ ਜਿਸ ਵਿਚ ਤੇਰੀਆਂ ਗ਼ਜ਼ਲਾਂ ਛਪੀਆਂ ਸਨ ਮਿਲ ਗਿਆ ਹੋਵੇਗਾ। ਅਮਰਦੀਪ ਨੂੰ ਲਿਸ਼ਕਾਰਾ ਚੈਨਲ ਵਲੋਂ ਸਰਬ ਉੱਤਮ ਗੀਤਕਾਰ, ਵਜੋਂ ਸਨਮਾਨਿਆ ਗਿਆ ਹੈ। ਤੈਨੂੰ ਪਤਾ ਲੱਗ ਗਿਆ ਹੋਵੇਗਾ ਉਸਦੀ ਨਵੀਂ ਕੈਸਟ ਹੰਸ ਰਾਜ ਹੰਸ ਦੇ ਬੋਲਾ ਵਿਚ 17 ਸਤੰਬਰ ਨੂੰ ਰੀਲੀਜ਼ ਹੋਵੇਗੀ। ਇਸ ਸਬੰਧੀ ਉਹ ਬੰਬਈ ਗਿਆ ਹੋਇਆ ਹੈ। ਤੇਰੀ ਪੜ੍ਹਾਈ ਵਿਚ ਜੇਕਰ ਅਸੀਂ ਕੋਈ ਸਹਾਇਤਾ ਕਰ ਸਕਦੇ ਹੋਈਏ ਤਾਂ ਦੱਸੀ।

ਮੇਰੇ ਵਲੋਂ ਸਾਰੇ ਪਰਿਵਾਰ ਨੂੰ ਫਤਿਹ

***ਤੇਰਾ ਬਾਬਾ***

***P.S ਤੇਰੇ ਭਰਾਵਾਂ ਵਲੋਂ ਵੀ ਤੈਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ***

–o–

**19/1/2007**

ਸਤਿ ਸ੍ਰੀ ਅਕਾਲ।

ਮੇਰਾ ਲਿਖਣਾ ਕਾਫੀ ਸਮੇਂ ਤੋਂ ਬੰਦ ਹੈ। ਪਰ ਪੜ੍ਹਨਾ ਨਹੀਂ ਛੱਡਿਆ। ਅਖ਼ਬਾਰਾਂ ਤੇ ਮੈਗਜ਼ੀਨ ਦੇ ਪੜ੍ਹਨ ਲਈ ਸਮਾਂ ਕੱਢ ਹੀ ਲੈਨਾ ਹਾਂ।

ਪਿਛਲੇ ਕਾਫੀ ਸਮੇਂ ਤੋਂ ਆਪ ਦੀ ਕੋਈ ਲਿਖਤ ਮੇਰੀ ਨਜ਼ਰੀ ਨਹੀਂ ਪਈ। ਸੋਚਿਆ ਸ਼ਾਇਦ ਕੁਲਜੀਤ ਵਿਦੇਸ਼ ਚਲੀ ਗਈ ਹੋਵੇਗੀ।

ਅੱਜ ਧੁੱਪ 'ਚ ਬੈਠਾ 'ਰੂਪਾਂਤਰ 51' ਪੜ੍ਹ ਰਿਹਾ ਸਾਂ ਬਹੁਤ ਵਧੀਆਂ ਪਰਚਾ ਹੈ। ਪਿਛਲੇ ਕਈ ਸਾਲਾਂ ਤੋਂ ਮੈਂ ਇਸ ਦਾ ਪਾਠਕ ਹਾਂ। ਅੰਤ ਵਿਚ ਮੇਰੇ ਮਨਭਾਉਂਦਾ ਕਾਲਮ "ਗੱਲਾਂ 'ਚੋਂ ਗੱਲ" ਵਿਚ ਆਪ ਦਾ ਪੱਤਰ ਪੜ੍ਹਿਆ ਤਾਂ ਮਨ ਖੁਸ਼ ਹੋ ਗਿਆ ਕਿ ਕੁਲਜੀਤ ਗਜ਼ਲ਼ ਏਧਰ ਹੀ ਹੈ, ਤੇ ਹੁਣ ਵੀ ਲਿਖਦੀ ਹੈ।

ਅੰਤ ਵਿਚ ਆਪ ਨੂੰ ਪੰਜਾਬੀ ਅਕਾਦਮੀ ਦਿੱਲੀ ਵਲੋਂ ਗਣਤੰਤਰ ਦਿਵਸ ਪੰਜਾਬੀ ਕਵੀ ਦਰਬਾਰ ਲਈ ਵਿਸ਼ੇਸ਼ ਸੱਦਾ-ਪੱਤਰ ਮਿਲਣ 'ਤੇ ਦਿੱਲੀ ਮੁਬਾਰਕਾਂ ਹੋਵਣ।

***ਸੁਭਚਿੰਤਕ***
***ਸੁਖਵਿੰਦਰ ਹੈਪੀ***

–o–

**18/03/2002**

ਸਤਿਕਾਰਯੋਗ ਕੁਲਜੀਤ ਜੀ,

ਮੇਰੇ ਦਿਲ ਅੰਦਰ ਅਕਸਰ ਇਕ ਖ਼ਿਆਲ ਆਇਆ ਕਰਦਾ ਹੈ ਕਿ ਵਿਆਹ ਹੋਣ ਤੋਂ ਬਾਅਦ ਮੈਨੂੰ ਘੱਟੋ-ਘੱਟ ਇਕ ਬੇਟੀ ਦਾ ਪਿਤਾ ਬਨਣ ਦਾ ਸੁਭਾਗ ਜ਼ਰੂਰ ਪ੍ਰਾਪਤ ਹੋਵੇ ਅਤੇ "ਜਗਬਾਣੀ" (16.03.2002) ਵਿਚ ਤੁਹਾਡੀ ਕਹਾਣੀ "ਲੈਣ ਦਾ ਦੇਣ" ਪੜ੍ਹਣ ਤੋਂ ਬਾਅਦ ਮੇਰੇ ਮਨ ਅੰਦਰ ਇਕ ਹੋਰ ਖ਼ਿਆਲ ਨੇ ਜਨਮ ਲਿਆ

ਹੈ ਕਿ ਮੇਰੀ ਉਹ ਬੇਟੀ ਤੁਹਾਡੀ ਇਸ ਕਹਾਣੀ ਦੀ ਨਾਇਕਾ ਵਾਗ ਬਹਾਦੁਰ ਅਤੇ ਜੁਰਅੱਤ-ਪਸੰਦ ਹੋਵੇ। ਮੈਂ ਤੁਹਾਡੀ ਇਸ ਕਹਾਣੀ ਵਿਚਲੀ ਨਾਇਕਾ ਦੀ ਦਲੇਰੀ ਅਤੇ ਅਣਖ ਨੂੰ ਬੇਇੰਤਹਾ ਸ਼ਰਧਾ ਸਹਿਤ ਸਲਾਮ ਪੇਸ਼ ਕਰਦਾ ਹਾਂ।

*ਧੰਨਵਾਦ ਸਹਿਤ੍ਰ*
*ਐੱਸ. ਐੱਮ. ''ਪਿਆਸਾ''*
*149-ਫ੍ਰੈਂਡਜ਼ ਐਵੀਨਿਊ ਮਜੀਠਾ ਰੋਡ*
*(ਪਾਵਰ ਕਾਲੋਨੀ ਦੇ ਸਾਹਮਣੇ)*
*ਡਾਕਖਾਨਾ - ਖੰਨਾ ਨਗਰ*
*ਅੰਮ੍ਰਿਤਸਰ (143004)*

-o-

ਕੁਲਜੀਤ ਜੀ,
ਨਿੱਘੀ-ਨਿੱਘੀ ਯਾਦ ਤੇ ਸਤਿ ਸ੍ਰੀ ਅਕਾਲ ਪ੍ਰਵਾਨ ਹੋਵੇ।

ਤੁਹਾਡਾ ਖ਼ਤ ਪੜ੍ਹਿਆ ਇਕ ਅਣਹੋਣੀ ਜਿਹੀ ਖੁਸ਼ੀ ਦਿਲ ਨੂੰ ਹੁਲਾਰਾ ਜਿਹਾ ਮਾਰ ਗਈ, ਇਕ ਮਸਤ ਜਿਹੀ ਖੁਸ਼ਬੂ ਸਾਹਾਂ ਅੰਦਰ ਰਲ ਗਈ, ਜਿਵੇਂ ਮੁੜ ਨਵੇਂ ਸਿਰੇ ਤੋਂ ਜ਼ਿੰਦਗੀ ਜਿਉਣ ਦੀ ਆਸ ਜਿਹੀ ਉੱਠ ਖਲੋਤੀ।

ਕੁਲਜੀਤ ਜੀ, ਮੈਨੂੰ ਕੋਈ ਆਰਥਿਕ ਸਮੱਸਿਆ ਨਹੀਂ ਸੀ ਜੋ ਮੈਂ ਪੜ੍ਹ ਨਹੀਂ ਸਕਿਆ ਬਸ ਦਿਲ ਹੀ ਨਹੀਂ ਕੀਤਾ ਤੇ ਹੁਣ ਤਾਂ ਬਸ ਉੱਕਾ ਹੀ ਮਨ ਨਹੀਂ ਕਰਦਾ।

ਪਰ ਮੈਨੂੰ ਪੜ੍ਹਨ ਤੇ ਲਿਖਣ ਦਾ ਬਹੁਤ ਸ਼ੌਕ ਹੈ, ਖਾਸ ਕਰ ਲਿਖਣ ਦਾ ਜਦੋਂ ਵੀ ਮੈਨੂੰ ਟਾਇਮ ਮਿਲਦਾ ਹੈ ਕੁਝ ਨਾ ਕੁਝ ਲਿਖਦਾ ਹੀ ਰਹਿੰਦਾ ਹਾਂ, ਮੈਂ ਗੀਤ ਵੀ ਬਹੁਤ ਲਿਖ ਰੱਖੇ ਹਨ। ਪਰ ਕਿਸੇ ਨੂੰ ਅਜੇ ਤੱਕ ਦਿੱਤੇ ਨਹੀਂ ਐਨਾ ਕਦੇ ਮੌਕਾ ਹੀ ਨਹੀਂ ਮਿਲਿਆ। ਮੇਰਾ ਦਿਲ ਬਹੁਤ ਚਹੁੰਦਾ ਹੈ ਕਿ ਮੇਰਾ ਵੀ ਕੁਝ ਨਾਂ ਹੋਵੇ। ਜੇਕਰ ਤੁਹਾਡੇ ਜਿਹੇ ਦੋਸਤਾਂ ਤੋਂ ਹੌਸਲਾ ਮਿਲਦਾ ਰਿਹਾ ਤੇ ਉਸ ਪ੍ਰਮਾਤਮਾ ਦੀ ਕ੍ਰਿਪਾ ਰਹੀ ਤਾਂ ਜ਼ਰੂਰ ਕਾਮਯਾਬ ਹੋਵਾਂਗਾ।

ਕੁਲਜੀਤ ਜੀ, ਤੁਹਾਡੀਆਂ ਪੈੜਾਂ ਤੇ ਤੁਰਨ ਦਾ ਯਤਨ ਕਰ ਰਿਹਾ ਹਾਂ ਤੇ ਉਂਗਲੀ ਵੀ ਤੁਹਾਡੀ ਹੀ ਫੜੀ ਹੈ। ਮੇਰਾ ਜ਼ਰੂਰ ਧਿਆਨ ਰੱਖਿਉ ਮੈਂ ਆਪਣੀਆਂ ਦੋ ਰਚਨਾਵਾਂ ਭੇਜ ਰਿਹਾ ਹਾਂ ਕੁਝ ਗਲਤ ਹੋਣ ਤਾਂ ਠੀਕ ਕਰ ਦੇਣਾ ਤੇ ਮੇਰੀ ਗਲਤੀ ਮੈਨੂੰ ਦੱਸ ਦੇਣਾ ਮੈਂ ਸੁਧਾਰ ਕਰਾਂਗਾ। ਤੁਹਾਡਾ ਬਹੁਤ-ਬਹੁਤ ਧੰਨਵਾਦੀ ਹੋਵਾਂਗਾ।

ਮੈਂ ਤੁਹਾਡੇ ਕੋਲੋਂ ਹੀ ਆਪਣੀ ਪਹਿਚਾਣ ਬਣਾਉਣੀ ਚਹੁੰਦਾ ਹਾਂ ਜੇਕਰ ਸਾਥ ਦਿਉਂਗੇ ਤਾਂ ਜ਼ਰੂਰ ਇਕ ਦਿਨ ਮੇਰਾ ਨਾਮ ਹੋਵੇਗਾ। ਐਨਾ ਕੁਝ ਲਿਖਦਾ ਖ਼ਤ ਬੰਦ ਕਰਨ ਲੱਗਿਆ ਹਾਂ। ਤੁਸੀਂ ਚੰਗਾ ਲਿਖਦੇ ਹੋ ਪ੍ਰਮਾਤਮਾ ਕਰੇ ਤੁਸੀਂ ਦਿਨ ਦੁੱਗਣੀ ਤੇ ਰਾਤ ਚੌਗਣੀਂ ਤਰੱਕੀ ਕਰੋ।

ਕੁਝ ਗਲਤ ਲਿਖ ਦਿੱਤਾ ਹੋਵੇ ਤਾਂ ਮਾਫੀ ਚਾਹੁੰਦਾ ਹਾਂ।
ਆਪਦੇ ਖ਼ਤ ਦਾ ਇੰਤਜ਼ਾਰ ਰਹੇਗਾ।
ਅੱਛਾ ਫੇਰ, ਬੇਹੱਦ ਮੋਹ ਨਾਲ,

*ਸੁਖਵਿੰਦਰ ਸਿੱਧੂ*

–o–

3/09/2002

**सस्नेही कुलजीत!**

सोचा फार्म पड़ा है तो आप तक पहुंचा दिया जाए, एक पत्रिका अक्षट समाचार पिछले सप्ताह भेजी थी मिली होगी।

बी. एड. का क्या बना? अब नई योजना क्या चल रही है, देरी मत करना कही ना कही प्रवेशता (Admission) ले लेना, पी. एच. डी. का विचार भी अच्छा है। पत्र देते रहा करें।

मेरे योग्य कोई सेवा हो तो लिखना। अमृतसर से आपका गांव कितने कि. मीटर दूरी पर है?

***सहिजप्रीत***

–0–

ਕੁਲਜੀਤ ਹੈਲੋ,
ਕੋਈ ਸਤਿ ਸ੍ਰੀ ਅਕਾਲ ਨੀ ਬੁਲਾਉਣੀ

ਮੇਰੇ ਕੰਨਾਂ ਵਿਚ ਕੀੜੇ ਪਏ ਆ ਕਦੇ ਫੋਨ ਨੀ ਕਰਦੀ ਨਾ ਕਦੇ ਚਿੱਠੀ ਪਾਉਂਦੀ ਤੂੰ ਬਹੁਤ ਆਲਸੀ ਏ ਕੁਲਜੀਤ। ਟਾਈਮ ਮੇਰੇ ਕੋਲ ਵੀ ਬਹੁਤ ਘੱਟ ਏ। ਮੈਂ ਤੈਨੂੰ ਹਰੇਕ ਹਫ਼ਤੇ ਫੋਨ ਕਰਦਾ ਆਪਣੀ ਭੈਣ ਤੋਂ ਪੁੱਛ ਲਈ ਤੂੰ ਤਾਂ ਸੱਚ ਜੰਮੂ ਵਿਚ ਹੋਣੀ ਏ ਉਥੇ ਸੇਬ ਬਹੁਤ ਮਸ਼ਹੂਰ ਹੈ ਸ਼ਾਇਦ 1 ਕਿਤਾਬ ਭੇਜ ਦੇਣੀ ਤੈਨੂੰ 50 ਰੁਪਏ ਭੇਜ ਦੇਵਾਂਗਾ। ਰੋਜ਼ ਐਨੇ ਪੈਸੇ ਖਰਚ ਕਰੀ ਦੇ ਆ ਤੇਰੀ ਕਿਤਾਬ ਨੀ ਖਰੀਦ ਸਕਦੇ। ਅੱਗੇ ਤੇਰੀ ਮਰਜ਼ੀ ਏ ਮੇਰੇ ਹਿਸਾਬ ਨਾ ਤੂੰ ਮੈਨੂੰ ਕਿਤਾਬ ਨੀ ਭੇਜਣੀ ਹੋਰ ਦੁੱਕ-ਤਿੱਕ ਨੂੰ ਵੰਡ ਦੇਣੀ ਏ। ਮੈਂ ਚਿੱਠੀ ਵੀ ਕਾਗਜ਼ ਹੱਥ 'ਚ ਫੜਕੇ ਲਿਖ ਰਿਹਾ ਹਾਂ ਲਿਖਾਈ ਵਧੀਆ ਨੀ ਆਉਂਦੀ ਕਾਗਜ਼ ਥੱਲੇ ਰੱਖਣ ਨੂੰ ਕੁਝ ਨੀ ਅੱਡੇ 'ਚ ਖੜ੍ਹਾ ਚਿੱਠੀ ਲਿਖ ਰਿਹਾ ਹਾਂ।

***ਅੱਛਾ OK ਚਿੱਠੀ ਦਾ ਇੰਤਜਾਰ ਕਰਾਂਗਾ***

–o–

ਪਿਆਰੀ ਗ਼ਜਲ

ਬਿੱਲੀ ਦੇ ਸਵਰਗਵਾਸ ਹੋਣ ਦਾ ਸਮਾਚਾਰ ਬੜਾ ਦੁੱਖਦਾਈ ਹੈ। ਭੋਗ ਕਦੋ ਹੈ ਲਿਖਣਾ। ਅਸੀਂ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਬੇਤਾਬ ਹਾਂ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ

ਬਖ਼ਸ਼ੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

*ਤੇਰਾ ਪਾਪਾ*
*ਸਰਦਾਰ ਪੰਛੀ*

–o–

19-12-2006

'ਤੇਲ ਜਿਹੇ ਮੋਤੀ' ਕੁਲਜੀਤ ਗ਼ਜ਼ਲ ਦਾ ਪਲੇਠਾ ਗ਼ਜ਼ਲ ਸੰਗ੍ਰਿਹ ਹੈ ਜੋ ਇਸ਼ਕ ਵਿਚ ਡੁੱਬੀ ਰੂਹ ਦੀ ਮੂੰਹ ਬੋਲੀ ਦਾਸਤਾਂ ਜਾਪਦਾ ਹੈ। ਹਰ ਗ਼ਜ਼ਲ ਮਿੱਤਰ ਪਿਆਰੇ ਨਾਲ ਸੰਵਾਦ ਰਚਾਉਂਦੀ ਹੈ ਅਤੇ ਬ੍ਰਿਹਾ ਦੀ ਕਸਕ ਪਲ ਪਲ ਵਲੂੰਧਰਦੀ ਤੜਫਾਉਂਦੀ ਜਾਪਦੀ ਹੈ। ਇਹ ਇਸ਼ਕ ਮਿਜਾਜ਼ੀ ਦੀ ਮੂੰਹ ਜ਼ੋਰ ਗਾਥਾ ਹੈ ਜੋ ਘਰ ਪਰਿਵਾਰ, ਸਮਾਜ ਤੇ ਹੋਰ ਸਾਰੇ ਰਿਸ਼ਤਿਆਂ ਦੇ ਬੰਧਨਾਂ ਨੂੰ ਤੋੜਦੀ ਜੋੜਦੀ ਤੇ ਕਿਤੇ ਮ੍ਰੋੜਦੀ ਜਾਪਦੀ ਹੈ। ਇਸ਼ਕ ਮਿਜ਼ਾਜੀ ਤੋਂ ਬਾਦ ਭਾਵੇਂ ਇਸ਼ਕ ਹਕੀਕੀ ਇਕ ਦੂਸਰਾ ਪੜ੍ਹਾਅ ਹੈ ਪਰ ਕਿਤੇ ਇਹ ਦੋਵਾਂ ਨੂੰ ਰਲਗਡ ਕਰਕੇ ਖੁਦ ਨੂੰ ਖ਼ੁਦਾ ਹੋਣ ਦਾ ਭਰਮ ਪਾਉਣ ਲੱਗ ਪੈਂਦੀ ਹੈ ਜੋ ਹਕੀਕਤ ਤੋਂ ਕੋਹਾਂ ਦੂਰ ਹੁੰਦਾ ਜਾਪਦਾ ਹੈ। ਇਸ਼ਕ ਦੇ ਹੋਰਾਂ ਦਿਵਾਨਿਆਂ ਵਾਂਗ ਵਜ ਗਜ ਕੇ ਢਿੰਡੋਰਾ ਪਿੱਟਣਾ ਤੇ ਹਰ ਥਾਂ ਤੇ ਇਸਦਾ ਇਜ਼ਹਾਰ ਕੱਚੀ ਉਮਰ ਦੀ ਦੀਵਾਨਗੀ ਜਾਪਦੀ ਹੈ। ਮੁਹੱਬਤ ਤਾਂ ਫੁੱਲਾਂ ਵਿਚ ਮਹਿਕ ਵਾਂਗਰ ਹੁੰਦੀ ਹੈ ਜਿਸਦਾ ਇਜ਼ਹਾਰ ਖ਼ੁਦ ਫੁੱਲ ਨਹੀਂ ਕਰਦਾ ਬਲਕਿ ਉਸਦੀ ਖ਼ੁਸ਼ਬੂ ਆਪਣੀ ਹੋਂਦ ਨੂੰ ਖੁਦ ਜਤਾਉਂਦੀ ਹੈ। ਸੋ ਕੁਲਜੀਤ ਵੀ ਸ਼ਾਇਦ ਮੇਰੇ ਇਸ ਵਿਚਾਰ ਨਾਲ ਸਹਿਮਤ ਹੋਵੇਗੀ। ਉਸਦੇ ਇਸ ਸੰਗ੍ਰਹਿ ਦਾ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਜੋ ਨਵੀਆਂ ਆਸ਼ਾਵਾਂ ਲਖਾਇਕ ਹੈ ਦਾ ਸਵਾਗਤ ਕਰਦੀ ਹਾਂ।

*ਸੁਖਦਰਸ਼ਨ ਵਾਲੀਆ*

–o–

ਸਤਿਕਾਰਯੋਗ
ਮੈਡਮ ਜੀ (ਗੁਰੂ ਜੀ)

ਮੈਨੂੰ ਤੁਹਾਡੇ ਵਲੋਂ ਭੇਜੀ ਹੋਈ ਚਿੱਠੀ ਮਿਲੀ। ਪੜ੍ਹ ਕੇ ਬਹੁਤ ਜ਼ਿਆਦਾ ਖੁਸ਼ੀ ਹੋਈ। ਤੁਹਾਡੇ ਸ਼ਬਦ ਬਹੁਤ ਹੀ ਹੌਂਸਲਾ ਦੇਣ ਵਾਲੇ ਸਨ। ਮੈਂ ਇਕ ਗੁਨਾਹ ਕੀਤਾ ਹੈ। ਜਿਸ ਤੇ ਮੈਨੂੰ ਬਹੁਤ ਜ਼ਿਆਦਾ ਪਛਤਾਵਾ ਹੋ ਰਿਹਾ। ਮੈਂ ਉਹ ਗੁਨਾਹ ਕਿਸੇ ਨੂੰ ਧੋਖਾ ਦੇਣ ਲਈ ਜਾ ਕਿਸੇ ਮਕਸਦ ਲਈ ਨਹੀਂ ਕੀਤਾ। ਮੈਨੂੰ ਪਤਾ ਹੈ ਕਿ ਹਰ ਗੁਨਾਹ ਮਾਫ਼ੀ ਦੇ ਕਾਬਿਲ ਨਹੀਂ ਹੁੰਦਾ। ਕੁਝ ਗੁਨਾਹ ਇਨਸਾਨ ਦੇ ਦਿਲ ਨੂੰ ਬਹੁਤ ਠੇਸ ਪਹੁੰਚਾਉਂਦੇ ਹਨ ਪਰ ਮੈਂ ਆਪਣਾ ਗੁਨਾਹ ਕਬੂਲ ਕਰਦੇ ਹੋਏ ਆਪ ਜੀ ਪਾਸੋ ਮਾਫੀ ਮੰਗਦਾ ਹਾਂ ਤੇ ਮੈਂ ਅਜਿਹੀ ਗਲਤੀ ਦੋਬਾਰਾ ਕਦੇ ਵੀ ਨਹੀਂ ਕਰਾਂਗਾ। ਮੈਂ ਆਪ ਜੀ ਨੂੰ ਇਹ ਗੱਲ ਝੂਠ ਲਿਖੀ ਕਿ ਮੈਂ ਅੱਠਵੀਂ ਕਲਾਸ ਵਿਚ ਪੜ੍ਹਦਾ ਹਾਂ। ਮੈਂ ਗ੍ਰੇਜੁਏਸ਼ਨ ਕਰ ਲਈ ਹੈ ਤੇ ਇਕ ਛੋਟੇ ਜਿਹੇ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰਦਾ ਹਾਂ। ਮੇਰੇ ਝੂਠ ਬੋਲਣ ਦੇ ਹੇਠ ਲਿਖੇ ਕਾਰਨ ਸਨ ਮੈਂ ਡਰਦਾ ਸੀ ਮੈਨੂੰ ਪਤਾ ਨਹੀਂ ਸੀ ਤੁਹਾਡੇ

ਬਾਰੇ ਕੁਝ ਵੀ ਤੇ ਮੈਂ ਸੋਚਦਾ ਸੀ ਕਿ ਪਤਾ ਨਹੀਂ ਤੁਹਾਡੇ ਪਰਿਵਾਰ ਵਾਲੇ ਕੀ ਸੋਚਣ। ਤੇ ਮੇਰੇ ਕਾਰਨ ਮੇਰੇ ਪਰਿਵਾਰ ਤੇ ਕੋਈ ਮੁਸੀਬਤ ਨਾ ਆਵੇ ਮੇਰੇ ਪਾਪਾ ਜੀ ਸਾਨੂੰ ਛੱਡ ਕੇ ਪਿਛਲੇ ਸਾਲ ਬਹੁਤ ਦੂਰ ਚਲੇ ਗਏ ਹਨ। ਇਸ ਕਾਰਨ ਹੁਣ ਮੈਨੂੰ ਪਰਿਵਾਰ ਬਾਰੇ ਵੀ ਸੋਚਣਾ ਪੈਂਦਾ ਹੈ ਤੇ ਮੈਨੂੰ ਇਹ ਸਲਾਹ ਦੇਣ ਵਾਲਾ ਵੀ ਕੋਈ ਨਹੀਂ ਹੈ ਕਿ ਮੈਂ ਕੋਈ ਕੰਮ ਕਿਸ ਢੰਗ ਨਾਲ ਕਰਾ ਕੀ ਕੰਮ ਸਹੀ ਹੈ ਜਾਂ ਗ਼ਲਤ ਮੈਨੂੰ ਕੋਈ ਵੀ ਕੰਮ ਕਰਨ ਲਈ ਬਹੁਤ ਸੋਚਣਾ ਪੈਂਦਾ ਹੈ ਤੇ ਬਹੁਤ ਡਰ ਲੱਗਦਾ ਹੈ। ਮੈਂ ਕਲਪਨਾ ਹੀ ਕਰਦਾ ਸੀ ਕਿ ਕੋਈ ਅਜਿਹਾ ਹੋਵੇ ਜੋ ਪ੍ਰਮਾਤਮਾ ਦੀ ਤਰ੍ਹਾ ਦੂਰ ਬੈਠੇ ਮੇਰੀਆਂ ਗੱਲਾਂ ਨੂੰ ਸਮਝੇ ਤੇ ਮੇਰੇ ਸਵਾਲਾਂ ਦਾ ਜਵਾਬ ਦੇਵੇ ਮੇਰੇ ਦਿਮਾਗ ਵਿਚ ਬਹੁਤ ਸਾਰੇ ਸਵਾਲ ਪੈਦਾ ਹੋ ਜਾਂਦੇ। ਜਿੰਨ੍ਹਾਂ ਦਾ ਜਵਾਬ ਮੈਨੂੰ ਕਿਧਰੇ ਵੀ ਨਹੀਂ ਮਿਲਦਾ ਤੇ ਇਹ ਆਲੇ ਦੁਆਲੇ ਦੇ ਲੋਕ ਗਲਤ ਕੰਮਾਂ ਤੇ ਹੱਸਣ ਖੇਡਣ ਤੋਂ ਸਿਵਾ ਇਨ੍ਹਾਂ ਨੂੰ ਕੁਝ ਨਹੀਂ ਆਉਂਦਾ ਤੇ ਉਹ ਮੇਰੇ ਵਰਗੇ ਇਨਸਾਨਾਂ ਨੂੰ ਪਾਗਲ ਦਾ ਦਰਜਾ ਦਿੰਦੇ ਹਨ। ਸੜੀਅਲ ਆਖਦੇ ਹਨ। ਮੈਨੂੰ ਤੁਹਾਡੇ ਵਰਗਾ ਚੰਗਾ ਲੇਖਕ ਤੇ ਸੂਝਵਾਨ ਗੁਰੂ ਮਿਲ ਗਿਆ ਹੈ। ਪਰ ਮੈਨੂੰ ਹੁਣ ਬਹੁਤ ਜ਼ਿਆਦਾ ਡਰ ਲੱਗ ਰਿਹਾ ਹੈ ਕਿ ਤੁਸੀਂ ਮੇਰੇ ਇਸ ਝੂਠ ਬੋਲਣ ਦੇ ਗੁਨਾਹ ਤੋਂ ਕਿਧਰੇ ਇਹ ਨਾਤਾ ਨਾ ਤੋੜ ਦਿਉ। ਪਰ ਗੁਰੂ ਦੇ ਲਈ ਵਿਦਿਆਰਥੀ ਹਮੇਸ਼ਾ ਬੱਚਾ ਹੀ ਰਹਿੰਦਾ ਹੈ। ਚਾਹੇ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਅਜਿਹੀ ਗਲਤੀ ਕੀਤੀ ਹੈ। ਜਿਸ ਨਾਲ ਕਿਸੇ ਨੂੰ ਠੇਸ ਪਹੁੰਚੇ। ਪਰ ਇਸ ਵਿਚ ਕੋਈ ਸੁਆਰਥ ਨਹੀਂ ਮੇਰੀ ਮਜਬੂਰੀ ਸੀ। ਮੈਂ ਇਹ ਵੀ ਸੋਚਦਾ ਸੀ ਸ਼ਾਇਦ ਇਨ੍ਹਾਂ ਕਵਿਤਾਵਾਂ ਵਿਚ ਗਲਤੀਆਂ ਹੋਣ ਤੇ ਜੇਕਰ ਮੈਂ ਵਿਦਿਆਰਥੀ ਲਿਖਾਂਗਾ ਤੇ ਮੇਰੀ ਜ਼ਿਆਦਾ ਬੇਇਜ਼ਤੀ ਨਹੀਂ ਹੋਵੇਗੀ। ਮੈਂ ਗੁਨਾਹ ਕੀਤਾ ਹੈ ਤੇ ਮੈਨੂੰ ਸਜ਼ਾ ਵੀ ਜ਼ਰੂਰ ਮਿਲਣੀ ਚਾਹੀਦੀ ਹੈ। ਜੋ ਤੁਸੀਂ ਮੈਨੂੰ ਸਜ਼ਾ ਦਿਉਗੇ ਉਹ ਮੈਨੂੰ ਮਨਜੂਰ ਹੈ। ਜਿਸ ਤਰ੍ਹਾਂ ਲੋਕ ਮੰਦਿਰ ਜਾਂ ਗੁਰਦੁਆਰੇ ਮੱਥਾ ਟੇਕਦੇ ਹਨ ਉਸੇ ਤਰ੍ਹਾਂ ਮੈਂ ਆਪ ਜੀ ਨੂੰ ਮੱਥਾ ਟੇਕ ਕੇ ਆਪਣੇ ਗੁਨਾਹ ਦੀ ਮਾਫ਼ੀ ਮੰਗਦਾ ਹਾਂ। ਮੈਨੂੰ ਆਸ ਹੈ ਕਿ ਤੁਸੀਂ ਮੈਨੂੰ ਜ਼ਰੂਰ ਮਾਫ਼ ਕਰ ਦਿਉਗੇ।

ਆਪ ਜੀ ਦਾ ਵਿਦਿਆਰਥੀ

***ਸ਼ੀਤਲ ਕੁਮਾਰ ਸ਼ਰਮਾ***

–o–

**24/03/2002**

**स्नेहिल कुलजीत जी,**

साहित्यिक–अभिवादन!

आपसे परिचय पिछले छः माह से है, कैसे यह बात फिट सही...पत्र लिखने का मुख्य कारण रहा आप की कहानी जगवाबी में पढ़ कर...मैं स्वयं कहानी लेखक होने के कारण अपनी बिटाहटह का अत्याधिक सम्मान करता

हूँ।

''लेणे के देने'' विषय व चित्रण खूब अच्छा लगा, आपके भाव भी प्रतन्नचित लगे लेकिन अंत थोडा सा हल्कीयन दे गया। यह बात स्पष्ट है कि जितनी पकड़ आपकी ग़ज़ल में है, उतनी ही कहानी पर...आपकी दुसरी प्राप्त कहानी भी अच्छी लगी है जो 'सम समुन्द्रों पार' हेतु प्रेषित की थी।

कुल मिला कर आपकी कलम से प्रावावित हूं। छोटी आयु में आपका प्रभावशाली उभटना अच्छा लगा, आशा ही नहीं विश्वास भी है आने वाले पल स्वणिम होगे।

*शुभ कामनाओं से*
*मनोज प्रीत*

-o-

ਪਿਆਰੀ ਗ਼ਜ਼ਲ

ਘਰ ਦੇ ਹਾਲਾਤ ਤੇ ਮੱਲਾਂ ਦੀ ਮੱਤ ਪੜ੍ਹਕੇ ਦਿਲ ਟੋਟੇ ਹੋ ਗਿਆ ਲੱਗਦਾ ਹੈ। ਪਰ ਸਬਰ ਤੋਂ ਇਲਾਖਾ ਕੀ ਚਾਰਾ ਹੈ?

ਮੈਂ 11-2-2001 ਨੂੰ ਦਿਨ ਦੇ 11 ਵਜੇ ਬਟਾਲੇ ਤੋਂ ਅੰਮ੍ਰਿਤਸਰ ਗਿਆ ਸਾਂ ਪਰ ਅੰਮ੍ਰਿਤਸਰ ਮੇਰੇ ਮਿੱਤਰ ਦੀ ਬੇਟੀ ਦੀ ਸਟੀ ਸੀ ਇਸ ਲਈ ਪਹੁੰਚਨਾ ਜ਼ਰੂਰੀ ਸੀ।

ਮੈਂ 20-2-2000 ਮੇਰੀ ਸਤਿ ਸ੍ਰੀ ਅਕਾਲ ਆਖੀ ਤੇ ਬੱਚਿਆਂ ਨੂੰ ਮੋਹ ਪਿਆਰ।

*ਤੇਰਾ ਪਾਪਾ*
*ਸਰਦਾਰ ਪੰਛੀ*

-o-

ਪਿਆਰੀ ਕੁਲਜੀਤ,
ਪਿਆਰ ਅਤੇ ਅਸੀਸਾਂ,

ਤੇਰਾ 24-0-2000 ਦਾ ਪੱਤਰ ਮਿਲਿਆ। ਖ਼ਤ ਪੜ੍ਹ ਕੇ ਮਨ ਬਹੁਤ ਹੀ ਉਦਾਸ ਹੋ ਗਿਆ। ਮੈਂ ਦਿਲ ਵਿਚ ਪੱਕਾ ਫੈਸਲਾ ਕੀਤਾ ਹੈ ਕਿ ਮੈਂ ਤੇਰੀ ਮਦਦ ਕਰਾਂਗਾ। ਤੈਨੂੰ M.A. ਕਰਾਉਣ ਲਈ ਹਰ ਹੀਲਾ ਵਰਤਾਂਗਾ। ਤੂੰ ਇਸ ਦੀ ਚਿੰਤਾ ਛੱਡਦੇ।

ਮੈਂ ਤੈਨੂੰ ਮਿਲਣ ਆਵਾਂਗਾ। ਤੇਰੇ ਮਾਪਿਆਂ ਨੂੰ ਸਮਝਾਵਾਂਗਾ। ਵਿਆਹ ਲੇਖਿਕਾਵਾਂ ਵਾਸਤੇ ਮੁਸੀਬਤ ਹੁੰਦਾ ਹੈ। ਜੇਕਰ ਘਰ ਚੰਗਾ ਨਾ ਮਿਲਿਆ ਫਿਰ? - ਮੇਰੀਆਂ ਦੋਵੇਂ ਧੀਆਂ ਨੇ M.A. Brd ਕੀਤੀ ਹੋਈ ਹੈ। ਦੋਵੇਂ ਵਿਆਹੀਆਂ ਭਾਰ ਲਾਹੁਣ ਦੀ ਸੋਚਕੇ। ਵੱਡੀ ਨੂੰ ਘਰ ਠੀਕ ਮਿਲ ਗਿਆ। ਜਵਾਈ ਕਾਲਿਜ ਵਿਚ ਪ੍ਰੋਫੈਸਰ ਹੈ

ਬਾਰਾ ਹਜ਼ਾਰ ਤਨਖ਼ਾਹ ਹੈ। ਮੇਰੀ ਧੀ ਵੀ ਸਕੂਲ ਵਿਚ Music Teacher ਹੈ-ਉਸਨੂੰ ਵੀ ਸੱਤ ਹਜ਼ਾਰ ਮਿਲਦੀ ਹੈ ਤਨਖਾਹ। ਦੋ ਬੱਚੇ ਹਨ। ਮਕਾਨ ਬਣਾਇਆ ਹੋਇਆ ਹੈ। ਪਰ ਛੋਟੀ ਨੂੰ ਘਰ ਬੜਾ ਚੰਦਰਾ ਮਿਲਿਆ। ਉਹਦੇ ਵਿਆਹ ਨੂੰ ਪੰਜ ਛੇ ਸਾਲ ਹੋ ਗਏ ਹਨ। ਅਸੀਂ ਉਸਨੂੰ ਕਿਸੇ ਤਰ੍ਹਾਂ ਜ਼ਿੰਦਾ ਬਚਾ ਕੇ ਘਰ ਲੈ ਆਏ ਹਾਂ, ਨਹੀਂ ਤਾਂ ਉਨ੍ਹਾਂ ਸਾੜ ਦੇਣੀ ਸੀ। ਉਹਦੀ ਬੱਚੀ ਵੀ ਪੰਜ ਸਾਲ ਦੀ ਹੋਣ ਵਾਲੀ ਹੈ।

ਇਸ ਲਈ ਤੂੰ ਅਜੇ ਵਿਆਹ ਨਹੀਂ ਕਰਾਉਣਾ। ਅਸੀਂ ਲੇਖਕ ਲੋਕ ਰਲ ਕੇ ਕੋਈ ਘਰ ਲੱਭਾਂਗੇ।

ਤੇਰੀ ਗ਼ਜ਼ਲ ਬਹਿਰ ਵਜ਼ਨ ਵਿਚ ਨਹੀਂ ਸੀ। ਬਹੁਤ ਸਾਰੀਆਂ ਗਲਤੀਆਂ ਸਨ। ਉਹ ਠੀਕ ਕਰਕੇ ਭੇਜ ਰਿਹਾ ਹਾਂ। ਅੱਗੋਂ ਨੂੰ ਕੁਝ ਵੀ ਲਿਖੇ ਤੇ ਛਪਵਾਏ। ਮੈਨੂੰ ਵਿਖਾ ਕੇ ਛਪਵਾਉਣੀ। ਇਸ ਤਰ੍ਹਾਂ ਗਲਤ ਮਲਤ ਛਪਵਾ ਬਦਨਾਮੀ ਦਾ ਕਾਰਨ ਹੁੰਦਾ ਹੈ ਅਤੇ ਲੇਖਕ ਦਾ ਭਵਿੱਖ ਧੁੰਧਲਾ ਹੋ ਜਾਂਦਾ ਹੈ।

-o-

14/8/2002

ਸਤਿਨਾਮ ਸ੍ਰੀ ਵਾਹਿਗੁਰੂ
ਮੇਰੇ ਵੱਡੇ ਭੈਣ ਜੀ,
ਪਿਆਰ ਭਰੀ ਸਤਿ ਸ੍ਰੀ ਅਕਾਲ,

ਮੈਂ ਆਪਣੀ ਜਗ੍ਹਾ ਤੇ ਰਾਜ਼ੀ ਖੁਸ਼ੀ ਹਾਂ ਅਤੇ ਆਪ ਜੀ ਦੀ ਰਾਜ਼ੀ ਖੁਸ਼ੀ ਪ੍ਰਮਾਤਮਾ ਪਾਸੋਂ ਸਦਾ ਲਈ ਮੰਗਦਾ ਹਾਂ, ਅੱਗੇ ਸਮਾਚਾਰ ਵਿਚ ਹੈ ਕਿ ਆਪ ਜੀ ਦੀ ਭੇਜੀ ਰੱਖੜੀ ਮੈਨੂੰ 11-8-2002 ਦਿਨ ਐਤਵਾਰ ਨੂੰ ਮਿਲ ਗਈ। ਬਹੁਤ ਖੁਸ਼ੀ ਹੋਈ, ਕਿੰਨ੍ਹਾ ਆਪਣੇ ਛੋਟੇ ਵੀਰ ਦਾ ਖਿਆਲ ਰੱਖਿਆ। ਮੇਰੀ ਆਸ ਉੱਕਾ ਹੀ ਬਣੀ ਰਹੀ ਜੋ ਆਪ ਨੇ ਮੈਨੂੰ ਪਿਆਰ ਦਿੱਤਾ ਮੈਂ ਕਦੀ ਨਹੀਂ ਭੁੱਲਾਂਗਾ ਤੇ ਜ਼ਿੰਦਗੀ ਦੇ ਹਰੇਕ ਮੋੜ ਤੇ ਆਪ ਦੀ ਸੌਗਾਤ ਮੈਨੂੰ ਚੇਤੇ ਰਹੇਗੀ। ਬਾਕੀ ਅੱਜ ਤੱਕ ਮੇਰੀ ਭੂਆ ਤੋਂ ਬਿਨ੍ਹਾਂ ਕਿਸੇ ਭੈਣ ਨੇ ਮੈਨੂੰ ਰੱਖੜੀ ਨਹੀਂ ਭੇਜੀ, ਮੇਰੇ ਕੋਲ ਜ਼ੁਬਾਨ ਨਹੀਂ, ਸ਼ਬਦ ਨਹੀਂ ਜਿੰਨ੍ਹਾਂ ਨਾਲ ਮੈਂ ਧੰਨਵਾਦ ਕਰਾਂ ਪਰ ਮੈਂ ਇਕ ਨਾ ਚੀਜ਼ ਇਨਸਾਨ ਆਪ ਦੀ ਤਾਰੀਫ਼ ਕਰ ਵੀ ਕਿਵੇਂ ਸਕਦਾ ਹਾਂ। ਬੱਸ ਚੰਨ ਨੂੰ ਦੀਵਾ ਦਿਖਾਉਣ ਦੇ ਬਰਾਬਰ ਏਂ? ਜੋ ਚਾਰ ਸ਼ਬਦ ਲਿਖੇ ਹਨ ਕਬੂਲ ਕਰਨਾ ਅੱਗੇ ਮੈਂ ਫੋਨ ਤਾਂ ਕੀਤਾ ਸੀ ਆਉਣ ਲਈ ਵੀ ਕਿਹਾ ਸੀ ਤੁਸੀਂ ਮੋਗੇ ਆਉਣ ਬਾਰੇ ਕਿਹਾ ਸੀ ਜੇ ਮੋਗੇ ਆਓ ਤਾਂ ਸਾਡੇ ਕੋਲ ਜ਼ਰੂਰ ਪਹੁੰਚਣਾ, ਕੋਈ ਕਾਫੀ ਦੂਰ ਨੀ, ਨਾਲੇ ਧੀਆਂ ਲਈ ਪੇਕਾ ਘਰ ਕਦੀ ਦੂਰ ਨਹੀਂ ਹੁੰਦਾ, ਮੰਮੀ ਜੀ ਵੀ ਆਪ ਨੂੰ ਮਿਲਣਾ ਚਾਹੁੰਦੇ ਹਨ। ਬਾਕੀ ਗੱਲਾਂ ਮਿਲਣ ਤੇ ਅੱਗੇ ਸਾਡੇ ਸਾਰੇ ਪਰਿਵਾਰ ਵਲੋਂ ਆਪ ਦੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।
ਮੇਰੇ ਵਲੋਂ ਮਾਤਾ ਪਿਤਾ ਦੇ ਪੈਰੀਂ ਪੈਣਾ ਤੇ ਛੋਟੇ ਭੈਣ ਭਰ੍ਹਾਵਾਂ ਨੂੰ ਸਤਿ ਸ੍ਰੀ ਅਕਾਲ। ਪ੍ਰਮਾਤਮਾ ਕਰੇ ਆਪ ਦੀ ਕਲਮ ਨੂੰ ਬਲ ਬਖਸ਼ੇ ਤੇ ਆਪ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੋ।

ਸ਼ੁੱਭ ਕਾਮਨਾਵਾਂ

ਲਿਖਣ ਵਾਲਾ ਆਪ ਜੀ ਦਾ ਛੋਟਾ ਵੀਰ

*ਸ਼ਿੰਦਰਪਾਲ ਹਾਂਡਾ, ਗੋਲੂਕੇ*

*ਡਾਕ : ਪਿੰਟੀ, ਜਿਲ੍ਹਾ : ਫਿਰੋਜ਼ਪੁਰ : 152022*

-o-

7/7/2004

ਪਿਆਰੇ ਕੁਲਜੀਤ ਜੀ

ਯਾਦ! ਕੱਲ ਤੁਹਾਡੀ ਚਿੱਠੀ ਮਿਲੀ ਅਤੇ ਪੜ੍ਹ ਕੇ ਹੈਰਾਨਗੀ ਹੋਈ ਕਿ ਤੁਸੀਂ ਅੰਮ੍ਰਿਤਸਰ ਸ਼ਹਿਰ ਦੀ ਸਲਤਨਤ ਵਿਚ ਹੀ ਰਹਿੰਦੇ ਹੋ। ਮੈਂ ਤੁਹਾਡੀਆਂ ਰਚਨਾਵਾਂ ਪੜ੍ਹਦਾ ਰਹਿੰਦਾ ਹਾਂ ਅਤੇ ਤੁਹਾਡੇ ਨਾਮ ਤੋਂ ਵੀ ਵਾਕਿਫ਼ ਹਾਂ। ਹੋ ਸਕਦਾ ਹੈ ਕਿ ਕਿਸੇ ਸਹਿਤਕ ਇਕੱਠ ਵਿਚ ਇਕ ਦੂਸਰੇ ਨੂੰ ਮਿਲੇ ਵੀ ਹੋਈਏ। ਮੇਰੀਆਂ ਕਵਿਤਾਵਾਂ ਤੁਹਾਨੂੰ ਪਸੰਦ ਆਈਆਂ ਇਸ ਲਈ ਮੈਂ ਤੁਹਾਡਾ ਬੇਹੱਦ ਸ਼ੁਕਰੀਆਂ ਅਦਾ ਕਰਦਾ ਹਾਂ। ਇਸ ਇਸ ਤਰ੍ਹਾਂ ਜੇ ਕੋਈ ਅਜ਼ਨਬੀ ਤੁਹਾਡੀ ਕਵਿਤਾ ਪੜ੍ਹ ਕੇ ਤੁਹਾਨੂੰ ਖ਼ਤ ਲਿਖੇ ਤਾਂ ਸੱਚੀ-ਮੁੱਚੀ ਬਹੁਤ ਆਨੰਦ ਆਉਂਦਾ ਹੈ। ਸਾਹਿਤਕਾਰ ਲਈ ਪਾਠਕਾਂ ਦਾ ਹੁੰਗਾਰਾ ਬੜਾ ਲਾਹੇਬੰਦ ਹੁੰਦਾ ਹੈ। ਸਾਹਿਤਕਾਰ ਜੋ ਕੁਝ ਲਿਖਦਾ ਹੈ ਉਹ ਪਾਠਕਾਂ ਲਈ ਹੀ ਹੁੰਦਾ ਹੈ ਪਰ ਪੰਜਾਬੀ ਦੇ ਵਧੇਰੇ ਪਾਠਕ ਮੂਲ ਅਤੇ ਅਕਿਰਿਆਸ਼ੀਲ ਹਨ, ਚਿੱਠੀ ਪੱਤਰ ਵਿਚ ਬਹੁਤਾ ਵਿਸ਼ਵਾਸ ਨਹੀਂ ਰੱਖਦੇ। ਆਸ ਹੈ ਆਪ ਵੀ ਆਪਣੀਆਂ ਰਚਨਾਤਮਕ ਕਿਰਿਆਵਾਂ ਵਿਚ ਰੁਝੇ ਰਹੋਗੇ ਅਤੇ ਪੰਜਾਬੀ ਦੀ ਸੇਵਾ ਕਰਦੇ ਰਹੋਗੇ।

ਮੈਂ ਸੋਮਵਾਰ 12 ਜੁਲਾਈ ਨੂੰ ਪੰਜਾਬੀ ਵਿਭਾਗ ਵਿਚ ਹੀ ਹੋਵਾਂਗਾ ਪਰ ਫਿਰ ਵੀ ਤੁਸੀਂ ਆਉਣਾ ਹੋਵੇ ਤਾਂ ਮੇਰੇ ਮੋਬਾਈਲ 'ਤੇ ਫੋਨ ਕਰਕੇ ਹੀ ਮਿਲਣ ਆਉਣਾ। ਪਿਆਰ ਸਤਿਕਾਰ ਨਾਲ

*ਤੁਹਾਡਾ ਆਪਣਾ*

*ਸੁਰਿੰਦਰ ਬੀਰ*

*ਫੋਨ ਨੰ: 98552-04102*

-o-

To,

Respected ਕੁਲਜੀਤ ਕੌਰ ਜੀ, ਮੇਰਾ ਨਾਮ ਸੁਰਿੰਦਰ ਹੈ ਤੇ ਮੈਂ ਮੋਗਾ ਸ਼ਹਿਰ ਦਾ ਰਹਿਣ ਵਾਲਾ ਹਾਂ ਜੀ ਮੈਂ ਤੁਹਾਡੇ ਦੁਆਰਾ ਲਿਖੀਆਂ ਹੋਈਆਂ ਦੋ ਗ਼ਜ਼ਲਾਂ ਨਾਂ ਨਾਲ ਛਾਪੀਆਂ ਜਾਣ ਵਾਲੀਆਂ ਗ਼ਜ਼ਲਾਂ 'ਜੱਗ ਬਾਣੀ' ਅਖ਼ਬਾਰ ਵਿਚ ਬਹੁਤ ਦੇਰ ਤੋਂ ਪੜ੍ਹਦਾ ਆ ਰਿਹਾ ਹਾਂ ਜੋ ਕਿ ਮੈਨੂੰ ਬਹੁਤ ਹੀ ਚੰਗੀਆਂ ਲੱਗਦੀਆਂ ਹਨ। ਜਿਨ੍ਹਾਂ ਨੂੰ ਪੜ੍ਹ ਕੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ। ਆਪ ਜੀ ਦਾ ਲਿਖਣ ਦਾ ਤਰੀਕਾ ਬਹੁਤ ਹੀ ਵਧੀਆ ਹੈ। ਗ਼ਜ਼ਲਾਂ ਸ਼ੇਅਰ ਵਗੈਰਾ ਤਾਂ ਮੈਨੂੰ ਬਹੁਤ ਹੀ ਪਸੰਦ ਹਨ। ਇਹ ਦਿਲ ਦੀ ਸੱਚਾਈ ਬਿਆਨ ਜੋ ਕਰਦੇ ਹਨ। ਵੈਸੇ ਮੈਂ 'ਪੰਜਾਬ ਕੇਸਰੀ' ਅਖਬਾਰ ਵਿਚ ਵੀ 'ਜਿਗਰ' ਸਾਹਿਬ ਦੀ ਸ਼ਾਇਰੀ ਗ਼ਜ਼ਲਾਂ ਵਗੈਰਾ ਪੜ੍ਹਦਾ ਹਾਂ ਪਰ

ਉਹ ਉਰਦੂ ਵਿਚ ਹੋਣ ਕਾਰਨ ਕੁਝ ਘੱਟ ਸਮਝ ਆਉਂਦੀਆਂ ਹਨ ਅਤੇ ਤੁਹਾਡੀਆਂ ਗ਼ਜ਼ਲਾਂ ਪੰਜਾਬੀ ਵਿਚ ਹੋਣ ਕਾਰਣ ਜ਼ਿਆਦਾ ਪਸੰਦ ਆਉਂਦੀਆਂ ਹਨ। ਤੁਸੀਂ ਮੈਨੂੰ ਆਪਣੀਆਂ ਲਿਖੀਆਂ ਹੋਈਆਂ ਗ਼ਜ਼ਲਾਂ ਮੈਨੂੰ ਭਿਜਵਾ ਦਿਓ ਤਾਂ ਮੈਨੂੰ ਚੰਗਾ ਲੱਗੇਗਾ ਤੇ ਮੇਰੇ ਦਿਲ ਨੂੰ ਪੜ੍ਹ ਕੇ ਬਹੁਤ ਸੁਕੂਨ ਮਿਲੇਗਾ ਸੋ ਮਿਹਰਬਾਨੀ ਕਰਕੇ ਮੈਨੂੰ ਆਪਣੀਆਂ ਲਿਖੀਆਂ ਹੋਈਆਂ ਗ਼ਜ਼ਲਾਂ ਮੇਰੇ ਹੇਠ ਲਿਖੇ ਪਤੇ ਤੇ ਭਿਜਵਾ ਦੇਣਾ ਜੀ। ਆਪ ਜੀ ਦਾ ਬਹੁਤ ਸ਼ੁੱਕਰ ਗੁਜ਼ਾਰ ਰਹਾਂਗਾ ਜੀ।

*ਆਪ ਜੀ ਦਾ ਸ਼ੁੱਭਚਿੰਤਕ,*
*ਸੁਰਿੰਦਰ ਸਿੰਘ ਪੁੱਤਰ ਸ. ਵੀਰਪਾਲ ਸਿੰਘ*
*ਹਾਊਸ ਨੰ: 51(ਏ)*
*ਗਲੀ ਨੰ: 3*
*ਬੇਦੀ ਨਗਰ ਮੋਗਾ-142001*
*ਫੋਨ ਨੰ: 01636-231538*

–o–

22/9/2002

ਹੈਲੋ, ਕੁਲਜੀਤ ਗ਼ਜ਼ਲਗੋ ਆਪ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਹੋਵੇ ਮੈਂ ਆਪ ਜੀ ਨੂੰ ਐਨੀਆਂ ਸੋਹਣੀਆਂ ਗ਼ਜ਼ਲਾਂ ਲਿਖਣ ਤੇ ਮੈਂ ਲੱਖ ਲੱਖ ਵਧਾਹੀ ਦਿੰਦਾ ਹਾਂ ਕਿਉਂਕਿ ਆਪ ਜੀ ਨੇ ਪਰਦੇਸ਼ੀ ਦੇ ਕੰਨਾਂ ਤੱਕ ਆਪਣੀਆਂ ਯਾਦਾਂ ਦੇ ਖਿਆਲ ਪਹੁੰਚਾਏ ਹਨ। ਸੱਤੇ ਨੇ ਤੁਹਾਡੀ ਕਲਮ ਦੇ ਇਕੋ ਇਕ ਅੱਖਰ ਨੂੰ ਐਨਾ ਪਿਆਰ ਦਿੱਤਾ ਹੈ ਕਿ ਜਿਸ ਦਾ ਸਬੂਤ ਤੁਹਾਡੇ ਤੱਕ ਪਹੁੰਚ ਰਿਹਾ ਹਾਂ। ਗ਼ਜ਼ਲਾਂ ਪੜ੍ਹਨ ਤੋਂ ਬਾਦ ਤੁਹਾਡੀਆਂ ਗ਼ਜ਼ਲਾਂ ਨੇ ਮੈਨੂੰ ਲੈਟਰ ਲਿਖਣ ਲਈ ਮਜ਼ਬੂਰ ਕਰ ਦਿੱਤਾ। ਮੈਂ ਆਪ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਤੁਹਾਡੇ ਆਪਣੇ ਦਿਲ ਦੀਆਂ ਹੂਕਾਂ ਨੇ ਜਾਂ ਕਿਸੇ ਹੋਰ ਸ਼ਾਇਰ ਦੀ ਸ਼ਾਇਰੀ ਨੂੰ ਤੁਸੀਂ ਨਵੇਂ ਢੰਗ ਨਾਲ ਮੋੜ ਦਿੱਤਾ ਹੈ। ਤੁਹਾਡੀਆਂ ਗ਼ਜ਼ਲਾਂ ਤੋਂ ਇੰਜ ਲੱਗਦਾ ਹੈ ਕਿ ਤੁਹਾਡੇ ਆਪਣੇ ਹੱਸਬੈਂਡ ਵੀ ਜਿਵੇਂ ਪਰਦੇਸ਼ ਵਿਚੇ ਬੈਠੇ ਹੋਣਗੇ ਕ੍ਰਿਪਾ ਇਸ ਲੈਟਰ ਦਾ ਜਵਾਬ ਜ਼ਰੂਰ ਦੇਣਾ ਜੇਕਰ ਕੋਈ ਗਲਤੀ ਹੋਵੇ ਤਾਂ ਮਾਫ ਕਰਨਾ ਆਪ ਜੀ ਦੇ ਲੈਟਰ ਦੀ ਉਡੀਕ ਵਿਚ ਸੱਤਾ–

*ਸਤਲਾ ਗੋਨਸ ਪੁਰਾ*
*ਪਿੰਡ - ਬੱਸ ਸਟੈਂਡ ਜਲਾਲ*
*ਤਹਿ - ਫੂਲ, ਜਿਲ੍ਹਾ - ਬਠਿੰਡਾ*
*ਫੋਨ ਨੰ: 01651-35431*

–o–

9/12/2006

ਕੁਲਜੀਤ ਜੀ,

ਸਤਿ ਸ੍ਰੀ ਅਕਾਲ। ਤੁਹਾਡੀ ਪਲੇਠੀ ਕਿਤਾਬ ਮਿਲੀ, ਧੰਨਵਾਦ ਕਿ ਤੁਸਾਂ ਮੈਨੂੰ ਇਸ ਯੋਗ ਸਮਝਿਆ। ਕਿਤਾਬ ਦੀ ਜ਼ਿਲਦ ਤੋਂ ਜਾਇਜ਼ਾ ਲਗਾ ਕਿ ਤੁਸੀਂ ਅਜੇ

ਬਹੁਤ ਲੰਬਾ ਪੰਧ ਪਾਰ ਕਰਨਾ ਹੈ। ਇਤਨੀ ਛੋਟੀ ਉਮਰੇ ਜੀਵਨ ਤੇ ਉਸਦੇ ਆਲੇ-ਦੁਆਲੇ ਬਾਰੇ ਤੁਹਾਡੀ ਸਜਗਤਾ ਸਗਹਨੀਹ ਹੈ। ਤੁਸਾਂ ਸਮਾਜ ਦੀਆਂ ਕਈ ਸਮੱਸਿਆਵਾਂ ਨੂੰ ਛੋਹਿਆ ਤਾਂ ਹੈ ਪਰ ਉਨ੍ਹਾਂ ਦਾ ਹੱਲ ਆਸਪਾਸ ਲੱਭਣ ਦੀ ਲੋੜ ਹੈ ਬੇਸ਼ੱਕ ਤੁਸਾਂ ਉਨ੍ਹਾਂ ਸਭਨਾਂ ਦਾ ਸਮਾਧਾਨ ਪਿਆਰ ਵਿਚ ਹੀ ਫਰੋਲਿਆ ਹੈ। ਮੈਨੂੰ ਯਕੀਨ ਹੈ ਕਿ ਲਿਖਣ ਦੇ ਖੇਤਰ ਵਿਚ ਤੁਸੀਂ ਕਮਾਲ ਢਾਹ ਸਕਦੇ ਹੋ।

ਪਿਆਰ ਹਰ ਰਿਸ਼ਤੇ ਦੀ ਬੁਨਿਆਦ ਹੈ ਪਰ ਹਰ ਪਿਆਰ ਪੁੰਗਰ ਨਹੀਂ ਪਾਂਦਾ। ਬੇਅੰਤ ਅੜਚਣਾ ਆਉਂਦੀਆਂ ਹਨ। ਪਿਆਰ ਵਿਚ ਕਈ ਤਰ੍ਹਾਂ ਦੀਆਂ ਗੁੰਝਲਾਂ ਦਾ ਵੀ ਪ੍ਰਗਟਾਵਾ ਸਾਫ਼ ਨਜ਼ਰ ਆਉਂਦਾ ਹੈ ਜਿਵੇਂ ਕਿ ਅੱਜਕਲ ਬਹੁਤ ਸਾਰੀਆਂ ਪੰਜਾਬੀ ਮੁਟਿਆਰਾਂ ਦੇ ਪਿਆਰ ਤੇ ਵਿਆਹ ਇਸ ਲਈ ਪ੍ਰਵਾਨ ਨਹੀਂ ਚੜ੍ਹ ਰਹੇ ਕਿਉਂਕਿ ਆਦਮੀ ਪਰਦੇਸ਼ ਵਿਚ ਵਿਆਹ ਕਰਕੇ, ਪਿਛਾਂਹ ਮੁੜਕੇ, ਪਿਆਰ ਵੱਲ ਤੱਕਦੇ ਹੀ ਨਹੀਂ। ਕਈ ਮੁਟਿਆਰਾਂ ਦੀ ਜਵਾਨੀ ਸਿਸਕਾਂ ਲੈਂਦੀ ਮਰ ਜਾਂਦੀ ਹੈ। ਇਸ ਸਭ ਦਾ ਵਰਨਣ ਤੁਸਾਂ ਬਹੁਤ ਸੁਹਣਾ ਕੀਤਾ ਹੈ।

'ਤੁਰ ਗਿਆ ਤੂੰ ਸਮੁੰਦਰ ਪਾਰ, ਮੈਨੂੰ ਛੱਡਕੇ,
ਚੁੱਪ ਕਰਾਵਾਂ ਕਿਸ ਤਰ੍ਹਾਂ, ਇਹ ਰੋਂਦੀਆਂ ਫੁਲਕਾਰੀਆਂ'
'ਗਏ ਸਮੁੰਦਰੋਂ ਪਾਰ ਕਦੋਂ ਫਿਰ ਮਿਲਦੇ ਨੇ,
ਖੁਸ ਜਾਂਦੇ ਪਿਆਰ ਕਦੋਂ ਫਿਰ ਮਿਲਦੇ ਨੇ'
'ਫੇਰ ਨਾ ਮੁੜਿਆ ਕਦੇ ਉਹ ਡਾਲਰਾਂ ਦੇ ਦੇਸ਼ ਤੋਂ
ਦਿਲ, ਜਿਗਰ, ਅਹਿਸਾਨ ਤੇ ਪੱਥਰ ਟਿਕਾਕੇ ਤੁਰ ਗਿਆ।
'ਜ਼ਰਦ ਚਿਹਰੇ ਤੇ ਵੀ ਮੇਰੇ ਹੈ ਅਜੇ ਮੁਸਕਾਨ ਹੀ,
ਨਿੱਤ ਜ਼ਮਾਨੇ ਤੋਂ ਤੇਰਾ ਮੈਂ ਗ਼ਮ ਲੁਕਾਉਂਦੀ, ਵੇਖ ਲੈ।'
ਪੰਜਾਬ ਵਿਚ ਅਫ਼ੀਮ, ਚਰਸ ਆਦਿ ਦਾ ਚਲਦ ਕਾਫ਼ੀ ਵੱਧ ਗਿਆ ਹੈ-
'ਫ਼ੀਮਾਂ, ਚਰਸਾਂ ਚਰਦਾ ਹੈ, ਤਾਂਹੀਉਂ ਛੇਤੀ ਮਰਦਾ ਹੈ।

ਤੁਸੀਂ 'ਤਰੇਲ ਜਿਹੇ ਮੋਤੀ' ਕਾਰੀਂ ਯੁਵਾ ਪੀੜ੍ਹੀ ਦੇ ਹਰ ਦਰਦ ਨੂੰ ਖੁਦ ਸਹਿਆ ਹੈ, ਉਸਦੇ ਹਉਂਕਿਆਂ ਦਾ ਅਹਿਸਾਸ ਕੀਤਾ ਹੈ, ਉਸ ਦਰਦ ਨੂੰ ਆਤਮ-ਸ਼ਾਂਤ ਕੀਤਾ ਹੈ।

ਪ੍ਰਦੂਸ਼ਣ, ਭੁੱਖ, ਰਿਸ਼ਵਤ ਤੇ ਰਿਸ਼ਤਿਆਂ ਦਾ ਵਰਣਨ ਬੜੇ ਸਾਦਾ, ਸਹਿਜ ਪਰ ਸੰਜੀਦਗੀ ਦੇ ਨਾਲ ਕੀਤਾ ਹੈ।

'ਮਜ਼ਹਬ ਦਾ ਨਾਂ ਦੂਜਾ ਬਸ ਪਿਆਰ ਮੁਹੱਬਤ ਹੈ'

'ਅਪਣਿਆਂ ਦਾ ਖ਼ੂਨ ਚਿੱਟਾ ਹੋ ਗਿਆ, ਹਰ ਕਿਸੇ ਦੇ ਦਿਲ ਤੇ ਜੰਮੀਆਂ ਖੁਸ਼ਕੀਆਂ।

''ਪੈਸਿਆਂ ਲਈ ਵਿਕਦੀਆਂ ਨੇ ਹਸਤੀਆਂ।

ਪੰਜਾਬ 'ਚ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ, ਨਤੀਜਾ ਭਵਿੱਖ 'ਚ 'ਮਾਸੀਆਂ, ਭੈਣਾਂ ਨੂੰ ਤਰਸੋਗੇ ਤੁਸੀਂ,
ਇਸ ਕਦਰ ਦੁਰਕਾਰੀਆਂ ਜੇ ਲੜਕੀਆਂ।
ਇਕ ਅਪੀਲ ਵੀ ਯੁਵਾ ਪੀੜ੍ਹੀ ਨੂੰ ਕੀਤੀ ਹੈ-
'ਭੁੱਖ, ਰਿਸ਼ਵਤ, ਲਾਲਚਾਂ ਦੇ ਕੋਹੜ ਤੋਂ

ਦੇਸ਼ ਨੂੰ ਰਲਕੇ ਬਚਾਈਏ, ਦੋਸਤੋ!
ਆਪ ਵੀ ਪੜ੍ਹਕੇ, ਪੜ੍ਹਾਕੇ ਹੋਰਾਂ ਨੂੰ
ਇਲਮ ਦੇ ਦੀਵੇ ਜਵਾਈਏ, ਦੋਸਤੋਂ!

ਇਕੱਲਿਆਂ ਇਨਸਾਨ ਕੁਝ ਸੁਧਾਰ ਨਹੀਂ ਲਿਆ ਸਕਦਾ, ਇਸ ਲਈ ਕਿਹਾ – ਇਹ ਫਿਜ਼ਾ ਠੀਕ ਹੈ ਨਹੀਂ ਇਕੱਲਿਆਂ ਲਈ,

ਜੇ ਤੁਰੋ ਤਾਂ ਬਣਾਕੇ ਤੁਰੋ ਕਾਫ਼ਲੇ।
ਮੇਰੀਆਂ ਸ਼ੁਭਕਾਮਨਾਵਾਂ ਤੁਹਾਡੇ ਨਾਲ ਹਨ।
'ਨਵਾਂ ਸਾਲ ਮੁਬਾਰਕ।'

- ***ਸੁਰਿੰਦਰ***

–o–

ਮਾਣਯੋਗ, ਭੈਣ ਕੁਲਜੀਤ ਜੀ,
ਮੋਹ ਭਿੱਜੀ ਸਤਿ ਸ੍ਰੀ ਅਕਾਲ।

ਮੈਂ ਇਸ ਵਕਤ ਉਸ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਇਸ ਵਕਤ ਬਿਲਕੁਲ ਖੁਸ਼ ਅਤੇ ਠੀਕ ਠਾਕ ਹਾਂ। ਆਸ ਹੀ ਨਹੀਂ ਬਲਕਿ ਪੂਰਾ ਯਕੀਨ ਹੈ ਕਿ ਤੁਸੀਂ ਵੀ ਉਸ ਵਾਹਿਗੁਰੂ ਦੀ ਬਖ਼ਸ਼ਿਸ਼ ਸਦਕਾ ਆਪਣੀਆਂ ਖੁਸ਼ੀਆਂ ਆਪਣੇ ਚਹੇਤਿਆਂ ਨੂੰ ਵੰਡਦੇ ਹੋਏ ਖੁਸ਼ ਹੋਵੋਗੇ।

ਮਾਫ਼ ਕਰਨਾ! ਮੈਂ ਆਪ ਜੀ ਨੂੰ ਖ਼ਤ ਬੜੀ ਹੀ ਦੇਰ ਨਾਲ ਪਾ ਰਿਹਾ ਹਾਂ। ਜਦੋਂ ਕਿ ਤਕਰੀਬਨ ਆਪ ਦੇ ਖ਼ਤ ਮਿਲੇ ਨੂੰ ਪੂਰਾ ਇਕ ਮਹੀਨਾ ਤੇ 13 ਦਿਨ ਹੋ ਗਏ ਹਨ। ਚਲੋ ਖੈਰ! ਕਹਾਣੀ 'ਘਾੜ' ਦੀ ਅਸਲੀਅਤ ਬਾਰੇ ਸਪੱਸ਼ਟ ਕੀਤਾ। ਬੜੀ ਖੁਸ਼ੀ ਹੋਈ ਕਿ ਤੁਸੀਂ ਸੱਚ ਨੂੰ ਕਹਿਣ ਦੀ ਜੁਅਰਤ ਕੀਤੀ। ਪਰ ਸੱਚ ਦੇ ਪਿੱਛੇ ਤੁਸੀਂ ਜੋ ਅਸਲੀ ਨਾਂ ਲਿਖ ਕੇ ਪਛਤਾਵਾ ਕੀਤਾ, ਉਹ ਕਾਫ਼ੀ ਹੱਦ ਤੱਕ ਪਛਤਾਵਾ ਠੀਕ ਸੀ। ਸ਼ਾਇਦ ਉਸ ਪ੍ਰਮਾਤਮਾ ਦੀ ਕ੍ਰਿਪਾ ਨਾਲ ਸਭ ਠੀਕ ਹੋ ਗਿਆ ਹੋਵੇਗਾ।

ਤੁਸੀਂ ਮੇਰੇ ਵਰਗੇ ਨਿਮਾਣੇ ਪਾਠਕ ਬਾਰੇ ਜਾਨਣ ਦੀ ਗੱਲ ਕਹੀ, ਬੜੀ ਖੁਸ਼ੀ ਹੋਈ। ਭੈਣਾਂ! ਮੈਂ ਇਕ ਸਾਧਾਰਨ ਜਿਹਾ ਆਦਮੀ ਇਕ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਹਾਂ। ਨਕਲ ਮਾਰ ਕੇ ਮੈਟ੍ਰਿਕ ਤੱਕ ਹੀ ਪੜ੍ਹ ਸਕਿਆ ਹਾਂ, ਉਹ ਵੀ ਨਾ ਹੀ ਪੜ੍ਹਿਆ ਬਰਾਬਰ। ਪਰ ਸ਼ੁਕਰ ਹੈ ਉਸ ਪ੍ਰਮਾਤਮਾ ਦਾ ਕਿ ਮੈਂ ਇਸ ਵਕਤ ਪੰਜਾਬ ਰਾਜ ਬਿਜਲੀ ਬੋਰਡ ਵਿਚ (ALM) ਸਹਾਇਕ ਲਾਇਨਮੈਨ ਹਾਂ ਇਸ ਵਕਤ ਮੈਂ ਮੱਖੂ (ਫਿਰੋਜਪੁਰ) ਵਿਖੇ ਇਕੱਲਾ ਹੀ ਰਹਿ ਰਿਹਾ ਹਾਂ ਮੇਰੀ ਉਮਰ 32 ਸਾਲ ਦੀ ਹੈ ਰੱਬ ਦੀ ਕ੍ਰਿਪਾ ਹੈ ਇਕ ਚਾਰ ਕੁ ਸਾਲ ਦਾ ਬੱਚਾ (ਤੇਜ਼ਬੀਰ) ਵੀ ਹੈ। ਇਥੇ ਪੰਜ ਸੱਤ ਦਿਨ ਰਹਿੰਦਾ ਹੈ, ਫਿਰ ਤਿੰਨ ਚਾਰ ਦਿਨ ਘਰ ਲੈ ਆਉਂਦੇ ਹਨ। ਇਥੇ ਰੋਟੀ ਪਾਣੀ ਆਪ ਹੀ ਬਣਾਈਦਾ ਹੈ। ਬੜੇ ਹੀ ਵਧੀਆ ਦਿਨ ਬਤੀਤ ਹੋਈ ਜਾ ਰਹੇ ਹਨ। ਇਕ ਪੇਂਡੂ ਹੋਣ ਦੇ ਨਾਤੇ ਮੈਂ ਆਪ ਜੀ ਨੂੰ ਇਹ ਗੱਲਾਂ ਸਿੱਧੀਆਂ ਕਹਿ ਦਿੱਤੀਆਂ ਜ਼ਰੂਰ ਹੱਸੋਗੇ ਮੇਰੀਆਂ ਇਨ੍ਹਾਂ ਗੱਲਾਂ ਤੋਂ।

ਅਗਰ ਹੋ ਸਕਿਆ ਤਾਂ ਮੈਂ ਜ਼ਰੂਰ ਹੀ ਆਪ ਜੀ ਨੂੰ ਮਿਲਣ ਦੀ ਕੋਸ਼ਿਸ਼ ਕਰਾਂਗਾ। ਮੈਨੂੰ ਯਾਦ ਹੈ ਕਿ ਇਕ ਵਾਰ ਮੇਰੀ ਮਿੰਨੀ ਕਹਾਣੀ ਅਜੀਤ ਵਿਚ ਛਪੀ ਸੀ ਤਾਂ ਤੁਸੀਂ ਖ਼ਤ ਪਾਇਆ ਸੀ। ਪਰ ਹੁਣ ਮੈਂ ਨਹੀਂ ਲਿਖਦਾ। ਪਹਿਲਾਂ ਬਾਲ ਗੀਤ ਤੇ ਕੁਝ ਮਿੰਨੀ ਕਹਾਣੀਆਂ ਲਿਖਦਾ ਸਾਂ ਉਹ ਵੀ ਕਦੇ ਦੋ ਚਾਰ ਮਹੀਨੇ ਪਿੱਛੋਂ।

ਦਿਲ ਤਾਂ ਕਰਦਾ ਹੈ ਕਿ ਆਪ ਜੀ ਨਾਲ ਕਾਫੀ ਗੱਲਾਂ ਕਰਦਾ ਪਰ ਆਪ ਜਿਹੇ ਪੜ੍ਹੇ ਲਿਖੇ ਤੇ ਸੂਝਵਾਨ ਇਨਸ਼ਾਨ ਨਾਲ ਜ਼ਿਆਦਾ ਜੱਬਲੀਆਂ ਮਾਰਨੀਆਂ ਮੈਂ ਠੀਕ ਨਹੀਂ ਸਮਝਦਾ।

ਚੰਗਾ ਭੈਣ ਜੀ, ਖ਼ਤ ਬੰਦ ਕਰਨ ਜਾ ਰਿਹਾ ਹਾਂ। ਵਾਹਿਗੁਰੂ ਆਪ ਜੀ ਦੀ ਕਲਮ ਨੂੰ ਹੋਰ ਬਲ ਬਖ਼ਸ਼। ਤੁਸੀਂ ਕਾਮਯਾਬੀ ਦੀ ਮੰਜਲ ਵੱਲ ਵਧੋ। ਵਾਹਿਗੁਰੂ ਤੁਹਾਡੀਆਂ ਕਾਮਨਾਵਾਂ ਪੂਰੀਆਂ ਕਰੇ।

***ਸਵਰਾਜ ਸਿੰਘ 'ਸਿੱਧੂ'***
***ਪਿੰਡ ਬਹਿੜਵਾਲ***

–0–

ਪਰਮ ਸਤਿਕਾਰਯੋਗ ਕੁਲਜੀਤ ਕੌਰ ਜੀ,
ਸਤ ਸ੍ਰੀ ਅਕਾਲ,
ਤੁਹਾਡੀ ਮਾਤਾ ਜੀ ਅਤੇ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ।

ਗੁਰਪ੍ਰੀਤ ਨੂੰ ਪਿਆਰ ਭੇਜਦਾ ਹਾਂ ਅਤੇ ਤੁਹਾਨੂੰ ਭੇਜਣ ਵਾਸਤੇ ਮੇਰੇ ਕੋਲ ਹੰਝੂ ਹੀ ਸਨ ਜੋ ਹੁਣ ਸੋਨਾ ਬਣ ਕੇ ਕੀਮਤੀ ਹੋ ਗਏ ਹਨ ਕਿਉਂਕਿ ਤੁਸੀਂ ਮੇਰੇ ਹੰਝੂਆਂ ਦੀ ਕੀਮਤ ਬਹੁਤ ਜ਼ਿਆਦਾ ਪਾਈ ਹੈ।

ਕੁਲਜੀਤ ਮੈਨੂੰ ਖ਼ਤ ਲਿਖਣ ਤੇ ਤੁਹਾਡਾ ਸਾਰਾ ਦਿਨ ਬਰਬਾਦ ਗਿਆ ਪਰ ਮੈਂ ਕੀ ਆਖਾਂ ਬਰਬਾਦ ਕੇ ਸਫਲ ਕਿਉਂਕਿ ਮੇਰੀ ਤਾਂ ਸਾਰੀ ਰਾਤ ਹੀ ਲੱਗਣੀ ਹੈ।

ਕੁਲਜੀਤ ਤੁਸੀਂ ਬਿਲਕੁਲ ਪਵਿੱਤਰ ਅਤੇ ਨੇਕ ਦਿਲ ਲੜਕੀ ਹੋ ਮੈਨੂੰ ਫਕਰ ਹੈ ਤੁਹਾਡੇ ਤੇ,

ਕੁਲਜੀਤ ਜੀ ਪਰ ਇਕ ਬਹੁਤ ਵੱਡੀ ਗਲਤੀ ਹੋਈ ਹੈ ਤੁਹਾਡੇ ਤੋਂ ਕਿ (ਤੁਸੀਂ ਮੈਨੂੰ ਸਮਝ ਜਾਂ ਪਰਖ ਨਹੀਂ ਸਕੇ) ਮੈਂ ਦਿਲ ਦਾ ਪਾਕ ਹਾਂ ਕੇ ਨਹੀਂ ਇਹ ਤੁਹਾਡਾ ਦਿਲ ਹੀ ਫੈਸਲਾ ਕਰੇਗਾ। ਮੈਂ ਆਪਣੀ ਮਜਬੂਰੀ ਕਰਕੇ ਹੀ ਤੁਹਾਨੂੰ ਪਿਆਰ ਦਾ ਇਜ਼ਹਾਰ ਨਹੀਂ ਸੀ ਕਰ ਸਕਿਆ। ਮੇਰੀ ਮਜ਼ਬੂਰੀ ਇਹ ਹੈ (ਮੇਰੀ ਗਰੀਬੀ)

ਮੇਰਾ ਨਾਮ ਸਤਨਾਮ ਸਿੰਘ ਮੇਰੇ ਛੋਟੇ ਭਰਾਵਾਂ ਦਾ ਨਾਮ ਨਿਸ਼ਾਨ ਸਿੰਘ, ਅਮਰਜੀਤ ਸਿੰਘ, ਕਵਲਜੀਤ ਸਿੰਘ ਹਨ। ਭੈਣ ਪ੍ਰਮਾਤਮਾ ਨੇ ਦਿੱਤੀ ਹੀ ਨਹੀਂ। ਮੇਰੇ ਪਿਤਾ ਜੀ ਦਾ ਨਾਮ ਜਗੀਰ ਸਿੰਘ ਅਤੇ ਮੰਮੀ ਦਾ ਧਿਆਨਜੀਤ ਕੌਰ ਹੈ। ਇਹ ਸਾਡਾ ਛੋਟਾ ਜਿਹਾ 6 ਮੈਂਬਰਾਂ ਦਾ ਪਰਿਵਾਰ ਹੈ।

ਮੇਰਾ ਜਨਮ ਪਿੰਡ ਮੁਰਾਦਪੁਰ ਜ਼ਿਲ੍ਹਾ, ਪਟਿਆਲਾ, ਤਹਿਸ਼ੀਲ ਰਾਜਪੁਰਾ ਪੰਜਾਬ ਵਿਚ ਇਕ ਗਰੀਬ ਘਰ ਵਿਚ ਹੋਇਆ।

ਪਿਤਾ ਜੀ ਸ਼ਰਾਬ ਅਤੇ ਨਸ਼ੇ ਦਾ ਇਸਤੇਮਾਲ ਕਰਦੇ ਸਨ, ਇਸ ਕਰਕੇ ਵੀ ਗਰੀਬੀ ਜ਼ਿਆਦਾ ਸੀ।

ਸਮਸ਼ਾਨ ਵਿਚ 3 ਹੱਥ ਧਰਤੀ ਤੋਂ ਬਿਨਾਂ ਜਾਂ ਮਿੱਟੀ ਦੇ ਕੱਚੇ ਘਰ ਤੋਂ ਬਿਨਾਂ

ਮੇਰੇ ਕੋਲ ਕੋਈ ਜ਼ਮੀਨ ਜਾਂ ਸੰਪੱਤੀ ਨਹੀਂ। ਕੁਲਜੀਤ ਮੈਂ ਆਪਣੀ ਹੋਸ਼ ਵਿਚ ਕਈ ਕਈ ਦਿਨ ਭੁੱਖਿਆਂ ਵੀ ਲੰਘਾਏ ਨੇ। ਆਂਢ ਗੁਆਂਢ ਤੋਂ ਵੀ ਆਟਾ ਨਹੀਂ ਸੀ ਮਿਲਦਾ ਇਸ ਕਰਕੇ ਭੁੱਖਿਆਂ ਸੌਂ ਕੇ ਪ੍ਰਮਾਤਮਾ ਦਾ ਸ਼ੁਕਰ ਕਰ ਲਈ ਦਾ ਸੀ। ਪਿਤਾ ਜੀ ਕੋਲ ਸ਼ਰਾਬ ਵਾਸਤੇ ਤਾਂ ਪੈਸੇ ਹੁੰਦੇ ਸਨ ਪਰ ਸਾਡੇ ਵਾਸਤੇ ਨਹੀਂ।

ਕਿਸੇ ਤਰ੍ਹਾਂ ਮਾਮਿਆਂ ਜਾਂ ਰਿਸਤੇਦਾਰਾਂ ਦੇ ਸਹਾਰੇ ਅਤੇ ਪ੍ਰਮਾਤਮਾ ਦੇ ਸਹਾਰੇ ਦਿਨ ਲੰਘੇ ਅਤੇ ਹੌਲੀ ਹੌਲੀ ਡੈਡੀ ਜੀ ਵੀ ਸਮਝ ਗਏ ਪਰ ਨਸ਼ਾ ਨਹੀਂ ਛੱਡ ਸਕੇ। ਅਸੀਂ ਡੈਡੀ ਜੀ ਨੂੰ ਪਾਠ ਕਰਨ ਦਾ ਸੁਝਾਅ ਦਿੱਤਾ ਅਤੇ ਕਾਫੀ ਮੁਸ਼ਕਲ ਤੋਂ ਬਾਅਦ ਡੈਡੀ ਜੀ ਪਾਠ ਕਰਨ ਲੱਗ ਗਏ। ਫਿਰ ਸਾਡਾ ਕਾਰੋਬਾਰ ਤੁਰ ਪਿਆ, ਮੇਰਾ ਬਚਪਨ ਪਿੰਡ-ਪਿੰਡ ਰੁਲਿਆ, ਕਦੇ ਸ਼ੁਤਰਾਣੇ, ਕਦੇ ਮਹਿਬਲ, ਕਦੇ ਸਿਉਲੀ, ਜੂੰਡਣਾ, ਥਰੋਟਾ, ਮਸਿੰਘਣੀਆਂ ਡੋਰਾ, ਪਓਂਤ ਪਤਾ ਨਹੀਂ ਪੰਜਾਬ, ਹਰਿਆਣੇ ਦੇ ਕਿੰਨੇ ਕੁ ਪਿੰਡਾਂ ਵਿਚ ਸਾਡਾ ਚਾਰਾਂ ਭਰਾਵਾਂ ਦਾ ਬਚਪਨ ਰੁਲਿਐ ਅਤੇ ਹੁਣ ਜਵਾਨੀ। ਸਾਰੀ ਉਮਰ ਦੀ ਕਮਾਈ ਲਗਾ ਕੇ ਡੈਡੀ ਜੀ ਅਤੇ ਮੈਂ ਸਿਰਫ਼ ਇਕ ਛੋਟਾ ਜਿਹਾ ਘਰ ਬਣਾਇਆ ਏ ਰਾਜਪੁਰੇ ਵਿਚ। ਬੱਸ ਉਹ ਹੀ ਸਾਡੀ ਜਾਇਦਾਦ ਏ।

ਹੁਣ ਇਹ ਜੁਆਨੀ ਵਿਚ ਮੈਂ ਬਹੁਤ ਜ਼ਿਆਦਾ ਕੰਮ ਕਰਦਾ ਹਾਂ। ਤੁਸੀਂ ਅਗਰ ਇਕ ਦਿਨ ਮੈਨੂੰ ਚਿੱਠੀ ਲਿਖਣ ਤੇ ਲਾਉਂਦੇ ਹੋ ਤਾਂ ਮੈਂ ਵੀ ਇਕ ਰਾਤ। ਸਵੇਰੇ 4 ਵਜੇ ਉੱਠ ਕੇ ਗੁਰਦੁਆਰੇ ਵਿਚ ਡਿਊਟੀ, ਫਿਰ ਛੋਟੀ ਜਿਹੀ ਰੇਡੀ ਮੇਡ ਦੀ ਦੁਕਾਨ ਹੈ ਉਸ ਤੇ ਚਲਾ ਜਾਂਦਾ ਹਾਂ ਸਾਰਾ ਦਿਨ ਸਿਰ ਖਪਾ ਕੇ ਸ਼ਾਮ ਨੂੰ ਫਿਰ ਗੁਰਦੁਆਰੇ ਡਿਊਟੀ ਦੇ ਕੇ ਦੁਕਾਨ ਤੇ ਚਲਾ ਜਾਂਦਾ ਹਾਂ। 8:30 ਵਜੇ ਦੁਕਾਨ ਬੰਦ ਕਰਕੇ ਘਰ ਅਤੇ ਫਿਰ ਕਾਲਜ ਦੀ ਪੜ੍ਹਾਈ ਕਰਦਾ ਹਾਂ। ਇਸ ਤਰ੍ਹਾਂ ਕਾਫੀ ਰਾਤ ਬੀਤ ਜਾਣ ਤੋਂ ਬਾਅਦ ਹੀ ਸੌਂਦਾ ਹਾਂ। ਅਗਰ ਤੁਹਾਨੂੰ ਖ਼ਤ ਲਿਖਾ ਜਿਵੇਂ ਹੁਣ ਲਿਖ ਰਿਹਾ ਹਾਂ ਤਾਂ 12-1 ਵੱਜ ਜਾਂਦੇ ਹਨ ਰਾਤ ਦੇ। ਫਿਰ ਵੀ ਮੈਂ ਇੰਜ ਨਹੀਂ ਲਿਖਦਾ ਕੇ ਮੈਂ ਰਾਤ ਬਰਬਾਦ ਕੀਤੀ। ਕਿਉਂਕਿ ਤੁਹਾਡੇ ਲਈ ਇਕ ਰਾਤ ਕੀ ਮੈਂ ਹਮੇਸ਼ਾ ਲਈ ਜਾਗ ਸਕਦਾ ਹਾਂ ਮਤਲਬ ਮਰ ਸਕਦਾ ਹਾਂ।

ਮੈਂ ਗਲਤ ਨਹੀਂ ਹਾਂ ਮੈਨੂੰ ਸਮਝੋ ਮੈਂ ਤੁਹਾਡੇ ਮੂੰਹੋਂ ਕੁਝ ਸੁਣਨਾ ਚਾਹੁੰਦਾ ਸੀ ਪਰ ਮੈਂ ਉਸ ਦਿਨ ਮਜ਼ਾਕ ਕੀਤਾ ਸੀ ਤੁਹਾਡੀ ਪਰਖ ਲੈਣ ਵਾਸਤੇ, ਬੇਸ਼ੱਕ ਤੁਸੀਂ ਆਮ ਲੜਕੀ ਨਹੀਂ ਹੋ ਪਰ ਮੇਰਾ ਫਰਜ਼ ਬਣਦਾ ਸੀ ਤੁਹਾਨੂੰ ਕੁਝ ਕਹਿਣ ਤੋਂ ਪਹਿਲਾਂ ਪਰਖਣ ਦਾ।

ਤੁਹਾਡੀਆਂ ਗੱਲਾਂ ਤੋਂ ਮੈਂ ਮਹਿਸੂਸ ਕੀਤਾ ਕੇ ਤੁਹਾਨੂੰ ਕੋਈ ਐਕਟਿਵ ਜਾਂ ਅਮੀਰ ਘਰ ਦਾ ਲੜਕਾ ਹੀ ਪਸੰਦ ਆਵੇਗਾ ਇਸ ਸ਼ੱਕ ਨੂੰ ਮੈਂ ਯਕੀਨ ਵਿਚ ਬਦਲਣ ਵਾਸਤੇ ਹੀ ਤੁਹਾਨੂੰ ਫੋਨ ਤੇ ਝੂਠ ਕਿਹਾ ਕੇ ਮੈਂ ਅਮੀਰ ਹਾਂ। ਕੁੜੀਆਂ ਨੂੰ ਮੈਂ ਕੁਝ ਸਮਝਦਾ ਨਹੀਂ ਮੈਂ ਸ਼ਰਾਬ ਪੀਤੀ ਏ ਵਗੈਰਾ-ਵਗੈਰਾ।

ਇਸ ਝੂਠ ਕਰਕੇ ਤੁਹਾਡੇ ਦਿਲ ਨੂੰ ਅਤੇ ਮੇਰੀ ਪਰਖ ਲੈਣ ਕਰਕੇ ਤੁਹਾਡੇ ਦਿਲ ਨੂੰ ਦੁੱਖ ਪਹੁੰਚਿਆ ਹੋਵੇਗਾ। ਜੇ ਹੋ ਸਕੇ ਤਾਂ ਮੈਨੂੰ ਮਾਫ਼ ਕਰ ਦੇਣਾ। ਮੈਂ ਤੁਹਾਡਾ ਦਿਲ ਦੁਖਾਉਣ ਦਾ ਗੁਨੇਗਾਰ ਹਾਂ ਮੈਂ ਇਸ ਦੇ ਬਦਲ ਤੁਹਾਨੂੰ ਆਪਣੇ ਤਨ ਦਾ ਮਾਸ ਜ਼ਰੂਰ ਖਵਾਵਾਂਗਾ ਇਹ ਮੇਰਾ ਵਾਅਦਾ ਏ ਅਤੇ ਮੇਰਾ ਵਾਅਦਾ ਕਦੇ ਝੂਠਾ ਨਹੀਂ ਨਿਕਲਿਆ (ਇਹ ਮੇਰੇ ਵਾਸਤੇ ਸਜ਼ਾ ਵੀ ਹੋਵੇਗੀ)

ਤੁਹਾਨੂੰ ਮੈਂ ਤੁਹਾਡੇ ਸਵਾਲ ਦਾ ਜਵਾਬ ਜ਼ਰੂਰ ਦੇ ਦੇਂਦਾ ਪਰ ਮੈਂ ਕੁਝ ਸੋਚ ਵਿਚ ਹੀ ਡੁੱਬਿਆ ਰਹਿ ਗਿਆ ਸਾਂ।

ਤੁਸੀਂ ਕਿਹਾ ਕੇ ਤੁਹਾਨੂੰ ਐਕਟਿਵ ਲੜਕਾ ਚਾਹੀਦੈ, ਪਤਾ ਨਹੀਂ ਮੈਂ ਐਕਟਿਵ ਹਾਂ ਕੇ ਨਹੀਂ। ਫਿਰ ਤੁਸੀਂ ਕਿਹਾ ਮੈਨੂੰ ਤਾਂ ਭੋਲਾ ਭਾਲਾ ਪੇਂਡੂ ਜੱਟ ਚਾਹੀਦੈ ਤਾਂ ਮੈਂ ਹੋਰ ਸੋਚ 'ਚ ਪੈ ਗਿਆ।

ਫਿਰ ਮੈਂ ਸੋਚਦਾ ਰਿਹਾ ਕਿ ਮੇਰੇ ਵਰਗੇ ਗਰੀਬ ਦੇ ਘਰ ਤੁਸੀਂ ਰਹਿ ਸਕੋਗੇ। ਤੁਸੀਂ ਪੜ੍ਹੇ ਲਿਖੇ ਹੋ ਮੈਂ ਪੇਡੂ ਭੋਲਾ-ਭਾਲਾ ਜੱਟ ਕੀ ਮੈਂ ਤੁਹਾਨੂੰ ਖੁਸ਼ ਰੱਖ ਪਾਵਾਂਗਾ। ਮੈਂ ਤਾਂ ਇਹ ਹੀ ਸੋਚਦਾ ਰਿਹਾ ਕਿ ਕਿਤੇ ਤੁਸੀਂ ਹੀ ਮੇਰੀ ਗਰੀਬੀ ਅਤੇ ਸਾਦਗੀ ਦਾ ਮਜ਼ਾਕ ਨਾ ਉਡਾ ਦਿਓ।

ਛੋਟੀ ਛੋਟੀ ਗੱਲ ਤੋਂ ਤੁਸੀਂ ਆਪਣੀ ਆਦਤ ਦਾ ਨਾਂ ਲੈ ਕੇ ਮੈਨੂੰ ਚੱਕਰਾਂ 'ਚ ਪਾਤਾ ਕਿ ਮੈਂ ਕਹਾਂ ਕਿ ਨਾ, ਲਾਡੀ ਵੀ ਕਹਿੰਦਾ ਰਿਹਾ ਕਿ ਕਹਿ ਦੇ ਪਰ ਮੈਂ ਸੋਚਦਾ ਹੀ ਰਹਿ ਗਿਆ ਪਰ ਮੈਂ ਤੁਹਾਨੂੰ ਉਸਦਾ ਜਵਾਬ ਅੱਜ ਦੇਂਦਾ ਹਾਂ। ਕਿਉਂਕਿ ਮੈਂ ਆਪਣੀ ਅਸਲੀਅਤ ਜੋ ਤੁਹਾਨੂੰ ਨਹੀਂ ਸੀ ਦੱਸਣਾ ਚਾਹੁੰਦਾ ਦੱਸ ਦਿੱਤੀ ਏ।

ਦੁਬਾਰਾ ਫਿਰ ਕਹਿੰਦਾ ਹਾਂ ਮੈਂ ਸ਼ਰਾਬ ਨਹੀਂ ਪੀਂਦਾ ਅੰਮ੍ਰਿਤਧਾਰੀ ਹਾਂ ਭਾਵੇਂ ਆਪਣੇ ਡੈਡੀ ਤੋਂ ਪੁੱਛ ਲਈ। ਕੋਈ ਅਮੀਰ ਨਹੀਂ। ਬਹੁਤ ਹੀ ਗਰੀਬ ਹਾਂ ਪ੍ਰਦੇਸ਼ਾਂ ਵਿਚ ਬੈਠਾ ਰੋਜ਼ੀ ਰੋਟੀ ਕਮਾਉਂਦਾ ਪਿਆ ਹਾਂ।

ਜਵਾਨੀ ਫਿਕਰਾਂ ਦੀ ਗਲਾਮ ਹੋ ਗਈ ਏ।

ਕੋਈ ਗਰਲ ਫ੍ਰੈਂਡ ਨਹੀਂ ਉਹ ਤਾਂ ਤੁਹਾਡੇ ਦਿਲ ਦੀ ਗੱਲ ਜਾਨਣ ਵਾਸਤੇ ਤੁਹਾਨੂੰ ਝੂਠ ਬੋਲਿਆ ਸੀ। ਮਾਫ ਕਰਨਾ।

ਤੁਹਾਡੀ ਨਾਂਹ ਮੈਂ ਸਹਿਣ ਨਹੀਂ ਸੀ ਕਰ ਸਕਦਾ। ਮੈਨੂੰ ਤੁਹਾਡੇ ਨਾਲ ਪਿਆਰ ਹੋ ਗਿਆ ਹੈ।

I Love You

ਅੱਗੇ ਤੁਹਾਡੀ ਮਰਜੀ ਏ। ਮੈਂ ਤਾਂ ਦਰਬਾਰ ਸਾਹਿਬ ਮੱਥਾ ਟੇਕਣ ਲੱਗਿਆ ਹੀ ਤੁਹਾਨੂੰ ਮੰਗਿਆ ਸੀ। ਅਗਰ ਤੁਹਾਨੂੰ ਮੇਰੀ ਗੱਲ ਤੇ ਯਕੀਨ ਨਹੀਂ ਆਉਂਦਾ ਤਾਂ ਤੁਸੀਂ ਮੇਰੀ ਦੁਕਾਨ ਦਾ ਪੀ. ਪੀ. ਫੋਨ ਨੰਬਰ ਲੈ ਲਵੋ ਜਦੋਂ ਮਰਜੀ ਮੇਰੇ ਨਾਲ ਗੱਲ ਕਰਕੇ ਤਸੱਲੀ ਕਰ ਲੈਣ।

I Love You

Do You Love Me?

-o-

ਸਤਿਕਾਰਯੋਗ

ਕੁਲਜੀਤ ਜੀ,

ਮੈਂ 'ਜਗ ਬਾਣੀ' ਵਿਚ ਤੁਹਾਡੀਆਂ ਗਜ਼ਲਾਂ ਪੜ੍ਹੀਆਂ ਜੋ ਮੈਨੂੰ ਬਹੁਤ ਜ਼ਿਆਦਾ ਵਧੀਆ ਲੱਗੀਆਂ ਹਨ। ਮੈਂ ਅੱਠਵੀਂ ਕਲਾਸ ਦਾ ਵਿਦਿਆਰਥੀ ਹਾਂ ਮੈਨੂੰ ਵੀ ਲਿਖਣ ਦਾ ਸ਼ੌਕ ਹੈ। ਮੈਂ ਪੰਜਾਬੀ ਥੋੜ੍ਹੀ ਘੱਟ ਜਾਣਦਾ ਮੈਂ ਪੰਜਵੀਂ ਕਲਾਸ ਤੱਕ ਦਿੱਲੀ ਵਿਚ ਪੜ੍ਹਿਆ ਸੀ। ਇਸ ਲਈ ਗ੍ਰਾਮਰ ਵਿਚ ਬਹੁਤ ਗਲਤੀਆਂ ਹੁੰਦੀਆਂ ਹਨ।

ਜਿਵੇਂ ਇਕ ਵਿਦਿਆਰਥੀ ਅਧਿਆਪਕ ਤੋਂ ਬਿਨ੍ਹਾਂ ਏਨਾ ਵਧੀਆ ਨਹੀਂ ਕਰ ਸਕਦਾ। ਉਸੇ ਤਰ੍ਹਾਂ ਹੀ ਮੈਨੂੰ ਵੀ ਇਕ ਅਧਿਆਪਕ ਦੀ ਜ਼ਰੂਰਤ ਹੈ ਜੋ ਇਸ ਰਸਤੇ ਵਿਚ ਮੇਰਾ ਸਹੀ ਮਾਰਗ ਦਰਸ਼ਕ ਬਣੇ। ਮੈਂ ਜਦੋਂ ਦੁੱਖੀ ਹੁੰਦਾ ਹਾਂ ਤਾਂ ਕੁਝ ਨਾ ਕੁਝ ਲਿਖ ਦਿੰਦਾ ਹਾਂ ਪਰ ਮੈਨੂੰ ਇਹ ਪਤਾ ਨਹੀਂ ਹੈ ਕਿ ਮੈਂ ਕੀ ਲਿਖਦਾ ਹਾਂ ਮੈਂ ਆਪਣੀਆਂ ਚਾਰ ਲਿਖੀਆਂ ਹੋਈਆਂ (?) ਭੇਜ ਰਿਹਾ ਹਾਂ। ਮੈਨੂੰ ਪਤਾ ਹੈ ਇਨ੍ਹਾਂ ਵਿਚ ਬਹੁਤ ਗਲਤੀਆਂ ਹਨ ਤੇ ਏਨੇ ਵਧੀਆਂ ਸ਼ਬਦਾਂ ਦੀ ਘਾਟ ਹੈ ਜਿਹੜੇ ਤੁਸੀਂ ਆਪਣੀਆਂ ਗਜ਼ਲਾਂ ਵਿਚ ਵਰਤੇ ਸਨ। ਮੈਨੂੰ ਗੁਰੂ ਦੀ ਤਲਾਸ ਹੈ। ਮੈਨੂੰ ਆਸ ਹੈ ਤੁਸੀਂ ਜ਼ਰੂਰ ਮੇਰੀ ਸਹਾਇਤਾ ਕਰੋਗੇ। ਮੈਂ ਆਪ ਜੀ ਨੂੰ ਆਪਣਾ ਗੁਰੂ ਬਣਾਉਣਾ ਚਾਹੁੰਦਾ। ਮੇਰੀ ਮੇਰੇ ਆਲੇ-ਦੁਆਲੇ ਨਾਲ ਸਾਂਝ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ ਕਿਉਂਕਿ ਇਹ ਸਾਰੇ ਮੈਨੂੰ ਪਾਗਲ ਸਮਝਦੇ ਹਨ। ਮੈਨੂੰ ਆਸ ਹੈ ਕਿ ਆਪ ਜੀ ਮੈਨੂੰ ਗਲਤ ਨਹੀਂ ਸਮਝੋਂਗੇ। ਜੇ ਮੇਰੇ ਕੋਲੋਂ ਕੋਈ ਗਲਤੀ ਹੋਈ ਹੋਵੇ ਤਾਂ ਮੈਂ ਹੱਥ ਜੋੜ ਕੇ ਮਾਫ਼ੀ ਚਾਹੁੰਦਾ ਹਾਂ।

*ਸ਼ੀਤਲ ਕੁਮਾਰ ਸ਼ਰਮਾ*
*ਮੇਨ ਬਾਜ਼ਾਰ, ਸੁਲਤਾਨਵਿੰਡ ਪਿੰਡ, (ਅੰਮ੍ਰਿਤਸਰ)*
**ਮਿਤੀ 19/9/02**

ਸਤਿਕਾਰਯੋਗ ਪਿਆਰੇ ਕੁਲਜੀਤ ਜੀ,
ਨਿੱਘੀ ਤੇ ਪਿਆਰੀ ਯਾਦ!

* ਤੁਹਾਡਾ ਪਿਆਰ ਤੇ ਅਪਣੱਤ ਭਰਿਆ ਖਤ ਮਿਲਿਆ ਤੇ ਨਾਲ ਹੀ ਤਸ਼ਵੀਰ ਵੀ....ਇਹ ਸਭ ਪ੍ਰਾਪਤ ਕਰਕੇ ਦਿਲ ਨੂੰ ਬੇਹੱਦ ਖੁਸ਼ੀ ਹੋਈ।

* ਤੁਹਾਡੇ ਵੱਲੋਂ ਭੇਜਿਆ ਜੀਵਨ-ਵੇਰਵਾ ਠੀਕ ਹੈ। ਮੈਂ ਤੁਹਾਡੇ ਬਾਰੇ ਛੇਤੀ ਹੀ ਦੋ-ਚਾਰ ਪੇਪਰਾਂ 'ਚ ਲਿਖਾਂਗਾ! ਹਾਂ ਸੱਚ! ਤਸਵੀਰ ਦਾ ਸਾਇਜ਼ ਪੋਸਟਕਾਰਡ ਚਾਹੀਦਾ ਹੈ। ਤੁਸੀਂ ਇਸ (ਪੀ. ਸੀ.) ਸਾਇਜ਼ 'ਚ ਆਪਣੀਆਂ ਘੱਟੋ-ਘੱਟ 5 ਤਸਵੀਰਾਂ ਭੇਜਣ ਦੀ ਖੇਚਲ ਕਰੋ। ਇਹ ਜ਼ਰੂਰੀ ਨਹੀਂ ਕਿ ਫੋਟੋਆਂ ਇਕੋ ਨੈਗੇਟਿਵ ਤੋਂ ਹੋਣ, ਜੇਕਰ ਵੱਖ-2 ਅੰਦਾਜ਼ 'ਚ ਭੇਜੋ ਤਾਂ ਹੋਰ ਵੀ ਚੰਗਾ ਰਹੇਗਾ ਤਾਂਕਿ ਪਾਠਕਾਂ ਨੂੰ ਵੱਖ-ਵੱਖ ਫ਼ੀਚਰ 'ਚ ਵੱਖ-ਵੱਖ ਚਿਹਰੇ ਦੀ ਵੰਨ੍ਹਗੀ ਮਹਿਸੂਸ ਹੋਵੇ। ਬਾਕੀ ਤੁਸੀਂ ਖੁਦ ਮੇਰੇ ਨਾਲੋਂ ਵੱਧ ਸਿਆਣੇ ਤੇ ਸਮਝਦਾਰ ਹੋ। ਤੁਹਾਡੀ ਕਾਬਲੀਅਤ ਤੁਹਾਡੇ ਬਾਇਓ ਡੇਟ ਤੋਂ ਸਾਫ਼ ਝਲਕਦੀ ਹੈ।

* ਲੇਖਣੀ ਦੇ ਨਾਲ-ਨਾਲ ਦੋਸਤ-ਮਿੱਤਰਾਂ ਨਾਲ ਪੱਤਰ ਲਿਖਣ ਦੀ ਰੁਚੀ ਰੱਖਣਾ ਮੈਨੂੰ ਵੀ ਪਸੰਦ ਹੈ। ਪ੍ਰੰਤੂ ਫ਼ਿਲਮੀ ਪੱਤਰਕਾਰੀ ਦੇ ਖੇਤਰ 'ਚ ਆਉਣ ਕਰਕੇ ਮੈਂ ਇਸ ਤਰਫ਼ੋ ਕੁਝ ਢਿੱਲਾ ਰਿਹਾ, ਪ੍ਰੰਤੂ ਹੁਣ ਤੁਹਾਡੇ ਤੋਂ ਮੁੜ ਸ਼ੁਰੂ ਕਰ ਰਿਹਾ ਹਾਂ ਆਸ ਹੈ ਪ੍ਰਵਾਨ ਕਰੋਗੇ।

* ਹਾਂ ਸੱਚ, ਤੁਹਾਡੀ ਇਕ ਵੱਡੀ ਕਹਾਣੀ 'ਸੱਤ ਸਮੁੰਦਰੋਂ ਪਾਰ...." ਰਸਾਲੇ 'ਚ ਐਂਤਕੀ ਵੇਖੀ ਸੀ....।

* ਮੈਂ ਆਪਣੇ ਕੰਮ ਦੇ ਸਿਲਸਿਲੇ ਅਕਸਰ ਸਫ਼ਰ 'ਚ ਰਹਿੰਦਾ ਹਾਂ ਇਸ ਕਰਕੇ ਮੇਰੀ ਲੇਖਣੀ ਅਤੇ ਦੋਸਤੀ ਦਾ ਘੇਰਾ ਕਾਫ਼ੀ ਵਿਸ਼ਾਲ ਹੈ।

* ਰਾਤ 8 ਵਜੇ ਤੋਂ ਬਾਅਦ ਘਰ ਹੁੰਦਾ ਹਾਂ। ਫ਼ੋਨ ਕਰਨਾ ਚਾਹੋਂ ਤਾਂ

01679-3936308 ’ਤੇ ਕਰ ਸਕਦੇ ਹੋ।

* ਡਾ. ਬਲਿਹਾਰ ਨੂੰ ਤੁਹਾਡੀ ਫਤਿਹ ਅਰਜ਼ ਕਰ ਦਿੱਤੀ ਸੀ। ਉਨ੍ਹਾਂ ਵਲੋਂ ਵੀ ਫਤਿਹ ਪ੍ਰਵਾਨ ਕਰੋ...।

* ਚੰਗਾ ਜੀ, ਇਜ਼ਾਜਤ ਚਾਹੁੰਦਾ ਹਾਂ, ਗਲਤੀ ਤੋਂ ਮੁਆਫ਼ੀ....

* ਤੁਹਾਡੇ ਪੱਤਰ ਦੀ ਉਡੀਕ ਕਰਾਂਗਾ।

* ਆਪ ਜੀ ਨੂੰ ਆਖਿਰ ’ਚ ਪਿਆਰ ਭਰੀ ਸਤਿ ਸ੍ਰੀ ਅਕਾਲ,

***ਬਰਨਾਲਾ***

***19.9.02***

-o-

ਪਿਆਰੀ ਕੁਲਜੀਤ

ਪਿਆਰ ਅਤੇ ਅਸੀਸਾਂ

ਤੇਰੇ ਰਾਜ਼ੀ ਖੁਸ਼ੀ ਪਲੱਵ ਦਾ ਫੋਨ ਆ ਗਿਆ ਸੀ ਟਿਕਵੀਂ ਤਸੱਲੀ ਹੋਈ। ਤੇਰੀ ਇਕ ਤਸਵੀਰ ਭੇਜ ਰਿਹਾ ਹਾਂ। ਹੋਰ ਵੀ ਹਨ ਪਰ ਅਸਾਂ ਸੰਸਥਾ ਦੇ ਰੀਕਾਰਡ ਵਿਚ ਰੱਖਣੇ ਹਨ। ਤੂੰ ਉਸ ਦਿਨ ਗਜ਼ਲ ਬਹੁਤ ਅੱਛੀ ਪੜ੍ਹੀ। ਵਧਾਈ। ਸਾਰੇ ਹੀ ਬੜੀ ਤਾਰੀਫ਼ ਕਰਦੇ ਸੀ।

ਅਖ਼ਬਾਰਾਂ ਵਿਚ ਖ਼ਬਰਾਂ ਠੀਕ ਛਪੀਆਂ ਤੇਰੇ ਬਾਰੇ ਵੀ ਛਪਿਆ ਚੰਗਾ ਲੱਗਿਆ।

ਬੀਬੀ ਤੇ ਲੱਕੀ ਨੂੰ ਪਿਆਰ, ਸਃ ਨਿਰਮਲ ਸਿੰਘ ਸਤਿ ਸ੍ਰੀ ਅਕਾਲ।

***ਤੇਰਾ ਪਾਪਾ***

-0-

ਕੁਲਜੀਤ ਜੀ,

ਮੇਰੀ ਤਰਫ਼ੋਂ ਸਤਿ ਸ੍ਰੀ ਅਕਾਲ ਪ੍ਰਵਾਨ ਹੋਵੇ

ਤੁਹਾਡੀਆਂ ਗ਼ਜ਼ਲਾਂ ਮੈਂ ਅਕਸਰ ਪੜ੍ਹਦਾ ਰਹਿੰਨਾ, ਤੁਹਾਡੀਆਂ ਦਰਦ ਭਿੱਜੀਆਂ ਗਜ਼ਲਾਂ ਮੈਨੂੰ ਬਹੁਤ ਚੰਗੀਆਂ ਲੱਗੀਆਂ, ਤੇ ਮੈਂ ਵੀ ਅੱਜ ਕੱਲ੍ਹ ਕੁਝ ਲਿਖਣ ਦਾ ਯਤਨ ਕਰ ਰਿਹਾ ਹਾਂ, ਮੈਂ ਤੁਹਾਨੂੰ ਆਪਣਾ ਗੁਰੂ ਮੰਨ ਲਿਆ ਹੈ। ਤੁਹਾਡੀਆਂ ਲਿਖੀਆਂ ਗਜ਼ਲਾਂ ਨਾਲ ਮੈਨੂੰ ਮੋਹ ਜਿਹਾ ਹੋ ਗਿਆ ਹੈ, ਕੁਲਜੀਤ ਜੀ ਮੈਂ ਬਹੁਤਾ ਪੜ੍ਹਿਆ ਨਹੀਂ ਸਿਰਫ਼ ਮੈਟ੍ਰਿਕ ਤੱਕ ਪੜ੍ਹਾਈ ਕੀਤੀ ਹੈ ਮੇਰੀ ਉਮਰ 24 ਸਾਲ ਹੈ। ਮੈਂ ਤੁਹਾਡੇ ਵਿਚੋਂ ਹੌਂਸਲਾ ਚਾਹੁੰਦਾ ਹਾਂ। ਮੈਂ ਆਪਣੀ ਇਕ ਰਚਨਾ ਅਖ਼ਬਾਰ ਵਿਚ ਛਪਾਉਣੀ ਚਾਹੁੰਦਾ ਹਾਂ। ਮੈਨੂੰ ਕੀ ਕਰਨਾ ਪਵੇਗਾ। ਮੇਰੀ ਰਚਨਾ ਵਿਚ ਵੀ ਦਰਦ ਹੈ ਮੇਰਾ ਪਿਆਰਾ ਦੋਸਤ ਮੈਥੋਂ ਵਿਛੜ ਗਿਆ ਹੈ ਮੈਂ ਉਸ ਦੋਸਤ ਦੇ ਵਿਛੋੜੇ ਦਾ ਦਰਦ ਉਨ੍ਹਾਂ ਸਤਰਾਂ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਹੋ ਸਕੇ ਤਾਂ ਆਪਣਾ ਟੈਲੀਫੋਨ ਨੰਬਰ ਜ਼ਰੂਰ ਦੇ ਦੇਣਾ ਮੈਂ ਤੁਹਾਡੇ ਕੋਲੋਂ ਕੁਝ ਜਾਣਕਾਰੀ ਚਾਹੁੰਦਾ ਹਾਂ।

ਕੁਲਜੀਤ ਜੀ ਮੇਰੇ ਇਸ ਤਰਲੇ ਨੂੰ ਜ਼ਰੂਰ ਸਵੀਕਾਰ ਕਰਨਾ ਮੈਂ ਤੁਹਾਡਾ ਅਤਿ

ਧੰਨਵਾਦੀ ਹੋਵਾਂਗਾ। ਉਮੀਦ ਹੈ ਤੁਸੀਂ ਮੇਰੇ ਇਸ ਪੱਤਰ ਦਾ ਜੁਆਬ ਜ਼ਰੂਰ ਦਿਉਗੇ। ਮੈਨੂੰ ਇਤਜ਼ਾਰ ਰਹੇਗਾ। ਕੁਲਜੀਤ ਜੀ ਪ੍ਰਮਾਤਮਾ ਕਰੇ ਤੁਸੀਂ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੋ।

ਬੇਹੱਦ ਮੋਹ ਨਾਲ

*ਤੁਹਾਡਾ ਸ਼ੁਭ ਚਿੰਤਕ*
*ਸੁਖਵਿੰਦਰ ਸਿੱਧੂ*
*ਸੁਖਵਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ*
*ਪਿੰਡ ਰਹੂੜਿਆ ਵਾਲੀ*
*ਤਹਿ ਮੁਕਤਸਰ*
*ਪਿੰਨ - 152026*
***ਅੰਤ ਵਿਚ ਸਤਿ ਸ੍ਰੀ ਅਕਾਲ।***

–0–

**17/12/2001**

ਬੀਬੀ ਕੁਲਜੀਤ

ਤੇਰੀ ਚਿੱਠੀ ਨੂੰ ਆਇਆ ਕਾਫੀ ਦਿਨ ਹੋ ਗਏ ਹਨ ਪਰ ਉਤਰ ਪਛੜਕੇ ਦੇ ਰਿਹਾ ਹਾਂ। ਗੱਲ ਇਹ ਸੀ ਕਿ ਅਮਰਦੀਪ ਬੀਮਾਰ ਹੋ ਗਿਆ। ਉਹ ਹਾਲੇ ਵੀ ਦਿਆਨੰਦ ਹਸਪਤਾਲ ਲੁਧਿਆਣੇ ਹੈ। ਉਸ ਨੇ ਅਪੈਡਿਕਸ ਤੇ ਪਿੱਤੇ ਦੀ ਪੱਥਰੀ ਦਾ ਅਪਰੇਸ਼ਨ ਕਰਵਾਇਆ ਸੀ। ਜਿਹੜਾ ਕੁਝ ਵਿਗੜ ਗਿਆ ਤੇ ਉਸਨੂੰ ਲੁਧਿਆਣੇ ਲੈ ਕੇ ਜਾਣਾ ਪਿਆ। ਸਾਰੇ ਪਰਿਵਾਰ ਨੂੰ ਮਾਨਸਿਕ ਤੇ ਸਰੀਰਕ ਪ੍ਰੇਸ਼ਾਨੀ ਰਹੀ। ਇਸ ਲਈ ਤੈਨੂੰ ਚਿੱਠੀ ਨਹੀਂ ਲਿਖ ਸਕਿਆ। ਇਸ ਦੇ ਨਾਲ ਹੀ ਹੋਰ ਰੁਝੇਵੇਂ ਵੀ ਰਹੇ।

ਮੈਨੂੰ ਪਰਗਟ ਨੇ ਦੱਸਿਆ ਹੈ ਕਿ ਤੂੰ ਵੀ ਪਿਛਲੇ ਦਿਨੀਂ ਆਪਣੇ ਨਾਨਕੇ ਫਿਰੋਜ਼ਪੁਰ ਗਈ ਸੀ। ਉਸ ਦੇ ਕਿਸੇ ਮਿੱਤਰ ਨੂੰ ਮਿਲੀ ਸੀ। ਪਰਗਟ ਨੇ ਇਹ ਵੀ ਦੱਸਿਆ ਕਿ ਕਿਸੇ ਰਸਾਲੇ ਵਿਚ ਤੇਰੀ ਗਜ਼ਲ ਵੀ ਛਪੀ ਹੈ। ਉਹ ਰਸਾਲਾ ਮੈਨੂੰ ਨਹੀਂ ਮਿਲਿਆ।

ਸਾਡੀ ਦੋ ਦਿਨ ਦੀ ਜਲੰਧਰ ਮੀਟਿੰਗ ਸੀ। ਉਥੇ ਅੰਮ੍ਰਿਤਸਰ ਤੋਂ ਵੀ ਕਾਫ਼ੀ ਬੰਦੇ ਆਏ ਸਨ ਪਰ ਕੋਈ ਕਾਲਜ ਜਾਣ ਵਾਲਾ ਨਹੀਂ ਮਿਲਿਆ, ਨਹੀਂ ਤਾਂ ਮੈਂ ਉਸ ਹੱਥ ਅਮਰਦੀਪ ਵਾਲੀ ਕੈਸਟ ਭੇਜਣੀ ਸੀ। ਕਿਸੇ ਹੋਰ ਹੱਥ ਭੇਜਾਂਗਾ।

ਹਰਿੰਦਰ ਨੇ ਤੈਨੂੰ ਆਪਣੇ ਲੇਖ ਦੀ ਨਕਲ ਭੇਜੀ ਸੀ। ਤੂੰ ਉਸ ਬਾਰੇ ਆਪਣੇ ਵਿਚਾਰ ਨਹੀਂ ਭੇਜੇ। ਆਪਣੀ ਪੜ੍ਹਾਈ ਵਲ ਪੂਰਾ ਧਿਆਨ ਦੇਹ। ਤੇਰੇ ਨੰਬਰ ਬਹੁਤ ਚੰਗੇ ਆਉਣੇ ਚਾਹੀਦੇ ਹਨ। ਇਸ ਉਤੇ ਤੇਰਾ ਭਵਿੱਖ ਦਾ ਕੈਰੀਅਰ ਨਿਰਭਰ ਕਰਦਾ ਹੈ।

ਤੇਰੇ ਪਿੱਛੋਂ ਨਿਰਮਲ ਨਹੀਂ ਮਿਲਿਆ ਮੈਂ ਕਈ ਸੁਨੇਹੇ ਭੇਜੇ ਆਂ ਆਪ ਵੀ

ਦੋ ਤਿੰਨ ਵਾਰ ਮਿਲਣ ਗਿਆ ਹਾਂ। ਉਸ ਕੋਲ ਮੇਰੀ ਇਕ ਕਿਤਾਬ ਹੈ। ਉਸਦੇ ਕਿਸੇ ਕੰਮ ਦੀ ਨਹੀਂ ਮੇਰੇ ਬਹੁਤ ਕੰਮ ਦੀ ਹੈ, ਉਹ ਵਾਪਸ ਨਹੀਂ ਕਰ ਰਿਹਾ।

ਮੈਂ ਸ਼ਾਇਦ ਪਿਛਲੀ ਚਿੱਠੀ ਵਿਚ ਵੀ ਲਿਖਿਆ ਸੀ। ਹਰਿੰਦਰ ਅੱਜ ਕਲ੍ਹ ਬਹੁਤ ਕਿਤਾਬਾਂ ਪੜ੍ਹ ਰਿਹਾ ਹੈ। ਹੁਣ ਉਸ ਨੂੰ ਗੱਲ ਸਮਝ ਵੀ ਆਉਣ ਲੱਗ ਪਈ ਹੈ। ਲਿਖਣ ਵੀ ਲੱਗ ਗਿਆ ਹੈ।

ਹੋਰ ਕੋਈ ਗਲ ਇਸ ਸਮੇਂ ਸੁਝ ਨਹੀਂ ਰਹੀ। ਇਸ ਲਈ ਗੱਲ ਇਥੇ ਹੀ ਖ਼ਤਮ ਕਰਦਾ ਹਾਂ। ਮੇਰੇ ਵਲੋਂ ਤੇਰੇ ਮੰਮੀ ਤੇ ਡੈਡੀ ਨੂੰ ਸਤਿ ਸ੍ਰੀ ਅਕਾਲ ਤੇ ਛੋਟਿਆਂ ਨੂੰ ਪਿਆਰ। ਹਰਿੰਦਰ ਹੁਰਾਂ ਵਲੋਂ ਵੀ ਤੈਨੂੰ ਸਤਿਕਾਰ।

- ***ਸੁਰਜੀਤ ਗਿੱਲ***

–0–

ਕੁਲਜੀਤ ਬੀਬਾ ਜੀ,

ਰੂਪਾਂਤਰ ਵਿਚ ਛਪੀਆਂ ਮੇਰੀਆਂ ਗ਼ਜ਼ਲਾਂ ਬਾਰੇ ਤੁਹਾਡਾ ਕਾਰਡ ਮੈਨੂੰ ਮਿਲ ਗਿਆ ਹੈ। ਸ਼ਲਾਘਾ ਦੇ ਏਨੇ ਵਧੀਆ ਸ਼ਬਦ ਵੱਡੇ ਤੋਂ ਵੱਡੇ ਪੁਰਸਕਾਰ ਤੋਂ ਵਧੇਰੇ ਕੀਮਤੀ ਹੁੰਦੇ ਹਨ। ਬਹੁਤ ਬਹੁਤ ਧੰਨਵਾਦ। ਤੁਹਾਡੀਆਂ ਕਿਰਤਾਂ ਮੈਂ ਰਸਾਲਿਆਂ 'ਚੋਂ ਧਿਆਨ ਨਾਲ ਪੜ੍ਹਦਾ ਹਾਂ। ਵਧੀਆ ਲਿਖਦੇ ਹੋ।

ਜੋ ਗ਼ਜ਼ਲਾਂ ਤੁਸੀਂ ਪੜ੍ਹੀਆਂ ਹਨ ਉਹ ਮੇਰੇ ਨਵੇਂ ਛਪ ਰਹੇ ਗ਼ਜ਼ਲ ਸੰਗ੍ਰਹਿ 'ਕਾਫ਼ਲੇ ਯਾਦਾਂ ਦੇ' ਵਿਚੋਂ ਹਨ। ਕਿਤਾਬ ਛਪਣ ਤੇ ਤੁਹਾਨੂੰ ਭੇਜ ਦਿਆਂਗਾ। ਇਸ ਤੋਂ ਪਹਿਲਾਂ ਛਪੇ ਦੋ ਗ਼ਜ਼ਲ ਸੰਗ੍ਰਹਿ 'ਮਹਿਕਮੇ ਪਲ' ਅਤੇ 'ਪ੍ਰਛਾਵਿਆਂ ਦੀ ਖੁਸ਼ਬੋ' ਮੈਂ ਤੁਹਾਨੂੰ ਭੇਜਣੇ ਹਨ। ਮੈਂ ਇਹ ਪੁਸਤਕਾਂ ਕੋਰੀਅਰ ਰਾਹੀਂ ਭੇਜਾਂਗਾ। ਤੁਹਾਡੇ ਪਿੰਡ ਤਾਂ ਕੋਰੀਅਰ ਆਉਂਦਾ ਨਹੀਂ। ਅੰਮ੍ਰਿਤਸਰ ਜਾਂ ਬਟਾਲੇ ਦਾ ਕੋਈ ਐਡਰੈਸ ਦੇ ਦਿਓ ਜਿੱਥੋਂ ਤੁਸੀਂ ਇਹ ਕਿਤਾਬਾਂ ਲੈ ਸਕੋ।

ਸਤਿਕਾਰ ਸਹਿਤ

***ਹਿਤੂ***
***ਪ੍ਰੋ. ਸੁਖਦੇਵ ਸਿੰਘ ਗਰੇਵਾਲ***

–0–

ਮਾਣਯੋਗ ਕੁਲਜੀਤ ਜੀਉ
ਸਤਿਕਾਰ ਭਰੀ ਸਤਿ ਸ੍ਰੀ ਅਕਾਲ।

ਖੁਸ਼ਹਾਲੀ ਲਈ ਕਾਮਨਾ ਕਰਦਾ ਹਾਂ। ਉਮੀਦ ਹੈ ਵਾਹਿਗੁਰੂ ਦੀ ਓਟ ਸਦਕਾ ਚੜ੍ਹਦੀ ਕਲਾ 'ਚ ਹੋਵੋਗੇ।

ਨਵ-ਪ੍ਰਕਾਸ਼ਿਤ ਪੁਸਤਕ 'ਹਾਦਸਿਆਂ ਦਾ ਸਫ਼ਰ' ਭੇਜ ਰਿਹਾ ਹਾਂ। ਕਬੂਲ ਕਰਨਾ। ਮਿੰਨੀ ਕਹਾਣੀਆਂ ਦੀ ਇਸ ਵਿਲੱਖਣ ਅਤੇ ਨਿਵੇਕਲੀ ਪੁਸਤਕ ਨੂੰ ਵਿਦਵਾਨਾਂ, ਲੇਖਕਾਂ ਅਤੇ ਅਲੋਚਕਾਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹੈ।

ਪੁਸਤਕ ਪੜ੍ਹ ਕੇ ਆਪਣੇ ਕੀਮਤੀ ਵਿਚਾਰ ਭੇਜਣੇ। ਤਲਬ ਰਹੇਗੀ।

ਯਾਦ ਹੋਵੇਗਾ ਭਾਸ਼ਾ ਵਿਭਾਗ ਦੇ ਸਮਾਗਮ ਸਮੇਂ ਪਟਿਆਲੇ ਮਿਲੇ ਸੀ। ਹੋਰ ਰੁਝੇਵੇਂ।

ਸਤਿਕਾਰ ਸਹਿਤ

*ਸ਼ੁਭ ਚਿੰਤਕ*
*ਸ. ਮਕਸੂਦਪੁਰੀ*

–0–

24/03/2003

ਕੁਲਜੀਤ ਗ਼ਜ਼ਲ ਜੀ,

ਪਿਛਲੇ ਹਫ਼ਤੇ ਤੁਹਾਡਾ ਖ਼ਤ ਮਿਲਿਆ ਸੀ, ਧੰਨਵਾਦ! ਚੰਗੀ ਗੱਲ ਕਿ ਤੁਸੀਂ ਖ਼ਤ ਤਾਂ ਲਿਖਿਆ, ਮੇਰੇ ਵਾਂਗ ਘੌਲ ਨਹੀਂ ਰੱਖਦੇ। ਕਈ ਵਾਰ ਤੁਹਾਨੂੰ ਪੇਪਰਾਂ ਵਿਚ ਪੜ੍ਹਿਆ ਵੀ ਸੀ ਤਾਂ ਖ਼ਤ ਲਿਖਣ ਦਾ ਸੋਚਕੇ ਵੀ ਘੌਲ ਕੀਤੀ ਰੱਖੀ, ਮੇਰੇ ਕੋਲੋਂ ਅਕਸਰ ਇੰਝ ਹੋ ਜਾਇਆ ਕਰਦਾ ਹੈ। ਫੋਨ 01832767637 ਤੇ ਮਿਲਾਇਆ ਸੀ ਉਹ ਚੁੱਕਣ ਵਾਲੀ ਕਿਸੇ ਬੀਬੀ ਨੇ ਰੌਂਗ ਨੰਬਰ ਕਹਿ ਕੇ ਰੱਖ ਦਿੱਤਾ ਸੀ।

ਤੁਹਾਨੂੰ 'ਸੁਪਨਾ' ਕਹਾਣੀ ਚੰਗੀ ਲੱਗੀ ਸ਼ੁਕਰੀਆ। ਆਪਣੀ ਲੇਖਕਾਂ ਦੀ ਤਾਂ ਹੋਣੀ ਇਕੋ ਜਿਹੀ ਹੁੰਦੀ ਹੈ ਆਪਾਂ ਨੂੰ ਚੰਗੇ ਭਵਿੱਖ ਵਾਲੇ ਸੁਪਨੇ ਹੀ ਸੁਖਾਉਂਦੇ ਹਨ ਪਰ ਮੈਂ ਇਹੀ ਕਹਾਣੀ ਅਜੀਤ, ਜਗਬਾਣੀ ਅਤੇ ਪੰਜਾਬੀ ਟ੍ਰਿਬਿਊਨ ਆਦਿ ਨੂੰ ਵੀ ਭੇਜੀ ਸੀ ਪਤਾ ਨਹੀਂ ਉਨ੍ਹਾਂ ਨੂੰ ਕਿਉਂ ਨਹੀਂ ਜਚੀ ਕਿਸੇ ਨੇ ਛਾਪੀ ਨਹੀਂ। ਉਂਝ ਮੈਂ ਇਸ ਵਿਚਾਰਧਾਰਾ ਦਾ ਹਾਂ ਕਿ ਜ਼ਰੂਰੀ ਨਹੀਂ ਕਿ ਜਿਹੜੀ ਰਚਨਾ ਅਖਬਾਰ ਨੇ ਛਾਪ ਦਿੱਤੀ ਉਹੀ ਚੰਗੀ ਹੈ, ਉਨ੍ਹਾਂ ਵਿਚਾਰਿਆਂ ਨੂੰ ਸਾਹਿਤ ਦੀ ਬਹੁਤੀ ਸਮਝ ਹੋਵੇ ਜ਼ਰੂਰੀ ਨਹੀਂ ਹੁੰਦਾ। ਤੁਹਾਡੇ ਵਾਂਗ ਕੋਈ ਸੁਚੇਤ ਲੇਖਕ ਗੱਲ ਨੂੰ ਸਮਝ ਜਾਵੇ ਤਾਂ ਲਿਖਣ ਵਾਲੇ ਦੀ ਇਹੀ ਪ੍ਰਾਪਤੀ ਹੁੰਦੀ ਹੈ।

*ਸੁਰਜੀਤ ਸਾਜਨ*

–0–

11/11/06

ਪਿਆਰੀ ਕੁਲਜੀਤ ਕੌਰ ਗਜ਼ਲ ਜੀ,

ਸਤਿ ਸ੍ਰੀ ਅਕਾਲ। ਤੁਹਾਡਾ ਖ਼ਤ ਮਿਲਣਾ ਮੇਰੇ ਲਈ ਬੜਾ ਉਤਸ਼ਾਹ ਜਨਕ ਹੈ। ਤੁਹਾਨੂੰ 'ਡਿਸਟ੍ਰੈਕਸ਼ਨ' ਲੇਖ ਪਸੰਦ ਆਇਆ ਧੰਨਵਾਦ। ਹਰ ਲੇਖਕ ਨੂੰ ਪ੍ਰਸ਼ੰਸਕ ਦੇ ਰੂਪ ਵਿਚ ਪਾਠਕ ਦੀ ਲੋੜ ਹੁੰਦੀ ਹੈ। ਮੈਂ 'ਮੰਦਬੁੱਧੀ ਬੱਚੇ' 'ਤੇ ਇਕ ਲੇਖ ਭੇਜ ਰਹੀ ਹਾਂ, ਸ਼ਾਇਦ ਪ੍ਰਕਾਸ਼ਿਤ ਹੋਵੇ। ਤੁਸੀਂ ਸਿੱਖਿਆ ਬਾਰੇ ਜਾਗਰੂਕ ਹੋ, ਚੰਗਾ ਹੈ।

*ਸ਼ੁਭ ਚਿੰਤਕ*
*ਸੁਰਿੰਦਰ ਕੌਰ*

–0–

ਮਿਸ ਕੁਲਜੀਤ ਜੀ,
ਸਤਿ ਸ੍ਰੀ ਅਕਾਲ,

ਨਹੀਂ ਪਤਾ ਮੇਰਾ ਖ਼ਤ ਲਿਖਣਾ ਤੁਹਾਨੂੰ ਚੰਗਾ ਵੀ ਲੱਗੇ ਜਾ ਨਹੀਂ।

ਕੁਲਜੀਤ ਜੀ ਮੈਂ ਤੁਹਾਡੀਆਂ ਰਚਨਾਵਾਂ ਕਈ ਵਾਰੀ ਪੜ੍ਹੀਆਂ। ਹਰ ਵਾਰ ਖ਼ਤ ਲਿਖ ਕੇ ਰਾਬਤਾ ਕਾਇਮ ਕਰਨ ਨੂੰ ਦਿਲ ਚਾਹਿਆ ਪਰੰਤੂ ਹਰ ਵਾਰ ਰੁਕ ਜਾਂਦਾ ਰਿਹਾ, ਪਤਾ ਨੀ ਕਿਉਂ?

ਇਸ ਵਾਰ ਤੁਹਾਡਾ ਪਤਾ ਵੀ ਮਿਲ ਗਿਆ ਤੇ ਲਿਖਣ ਦੀ ਵਿਹਲ ਵੀ।

ਮੇਰੀ ਆਦਤ ਹੈ ਕਿ ਮੈਂ ਸਿਰਫ਼ ਦੋ ਹੀ ਤਰ੍ਹਾਂ ਦੇ ਬੰਦਿਆਂ ਦਾ ਨੋਟਿਸ ਲੈਨਾ। ਇਕ ਉਨ੍ਹਾਂ ਦਾ ਜਿਹੜੇ ਬਹੁਤ ਵਧੀਆ ਕੰਮ ਕਰਦੇ ਨੇ ਤੇ ਦੂਜੇ ਉਨ੍ਹਾਂ ਜਿਹੜੇ ਬਹੁਤ ਮਾੜੇ ਕੰਮ ਕਰਦੇ ਨੇ। ਪਰੰਤੂ ਵਿਚਕਾਰਲੇ ਕਿਸਮ ਦੇ ਇਨਸ਼ਾਨ ਮੇਰੀ ਗਿਣਤੀ 'ਚ ਨਹੀਂ ਆਉਂਦੇ।

ਬਿਨ੍ਹਾਂ ਸ਼ੱਕ ਤੁਸੀਂ ਵਧੀਆ ਲਿਖਦੇ ਹੋ ਤੇ ਕਿਸੇ ਵਧੀਆ ਲਿਖਾਰੀ ਨੂੰ ਉਸਦੇ ਪਾਠਕਾਂ ਦੁਆਰਾ ਪੜ੍ਹੇ ਜਾਣਾ ਹੀ ਉਸਦੀ ਚੰਗੀ ਕਾਰਗੁਜ਼ਾਰੀ ਦਾ ਸਬੂਤ ਹੁੰਦਾ।

ਮੈਂ ਤੁਹਾਡੀਆਂ ਰਚਨਾਵਾਂ ਨੂੰ ਸਾਹਿਤਕ ਮਾਪਦੰਡ ਤੋਂ ਨਹੀਂ ਦੇਖਣਾ ਚਾਹੁੰਦਾ ਕਿ ਇਸਦੀ ਕਾਫੀਏ ਕਿਵੇਂ ਹਨ, ਇਸਦਾ ਰਦੀਫ ਕੀ ਏ? ਇਸਦਾ ਬਹਿਰ, ਵਜ਼ਨ, ਮੀਟਰ ਕਿਵੇਂ ਐ। ਇਨ੍ਹਾਂ ਚੱਕਰਾਂ 'ਚ ਪੈਣ ਤੋਂ ਬਿਨ੍ਹਾਂ ਹੀ ਤੁਹਾਡੀਆਂ ਰਚਨਾਵਾਂ ਸਿਰਕੱਢ ਹੁੰਦੀਆਂ ਹਨ।

ਤੁਹਾਡੀਆਂ ਰਚਨਾਵਾਂ ਤੁਹਾਡੀ ਪ੍ਰਾਪਤੀ ਦਾ ਸਿਖ਼ਰ ਨਹੀਂ ਹਨ। ਇਹ ਤਾਂ ਮਹਿਜ ਇਕੋ ਸ਼ੁਰੂਆਤ ਹੈ ਕਿਸੇ ਆਵਾਜਾਈ ਪ੍ਰਾਪਤੀ ਦੀ...। ਮੰਜ਼ਿਲ ਦੂਰ ਹੈ। ਸੱਚੀ ਮਿਹਨਤ ਤੇ ਸੁੱਚੀ ਸਰਧਾ ਨਾਲ ਹੀ ਮੰਜ਼ਿਲ ਮਿਲਦੀ ਹੈ। ਤੁਸੀਂ ਵਧੀਆ ਲਿਖਦੇ ਹੋ ਬਹੁਤ ਵਧੀਆ ਲਿਖਣ ਦੀ ਕੋਸ਼ਿਸ਼ ਕਰੋ ਤੇ ਸਭ ਤੋਂ ਵਧੀਆ ਹੋ ਨਿਬੜੋ।

ਇਸ ਦੁਨੀਆ ਵਿਚ ਤੁਹਾਡੀ ਲਿਖਣ ਤੋਂ ਨੁਕਸ ਛਾਟਣ ਵਾਲੇ ਹਜ਼ਾਰਾਂ ਇਨਸਾਨ ਹੋ ਸਕਦੇ ਹਨ। ਪਰੰਤੂ ਤੁਹਾਡੇ ਵਰਗੇ ਲਿਖਣ ਵਾਲੇ ਸਿਰਫ਼ ਤਿੰਨ ਹੋਣਗੇ। ਇਸ ਆਲੋਚਨਾ ਤੋਂ ਘਬਰਾਉਣ ਦੀ ਲੋੜ ਨਹੀਂ। ਆਪਣੀ ਮਸਤ ਚਾਲ ਚੱਲੋ ਹਾਥੀ ਵਾਂਗੂ। ਕਿਸੇ ਮੋਰ ਵਾਂਗ ਮਟਕਨਾ, ਹਿਰਨਾਂ ਵਾਂਗੂੰ ਚੁੰਗੀਆਂ ਭਰਨਾ ਤੇ ਹਾਥੀ ਵਾਲੀ ਮਸਤ ਚਾਲ ਵਿਰਲਿਆ ਦੇ ਹਿੱਸੇ ਆਉਂਦੀ ਹੈ। ਭੇਡ ਚਾਲ ਤਾਂ ਸਾਰੇ ਜਾਣਦੇ ਨੇ।

ਤੁਸੀਂ ਦਰਦ-ਬ੍ਰਿਹੋ ਸ਼ਬਦ ਬਣਾ ਕੇ ਰਚਨਾ ਕਰਦੇ ਹੋ। ਇਕ ਦਰਦ ਹੀ ਹੁੰਦਾ ਕਿਸੇ ਸੰਵੇਦਨਾ ਭਰੇ ਦਿਲ ਵਿਚ ਤੇ ਕੋਈ ਸੰਵੇਦਨਸ਼ੀਲ ਹੀ ਸਮਝ ਸਕਦਾ ਹੈ ਦਰਦ ਦੀਆਂ ਗਹਿਰਾਈਆਂ। ਲੱਗਦਾ ਤੁਹਾਨੂੰ ਕਿਸੇ ਦਰਦ ਨੇ ਹੀ ਰਚਨਾਵਾਂ ਕਰਨ ਲਾਇਆ। ਕਿਉਂਕਿ ਸ਼ਾਇਰ ਤੇ ਸੂਰਮੇ ਹੀ ਦਰਦ ਦੀ ਪੈਦਾਇਸ਼ ਹੁੰਦੇ ਹਨ।

ਤੁਹਾਡੇ ਮਾਂ-ਪਿਉ ਨੂੰ ਵੀ ਨਤਮਸਤਕ ਅਤੇ ਜਿਨ੍ਹਾਂ ਦੇ ਘਰ ਕਈ ਚੰਗਾ ਰਚਨਾਤਮਕ ਸੀ ਰਾਣੀ ਜਨਮੀ।

ਜੇਕਰ ਤੁਹਾਡੀ ਕੋਈ ਕਿਤਾਬ ਛਪੀ ਹੋਵੇ ਤਾਂ ਮੇਰੇ ਪਤੇ ਤੇ ਭੇਜ ਦੇਣਾ ਸਮੇਤ ਡਾਕ ਖਰਚ ਕੀਮਤ ਅਦਾ ਕਰ ਦੇਵਾਂਗੇ। ਕਿਉਂਕਿ ਸਹਿਤ ਮੁਫ਼ਤ ਨਹੀਂ ਮਿਲਦਾ।

ਜੇਕਰ ਚੰਗਾ ਲੱਗੇ ਤਾਂ ਖ਼ਤ ਲਿਖ ਦੇਣਾ। ਐਵੇ ਮਨ-ਮਾਰ ਫੋਕੀ ਫਾਰਮੈਲਿਟੀ ਦੀ ਜ਼ਰੂਰਤ ਨਹੀਂ ਕਿਉਂਕਿ ਮੇਰੀ ਤਾਂ ਅਮ੍ਰਿਤਾ ਪ੍ਰੀਤਮ ਵਾਲੀ ਫਿਲਾਸਫੀ ਹੈ। ਕਿ If Some One Understand Me My God Luck. If Not No Complaint (Amrita Priam)

ਮੇਰੀ ਇਸ ਚਿੱਠੀ 'ਚ ਬਹੁਤ ਗਲਤੀਆਂ ਹਨ। ਇਹ ਮੈਨੂੰ ਵੀ ਪਤਾ ਹੈ। ਪਰੰਤੂ ਜੇਕਰ ਗਲਤੀਆਂ ਸੁਧਾਰਨ ਦੀ ਖਾਤਿਰ ਦੁਬਾਰਾ ਲਿਖਾ ਤਾਂ ਸ਼ਾਇਦ ਚਿੱਠੀ ਦਾ ਇਰਾਦਾ ਨਾ ਜਾਵੇ। ਇਸ ਲਈ ਗਲਤੀ ਛੱਡ ਪੜ੍ਹਨ ਦੀ ਕੋਸ਼ਿਸ਼ ਕਰਨਾ।

ਆਪ ਦੀ ਕਲਾ ਕਾਇਲ

*ਸੁਖਨੈਬ ਸਿੱਧੂ*
*ਪਿੰਡ ਤੇ ਡਾਕ : ਪਹੂਲਾ*
*ਜ਼ਿਲ੍ਹਾ : ਬਠਿੰਡਾ - 151102*
*ਫੋਨ ਨੰ. 0164-2750400*

-0-

ਮੇਰੀ ਦੁਕਾਨ ਦਾ ਨਾਮ ਏ ਫੈਸ਼ਨ ਰੇਡੀਮੇਡ ਗਾਰਮੈਂਟਸ ਅਤੇ ਮੇਰਾ ਪੀ. ਪੀ. ਗੁਆਂਢ ਦਾ ਨੰਬਰ ਏ।

8:30 ਤੋਂ ਬਾਅਦ ਅਤੇ ਸ਼ਾਮ 8:00 ਤੱਕ ਮੈਂ ਦੁਕਾਨ ਤੇ ਹੀ ਹੁੰਦਾ ਹਾਂ। ਜੋ ਮੇਰੇ ਪਿਆਰ ਅਤੇ ਮੇਰੀ ਗਰੀਬੀ ਤੇ ਯਕੀਨ ਹੈ ਤਾਂ ਹੀ ਮੈਨੂੰ ਫੋਨ ਕਰਨਾ ਨਹੀਂ ਤਾਂ ਆਪਣੀ ਮਰਜ਼ੀ ਕਰਨਾ।

ਹੁਣ ਮੈਂ (ਅੱਜ ਦੀ ਤਾਰੀਖ ਵਿਚ) ਤੈਨੂੰ ਪਿਆਰ ਕਰਦਾ ਹਾਂ ਅਤੇ ਆਖਰੀ ਸਾਹ ਤੱਕ ਪਿਆਰ ਕਰਦਾ ਰਹਾਂਗਾ ਹੁਣ ਤੇਰੀ ਮਰਜੀ ਏ ਤੂੰ ਚਾਹੇ ਸਾਨੂੰ ਮਾਰ ਦੇ ਜਾਂ ਤਾਰ ਦੇ।

ਤੇਰੀ ਹਾਂ ਤੇ ਹੁਣ ਤਾਂ ਸਾਡੇ ਸਾਹਾ ਦਾ ਸਵਾਲ ਏ। ਚੰਗਾ ਬਾਕੀ ਫਿਰ ਕਦੇ। ਸਤਨਾਮ ਸਿੰਘ ਪਿਆਰ ਨਾਲ।

ਕਾਸ਼ ਕਿ ਤੁਸੀਂ ਮੈਨੂੰ ਪਰਖਿਆ ਹੁੰਦਾ ਕਿਉਂਕਿ ਪਰਖ ਪਿਆਰ ਦੀ ਪਹਿਲੀ ਪਾਉੜੀ ਹੈ। ਕਾਸ਼ ਕੇ ਤੁਸੀਂ ਮੈਨੂੰ ਪੋਟ ਚੀਰਨ ਲਈ ਕਿਹਾ ਹੁੰਦਾ ਤਾਂ ਮੈਂ ਆਪਣੇ ਹੱਥੀ ਭੁੱਨ ਕੇ ਖਵਾ ਦੇਂਦਾ।

ਤੈਨੂੰ ਦੇਣ ਵਾਸਤੇ ਮੇਰੇ ਕੋਲ ਦੋ ਹੀ ਚੀਜ਼ਾਂ ਨੇ ਪਿਆਰ ਅਤੇ ਜਾਨ ਜਦੋਂ ਮਰਜੀ ਹੋਵੇ ਮੰਗ ਲਈਂ।

ਮੈਂ ਗਰੀਬ ਹਾਂ ਆਪਣੀ ਪੜ੍ਹਾਈ ਵਾਸਤੇ ਵੀ ਬਹੁਤ ਜ਼ਿਆਦਾ ਮਿਹਨਤ ਕਰਨੀ ਪੈਂਦੀ ਏ ਇਸ ਕਰਕੇ ਘਰ ਦਾ ਗੁਜ਼ਾਰਾ ਗੁਰਦੁਆਰੇ ਤੋਂ ਅਤੇ ਦੁਕਾਨ ਤੋਂ ਮੁਸ਼ਕਲ ਨਾਲ ਚਲਦਾ ਏ। ਮੈਂ ਆਪਣੇ ਪਿਆਰ ਨਾਲ ਤੈਨੂੰ ਹਮੇਸ਼ਾ ਖੁਸ਼ ਰੱਖਾਂਗਾ ਜੇ ਗਰੀਬ ਦਾ ਪਿਆਰ ਕਬੂਲ ਹੋਵੇ ਤਾਂ ਫੋਨ ਕਰ ਦੇਵੀਂ। ਜੇ ਮੇਰੀਆਂ ਗੱਲਾਂ ਅਤੇ ਮੇਰੀ ਸੱਚਾਈ ਤੋਂ ਯਕੀਨ ਹੈ ਤਾਂ ਮੈਨੂੰ ਦੁਕਾਨ ਤੇ ਹੀ ਫੋਨ ਕਰ ਦੇਣਾ। ਮੈਂ ਕਿੰਨਾ ਕੁ ਪਵਿੱਤਰ ਹਾਂ ਇਹ ਤਾਂ ਮੇਰਾ ਰੱਬ ਜਾਣਦੈ। ਤੁਸੀਂ ਮੇਰੀ ਮਜਬੂਰੀ ਬਾਰੇ ਸੋਚਿਆ ਹੀ ਨਹੀਂ ਕਿਉਂਕਿ ਤੁਹਾਨੂੰ ਸੋਚਣ ਦੀ ਆਦਤ ਜੋ ਨਹੀਂ।

ਮੈਂ ਅਸਲ ਵਿਚ ਅਮੀਰ ਬਾਪ ਦਾ ਲੜਕਾ ਨਹੀਂ ਬਹੁਤ ਗਰੀਬ ਬਾਪ ਦਾ ਲੜਕਾ ਹਾਂ।

ਮੈਂ ਤੈਨੂੰ ਕਹਿਣ ਤੋਂ ਜ਼ਰੂਰ ਸੰਕੋਚ ਕਰਦਾ ਸੀ ਕਿ ਮੈਨੂੰ ਤੇਰੇ ਨਾਲ ਪਿਆਰ ਹੈ ਕਿਉਂਕਿ ਮੈਂ ਗਰੀਬ ਹਾਂ, ਸੋਚਦਾ ਸਾਂ ਕਿ ਕਿਤੋਂ ਤੂੰ ਮੇਰਾ ਮਜ਼ਾਕ ਹੀ ਨਾ ਬਣਾ ਦੇਵੇਂ। ਪਰ ਅੱਜ ਮੈਨੂੰ ਤੇਰੇ ਵਿਚੋਂ ਰੱਬ ਦੀ ਪਰਛਾਈਂ ਸਾਫ਼ ਨਜ਼ਰ ਆਈ ਏ ਕੇ ਮੈਂ ਜਿਸ ਤਰ੍ਹਾਂ ਸੋਚਦਾ ਸੀ ਤੂੰ ਉਸ ਤਰ੍ਹਾਂ ਹੀ ਨਹੀਂ ਬਲਕਿ ਰੱਬ ਤੋਂ ਵੀ ਉੱਤੇ ਹੈ।

ਮੈਂ ਤੇਰੀ ਪਰਖ ਲਈਏ ਇਸ ਲਈ ਮਾਫ਼ ਕਰਨਾ ਕਿਉਂਕਿ ਰੱਬ ਵੀ ਆਪਣੇ ਭਗਤਾਂ ਨੂੰ ਪਰਖ ਲੈਣ ਤੋਂ ਬਿਨ੍ਹਾਂ ਆਪਣੇ ਗਲ ਨਹੀਂ ਲਾਉਂਦਾ।

"ਕਬੀਰ ਕਸੌਟੀ ਰਾਮ ਕੀ, ਝੂਠਾ ਟਿਕੋ ਨਾ ਕੋਇ"

"ਰਾਮ ਕਸੌਟੀ ਸੋ ਸਹੋ, ਜੋ ਮਰ ਜੀਵੜਾ ਹੋਇ,"

ਤੁਸੀਂ ਮੇਰੀ ਕਸੌਟੀ 'ਚ ਪਾਸ ਹੋ ਗਏ ਹੋ ਤੇ ਹੁਣ ਮੈਂ ਤੁਹਾਨੂੰ ਆਪਣੇ ਸੀਨੇ ਨਾਲ ਲਾਉਣ 'ਚ ਵੀ ਸੰਕੋਚ ਨਹੀਂ ਕਰਾਂਗਾ। ਤੁਸੀਂ ਵਾਕਿਆ ਹੀ ਸੂਰਤ ਤੇ ਸੀਰਤ 'ਚ ਫਰਕ ਨੂੰ ਜਾਣਦੇ ਹੋ ਅਤੇ ਹੁਣ ਮੈਂ ਕਹਿ ਸਕਦਾ ਹਾਂ ਕਿ ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ ਤੇ ਤੁਸੀਂ ਹੁਣ ਮੇਰਾ ਦਿਲ ਤੋੜਨਾ ਨਹੀ।

ਮੈਂ ਸ਼ਰਾਬ ਅੱਜ ਤੱਕ ਨਹੀਂ ਪੀਤੀ ਅਤੇ ਨਾ ਪੀਵਾਂਗਾ। ਆਪਣੀ ਮਿਹਨਤ ਨਾਲ ਆਪਣਾ ਗੁਜ਼ਾਰਾ ਚਲਾ ਰਿਹਾ ਹਾਂ। ਦਿਲ ਕਿਸੇ ਦਾ ਦੁਖਾਉਂਦਾ ਨਹੀਂ ਤਾਂ ਤੁਹਾਡਾ ਕਿਵੇਂ ਦੁਖਾ ਸਕਦਾ ਹਾਂ।

ਮੇਰੀਆਂ ਕਵਿਤਾਵਾਂ ਦੁਬਾਰਾ ਪੜ੍ਹੋਂ ਅਤੇ ਸਮਝੋ ਮੈਂ ਕਿਵੇਂ ਦਾ ਹਾਂ ਅਤੇ ਮੈਂ ਜ਼ਿੰਦਗੀ ਤੋਂ ਕੀ ਮੰਗਦਾ ਹਾਂ। ਇਹ ਸਭ ਤੁਹਾਨੂੰ ਮੇਰੀਆਂ ਕਵਿਤਾਵਾਂ 'ਚੋਂ ਪਤਾ ਲੱਗ ਜਾਵੇਗਾ।

ਬੀਬਾ ਕੁਲਜੀਤ

ਮੈਂ ਤੁਹਾਨੂੰ ਕਿਤਾਬਾਂ ਭੇਜ ਰਿਹਾ ਹਾਂ ਇਹ ਤੁਸੀਂ ਯੂਨੀਵਰਸਿਟੀ ਦੇ ਪੰਜਾਬੀ ਐੱਮ. ਏ. ਦੇ ਵਿਦਿਆਰਥੀਆਂ 'ਚ ਵੰਡ ਦੇਣਾ ਅਗਰ ਹੋਰ ਵੀ ਜ਼ਰੂਰਤ ਹੋਵੇ ਤੇ ਦਸ ਦੇਣਾਂ।

ਬਹੁਤ ਬਹੁਤ ਸ਼ੁਕਰੀਆ

*ਸੁਰਿੰਦਰ ਅਟਵਾਲ*

–0–

ਉਸਤਾਦ ਪੁਣਾਂ ਛੱਡਦੇ–ਰਵਾਂ ਦਵਾਂ ਬਹਿਰਾਂ ਵਿਚ ਲਿਖਿਆ ਕਰ। ਮੈਂ ਵੀ ਪਾਠਕ ਹਾਂ ਤੇ ਤੇਰੇ ਵਰਗੀ ਪਾਠਕ ਨੂੰ ਸਮਝਾਉਣ ਕਰਮ ਹੈ। ਰੱਬ ਤੇਰੇ ਪਾਠਕਪਨ ਵਿਚ ਵਾਧਾ ਕਰੇ।

*ਸਰਦਾਰ ਪੰਛੀ*

–0–

ਕੁਲਜੀਤ ਜੀ,

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ, ਆਪ ਜੀ ਦਿਆਂ ਅਖ਼ਵਾਰ ਵਿਚੋਂ ਬੜੇ ਚਿਰਾ ਬਾਦ ਦੋ ਗ਼ਜ਼ਲਾਂ ਪੜਨ ਦਾ ਮੌਕਾ ਮਿਲਿਆ।

1. ਕਦੇ ਹੱਸਾਂ ਕਦੇ ਰੋਵਾਂ,

2. ਦੋਸਤੋ ਕੁਝ ਤਾਂ ਕਰੋ! ਇਹ ਦਿਲ ਬੜੀ ਮੁਸ਼ਕਿਲ 'ਚ ਹੈ 114 ਦਿਆਂ ਗ਼ਜ਼ਲਾਂ ਪੜ੍ਹਨ ਨੂੰ ਹਮੇਸ਼ਾ ਮਨ ਤਰਸ ਰਿਹਾ ਸੀ, ਆਪ ਜੀ ਦੀ ਗਜ਼ਲ ਅਖ਼ਬਾਰ ਵਿਚ ਵੇਖ ਕੇ ਦਿਲ ਬਹੁਤ ਖੁਸ਼ ਹੋਇਆ ਆਪ ਬਹੁਤ ਚੰਗੀ ਇਕ ਲੇਖਕ ਕਲਾਕਾਰ ਹੋ!

ਮੈਂ ਇਕ ਦਿਨ ਆਪ ਨੂੰ ਫੋਨ ਕੀਤਾ ਸੀ ਪਰ ਆਪ ਮੈਨੂੰ ਭੁੱਲ ਗਈ ਹੋ। ਅਸੀਂ ਤਾਂ ਇਹੀ ਕਾਮਨਾ ਕਰਦੇ ਹਾਂ ਕਿ ਪ੍ਰਮਾਤਮਾ ਆਪ ਨੂੰ ਹਮੇਸ਼ਾ ਖੁਸ਼ ਰੱਖੇ।

-0-

27/12/2001
**ਪਿਆਰੀ ਗਜ਼ਲ**

ਪਿਆਰ ਅਤੇ ਅਸੀਸਾਂ।

ਤੇਰੀਆਂ ਦੋ ਗਜ਼ਲਾਂ ਇਸਲਾਹ ਕਰਕੇ ਭੇਜ ਰਿਹਾ ਹਾਂ। ਛਪਣ ਲਈ ਭੇਜ ਦੇਈ। ਛਪੀਆਂ ਹੋਈਆਂ ਗਜ਼ਲਾਂ ਦਾ ਰਿਕਾਰਡ ਰੱਖਣਾ ਜ਼ਰੂਰੀ ਹੈ। ਅੱਗੇ ਚੱਲ ਕੇ ਕਾਫੀ ਕੰਮ ਸੰਵਰ ਸਕਦੇ ਹਨ।

ਕਈ ਵਾਰ ਪਿੰਡ ਆਉਣਾ ਸੋਚਿਆ ਪਰ ਹਾਲਾਤ ਹੀ ਅਜਿਹੇ ਹਨ ਕਿ ਨਹੀਂ ਆ ਸਕਿਆ। ਧੀਆਂ ਨੂੰ ਵੇਖਿਆ ਜੁਗੜੇ ਬੀਤ ਗਏ ਜਾਪਦੇ ਹਨ।

ਉਮੀਦ ਹੈ ਅਮਨ, ਹਰਿੰਦਰ ਤੇ ਤੇਰੀ ਪੜ੍ਹਾਈ ਠੀਕ ਚੱਲ ਰਹੀ ਹੋਵੇਗੀ ਖ਼ੂਬ ਮਿਹਨਤ ਕਰਕੇ ਪੜ੍ਹਾਈ ਕਰਨੀ। ਚੰਗੇ ਨੰਬਰ ਲੈ ਕੇ ਇਮਤਿਹਾਨ ਪਾਸ ਕਰਨਾ। ਇਸ ਨਾਲ ਭਵਿੱਖ ਸੁਧਰੇਗਾ। ਤੂੰ ਐੱਮ. ਏ. ਕਰ ਲੈ ਫਿਰ ਕੋਈ ਨੌਕਰੀ ਦਾ ਜੁਗਾੜ ਕਰ ਲਵਾਂਗੇ। ਉਸ ਤੋਂ ਬਾਅਦ ਹੀ ਤੇਰੇ ਵਿਆਹ ਬਾਰੇ ਸੋਚਿਆ ਜਾਏਗਾ। ਜੇਕਰ ਨੌਕਰੀ ਤੋਂ ਪਹਿਲਾਂ ਵਿਆਹ ਹੋਇਆ ਤਾਂ ਕਾਫੀ ਪ੍ਰੇਸ਼ਾਨੀਆਂ ਖੜ੍ਹੀਆਂ ਹੋ ਜਾਣਗੀਆਂ।

ਤੇਰੇ ਮੰਮੀ ਜੀ ਅਤੇ ਸੀਮਾ ਵੀ ਆਉਣਾ ਚਾਹੁੰਦੀਆਂ ਹਨ ਪਰ ਸਮਾਂ ਨਹੀਂ ਮਿਲਦਾ ਉਨ੍ਹਾਂ ਨੂੰ। ਮੈਂ ਵੀ ਆਪਣੀਆਂ ਕਿਤਾਬਾਂ ਛਪਵਾਉਣ ਦੀ ਭੱਜ ਦੌੜ ਕਰ ਰਿਹਾ ਹਾਂ। ਟੁਕੜੇ ਟੁਕੜੇ ਆਈਨਾ ਅਤੇ ਦਰਦ ਕਾ ਤਰਜਮਾ ਉਰਦੂ ਅੱਖਰਾਂ ਵਿਚ ਛਪ ਰਹੀਆਂ ਹਨ। ਮੇਰੀ ਸ਼ਾਇਰੀ ਅਤੇ ਸਖ਼ਸ਼ੀਅਤ ਬਾਰੇ ਇਕ ਕਿਤਾਬ ਡਾ. ਗੁਰਚਰਨ ਸਿੰਘ ਮੋਹੇ ਸੰਪਾਦਿਕ ਕਰਨਗੇ। ਉਸ ਕਿਤਾਬ ਦਾ ਨਾਮ ਹੈ : ਸਰਦਾਰ ਪੰਛੀ, ਏ ਮਾਈਲ ਸਟੋਨ ਇਨ ਉਰਦੂ ਪੋਇਟਰੀ-

ਇਸ ਕਿਤਾਬ ਦੇ 200 ਪੇਜ ਕੰਮਪੋਜ਼ ਹੋ ਚੁੱਕੇ ਹਨ। ਕੁਲ 300 ਪੇਜ਼ ਹੋਣਗੇ।

ਫਰਵਰੀ ਵਿਚ ਗਜ਼ਲ ਮੰਚ ਪੰਜਾਬ ਦਾ ਸਾਲਾਨਾ ਫੰਕਸ਼ਨ ਹੋਵੇਗਾ ਲੁਧਿਆਣੇ ਵਿਖੇ (ਪਹਿਲਾਂ ਵੀ ਤੂੰ ਆਈ ਸੀ) ਐਤਕੀਂ ਵੀ ਆਈ। ਹੋ ਸਕੇ ਤਾਂ ਆਪਣੀਆਂ ਸਹੇਲੀਆਂ ਨੂੰ ਲੈ ਕੇ ਆਈ।

ਤੂੰ ਲੁਧਿਆਣੇ ਆਈ। ਤੇਰੇ ਨਾਲ ਦੀ ਕੁੜੀ ਨੇ ਮੁਕਾਬਲੇ ਵਿਚ ਹਿੱਸਾ ਲਿਆ ਸੀ। ਤੂੰ ਇਹ ਸਭ ਪਹਿਲਾਂ ਦੱਸਣਾ ਸੀ। ਅਸੀਂ ਤੇਰੀ ਮਦਦ ਕਰਦੇ। ਅੱਗੇ ਨੂੰ ਐਸੀ ਗਲਤੀ ਨਹੀਂ ਕਰਨੀ ਆਪਣੇ ਮੰਮੀ ਪਾਪਾ ਨੂੰ ਮੇਰੀ ਸਤਿ ਸ੍ਰੀ ਅਕਾਲ ਛੋਟੀ ਤੇ ਛੋਟੇ ਨੂੰ ਪਿਆਰ।

ਅਮਨ, ਵਰਿੰਦਰ ਤੇ ਗਾਇਕ ਨੂੰ ਪਿਆਰ ਉਨ੍ਹਾਂ ਦੇ ਮੰਮੀ ਪਾਪਾ ਨੂੰ ਸਤਿ ਸ੍ਰੀ ਅਕਾਲ।

ਬਹੁਤ ਪਿਆਰ ਨਾਲ ਤੇਰੇ ਪਾਪਾ

***ਸਰਦਾਰ ਪੰਛੀ***

-0-

**ਸਤਿਕਾਰਯੋਗ**
**ਮਿਸ਼ ਕੁਲਜੀਤ ਗ਼ਜ਼ਲ 'ਜੱਗਾ'**

ਸਤਿ ਸ੍ਰੀ ਅਕਾਲ

ਪਿਛਲੇ ਦਿਨੀਂ ਆਪ ਜੀ ਵਲੋਂ ਭੇਜਿਆ ਨਵੇਂ ਸਾਲ ਦਾ ਵਧਾਈ ਕਾਰਡ ਮਿਲਿਆ। ਨਵਾਂ ਸਾਲ ਮੁਬਾਰਕ ਲਿਖਣ ਲਈ ਬਹੁਤ-ਬਹੁਤ ਸ਼ੁਕਰੀਆ। ਬਹੁਤ ਦੇਰ ਹੋ ਗਈ, ਕੀ ਗੱਲ ਕੋਈ ਪੱਤਰ ਕਿਉਂ ਨਹੀਂ ਲਿਖਿਆ। ਜ਼ਾਹਿਰ ਹੈ ਕਿ ਮੈਂ ਪਹਿਲਾਂ ਦੋ ਖ਼ਤ ਅੰਮ੍ਰਿਤਸਰ ਦੇ ਪਤੇ 'ਤੇ ਲਿਖੇ ਸਨ ਪਰ ਉਥੋਂ ਨੋਂ ਰਿਪਲਾਈ ਲਿਖ ਕੇ ਵਾਪਸ ਆ ਗਏ। ਸੋ ਕੋਈ ਫ਼ੋਨ ਨੰਬਰ ਵੀ ਨਹੀਂ ਸੀ ਤੇ ਇਸ ਤਰ੍ਹਾਂ ਖ਼ਤ ਲਿਖਣੇ ਬੰਦ ਹੀ ਕਰ ਦਿੱਤੇ। ਅੱਜ ਅਚਾਨਕ ਆਪ ਜੀ ਦਾ ਖ਼ਤ ਡਾਕ 'ਚ ਪਿਆ ਦੇਖਿਆ ਤਾਂ ਬਹੁਤ ਖੁਸ਼ੀ ਹੋਈ ਕਿ ਚਲੋਂ ਐਨੀ ਦੇਰ ਬਾਅਦ ਯਾਦ ਤਾਂ ਆਈ। ਹੁਣ ਖ਼ਤ ਆਪ ਚੰਡੀਗੜ੍ਹ ਦੇ ਪਤੇ 'ਤੇ ਲਿਖਿਆ ਕਰੋ ਕਿਉਂਕਿ ਪਟਿਆਲੇ ਤਾਂ ਕਦੀ-ਕਦੀ ਜਾਂਦਾ ਹਾਂ, ਸੋ ਖ਼ਤ ਦਾ ਜਵਾਬ ਸਮੇਂ-ਸਿਰ ਨਹੀਂ ਦਿੱਤਾ ਜਾਣਾ। ਨਾਲੇ ਘਰ ਕਈ ਵਾਰ ਖ਼ਤ ਗੁੰਮ ਹੋ ਜਾਣ ਦਾ ਖ਼ਤਰਾ ਵੀ ਰਹਿੰਦਾ ਹੈ। ਇਕ ਦਿਨ ਆਪ ਦੀ ਗ਼ਜ਼ਲ ਅਦਬੀ ਮਹਿਕ 'ਚ ਪੜ੍ਹੀ ਸੀ, ਬਹੁਤ ਸੋਹਣੀ ਲਿਖੀ ਹੋਈ ਸੀ। ਇਸੇ ਤਰ੍ਹਾਂ ਹੀ ਲਿਖਦੇ ਰਿਹਾ ਕਰੋ, ਰੁਝਾਨ ਬਣਿਆ ਰਹਿੰਦਾ ਹੈ, ਨਾਲੇ ਮਾਨਸਿਕ ਤਸੱਲੀ ਵੀ। ਮੇਰੇ ਦੋਸਤ ਨਰਿੰਦਰ ਨਵਰਾਹੀ, ਮਕਾਨ ਨੰਬਰ : 80, ਬਾਬਾ ਖੇਲ ਬਸਤੀ, ਜਲੰਧਰ ਨੇ ਇਕ ਰਸਾਲਾ 'ਨਕਸ਼' ਸ਼ੁਰੂ ਕੀਤਾ ਹੈ, ਤੁਸੰ ਉਸ ਵਿਚ ਵੀ ਆਪਣੀ ਰਚਨਾ ਜ਼ਰੂਰ ਭੇਜਣਾ। ਇਸ ਤੋਂ ਇਲਾਵਾ ਰੋਜ਼ਾਨਾ ਦੀਆਂ ਅਖ਼ਬਾਰਾਂ 'ਚ ਵੀ ਲਿਖਿਆ ਕਰੋ, ਇਸ ਨਾਲ ਨਾਂ ਬਣਦਾ ਹੈ। ਮੈਂ ਪਹਿਲਾਂ ਵੀ ਰਾਇ ਦਿੱਤੀ ਸੀ ਕਿ ਆਪਣੇ ਨਾਂ ਨੂੰ ਜੇ ਤੁਸੀਂ ਠੀਕ ਸਮਝੋ ਤਾਂ ਕੁਲਜੀਤ ਨਾਚੀਜ਼ ਲਿਖਿਆ ਕਰੋ, ਬਹੁਤ ਚੰਗਾ ਲੱਗੇਗਾ। ਬਾਕੀ ਆਪ ਦੀ ਮਰਜ਼ੀ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਜ਼ਰੂਰ ਲਿਖਣਾ। ਪਤਾ ਇਸ ਤਰ੍ਹਾਂ ਹੈ:

ਸ਼ਾਰਦਾ ਪਟਿਆਲਵੀ, ਪੱਤਰਕਾਰ
ਰੋਜ਼ਾਨਾ 'ਦੇਸ਼ ਸੇਵਕ' ਅਖ਼ਬਾਰ
ਸੈਕਟਰ-29 ਡੀ,
ਚੰਡੀਗੜ੍ਹ।

ਅੱਛਾ! ਹੁਣ ਖ਼ਤ ਬੰਦ ਕਰਦਾ ਹਾਂ। ਪੱਤਰ ਦਾ ਉਤਰ ਦੇਰੀ ਨਾਲ ਦੇਣ ਦੀ ਖ਼ਿਮਾ ਚਾਹੁੰਦਾ ਹਾਂ। ਜੇ ਕੋਈ ਆਪ ਦਾ ਫੋਨ ਨੰਬਰ ਹੋਵੇ ਤਾਂ ਜ਼ਰੂਰ ਭੇਜਣਾ। ਜੇ ਮੈਨੂੰ ਫੋਨ ਕਰਨਾ ਹੋਵੇ ਤਾਂ ਸ਼ਾਮ 3.00 ਵਜੇ ਤੋਂ ਰਾਤ 10.00 ਵਜੇ ਤੱਕ ਮੈਂ ਦਫ਼ਤਰ ਦੇਸ਼ ਸੇਵਕ 'ਚ ਹੁੰਦਾ ਹਾਂ, ਫੋਨ ਨੰਬਰ : 95172-657256, 57, 58 ਹਨ। ਆਪ ਦੇ ਖ਼ਤ ਦੀ ਉਡੀਕ ਰਹੇਗੀ।

*ਸ਼ਾਰਦਾ ਪਟਿਆਲਵੀ, ਚੰਡੀਗੜ੍ਹ।*

-0-

28/10/2006

ਸਤਿਕਾਰਯੋਗ ਬੀਬੀ ਕੁਲਜੀਤ ਕੌਰ ਗਜ਼ਲ ਜੀਓ,

ਸਦਾ ਸੁਖੀ ਰਹੋ! ਤੁਹਾਡਾ ਖ਼ਤ ਮਿਲਿਆ। ਤੁਹਾਨੂੰ ਮੇਰਾ ਲੇਖ ਪਸੰਦ ਆਇਆ, ਇਹ ਮੇਰੇ ਲਈ ਖੁਸ਼ੀ ਤੇ ਮਾਣ ਦੀ ਗੱਲ ਹੈ। ਹੌਂਸਲਾ ਅਫ਼ਜ਼ਾਈ ਲਈ ਸ਼ੁਕਰੀਆ।

ਇਹ ਪਾਠਕ ਜੀ ਵਰਗੇ ਸੁਹਿਰਦ ਪਾਠਕਾਂ ਦੀ ਹੱਲਾਸ਼ੇਰੀ ਦਾ ਹੀ ਸਿੱਟਾ ਹੈ ਕਿ ਇਹ ਨਾਚੀਜ਼ ਸਾਹਿਤ ਦੇ ਤਿਲਕਣੇ ਪਿੜ ਵਿਚ ਸਾਬਤ ਕਦਮ ਤੁਰ ਸਕਣ ਦੇ ਸਮਰੱਥ ਹੋ ਸਕਿਆ ਹੈ, ਨਹੀਂ ਤਾਂ ਮੇਰੇ ਵਰਗੇ ਅਨੇਕਾਂ ਕਲਮ ਘਸਾਈ ਕਰ ਰਹੇ ਹਨ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਦਾ ਇਹ ਮਹਾਨ ਵਾਕ:

"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋ ਸੇ ਗਰੀਬ ਕਰੋਰ ਪਰੇ॥"

ਸਦਾ ਮੇਰੇ ਅੰਗ-ਸੰਗ ਰਹਿੰਦਾ ਹੈ ਅਤੇ ਮੇਰਾ ਮਾਰਗ ਦਰਸ਼ਨ ਕਰਦਾ ਹੈ। ਸੋ, ਮੈਂ ਅੱਜ ਜੋ ਕੁਝ ਵੀ ਹਾਂ ਆਪਣੇ ਵਰਗੇ ਪਾਠਕਾਂ ਦੀ ਬਦੌਲਤ ਹੀ ਹਾਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਹਾਡੇ ਵਰਗੇ ਸੂਝਵਾਨ ਪਾਠਕਾਂ ਨੇ ਮੈਨੂੰ ਸ਼ੁਰੂ ਤੋਂ ਹੀ ਭਰਵਾਂ ਹੁੰਗਾਰਾ ਦਿੱਤਾ ਹੈ। ਅੰਤ ਵਿਚ, ਮੈਂ ਤੁਹਾਡੀ ਸਾਹਿਤਕ ਸੂਝ-ਬੂਝ ਦੀ ਦਾਦ ਦਿੰਦਾ ਹਾਂ। ਮੈਂ ਕੋਸ਼ਿਸ਼ ਕਰਾਂਗਾ ਕਿ ਅੱਗੋਂ ਤੋਂ ਵੀ ਤੁਹਾਡੇ ਮਿਆਰ 'ਤੇ ਖਰਾ ਉਤਰ ਸਕਾਂ। ਪਰਿਵਾਰ ਵਿਚ ਸਭ ਨੂੰ ਦਰਜਾ-ਬ-ਦਰਜਾ ਸਤਿਕਾਰ ਤੇ ਬੱਚਿਆਂ ਨੂੰ ਪਿਆਰ।

ਖ਼ੈਰ ਆਦੇਸ਼,

*ਡਾ. ਹਰਚੰਦ ਸਿੰਘ ਸਰਹਿੰਦੀ,*
*ਸ਼੍ਰੋਮਣੀ ਸਾਹਿਤਕਾਰ ਐਵਾਰਡੀ।*

-0-

30/10/04

ਸਤਿਕਾਰਯੋਗ ਕੁਲਜੀਤ ਗਜ਼ਲ, ਸਤਿ ਸ੍ਰੀ ਅਕਾਲ।

ਆਸ ਹੈ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਠੀਕ ਠਾਕ ਹੋਵੋਗੇ। ਅੱਜ ਕੱਲ੍ਹ ਅਖ਼ਬਾਰਾਂ ਵਿਚ ਤੁਹਾਡੀ ਹਾਜ਼ਰੀ ਘੱਟ ਹੀ ਲੱਗ ਰਹੀ ਹੈ। ਪੜ੍ਹਾਈ ਕਿਸ ਤਰ੍ਹਾਂ ਚੱਲ ਰਹੀ ਹੈ। ਪ੍ਰਮਾਤਮਾ ਤੁਹਾਨੂੰ ਢੇਰ ਸਾਰੀਆਂ ਤਰੱਕੀਆਂ ਬਖ਼ਸ਼ੇ। ਘਰ ਪਰਿਵਾਰ ਨੂੰ ਪਿਆਰ

ਭਰੀ ਸਤਿ ਸ੍ਰੀ ਅਕਾਲ।

ਬੜੇ ਹੀ ਸਤਿਕਾਰ ਨਾਲ

*ਹੱਤੂ ਹਰਪਾਲ ਸਿੰਘ ਘਟੀ*

*ਮੋਬਾਇਲ ਨੰ: 94172-74113*

–0–

**ਬੀਬਾ ਕੁਲਜੀਤ,**

**ਤੈਨੂੰ ਢੇਰ ਸਾਰੀਆਂ ਸਾਹਿਤਕ ਯਾਦਾਂ।**

ਬੀਬਾ ਜੀ,

ਤੁਹਾਡਾ ਮੋਹ ਅਤੇ ਸਤਿਕਾਰ ਭਰਿਆ ਪੱਤਰ ਬਹੁਤ ਦੇਰ ਦਾ ਪ੍ਰਾਪਤ ਤਾਂ ਹੋ ਗਿਆ ਹੈ ਪਰ ਨਿੱਤ ਦੇ ਰੁਝੇਵਿਆਂ ਅਕੱਵਿਆਂ ਨੇ ਮੈਨੂੰ ਮਾਫੀ ਦਾ ਹੱਕਦਾਰ ਬਣਾ ਦਿੱਤਾ ਹੈ।

ਹੋਰ ਸਭ ਪੱਖੋਂ ਠੀਕ ਹਾਂ। ਕੁਲਜੀਤ ਜੀ ਪਾਠਕਾਂ ਦੇ ਅਤੇ ਸਨੇਹੀਆਂ ਦੇ ਪੱਤਰ ਹੀ ਹੁੰਦੇ ਹਨ ਜਿਹੜੇ ਪ੍ਰਬਲ ਸ਼ਕਤੀ ਬਣਕੇ ਹਮੇਸ਼ਾ ਹੀ ਲੇਖਕ ਨੂੰ ਜਾਗਦੇ ਰੱਖਦੇ ਹਨ। ਇਹ ਲੇਖਕ ਦੇ ਧੰਨ ਭਾਗ ਹੁੰਦੇ ਹਨ ਕਿ ਉਸ ਨੂੰ ਸਿਆਣੇ ਵਿਦਵਾਨ ਪਾਠਕ ਸੰਵੇਦਨਸ਼ੀਲ ਉਹ ਨਾਲ ਨਾ ਕੇਵਲ ਪੜ੍ਹਦੇ ਹੀ ਹਨ ਸਗੋਂ ਲਿਖਰੇ ਸਾਹਿਤਕ ਸੁਝਾਓ ਦੇ ਕੇ ਬਲਵਾਨ ਸ਼ਕਤੀਆਂ ਦੇ ਹਾਣ ਦਾ ਕਰਦੇ ਹਨ।

ਕੁਲਜੀਤ ਜੀ! ਤੁਸੀਂ ਜੋ ਆਪਣੀ ਤਜ਼ਰਬੇਕਾਰ ਸ਼ਤਰ ਵਿਚ ਇਹ ਸੁਲਗ ਸੋਚ ਨਾਲ ਵਰਨਣ ਕੀਤਾ ਹੈ ਕਿ ਮੈਂ ਰੱਬ ਵਰਗੀ ਮਾਂ ਨਾਲ ਪੂਰਾ-ਪੂਰਾ ਇਨਸਾਫ਼ ਨਹੀਂ ਕੀਤਾ ਹੈ। ਤੁਹਾਡਾ ਸੁਝਾਓ ਬਹੁਤ ਹੀ ਮੁਲਬਨ ਤੇ ਸਾਰਥਿਕ ਹੈ। ਪੁਸਤਕ ਨੂੰ ਦੁਬਾਰਾ ਪੜ੍ਹਾਗਾ ਤੇ ਤੁਹਾਡੀ ਆਖੀ, "ਇਤਿਹਾਸਕ ਗੱਲ" ਵਾਰੇ ਪੂਰਾ ਡੂੰਘਸ ਜਾਵਾਂਗਾ। ਪਾਠਕ ਹੀ ਹੁੰਦੇ ਹਨ ਜਿਹੜੇ ਸੱਬੇ ਅਲੋਚਕ ਬਣਕੇ ਸਹੀ ਤੇ ਅਮੁੱਲ ਸੇਧ ਦਿੰਦੇ ਹਨ ਕਿਉਂਕਿ ਇਨ੍ਹਾਂ ਦੇ ਇਕ ਸੁਰ ਹੋਏ ਪਾਠਕ ਦੀ ਰਚਣ ਸ਼ਕਤੀ ਨੂੰ ਹੀ ਕਲਾ-ਪੱਖ ਤੋਂ ਵਿਸ਼ੇਸ਼ ਬਣਾਉਂਦੇ ਹਨ-

ਤੇਰਾ ਆਪਣਾ ਹੀ ਪਿਉਂਆਂ ਸਮਾਨ ਕਦਰਦਾਨ

*ਹਰਭਜਨ ਸਿੰਘ*

–0–

ਸਤਿਕਾਰਤ ਕੁਲਜੀਤ ਗ਼ਜ਼ਲ,

ਸਤਿ ਸ੍ਰੀ ਅਕਾਲ।

ਫ਼ੋਨ ਤੋਂ ਬਾਅਦ ਆਪਦਾ ਕੋਈ ਖ਼ਤ ਨਹੀਂ ਆਇਆ। ਮੈਂ ਵੀ ਫ਼ੋਨ ਕੀਤਾ ਸੀ ਤੇ ਤੁਹਾਡੇ ਮਾਤਾ ਜੀ ਨੂੰ ਦਫ਼ਤਰ ਦਾ ਫੈਕਸ ਨੰਬਰ ਦੇ ਦਿੱਤਾ ਸੀ। "ਨਵਾਂ ਸ਼ਹਿਰ" ਸਾਡੇ ਏਰੀਏ ਵਿਚ ਹੀ ਗਿਣਿਆ ਜਾਂਦਾ ਹੈ।

*ਖ਼ੈਰ ਹੁਣ ਛਾਂ ਬੜਾ ਕੁਝ ਸਰਕਾਰੀ ਹੁਕਮਾਂ ਨੇ ਬਦਲ ਦਿੱਤਾ ਹੈ। ਸਭ ਈ. ਟੀ. ਟੀ. ਵਾਲੇ ਘਰ ਬੈਠਾ ਦਿੱਤੇ ਹਨ। ਸਰਕਾਰੀ ਨੀਤੀਆਂ ਨੇ ਬਈ.....।

* ਤੁਸੀਂ ਲਿਖਣਾ ਅੱਜਕੱਲ੍ਹ ਕੀ ਰੁਝੇਵੇਂ ਹਨ? ਨਵੀਂ ਸਿੱਖਿਆ ਨੀਤੀ ਦਾ ਅਸਰ ਤਾਂ ਤੁਹਾਡੇ 'ਤੇ ਵੀ ਪਿਆ ਹੋਵੇਗਾ। ਸਾਹਿਤਕ ਸਰਗਰਮੀਆਂ ਕੀ ਨੇ? ਕੀ ਲਿਖਿਆ ਪੜ੍ਹਿਆ ਜਾ ਰਿਹਾ ਹੈ?

* ਵੈਸੇ ਉਦੋਂ ਤੁਸੀਂ ਮੈਨੂੰ ਸਹਾਇਤਾ ਲਈ ਯਾਦ ਕੀਤਾ। ਮੈਨੂੰ ਖੁਸ਼ੀ ਹੋਈ।

ਅਗਰ ਅਗਾਂਹ ਲੋੜ ਪਵੇ ਤਾਂ ਬਿਨ੍ਹਾਂ ਹਿਚਕਚਾਹਟ ਘਰ ਜਾਂ ਮੋਬਾਇਲ (098142-35228) 'ਤੇ ਸੰਪਰਕ ਕਰ ਸਕਦੇ ਹੋ।

ਤੁਹਾਡੇ ਖ਼ਤ ਦੇ ਇੰਤਜ਼ਾਰ ਵਿਚ

***ਤੁਹਾਡਾ***

***ਹੈਪੀ (ਹਰਮਨਜੀਤ) ਪੰਡਵਾਲਾ***

-0-

**19/9/06**

**ਕੁਲਜੀਤ ਕੌਰ ਜੀ,**

ਨਮਸਤੇ,

ਆਪ ਜੀ ਦੀ ਪੁਸਤਕ 'ਤਰੇਲ ਜਿਹੇ ਮੋਤੀ' ਜਗਦੀਸ਼ ਰਾਣਾ (ਬੂਟਾ ਮੁਹੰਮਦ ਆਫਿਸ, ਫਗਵਾੜਾ) ਵਿਖੇ ਪੜ੍ਹਨ ਨੂੰ ਮਿਲੀ ਤੇ ਅੱਛੀ ਲੱਗੀ। ਉਂਝ ਤਾਂ ਸਾਰੀਆਂ ਦੀਆਂ ਸਾਰੀਆਂ ਗ਼ਜ਼ਲਾਂ ਤੇ ਸ਼ੇਅਰ ਪ੍ਰਭਾਵਸ਼ਾਲੀ ਸਨ ਪਰ ਖਾਸ ਤੌਰ 'ਤੇ 'ਮਰਾਂ ਤਾਂ ਮੌਤ ਨ੍ਹੀਂ ਮਿਲਣੀ, ਜੀਆਂ ਤਾਂ ਜੀ ਨਹੀਂ ਹੁੰਦਾ।' ਮਨ ਨੂੰ ਛੂਹ ਗਈ। ਜੇਕਰ ਇਛੁੱਕ ਹੋ ਤਾਂ ਆਪਣੀਆਂ ਦੋ ਪੁਸਤਕਾਂ ਭੇਜੋ ਤਾਂ ਜੋ ਉਸਦਾ ਰਿਵੀਊ 'ਜੱਗ ਬਾਣੀ' ਵਿਚ ਲਗਾਇਆ ਜਾ ਸਕੇ। ਪੁਸਤਕਾਂ ਦੇ ਰਿਵੀਊ 'ਜੱਗ ਬਾਣੀ' ਦੇ ਹਰ ਐਤਵਾਰ ਦੇ ਅੰਕ ਵਿਚ ਪ੍ਰਕਾਸ਼ਿਤ ਹੁੰਦੇ ਨੇ। ਉਦਾਹਰਣ ਤੌਰ 'ਤੇ ਅਤੇ ਜਾਣਕਾਰੀ ਲਈ 'ਜੱਗ ਬਾਣੀ' ਦਾ ਐਤਵਾਰ ਅੰਕ ਵੇਖ ਸਕਦੇ ਹੋ। 'ਤਰੇਲ ਜਿਹੇ ਮੋਤੀ' ਰਿਲੀਜ਼ ਹੋਣ ਤੇ ਇਕ ਵਾਰ ਫਿਰ ਮੁਬਾਰਕਾਂ।

***- ਹਰੀਸ਼ ਭੰਡਾਰੀ 'ਮਹੇੜੂ'***

***ਪਿੰਡ - ਮਾਹਰਜ਼***

***ਵਾਇਆ - ਸਤਨਾਮਪੁਰਾ***

***ਜ਼ਿਲ੍ਹਾ - ਕਪੂਰਥਲਾ - 144402***

-0-

**14/7/05**

ਪਿਆਰੀ ਕੁਲਜੀਤ ਜੀ,

*How are you. I am Harjit. You are fit and fine.* ਮੈਂ ਬਹੁਤ ਹੀ ਦੇਰ ਤੋਂ ਆਪ ਜੀ ਦੇ ਨਾਲ ਸਾਹਿਤਕ ਸੰਪਰਕ ਕਰਨਾ ਚਾਹੁੰਦੀ ਸੀ, ਪਰ ਪ੍ਰਮਾਤਮਾ ਦੀ ਕ੍ਰਿਪਾ ਦੇ ਕਾਰਨ ਅੱਜ ਦਾ ਦਿਨ ਆ ਗਿਆ ਹੈ। ਕੁਲਜੀਤ ਮੈਂ ਪ੍ਰੀਤਮ ਮਰਵਾਜ਼ ਜੀ ਤੋਂ ਤੁਹਾਡੇ ਬਾਰੇ ਵਿਚ ਬਹੁਤ ਕੁਝ ਜਾਣ ਚੁੱਕੀ ਹਾਂ ਤੇ ਤੁਸੀਂ ਵੀ ਮੇਰੇ ਬਾਰੇ ਕੁਝ

ਹੱਦ ਤੱਕ ਜਾਣ ਚੁੱਕੇ ਹੋਵੋਗੇ। ਇਸ ਵਾਰ ਐਤਵਾਰ 10 ਜੁਲਾਈ ਨੂੰ ਮੈਂ ਤੁਹਾਡੀ ਇਕ ਰਚਨਾ 'ਜੱਗਬਾਣੀ' ਵਿਚ ਪੜ੍ਹੀ ਹੈ ਜੋ ਮੈਨੂੰ ਬੇਹੱਦ ਪਸੰਦ ਆਈ ਹੈ। ਆਪ ਸੱਚਮੁੱਚ ਹੀ ਇਕ ਮਹਾਨ ਲੇਖਕ ਦੇ ਗੁਣ ਰੱਖਦੇ ਹੋ। ਕੁਲਜੀਤ ਜੀ ਮੈਂ ਪਹਿਲਾਂ ਵੀ ਤੁਹਾਡੀਆਂ ਰਚਨਾਵਾਂ ਅਖ਼ਬਾਰਾਂ ਵਿਚ ਪੜ੍ਹ ਚੁੱਕੀ ਹਾਂ। ਆਪ ਬਹੁਤ ਹੀ *Sucky* ਹੈ ਕਿ ਆਪ ਦੀਆਂ ਰਚਨਾਵਾਂ ਇਨ੍ਹਾਂ ਪ੍ਰਸਿੱਧ ਅਖ਼ਬਾਰਾਂ ਦਾ ਸ਼ਿੰਗਾਰ ਬਣ ਰਹੀਆਂ ਹਨ। ਕੁਲਜੀਤ ਜੀ ਮੈਂ ਬਹੁਤ ਵਾਰ ਇਨ੍ਹਾਂ ਅਖ਼ਬਾਰਾਂ ਨੂੰ ਆਪਣੀਆਂ ਰਚਨਾਵਾਂ ਭੇਜੀਆਂ ਹਨ ਪਰ ਲੱਗਦਾ ਹੈ ਕਿ ਮੇਰੀ ਕਿਸਮਤ ਵਿਚ ਹੀ ਇਹ ਅਖ਼ਬਾਰਾਂ ਦਾ ਨਾਂ ਨਹੀ ਹੈ। ਸ਼ਾਇਦ ਇਨ੍ਹਾਂ ਅਖ਼ਬਾਰਾਂ ਨੂੰ ਪ੍ਰਾਪਤ ਕਰਨ ਲਈ ਕਿਸੇ ਖਾਸ਼ ਜਾਂ....ਦੀ ਲੋੜ ਹੈ। ਚਲੋ ਖੈਰ ਮੈਂ ਤੁਹਾਡੀਆਂ ਜਦੋਂ ਵੀ ਰਚਨਾਵਾਂ ਪੜ੍ਹਦੀ ਹਾਂ ਤਾਂ ਬਹੁਤ ਅਨੰਦ ਮਹਿਸੂਸ ਕਰਦੀ ਹਾਂ। ਕੁਲਜੀਤ ਜੀ ਪਿੰਡ ਪਾਖਰਪੁਰ ਮੇਰੀ ਸਹੇਲੀ ਹੈ ਮੈਂ ਉਨ੍ਹਾਂ ਦੇ ਘਰ ਵੀ ਆਉਂਦੀ ਜਾਂਦੀ ਹਾਂ। ਕੁਲਜੀਤ ਜੀ ਤੁਸੀਂ ਇਨ੍ਹਾਂ ਦਿਨਾਂ ਵਿਚ ਕੀ ਕਰ ਰਹੇ ਹੋ? ਪੜ੍ਹਾਈ ਦੇ ਬਾਰੇ ਵਿਚ ਤੇ ਸਾਹਿਤਕ ਸਫ਼ਰ ਦੇ ਬਾਰੇ ਵਿਚ ਡੀਟੇਲ ਵਿਚ ਲਿਖ ਕੇ ਖ਼ਤ ਭੇਜਣਾ ਨਾ ਭੁਲਣਾ ਜੀ।

ਉਮੀਦ ਕਰਦੀ ਹਾਂ ਕਿ ਆਪਣੀ ਇਸ ਸਾਹਿਤਕ ਦੋਸਤ ਦਾ ਜ਼ਰੂਰ ਮਾਣ ਰੱਖੋਗੇ ਤੇ ਜਲਦੀ ਖ਼ਤ ਦਾ ਜਵਾਬ ਭੇਜੋਗੇ।

ਤੁਹਾਡੀ ਦੋਸਤ

***ਹਰਜੀਤ ਕੌਰ ਕੌਂਟਲੀ ਸੂਰਤ ਮਾਲ੍ਹੀ***
***ਪਿੰਡ ਤੇ ਡਾਕ : ਸੂਰਤ ਮਾਲ੍ਹੀ***
***ਤਹਿ : ਡੀ. ਬੀ. ਐਨ. ਜ਼ਿਲ੍ਹਾ : ਗੁਰਦਾਸਪੁਰ - 143605***

-0-

**16/10/2001**

ਪਿਆਰੀ ਦੀਦੀ,

ਤੇਰੀ ਚਿੱਠੀ ਮਿਲੀ। ਪੜ੍ਹ ਕੇ ਖੁਸ਼ੀ ਹੋਈ ਕਿ ਤੂੰ ਖੈਰ ਸੁਖ ਨਾਲ ਘਰੇ ਪੁੱਜ ਗਈ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਤੂੰ ਸਾਡੇ ਘਰ ਨੂੰ ਆਪਣਾ ਘਰ ਸਮਝਿਆ ਤੇ ਮਹਿਸੂਸਿਆ ਹੈ। ਅੰਕਲ ਅਕਸਰ ਕਿਹਾ ਕਰਦੇ ਹਨ ਕਿ ਰਿਸ਼ਤੇ ਦੋ ਕਿਸਮ ਦੇ ਹੁੰਦੇ ਹਨ। ਇਕ ਚਾਨਸ ਦੇ ਦੂਜਾ ਪਸੰਦ ਦਾ ਹੁੰਦਾ ਹੈ। ਭਾਵ ਕੁਝ ਰਿਸ਼ਤੇ ਸਾਨੂੰ ਵਿਰਸੇ ਵਿਚ ਮਿਲਦੇ ਹਨ ਅਤੇ ਕੁਝ ਰਿਸ਼ਤਿਆਂ ਦੀ ਅਸੀਂ ਆਪ ਚੋਣ ਕਰਦੇ ਹਾਂ। ਆਪ ਚੁਣੇ ਰਿਸ਼ਤੇ ਵੱਧ ਹੰਢਣਸਾਰ ਹੁੰਦੇ ਹਨ। ਇਹ ਵੀ ਕੁਦਰਤ ਦੀ ਕਰਨੀ ਹੀ ਹੈ ਕਿ ਤੂੰ ਮਾਂਝੇ ਦੇ ਕਿਸੇ ਅਣਜਾਣੇ ਪਿੰਡ ਵਿਚ ਜੰਮ ਕੇ ਸਾਡੇ ਕੋਲ ਆ ਗਈ। ਜਿਵੇਂ ਤੈਨੂੰ ਅਨੁਭਵ ਹੋ ਰਿਹਾ ਹੋਵੇ ਕਿ ਤੇਰੀ ਇੱਥੇ ਲੋੜ ਹੈ। ਜਦੋਂ ਤੂੰ ਆਉਣ ਬਾਰੇ ਲਿਖਿਆ ਸੀ ਤਾਂ ਸਾਨੂੰ ਤੇਰੀ ਪੂਰੀ ਉਡੀਕ ਸੀ। ਪਰੰਤੂ ਜਦੋਂ ਛੁੱਟੀਆਂ ਦੇ ਪਹਿਲੇ ਦਿਨ ਲੰਘ ਗਏ ਤਾਂ ਅਸੀਂ ਕੁਝ ਨਿਰਾਸ਼ ਹੋ ਗਏ ਸਾਂ। ਪਰੰਤੂ ਤੇਰੇ ਪੁੱਜਣ ਤੇ ਸਾਰਾ ਪਰਿਵਾਰ ਬੇਹੱਦ ਖੁਸ਼ ਹੋਇਆ। ਸਾਨੂੰ ਪਤਾ ਨਹੀਂ ਕਿ ਉਹ ਲੋਕ ਕਿਹੋ ਜਿਹੇ ਹਨ ਜਿਹੜੇ ਆਪਣੇ ਜੀਵਨ ਵਿਚ ਭੈਣ ਦੀ ਘਾਟ ਮਹਿਸੂਸ ਨਹੀਂ ਕਰਦੇ ਅਤੇ ਭੈਣ ਹੋਣ ਤੇ ਉਹਨੂੰ

ਅਣਗੌਲਿਆ ਕਰ ਦਿੰਦੇ ਹਨ। ਜਿਵੇਂ ਅਸੀਂ ਪਹਿਲਾਂ ਦੱਸਿਆ ਸੀ ਅਸੀਂ ਭੈਣ ਬਿਨ੍ਹਾਂ ਆਪਣੇ ਜੀਵਨ ਵਿਚ ਇਕ ਖਲਾਅ ਮਹਿਸੂਸ ਕਰਦੇ ਸਾਂ ਜਿਹੜਾ ਤੇਰੇ ਆਉਣ ਨਾਲ ਹੁਣ ਪੂਰਿਆ ਗਿਆ ਹੈ। ਅਸੀਂ ਤੇਰੀ ਹੋਂਦ ਮਹਿਸੂਸ ਕਰਕੇ ਘਰ ਭਰਿਆ-ਭਰਿਆ ਅਨੁਭਵ ਕਰਦੇ ਸਾਂ। ਤੇਰੇ ਹੁੰਦਿਆਂ ਅਸੀਂ ਜ਼ਿੰਮੇਵਾਰ ਵਿਅਕਤੀਆਂ ਵਾਂਗ ਵਿਵਹਾਰ ਕੀਤਾ। ਨਹੀਂ ਅਸੀਂ ਯੁੱਧ ਲਾ ਲੈਂਦੇ ਹਾਂ।

ਇਸ ਵੇਰ ਤੇਰੇ ਆਉਣ ਤੇ ਬਹੁਤੀਆ ਗੱਲਾਂ ਨਹੀਂ ਹੋ ਸਕੀਆਂ। ਅੰਕਲ ਜੀ ਕੁਝ ਢਿੱਲੇ ਸਨ। ਨਹੀਂ ਤਾਂ ਜਦੋਂ ਉਹ ਤੇਰੇ ਨਾਲ ਗੱਲਾਂ ਕਰਦੇ ਸਨ ਤਾਂ ਅਸੀਂ ਵੀ ਬਹੁਤ ਕੁਝ ਸਿਖਦੇ ਸਾਂ। ਅੰਕਲ ਜੀ ਦੀ ਲੋੜ ਅਸੀਂ ਵੀ ਬਹੁਤ ਮਹਿਸੂਸ ਕਰਦੇ ਹਾਂ। ਪਰੰਤੂ ਜਦੋਂ ਅੰਕਲ ਜਾਣ ਦੀ ਗੱਲ ਕਰਦੇ ਹਨ, ਤਾਂ ਉਹ ਆਪਣੀ ਸਿਹਤ ਦੀ ਗੰਭੀਰਤਾ ਨੂੰ ਦੇਖ ਕੇ ਕਰਦੇ ਹਨ। ਅੰਕਲ ਪਦਾਰਥਵਾਦੀ ਹਨ। ਉਹ ਕਹਿੰਦੇ ਹਨ ਕਿ ਪਦਾਰਥ ਦਾ ਕੰਮ ਢਹਿਣਾਂ ਤੇ ਉਸਰਨਾ ਹੈ ਤੇ ਇਸ ਅਟੱਲ ਨਿਯਮ ਨੂੰ ਬਦਲਿਆ ਨਹੀਂ ਜਾਂਦਾ। ਇਸ ਲਈ ਉਹ ਕਹਿੰਦੇ ਹਨ ਕਿ ਫਿਕਰ ਕਰਨ ਦੀ ਲੋੜ ਨਹੀਂ। ਉਹ ਸਾਨੂੰ ਸਦਾ ਹੀ ਵਿਕਾਸ ਕਰਨ ਤੇ ਸਮਾਜ ਦੇ ਕੰਮ ਆਉਣ ਲਈ ਕਹਿੰਦੇ ਹਨ। ਜਿਹੜੇ ਲੋਕ ਸਮਾਜ ਬਾਰੇ ਨਾ ਸੋਚਦੇ ਹਨ ਤੇ ਨਾ ਉਸ ਨੂੰ ਬਦਲਣ ਲਈ ਕੁਝ ਕਰਦੇ ਹਨ, ਉਨ੍ਹਾਂ ਨੂੰ ਪਰਸ਼ਾਦਾ ਛੱਕੂ ਲਾਣਾਂ ਕਹਿੰਦੇ ਹਨ ਤੇ ਨਫ਼ਰਤ ਕਰਦੇ ਹਨ। ਸਾਨੂੰ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸਮਝ ਨਹੀਂ ਆਉਂਦੀਆਂ ਪਰ ਜਿਹੀਆਂ ਆਉਂਦੀਆਂ ਹਨ ਉਨ੍ਹਾਂ ਤੇ ਅਮਲ ਕਰਦੇ ਹਾਂ। ਅੱਜ ਸਵੇਰੇ ਅਸੀਂ ਤੈਨੂੰ ਬਹੁਤ ਯਾਦ ਕੀਤਾ। ਮੰਮੀ ਦਾ ਬਲੱਡ ਪ੍ਰੈਸ਼ਰ ਲੋਅ ਹੋ ਗਿਆ ਸੀ। ਘਰੇ ਕੋਈ ਸਾਡੇ ਲਈ ਰੋਟੀ ਪਕਾਉਣ ਤੇ ਘਰ ਸਾਂਭਣ ਵਾਲਾ ਨਹੀਂ ਸੀ। ਜੇਕਰ ਤੂੰ ਇਥੇ ਹੁੰਦੀ ਤਾਂ ਇਹ ਕੰਮ ਕਰ ਲੈਂਦੀ।

ਦੀਦੀ ਤੂੰ ਵੀ ਪੜ੍ਹ ਕੇ ਵਿਕਾਸ ਕਰ ਤਾਂ ਕਿ ਤੂੰ ਰਿਸ਼ਤੇ ਨਿਭਾਉਣ ਦੇ ਸਮਰੱਥ ਹੋ ਸਕੇ। ਨਹੀਂ ਤਾਂ ਕੁੜੀਆਂ ਗੁਲਾਮ ਹੁੰਦੀਆਂ ਹਨ। ਜਿਹੜੀਆਂ ਮਾਪਿਆਂ ਦੇ ਅਧੀਨ ਪਿੱਛੋਂ ਜੀਵਨ ਸਾਥੀ ਦੇ ਅਧੀਨ ਹੋ ਜਾਂਦੀਆਂ ਹਨ। ਉਨ੍ਹਾਂ ਲਈ ਆਪ ਬਣਾਏ ਰਿਸ਼ਤੇ ਪੁਗਾਉਣੇ ਸੰਭਵ ਨਹੀਂ ਰਹਿੰਦੇ। ਸਾਡੀ ਕਾਮਨਾ ਹੈ ਕਿ ਤੂੰ ਐਮ. ਏ. 'ਚੋਂ ਇੰਨੇ ਨੰਬਰ ਲੈ ਜਾਏ ਕਿ ਪੀ. ਐਚ. ਡੀ. ਕਰਨ ਦੇ ਸਮਰੱਥ ਹੋ ਜਾਵੇ। ਇਹ ਵਿੱਦਿਆ ਪ੍ਰਾਪਤੀ ਜੇਕਰ ਕਿਸੇ ਨੂੰ ਹੋਰ ਬਹੁਤਾ ਕੁਝ ਨਹੀਂ ਦੇ ਸਕਦੀ ਤਾਂ ਸਮਾਜ ਵਿਚ ਖੜੋਣ ਜੋਗਾ ਥਾਂ ਦਿਖਾ ਹੀ ਸਕਦੀ ਹੈ। ਅਸੀਂ ਵੀ ਜ਼ਿੰਦਗੀ 'ਚ ਸੰਘਰਸ਼ ਕਰਕੇ ਕੁਝ ਪ੍ਰਾਪਤ ਕਰਨ ਦਾ ਯਤਨ ਕਰਾਂਗੇ। ਫੇਰ ਰਿਸ਼ਤੇ ਨਿਭਾਉਣੇ ਸੌਖੇ ਹੋ ਜਾਣਗੇ। ਅਗਲੇ ਸਮੇਂ ਵਿਚ ਅਸੀਂ ਯਤਨ ਕਰਾਂਗੇ ਕਿ ਤੇਰੇ ਪਿੰਡ ਆਈਏ ਤੇਰੇ ਮੰਮੀ, ਪਾਪਾ ਨੂੰ ਮਿਲੀਏ, ਤੇਰੇ ਭੈਣ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਮਿਲਕੇ ਆਪਣੇ ਬਾਰੇ ਦੱਸੀਏ ਤੇ ਉਨ੍ਹਾਂ ਬਾਰੇ ਜਾਣੀਏ।

ਦੀਦੀ, ਅਸੀਂ ਬੇਸ਼ੱਕ ਛੋਟੇ ਹਾਂ ਪਰੰਤੂ ਕੁੜੀਆਂ ਦੇ ਔਖੇ ਜੀਵਨ ਬਾਰੇ ਜਾਣਦੇ ਹਾਂ। ਅੱਜ ਕੁੜੀ ਲਈ ਸਮਾਜ ਵਿਚ ਖੜ੍ਹ ਨਾ ਤੇ ਆਪਣਾ ਥਾਂ ਬਣਾਉਣਾ ਬਹੁਤ ਮੁਸ਼ਕਲ ਤੇ ਬਹਾਦਰੀ ਵਾਲਾ ਕੰਮ ਹੈ। ਪਰੰਤੂ ਸਾਨੂੰ ਆਸ ਹੈ ਕਿ ਤੂੰ ਇਹ ਲੜਾਈ ਲੜ ਕੇ ਅਵੱਸ਼ ਜੇਤੂ ਹੋ ਕੇ ਨਿਕਲੇਗੀ। ਫੇਰ ਵੀ ਇਸ ਸੰਘਰਸ਼ ਵਿਚ ਜੇ ਕਿਤੇ ਤੈਨੂੰ ਲੋੜ ਮਹਿਸੂਸ ਹੋਵੇ ਤਾਂ ਤੂੰ ਸਾਨੂੰ ਹਾਕ ਮਾਰ ਸਕਦੀ ਏ। ਅਸੀਂ ਆਵਾਂਗੇ। ਹੋਰ ਅੰਕਲ ਬਹੁਤ ਨਾਰਾਜ਼ ਸੀ ਕਿ ਉਹ ਵਿਆਹ ਜਿਹੜਾ ਤੂੰ ਅੱਧਾ ਤੇ ਅਸੀਂ ਸਾਰਾ ਦੇਖਿਆ

ਬਹੁਤ ਬੋਰ ਸੀ। ਅਮਰਦੀਪ ਭਾਅ ਜੀ ਇਸ ਲਈ ਨਹੀਂ ਪੁੱਜੇ ਕਿ ਉਸ ਦਿਨ ਉਨ੍ਹਾਂ ਦੀ ਚੰਡੀਗੜ੍ਹ ਪ੍ਰੈਸ ਕਾਨਫਰੰਸ ਸੀ। ਉਸ ਕਾਨਫਰੰਸ ਬਾਰੇ ਸਾਰੇ ਅਖ਼ਬਾਰਾਂ ਵਿਚ ਵਿਸਥਾਰ ਨਾਲ ਖਬਰਾਂ ਲੱਗੀਆਂ ਹਨ।

ਅੰਤ ਵਿਚ ਸਾਰੇ ਪਰਿਵਾਰ ਵਲੋਂ ਤੁਹਾਡੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

***ਤੇਰੇ ਛੋਟੇ ਭਰਾ,***
***ਹਰਿੰਦਰ ਸਿੰਘ, ਜਤਿੰਦਰ ਸਿੰਘ,***

-0-

30/**ਮਾਰਚ**/2002

ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਬੜੀ ਖੁਸ਼ਕਿਸਮਤੀ ਦੀ ਗੱਲ ਹੈ ਤੁਸੀਂ ਮੇਰੀ ਚਿੱਠੀ ਦਾ ਜਵਾਬ ਦਿੱਤਾ, ਬੜੀ ਜਲਦੀ ਦਿੱਤਾ, ਬਿਲਕੁਲ ਆਸ ਅਨੁਸਾਰ। ਤੁਹਾਡੇ ਇਸ ਉਜ਼ਰ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਮੇਰੀ ਬੜੀ ਬਦਕਿਸਮਤੀ ਹੈ ਕਿ ਮੈਂ ਕੋਸ਼ਿਸ਼ ਕਰਨ ਤੇ ਵੀ ਤੁਹਾਡੀ 'ਜੱਗ ਬਾਣੀ' ਦੇ ਐਤਵਾਰੀ ਅੰਕ ਦੀ ਕਹਾਣੀ ਨਹੀਂ ਪੜ੍ਹ ਸਕਿਆ। ਕਾਰਨ ਇਹ ਸੀ ਕਿ ਸਕੂਲ ਵਿਚ ਐਤਵਾਰ ਦਾ ਕੋਈ ਵੀ ਅਖ਼ਬਾਰ ਨਹੀਂ ਮਿਲ ਸਕਦਾ ਤੇ ਘਰ ਮੇਰੇ 'ਅਜੀਤ' ਅਖ਼ਬਾਰ ਆਉਂਦਾ ਹੈ। ਤੁਸੀਂ ਲਿਖਿਆ ਸੀ ਕਿ ਤੁਹਾਡੀ ਯਾਦਾਸਤ ਬੜੀ ਕਮਜ਼ੋਰ ਹੈ। ਵੈਸੇ ਵਿਚਾਰਵਾਨ ਲੋਕਾਂ ਦੀ ਯਾਦਦਾਸਤ ਕਮਜ਼ੋਰ ਹੀ ਹੁੰਦੀ ਹੈ ਕਿਉਂਕਿ ਤੁਹਾਡੇ ਵਰਗੇ ਲੋਕਾਂ ਨੇ ਹਰ ਸਮੇਂ ਨਵਾਂ ਸੋਚਣਾ ਹੁੰਦਾ, ਨਵੀਆਂ ਘਟਨਾਵਾਂ ਹੁੰਦੀਆਂ ਮੈਨੂੰ ਲੱਗਦਾ ਭੁੱਲਣਾ ਲੇਖਕਾਂ ਦਾ ਖਾਸ ਗੁਣ ਹੁੰਦਾ। ਕੁਲਜੀਤ ਜੀ, ਨਿਰਮਲ ਕਲਿਆਣ ਮਿਲਿਆ ਤਾਂ ਤੁਹਾਡਾ ਸੁਨੇਹਾ ਜ਼ਰੂਰ ਦੇਵਾਂਗਾ ਉਸਨੂੰ। ਬਾਕੀ ਜੇ ਲਿਖਣਾ 'ਕੰਮ' ਹੁੰਦਾ ਤਾਂ ਮੈਂ ਜ਼ਰੂਰ ਦੁਬਾਰਾ ਸ਼ੁਰੂ ਕਰ ਲੈਂਦਾ। 'ਸ਼ਬਦ' ਕਿਸੇ ਮਸ਼ੀਨਰੀ ਦੇ ਪੁਰਜੇ ਤਾਂ ਹੁੰਦੇ ਨਹੀਂ ਜੋ ਮੁੱਲ ਮਿਲ ਸਕਣ। ਇਹ ਤਾਂ ਕੁਦਰਤ ਦਾ ਵਰ ਹੁੰਦਾ, ਜਿਸ ਨਾਲ ਕੁਦਰਤ ਨੇ ਤੁਹਾਨੂੰ ਨਵਾਜ਼ਿਆ ਹੈ।

ਤੁਸੀਂ ਲਿਖਦੇ ਰਹੋ, ਸ਼ਬਦਾਵਲੀ 'ਚ ਨਿਖਾਰ ਆ ਜਾਵੇਗਾ। ਕੁਲਜੀਤ ਜੀ, ਇਸ 29 ਸਾਲ ਦੀ ਉਮਰ ਵਿਚ ਬੜਾ ਪਾਇਆ। ਪੜ੍ਹਿਆ, ਲਿਖਿਆ, ਛਪਿਆ, ਨੌਕਰੀ ਮਿਲ ਗਈ। ਘਰੋਂ ਬਾਹਰੋਂ ਪਿਆਰ ਸਤਿਕਾਰ ਮਿਲਿਆ, ਦੋਸਤ ਨੇ, ਪੈਸਾ, ਕੁੜੀਆਂ ਨੇ ਪਰ ਇਕ ਟੇਕ ਨਹੀਂ, ਰੂਹ ਨੂੰ ਸ਼ਾਂਤੀ ਨਹੀਂ। ਕੋਈ ਮਿਲਿਆ ਹੀ ਨਹੀਂ ਜੋ ਇਸ ਪਿੰਜਰ 'ਚ ਰੂਹ ਬਣ ਕੇ ਉਤਰ ਜਾਵੇ। ਇਸ ਤਰ੍ਹਾਂ ਲੱਗਦਾ ਜਿਵੇਂ ਕੋਈ ਪੈਦਾ ਹੀ ਨਹੀਂ ਹੋਇਆ ਜਿਸ ਨਾਲ ਅਜਿਹੇ ਸ਼ਬਦਾਂ ਦੀ ਸਾਂਝ ਹੋਵੇ ਕਿ ਬਸ ਸਕੂਨ ਮਿਲ ਜਾਵੇ। ਤੁਹਾਡੇ ਵਰਗਿਆਂ ਨਾਲ ਸਾਂਝ ਪਾਉਣਾ ਵੀ ਇਕ ਅਜਿਹਾ ਵਸੀਲਾ ਹੈ ਕਿ ਕੁਝ ਤਾਂ ਸਕੂਨ ਮਿਲੇ। ਪਤਾ ਨਹੀਂ ਤੁਹਾਡੇ ਨਾਲ ਅਜਿਹੀਆਂ ਗੱਲਾਂ ਸਾਂਝੀਆਂ ਕਰਨਾ ਚੰਗਾ ਵੀ ਹੈ ਜਾਂ ਨਹੀਂ। ਇਸ ਆਸ ਨਾਲ ਵਾਪਸੀ ਲਿਫ਼ਾਫਾਂ ਭੇਜ ਰਿਹਾ ਹਾਂ ਕਿ ਤੁਸੀਂ ਕਾਫੀ ਕੁਝ ਲਿਖੋਗੇ। ਆਪਣੇ ਬਾਰੇ, ਆਪਣੀ ਲੇਖਣੀ ਬਾਰੇ ਇਸ ਜ਼ਿੰਦਗੀ ਬਾਰੇ।

ਕੁਲਜੀਤ ਜੀ ਸ਼ਾਇਦ ਮੈਂ ਅਜਿਹਾ ਤਾਂ ਨਹੀਂ ਹਾਲੇ ਬਣਿਆ ਕਿ ਮੈਂ ਹਰ

ਇਨਸਾਨ ਦੀ ਮਦਦ ਕਰ ਸਕਾਂ, ਕਿਸੇ ਵੀ ਪੱਖ ਤੋਂ, ਪਰ ਤੁਹਾਨੂੰ ਜੇ ਮੇਰੇ ਤੋਂ ਪੜ੍ਹਾਈ ਸਬੰਧੀ ਜਾਂ ਕੋਈ ਹੋਰ ਕਿਸੇ ਵੀ ਪੱਖ ਤੋਂ ਮੇਰੀ ਮਦਦ ਦੀ ਲੋੜ ਹੋਵੇ ਤਾਂ ਦੱਸਣਾ। ਆਪ ਦੀ ਸੇਵਾ ਕਰ ਕੇ ਖੁਸ਼ੀ ਮਹਿਸੂਸ ਹੋਵੇਗੀ। ਇਸ ਪਾਸੇ ਆਏ ਤਾਂ ਜ਼ਰੂਰ ਮਿਲ ਕੇ ਜਾਣਾ। ਕੁਲਜੀਤ ਜੀ, ਦੇਖੇਓ ਕਿਤੇ ਮੈਂ ਜ਼ਿਆਦਾ ਤਾਂ ਨਹੀਂ ਲਿਖ ਗਿਆ। ਇਸ ਆਸ ਨਾਲ ਕੇ ਬਰਦਾਸਤ ਕਰੋਗੇ ਤੇ ਜਵਾਬ ਦੇਓਗੇ।

*-ਹਰਵਿੰਦਰ ਚੰਨੂੰਵਾਲਾ*

–0–

12/11/2001

ਪਿਆਰੀ ਭੈਣ,

ਅਸੀਂ ਲੰਮੇਂ ਸਮੇਂ ਤੋਂ ਤੇਰੀ ਚਿੱਠੀ ਉਡੀਕਦੇ ਰਹੇ। ਨਾ ਆਉਣ ਤੇ ਅੱਜ ਅਸੀਂ ਲਿਖ ਰਹੇ ਹਾਂ। ਆਸ ਹੈ ਕਿ ਤੂੰ ਆਪਣੀ ਪੜ੍ਹਾਈ ਪੂਰੀ ਮਿਹਨਤ ਨਾਲ ਕਰ ਰਹੀ ਹੋਵੇਗੀ। ਹੁਣ ਰਾਤਾਂ ਪੜ੍ਹਨ ਲਈ ਬਹੁਤ ਢੁੱਕਵੀਆਂ ਹਨ। ਤੂੰ ਵਾਅਦੇ ਮੁਤਾਬਿਕ ਆਪਣੀ ਕੋਈ ਗਜ਼ਲ ਨਹੀਂ ਭੇਜੀ। ਇਸ ਵੇਰ ਪਰਚਾ ਤੇਰੀ ਗਜ਼ਲ ਬਿਨ੍ਹਾਂ ਖਾਲੀ ਰਹੇਗਾ। ਤੇਰੇ ਕੋਲ ਡੈਕ ਜਾਂ ਟੇਪਰਿਕਾਰਡਰ ਹੈ। ਅਸੀਂ ਅਮਰਦੀਪ ਦੇ ਸਾਰੇ ਗੀਤਾਂ ਦੀ ਇਕ ਕੈਸਿਟ ਤੈਨੂੰ ਭੇਜਣੀ ਹੈ। ਜੇ ਡੈਕ ਹੈ ਤਾਂ ਦੱਸੀ। ਇਸ ਤੋਂ ਪਹਿਲਾਂ ਮੈਂ ਵੀ ਤੇਰੇ ਵਾਂਗ ਨਾਵਲ ਤੇ ਹੋਰ ਕਿਤਾਬਾਂ ਨਹੀਂ ਪੜ੍ਹਦਾ ਸੀ। ਹੁਣ ਮੈਂ ਜਸਵੰਤ ਕੰਵਲ ਦੇ ਨਵਾਲ ਲਗਾਤਾਰ ਪੜ੍ਹ ਰਿਹਾ ਹਾਂ। ਹੁਣ ਮੈਨੂੰ ਨਾਵਲ ਪੜ੍ਹਨ ਵਿਚ ਦਿਲਚਸਪੀ ਜਾਗ ਪਈ ਹੈ। ਕੁਝ ਗੱਲ ਵੀ ਪੱਲੇ ਪੈਣ ਲੱਗ ਪਈ ਹੈ। ਪਿਛਲੇ ਸਮੇਂ ਵਿਚ ਲੇਖ ਵੀ ਲਿਖੇ ਹਨ। ਜਿਨ੍ਹਾਂ ਵਿਚੋਂ ਇਕ ਦੇਸ਼ ਸੇਵਕ ਵਿਚ ਛਪ ਗਿਆ ਹੈ। ਦੂਜਾ ਜਿਹੜਾ ਕੁੜੀਆਂ ਬਾਰੇ ਹੈ। ਛੇਤੀ ਹੀ 'ਨਵਾਂ ਜ਼ਮਾਨਾ' ਵਿਚ ਛਪ ਰਿਹਾ ਹੈ। ਸੰਪਾਦਕ ਦੀ ਚਿੱਠੀ ਆਈ ਹੈ। ਉਸਨੇ ਲੇਖ ਦੀ ਪ੍ਰਸੰਸਾ ਕੀਤੀ ਹੈ। ਅਤੇ ਐਤਵਾਰ ਦੇ ਪਰਚੇ ਵਿਚ ਛਾਪਣ ਬਾਰੇ ਕਿਹਾ ਹੈ। ਛਪਣ ਤੇ ਪਰਚਾ ਭੇਜਾਂਗਾ। ਇਸਤੋਂ ਪਹਿਲਾਂ ਵੀ ਮੇਰੀ ਇਕ ਬੱਚਿਆਂ ਲਈ ਕਹਾਣੀ ਤੇ ਕੁਝ ਹੋਰ ਚੀਜ਼ਾਂ ਛਪ ਚੁੱਕੀਆਂ ਹਨ। ਅੰਕਲ ਕਹਿੰਦੇ ਹਨ ਕਿ ਜੇਕਰ ਤੂੰ ਕਿਤਾਬਾਂ ਤੇ ਅਖ਼ਬਾਰ ਲਗਾਤਾਰ ਪੜ੍ਹੇ ਤਾਂ ਚੰਗਾ ਲੇਖਕ ਬਣ ਸਕਦਾ ਹੈ।

ਭੈਣੇ, ਤੂੰ ਨਿਰਮਲ ਦਾ ਕੋਈ ਛਪਿਆ ਹੋਇਆ ਲੇਖ ਜਾਂ ਉਸਦੀ ਫੋਟੋ ਜਾਂ ਉਸਦੀ ਫੋਟੋ ਸਟੇਟ ਕਾਪੀ ਬਾਰੇ ਕਿਹਾ ਸੀ। ਪਰ ਤੂੰ ਭੇਜਿਆ ਨਹੀਂ। ਹੁਣ ਭੇਜ ਦੇਵੀਂ। ਇਕ ਦਿਨ ਤੇਰੀ ਮਾਸੀ ਦਾ ਦਿੱਤਾ ਹੋਇਆ ਫੋਨ ਨੰਬਰ ਕਾਫ਼ੀ ਚਿਰ ਯਤਨ ਕਰਨ ਤੇ ਵੀ ਮਿਲ ਨਹੀਂ ਸਕਿਆ। ਸ਼ਾਇਦ ਫੋਨ ਖਰਾਬ ਸੀ। ਹੋਰ ਇੱਥੇ ਸਾਰੇ ਸੁੱਖ-ਸਾਂਦ ਹੈ। ਵੀਰਾ ਚੰਗੀ ਤਰ੍ਹਾਂ ਪੜ੍ਹਾਈ ਕਰ ਰਿਹਾ ਹੈ। ਤੂੰ ਆਪਣੇ ਪਰਿਵਾਰ ਬਾਰੇ ਵਿਸਥਾਰ ਨਾਲ ਦੱਸੀ। ਤੇਰੀ ਮੰਮੀ-ਪਾਪਾ ਤੇ ਛੋਟੇ ਭੈਣ ਭਰਾਵਾਂ ਨੂੰ ਸਤਿਕਾਰ ਤੇ ਪਿਆਰ। ਤੇਰੇ ਕਹਿਣ ਤੇ ਅਸੀਂ ਆਪਣੀ ਨਵੀਂ ਫੋਟੋ ਭੇਜ ਰਹੇ ਹਾਂ। ਅੰਕਲ ਵਲੋਂ ਵੀ ਤੁਹਾਨੂੰ ਪਿਆਰ। ਉਤਰ ਦੀ ਉਡੀਕ ਵਿਚ ਤੇਰੇ ਵੀਰ।

*ਹਰਿੰਦਰ ਤੇ ਜਤਿੰਦਰ।*

22/1/2002

ਪਿਆਰੀ ਦੀਦੀ,

ਸਤਿਕਾਰ, ਕਾਫੀ ਸਮਾਂ ਪਹਿਲਾਂ ਤੇਰੀ ਇਕ ਚਿੱਠੀ ਮਿਲੀ ਸੀ ਜਿਸਦੀਆਂ ਬਹੁਤੀਆਂ ਗੱਲਾਂ ਦਾ ਉਤਰ ਅੰਕਲ ਨੇ ਆਪਣੀ ਚਿੱਠੀ ਵਿਚ ਤੈਨੂੰ ਦੇ ਦਿੱਤਾ ਸੀ। ਤੂੰ ਅਮਰਦੀਪ ਭਾਅਜੀ ਬਾਰੇ ਪੁੱਛਿਆ ਸੀ ਉਹ ਹੁਣ ਠੀਕ ਠਾਕ ਹਨ। ਅੰਕਲ ਨੇ ਤੈਥੋਂ ਡੈਕ ਬਾਰੇ ਪੁੱਛਿਆ ਸੀ ਤੂੰ ਦੱਸਿਆ ਸੀ ਕਿ ਤੇਰੇ ਕੋਲ ਡੈਕ ਹੈ। ਇਸ ਸਬੰਧ ਵਿਚ ਤੈਨੂੰ ਕੈਸਟ ਭੇਜਣ ਦੀ ਵਿਧੀ ਬਾਰੇ ਸੋਚ ਰਹੇ ਹਾਂ। ਥੋੜ੍ਹੇ ਦਿਨਾਂ 'ਚ ਹੀ ਯਤਨ ਕਰਾਂਗੇ ਕਿ ਕੈਸਟਾਂ ਤੇਰੇ ਕੋਲ ਪੁੱਜ ਜਾਣ। ਹੰਸ ਭਾਅ ਜੀ ਦੀ ਨਵੀਂ ਕੈਸਿਟ ਜਿਸ ਵਿਚ ਅਮਰਦੀਪ ਭਾਅ ਜੀ ਦੇ ਪੰਜ ਗੀਤ ਹਨ ਉਹ ਸਾਡੇ ਕੋਲ ਕਈ ਹਨ। ਪਰੰਤੂ ਪੇਜਣ ਦਾ ਅੜਿੱਕਾ ਹੈ। ਦੂਜੇ ਅਮਰਦੀਪ ਭਾਅ ਜੀ ਦੇ ਸਾਰੇ ਗੀਤ ਇੱਕ ਕੈਸਿਟ ਵਿਚ ਇਕੱਠੇ ਕਰਨ ਲਈ ਪਰਗਟ ਨੂੰ ਕਿਹਾ ਸੀ ਪਰੰਤੂ ਉਹ ਕਾਫੀ ਸਮਾਂ ਮਿਲਿਆ ਨਹੀਂ ਤੇ ਮਿਲਣ ਤੇ ਪਤਾ ਲੱਗਾ ਕਿ ਉਹਨੇ ਸਾਡਾ ਇਹ ਕੰਮ ਨਹੀਂ ਕੀਤਾ। ਇਸ ਲਈ ਇਹ ਕੰਮ ਵੀ ਦੁਬਾਰਾ ਕਰਵਾ ਕੇ ਭੇਜਾਂਗੇ। ਤੇਰੀ ਪੜ੍ਹਾਈ ਬਾਰੇ ਅੰਕਲ ਕਹਿੰਦੇ ਹਨ ਸਾਰਾ ਜ਼ੋਰ ਲਾ ਕੇ ਘੱਟੋ ਘੱਟ 60% ਹੋਣੇ ਚਾਹੀਦੇ ਹਨ ਅਤੇ ਤੇਰਾ ਵਿਆਹ ਵੀ ਪੀ. ਐਚ. ਡੀ. ਕਰਨ ਉਪਰੰਤ ਕਰਨਾ ਹੈ। ਬੇਸ਼ੱਕ ਤੂੰ ਉਦੋਂ ਤੱਕ ਬੁੱਢੀ ਹੋ ਜਾਵੇ। ਤੈਨੂੰ ਡਾਕਟਰ ਜ਼ਰੂਰ ਬਣਾਉਣਾ ਹੈ। ਅੰਕਲ ਨੇ ਤੈਨੂੰ ਮੰਮੀ ਨੂੰ ਭੇਜਣ ਬਾਰੇ ਕਿਹਾ ਸੀ ਇਹ ਇਸ ਲਈ ਜ਼ਰੂਰੀ ਹੈ ਤਾਂ ਕਿ ਮਾਪਿਆਂ ਨੂੰ ਪਤਾ ਲੱਗ ਜਾਵੇ ਕਿ ਉਨ੍ਹਾਂ ਦੀ ਬੱਚੀ ਦੇ ਕਿਹੋ ਜਿਹੇ ਲੋਕਾਂ ਨਾਲ ਸੰਬੰਧ ਹਨ।

***ਹਰਿੰਦਰ***

–0–

24/2/2002

ਪਿਆਰੀ ਭੈਣ ਕੁਲਜੀਤ

ਆਪਣੀਆਂ ਖਿੱਚੀਆਂ ਹੋਈਆਂ ਫੋਟੋਆਂ ਭੇਜ ਰਹੇ ਹਾਂ ਇਹ ਬਹੁਤੀਆਂ ਚੰਗੀਆਂ ਤਾਂ ਨਹੀਂ ਆਈਆਂ ਪਰ ਫਿਰ ਵੀ ਯਾਦਗਾਰ ਦੇ ਤੌਰ 'ਤੇ ਠੀਕ ਹਨ। ਹੋਰ ਕਿਸੇ ਮੌਕੇ ਉਤੇ ਇਕੱਠੇ ਹੋਏ ਤਾਂ ਖਿੱਚ ਲਵਾਂਗੇ। ਅੱਜ ਅਖ਼ਬਾਰ ਵਿਚ (ਪੰਜਾਬੀ ਟ੍ਰਿਬਿਊਨ) ਤੇਰੀ ਇਨਾਮ ਵਾਲੀ ਖ਼ਬਰ ਛਪ ਗਈ ਹੈ ਉਸਦੀ ਵੀ ਕਟਿੰਗ ਤੈਨੂੰ ਭੇਜ ਰਹੇ ਹਾਂ। ਅੰਕਲ ਜੀ ਨੇ ਜਿਹੜੀ ਕੈਸਿਟ ਤੈਨੂੰ ਭੇਜੀ ਸੀ ਉਹ ਮਿਲ ਗਈ ਹੈ, ਕਿ ਨਹੀਂ ਜੇਕਰ ਨਾ ਮਿਲੀ ਹੋਵੇ ਤਾਂ ਦੱਸੀਂ, ਅੰਕਲ ਕਹਿੰਦੇ ਹਨ ਤਾਂ ਕਿ ਮੈਂ ਉਸਦੀ ਖਬਰ ਲੈ ਸਕਾਂ।

ਗੁਰਪ੍ਰੀਤ ਦੇ ਇਮਤਿਹਾਨ ਸ਼ੁਰੂ ਹੋਏ ਹਨ। ਇਹ ਵੀ ਦੱਸਣਾ ਕਿ ਪੇਪਰ ਕਿਹੋ ਜਿਹੇ ਹੋ ਰਹੇ ਹਨ। ਦੂਜੀਆਂ ਭੈਣਾਂ ਬਾਰੇ ਵੀ ਦੱਸਣਾ ਕਿ ਉਨ੍ਹਾਂ ਦੇ ਪੇਪਰ ਹੋ ਗਏ ਕਿ ਨਹੀਂ ਜੇ ਹੋ ਗਏ ਤਾਂ ਕਿਹੋ ਜਿਹੇ ਹੋਏ ਹਨ। ਤੂੰ ਆਵਦੇ ਪੇਪਰਾਂ ਵੱਲ ਵੀ ਪੂਰੀ ਤਰ੍ਹਾਂ ਧਿਆਨ ਦੇ ਤਾਂ ਕਿ ਵੱਧ ਤੋਂ ਵੱਧ ਨੰਬਰ ਲੈ ਸਕੇਂ ਤਾਂ ਕਿ ਪੀ. ਐਚ. ਡੀ. ਕਰਨ ਦੇ ਯੋਗ ਹੋ ਸਕੇਂ। ਤੇਰੀ ਕਹਾਣੀ 'ਪੰਜਾਬ' ਨੂੰ ਦਿੱਤੀ ਧਮਕੀ ਤੇ ਗਜ਼ਲਾਂ ਛਾਪਣ ਬਾਰੇ ਅੰਕਲ ਜੀ ਨੇ ਇਕ ਚਿੱਠੀ ਕਹਾਣੀ ਪੰਜਾਬ ਨੂੰ ਲਿਖੀ ਸੀ ਜੋ ਕਿ ਛਪ ਗਈ

ਹੈ ਤੇ ਉਸਦੀ ਫੋਟੋ ਸਟੇਟ ਵੀ ਤੈਨੂੰ ਭੇਜਾਂਗੇ। ਤੈਨੂੰ ਪਤਾ ਹੈ ਕਿ ਕਹਾਣੀ ਪੰਜਾਬ ਦਾ ਸੰਪਾਦਕ ਤੇ ਉੱਘਾ ਨਾਵਲਕਾਰ ਅੰਕਲ ਜੀ ਦਾ ਮਿੱਤਰ ਹੈ। ਉਸਨੂੰ ਤੇਰੇ ਬਾਰੇ ਵੀ ਦੱਸ ਦਿੱਤਾ ਹੈ। ਮੰਮੀ ਨੂੰ ਕਹਿਣਾ ਜਦੋਂ ਉਨ੍ਹਾਂ ਨੂੰ ਸਮਾਂ ਮਿਲੇ ਤਾਂ ਸਾਨੂੰ ਅਵੱਸ਼ ਮਿਲਕੇ ਜਾਵੇ। ਸੰਭਵ ਹੋ ਸਕੇ ਤਾਂ ਗੁਰਪ੍ਰੀਤ ਜਾਂ ਕਿਸੇ ਭੈਣ ਨੂੰ ਵੀ ਨਾਲ ਲੈ ਆਵੇ। ਵੀਰੇ ਦੇ ਇਮਤਿਹਾਨ ਵੀ 1 ਮਾਰਚ ਤੋਂ ਸ਼ੁਰੂ ਹੋ ਰਹੇ ਹਨ। ਅੱਜ ਕੱਲ੍ਹ ਉਹ ਫਰੀ ਹੈ। ਸਾਰਾ ਪਰਿਵਾਰ ਤੈਨੂੰ ਬਹੁਤ ਯਾਦ ਕਰਦਾ ਹੈ ਤੇ ਤੇਰੀਆਂ ਗੱਲਾਂ ਕਰਦਾ ਹੈ। ਫੋਟੋ ਖਿੱਚਣ ਸਮੇਂ ਬੀਬੀ ਦੀਆਂ ਅੱਖਾਂ ਮਿਚ ਗਈਆਂ ਕੈਮਰੇ ਦੀ ਫਲੈਸ਼ ਕਾਰਨ। ਉਹ ਕਹਿੰਦੀ ਕਿ ਮੇਰੀ ਫੋਟੋ ਨਾ ਭੇਜੋ ਕਿਉਂਕਿ ਉਹ ਕੀ ਕਹਿਣਗੇ। ਅੰਕਲ ਜੀ ਦੀ ਸਿਹਤ ਉਹੋ ਜਿਹੀ ਹੀ ਹੈ। ਬਹੁਤਾ ਸਫਰ ਜਾਂ ਤੁਰਨ ਫਿਰਨ ਨਾਲ ਥੱਕ ਜਾਂਦੇ ਹਨ। ਪਰ ਉਹ ਅਖਬਾਰਾਂ ਲਈ ਲੇਖ ਲਗਾਤਾਰ ਲਿਖ ਰਹੇ ਹਨ ਤੇ ਛਪ ਰਹੇ ਹਨ। ਰਾਜਨੀਤੀ ਬਾਰੇ ਉਨ੍ਹਾਂ ਦੇ ਪੰਜ ਲੇਖ ਪੰਜਾਬੀ ਟ੍ਰਿਬਿਊਨ ਵਿਚ ਛਪੇ ਹਨ। ਪਾਰਟੀ ਵਾਲੇ ਇਨ੍ਹਾਂ ਲੇਖਾਂ ਨੂੰ ਇਕ ਕਿਤਾਬਚੇ ਦੀ ਸ਼ਕਲ ਵਿਚ ਛਾਪਣਗੇ। ਬਾਈ ਅਮਰਦੀਪ ਗਿੱਲ ਵੀ ਆਪਣੀਆਂ ਪੁਰਾਣੀਆਂ ਕਵਿਤਾਵਾਂ ਦਾ ਸੰਗ੍ਰਹਿ ਛਪਵਾ ਰਿਹਾ ਹੈ, ਤੇ ਖਰੜਾ ਤਿਆਰ ਹੈ। ਉਹਦੀ ਸਿਹਤ ਵੀ ਹੁਣ ਠੀਕ ਹੈ।

ਅੰਤ ਵਿਚ ਸਾਰੇ ਪਰਿਵਾਰ ਵਲੋਂ ਤੁਹਾਨੂੰ ਸਾਰਿਆਂ ਨੂੰ ਪਿਆਰ ਤੇ ਸਤਿਕਾਰ।

*ਤੇਰੇ ਭਰਾ*

*ਹਰਿੰਦਰ, ਜਤਿੰਦਰ*

–0–

ਪਿਆਰੀ ਕੁਲਜੀਤ ਗ਼ਜ਼ਲ,

ਤੇਰੇ ਪਲੇਠੇ ਗਜ਼ਲ ਸੰਗ੍ਰਹਿ "ਤਰੇਲ ਜਿਹੇ ਮੋਤੀ" ਦੇ ਪ੍ਰਕਾਸ਼ਨ ਤੇ ਮੈਂ ਤੈਨੂੰ ਦਿਲੀ ਮੁਬਾਰਕਬਾਦ ਦਿੰਦਾ ਹਾਂ। ਬਿਰਹਾ ਨਾਲ ਭਰੀ ਸਾਦੀ ਤੇ ਘਰੇਲੂ ਸ਼ਬਦਾਵਲੀ ਵਿਚ ਲਿਖੀਆਂ ਗਜ਼ਲਾਂ ਨੇ ਸ਼ਿਵ ਬਟਾਲਵੀ ਦੀ ਯਾਦ ਕਰਾ ਦਿੱਤੀ ਹੈ। ਗੱਲ ਕੀ ਤੂੰ ਪਹਿਲੀ ਹੀ ਗੇਂਦ ਤੇ ਛੱਕਾ ਮਾਰ ਦਿੱਤਾ ਹੈ।

"ਤੂੰ ਹਉਕਿਆਂ ਤੇ ਹਿਚਕੀਆਂ ਸੰਗ ਜੂਝਦੀ ਹੈਂ ਇਕ 'ਗਜ਼ਲ',
ਮੈਂ ਬੇਸੁਰਤ ਹੋ ਗਿਆ ਹਾਂ ਤੇਰਾ ਅੱਖਰ ਅੱਖਰ ਪੜ੍ਹ ਕੇ"

ਤੇਰੀ ਕਿਤਾਬ ਮੇਰੇ ਹੱਥ ਵਿਚ ਹੈ ਤੇ ਮੈਂ ਕਈ ਵਾਰੀ ਇਸ ਨੂੰ ਪੜ੍ਹ ਚੁੱਕਿਆ ਹਾਂ। ਮੈਨੂੰ ਪਤਾ ਹੈ ਕਿ ਕੋਈ ਵਿਅਕਤੀ ਜਦ ਵੀ ਕੁਝ ਲਿਖਦਾ ਹੈ, ਉਸ ਵਿਚਲੇ ਸ਼ਬਦਾਂ ਨੂੰ ਆਪਣੇ ਉਪਰ ਹੰਢਾ ਚੁੱਕਿਆ ਹੁੰਦਾ ਹੈ।

"ਮੈਂ ਵੇਖਿਆ ਹੈ ਤੈਨੂੰ ਰੌਸ਼ਨੀ ਸੰਗ ਮੁਹੱਬਤ ਕਰਦਿਆਂ,
ਮੈਂ ਵੇਖਿਆ ਹੈ ਤੈਨੂੰ ਲਾਟ ਦੇ ਸੰਗ ਲਾਟ ਬਣ ਕੇ ਸੜਦਿਆਂ"

ਜਦ ਤੂੰ ਕਦੇ ਭੈਣ ਜਾਂ ਧੀ ਦੀ ਗੱਲ ਕਰਦੀ ਹੈਂ ਤਾਂ ਅੱਖਾਂ ਆਪ ਮੁਹਾਰੇ ਵਗ ਤੁਰ ਪੈਂਦੀਆਂ ਹਨ।

"ਘਰ ਵੀ ਹੈ, ਪਰਿਵਾਰ ਵੀ ਹੈ, ਫਿਰ ਵੀ ਹਾਂ ਬੇਚੈਨ ਕਿਉਂ,
ਨਾ ਪਤਾ ਆਈ ਹਾਂ ਕਿਧਰੋਂ, ਨਾ ਪਤਾ ਚੱਲੀ ਕਿਧਰ ਹਾਂ"

ਕੁਲਜੀਤ! ਮੈਂ ਬੜੀਆਂ ਕਿਤਾਬਾਂ ਪੜ੍ਹੀਆਂ ਹਨ। ਬੜੇ ਸਥਾਪਿਤ ਤੇ ਉਘੇ

ਸ਼ਾਇਰਾਂ ਦੀਆਂ, ਕਈ ਮਿੱਤਰਾਂ ਦੀਆਂ ਕਿਤਾਬਾਂ। ਪ੍ਰੰਤੂ ਹੁੰਦਾ ਇਉਂ ਹੈ ਕਿ ਕੁਝ ਇਕ ਗਜ਼ਲਾਂ ਦਿਲ ਨੂੰ ਟੁੰਬਣ ਵਾਲੀਆਂ ਹੁੰਦੀਆਂ ਹਨ ਤੇ ਬਾਕੀ ਸਧਾਰਨ ਜਹੀਆਂ ਬਸ ਸਫ਼ੇ ਭਰਨ ਵਾਲੀਆਂ ਹੁੰਦੀਆਂ ਨੇ, ਪ੍ਰੰਤੂ ਸੱਚ ਜਾਣੀ ਤੇਰੀ ਹਰ ਗਜ਼ਲ, ਹਰ ਸਫ਼ਾ ਪੜ੍ਹ ਕੇ ਮਨ ਕੁਝ ਦੇਰ ਲਈ ਠਹਿਰ ਜਾਂਦਾ ਹੈ, ਸੋਚਣ ਲੱਗ ਪੈਂਦਾ ਹੈ ਪਈ ਇਹ ਨਿੱਕੀ ਜਹੀ ਕੁੜੀ, ਤੇ ਕਿੰਨੇ ਹੀ ਡੂੰਘੇ ਸਮੁੰਦਰਾਂ ਦੀ ਤਹਿ ਨੂੰ ਹੱਥ ਲਾ ਕੇ ਮੁੜੀ ਹੈ। ਮੈਂ ਤੇਰੀ ਕਿਤਾਬ ਕਈ ਵਾਰੀ ਪੜ੍ਹੀ ਹੈ ਤੇ ਕਈ ਵਾਰੀ ਅੱਖਾਂ ਨਮ ਕੀਤੀਆਂ ਹਨ।

ਕੁਲਜੀਤ! ਮੈਂ ਜੋ ਵੀ ਲਿਖ ਰਿਹਾ ਹਾਂ ਇਹ ਸ਼ਬਦ ਤੇਰੀ ਗਜ਼ਲ ਦੇ ਸਹੀ ਪ੍ਰਤੀ ਕਰਮ ਦੀ ਪਹੁੰਚ ਤੋਂ ਬਹੁਤ ਉਰ੍ਹੇ ਹਨ। ਮੇਰੀ ਸ਼ਬਦਾਵਲੀ ਵੀ ਏਨੀ ਵਿਸ਼ਾਲ ਨਹੀਂ ਕਿ ਮੈਂ ਕਾਗਜ਼ ਤੇ ਲਿਖ ਕੇ ਤੇਰੀਆਂ ਗਜ਼ਲਾਂ ਨਾਲ ਇਨਸਾਫ਼ ਕਰ ਸਕਾਂ, ਕਿਉਂਕਿ

"ਗੀਤ, ਕਸੀਦੇ, ਗਜ਼ਲ, ਰੁਬਾਈ, ਕਵਿਤਾ, ਸੱਦਾਂ, ਵਾਰਾਂ ਸਭ,
ਇਹ ਸ਼ਬਦਾਂ ਦਾ ਤਾਣਾ ਬਾਣਾ, ਤੇਰਾ ਸਭ ਕੁਝ ਤੇਰਾ ਹੈ"

ਤੇ ਮੇਰਾ ਦਿਲ ਵਾਰ ਵਾਰ ਇਹੀ ਕਹਿ ਉਠਦਾ ਹੈ–

"ਤੂੰ ਸਦਾ ਸੰਸਾਰ ਤੋਂ ਨਿਰਲੇਪ ਰਹਿਣਾ ਹੈ 'ਗਜ਼ਲ',
ਉਸ ਕਮਲ ਵਾਂਗੂੰ ਕਿ ਜਿਹੜਾ ਉਗਦਾ ਦਲਦਲ 'ਚ ਹੈ"

ਬਿਲਕੁਲ ਸਾਦੀ ਪੰਜਾਬੀ ਸ਼ਬਦਾਵਲੀ ਵਿਚ ਲਿਖੇ ਸ਼ਬਦਾਂ ਨੇ ਰੋਮਾਂਸ ਦੀ ਸੀਮਾ ਨੂੰ ਉਚੇ ਪਰਬਤਾਂ ਤੀਕ ਛੁਹਾ ਦਿੱਤਾ ਹੈ–

"ਕੋਈ ਐਸਾ ਮਿਲੇ ਜਿਸਦਾ ਮੇਰੇ ਸਾਹਾਂ 'ਚ ਸਾਹ ਹੋਵੇ,
ਮੈਂ ਤੜਪਾਂ ਤਾਂ ਕਹੇ 'ਹਾਏ', ਕੋਈ ਐਸਾ ਨਹੀਂ ਮਿਲਦਾ"

ਤੇ ਇਸ ਬਿਰਹਾ ਤੇ ਟੁਟੇ ਹੋਏ ਦਿਲ ਵਿਚ ਹੌਂਸਲਾ ਅਜੇ ਵੀ ਐਵਰੈਸਟ ਦੀ ਚੋਟੀ ਜਿੰਨਾ ਹੈ–

"ਇਹ ਲੜਾਈ ਜ਼ਿੰਦਗੀ ਦੀ ਲੜਾਂਗੀ ਮੈਂ ਉਮਰ ਭਰ,
ਮੈਂ ਨਹੀਂ ਸੁਕਰਾਤ ਜਿਸਨੇ ਜ਼ਹਿਰ ਹਸ ਕੇ ਪੀ ਲਿਆ"

ਅੰਤ ਵਿਚ ਮੈਂ ਇਹੀ ਕਹਾਂਗਾ–

"ਹੈ ਕਿੰਨਾ ਦਰਦ ਬੋਲਾਂ ਵਿਚ 'ਤੇ ਤਰਲਾ ਵੀ ਹੈ ਲੋਹੜੇ ਦਾ,
ਗਜ਼ਲ ਕਿਸਨੇ ਇਹ ਗਾਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ"

*ਡਾ. ਹਰਭਜਨ ਸਿੰਘ*
*162, ਮਾਡਲ ਟਾਊਨ,*
*ਕਪੂਰਥਲਾ-144601*
*ਫੋਨ: 01822-233300, 231300*
*ਮੋਬਾਇਲ : 98761-83123*

–0–

ਪਿਆਰੀ ਕੁਲਜੀਤ ਜੀ,
ਸੱਤ ਸ੍ਰੀ ਅਕਾਲ,

ਮੈਂ ਤੁਹਾਡੀਆਂ ਹੀ ਲਿਖੀਆਂ 2 ਲਾਈਨਾਂ ਪੇਸ਼ ਕਰ ਰਿਹਾ ਹਾਂ

*"ਤੁਰ ਗਏ ਨੇ ਛੱਡ ਕੇ ਮਿਸਰੇ ਰਦੀਫਾਂ ਕਾਫਲੇ,*
*ਤੁਰ ਪਿਆ ਮਹਿਬੂਬ ਵੀ, ਢਹਿੰਦੀ ਗਜ਼ਲ ਤਾਂ ਢਹਿਣ ਦੇ।"*

ਇਨ੍ਹਾਂ 2 ਲਾਈਨਾਂ ਅੱਗੇ ਸ਼ਾਇਦ ਮੇਰਾ ਇਹ ਇਕ ਸਫ਼ੇ ਦਾ ਖ਼ਤ ਵੀ ਨਿਮਾਣਾ ਜਿਹਾ ਜਾਪੇ, ਪਰ ਮਹੀਨੇ ਪਹਿਲਾਂ ਤੁਹਾਡੀਆਂ ਅਖਬਾਰ ਅੰਦਰ ਛਪੀਆਂ 2 ਗਜ.ਲਾਂ ਨੇ ਮੈਨੂੰ ਇਹ ਖਤ ਲਿਖਣ ਲਈ ਮਜਬੂਰ ਕੀਤਾ। ਖਤ ਲਿਖਣ ਅੰਦਰ ਹੋਈ ਦੇਰੀ ਦੀ ਵਜ੍ਹਾ ਮੇਰੇ ਵਲ ਪੇਪਰ ਵੀ ਹਨ। ਅਤੇ ਮੇਰੀ ਨੌਕਰੀ ਵੀ, ਪਰ ਅੱਜ ਇਹ ਨਿਸ਼ਚਾ ਕੀਤਾ ਕਿ ਖਤ ਜ਼ਰੂਰ ਲਿਖਣਾ ਹੈ। ਤੁਹਾਡਾ ਨਾਮ ਹੀ ਇਕ ਗਜ਼ਲ ਨੂੰ ਸਾਕਾਰ ਕਰਦਾ ਹੈ। ਆਪਣੇ ਬਾਰੇ ਹੀ ਕਹਾਂ, ਮੇਰਾ ਰੁਝਾਨ ਸ਼ੁਰੂ ਤੋਂ ਹੀ ਸਾਹਿਤ ਵਲ ਕਾਫੀ ਰਿਹਾ ਹੈ। Science ਅਤੇ Electronics ਦਾ Subject ਹੁੰਦੇ ਵੀ ਮੈਂ ਆਪਣਾ ਇਹ ਸ਼ੌਕ ਜਿੰਦਾ ਰੱਖਿਆ। 2001 ਅੰਦਰ ਮੈਂ Air force join ਕਰ ਲਈ ਅਤੇ ਇਸਦੇ ਨਾਲ ਹੀ ਮੈਂ ਅੰਗਰੇਜ਼ੀ Licrature ਦੀ Study ਵੀ ਸ਼ੁਰੂ ਕੀਤੀ।

ਅੱਜ ਦੇ ਅਜੋਕੇ ਦੌਰ ਅੰਦਰ ਪੰਜਾਬੀਅਤ ਦੇ ਉਨ੍ਹਾਂ ਕਵੀਆਂ ਦੀ ਥੁੜ੍ਹ ਹੈ ਜੋ ਜ਼ਿੰਦਗੀ ਦੀ ਅਸਲੀਅਤ ਦੇ ਨੇੜੇ ਹੋਣ।

ਇਕ ਸੁੰਦਰ ਇਸਤਰੀ ਅਤੇ ਨਾਰੀ ਉਪਰ ਤਾਂ ਅਥਾਂਹ ਕਵਿਤਾਵਾਂ ਲਿਖ ਮਾਰੀਆਂ ਪਰ ਮਜ਼ਦੂਰਾਂ ਦੇ ਹੱਥਾਂ ਉਪਰ ਕਵਿਤਾ ਬਹੁਤ ਘੱਟ ਲਿਖੀ ਗਈ ਹੈ। ਮੈਂ Time to Time ਕਈ ਕਵੀਆਂ ਅਤੇ ਲੇਖਕਾਂ ਦੇ ਸੰਪਰਕ ਅੰਦਰ ਰਹਿੰਦਾ ਹਾਂ। ਸਾਰਿਆਂ ਦੀ ਇਕ ਹੀ ਰਾਏ ਹੁੰਦੀ ਹੈ ਅੱਜ ਦੀ ਲੇਖਣੀ ਨੂੰ ਸਮਾਜ ਦੀ ਸਹੀ ਸੂਰਤ ਦਿਖਾਈ ਜਾਵੇ।

ਹੁਣ ਤੁਹਾਡੇ ਅੰਦਰ ਇਹ ਗੁਣ ਪ੍ਰਮਾਤਮਾ ਨੇ ਬਖ਼ਸ਼ਿਆ ਹੈ ਤਾਂ ਇਸ ਨੂੰ ਆਦਰਸ਼ ਸਿੱਧ ਕਰੋ। ਕਈ ਵਾਰ ਵਿਚਾਰ ਕੀਤਾ ਗਿਆ ਹੈ ਕਿ ਨਵੇਂ ਲਿਖਾਰੀਆਂ ਦੀਆਂ ਰਚਨਾਵਾਂ ਦੀ ਪੁਸਤਕ ਛਾਪੀ ਜਾਵੇ, ਜੋ ਸਮਾਜ ਦੇ ਆਮ ਲੋਕਾਂ ਦੀ ਜ਼ਿੰਦਗੀ ਦੀ ਪਾਰਦਰਸ਼ੀ ਤਸਵੀਰ ਬਣੇ।

ਜਦ ਵੀ ਮੌਕਾ ਆਇਆ ਮੈਂ ਤੁਹਾਡਾ ਨਾਮ ਜ਼ਰੂਰ ਸਿਫਾਰਿਸ਼ ਕਰਾਂਗਾ ਅਤੇ ਤਬਸੀਂ ਆਪਣੀ ਰਾਏ ਵੀ ਜ਼ਰੂਰ ਦੱਸਣੀ। ਮੈਂ ਤਾਂ ਆਪਣੀ Job ਕਾਰਨ Busy ਵੀ ਹਾਂ ਪਰ ਮੇਰਾ ਸੰਪਰਕ ਜ਼ਰੂਰ ਬਣਿਆ ਹੋਇਆ ਹੈ।

ਆਪਣੇ ਹੁਨਰ ਨੂੰ ਪਹਿਚਾਨ ਕਿ ਤੁਸੀਂ ਅਜੋਕੇ ਕਵੀਆਂ ਦੇ ਨਾਲ ਆ ਜਾਂਦੇ ਹੋ।

ਅੰਤ ਵਿਚ ਤੁਸੀਂ ਆਪਣੀਆਂ ਦੋਨੋਂ ਗਜ਼ਲਾਂ ਲਈ ਮਣਾਂ ਮੂੰਹੀ ਵਧਾਈ ਦੇ ਪਾਤਰ ਹੋ। ਰੱਬ ਤੁਹਾਡੀ ਕਲਮ ਨੂੰ ਅਥਾਂਹ ਸੋਚਣੀ ਅਤੇ ਕਰਨੀ ਦਾ ਸੁਮੇਲ ਬਖ਼ਸ਼ੇ।

ਅਗਰ ਵਕਤ ਇਜਾਜ਼ਤ ਦੇਵੇ ਤਾਂ ਆਪਣੇ ਵਿਚਾਰ ਲਿਖਣੇ ਨਾ ਭੁਲਣਾ, ਤੁਹਾਡਾ ਇੰਤਜ਼ਾਰ ਹੋਵੇਗਾ।

***ਹਰਵਿੰਦਰ ਸਿੰਘ***

**12/8/2001**

ਸਤਿਕਾਰਤ ਭੈਣ ਜੀ,

ਕੁਝ ਸਮਾਂ ਸਮਾਂ ਪਹਿਲਾਂ ਅੰਕਲ ਨੂੰ ਤੇਰੀ ਚਿੱਠੀ ਮਿਲੀ ਸੀ। ਜਿਸ ਵਿਚ ਸਾਡਾ ਦੋਨਾਂ ਭਰਾਵਾਂ ਦਾ ਵੀ ਜ਼ਿਕਰ ਸੀ। ਅਸੀਂ ਧੰਨਵਾਦੀ ਹਾਂ ਤੂੰ ਸਾਨੂੰ ਯਾਦ ਰੱਖਿਆ ਹੈ। ਸ਼ਾਇਦ ਤੈਨੂੰ ਪਤਾ ਹੋਵੇ ਕਿ ਸਾਡੇ ਕੋਈ ਭੈਣ ਨਹੀਂ। ਮੇਰੀ ਇਕ ਭੂਆ ਹੈ ਜਿਹੜੀ ਸਾਥੋਂ ਕਾਫੀ ਵੱਡੀ ਹੈ। ਉਂਝ ਵੀ ਉਸਨੂੰ ਰਿਸ਼ਤਿਆਂ ਦਾ ਕੋਈ ਅਨੁਭਵ ਨਹੀਂ। ਸਾਡੀ ਇਕ ਮਾਸੀ ਦੀ ਧੀ ਬੀ. ਏ. ਪਾਸ ਸੀ, ਪਰੰਤੂ ਕਾਫੀ ਸਮਾਂ ਪਹਿਲਾਂ ਗੁਜਰ ਗਈ ਸੀ। ਅੰਕਲ ਦੇ ਵੀ ਕੋਈ ਲੜਕੀ ਨਹੀਂ ਅਤੇ ਨਾ ਹੀ ਉਨ੍ਹਾਂ ਦੇ ਕੋਈ ਸਕੀ ਭੈਣ ਹੈ। ਅਮਰਦੀਪ ਸਾਡੀ ਮਾਸੀ ਕੋਲ ਰਹਿੰਦਾ ਹੈ। ਉਸਦੀਆਂ ਦੋ ਲੜਕੀਆਂ ਹਨ ਪਰੰਤੂ ਉਹ ਸਾਥੋਂ ਤੇ ਅਮਰਦੀਪ ਤੋਂ ਕਾਫੀ ਵੱਡੀਆਂ ਹਨ, ਇਸ ਲਈ ਅਸੀਂ ਸਮਝਦੇ ਹਾਂ ਸ਼ਾਇਦ ਤੂੰ ਪੂਰ ਦੇਵੇ। ਮੇਰੇ ਅੰਕਲ ਅਕਸਰ ਕਹਿੰਦੇ ਹਨ ਕਿ ਭੈਣ ਦਾ ਰਿਸ਼ਤਾ ਨਿਭਾਉਣਾ ਬਹੁਤ ਮੁਸ਼ਕਲ ਹੈ। ਇਸਦੀ ਬਹੁਤੀ ਜ਼ੁੰਮੇਵਾਰੀ ਭਰਾਵਾਂ ਦੀ ਥਾਂ ਭੈਣਾਂ ਦੀ ਬਣਦੀ ਹੈ। ਉਨ੍ਹਾਂ ਨੂੰ ਇਸ ਰਿਸ਼ਤੇ ਦੀ ਪਵਿੱਤਰਤਾ ਕਾਇਮ ਰੱਖਣ ਲਈ ਬਹੁਤ ਸੰਘਰਸ਼ ਤੇ ਕੁਰਬਾਨੀ ਕਰਨੀ ਪੈਂਦੀ ਹੈ। ਇਸੇ ਲਈ ਉਹ ਕਹਿੰਦੇ ਹਨ ਕਿ ਹਰ ਕੁੜੀ ਨੂੰ ਭੈਣ ਨਹੀਂ ਬਣਾਇਆ ਜਾ ਸਕਦਾ।

ਅਸੀਂ ਸਾਰੇ ਅਵਿਕਸਿਤ ਹਾਂ। ਅੰਕਲ ਤੋਂ ਉਨ੍ਹਾਂ ਦੀ ਵਿਦਵਤਾ ਤੇ ਗਿਆਨ ਦੇ ਕੁਝ ਕਿਣਕੇ ਇਕੱਠੇ ਕਰਨ ਦਾ ਯਤਨ ਕਰ ਰਹੇ ਹਾਂ। ਜੇਕਰ ਅਸੀਂ ਕੁਝ ਕਿਣਕੇ ਇਕੱਠੇ ਕਰਨ ਵਿਚ ਸਫਲ ਹੋ ਗਏ ਤਾਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਾਂਗੇ ਤੇ ਇਸ ਤਰ੍ਹਾਂ ਸ਼ਾਇਦ ਜੀਵਨ ਸਫਲ ਕਰਨ ਵਿਚ ਵੀ ਸਫਲ ਹੋ ਜਾਈਏ। ਉਸ ਦਿਨ ਅਸੀਂ ਨਾ ਤਾਂ ਤੇਰੇ ਨਾਲ ਕੋਈ ਗੱਲ ਕਰ ਸਕੇ ਨਾ ਹੀ ਕੋਈ ਤੇਰੀ ਗੱਲ ਸੁਣ ਸਕੇ। ਪਰੰਤੂ ਅੰਕਲ ਨੇ ਤੇਰੇ ਬਾਰੇ ਆਪਣੇ ਅਨੁਭਵ ਵਿਚੋਂ ਜੋ ਕੁਝ ਦੱਸਿਆ ਉਸਤੋਂ ਆਸ ਬਝਦੀ ਹੈ ਕਿ ਤੂੰ ਜੀਵਨ ਦੀ ਸਫਲਤਾ ਲਈ ਸੰਘਰਸ਼ਸ਼ੀਲ ਹੋਵੇਗੀ। ਅਸੀਂ ਹਾਲੇ ਛੋਟੇ ਹਾਂ ਇਸ ਲਈ ਕੋਈ ਵੱਡੀ ਡੀਂਗ ਮਾਰਨ ਲਈ ਸਮਰੱਥ ਨਹੀਂ ਹਾਂ, ਪਰੰਤੂ ਕਿਸੇ ਲੋੜਵੰਦ ਲਈ ਹਮਦਰਦੀ ਤਾਂ ਪ੍ਰਗਟ ਕਰ ਹੀ ਸਕਦੇ ਹਾਂ। ਹਮਦਰਦੀ ਹੀ ਸਾਰੇ ਸੰਘਰਸ਼ਾਂ ਦੀ ਮੂਲ ਹੈ। ਭੈਣੇ (ਇਹ ਸ਼ਬਦ ਮੈਂ ਦੁਬਾਰਾ ਵਰਤ ਰਿਹਾ ਹਾਂ) ਤੂੰ ਕੁੜੀ ਏਂ ਤੇ ਕਾਫੀ ਦੂਰ ਬੈਠੀ ਏ। ਕੁੜੀ ਦੀਆਂ ਸੀਮਾਵਾਂ ਦਾ ਸਾਨੂੰ ਅਨੁਭਵ ਹੈ। ਉਹ ਖੁਲ੍ਹੇ ਆਮ ਵਿਚਰ ਨਹੀਂ ਸਕਦੀਆਂ ਨਾ ਹੀ ਕਿਸੇ ਓਪਰੇ ਨੂੰ ਲਿਖ ਸਕਦੀਆਂ ਹਨ। ਬੇਸ਼ੱਕ ਓਪਰਾ ਉਨ੍ਹਾਂ ਬਾਰੇ ਭਰਾਵਾਂ ਵਾਲੇ ਪਵਿੱਤਰ ਜਜ਼ਬੇ ਰੱਖਦਾ ਹੋਵੇ। ਇਸ ਲਈ ਜਦੋਂ ਸੰਭਵ ਹੋਵੇ ਸਾਨੂੰ ਯਾਦ ਕਰ ਛੱਡਿਆ ਕਰ ਅਤੇ ਜੇ ਕਿਤੇ ਸਮਾਂ ਮਿਲੇ ਤਾਂ ਸਾਨੂੰ ਮਿਲ ਵੀ ਜਾਇਆ ਕਰ। ਸਾਡੇ ਬੂਹੇ ਤੇਰੇ ਲਈ ਅੱਗੇ ਤੋਂ ਵੀ ਮੋਕਲੇ ਹੋਣਗੇ।

ਅਸੀਂ ਆਸ ਕਰਦੇ ਹਾਂ ਕਿ ਤੂੰ ਅੰਕਲ ਤੋਂ ਸੁਣੀਆਂ ਗੱਲਾਂ ਨੂੰ ਵਿਚਾਰਿਆ ਹੋਵੇਗਾ ਤੇ ਅਮਲ ਰੂਪ ਬਣਾਇਆ ਹੋਵੇਗਾ। ਭਰਾ ਅਮਰਦੀਪ ਥੋੜ੍ਹੇ ਸਮੇਂ ਲਈ ਪਿੰਡ ਆਇਆ ਸੀ ਉਸਨੇ ਇਕ ਨਵੇਂ ਗਾਇਕ ਦੀ ਕੈਸਿਟ ਰੀਲੀਜ਼ ਕੀਤੀ ਹੈ।

ਸ਼ੁਭ ਇੱਛਾਵਾਂ ਸਾਹਿਤ-ਭਰਾ ਬਣਨ ਦੇ ਇਛੁੱਕ

- ***ਹਰਿੰਦਰ ਸਿੰਘ, ਜਤਿੰਦਰ ਸਿੰਘ***

10/3/02

ਕੁਲਜੀਤ ਜੀ,

ਸਤਿ ਸ੍ਰੀ ਅਕਾਲ।

ਤੁਹਾਡਾ ਲਿਖਿਆ ਮੈਂ ਇੰਨ੍ਹਾਂ ਕੁ ਪੜ੍ਹਿਆ, ਇਕ ਮਿੰਨੀ ਕਹਾਣੀ, ਦੋ ਗਜ਼ਲਾਂ। ਇਕ ਗਜ਼ਲ 'ਰਾਬਤਾ' ਵਿਚ ਤੇ ਦੂਜੀ ਅੱਜ 'ਜੱਗ ਬਾਣੀ' ਵਿਚ ਪਾਠਕ ਮੈਂ ਤੁਹਾਡਾ ਏਨ੍ਹਾ ਕੁ ਹਾਂ। ਇਨ੍ਹਾਂ ਕੁ ਪੜ੍ਹਨ ਤੇ ਮੈਨੂੰ ਮਹਿਸੂਸ ਹੋਇਆ ਤੁਸੀਂ ਕਹਾਣੀ ਨਾਲੋਂ ਗਜ਼ਲ ਵਧੀਆ ਲਿਖਦੇ ਹੋ, ਲਿਖ ਸਕਦੇ ਹੋ। ਤੁਹਾਡੇ ਬਾਰੇ ਮੈਂ ਆਪਣੇ ਦੋਸਤ ਨਿਰਮਲ ਕਲਿਆਣ ਤੋਂ ਕਾਫ਼ੀ ਸੁਣਿਆ ਸੀ। ਬਾਕੀ ਸ਼ਾਇਦ ਹੋਰ ਕਿਤੋਂ ਵੀ। ਕਈ ਵਾਰ ਮਨ 'ਚ ਖਿਆਲ ਆਇਆ ਤੁਹਾਨੂੰ ਮਿਲਣ ਜਾਂ ਲਿਖਣ ਬਾਰੇ, ਸਫਲ ਨਾ ਹੋ ਸਕਿਆ। ਇਸ ਵਾਰ ਵੀ ਕੁਝ ਦੋਸਤਾਂ ਨੂੰ ਖਤ ਲਿਖ ਰਿਹਾ ਸਾਂ ਕਿ 'ਜੱਗ ਬਾਣੀ' ਵਿਚ ਤੁਹਾਡੀ ਗਜ਼ਲ ਨਜ਼ਰੀ ਪਈ। ਭਾਵੇਂ ਕੇ ਤੁਹਾਡਾ ਸਹੀ ਐਡਰਿੱਸ ਮੈਨੂੰ ਯਾਦ ਨਹੀਂ (ਪਤਾ ਨਹੀਂ) ਪਰ ਫਿਰ ਵੀ ਇਸ ਆਸ ਤੇ ਲਿਖ ਰਿਹਾ ਹਾਂ ਕਿ ਮੇਰੇ ਬਾਕੀ ਦੋਸਤਾਂ ਵਾਂਗ ਤੁਹਾਨੂੰ ਵੀ ਇਹ ਚਿੱਠੀ ਮਿਲੇਗੀ ਤੇ ਤੁਸੀਂ ਉਨ੍ਹਾਂ ਦੀ ਤਰ੍ਹਾਂ ਚਿੱਠੀ ਰਾਹੀਂ ਮੇਰੇ ਵੱਲ ਕੁਝ ਸ਼ਬਦ ਲਿਖੋਗੇ। ਬਾਕੀ ਤੁਸੀਂ ਮੇਰੇ ਬਾਰੇ ਸ਼ਾਇਦ ਕੁਝ ਨਹੀਂ ਜਾਣਦੇ, ਹੋ ਵੀ ਸਕਦਾ ਲੰਬਾ ਸਮਾਂ ਪਹਿਲਾਂ ਲਿਖੀਆਂ (ਛਪੀਆਂ) ਕਹਾਣੀਆਂ ਵਿਚੋਂ ਕੋਈ ਕਹਾਣੀ ਤੁਸੀਂ ਪੜ੍ਹੀ ਹੋਵੇਗੀ। ਤੁਸੀਂ ਲੋਕ ਖੁਸ਼ਕਿਸਮਤ ਹੋ ਜਿੰਨ੍ਹਾਂ ਦਾ ਰਾਬਤਾ ਸ਼ਬਦਾਂ ਦੇ ਸੰਸਾਰ ਨਾਲ ਜੁੜਿਆ ਹੋਇਆ ਹੈ। ਮੇਰਾ ਤਾਂ ਰਿਸਤਾ ਅੱਜਕੱਲ ਸਬਦਾਂ ਨਾਲੋਂ ਟੁੱਟ ਚੁੱਕਿਆ ਹੈ। ਪੱਥਰਾਂ ਜਿਹੇ ਇਨਸਾਨਾਂ ਨਾਲ ਹੈ। ਬਾਕੀ ਕਦੇ ਫੇਰ! ਇਸ ਆਸ ਨਾਲ ਕਿ ਇਹ ਤੁਹਾਨੂੰ (ਲੈਟਰ) ਮਿਲੇਗਾ ਤੁਸੀਂ ਇਸ ਅਧੀਨ ਚਾਰ ਸ਼ਬਦ ਮੈਨੂੰ ਲਿਖੋਗੇ।

*ਹਰਵਿੰਦਰ ਸਿੰਘ 'ਪੰਜਾਬੀ ਲੈਕਚਰਾਰ'*
*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ*
*ਫਿਰੋਜ਼ਪੁਰ (ਪੰਜਾਬ)*

–0–

ਅਤਿ ਸਤਿਕਾਰਯੋਗ ਕੁਲਜੀਤ,
ਸਤਿ ਸ੍ਰੀ ਅਕਾਲ।

ਸੁਬਾਸਕ ਵਿਚ ਆਪ ਦੀ ਗਜ਼ਲ ਪੜ੍ਹੀ ਬਹੁਤ ਚੰਗੀ ਲੱਗੀ, ਖਾਸਕਰ ਇਹ ਸ਼ੇਅਰ : ਸਭ ਤੋਂ ਵੱਡਾ ਦੁਸ਼ਮਣ ਮੇਰਾ,
ਪਿਆਰ ਕਰਨ ਤੋਂ ਜਿਹੜਾ ਡੱਕੇ।

ਪਿਆਰ ਦਾ ਦੁਸ਼ਮਣ ਸਭ ਤੋਂ ਵੱਡਾ ਦੁਸ਼ਮਣ ਹੈ। ਮੇਰਾ ਵੀ ਇਹੀ ਵਿਚਾਰ ਹੈ।

ਇਕ ਹੋਰ ਦ੍ਰਿਸ਼ਟੀਕੋਣ ਤੋਂ ਜੇ ਵੇਖੀਏ ਤਾਂ ਇਸ ਵਿਚ ਵਰਤਮਾਨ ਭਾਰਤੀ ਨਾਰੀ ਦੀਆਂ ਅਨੰਤ ਸੰਵੇਦਨਾਵਾਂ ਬੋਲ ਰਹੀਆਂ ਹਨ। ਇਹ ਸ਼ੇਅਰ ਉਨ੍ਹਾਂ ਦੇ ਮਨਾਂ ਦੇ ਖੁੱਲ੍ਹੇ ਦਰਵਾਜ਼ੇ ਦੀ ਤਰਜਮਾਨੀ ਕਰਦਾ ਹੈ।

ਅੱਜਕਲ੍ਹ ਕੀ ਕਰ ਰਹੇ ਹੋ। ਜ਼ਰੂਰ ਦੱਸਣਾ। ਇਕ ਬਹੁਤ ਹੀ ਜ਼ਰੂਰੀ ਗੱਲ ਕਿ ਪ੍ਰਿ: ਜਸਵੰਤ ਗਿੱਲ ਜੀ ਅਸਲੋਂ ਨਵੀਆਂ ਕਲਮਾਂ ਨੂੰ ਲੈ ਕੇ ਇਕ ਕਿਤਾਬ ਛਾਪ ਰਹੇ ਹਨ। ਜੋ ਲਗਭਗ ਜਨਵਰੀ ਦੇ ਅੰਤ ਵਿਚ ਛਪ ਜਾਏਗੀ। ਸੋ ਨਿਮਰਤਾ ਸਹਿਤ

ਆਪ ਨੂੰ ਬੇਨਤੀ ਹੈ ਕਿ ਜਿੰਨੀ ਜਲਦੀ ਹੋ ਸਕੇ ਆਪ ਆਪਣੀਆਂ 5-6 ਰਚਨਾਵਾਂ, ਫੋਟੋ ਤੇ ਜੀਵਨ ਬਿਉਰਾ ਭੇਜ ਦੇਵੋ।

ਪਤਾ - ਪ੍ਰਿੰ: ਜਸਵੰਤ ਗਿੱਲ
ਸ੍ਰੀ ਬਾਣਾ ਲਾਲ. ਸੀ. ਸੈ. ਸਕੂਲ ਧਿਆਨਪੁਰ
ਬਰਾਸਤਾ ਬਟਾਲਾ (ਗੁਰਦਾਸਪੁਰ)

ਅੰਤ ਵਿਚ ਮੈਂ ਅਰਦਾਸ ਕਰਦਾ ਹਾਂ ਕਿ ਇਹ ਨਵਾਂ ਵਰਾ ਆਪ ਲਈ ਅਨੰਤ ਹਰੇ ਪੱਤੇ, ਸ਼ਬਦ, ਫੁਹਾਰਾ ਰੰਗ, ਰੌਸ਼ਨੀਆਂ ਲੈ ਕੇ ਆਵੇ।

*ਤੁਹਾਡਾ ਆਪਣਾ*
*ਹਰਭਜਨ ਕਾਹਲੋਂ*
*ਪਿੰਡ ਤੇ ਡਾਕ : ਭਾਗੋਵਾਲ*
*(ਜਾਲੀਆਂ ਵਾਲਾ ਖੂਹ)*
*ਬਟਾਲਾ (ਗੁਰਦਾਸਪੁਰ)*

-0-

18/11/02

ਸਤਿਕਾਰਯੋਗ ਕੁਲਜੀਤ ਜੀ
ਸਤਿ ਸ੍ਰੀ ਅਕਾਲ,

ਆਸ ਹੈ ਆਪ ਪਰਿਵਾਰ ਸਮੇਤ ਖੁਸ਼ੀਆਂ ਵਿਚ ਹੋਵੋਗੇ। ਪਿਛਲੇ ਤਿੰਨ ਦਿਨਾਂ ਤੋਂ ਤੁਹਾਡਾ ਟੈਲੀਫੋਨ ਨਹੀਂ ਮਿਲ ਰਿਹਾ। ਸ਼ਾਇਦ ਕੋਈ ਬਿੱਲ ਵਿਚ ਡੀਫਾਲਟ ਹੈ। ਤੁਹਾਡੀਆਂ ਦੋ ਮਿੰਨੀ ਕਹਾਣੀਆਂ 'ਪਰਚੀਆਂ', 'ਤਰ' ਮੈਂ ਮੁਕਤਸਰ ਭੇਜ ਦਿੱਤੀਆਂ ਹਨ। ਮੰਮੀ ਡੈਡੀ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਧੰਨਵਾਦ ਹਾਂ ਸੱਚ ਬਾਅਦ ਵਿਚ ਯਾਦ ਆਇਆ ਸੁਖਵਿੰਦਰ ਕੌਰ ਗਿੱਲ ਜੀ ਦਾ ਟੈਲੀਫੋਨ ਆਇਆ ਸੀ। ਬੜੇ ਹੀ ਪਿਆਰ ਸਤਿਕਾਰ ਨਾਲ ਤੁਹਾਡੇ ਬਾਰੇ ਪੁੱਛਦੀ ਸੀ। ਮੈਂ ਕਿਹਾ ਠੀਕ ਠਾਕ ਹੋ।

*ਤੁਹਾਡਾ ਹਿੱਤੂ*
*ਹਰਪਾਲ ਸਿੰਘ*
*ਨੋਟ : ਦੋ ਪਰਚੇ ਪ੍ਰੀਤਲੜੀ, ਘਰ ਸ਼ਿੰਗਾਰ ਭੇਜ ਰਿਹਾ ਹਾਂ।*

-0-

ਪਿਆਰੀ ਕੁਲਜੀਤ ਜੀ,
ਸਤਿ ਸ੍ਰੀ ਅਕਾਲ, ਸਲਾਮ, ਆਦਾਬ!

ਕੁਲਜੀਤ ਜੀ ਗੁਜ਼ਾਰਿਸ਼ ਇਹ ਹੈ ਕਿ ਮੈਂ ਅਖ਼ਬਾਰ (ਜੱਗ ਬਾਣੀ) ਤਅਤੇ ਸ਼ਮਸ਼ੀਰੇ ਦਸਤ ਵਿਚ ਤੁਹਾਡੀਆਂ ਕੁਝ ਕਵਿਤਾਵਾਂ ਪੜ੍ਹੀਆਂ ਮੈਨੂੰ ਤੁਹਾਡੀਆਂ ਗਜ਼ਲਾਂ ਬਹੁਤ ਹੀ ਬਹੁਤ ਹੀ ਚੰਗੀਆਂ ਲੱਗੀਆਂ ਸੋ ਮੇਰਾ ਦਿਲ ਕੀਤਾ ਤੁਹਾਨੂੰ ਖ਼ਤ ਰਾਹੀਂ ਮੁਬਾਰਕਬਾਦ ਭੇਜਾਂ ਸੋ ਮੈਂ ਭੇਜ ਰਿਹਾ ਹਾਂ ਕੁਲਜੀਤ ਜੀ ਮੈਂ ਖਤ ਦੇ ਸ਼ੁਰੂ ਵਿਚ ਤੁਹਾਨੂੰ ਪਿਆਰੀ ਲਿਖਿਆ ਹੈ। ਤੁਹਾਡੇ ਨਾਂ ਤੋਂ ਪਹਿਲਾਂ ਲਿਖਣ ਲਈ ਪੰਜਾਬੀ ਵਿਚ ਕੋਈ

ਹੋਰ ਲਫਜ਼ ਨਹੀਂ ਮਿਲਿਆ ਸੋ ਅਗਰ ਤੁਸੀਂ ਇਸ ਲਫ਼ਜ਼ ਨੂੰ ਮਾਇੰਡ ਕਰੋ ਤਾਂ ਮੈਂ ਪਹਿਲਾਂ ਹੀ Sorry ਫੀਲ ਕਰਦਾ ਹਾਂ ਮੈਨੂੰ ਪੰਜਾਬੀ ਨਾਲੋਂ ਜ਼ਿਆਦਾ ਉਰਦੂ ਵਿਚ ਲਿਖਣਾ ਜ਼ਿਆਦਾ ਚੰਗਾ ਆਉਂਦਾ ਹੈ ਪਰ ਮੇਰੇ ਲਈ ਇਹ ਕਹਿਣਾ ਕਿ ਤੁਸੀਂ ਉਰਦੂ ਨਹੀਂ ਜਾਣਦੇ ਗਲਤ ਲੱਗਦਾ ਹੈ। ਤੁਸੀਂ ਮੈਨੂੰ ਖ਼ਤ ਦਾ ਜਵਾਬ ਜ਼ਰੂਰ ਦੇਣਾ ਅਤੇ ਦੱਸਣਾ ਕਿ ਤੁਸੀਂ ਉਰਦੂ ਜਾਣਦੇ ਹੋ ਕਿ ਨਹੀਂ ਅਤੇ ਇਕ ਪਿਆਰੀ ਜਿਹੀ (ਗ਼ਜ਼ਲ) ਜ਼ਰੂਰ ਲਿਖਣਾ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਸ਼ੁਭਚਿੰਤਕ ਹਾਫ਼ਿਜ਼ ਸ਼ਕੀਲ।

ਬਿਮਾਰੇ ਜ਼ਿੰਦਗੀ ਹੋ ਗਿਆ ਹੂੰ ਖੁਸ਼ ਹੂੰ ਫਿਰ ਵੀ
ਹੈ ਕੋਈ ਇਸ ਸ਼ਹਿਰ ਮੈਂ ਜੋ ਹਮੇਂ ਸਿਫ਼ਾ ਦੇ ਸਕੇ

***Hafiz Mohd Shakeel (Godu)***
***Madina Basti. H.No. 462.***
***Raikot Rode Molerkotla.***
***Distt. Sungrur (Pb.)*** *- 148023*

–0–

11/08/05

ਪਿਆਰੀ
ਕੁਲਜੀਤ ਗਜ਼ਲ ਜੀ,

ਮੇਰੇ ਵਲੋਂ ਤੁਹਾਨੂੰ ਤੁਹਾਡੇ ਜਨਮ ਦਿਨ ਦੀਆਂ ਲੱਖ-ਲੱਖ ਮੁਬਾਰਕਾਂ ਸ਼ਾਲਾ! ਤੁਸੀਂ ਲੰਮੀਆਂ ਉਮਰਾਂ ਮਾਣੋਂ ਅਤੇ ਪ੍ਰਮਾਤਮਾ ਤੁਹਾਨੂੰ ਤਰੱਕੀਆਂ ਬਖ਼ਸ਼ੇ। ਬਾਕੀ ਮੇਰੀ ਇਹ ਦਿਲੀ ਇੱਛਾ ਹੈ ਕਿ ਤੁਸੀਂ ਇਸੇ ਤਰ੍ਹਾਂ ਹੀ ਆਪਣੀ ਕਲਮ ਦੁਆਰਾ ਵਧੀਆ ਸੋਚ ਦੀਆਂ ਰਚਨਾਵਾਂ ਅੰਕਿਤ ਕਰਕੇ ਸਮਾਜ ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਬਣੇ ਰਹੋ ਕਿਉਂਕਿ ਮੈਂ ਤੁਹਾਡੀਆਂ ਰਚਨਾਵਾਂ ਦਾ ਦਿਲੋ ਉਪਾਸਕ ਹਾਂ। ਤੁਹਾਡੀ ਜੋ ਵੀ ਰਚਨਾ ਕਿਸੇ ਵੀ ਅਖ਼ਬਾਰ, ਮੈਗਜ਼ੀਨ ਵਿਚ ਛਪਦੀ ਹੈ ਮੈਂ ਬੜੀ ਰੂਹ ਨਾਲ ਪੜ੍ਹਦਾ ਹਾਂ। ਮੈਂ ਖੁਦ ਵੀ ਗੀਤਕਾਰ ਹਾਂ ਅਤੇ ਪੰਜਾਬ ਦੇ ਕਈ ਨਾਮਵਰ ਅਤੇ ਉਭਰ ਰਹੇ ਕਲਾਕਾਰਾਂ ਨੂੰ ਦਰਸ਼ਕਾਂ ਦੇ ਸਨਮੁੱਖ ਆਡੀਓ ਅਤੇ ਵੀਡੀਓ ਪ੍ਰੋਜੈਕਟਾਂ ਰਾਹੀਂ ਪੇਸ਼ ਕਰ ਚੁੱਕਾ ਹਾਂ। ਹੁਣ ਮੈਂ ਆਪਣੇ ਪੱਤਰ ਦੀ ਸਮਾਪਤੀ ਇਕ ਵਾਰ ਫਿਰ ਆਪ ਨੂੰ ਤੁਹਾਡੇ ਜਨਮ ਦਿਨ ਦੀਆਂ ਲੱਖ-ਲੱਖ ਮੁਬਾਰਕਾਂ ਨਾਲ ਕਰ ਰਿਹਾ। ਸ਼ਾਲਾ ਤੁਸੀਂ ਜਵਾਨੀਆਂ ਮਾਣੋ।

***ਹਰਵਿੰਦਰ ਰੋਮਾਣਾ ਪੁੱਤਰ ਗੁਰਇੰਦਰਪਾਲ ਸਿੰਘ ਰੋਮਾਣਾ , ਸ਼ਹੀਦ ਹਰਦੇਵ ਸਿੰਘ ਨਗਰ ਵਾਰਡ ਨੰ: 2, ਮਕਾਨ ਨੰ: 14499, ਡਾਕ : ਜੀ. ਐਨ. ਡੀ. ਟੀ. ਪੀ. ਵਰਕਚਾਰਜ਼ ਕਲੋਨੀ, ਸਿਵੀਆਂ ਰੋਡ ਬਠਿੰਡਾ - 151002, ਫੋਨ ਨੰ: 93161-95494***

12/11/02

**ਸਿਆਣੀ ਬੀਬਾ ਕੁਲਜੀਤ ਗਜ਼ਲ**

ਸਾਹਿਤਕ ਸਲਾਮ ਪਹੁੰਚੇ,

10 ਨਵੰਬਰ 02 ਦੇ 'ਐਤਵਾਰੀ ਅਜੀਤ' ਵਿਚ ਮਿੰਨੀ ਕਹਾਣੀਆਂ 'ਚੋਂ ਤੁਹਾਡੀ 'ਡਰ' ਨਾਮੀ ਕਹਾਣੀ ਪੜ੍ਹੀ ਹੈ ਤੇ ਸਮਝੀ ਹੈ ਤੇ ਮੈਨੂੰ ਨਾਲ ਹੀ ਯਾਦ ਆਈਆਂ ਤੁਹਾਡੀਆਂ ਕਹਾਣੀ ਪੰਜਾਬ ਵਿਚ ਛਪੀਆਂ ਗਜ਼ਲਾਂ ਜਿੰਨ੍ਹਾਂ ਨੂੰ ਪੜ੍ਹਦਿਆਂ ਹੀ ਮੇਰੇ ਮਨ 'ਚ ਇਹ ਅਹਿਸਾਸ ਸ਼ਿੱਦਤ ਨਾਲ ਜਾਗਿਆ ਸੀ ਕਿ ਇਸ (ਤੁਹਾਡੀ) ਕਲਮ 'ਚ ਗਜ਼ਲ ਜਿਹਾ ਗੰਭੀਰ ਸ਼ਾਇਰੀ ਲਈ ਲਲਕ ਤੇ ਸੰਭਾਵਨਾਵਾਂ ਢੇਰ ਹਨ ਤੇ ਉਦੋਂ ਵੀ ਮੇਰੇ ਮਨ 'ਚ ਇੱਛਾ ਜਾਗੀ ਸੀ ਕਿ ਮੈਂ ਤੁਹਾਡੀ ਸ਼ਾਇਰਾਨਾ ਕੋਸ਼ਿਸ਼ ਲਈ ਤੁਹਾਨੂੰ ਹੌਸਲਾ ਅਫਜ਼ਾਈ ਦੀ ਚਿੱਠੀ ਭੇਜਾਂ ਪਰੰਤੂ ਚਹੁੰਦਿਆਂ ਹੋਇਆਂ ਵੀ ਸੰਕੋਚ ਵੱਸ ਲਿਖ ਨਾ ਸਕਿਆ। ਅਣਖੀ ਨੂੰ ਲਿਖੇ ਤੇ ਗਜ਼ਲਾਂ ਵਾਲੇ ਅੰਕ 'ਚ ਚਿੱਠੀਆਂ ਕਾਲਮ 'ਚ ਛਪੇ ਤੁਹਾਡੇ ਖ਼ਤ 'ਚੋਂ ਤੁਹਾਡੀ ਸ਼ਾਇਰਨਾ ਬੇਬਾਕੀ ਤੇ ਦੁੱਧ ਚਿੱਟੀ ਤਬੀਅਤ ਨੇ ਵੀ ਹਸਾਉਣ ਤੇ ਸੋਚਾਂ 'ਚ ਪਾਉਣ ਦੇ ਸੰਗ ਸੰਗ ਪ੍ਰਭਾਵਿਤ ਵੀ ਕੀਤਾ ਸੀ। ਉਂਝ ਮੈਨੂੰ ਜਿਹਨ 'ਚ ਕਿਤੇ ਕਈ ਸਾਲਾਂ ਦੀ ਯਾਦ ਆ ਰਹੀ ਹੈ ਕਿ ਤੁਹਾਡੀ ਕੋਈ ਸਾਹਿਤਕ ਚਿੱਠੀ ਜੋ ਤੁਸਾਂ ਰਾਮ ਸਿੰਘ ਚਾਹਲ ਨੂੰ ਮਾਨਸਾ ਵਿਖੇ ਲਿਖੀ ਸੀ ਉਹ ਵੀ ਮੇਰੇ ਪੜ੍ਹਨ 'ਚ ਆਉਣ ਕਰਕੇ ਤੁਹਾਡਾ ਨਾਮ ਜਿਹਨ 'ਚ ਅਟਕਿਆ ਰਿਹਾ, ਉਸ ਖ਼ਤ 'ਚ ਸ਼ਾਇਦ ਤੁਹਾਡੇ ਨਾਮ ਨਾਲ 'ਜੱਗਾ' ਲਫ਼ਜ਼ ਵੀ ਲੱਗਿਆ ਹੋਇਆ ਸੀ ਸ਼ਾਇਦ ਕੁਲਜੀਤ ਗ਼ਜ਼ਲ ਜੱਗਾ ਇੰਝ ਜਿਹੇ ਸੀ ਤੇ ਪਤਾ ਅੰਮ੍ਰਿਤਸਰ ਦਾ ਸੀ ਪਰ ਹੁਣ ਹੈਰਾਨੀ ਹੋਈ ਕਿ ਤੁਸੀਂ ਤਲਵੰਡੀ ਖੁੰਮਣ ਦੇ ਪਤੇ ਨਾਲ ਸਬੰਧ ਰੱਖਦੇ ਹੋ। ਖੈਰ! ਇਹ ਇਕ ਸੰਯੋਗ ਹੀ ਹੈ ਕਿ ਏਨੇ ਚਿਰ ਬਾਦ ਤੁਹਾਡੀ ਮਿੰਨੀ ਕਹਾਣੀ 'ਡਰ' ਪੜ੍ਹਕੇ ਮੈਨੂੰ ਤੁਹਾਡੀ ਸ਼ਾਇਰਨਾ ਤਬੀਅਦ ਤੇ ਵਧੀਆ ਬੇਬਾਕ ਕਲਮਕਾਰ ਹੋਣ ਨੇ ਉਕਸਾਇਆ ਕਿ ਮੈਂ ਤੁਹਾਡੀ ਸ਼ਾਇਰੀ, ਕਲਮਕਾਰੀ ਤੇ ਹੋਣਹਾਰ ਸੁਭਾਅ ਦੇ ਹਵਾਲੇ ਨਾਲ ਤੁਹਾਨੂੰ ਦੋ ਅੱਖਰ ਹੌਸਲਾ ਅਫ਼ਜ਼ਾਈ ਦੇ ਲਿਖ ਘੱਲਾਂ-ਮੈਂ ਕਹਾਣੀ ਪੰਜਾਬ ਦੇ ਅੰਕ ਨੰ: 36 ਵਿਚ ਬਹੁਤ ਹੀ ਗੰਭੀਰ ਸਮਾਲੋਚਕ ਤੇ ਸੰਜੀਦਾ ਚਿੱਠੀ ਲੇਖਕ ਜਨਾਬ ਧਰਮ ਸਿੰਘ ਗੁਲ੍ਹਾਟੀ (ਸੰਗਰੂਰ) ਵਲੋਂ ਤੁਹਾਡੀ ਪਹਿਲੀ ਗ਼ਜ਼ਲ ਦੇ ਪੰਜਵੇਂ, ਛੇਵੇਂ ਤੇ ਸੱਤਵੇਂ ਸ਼ੇਅਰਾਂ ਦੀ ਤਾਰੀਫ਼ ਵਜੋਂ ਲਿਖੇਂ ਅਲਫ਼ਾਜ਼ ਵੀ ਪੜ੍ਹੇ ਹਨ ਤੇ ਨਾਲ ਹੀ ਉਨ੍ਹਾਂ ਵਲੋਂ ਤੁਹਾਡੀ ਗ਼ਜ਼ਲ ਨੰ: 3 ਦੇ ਤੀਜੇ, ਪੰਜਵੇਂ ਤੇ ਛੇਵੇਂ ਸ਼ੇਅਰਾਂ ਤੇ ਮੋੜਵਾਂ ਪ੍ਰਤੀਕਰਮ ਵੀ ਦਰਜ ਕੀਤਾ ਹੈ। ਉਂਝ ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਹਰ ਕੋਈ ਅਜਿਹੇ ਪ੍ਰਤੀਕਰਮ ਨਾਲ ਸਹਿਮਤ ਹੋਵੇ, ਸਭ ਦੀ ਆਪੋ ਆਪਣੇ ਪੱਧਰ ਦੀ ਸੋਚ ਹੁੰਦੀ ਹੈ ਤੇ ਇਸ ਦੇ ਲਈ ਉਹ ਸਵਤੰਤਰ ਇਕਾਈ ਹੁੰਦਾ ਹੈ ਪਰੰਤੂ ਮੈਂ ਤਾਂ ਏਥੇ ਕੇਵਲ ਏਨਾ ਹੀ ਅਰਜ਼ ਕਰਨੀ ਹੈ ਕਿ ਸ਼ੇਅਰ ਨੂੰ ਤਰਤੀਬ ਦੇਣ ਵੇਲੇ ਖ਼ਿਆਲ ਦੀ ਪਰਵਾਜ਼ ਤੇ ਲਫ਼ਜ਼ਾਂ ਦੀ ਪੁਖ਼ਤਗੀ ਨੂੰ ਲਾਜ਼ਮੀ ਤੌਰ 'ਤੇ ਸਿਆਣੇ ਕਾਰੀਗਰ ਵਾਂਗ ਤਰਾਸ਼ੋ। ਇਹ ਤਾਂ ਸ਼ੇਅਰ ਦੀ ਜਿੰਦ ਜਾਨ ਹੋਇਆ ਕਰਦੇ ਹਨ। ਬਾਕੀ ਗੱਲਾਂ ਦਰ ਗੁਜ਼ਰ ਕੀਤੀਆਂ ਜਾ ਸਕਦੀਆਂ ਹਨ ਪਰ ਇਹ ਨਹੀਂ ਲੋਕਾਂ ਨੇ ਸਰੋਤਿਆਂ ਨੇ ਜਾਂ ਪਾਠਕਾਂ ਨੇ ਤੁਹਾਡੀ ਲਫ਼ਜ਼ਾਂ ਦੀ ਠੁੱਕ ਤੱਕਣੀ ਹੈ ਤੇ ਖ਼ਿਆਲਾਂ ਦੀ ਪੁਖਤਾ ਪਰਵਾਜ਼ ਦੇ ਨਾਲ ਨਾਲ ਉਡਾਨ ਭਰਨੀ ਹੁੰਦੀ ਹੈ। ਛਪਣ ਦਾ ਲਾਲਚ ਘੱਟ ਰੱਖੋ। ਸ਼ੇਅਰਾਂ ਨੂੰ ਪਹਿਲਾਂ ਖ਼ੂਬ ਸਜਾਓ ਸੰਵਾਰੋ ਫਿਰ ਕਿਤੇ ਛਪਣ ਲਈ ਭੇਜੋ। ਜਲਦਬਾਜ਼ੀ ਨਾ ਕਰੋ। ਜਿੱਥੋਂ ਤੱਕ

ਤੁਹਾਡੇ ਮਿੰਨੀ ਕਹਾਣੀ ਲੇਖਕ ਦੇ ਯਤਨ ਦਾ ਸਵਾਲ ਹੈ, ਆਪਣੀ ਤੁੱਛ ਬੁੱਧੀ ਅਨੁਸਾਰ ਅਰਜ਼ ਕਰਾਂਗਾ ਕਿ ਬਹੁਤ ਸਾਰੇ ਕਲਮਕਾਰ ਹੁੰਦੇ ਹਨ ਜੋ ਤਮਾਮ ਕਲਮੀ ਸਿਨਫਾਂ 'ਤੇ ਅਬੂਰ ਹਾਸਲ ਕਰ ਲੈਂਦੇ ਹਨ ਪਰ ਬਾਕੀ ਬਹੁਤ ਸਾਰੇ ਹੋਰ ਅਜਿਹੇ ਵੀ ਹੁੰਦੇ ਹਨ ਕਿ ਉਹ ਕੇਵਲ ਕਿਸੇ ਇਕ ਜਾਂ ਦੋ ਸਿਨਫ਼ਾਂ ਲਈ ਹੀ ਮਖ਼ਸੂਸ ਹੋਇਆ ਕਰਦੇ ਹਨ ਤੇ ਇਹ ਕੋਈ ਜ਼ਰੂਰੀ ਵੀ ਨਹੀਂ ਹੁੰਦਾ ਕਿ ਅਸੀਂ ਖ਼ਾਹ-ਮ-ਖ਼ਾਹ ਦਿਮਾਗ ਤੇ ਜ਼ੋਰ ਪਾ ਕੇ, ਜ਼ਬਰਦਸਤੀ ਜ਼ਿਹਨ ਨੂੰ ਨਪੀੜਕੇ ਜਾਂ ਲਾਜ਼ਮੀ ਤੌਰ 'ਤੇ ਹੀ ਉਸ ਸਿਨਫ਼ ਨੂੰ ਹੀ ਤੁਸੀਂ ਖ਼ੂਬਸੂਰਤੀ ਨਾਲ ਨਿਭਾਉਂਦੇ ਜਾਓ ਜੋ ਤੁਹਾਡੀ ਚੇਹਨਾ, ਜ਼ਿਹਨ ਤੇ ਪ੍ਰਤਿਭਾ ਨੂੰ ਟੁੰਬਦੀ ਤੇ ਅਨੰਤ ਸਹਿਤ ਲਿਖੀ ਜਾ ਰਹੀ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਤੁਸੀਂ ਗ਼ਜ਼ਲ 'ਤੇ ਖ਼ੂਬਸੂਰਤੀ ਨਾਲ ਕੰਮ ਕਰ ਸਕਦੇ ਹੋ। ਇਸ ਸਿਨਫ਼ ਪ੍ਰਤੀ ਹੋਰ ਚੇਤਨ ਹੋ ਕੇ ਇਸ ਬਾਰੇ ਖ਼ੂਬ ਪੜ੍ਹੋ, ਜਾਣੋ ਤੇ ਸਿੱਖੋ-ਜਦੋਂ ਹੀ ਸਹਿਜ ਸੁਭਾਵਿਕ ਕੋਈ ਸ਼ੇਅਰ ਤਾਰੀ ਹੋਵੇ ਤਾਂ ਉਸਨੂੰ ਫੜੋ ਲਿਖੋ ਤੇ ਉਸ 'ਤੇ ਕੰਮ ਕਰੋ, ਤਮਸ਼ੋ ਬਣਾਓ ਤੇ ਕਲਾਈਮੈਕਸ ਤੱਕ ਲੈ ਜਾਓ। ਹੋ ;ਕੇ ਤਾਂ ਆਪਣੇ ਉਸਤਾਦ ਜਾਂ ਅਕਲਮੰਦ ਸਹਿਯੋਗੀ ਸਾਥੀ ਨਾਲ ਸਲਾਹ ਕਰੋ, Discuss ਕਰੋ ਤੇ ਫਿਰ ਹਰ ਪੱਖੋਂ ਉਸਨੂੰ ਹੀਰੇ ਦੀ ਤਰ੍ਹਾਂ ਤਮਸ਼ੋ, ਸੰਵਾਰੋ, ਫਿਰ ਗਜ਼ਲ 'ਚ ਫਿੱਟ ਕਰੋ। ਉਂਜ ਲੇਖਣੀ ਨੂੰ ਤਾਜ਼ਾ ਰੱਖਣ ਲਈ ਤੁਸੀਂ ਕਈ ਸਿਨਫ਼ਾਂ ਤੇ ਕਲਮਕਾਰੀ ਕਰਦੇ ਰਹੋ ਪਰ ਆਪਣੀ ਮਨਭਾਉਂਦੀ ਸਿਨਫ਼ ਪ੍ਰਤੀ ਹੋਰ ਜ਼ਿਆਦਾ ਸੰਜੀਦਾ ਤੇ ਕਾਨਸ਼ਸ ਰਹੋ। ਗ਼ਜ਼ਲ ਦੇ ਹੋਰ ਸ਼ਾਇਰਾਂ ਨੂੰ ਖ਼ੂਬ ਪੜ੍ਹੋ, ਵਿਚਾਰੋ ਤੇ ਸ਼ਾਇਰਾਂ ਉਸਤਾਦਾਂ ਨਾਲ ਸੰਵਾਦ ਰਚਾਓ ਤੇ ਉਨ੍ਹਾਂ ਦੀ ਹਰ ਗੱਲ 'ਤੇ ਧਿਆਨ ਸਹਿਤ ਗ਼ੌਰ ਧਰੋ-ਇਸਤਰ੍ਹਾਂ ਹੀ ਸ਼ੇਅਰ ਰਚਦੇ ਕਹਿੰਦੇ ਜਾਓਗੇ ਤੇ ਇਕ ਦਿਨ ਪੁਖਤਾ ਗ਼ਜ਼ਲਗੋ ਵੀ ਬਣ ਸਕੋਗੇ, ਇਹ ਕੋਈ ਅਸਚਰਜ ਨਹੀਂ। ਬੱਸ ਮਿਹਨਤ, ਯਤਨ, ਹੌਸਲਾ, ਲਗਾਤਾਰਤਾ ਤੇ ਉਡੀਕ, ਯਾਨੀ ਜੇਰੇ ਸਹਿਤ ਤੁਰਦੇ ਰਹਿਣਾ, ਇਹ ਸਭ ਗੁਣ ਧਾਰਨ ਕਰਨੇ ਬੇਹੱਦ ਲਾਜ਼ਮੀ ਹਨ। ਆਸ਼ਾ ਹੈ ਤੁਸੀਂ ਇਨ੍ਹਾਂ ਗੱਲਾਂ ਨੂੰ ਕਿਸੇ ਯਾਤਰਾ ਦੌਰਾਨ ਮਿਲੇ ਕਿਸੇ ਸਹਿ ਯਾਤਰੀ ਦੇ ਵਲੋਂ ਦਿੱਤੇ ਮਸ਼ਵਰਿਆਂ ਵਾਂਗ ਹੀ ਸਮਝ, ਪਸੰਦ ਕਰ ਸਕੋਗੇ। ਤੁਹਾਡੀ ਮਿਹਨਤ, ਯਤਨ ਤੇ ਕਲਮੀ ਕੋਸ਼ਿਸ਼ਾਂ ਲਈ ਮੇਰਾ ਸਿਜਦਾ ਹੈ ਤੇ ਦੁਆ ਵੀ ਹੈ ਕਿ ਤੁਸੀਂ ਇਸ ਕਲਮਕਾਰੀ ਦੀ ਰੁੱਖੀ ਫਿੱਕੀ ਜਿਹੀ ਪਗਡੰਡੀ 'ਤੇ ਹੋਰ ਵੀ ਸਾਬਤ ਕਦਮੀ ਅੱਗੇ ਵਧਦੇ ਜਾਓ।

ਗ਼ਜ਼ਲ ਤੇ ਨਜ਼ਮ ਜਿਹੀ ਸਿਨਫ਼ ਲਈ ਜਿੱਥੇ ਪਹਿਲੋਂ ਵਰਣਨ ਕੀਤੀਆਂ ਗੱਲਾਂ ਦਾ ਧਿਆਨ ਜ਼ਰੂਰੀ ਹੈ ਉਥੇ ਇਸਦੀ ਬਜ਼ਮੀ ਪੇਸ਼ਕਾਰੀ ਯਾਨੀ ਕਿ ਕਵੀ ਦਰਬਾਰਾਂ ਆਦਿ ਵਿਚ ਤੁਹਾਨੂੰ ਖ਼ੂਬਸੂਰਤੀ ਨਾਲ ਗ਼ਜ਼ਲ ਸਰਾ ਹੋਣ ਦਾ ਵੱਲ ਵੀ ਹੋਣਾ ਲਾਜ਼ਮੀ ਹੈ। ਇਹ ਕਸਰਤ ਤੁਹਾਡੇ ਸ਼ਾਇਰਨਾ ਅੰਦਾਜ਼, ਮੁਹਾਵਰੇ ਤੇ ਪਛਾਣ ਨੂੰ ਸਰੋਤਿਆ/ਪਾਠਕਾਂ 'ਚ ਹੋਰ ਵੀ ਗੂੜ੍ਹਾ ਕਰੇਗੀ। ਸੋ ਸ਼ਾਇਰ ਦੀ ਇਹ ਮੰਗ ਵੀ ਪੂਰੀ ਹੋਣੀ ਚਾਹੀਦੀ ਹੈ। ਇਸ ਨਾਲ ਝਾਕਾ ਖੁੱਲ੍ਹਦਾ ਹੈ, ਦਿਮਾਗ਼ ਖੁੱਲ੍ਹਦਾ ਹੈ ਤੇ ਬਜ਼ਮੇਂ ਅਦਬ ਦੇ ਤੌਰ ਤਰੀਕਿਆਂ ਤੋਂ ਜਾਣੂ ਹੋਈਦਾ ਹੈ। ਆਪਣੀਆਂ ਸ਼ਾਇਰੀ ਦੀਆਂ ਖ਼ੂਬੀਆਂ, ਖਰਾਬੀਆਂ ਤੋਂ ਵੀ ਜਾਣੂ ਹੋ ਲਾਈਦਾ ਹੈ। ਸੋ ਭਰਪੂਰ ਰੂਪ 'ਚ ਅਦਬੀ ਸ਼ਿਰਕਤਾ 'ਚ ਸ਼ਮੂਲੀਅਤ ਕਰੋ। ਸ਼ਾਇਰੀ ਕੋਈ ਸ਼ੌਕ ਜਾਂ ਕੇਵਲ ਖੇਲ ਨਹੀਂ, ਇਹ ਤਾਂ ਇਬਾਦਤ ਹੈ, ਤਪੱਸਿਆ ਹੈ, ਇਕ ਦਿਨ ਜ਼ਰੂਰ ਹੀ ਰੰਗ ਲਿਆਵੇਗੀ, ਐਸਾ ਵਿਸ਼ਵਾਸ ਰੱਖੋ।

*- ਹਰਿਭਜਨ ਸਿੱਧੂ*
*ਗੁਰੂ ਗੋਬਿੰਦ ਸਿੰਘ ਨਗਰ, ਗਲੀ ਨੰ: 3,*
*ਕੋਰਟ ਰੋਡ, ਮਾਨਸਾ - 151505*

–0–

30/3/03

ਕੁਲਜੀਤ ਜੀਓ,
ਸਤਿ ਸ੍ਰੀ ਅਕਾਲ।

ਤੁਹਾਡੀ ਚਿੱਠੀ ਮਿਲੀ। ਇੰਡੀਆ ਤੋਂ ਆਉਣ ਸਾਰ ਦੱਸੋ ਆਈਆਂ ਚਿੱਠੀਆਂ ਪੜ੍ਹੀਆਂ ਪਹਿਲਾਂ। ਤੁਹਾਡੇ ਹੁਕਮ ਕਿ ਤੁਹਾਡਾ ਸੁਨੇਹਾ ਕਨੇਡਾ ਅਮਰੀਕਾ ਦੇ ਪੰਜਾਬੀਆਂ ਦੇ ਘਰ ਘਰ ਪਹੁੰਚਾਇਆ ਜਾਵੇ। ਤੁਹਾਡੇ ਸੁਨੇਹੇ ਨੂੰ ਟਾਈਪ ਕਰਕੇ ਮੈਂ ਟਰਾਂਟੋ ਅਤੇ ਵੈਨਕੂਵਰ ਦੇ ਅਖ਼ਬਾਰਾਂ ਨੂੰ ਭੇਜ ਦਿੱਤਾ ਸੀ ਅਤੇ ਅਖ਼ਬਾਰਾਂ 'ਚ ਛਪ ਵੀ ਗਿਆ ਹੈ।

ਆਪਣੀ ਫੋਟੋ ਮੈਂ ਭੁੱਲਿਆ ਨਹੀਂ। ਦਸ ਬਾਰਾਂ ਕਹਾਣੀਆਂ ਲਿਖਕੇ ਕੋਈ ਲੇਖਕ ਨਹੀਂ ਬਣ ਜਾਂਦਾ ਇਸ ਕਰਕੇ ਲੇਖਕ ਵਜੋਂ ਆਪਣੀ ਫੋਟੋ ਕਿਸੇ ਮੈਗਜ਼ੀਨ ਵਿਚ ਦੇਣ ਤੋਂ ਕੰਨੀ ਕਤਰਾਉਂਦਾ ਹਾਂ। ਇਕ ਪ੍ਰਵਾਸੀ ਪੰਜਾਬੀ ਵਜੋਂ ਤੁਹਾਡੇ ਸੁਆਲਾਂ ਦੇ ਜੁਆਬ ਜ਼ਰੂਰ ਭੇਜਾਂਗਾ ਪਰ ਹਾਲੇ ਦਿਮਾਗ ਇੰਡੀਆ 'ਚ ਹੀ ਘੁੰਮ ਰਿਹਾ ਹੈ ਇਸ ਕਰਕੇ 'ਕੀ ਖੱਟਿਆ ਕੀ ਗਵਾਇਆ' ਵਰਗੇ ਸਵਾਲਾਂ ਦਾ ਜਵਾਬ ਸੰਤੁਲਤ ਨਹੀਂ ਭੇਜ ਸਕਦਾ। ਵੈਸੇ ਵੀ ਅਜਿਹੇ ਸਵਾਲਾਂ ਦਾ ਜਵਾਬ ਕਈਆਂ ਨੂੰ ਸਾਰੀ ਉਮਰ ਲੰਘਾ ਕੇ ਵੀ ਨਹੀਂ ਮਿਲਣਾ।

ਜਦ ਇੰਡੀਆ ਆਇਆ ਸੀ ਤਾਂ ਟਾਈਮ ਥੋੜ੍ਹਾ ਸੀ ਅਤੇ ਰਿਸ਼ਤੇਦਾਰੀਆਂ ਜ਼ਿਆਦਾ ਵੈਸੇ ਵੀ ਬੱਚੇ ਛੋਟੇ ਹੋਣ ਕਰਕੇ ਉਨ੍ਹਾਂ ਦੀ ਸਾਂਭ-ਸੰਭਾਲ 'ਚ ਘਰਵਾਲੀ ਦਾ ਹੱਥ ਵਟਾਉਣਾ ਸੀ ਸਾਡੇ ਦੋ ਬੱਚੇ ਹਨ ਬੇਟੀ ਫ਼ਸਲ ਦੀ ਅਤੇ ਬੇਟਾ 11/2 ਸਾਲ ਦਾ। ਉਹ ਪਹਿਲੀ ਵਹਜ ਇੰਡੀਆ ਆਏ ਸਨ ਪਾਣੀ ਵਗੈਰਾ ਵੀ ਉਨ੍ਹਾਂ ਨੂੰ ਰਾਸ ਨਹੀਂ ਆਇਆ ਢਿੱਲੇ ਜਿਹੇ ਹੀ ਰਹੇ। ਇਸ ਕਰਕੇ ਸਾਹਿਤਕਾਰ ਦੋਸਤਾਂ ਨੂੰ ਮਿਲ ਨਹੀਂ ਸਕਿਆ। ਹਾਂ ਮੋਗੇ ਵਿਚ ਇਕ ਗੋਸ਼ਟੀ 'ਚ ਅਣਖੀ ਜਸਵੰਤ ਸਿੰਘ ਕੰਵਲ, ਬਲਦੇਵ ਸਿੰਘ, ਕੇ. ਐਲ. ਗਰਗ, ਡਾ. ਸੁਰਜੀਤ ਬਰਾੜ ਐ ਗੁਰਮੀਤ ਕੜਿਆਲਵੀ ਨੂੰ ਦੇਖਿਆ ਜ਼ਰੂਰ ਸੀ।

ਸਾਡੇ ਲੇਖਕ ਮੰਚ ਦੀ ਅਗਲੀ ਬੈਠਕ 'ਅਪ੍ਰੈਲ ਨੂੰ ਹੋਵੇਗੀ ਉਥੇ ਤੁਹਾਡਾ ਸੁਨੇਹ ਪੜ੍ਹ ਦਿਆਂਗਾ। ਤੁਹਾਡੇ ਭਵਿੱਖ ਦੀ ਚੰਗੀ ਕਾਮਨਾ ਕਰਦਾ ਹੋਇਆ ਕਿ ਤੁਹਾਨੂੰ ਪੱਤਰਕਾਰੀ ਅਤੇ ਪੀ. ਐਚ. ਡੀ. ਵਿਚ ਕਾਮਯਾਬੀ ਮਿਲੇ।

*ਹਿੱਤੂ*
*ਹਰਪ੍ਰੀਤ ਸੇਖਾ*

Dear Madam,

Real Attection what actully Meauing. It has as you know. I will define here. But first of all. I will to you a speical year ahead and days are coming brings to you lot of happiness and glory. I hope that, as I am edrlier said real atlection. It is such a infesual matter and your all ghazak fased you enterual attection this is the thing. I most like in you writings because slowly-slowly. We are using our enternal attection for others every-thing to day seews to me external. I dout know you are agree with me or not but It is my view. As you are saying "Tu Sada Sansaarton Nirlep Rehna Hai Ghazal" Like a lotus flower who develop Itself in oozy place. It such a tough east but I must say you are such a brave one and a writer with splendid thoghts. And I must you my Head down to "Ghazal, I also have very keen lulerest in writing. But I dont know how to publish. It is my first writing. I am sending to you and I wanna publish. It in any paper through you. Please sead me the idea. How can publish if you can. I shall be very thankfull to you.

Thanks Always

***HARRy***

***Ph. 01882-279828***

–0–

16/2/05

ਵਾਹਿਗੁਰੂ ੧ਓ ਸਤਿਗੁਰ ਪ੍ਰਸਾਦ

ਮੇਰੇ ਮਾਨਯੋਗ ਕੁਲਜੀਤ ਕੌਰ ਗ਼ਜ਼ਲ

ਮੈਂ ਤੁਹਾਡੀ ਗਜ਼ਲ ਅਖ਼ਬਾਰ ਵਿਚ ਪੜ੍ਹੀ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਤੇ ਤੁਹਾਡੇ ਸ਼ਬਦਾਂ ਦਾ ਜਵਾਬ ਨਹੀਂ ਦੇ ਸਕਦਾ ਕਿਉਂਕਿ ਤੁਸੀਂ ਤਾਂ ਬਹੁਤ ਕੁਝ ਲਿਖ ਦਿੱਤਾ। ਮੈਂ ਤਾਂ ਇਕ ਸ਼ਬਦ ਵੀ ਨਹੀਂ ਸਮਝ ਸਕਦਾ ਕੁਲਜੀਤ ਜੀ। ਤੁਸੀਂ ਗ਼ਜ਼ਲਾਂ ਜ਼ਰੂਰ ਲਿਖਿਆ ਕਰੋ। ਤੁਹਾਡੀ ਗਜ਼ਲ ਵਿਚ ਬਹੁਤ ਤਾਕਤ ਹੈ ਮੈਂ ਤਾਂ ਤੁਹਾਡੇ ਮਾਤਾ ਪਿਤਾ ਜੀ ਨੂੰ ਲੱਖ ਲੱਖ ਕਰਾ ਪ੍ਰਣਾਮ ਕੁਲਜੀਤ ਜੀ ਮੈਂ ਤਾਂ ਬਹੁਤ ਗਰੀਬ ਹਾਂ ਮੈਂ ਤਾਂ ਤੁਹਾਡੀ ਪੈਰਾਂ ਦੀ ਖਾਖ ਹਾਂ। ਮੈਂ ਤੁਹਾਡੀ ਗ਼ਜ਼ਲ ਹਰ ਵੇਲੇ ਆਪਣੀ ਜੇਬ ਵਿਚ ਹੀ ਰੱਖਦਾ ਹਾਂ। ਮੈਂ ਤਾਂ ਤੁਹਾਡੇ ਸਾਰੇ ਪਰਿਵਾਰ ਨੂੰ ਲੱਖ ਲੱਖ ਵਧਾਈ ਦੇਂਦਾ ਹਾਂ ਕਿ ਐਸੀ ਭੈਣ ਦਿੱਤੀ ਐਸੀ ਬੇਟੀ ਦਿੱਤੀ। ਮੈਂ ਤਾਂ ਤੁਹਾਡਾ ਵੀਰ ਹਾਂ। ਮੇਰੀ ਲਈ ਰਾਖੀ ਜ਼ਰੂਰ ਲੈ ਕੇ ਰੱਖਣੀ ਭੈਣ ਜੀ। ਮੈਨੂੰ ਤਾਂ ਕੁਝ ਵੀ ਨਹੀਂ ਚਾਹੀਦਾ ਇਕ ਸੱਚ ਪਿਆਰ ਸਤਿਕਾਰ ਚਾਹੀਦਾ। ਤੁਸੀਂ ਹਰ ਰੋਜ ਪਾਠ ਕਰਨਾ। ਮੇਰੀ ਬੇਨਤੀ ਹੈ ਕੇ ਤੁਸੀਂ ਵਾਹਿਗੁਰੂ

ਨੂੰ ਜ਼ਰੂਰ ਯਾਦ ਕਰਨਾ। ਆਖਰ ਵੇਲੇ ਕੁਵੇਲੇ ਏਹੀ ਕੰਮ ਆਉਂਦਾ ਹੈ। ਭੈਣਾ ਜੀ ਤੁਸੀਂ ਪ੍ਰੇਸ਼ਾਨ ਬਹੁਤ ਰਹਿੰਦੇ ਹੋ। ਭੈਣ ਜੀ ਮੈਂ ਬਹੁਤ ਗਰੀਬ ਹਾਂ ਮੈਂ ਵੀ ਸ਼ਾਇਰ ਹਾਂ ਛੋਟਾ ਜਿਹਾ। ਤੁਹਾਡੇ ਲਿਖੇ ਹੋਏ ਸ਼ਬਦ ਬਹੁਤ ਚੰਗੇ ਲੱਗਦੇ ਹਨ। ਤੁਸੀਂ ਲਿਖਣਾ ਜਾਰੀ ਰੱਖਣਾ ਹੈ।

ਸ਼ਾਇਰ ਨੂੰ ਆਪਣੀ ਸ਼ਾਇਰੀ ਬਚਾਕੇ ਰੱਖਣਾ
ਕੁਲਜੀਤ ਕੌਰ ਗਜ਼ਲ ਫੁਲ ਮਹਿਕਾ ਵੰਡਦੇ
ਇਸ ਸਮਾਜ ਅੰਦਰ ਮੈਂ ਸੱਚ ਲਿਖਦਾ ਇਸ
ਸਮਾਜ ਅੰਦਰ ਝੂਠ ਨਾ ਲਿਖਾ ਇਕ ਛਿਨ ਕਦੇ

ਇਸ ਸਮਾਜ ਅੰਦਰ ਭੈਣ ਜੀ ਮੈਂ ਤਾਂ ਵਾਹਿਗੁਰੂ ਤੇ ਹੀ ਯਕੀਨ ਹੈ। ਸਭ ਕੁਝ ਉਸਦਾ ਹੀ ਹੈ। ਬੰਦਾ ਤਾਂ ਸਦਮੇ ਹੀ ਦੇ ਸਕਦਾ ਹੈ। ਉਹ ਪਿਆਰ ਨਹੀਂ ਦੇ ਸਕਦਾ ਕਿਉਂਕਿ ਉਸਨੂੰ ਪਿਆਰ ਦੀ ਸੀਮਾ ਦਾ ਕੋਈ ਪਤਾ ਨਹੀਂ ਹੁੰਦਾ। ਭੈਣ ਜੀ ਤੁਸੀਂ ਸਭ ਕੁਝ ਪਾ ਕੇ ਵੀ ਖਾਲ ਹੋ ਇਸ ਤਰ੍ਹਾਂ ਕਿਉਂ ਹੁੰਦਾ ਹੈ। ਇਹ ਪਰਮਾਤਮਾ ਨੂੰ ਹੀ ਚੰਗਾ ਲੱਗਦਾ ਸਾਡਾ ਤੇ ਤੁਹਾਡਾ ਕੋਈ ਦੋਸ਼ ਨਹੀਂ ਹੈ। ਤੁਸੀਂ ਫਿਰ ਵੀ ਸਾਰਿਆਂ ਨੂੰ ਪਿਆਰ ਵੰਡਦੇ ਹੋ। ਪਰ ਆਪ ਖੁਦ ਫਿਰ ਵੀ ਉਦਾਸ ਰਹਿੰਦੇ ਹੋ। ਭੈਣ ਜੀ ਤੁਸੀਂ ਕੋਈ ਫ਼ਿਕਰ ਨਹੀਂ ਕਰਨਾ। ਵਾਹਿਗੁਰੂ ਸਭ ਕੁਝ ਠੀਕ ਕਰਦੇਗਾ। ਮੈਂ ਸਾਰੇ ਪਰਿਵਾਰ ਨੂੰ ਲੱਖ ਲੱਖ ਕਰਾ ਪ੍ਰਣਾਮ ਭੈਣ ਜੀ। ਮੈਂ ਬਹੁਤ ਹੀ ਗਰੀਬ ਹਾਂ ਮੇਰੇ ਪਾਸ ਕੁਝ ਨਹੀਂ ਹੈ ਮੇਰੇ ਪਾਸ ਪਿਆਰ ਤੇ ਸਤਿਕਾਰ ਤੇ ਸੱਚ ਜ਼ਰੂਰ ਹੈ। ਇਹ ਉਸਦੀ ਹੀ ਮਿਹਰ ਹੈ ਨਹੀਂ ਤਾਂ ਮੈਂ ਹਰ ਵੇਲੇ ਉਸ ਕੋਲੋਂ ਮੌਤ ਮੰਗਦਾ ਹਾਂ। ਕੀ ਲੈਣਾ ਹੈ ਜੀ ਕੇ ਇਹ ਸਾਰਾ ਸੰਸਾਰ ਹੀ ਝੂਠਾ ਹੈ। ਇਹ ਸਦਮੇ ਰਾਮ ਜਲੀਲ ਬਰਬਾਦ ਕਰ ਸਕਦਾ ਹੈ। ਭੈਣਜੀ ਜੇਕਰ ਕੋਈ ਗਲਤੀ ਹੋ ਗਈ ਹੋਵੇ ਤਾਂ ਛੋਟਾ ਵੀਰ ਸਮਝ ਕੇ ਮਾਫ ਕਰਨਾ।

*ਹਰਮੇਸ਼ ਸਿੰਘ ਪੁੱਤਰ ਰੁਲੀਆ ਰਾਮ*
*ਪਿੰਡ : ਬੇਰਹਾਂ, ਡਾਕ : ਬੇਰਹਾਂ, ਤਹਿ : ਦਸੂਹਾਂ*
*ਜ਼ਿਲ੍ਹਾ : ਹੁਸ਼ਿਆਰਪੁਰ (ਪੰਜਾਬ)*

-0-

ਕੁਲਜੀਤ ਜੀ,

ਹੈਲੋਂ ਮਨਪ੍ਰੀਤ ਦੇ ਨਾਂ ਤੁਹਾਡਾ ਖ਼ਤ ਮਿਲਿਆ। ਪਰ ਉਹ ਤਾਂ Bombay ਹਨ। Bombay ਦਾ Address ਤਾਂ ਤੁਹਾਡੇ ਕੋਲ already ਹੈ। ਚਾਹੋਂ ਤਾਂ ਰਾਬਤਾ ਕਾਇਮ ਕਰ ਸਕਦੇ ਹੋ।

ਸੋਚਿਆ ਤੁਸੀਂ ਜਵਾਬ ਉਡੀਕਦੇ ਹੋਵੋਗੇ, ਸੋ ਲਿਖ ਦਿੱਤਾ। ਬਾਕੀ ਤੁਸੀਂ ਸੋਹਣਾ ਲਿਖਦੇ ਹੋ। ਕਦੇ ਵੀ ਲਿਖਣਾ ਬੰਦ ਨਾ ਕਰਨਾ। ਵੈਸੇ ਇਸ ਲਿਖਣ ਨੇ ਜ਼ਿੰਦਗੀ 'ਚ ਕੰਮ ਕਿੱਥੇ ਆਉਣੈ? ਮੈਨੂੰ ਨਹੀਂ ਪਤਾ।
ਚੰਗਾ ਬਾਏ।

*ਹਰਪ੍ਰੀਤ ਸਿੰਘ ਗਿੱਲ*

ਕੁਲਜੀਤ ਜੀ,

ਸਹਿਤਕ ਅਦਾਬ।

ਤੁਹਾਡੀ ਜੱਗਬਾਣੀ ਵਿਚ ਰਚਨਾ ਪੜ੍ਹੀ ਚੰਗੀ ਲੱਗੀ ਚੰਗਾ ਲਿਖਦੇ ਹੋ ਚੰਗੀ ਰਚਨਾ ਮੇਰੇ ਲਈ ਇੰਝ ਹੈ ਜਿਵੇਂ ਜੇਠ ਹਾੜ੍ਹ ਦੇ ਮਹੀਨੇ ਠੰਡੀ ਹਵਾ ਦਾ ਝੋਕਾ ਮੈਂ ਵੀ ਕਦੇ ਲਿਖਦਾ ਸੀ ਪਰ ਅੱਜ ਕਲ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ। ਕਲਮ ਨਹੀਂ ਚੱਲਦੀ ਵਧੀਆ ਲਿਖਦੇ ਹੋ ਹੋਰ ਵਧੀਆ ਲਿਖਦੇ ਰਹੋ।

ਲਹਿੰਦੇ ਇਸਦੇ ਦਾਗ ਨਹੀਂ।
ਦਾਗਦਾਰ ਕਿਰਦਾਰ ਨ ਕਰ॥
ਧੰਨਵਾਦ!

***ਹਰਪਾਲ ਸੇਖੋਂ***
***ਮਕਾਨ ਨੰ: 292, ਗਲੀ ਪੰਡਿਤ ਮਾਧੋ ਰਾਮ***
***ਮੁਹੱਲਾ ਮੈਗਜ਼ੀਨ, ਸੰਗਰੂਰ - 148001***

–0–

ਪਿਆਰੀ ਕੁਲਜੀਤ

ਨਵੇਂ ਵਰ੍ਹੇ ਦਾ ਕਾਰਡ ਮਿਲਿਆ ਬੜੀ ਮਿਹਰਬਾਨੀ, ਮੈਂ ਤਾਂ ਸੋਚਿਆ ਸੀ ਭੁਲ-ਭੁਲਾ ਗਈ ਹੋਵੇਗੀ ਕਿਉਂਕਿ ਮੈਂ ਫੋਨ ਕੀਤਾ ਸੀ landline ਤੇ engege ਸੋ ਮੈਂ ਸੋਚਿਆ ਵਿਆਹ ਹੋ ਗਿਆ ਹੋਣੈ, ਮੇਰੇ ਵਲੋਂ ਤੇ ਸਾਰੇ ਪਰਿਵਾਰ ਦੀ ਤਰਫੋਂ ਨਵੇਂ ਵਰ੍ਹੇ ਦੀ ਸਭ ਨੂੰ ਬਹੁਤ ਬਹੁਤ ਵਧਾਈ। ਸ਼ੁਭ ਇੱਛਾਵਾਂ ਸਾਹਿਤ।

***ਕੰਵਲਜੀਤ***

–0–

ਮਾਣਯੋਗ ਕੁਲਜੀਤ ਭੈਣ

ਕੁਲਜੀਤ ਗਜ਼ਲ ਜੱਗਾ ਜੀ ਸਾਹਿਤਕ ਆਦਾਬ। ਆਪ ਦੀ ਗਜ਼ਲ ਪੜ੍ਹੀ ਹੈ। ਅਹਿਸਾਸਾਂ ਵਿਚ ਰਚੀ ਇਹ ਗਜ਼ਲ ਜੀਵਨ ਦੀ ਸਮੁੱਚੀ ਤੇ ਅੰਸ਼ਿਕ ਤਸਵੀਰ ਪੇਸ਼ ਕਰਦੀ ਹੈ। ਇਹ ਆਪਣੇ ਨਿਵੇਕਲੇ ਅਰਥ ਉਪਜਾ ਕੇ ਸਮੇਂ ਦਾ ਗਜਬ ਹੈ। ਇਸ ਦੀ ਸਮੁੱਚੀ ਦਿੱਖ, ਉਤਾਰੂ ਭੂਮਿਕਾ ਨਿਭਾ ਕੇ, ਆਪਣੇ ਆਪ ਵਿਚੋਂ ਜੋ ਚਾਨਣ ਖਲਾਰਦੀ ਹੈ ਉਹ ਬੁਨੇਰਿਆਂ ਦੇ ਬੁਝੇ ਦੀਵਿਆਂ ਦੀ ਬੱਤੀ ਬਣ ਰੌਸ਼ਨੀ ਵੰਡਣ ਵਿਚ ਪੂਰਨ ਉਮੀਦ ਰੱਖਦੀ ਹੈ।

***ਸ਼ੁਭ ਚਿੰਤਕ***
***ਕੁਲਦੀਪ ਅਰਸ਼ੀ***

–0–

1/4/07

ਸਤਿ ਸ੍ਰੀ ਅਕਾਲ,

ਬੀਬੀ ਬਲਵੰਤ ਨੇ ਤੁਹਾਡੇ ਬਾਰੇ ਅਜੀਤ ਵਿਚ ਜੋ ਐਤਵਾਰ ਨੂੰ ਰੇਖਾ ਚਿੱਤਰ ਦਿੱਤਾ ਹੈ। ਪੜ੍ਹ ਕੇ ਖੁਸ਼ੀ ਹੋਈ ਹੈ। ਤੁਹਾਡੀ ਛਪੀ ਕਿਤਾਬ ਕਿਧਰੋਂ ਮਿਲ ਸਕੀ ਤਾਂ ਪੜ੍ਹਨ ਦਾ ਯਤਨ ਕਰਾਂਗਾ।

ਸ਼ੁਭ ਚਿੰਤਕ
ਕਸ਼ਮੀਰ ਸਿੰਘ ਸੁਤੰਤਰ, ਗੁਰੂ ਗੋਬਿੰਦ ਸਿੰਘ ਨਗਰ,
ਪਠਾਨਕੋਟ।

–0–

ਪਿਆਰੀ ਕੁਲਜੀਤ

ਬਹੁਤ ਦਿਨ ਹੋ ਗਏ ਨੇ ਚਿੱਠੀ ਨ ਪੱਤਰ। ਕਾਫੀ ਦਿਨ ਹੋ ਗਏ ਮਹਫਿਲਾ ਅਦਬੀ ਅਖ਼ਬਾਰ 'ਚ ਤੇਰੀ ਗਜ਼ਲ ਪੜ੍ਹੀ ਬਹੁਤ ਹੀ ਵਧੀਆ ਲੱਗੀ। ਅੱਜਕੱਲ੍ਹ ਕੀ ਸੁਗਲ ਹੈ ਤੇ ਕੀ ਕਰ ਰਹੀ ਏਂ। ਕੁਝ ਨਵਾਂ ਲਿਖਿਆ। ਹੋਰ ਸਾਰੇ ਪਰਿਵਾਰ ਨੂੰ ਯਾਦ ਸਤਿਕਾਰ ਤੇ ਪਿਆਰ ਨਾਲ।

***ਕੰਵਲਜੀਤ ਕੌਰ***
***37 ਆਰ, ਮਾਡਲ ਟਾਊਨ***
***ਰੋਹਤਕ (ਹਰਿਆਣਾ) - 124101***

–0–

ਕੁਲਜੀਤ ਗਜ਼ਲ ਜੀ,
ਨਮਾਸਤੇ,

ਆਪ ਨੂੰ ਇਕ ਛੋਟਾ ਜਿਹਾ ਪੱਤਰ ਲਿਖ ਰਹੀ ਹਾਂ। ਆਪ ਜੀ ਨੂੰ ਲਿਖਣ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ਔਰ ਤੁਸੀਂ ਅੱਜ-ਕੱਲ੍ਹ ਕੀ ਕਰ ਰਹੇ ਹੋ। ਤੁਹਾਡੇ ਪ੍ਰੇਰਨਾ ਸ੍ਰੋਤ ਕੌਣ ਹਨ। ਤੁਸੀਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਦੋਂ ਤੋਂ ਕਰ ਰਹੇ ਹੋ ਇਸਦੇ ਵਿਚ ਤੁਹਾਡੇ ਮਾਤਾ-ਪਿਤਾ ਦਾ ਕੀ ਯੋਗਦਾਨ ਹੈ। ਕੀ ਉਨ੍ਹਾਂ ਵਲੋਂ ਤੁਹਾਨੂੰ ਪੂਰਾ ਸਹਿਯੋਗ ਮਿਲਿਆ। ਕੀ ਤੁਸੀਂ ਮੇਰੀ ਦੋਸਤੀ ਨੂੰ ਪਸੰਦ ਕਰੋਗੇ। ਮੇਰੇ ਨਾਲ ਕਲਮੀ ਦੋਸਤੀ ਕਰੋਗੇ। ਮੇਰਾ ਫੋਨ ਨੰਬਰ 0164-2263776 ਸ਼ਾਮੀ 3.00 ਵਜੇ ਤੋਂ ਲੈ ਕੇ ਕਰ ਸਕਦੇ ਹੋ। ਮੇਰੇ ਛੋਟੇ ਜਿਹੇ ਖ਼ਤ ਦਾ ਜਵਾਬ ਜ਼ਰੂਰ ਦਿਓਗੇ। ਇਸੇ ਉਮੀਦ ਨਾਲ ਖ਼ਤ ਬੰਦ ਕਰਦੀ ਹਾਂ।

ਧੰਨਵਾਦ

***ਕਰਮਜੀਤ ਕੌਰ***

–0–

ਸਤਿਕਾਰਯੋਗ ਵੀਰ,

ਸਤਿ ਸ੍ਰੀ ਅਕਾਲ,

ਅਕਸਰ ਹੀ ਤੁਹਾਡੀਆਂ ਰਚਨਾਵਾਂ ਪੜ੍ਹਦਾ ਰਹਿੰਦਾ ਹਾਂ। ਕਦੇ ਅਖ਼ਬਾਰਾਂ ਵਿਚ ਅਤੇ ਕਦੇ ਰਸਾਲਿਆਂ ਵਿਚ। ਤੁਹਾਡਾ ਇਕ ਗੀਤ ਪਿੱਛੇ ਜਿਹੇ 'ਸੱਤ ਸਮੁੰਦਰੋਂ ਪਾਰ' 'ਚ ਵੀ ਛਪਿਆ ਸੀ। ਪਿਆਰੇ ਵੀਰ ਜੀ, ਮੇਰੇ ਵਲੋਂ ਮਿੰਨੀ ਕਹਾਣੀਆਂ ਦੀ ਇਕ ਕਿਤਾਬ ਛਾਪੀ ਜਾ ਰਹੀ ਹੈ। ਜਿਸ ਵਿਚ ਪੰਜਾਬ ਦੇ ਲੇਖਕਾਂ ਦੀਆਂ ਮਿੰਨੀ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਸੋ ਆਪਣੀਆਂ ਦੋ ਮਿੰਨੀ ਕਹਾਣੀਆਂ, ਜੋ ਅਣ ਪ੍ਰਕਾਸ਼ਿਤ ਹੋਣ, ਤਾਜ਼ਾ ਪਾਸਪੋਰਟ ਫੋਟੋ ਸਮੇਤ ਭੇਜ ਦਿੱਤੀਆਂ ਜਾਣ।

ਧੰਨਵਾਦ!

*ਕੁਲਵੰਤ ਟਿੱਬਾ*
*ਪਿੰਡ ਤੇ ਡਾਕ : ਟਿੱਬਾ*
*ਤਹਿ : ਧੂਰੀ, ਜ਼ਿਲ੍ਹਾ : ਸੰਗਰੂਰ*
*ਫੋਨ ਨੰ: 01675-234142*

-0-

ਪਿਆਰੀ ਕੁਲਜੀਤ,
ਨਿੱਘੀ ਯਾਦ!

ਬੜੀ ਦੇਰ ਬਾਅਦ ਚਿੱਠੀ ਲਿਖ ਰਹੀ ਹਾਂ ਪਹਿਲੇ ਵੀ ਇਕ ਪਾਈ ਸੀ ਪਰ ਤੂੰ ਜਵਾਬ ਨਹੀਂ ਦਿੱਤਾ, ਸੋ ਉਡੀਕਣ ਬਾਅਦ ਸੋਚਿਆ ਸ਼ਾਇਦ ਮਿਲੀ ਹੀ ਨਾ ਹੋਵੇ। ਹੋਰ ਕੀ ਹਾਲ ਹੈ ਅੱਜ ਕਲ੍ਹ ਕੀ ਲਿਖਿਆ ਜਾ ਰਿਹੈ। ਸਾਂਝ ਬਣਾਈ ਰੱਖੀ ਜਾਣੀ ਚਾਹੀਦੀ ਹੈ। ਮਿਲਣ ਦੀ ਤਾਂਘ ਰਹਿੰਦੀ ਹੈ। ਮੈਨੂੰ ਫੋਨ ਆਦਿ ਨਾਲੋਂ ਚਿੱਠੀ ਲਿਖਣੀ ਜ਼ਿਆਦਾ ਚੰਗੀ ਲੱਗਦੀ ਹੈ, ਆਪਣਾਪਣ ਨਜ਼ਰੀ ਆਉਂਦੈ, ਅੱਛਾ ਲਿਖੀ ਜ਼ਰੂਰ, ਹੋਰ ਸਿਹਤ ਆਦਿ ਦਾ ਕੀ ਹਾਲ ਹੈ। ਮੇਰੇ ਵੱਲੋਂ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

*ਸ਼ੁਭ ਇੱਛਾਵਾਂ ਸਹਿਤ,*
*ਕੰਵਲਜੀਤ ਕੌਰ*
*37 ਆਰ, ਮਾਡਲ ਟਾਊਨ, ਰੋਹਤਕ (ਹਰਿਆਣਾ)*

-0-

ਪਿਆਰੀ ਕੁਲਜੀਤ ਗ਼ਜ਼ਲ ਜੀ,
ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਨੂੰ American Biographical Institute, Inc. ਦੁਆਰਾ ਇਕ Letter ਪ੍ਰਾਪਤ ਹੋਈ ਹੈ ਜਿਸਦੇ ਬਾਰੇ ਵਿਚ ਮੈਂ ਤੁਹਾਡੇ ਤੋਂ ਕੁਝ ਜਾਨਣਾ ਚਾਹੁੰਦੀ ਹਾਂ। ਮੇਰੇ ਨਾਲ ਹੇਠ ਲਿਖੇ ਫੋਨ ਨੰਬਰ 'ਤੇ ਸੰਪਰਕ ਕਰ ਲੈਣਾ ਤੇ ਜਾਂ ਫਿਰ ਵਾਪਸੀ ਡਾਕ ਰਾਹੀਂ ਆਪਣਾ ਨੰਬਰ ਭੇਜ ਦੇਣਾ।

ਧੰਨਵਾਦ ਸਹਿਤ।

*ਕੁਲਬੀਰ ਕੌਰ ਸੰਘਾ*

*ਪਿੰਡ ਤੇ ਡਾਕ : ਡਰੋਲੀ ਭਾਈ*
*ਜ਼ਿਲ੍ਹਾ : ਮੋਗਾ, ਫੋਨ ਨੰ: 01636-260620*

-0-

4/10/03

ਮਾਣਯੋਗ ਕੁਲਜੀਤ ਜੀ,
ਸਾਹਿਤਕ ਸਲਾਮ

ਰਾਜੀ ਖੁਸ਼ੀ ਉਪਰੰਤ ਸਮਾਚਾਰ ਇਹ ਹੈ ਕਿ ਮੈਂ ਹੁਣ ਤੱਕ ਤੁਹਾਡੀਆਂ ਕਾਫੀ ਰਚਨਾਵਾਂ ਪੜ੍ਹ ਚੁੱਕਾ ਹਾਂ। ਤਕਰੀਬਨ ਜਿੰਨੀਆਂ ਵੀ ਰਚਨਾਵਾਂ ਪੜ੍ਹੀਆਂ। ਹਰ ਰਚਨਾ 'ਚੋਂ ਕੁਝ ਨਾ ਕੁਝ ਨਵਾਂ ਹੀ ਪੜ੍ਹਨ ਨੂੰ ਮਿਲਿਆ ਹੈ ਅਤੇ ਸਾਹਿਤਕ ਦੁਨੀਆ ਦੀ ਕੁਝ ਨਵੀਂ ਜਾਣਕਾਰੀ ਮਿਲੀ ਹੈ। ਕੁਲਜੀਤ ਜੀ ਦੀਵਾਲੀ ਜਿਹੇ ਸ਼ੁਭ ਮੌਕੇ ਤੇ ਆਪ ਨੂੰ ਅਤੇ ਆਪ ਜੀ ਦੇ ਬਾਕੀ ਪਰਿਵਾਰ ਨੂੰ ਮੇਰੇ ਵਲੋਂ ਬਹੁਤ ਬਹੁਤ ਵਧਾਈ ਹੋਵੇ। ਉਮੀਦ ਕਰਦੇ ਹਾਂ ਕਿ ਤੁਸੀਂ ਅੱਗੇ ਤੋਂ ਵੀ ਇਸ ਤਰ੍ਹਾਂ ਸਾਹਿਤ ਦੀ ਲਗਾਤਾਰ ਸੇਵਾ ਕਰਦੇ ਰਹੋਗੇ। ਆਪ ਜੀ ਦੀ ਅਤੇ ਆਪ ਜੀ ਦੇ ਬਾਕੀ ਪਰਿਵਾਰ ਦੀ ਖੁਸ਼ੀ ਅਤੇ ਲੰਬੀ ਉਮਰ ਦੀਆਂ ਦੁਆਵਾਂ ਕਰਦਾ ਹੋਇਆ।

*ਮਿੰਨੀ ਕਹਾਣੀਕਾਰ ਕੁਲਵੰਤ ਸਿੰਘ ਸਹੋਤਾ,*
*ਪਿੰਡ : ਗਿੱਦੜਾ ਵਾਲੀ*
*ਤਹਿ : ਅਬੋਹਰ, ਜ਼ਿਲ੍ਹਾ - ਫਿਰੋਜ਼ਪੁਰ।*

-0-

ਪਿਆਰੀ ਕੁਲਜੀਤ,
ਮਿੱਠੀ ਯਾਦ।

ਬੜੇ ਦਿਨ ਹੋ ਗਏ ਨੇ ਚਿੱਠੀ ਨ ਪੱਤਰ। ਹੋਰ ਕੀ ਹਾਲ ਹੈ। ਕੁਝ ਹੀ Who's Who ਵਾਲਾ Panpheet ਮਿਲਿਆ, ਮੇਰਾ ਨਾਂ ਭੇਜਿਆ ਸੀ। ਕਾਬਲ ਸਮਝਿਆ ਬਹੁਤ ਸ਼ੁਕਰੀਆ। ਇਹ ਅੱਗੇ ਵੀ ਦੋ ਕੁ ਵਾਰੀ ਆਹੇ ਪਰ ਮੈਂ ਜਵਾਬ ਨਹੀਂ ਦਿੱਤਾ। ਕੀ ਇਹ Peraud ਹੈ ਜਾਂ ਕੁਝ ਹੈ ਅੱਗੇ ਜ਼ਰੂਰ ਲਿਖੀ ਫਿਰ ਮੈਂ ਵੀ nonination ਹੋਰ ਭੇਜ ਦਿਆਂਗੀ। ਹੋਰ ... ਆ ਗਿਆ ਕਿ ਨਹੀਂ ਲਿਖੀ। ਮੇਰੀ ਇਕ ਵੀ Hagana ..... ਤੋਂ ਗਰਾਂਟ ਮਿਲੀ ਹੈ ਤੇ ਇਕ ਦਾ ਅਨੁਵਾਦ ਕੀਤਾ ਹੈ। ਇਸ ਤਰ੍ਹਾਂ ਵੀ ਆਪਣੇ ਬਾਰੇ ਲਿਖਣਾ। ਮੇਰੇ ਵਲੋਂ ਪਰਿਵਾਰ ਨੂੰ ਸਤਿ ਸ੍ਰੀ ਅਕਾਲ। ਸ਼ੁਭ ਇੱਛਾਵਾਂ ਸਾਹਿਤ

*ਤੇਰੀ ਭੈਣ,*
*ਕੰਵਲਜੀਤ*
*37 ਆਰ, ਮਾਡਲ ਟਾਊਨ*
*ਰੋਹਤਕ (ਹਰਿਆਣਾ)-124001*

ਸਤਿਕਾਰਯੋਗ ਕੁਲਜੀਤ
ਸਤਿ ਸ੍ਰੀ ਅਕਾਲ

ਰੋਜ਼ਾਨਾ ਦੀ ਤਰ੍ਹਾ 28/9/02 ਦਾ ਰੋਜ਼ਾਨਾ ਜੱਗਬਾਣੀ ਮੈਗਜ਼ੀਨ ਪੜ੍ਹਿਆ ਇਸੇ ਹੀ ਮੈਗਜ਼ੀਨ ਦੇ ਸਹਿਤਕ ਅੰਕ ਤੇ ਆਪ ਜੀ ਦੀ ਗਜ਼ਲ ਪ੍ਰਕਾਸ਼ਿਤ ਹੋਈ। ਬਹੁਤ ਹੀ ਵਧੀਆ ਲੱਗੀ। ਸੱਚ ਪੁੱਛੋਂ ਤਾਂ ਦਿਲ ਦਾ ਵਿਹੜਾ ਖੁਸ਼ੀਆਂ ਨਾਲ ਭਰ ਗਿਆ ਪਿਛਲੇ ਹਫ਼ਤੇ ਵੀ ਆਪ ਜੀ ਦੀਆਂ ਦੋ ਗਜ਼ਲਾਂ (ਸਮੇਤ ਤਸਵੀਰ) ਪੜ੍ਹੀਆਂ ਬਹੁਤ ਹੀ ਪ੍ਰਭਾਵਸ਼ਾਲੀ ਲੱਗੀਆਂ। ਵੈਸੇ ਵੀ ਆਪ ਆਪਣੀਆਂ ਰਚਨਾਵਾਂ ਦੀ ਤਰ੍ਹਾਂ ਹੋ।

ਪ੍ਰਮਾਤਮਾ ਅੱਗੇ ਦੁਆਂ ਕਰਦਾ ਹਾਂ ਕਿ ਪ੍ਰਮਾਤਮਾ ਤੁਹਾਡੀ ਕਲਮ ਨੂੰ ਬਲ ਬਖ਼ਸ਼ੇ ਤੇ ਤੁਸੀਂ ਇਸੇ ਤਰ੍ਹਾਂ ਹੀ ਪੰਜਾਬੀ ਬੋਲੀ, ਪੰਜਾਬੀ ਸਹਿਤ ਦੀ ਸੇਵਾ ਕਰਦੇ ਰਹੋ।

ਉਮੀਦ ਕਰਦਾ ਹਾਂ ਕਿ ਅੱਗੇ ਤੋਂ ਵੀ ਤੁਹਾਡੀਆਂ ਰਚਨਾਵਾਂ ਤੁਹਾਡੇ ਪਾਠਕਾਂ ਨੂੰ ਮਿਲਦੀਆਂ ਰਹਿਣਗੀਆਂ। ਭਾਵੇਂ ਅਖ਼ਬਾਰਾਂ ਦੇ ਜ਼ਰੀਏ ਭਾਵੇਂ ਹੋਰ ਰਸਾਲਿਆਂ ਦੇ ਰਾਹੀਂ।

ਏਸੇ ਹੀ ਉਮੀਦ ਨਾਲ

*ਕੇਵਲ ਸੇਰਗੜ੍ਹ*
*ਜੈਤੋਂ ਰੋਡ ਬਾਜਾ ਖਾਨਾ (ਫਰੀਦਕੋਟ) - 151205*

–0–

ਮੈਡਮ ਕੁਲਜੀਤ ਗਜ਼ਲ ਸਹਿਤਕ ਅਦਾਬਾ

ਰੋਜ਼ਾਨਾ ਦੀ ਤਰ੍ਹਾਂ 12 ਮਈ 02 ਦਾ ਰੋਜ਼ਾਨਾ ਅਜੀਤ ਪੜ੍ਹਿਆ ਇਸੇ ਹੀ ਮੈਗਜ਼ੀਨ ਦੇ ਕਹਾਣੀ ਅੰਕ ਤੇ ਆਪ ਜੀ ਦੀ ਲਘੂ-ਕਥਾ 'ਚ ਪੇੜਾਂ ਪ੍ਰਕਾਸ਼ਿਤ ਹੋਈ। ਬਹੁਤ ਹੀ ਵਧੀਆ ਲੱਗੀ, ਉਮੀਦ ਕਰਦਾ ਹਾਂ ਕਿ ਆਪ ਜੀ ਦੇ ਪਾਠਕਾਂ ਨੂੰ ਅੱਗੇ ਤੋਂ ਵੀ ਆਪ ਜੀ ਦੀਆਂ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਰਹਿਣਗੀਆਂ ਜੋ ਸਾਡੇ ਸਮਾਜ ਸਾਡੀ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇਣ ਵਿਚ ਸਹਾਈ ਹੋਣਗੀਆਂ। ਸੋ ਇਕ ਬਹੁਤ ਹੀ ਵਧੀਆ ਰਚਨਾ ਲਿਖਣ ਤੇ ਢੇਰ ਸਾਰੀਆਂ ਮੁਬਾਰਕਾਂ ਇਸੇ ਹੀ ਦਿਨ ਜੱਗਬਾਣੀ ਤੇ ਗਜ਼ਲ ਛਪਣ ਤੇ ਵੀ ਮੁਬਾਰਕਬਾਦ। ਹੋ ਸਕੇ ਤਾਂ ਆਪਣੀ ਕੋਈ ਗਜ਼ਲਾਂ ਦੀ ਬੁੱਕ ਭੇਜਣ ਦੀ ਤਕਲੀਫ਼ ਉਠਾ ਲੈਣਾ ਕਿਉਂਕਿ ਮੈਂ ਆਪ ਜੀ ਦੀਆਂ ਗਜ਼ਲਾਂ ਦਾ ਬਹੁਤ ਫੈਨ ਹਾਂ। ਫੋਨ ਨੰਬਰ ਵੀ ਜ਼ਰੂਰ ਭੇਜਣਾ।
ਧੰਨਵਾਦ ਸਹਿਤ

*ਕੇਵਲ ਸੇਰਗਾੜ੍ਹ*
*ਜੇਤਾ ਮੈਡੀਕਲ ਹਾਲ,*
*ਜੈਤੋਂ ਰੋਡ ਬਾਜਾਖਾਨਾ (ਫਰੀਦਕੋਟ)*

–0–

**19/4/2004**

ਸਤਿਕਾਰਤ ਕੁਲਜੀਤ ਗਜ਼ਲ
ਸਾਹਿਤਕ ਸਲਾਮ।

ਆਸ ਹੈ ਕਿ ਠੀਕ-ਠਾਕ ਹੋਵੇਗੀ। ਇਕ ਚਿੱਠੀ ਪਹਿਲਾਂ ਵੀ ਪਾਈ ਸੀ, ਸ਼ਾਇਦ ਮਿਲ ਵੀ ਗਈ ਹੋਵੇ, ਕਜੂੰਸੀ ਕਰ ਗਏ ਨਾ, ਜਵਾਬ ਦੇਣ 'ਚ! ਕੋਈ ਗੱਲ ਨਹੀਂ! ਇਹ ਵੱਡੇ ਲਿਖਾਰੀਆਂ 'ਚ ਆਮ ਕਮਜ਼ੋਰੀਆਂ (ਰੋਗ) ਹੁੰਦੀਆਂ ਹਨ। ਆਪਣੀ ਕਲਮ ਨਾਲ ਸਮਾਜ ਨੂੰ ਤੰਦਰੁਸਤ ਬਣਾਈ ਜਾਹ!

ਅਕਸਰ ਹੀ ਤੇਰੀਆਂ ਰਚਨਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਆਪਣੇ ਸਫ਼ਰ ਨੂੰ ਨਿਰਵਿਘਨ ਜਾਰੀ ਰੱਖ! ਸਾਡੀਆਂ ਦੁਆਵਾਂ ਤੇਰੇ ਨਾਲ ਨੇ! ਅੱਛਾ ਫਿਰ ਸਤਿ ਸ੍ਰੀ ਅਕਾਲ।

***ਕੁਲਵਿੰਦਰ ਬੱਲ***
***ਪਿੰਡ ਤੇ ਡਾਕ - ਖਿਆਲਾ ਕਲਾਂ,***
***ਅੰਮ੍ਰਿਤਸਰ-143109***

-0-

ਪਿਆਰੀ ਕੁਲਜੀਤ,
ਸਤਿ ਸ੍ਰੀ ਅਕਾਲ।

ਨਿੱਘੇ ਮੋਹ ਵਿਚ ਭਿੱਜਾ ਤੁਹਾਡਾ ਖ਼ਤ ਮਿਲਿਆ ਪੜ੍ਹਕੇ ਦਿਲ ਨੂੰ ਬੇਹੱਦ ਖ਼ੁਸ਼ੀ ਹੋਈ। ਆਪਜੀ ਨੇ ਮੈਨੂੰ ਨਿਮਾਣੀ ਜਿਹੀ ਨੂੰ ਇੰਨਾ ਮਾਨ ਬਖ਼ਸ਼ਿਆ ਆਪ ਜੀ ਦੀ ਤਹਿ ਦਿਲ ਤੋਂ ਸ਼ੁਕਰ ਗੁਜ਼ਾਰ ਹਾਂ। ਬਾਕੀ ਆਪ ਜੀ ਮਾਂ ਬੋਲੀ ਪੰਜਾਬੀ ਸਾਹਿਤ ਦੀ ਜੋ ਸੇਵਾ ਵਿਚ ਲੱਗੇ ਹੋ ਪ੍ਰਮਾਤਮਾ ਤੁਹਾਨੂੰ ਕਾਮਯਾਬੀ ਦੀਆਂ ਸ਼ਿਖ਼ਰਾਂ ਤੱਕ ਪਹੁੰਚਾਏ। ਤੁਸੀਂ ਗੁਰੂ ਜੀ ਤੋਂ ਮੇਰਾ ਪਤਾ ਲੈ ਕੇ ਖ਼ਤ ਲਿਖਿਆ ਹੈ। ਜਦੋਂ ਵੀ ਮੈਂ ਗੁਰੂ ਜੀ ਕੋਲ ਜਾਂਦੀ ਹਾਂ ਤਾਂ ਆਪ ਜੀ ਦੀਆਂ ਵੀ ਕਾਫ਼ੀ ਦੇਰ ਤੱਕ ਗੱਲਾਂ ਚੱਲਦੀਆਂ ਹਨ। ਮੈਂ ਤਾਂ ਆਪ ਜੀ ਦੀਆਂ ਗਜ਼ਲਾਂ "ਨੁਕਤਾ" 2003 ਵਿਚ ਮਿਸਰਾ ਤਰਹ ਤੇ ਪੜ੍ਹੀ ਸੀ ਕਿਸੇ ਵੀ ਕਵੀ ਜਾਂ ਕਵਿਤਰੀ ਦੀ ਪਹਿਚਾਨ ਉਨ੍ਹਾਂ ਦੀਆਂ ਰਚਨਾਵਾਂ ਤੋਂ ਪਤਾ ਲੱਗ ਜਾਂਦੀ ਹੈ। ਬਾਕੀ ਆਪ ਜੀ ਤਾਂ ਅਜੇ ਵਿਦਿਆਰਥੀ ਹੋ ਮੈਂ ਐਮ. ਐਚ. ਮਿਲਟਰੀ ਹਸਪਤਾਲ ਨੌਕਰੀ ਕਰਦੀ ਹਾਂ। ਮੇਰੇ ਪਤੀ ਬੈਂਕ ਵਿਚ ਹਨ। ਮੇਰੇ ਤਿੰਨ ਬੱਚੇ 2 ਬੇਟੀਆਂ ਤੇ ਇਕ ਬੇਟਾ ਹੈ। ਆਪ ਜੀ ਵੀ ਆਪਣੇ ਬਾਰੇ ਲਿਖਣਾ। ਯੂ ਜੀ ਸੀ ਦਾ ਜੋ ਟੈਸਟ ਦਿੱਤਾ ਹੈ ਪਾਸ ਹੋ ਗਏ ਹੋ ਕਿ ਨਹੀਂ ਲਿਖਣਾ ਬਾਕੀ ਮੇਰੀ ਗਜ਼ਲ ਨੁਕਤਾ ਵਿਚ ਜਨਵਰੀ ਫਰਵਰੀ 2003 ਵਿਚ ਛਪੀ ਸੀ ਉਮੀਦ ਹੈ ਆਪ ਜੀ ਨੇ ਪੜ੍ਹੀ ਹੋਵੇਗੀ। ਬਾਕੀ ਆਪਣਾ ਕੀਮਤੀ ਸਮਾਂ ਕੱਢਕੇ ਮੇਰੇ ਖ਼ਤ ਦਾ ਜਵਾਬ ਜ਼ਰੂਰ ਦੇਣਾ ਕੁਲਜੀਤ ਮੈਂ ਤਾਂ ਬੜੀ ਸਾਰੀ ਚਿੱਠੀ ਲਿਫ਼ਾਫੇ ਵਿਚ ਪਾ ਕੇ ਭੇਜਦੀ ਹੁੰਦੀ ਹਾਂ ਆਪ ਜੀ ਨੇ ਮੈਨੂੰ ਖ਼ਤ ਹੀ ਲਿਖਿਆ ਇਸ ਲਈ ਮੈਂ ਵੀ ਖ਼ਤ ਹੀ ਲਿਖ ਰਹੀ ਹਾਂ। ਬਾਕੀ ਆਪ ਜੀ ਦੇ ਖ਼ਤ ਆਉਣ ਤੇ ਆਪ ਦੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

***ਕੇ. ਕੇ. ਊਸ਼ਾ***

ਕੁਲਜੀਤ ਜੀ ਸਤਿ ਸ੍ਰੀ ਅਕਾਲ,

ਪ੍ਰਮਾਤਮਾ ਆਪ ਜੀ ਨੂੰ ਢੇਰ ਸਾਰੀਆਂ ਖੁਸ਼ੀਆਂ ਦੇਵੇ। ਤੁਸੀਂ ਸਦਾ ਹੀ ਖੁਸ਼ ਰਹੋ, ਤੁਹਾਡੀ ਫੁੱਲਾਂ ਜਿਹੀ ਮਹਿਕ ਹਮੇਸ਼ਾਂ ਹੀ ਬਣੀ ਰਹੇ। ਗਜ਼ਲ ਜੀ ਇਹ ਤਾਂ ਮੈਨੂੰ ਦੱਸਣ ਦੀ ਲੋੜ ਨਹੀਂ ਕਿ ਚਿੱਠੀ ਕੌਣ ਲਿਖ ਰਿਹਾ ਏ। ਇਸ ਚਿੱਠੀ ਤੋਂ ਪਹਿਲਾਂ ਵੀ ਇਕ ਵਾਰੀ ਮੈਂ ਤੁਹਾਡੀਆਂ ਗਜ਼ਲਾਂ ਪੜ੍ਹਕੇ ਬੜਾ ਪ੍ਰਭਾਵਿਤ ਹੋਇਆ ਸੀ ਤੇ ਤੁਹਾਨੂੰ ਚਿੱਠੀ ਲਿਖੀ ਸੀ। ਤੁਹਾਡਾ ਵੀ ਬੜਾ ਸੁੰਦਰ ਜਵਾਬ ਆਇਆ ਸੀ, ਜਿਹੜਾ ਮੈਂ ਸਾਂਭਿਆ ਹੈ। ਇਸ ਵਾਰੀ 10 ਜੁਲਾਈ ਨੂੰ ਆਪ ਜੀ ਦੀ ਗਜ਼ਲ ਫਿਰ ਮੈਗਜ਼ੀਨ ਵਿਚ ਛਪੀ, ਪੜ੍ਹਕੇ ਖੁਸ਼ੀ ਹੋਈ। ਜਿਹੜੀ ਚੀਜ਼ ਚੰਗੀ ਹੋਵੇ ਉਸਦੀ ਤਾਰੀਫ਼ ਹੋਣੀ ਚਾਹੀਦੀ ਹੈ। ਤੁਸੀਂ ਬਹੁਤ ਹੀ ਡੂੰਘਾਈ ਵਿਚ ਜਾਕੇ ਲਿਖਦੇ ਹੋ, ਇਸ ਲਈ ਬੜਾ ਵਧੀਆ ਲੱਗਾ।

ਤੁਸੀਂ ਭਾਵੇਂ ਬੁਰਾ ਹੀ ਮਨਾ ਲਵੋਂ ਕਿ ਇਹ ਪਾਗਲ ਕੀ ਲਿਖ ਰਿਹਾ ਹੈ। ਪਰ ਤੁਸੀਂ ਸੱਚੀ ਹੀ ਸੋਹਣਾ ਲਿਖਦੇ ਹੋ। ਪ੍ਰਮਾਤਮਾ ਤੁਹਾਡੀ ਕਲਮ ਨੂੰ ਨਦੀ ਦੇ ਪਾਣੀ ਵਰਗੀ ਰਵਾਨਗੀ ਬਖ਼ਸ਼ੇ। ਕੁਲਜੀਤ ਜੀ ਮੈਂ ਵੀ ਥੋੜ੍ਹਾ ਜਿਹਾ ਲਿਖਣ ਦਾ ਸ਼ੌਕ ਰੱਖਦਾ ਹਾਂ। ਤੁਹਾਡੀ ਕੋਈ ਰੀਸ ਨਹੀਂ ਕਰ ਰਿਹਾ, ਇਸ ਲਈ ਮੁਆਫ਼ੀ ਚਾਹੁੰਦਾ ਹਾਂ। ਮੈਂ ਆਪਣੀ ਲਿਖੀ ਗ਼ਜ਼ਲ ਕਦੀ ਕਿਸੇ ਨੂੰ ਨਹੀਂ ਦਿਖਾਉਂਦਾ ਕਿ ਕੋਈ ਮਜ਼ਾਕ ਉਡਾਏਗਾ, ਪਲੀਜ਼ ਤੁਸੀਂ ਵੀ ਇੰਜ ਨਾ ਕਰਨਾ ਧੰਨਵਾਦ।

**ਗ਼ਜ਼ਲ**

ਉਸਦੀ ਹੀ ਇਹ ਯਾਦ ਏ, ਜੋ ਫਿਰ ਸਤਾ ਗਈ।
ਖੁਸ਼ਬੂ ਉਸ ਫੁੱਲ ਦੀ, ਜੋ ਮਹਿਕ ਖਿੰਡਾ ਗਈ।
ਉਹ ਚੰਦ ਹੀ ਜੋ ਸਕਦਾ ਏ ਜਿਸਦੀ ਰੌਸ਼ਨੀ ਨਾਲ।
ਮੇਰੀ ਸੋਚ ਦੀ ਕਾਇਨਾ ਤੇ ਜੋ, ਰੌਸ਼ਨੀ 'ਚ ਨਗਾ ਗਈ।
ਉਦਾਸ-ਉਦਾਸ ਮਹੌਲ 'ਚ ਧੜ੍ਹਕੇ ਜਦ ਅਹਿਸਾਸ,
ਪਤਾ ਨਾ ਲੱਗਿਆ ਕਦ ਮੇਰੀ, ਜ਼ਿੰਦਗੀ ਮੁਸਕਰਾ ਪਈ।
ਉਹ ਵੀ ਤਾਂ ਭੜਦਿਆ ਹੋਏਗਾ, ਆਖਿਰ ਨੂੰ ਇੰਜ,
ਜਿਵੇਂ ਉਸਦੀ ਨਜ਼ਰ ਮੈਨੂੰ, ਪਲ ਪਲ ਤੜ੍ਹਪਾ ਗਈ।
ਦੇਖੋ ਹੁਣ ਕਿੰਝ ਬੈਠਦੇ ਨੇ, ਇਸ ਦਿਲ ਦੇ ਪੰਖੇਰੂ।
ਇਕ ਮੇਜੀ ਦੀ ਦਸਤਕ, ਜਿੰਨ੍ਹਾਂ ਨੂੰ ਉਚਾ ਉਡਾ ਗਈ।
ਉਹ ਕੌਣ ਸੀ? ਕਿੰਝ ਸੀ? ਕਿੱਥੇ ਸੀ? ਪਤਾ ਨਾ,
ਉਸ ਜ਼ਾਲਿਮ ਦੀ ਸੂਰਤ ਕੀਰਤ, ਉਸਨੂੰ ਛੁਪਾ ਗਈ।


***ਕੀਰਤ ਪ੍ਰਤਾਪ***
*(ਐਸ. ਟੀ. ਡੀ.) ਨੇੜੇ ਬੱਸ ਸਟੈਂਡ ਕੈਰੋਂ*
*ਤਹਿ - ਪੱਟੀ*
*ਜ਼ਿਲ੍ਹਾ - ਅੰਮ੍ਰਿਤਸਰ*
*ਪਿੰਨ - 143415*


-0-

ਭੈਣ ਜੀ,

ਅਦਾਬ!

ਰੋਜ਼ਾਨਾ ਜੱਗਬਾਣੀ ਦੇ 11 ਜਨਵਰੀ ਦੇ ਅੰਕ ਵਿਚ ਤੁਹਾਡੀ ਖ਼ੂਬਸੂਰਤ ਗਜ਼ਲ ਪੜ੍ਹਨ ਦਾ ਸਬੱਬ ਬਣਿਆ। ਗਜ਼ਲ ਦੀ ਬਹਿਰ, ਕਾਵਿਕਤਾ ਅਤੇ ਭਾਵੁਕਤਾ ਮਨ ਅੰਦਰ ਲਹਿ ਜਾਣ ਵਾਲੀ ਸੀ। ਤੀਸਰਾ ਸ਼ਿਅਰ "ਫੁੱਲ ਚੜ੍ਹਾ ਕੇ.....ਤਾਂ ਏਨਾ ਰੂਹ-ਟੁੰਬਣਾਂ ਸੀ ਕਿ ਦਾਦ ਦੇਣ ਲਈ ਅਤੇ ਖ਼ਤ ਲਿਖਣ ਲਈ ਮਜਬੂਰ ਕਰਨ ਵਾਲਾ ਸੀ। ਤਿਤਲੀਆਂ ਦੇ ਮਨ ਦੀ ਦਰਦ ਇਕ ਭਾਵਨਾਤਮਿਕ ਸ਼ਾਇਰ ਬਿਨਾਂ ਕੌਣ ਸਮਝ ਸਕਦਾ ਹੈ। ਦਾਦ ਦੇ ਦੋ ਅਲਫਾਜ਼ ਸ਼ਾਇਰ ਨੂੰ ਦਸ ਰਚਨਾਵਾਂ ਸਿਰਜਣ ਜੋਗੀ ਹੌਂਸਲਾ-ਅਫ਼ਜਾਈ ਕਰ ਦੇਂਦੇ ਹਨ। ਸ਼ਾਲਾ ਤੁਹਾਡੀ ਕਲਮ ਅਜਿਹੀਆਂ ਰਚਨਾ ਸਿਰਜਦੀ ਰਹੇ।

ਆਮੀਨ!

*ਡਾ. ਕੇਵਲ ਸਿੰਘ ਵਾਰਿਸ*
*ਗਹਿਰੀ ਮੰਡੀ (ਜੰਡਿਆਲਾ ਗੁਰੂ)*
*ਅੰਮ੍ਰਿਤਸਰ।*

-0-

ਮਿਸ ਕੁਲਜੀਤ ਗਜ਼ਲ,

ਆਪ ਜੀ ਦੀ ਮਿੰਨੀ ਕਹਾਣੀ ਅਜੀਤ ਵਿਚ ਤੇ ਪਹਿਲਾਂ ਮਿੰਨੀ ਰਸਾਲੇ ਵਿਚ ਪੜ੍ਹੀ। ਰਚਨਾਵਾਂ ਅੱਛੀਆਂ ਤੇ ਪਿਆਰੀਆਂ ਸਨ। ਮੈਂ ਇਕ ਸਾਹਿਤਕ ਮੈਗਜ਼ੀਨ ਗੁਲਦਸਤਾ ਪਠਾਨਕੋਟ ਤੋਂ ਕੱਢ ਰਿਹਾ ਹਾਂ। ਉਸਦੀ ਇਕ ਕਾਪੀ ਵੀ ਭੇਜ ਰਿਹਾ ਹਾਂ। ਆਪ ਆਪਣੀਆਂ ਮਿਆਰੀ ਰਚਨਾਵਾਂ ਗੁਲਦਸਤਾ ਲਈ ਭੇਜੋ ਛਾਪਕੇ ਖੁਸ਼ੀ ਹੋਵੇਗੀ।

ਸ਼ੁਭ ਇੱਛਾਵਾਂ ਸਹਿਤ।

*ਕੁਲਬੀਜ ਸਿੰਘ*
*ਸੰਪਾਦਕ ਗੁਲਦਸਤਾ*
*ਮੁਹੱਲਾ ਗੁਰੂ ਗੋਬਿੰਦ ਸਿੰਘ, ਪਠਾਨਕੋਟ।*

-0-

Sat Sri Akall
Kuljit Ji

How are you? I am sending a peridical for you as on page 43 your ghazal has been published. I hope you tell me as you'll receive what is about you...Are you doing any job or ... What kind of magazine you publish.

Send me your more poetry it will be honour to me publish here in ... I want to publish your book here what is your opinion?

I am waiting for your reply your's well wisher admirer.

***Karamat Ali Mighal***
***Ph. 0333-4306384***

-o-

नमस्तें

कुलजीत जी आपकी जो अखबार में गजलें आती हैं मुझे बहुत पसन्द आयी आपकी गजल का हर शब्द दिल को छुं जाता है। कुलजीत जी आपका बहुत धन्यवाद जो आप इतनी दर्द भरी गजलें अखबार में देती है।

कुलजीत जी मैने कई बार आपका धन्यवाद करने के लिये खत लिखा लेकिन सोचता था कही आपकों बुरा न लगें। एक बार फिर आपका बहुत-बहुत शुक्रिया, आपकी बजह से इतनी आपकी गजलें पडने को मिलती हैं।

आपका बहुत-बहुत धन्यवाद

***कमल***
***फोन नं० 98553-48393***

-o-

1/2/2003

**ਬੀਬਾ ਕੁਲਜੀਤ ਜੀਓ**

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ।

ਤੁਹਾਡਾ ਨਵੇਂ ਸਾਲ ਦਾ ਕਾਰਡ ਤੇ ਕੁਝ ਸਤਰਾਂ ਦੀ ਪਾਤੀ ਮਿਲੀ। ਵਾਹਿਗੁਰੂ ਹਮੇਸ਼ਾ ਤੁਹਾਡੇ ਅੰਗ ਸੰਗ ਰਹੇ।

ਮੈਂ ਆਪ ਨਾਲ ਨਾਰਾਜ਼ ਨਹੀਂ ਹਾਂ। ਆਪ ਆਪਣੀ ਮਰਜ਼ੀ ਦੇ ਮਾਲਿਕ ਹੋ। ਸੋ ਦਾਸ ਇਸ ਤੋਂ ਬਿਲਕੁਲ ਉਲਟ ਹੈ। ਜ਼ਿੰਦਗੀ ਵਿਚ ਸਿਆਣਾ ਉਹ ਹੁੰਦਾ ਹੈ ਜੋ ਸਿਆਣਿਆਂ ਦੀ ਸਲਾਹ ਲੈ ਕੇ ਉਨ੍ਹਾਂ ਦੇ ਕੀਮਤੀ ਤਜ਼ਰਬਿਆਂ ਦਾ ਲਾਭ ਉਠਾਵੇ, ਦਾਸ ਨੇ ਤਾਂ ਏਹੀ ਸਿੱਖਿਆ ਹੈ, ਸ਼ਾਇਦ ਆਪ ਦਾਸ ਨਾਲੋਂ ਬਹੁਤੇ ਸਿਆਣੇ ਹੋ। ਕਿਉਂਕਿ ਕਈ ਵਾਰੀ ਸਿਆਣਪ ਦਾ ਉਮਰ ਨਾਲ ਕੋਈ ਸਬੰਧ ਨਹੀਂ ਹੁੰਦਾ।

ਸੋ ਦਾਸ ਨੇ ਇਹ ਫੈਸਲਾ ਕੀਤਾ ਹੈ ਕਿ ਆਪ ਆਪਣੇ ਫੈਸਲੇ ਆਪਣੀ ਮਰਜ਼ੀ ਅਨੁਸਾਰ ਕਰੋ। ਇਸ ਅਵਸਥਾ ਵਿਚ ਜੋ ਸਹਾਇਤਾ ਕਰ ਸਕਿਆ ਜ਼ਰੂਰ ਕਰਾਂਗਾ। ਬਾਕੀ ਸਭ ਕੁਝ ਵਾਹਿਗੁਰੂ ਦੇ ਹੱਥ ਹੈ। ਇਹ ਸਹਾਇਤਾ ਵੀ ਉਹੀ ਕਰਦਾ ਹੈ, ਬੰਦਾ ਤਾਂ ਜ਼ਰੀਆ ਹੁੰਦਾ ਹੈ।

ਪ੍ਰਬਰ ਨੂੰ ਫ਼ਤਹਿ।

–0–

ਫਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨ ਹੰਢਾਇ॥
ਦੇਹੀ ਰੋਗ ਨਾ ਲਗਈ ਪਲੈ ਸਭ ਕਿਛੁ ਪਾਇ॥ (ਬਾਬਾ ਫਰੀਦ ਜੀ)

ਸਤਿਕਾਰਯੋਗ ਗਜ਼ਲ ਜੀਓ,

ਮਾਲਵੇ ਦੇ ਨਿੱਕੇ ਜਿਹੇ ਦੇਸੀ ਪਿੰਡ ਦੀ ਮੋਹ ਨਾਲ ਲਬਰੇਜ਼ 'ਸਤਿ ਸ੍ਰੀ ਅਕਾਲ' ਪ੍ਰਵਾਨ ਕਰਨੀ।

ਤੁਹਾਡੀਆਂ ਰਚਨਾਵਾਂ ਮਨੁੱਖੀ ਮਨ ਦੀ ਸੂਖਮ ਭਾਵਨਾ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਹਰ ਇਕ ਦਿਲ ਨੂੰ ਕਾਇਲ ਕਰ ਸੁੱਟਦੀਆਂ ਹਨ।

ਉਂਞ ਤਾਂ ਕੁਦਰਤ ਵਿਚ ਕੁਝ ਵੀ ਖ਼ਤਮ ਨਹੀਂ ਹੁੰਦਾ ਪਰ ਉਸ ਪ੍ਰਮਾਤਮਾ ਦੀ ਰਚਨਾ ਵਿਚ ਤੁਹਾਡੇ ਜਿਹੇ ਪਾਕਿ ਸਖ਼ਸ਼ ਦੀ ਹੋਂਦ ਮਹਿਸੂਸ ਕਰਕੇ ਅਕਸਰ ਸੋਚਦਾ ਹਾਂ ਕਿ ਬਾਰੂਦਾਂ ਦੀ ਧਰਤੀ ਉਪਰ ਨਫ਼ਰਤਾਂ ਦੇ ਆਲਮ ਵਿਚ ਵੀ 'ਗਜ਼ਲ' ਦਾ ਜ਼ਿੰਦਾ ਰਹਿਣਾ ਉਸ ਰੱਬ ਦੀ ਰਹਿਮਤ ਦਾ ਖ਼ੂਬਸੂਰਤ ਸਬੂਤ ਏ।

ਉਸ ਕਾਦਰ ਦੀ ਕੁਦਰਤ ਵਿਚ ਆਪ ਜਿਹੇ ਸਖ਼ਸ਼ ਹੀ ਕੋਈ ਪਿਆਰ ਦੀ ਕਰਾਮਾਤ ਕਰ ਕੇ ਨਫ਼ਰਤਾਂ, ਦੁਸ਼ਮਣੀਆਂ, ਈਰਖਾ, ਦਵੈਤ ਦੇ ਹਨੇਰੇ ਨੂੰ ਮਨੁੱਖੀ ਮਨਾਂ 'ਚੋਂ ਦੂਰ ਕਰਕੇ ਮੁਹੱਬਤ ਦੇ ਦੀਪ ਜਲਾਉਣ ਦੇ ਸਮਰੱਥ ਹਨ।

ਤੁਹਾਡੇ ਅੰਦਰਲੇ ਦਰਦ ਦੀ ਚਾਨਣੀ ਨੂੰ ਅਸੀਂ ਸਲਾਮ ਦੀ ਇਬਾਰਤ ਭੇਜਦੇ ਹਾਂ।

ਮੈਂ ਪਿਛਲੇ ਕੁਝ ਸਾਲਾਂ ਤੋਂ ਥੀਏਟਰ ਕਰਦਾ ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੀ ਪਾਵਨ ਧਰਤੀ ਉਤੇ। ਸਾਡੀ ਵੀ ਨਿਮਾਣੀ ਜਿਹੀ ਕੋਸ਼ਿਸ਼ ਇਹੀ ਰਹੀ ਏ ਕਿ ਸੱਚ ਨੂੰ ਹੀ ਸੱਚ ਆਖਿਆ ਜਾਵੇ ਤੇ ਧਰਮ ਰੂਪੀ ਪਿਆਰ ਨੂੰ ਸਹੀ ਅਰਥਾਂ ਵਿਚ ਪੇਸ਼ ਕੀਤਾ ਜਾਵੇ। ਇਹ ਦੰਗੇ ਇਹ ਸਾੜੇ ਤੇ ਨਫ਼ਰਤਾਂ ਨੂੰ ਮੈਂ ਸਖ਼ਤ ਨਫ਼ਰਤ ਕਰਦਾ ਹਾਂ।

ਅੱਜ ਦਾ ਮਨੁੱਖ ਕਿੰਨਾ ਅਭਾਗਾ ਹੈ ਕਿ ਏਸ ਜ਼ਿੰਦਗੀ ਦੇ ਗੁਲਸ਼ਨ ਦੀ ਖ਼ੂਬਸੂਰਤੀ ਨੂੰ ਤੱਕਣ ਵਾਲੀ ਅੱਖ ਤੇ ਮਾਨਣ ਵਾਲਾ ਅਹਿਸਾਸ ਹੀ ਗੁਆ ਚੁੱਕਾ ਹੈ।

ਤੁਹਾਡੀ ਕਲਮ ਦੀ ਖ਼ੂਰਸੂਰਤੀ ਅਤੇ ਤੁਹਾਡੇ ਪਾਕਿ ਸੁਹੱਪਣ ਦਾ ਅਹਿਸਾਸ ਪਾਕਿ ਦਿਲਾਂ ਤੇ ਮਨੁੱਖਤਾ ਦੇ ਪਵਿੱਤਰ ਪਿਆਰ ਦਾ ਪਵਿੱਤਰ ਕਲਮਾ ਉਕਰਦਾ ਜਾਂਦਾ ਏ। ਤੇ ਮੈਂ ਸਮਝਦਾ ਹਾਂ ਕਿ ਇਸ ਪਿਆਰ ਦੇ ਸੁੱਚੇ ਕਲਮੇ ਨੂੰ ਪੜ੍ਹੇ ਬਿਨਾਂ ਕਿਸੇ ਵੀ ਮੋਮਨ ਦੀ ਖ਼ੁਦਾ ਦੀ ਦਰਗਾਹ ਵਿਚ ਕੀਤੀ ਇਬਾਰਤ ਅਧੂਰੀ ਸਮਝੀ ਜਾਵੇਗੀ।

ਮਨੁੱਖ ਦੀ ਨਕਾਰਾਤਮਕ ਸੋਚ ਉਸ ਨੂੰ ਆਪਣੇ ਅਸਲ ਤੋਂ ਬਹੁਤ ਦੂਰ ਲੈ ਕੇ ਜਾ ਰਹੀ ਏ। ਇਸ ਬੰਦੂਕਾਂ ਦੀ ਫਸਲ ਵਿਚ ਕਲਮਾਂ ਦਾ ਬੀਜਣਾ ਤੇ ਫਿਰ ਗਜ਼ਲਾਂ ਦਾ ਪੈਦਾ ਕਰਨਾ ਕਿਸੇ ਰਹਿਬਰ ਦੇ ਯਤਨਾਂ ਤੋਂ ਘੱਟ ਨਹੀਂ।

ਤੇ ਰੀਝਾਂ ਨੂੰ, ਅਰਮਾਨਾਂ ਨੂੰ ਕਿਆਮਤ ਦੀ ਸ਼ਾਮ ਤੋਂ ਬਾਅਦ ਵੀ ਜ਼ਿੰਦਾਂ ਰੱਖਣ ਦੀ ਅਦਾ ਆਪ ਜਿਹੇ ਖ਼ੂਬਸੂਰਤ ਇਨਸਾਨਾਂ ਤੋਂ ਹੀ ਮਨੁੱਖਤਾ ਨੇ ਸਿੱਖਣੀ ਏ।

ਆਓ ਇਨ੍ਹਾਂ ਲੰਗੜੀਆਂ ਸੋਚਾਂ ਨੂੰ ਪਿਆਰੇ ਸ਼ਬਦਾਂ ਦੀਆਂ ਵੈਸਾਖੀਆਂ ਦੇਈਏ।

ਪਾਵਨ ਮਹਿਕਦੀਆਂ ਫਿਜ਼ਾਵਾਂ ਦੀ ਸੂਖਮ ਪਵਿੱਤਰਤਾ ਨੂੰ ਮਹਿਕਾਉਂਦੀ ਤੁਹਾਡੀ ਕਲਮ ਸ਼ਾਲਾਂ! ਹੋਰ ਅੱਗੇ ਵਧੇ....ਹੋਰ ਅੱਗੇ ਵਧੇ....

ਸਾਡੀ ਇਹੋ ਹੀ ਦੁਆ ਏ....

ਜ਼ਿੰਦਗੀ ਦੇ ਉਹ ਪਲ ਮੇਰੇ ਲਈ ਬੜੇ ਅਹਿਮ ਹੋਣਗੇ ਜਦ ਇਹ 'ਜੱਗ' ਤੁਹਾਡੇ ਰੂ-ਬ-ਰੂ ਹੋਵੇਗਾ।

ਖੁਦਾ ਦੀ ਦਰਗਾਹ 'ਚ ਸਾਡੀ ਇਹੋ ਦੁਆ ਏ ਜੋਦੜੀ ਏ....ਕਿ ਆਪ ਜਿਹੀਆਂ ਨੇਕ ਦਿਲ ਰੂਹਾਂ ਦੀ ਆਮਦ ਇਸ ਸੰਸਾਰ ਤੇ ਹੁੰਦੀ ਰਹੀ ਤੇ ਇਹ ਜ਼ਿੰਦਗੀ ਇਸੇ ਤਰ੍ਹਾਂ ਮਹਿਕਦੀ ਰਹੀ.... ਤੁਹਾਡੇ ਜਵਾਬ ਦੀ ਉਡੀਕ ਵਿਚ:-

ਸਰਬੱਤ ਦਾ ਭਲਾ ਮੰਗਦਾ

*ਕੁਲਵਿੰਦਰ ਸਿੰਘ 'ਰਾਜਾ'*
*(ਦਮਦਮਾ ਸਾਹਿਬ ਵਾਲੇ)*
*ਪਿੰਡ ਤੇ ਡਾਕ - ਪੱਬੀਆਂ, ਤਹਿ - ਜਗਰਾਉ*
*ਜ਼ਿਲ੍ਹਾ - ਲੁਧਿਆਣਾ - 142023*

-0-

ਬੀਬਾ ਕੁਲਜੀਤ

ਸਤਿ ਸ੍ਰੀ ਅਕਾਲ,

ਸੱਜਰਾ 'ਅਹਿਸਾਸ' ਤੇਰੀ ਨਜ਼ਰ ਹੈ। ਤੇਰੀ ਗਜ਼ਲ ਨਾਲ ਸਾਂਝ ਪਾਉਂਦਿਆ ਮੈਂ ਤਾਂ ਮਹਿਜ਼ ਇਹੀਓ ਹੀ ਮਹਿਸੂਸ ਕੀਤੈ ਕਿ ਜਜ਼ਬਿਆਂ ਨੂੰ ਬੋਲ ਦੇਣ ਦਾ ਤੇਰਾ ਆਵਦਾ ਹੀ ਅੰਦਾਜ਼ ਏ!

ਵਰ੍ਹਿਆਂ ਮਗਰੋਂ ਸੱਚੀ ਮੁੱਚੀ ਦਿਲ ਭਰਿਆ ਤੇ ਅੱਖ ਰੋਈ ਹੈ ਤੇਰੇ ਹਰਫ਼-ਹਰਫ਼ ਸੰਗ ਸਫ਼ਰ ਕਰਦਿਆਂ!

'ਭੇਦ ਆਉਂਦਾ ਹੈ ਹੱਥ, ਉਮਰ ਢਲਿਆਂ ਹੀ,
ਕਰਨਾ ਪੈਂਦਾ ਹੈ ਮੁਹੱਬਤ ਦਾ ਸਫ਼ਰ ਕੱਲਿਆ ਹੀ!'

ਸੋਹਣੀ ਰਚਨਾ ਵਾਸਤੇ ਮੁਬਾਰਕ!....

ਅਸੀਂ ਸਿਰਜਣਾ ਕੇਂਦਰ ਕਪੂਰਥਲਾ ਵਲੋਂ ਜਨਵਰੀ 2004 ਨੂੰ ਨਾਰੀ ਕਵੀ ਦਰਬਾਰ ਕਰਵਾਉਣ ਜਾ ਰਹੇ ਹਾਂ, ਤੇਰਾ ਨਾਂ ਤੈਥੋਂ ਪ੍ਰਵਾਨਗੀ ਲਏ ਬਗੈਰ ਹੀ ਤਜਵੀਜ਼ ਕੀਤੈ! ਆਸ ਹੈ ਸ਼ਾਮਿਲ ਹੋਵੇਂਗੀ!....

9-12-03 ਡਾ. ਸੰਤੋਖ ਸਿੰਘ ਸ਼ਹਰਯਾਰ, ਡਾ. ਐਮ. ਐਸ. ਡਡਵਾਲ (ਪੰਜਾਬੀ ਵਿਭਾਗ ਗੁ. ਨਾ. ਦੇ ਯੂਨੀ: ਅੰਮ੍ਰਿਤਸਰ) ਅਤੇ ਮੇਰੀ ਆਕਾਸ਼ਵਾਣੀ ਜਲੰਧਰ ਵਲੋਂ ਕਵੀ ਸਭਾ 'ਚ ਰਿਕਾਰਡਿੰਗ ਸੀ ਜੋ ਕਿ 21-12-03 ਨੂੰ ਆਲ ਇੰਡੀਆ ਰੇਡੀਓ ਜਲੰਧਰ ਵਲੋਂ ਸਵੇਰੇ 7:20 ਤੇ (ਐਤਵਾਰ) ਪ੍ਰਸਾਰਤ ਕੀਤੀ ਜਾਵੇਗੀ!

ਪੰਜਾਬੀ ਪ੍ਰਗਰਾਮ ਦੇ ਪ੍ਰੋਡਿਊਸਰ ਨੂੰ ਮੈਂ ਤੇਰੇ ਨਾਂ ਸਦੇ ਪੰਦਰਾ ਵੀਹ ਸਿਰਨਾਵੇਂ ਨੋਟ ਕਰਵਾ ਦਿੱਤੇ ਹਨ। ਕਿਸੇ ਦਿਨ ਵਿਹਲ ਕੱਢਕੇ ਪ੍ਰਕਾਸ਼ਤ ਦੋ ਗਜ਼ਲਾਂ ਦੀ ਇਕ

ਫੋਟੋ ਕਾਪੀ ਸਣੇ ਦੋ ਹਰਫ਼ੀ ਖ਼ਤ ਰੇਡੀਓ ਸਟੇਸ਼ਨ ਪੋਸਟ ਕਰ ਦੇਵੀਂ।

'ਅਹਿਸਾਸ' ਨੂੰ ਵਾਚਣ ਉਪਰੰਤ ਸੁਨੇਹਾ ਦੇਵੀਂ ਕਿ ਇਹ ਉਪਰਾਲਾ ਕਿਵੇਂ ਦਾ ਲੱਗਾ!

ਬਾਕੀ ਫਿਰ ਕਦੇ ਇਕੱਠੇ ਹੋਣ ਤੇ...

ਨਿੱਘ ਨਾਲ

***ਕੰਵਲ ਇਕਬਾਲ***

***ਸ੍ਰੀ ਸਤਿੰਦਰ ਕੁਮਾਰ ਪਰਿਹਾਰ***

***(ਪ੍ਰੋਡਿਊਸਰ ਪੰਜਾਬੀ ਪ੍ਰੋਗਰਾਮ)***

***ਆਲ ਇੰਡੀਆ ਰੇਡੀਓ, (ਜਲੰਧਰ)***

-0-

**28/11/2002**

**ਮਿਸ ਕੁਲਜੀਤ ਗਜ਼ਲ**

**ਮੇਰੀ ਪਿਆਰੀ ਸਿਸਟਰ**

ਕੁਲਜੀਤ ਜੀ ਪਿਆਰ ਭਰੀ ਨਮਾਸਤੇ

ਹੈਲੋਂ, ਹੋਰ ਸੁਣਾਓ ਕੀ ਹਾਲ ਚਾਲ ਹੈ ਉਮੀਦ ਹੈ ਤੁਸੀਂ ਬਿਲਕੁਲ ਠੀਕ-ਠਾਕ ਹੋਵੋਗੇ। ਆਪ ਦਾ ਖ਼ਤ ਮੈਨੂੰ ਮਿਲ ਗਿਆ ਜਵਾਬ ਦੇਣ ਲਈ ਸ਼ੁਕਰੀਆ। ਪਰ ਤੁਸੀਂ ਆਪਣੇ ਬਾਰੇ ਬਹੁਤ ਘੱਟ ਦੱਸਿਆ ਹੈ ਮੇਰਾ ਮਤਲਬ ਤੁਹਾਡੇ ਰਾਹਨੁਮਾ ਜਾਂ ਗੁਰੂ ਕੌਣ ਹਨ ਜਾਂ ਇਸਦੇ ਇਲਾਵਾ ਹੋਰ ਕੁਝ ਜ਼ਰੂਰ ਦੱਸਣਾ।

ਤੁਸੀਂ ਮੇਰੇ ਤੋਂ ਪੁੱਛਿਆ ਹੈ ਮੈਂ ਗਰੈਜੂਏਸ਼ਨ ਕੀਤੀ ਹੋਈ ਹੈ ਕੰਪਿਊਟਰ ਦੀ ਪੀ. ਜੀ. ਡੀ. ਸੀ. ਏ ਕਰ ਰਹੀ ਹਾਂ। ਇਸਦੇ ਇਲਾਵਾ ਬੱਚਿਆਂ ਨੂੰ ਪੜ੍ਹਾਉਂਦੀ ਹਾਂ +2 ਤੱਕ। ਮੈਨੂੰ ਕਵਿਤਾਵਾਂ ਲਿਖਣ ਦਾ ਸ਼ੌਕ +2 ਕਰਦਿਆਂ ਪਿਆ ਤੁਸੀਂ ਮੇਰੇ ਨਾਲ ਸੁਜਾਤਾ ਵਿਚ ਛਪਦੇ ਸੀ ਅਗਰ ਤੁਸੀਂ ਸਮਰਾਟ ਪੜ੍ਹਿਆ ਹੈ ਤਾਂ ਮੇਰੇ ਬਾਰੇ ਸਭ ਕੁਝ ਪਤਾ ਲੱਗ ਜਾਂਦਾ 'ਨਵਾਂ ਜ਼ਮਾਨਾ' ਵਿਚ ਵੀ ਮੇਰੀ ਇੰਟਰਵਿਊ ਲੱਗ ਚੁੱਕੀ ਹੈ। ਬਾਕੀ ਮੈਂ FM Bathinda Radio Station ਤੋਂ ਵੀ ਕਈ ਵਾਰੀ ਆਪਣੀਆਂ ਰਚਨਾਵਾਂ ਬੋਲ ਚੁੱਕੀ ਹਾਂ ਇਸਤੋਂ ਇਲਾਵਾ ਮੈਨੂੰ ਦੋ ਤਿੰਨ ਹੋਰ ਪ੍ਰੋ: ਪੇਸ਼ ਕਰਨ ਦਾ ਮੌਕਾ ਵੀ ਮਿਲਿਆ ਹੈ। ਮੈਂ ਆਪ ਦਾ ਐਡਰੈੱਸ ਮੇਰੇ Life Patner ਤੋਂ ਲਿਆ ਸੀ। ਇਹ ਮੈਂ ਤੁਹਾਨੂੰ ਸਭ ਮੌਕਾ ਆਉਣ ਤੇ ਦੱਸਾਂਗੀ ਔਰ ਹਾਂ ਜ਼ਰੂਰ Share ਕਰਾਂਗੀ। ਵੈਸੇ ਮੈਂ ਜ਼ਿੰਦਗੀ ਤੇ ਕਿਸੇ ਵੀ ਮੌੜ ਤੇ ਹਾਰਨਾ ਨਹੀਂ ਸਿੱਖਿਆ। ਅਗਰ ਹਾਂ ਕੋਈ ਮੁਸ਼ਕਿਲ ਆ ਵੀ ਜਾਵੇ ਤਾਂ ਮੈਂ ਕਦੋਂ ਹੌਸਲਾ ਕਰਕੇ ਸਾਹਮਣਾ ਕੀਤਾ ਹੈ ਵੈਸੇ ਮੇਰੀਆਂ ਕਵਿਤਾਵਾਂ ਦੇ Fan ਤਾਂ ਬਹੁਤ ਲੋਕ ਹਨ ਜਿੰਨ੍ਹਾਂ ਦੇ ਖ਼ਤ ਮੇਰੇ ਕੋਲ ਆਉਂਦੇ ਰਹਿੰਦੇ ਹਨ ਪਰ ਮੈਂ ਬਹੁਤ ਅੱਗੇ ਜਾਣਾ ਚਾਹੁੰਦੀ ਹਾਂ ਇਕ ਵਧੀਆ Writer ਬਣਨਾ ਚਾਹੁੰਦੀ ਹਾਂ। ਵੈਸੇ ਕੁਲਜੀਤ ਜੀ ਮੈਂ ਆਪ ਦੀ ਜਾਣਕਾਰੀ ਲਈ ਦੱਸ ਦਿਆ ਕਿ ਮੈਂ Handicapt ਹਾਂ Guches ਦੇ ਸਹਾਰੇ ਚਲਦੀ ਹਾਂ ਇਨ੍ਹਾਂ ਕੁਝ ਲਿਖਦੀ ਹੋਈ ਚਿੱਠੀ ਬੰਦ ਕਰਦੀ ਹਾਂ ਅਗਰ ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰਨਾ ਮੇਰੇ ਪਿਤਾ

ਜੀ ਬਿਜਲੀ ਬੋਰਡ 'ਚ ਮੁਲਾਜ਼ਮ ਹਨ ਮੰਮੀ ਘਰੇਲੂ ਪਤਨੀ Wife ਹਨ ਦੋਨੋਂ ਹੀ ਪੜ੍ਹੇ ਲਿਖੇ ਹਨ।

ਆਖਿਰ ਵਿਚ ਮੇਰੇ ਵਲੋਂ ਸਾਰੇ ਪਰਿਵਾਰ ਸਮੇਤ ਤੁਹਾਡੀ ਛੋਟੀ ਭੈਣ ਨੂੰ ਪਿਆਰ ਤੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ।

ਆਪ ਦੇ ਪੱਤਰ ਦੀ ਉਡੀਕ ਵਿਚ,

***ਕਰਮਜੀਤ ਕੌਰ ਗੋਂਦਾਰਾ***

-0-

ਭੈਣ ਕੁਲਜੀਤ ਕੌਰ ਗਜ਼ਲ ਜੀ,

ਆਪ ਜੀ ਦੀ ਗਜ਼ਲ ਪੜ੍ਹੀ ਅਤਿ ਦਿਲ ਨੂੰ ਛੂਹਣ ਅਤੇ ਧੁਰ ਦਿਲ ਨੂੰ ਅਹਿਸਾਸ ਕਰਵਾਉਣ ਵਾਲੀ ਆਪ ਜੀ ਦੀ ਗਜ਼ਲ ਜਿਵੇਂ ਇਕ ਵਾਰ ਮੇਰੀ ਸੋਚ ਨੂੰ ਉਚੀ ਅਤੇ ਡੂੰਘੀ ਅਹਿਸਾਸ ਵਿਚ ਲੈ ਗਈ ਪੜ੍ਹਦਿਆਂ ਹੀ ਦਿਲ ਕੀਤਾ ਕਿ ਲੇਖਿਕਾ ਨੂੰ ਹੌਂਸਲਾ ਭਰਿਆ ਇਕ ਪੱਤਰ ਲਿਖਾਂ, ਫੇਰ ਦਿਲ ਗਹਿਰਾਈ ਵਿਚ ਮਹਿਸੂਸ ਕੀਤਾ ਕਿ ਇਸ ਗਜ਼ਲ ਵਿਚ ਛਪਿਆ ਦੁੱਖ ਲੇਖਿਕਾ ਦਾ ਨਾਂ ਹੋਵੇ। ਪ੍ਰਮਾਤਮਾ ਕਰੇ ਕਿ ਆਪ ਜੀਦ ਦੀ ਕਲਮ ਹਮੇਸ਼ਾ ਚਲਦੀ ਰਹੇ।

ਤੇਰਾ ਵੀਰ,

***ਕ੍ਰਿਸ਼ਨ ਚੰਦ***
***ਪਿੰਡ : ਮਾਨਬੀਬੜੀਆਂ (ਮਾਨਸਾ)***
***ਅਤੇ***
***ਐਸ. ਡੀ. ਸ਼ਰਮਾ***
***ਸੋਮ ਦੱਤ ਸ਼ਰਮਾ (ਡੀ. ਸੀ. ਦਫਤਰ ਮਾਨਸਾ)***

-0-

ਕੁਲਜੀਤ ਜੀ,
ਸ਼ੁਕਰੀਆ...!

ਵੈਸੇ ਮੈਂ ਤੁਹਾਡੇ ਖ਼ਤ ਨੂੰ ਆਉਂਦਿਆਂ ਤਾਂ ਨਹੀਂ ਵੇਖਿਆ ਸਗੋਂ ਮੈਂ ਇਸਨੂੰ ਆਕੇ ਵੇਖਿਆ...ਮਤਲਬ ਮੈਂ ਪਿਛਲੇ ਦਿਨੀਂ ਯੂ. ਪੀ. ਗਿਆ ਹੋਇਆ ਸੀ...ਮੇਰੀ ਪਤਨੀ ਦੇ ਪਿਤਾ ਜੀ ਨਾ ਮੁੜ ਸਕਣ ਵਾਲੇ ਸਫ਼ਰ 'ਤੇ ਚਲੇ ਗਏ ਹਨ...ਸੋ ਉਸਦੇ (ਪਤਨੀ) ਅੱਥਰੂਆਂ ਦੀ ਬਾਰਿਸ਼ ਨੇ...ਮੇਰੇ ਅੰਦਰ ਹੜ੍ਹ ਲੈ ਆਂਦਾ ਸੀ! ਚਲੋ ਖ਼ੈਰ...!!

ਪਰਤਕੇ ਤੁਹਾਡੇ ਖ਼ਤ ਨਾਲ ਮੁਲਾਕਾਤ ਕੁਝ ਗ਼ਮ ਗ਼ਲਤ ਕਰ ਗਈ। ਤੁਹਾਡੇ ਵਰਗੇ ਚੰਗੇ ਪਾਠਕਾਂ ਦੇ ਸਦਕਾ ਹੀ...ਸਾਡੀਆਂ ਸ਼ਾਇਰੀ ਵਾਲੀ ਆਂ 'ਕਲਮਾਂ' ਦੀ ਸਿਆਹੀ ਪਲ ਪਲ ਵੱਧਦੀ ਹੈ। ਸੋ ਇਕ ਵਾਰ ਫੇਰ ਸ਼ੁਕਰੀਆ ਕਬੂਲ ਕਰੋ...!!

ਤੁਸੀਂ "ਪ੍ਰਸ਼ਨ ਚਿੰਨ੍ਹਾਂ" ਬਾਰੇ ਜੋ ਪ੍ਰਸ਼ਨ ਕੀਤਾ ਹੈ...ਤਾਂ ਮੈਂ ਤਾਂ ਇਹੀ ਕਹਾਂਗਾ ਕਿ ਅੱਜਕਲ ਦੇ ਮਾਹੌਲ ਵਿਚ...ਇਸ ਦਮ-ਘੋਟੂ ਵਾਤਾਵਰਨ ਵਿਚ...ਸਿਰਫ਼ ਪ੍ਰਸ਼ਨਾਂ ਮਗਰ ਹੀ "ਪ੍ਰਸ਼ਨ-ਚਿੰਨ੍ਹ" ਨਹੀਂ ਲੱਗਦੇ...ਸਗੋਂ ਹਰ ਜੁਆਬ ਵੀ "ਪ੍ਰਸ਼ਨ-ਚਿੰਨ੍ਹ" ਵੱਲ

ਹੀ ਸੰਕੇਤ ਕਰਦਾ ਹੈ...ਹਰ ਉਤਰ ਪਿੱਛੇ ਵੀ ਇਹੀ ਚਿੰਨ੍ਹ ਨਜ਼ਰ ਆਉਂਦਾ ਹੈ...???

ਵੈਸੇ ਮੈਂ ਆਪਣੀ ਰਚਨਾ ਵਿਚ "ਪ੍ਰਸ਼ਨ-ਚਿੰਨ੍ਹ" ਨਹੀਂ ਸੀ ਇਸਤੇਮਾਲ ਕੀਤਾ...ਉਹ ਸ਼ਾਇਦ ਪ੍ਰਿੰਟ ਵੇਲੇ ਲੱਗ ਗਿਆ ਜਾਂ ਫਿਰ ਸ਼ਾਇਦ ਸੰਪਾਦਕ ਜੀ ਨੂੰ...ਉਥੇ "ਪ੍ਰਸ਼ਨ-ਚਿੰਨ੍ਹ" ਲਗਾਉਣਾ ਜਾਇਜ਼ ਜਾਪਿਆ ਹੋਵੇ...ਫਿਰ ਵੀ ਉਹ ਗਲਤ ਨਹੀਂ ਸਗੋਂ ਉਸਦੇ ਲੱਗਣ ਨਾਲ...ਉਸ ਤੁੱਕ ਦੇ ਅਰਥ ਹੋਰ ਵੀ ਗਹਿਰੇ ਅਤੇ ਪ੍ਰਭਾਵਿਤ ਕਰਨ ਵਾਲੇ ਹੋ ਗਏ!...

ਉਂਜ ਮੈਨੂੰ ਇਸ ਗੱਲ ਦੀ ਬਹੁਤ ਹੀ ਖ਼ੁਸ਼ੀ ਹੈ ਕਿ ਤੁਸੀਂ ਰਚਨਾ ਨੂੰ ਏਨਾ ਵਿਚ ਲੱਥਕੇ ਪੜ੍ਹਿਆ...ਅਤੇ ਉਸ ਵਿਚ ਲੱਗੇ ਪ੍ਰਸ਼ਨ-ਚਿੰਨ੍ਹਾਂ ਨੂੰ ਵੀ ਸ਼ਬਦਾਂ ਵਾਂਗ ਮਹਿਸੂਸ ਕੀਤਾ...ਤੁਹਾਡੇ ਜ਼ਿਹਨ ਨੂੰ ਨਤ ਮਸਤਕ...!!!

ਅੱਛਾ ਹੁਣ ਬੱਸ ਕੋਸ਼ਿਸ਼ ਕਰਾਂਗਾ ਕਿ ਮੇਰੀ ਅਗਲੀ ਰਚਨਾ ਜਦੋਂ ਵੀ ਪੜ੍ਹਣ ਨੂੰ ਮਿਲੇ ਤਾਂ ਉਹ ਵੀ ਤੁਹਾਨੂੰ ਇੰਜ ਹੀ ਪ੍ਰਭਾਵਿਤ ਕਰੇ! ਤੁਹਾਡੇ ਪੂਰੇ ਪਰਿਵਾਰ ਨੂੰ ਸਤਿਕਾਰ...!

***ਕੰਵਲਜੀਤ ਭੁੱਲਰ***

-0-

30/4/01

ਕੁਲਜੀਤ ਬੇਟੇ,

ਪਿਆਰ ਸਾਹਿਤ। ਪਿੱਛੇ ਜਿਹੇ ਅੰਮ੍ਰਿਤਸਰ ਸਰਹੱਦੀ ਸਭਾ ਦੀ ਚੋਣ ਵਿਚ ਮੈਨੂੰ ਪ੍ਰਧਾਨਗੀ ਦੀ ਸੇਵਾ ਲਾਈ ਗਈ ਹੈ। ਮੈਂ ਤੇਰਾ ਨਾ ਕਾਰਜਕਾਰੀ ਮੈਬਰਾਂ ਵਿਚ ਸ਼ਾਮਿਲ ਕੀਤਾ ਹੈ। ਅਸਲੀ ਸਾਧਾਰਣ ਮੀਟਿੰਗ ਦੀ ਮਿਤੀ ਅਤੇ ਸਥਾਨ ਬਾਰੇ ਲਿਖਾਂਗਾ। ਵਾਪਸੀ ਡਾਕ ਜਾਂ ਫੋਨ ਤੇ ਇਸ ਪ੍ਰਤੀ ਆਪਣੀ ਰਜ਼ਾਮੰਦੀ ਦੀ ਪਹੁੰਚ ਭੇਜੀ। ਕਾਦੀਆਂ ਸਮਾਗਮ ਤੇ ਖ਼ੂਬ ਰੌਣਕਾਂ ਰਹੀਆਂ। ਤੂੰ ਆਪਣੇ ਚਹੇਤੇ ਸ਼ਾਇਰ ਨੂੰ ਮਿਲ ਵੀ ਲਿਆ। ਤੇਰੀ ਨਜ਼ਮ ਨਾਲੋਂ ਤੇਰੀ ਅਦਾਇਗੀ ਨੇ ਵਧੇਰੇ ਮੁਤਾਸਰ ਕੀਤਾ। ਹੋਰ ਸੰਜੀਦਾ ਹੋਣ ਦੀ ਲੋੜ ਹੈ।

***ਖੁਸਵੰਤ ਕੰਵਲ***

-0-

26/10/06

ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ।

ਦਰਪਣ ਦੇ ਹਥੱਲੇ ਅੰਕ 'ਚ ਆਪ ਜੀ ਦੀ ਗਜ਼ਲ ਪੜ੍ਹੀ ਬਹੁਤ ਚੰਗੀ ਲੱਗੀ। ਤੁਸੀਂ ਬਹੁਤ ਸੋਹਣਾ ਲਿਖਦੇ ਹੋ। ਗਜ਼ਲ ਵਿਚ ਸ਼ਾਇਰ ਨੂੰ ਦਿੱਤੀ ਸਿੱਖਿਆ ਬਹੁਤ ਸਲਾਹੁਣਯੋਗ ਹੈ। ਆਖਰੀ ਦੋ ਲਾਈਨਾਂ ਜੇ ਮੈਨੂੰ ਸਭ ਤੋਂ ਚੰਗੀਆਂ ਲੱਗੀਆਂ।

ਦਿਲਾਂ ਟੁੱਟਿਆਂ ਨੂੰ ਜੋੜਨ ਦਾ ਇਕ ਕੰਮ ਸ਼ਾਇਰ ਦਾ ਹੁੰਦਾ ਹੈ
ਜੇ ਸ਼ਾਇਰ ਹੈ ਤਾਂ ਸ਼ੇਅਰ ਤਾਂਈ ਰੂਹਾਂ ਦਾ ਵੀ ਆਖੀਂ।

ਤੁਹਾਡੀ ਗਜ਼ਲ ਬਹੁਤ ਵਧੀਆ ਹੈ। ਪ੍ਰਮਾਤਮਾ ਕਰੇ ਤੁਸੀਂ ਤਰੱਕੀ ਕਰੋ। ਗਜ਼ਲ ਚਿੱਠੀ ਪੱਤਰ ਰਾਹੀਂ ਰਾਬਤਾ ਰੱਖਿਆ ਕਰੋ। ਤੁਸੀਂ ਤਾਂ ਭੁੱਲ ਹੀ ਜਾਂਦੇ ਹੋ। ਸਤਿ ਸ੍ਰੀ ਅਕਾਲ।

*ਗੁਰਮੀਤ ਆਰਿ.ਫ*

*ਸ਼ੇਰਪੁਰ ਤੈਬਾਂ (ਮੋਗਾ) - 142042*

-0-

ਕੁਲਜੀਤ ਜੀ,

ਸਾਹਿਤਕ ਆਦਾਬ!

ਆਪ ਦਾ ਖ਼ਤ ਪ੍ਰਾਪਤ ਹੋ ਗਿਆ ਸੀ। ਆਪ ਨੂੰ ਰੇਲਵੇ ਵਾਲੇ ਐਡਰੈਸ ਤੇ ਖ਼ਤ ਵੀ ਕੱਢੇ ਸੀ। ਪਰ ਜੁਆਬ ਨਹੀਂ ਆਇਆ। 'ਕੋਸ਼ਿਸ਼' ਦਾ ਨਾਂ ਬਦਲਕੇ 'ਲਿਸ਼ਕਾਰਾ' ਰੱਖ ਦਿੱਤਾ ਸੀ। ਅਤੇ ਆਪ ਦੀਆਂ ਭੇਜੀਆਂ ਰਚਨਾਵਾਂ ਅਤੇ ਪਹਿਲੀ ਫੋਟੋ 'ਲਿਸ਼ਕਾਰਾ' ਵਿਚ ਲਗਾ ਦਿੱਤੀ ਸੀ ਪਰ ਉਸ ਤੋਂ ਬਾਅਦ ਤੁਹਾਡੀਆਂ ਰਚਨਾਵਾਂ ਪ੍ਰਾਪਤ ਨਹੀਂ ਹੋਈਆਂ। ਕ੍ਰਿਪਾ ਕਰਕੇ ਜਲਦੀ ਰਚਨਾਵਾਂ ਪ੍ਰਾਪਤ ਇਕੱਠੀਆਂ ਕਰਕੇ ਭੇਜੋ। ਵੱਖ-ਵੱਖ ਜ਼ਿਲ੍ਹਿਆਂ ਤੋਂ ਅਤੇ ਖਾਸਕਰ ਵਿਦਿਆਰਥੀਆਂ ਅਤੇ ਯੂਥ ਕਲੱਬਾਂ ਦੀਆਂ ਐਡਰੈਸਾਂ ਸਮੇਤ ਰਚਨਾਵਾਂ ਭੇਜੋ! ਅਤੇ ਆਪਣੀ ਕੋਈ ਨਵੀਂ ਤਸਵੀਰ ਵੀ ਭੇਜੋ। ਅਸੀਂ ਅਲੱਖ ਪੇਜ਼ ਤੇ ਕੱਢਣਾ ਚਾਹੁੰਦੇ ਹਾਂ ਸਾਰੇ ਪ੍ਰਤੀਨਿਧਾਂ ਦੀਆਂ ਤਸਵੀਰਾਂ। ਉਮੀਦ ਹੈ ਤੁਸੀਂ ਸਾਡੀ ਬੇਨਤੀ ਕਬੂਲ ਕਰੋਗੇ।

ਆਪ ਦੇ ਪਰਿਵਾਰ ਨੂੰ ਅਤੇ ਆਪ ਨੂੰ ਸਾਲ 2001 ਦੀਆਂ ਮੁਬਾਰਕਾਂ ਵਧਾਈਆਂ 'ਲਿਸ਼ਕਾਰਾ'।

*ਤੁਹਾਡਾ ਸ਼ੁਭ ਚਿੰਤਕ*

*ਗਰਨਾਮ ਸਿੰਘ ਸਿੱਧੂ*

*ਫਿਰੋਜ਼ਪੁਰ*

-0-

23/7/04

ਪਿਆਰੀ ਕੁਲਜੀਤ

ਉਰਦੂ ਦੀ ਪੜ੍ਹਾਈ ਲਈ ਜਾਂ ਤੇ ਘਰ ਬਦਲਨਾ ਪਵੇਗਾ ਜਾਂ ਪਿਤਾ। ਘਰ ਬਦਲਨਾ ਸੌਖਾ ਨਹੀਂ। ਪੜ੍ਹਾਉਣ ਵਾਲਾ ਪਿਤਾ ਬਦਲ ਲਓ। ਹਾਲੀ ਉਰਦੂ ਜਾਨਣ ਵਾਲਿਆਂ ਦੀ ਨਸਲ ਖ਼ਤਮ ਨਹੀਂ ਹੋਈ। ਕਾਇਦਾ ਤੁਹਾਡੇ ਕੋਲ ਪਹਿਲਾਂ ਹੀ ਹੈ।

ਮੈਂ ਖੁਸ਼ ਹਾਂ ਕਿ ਉਰਦੂ ਬੋਲੀ ਪ੍ਰਤੀ ਪਿਆਰ ਰੱਖਣ ਵਾਲਿਆਂ ਵਿਚ ਉਹ ਵੀ ਹਨ ਜਿਹੜੇ ਉਰਦੂ ਨਹੀਂ ਜਾਣਦੇ।

*ਗੁਲਜ਼ਾਰ ਸਿੰਘ ਸੰਧੂ*

ਸਤਿਕਾਰਤ ਕੁਲਜੀਤ ਜੀ,

ਸਤਿ ਸ੍ਰੀ ਅਕਾਲ,

ਆਪ ਦਾ ਖ਼ਤ ਮਿਲ ਗਿਆ ਹੈ। ਇਹ ਜਾਣਕੇ ਬੜੀ ਖੁਸ਼ੀ ਹੋਈ ਕਿ ਤੁਸੀਂ ਐਮ. ਏ. ਦਾ ਦਾਖਲਾ ਲੈ ਲਿਆ ਹੈ। ਪਰ ਐਮ. ਏ. ਦਾ ਵਿਸ਼ਾ ਨਹੀਂ ਦੱਸਿਆ। ਮੇਰਾ ਪਰਿਵਾਰ ਸਾਰਾ ਹੀ ਠੀਕ ਠਾਕ ਹੈ। ਉਮੀਦ ਹੈ ਕਿ ਤੁਸਂ ਤੇ ਤੇਰਾ ਪਰਿਵਾਰ ਵੀ ਠੀਕ ਠਾਕ ਹੋਵੋਗੇ। ਹੋਰ ਤੁਸੀਂ ਮਿਲਣ ਬਾਰੇ ਲਿਖਿਆ ਹੈ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ। ਤੁਸੀਂ ਘਰ ਵੀ ਆ ਸਕਦੇ ਹੋ ਤੇ ਮੈਨੂੰ ਅੰਮ੍ਰਿਤਸਰ ਵੀ ਬੁਲਾ ਸਕਦੇ ਹੋ। 29 ਅਕਤੂਬਰ ਨੂੰ ਆਰਟ ਗੈਲਰੀ ਅੰਮ੍ਰਿਤਸਰ ਇਥੇ ਸਾਹਿਤਕ ਪ੍ਰੋਗਰਾਮ ਹੋ ਰਿਹਾ ਹੈ। ਸ਼ਾਇਦ ਮੈਂ ਜਾਵਾਂ। 1 ਨਵੰਬਰ ਨੂੰ ਗਦਰੀ ਬਾਬਿਆਂ ਦਾ ਮੇਲਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਿਹਾ ਹੈ। ਜ਼ਰੂਰ ਹੀ ਪਹੁੰਚਣ ਦੀ ਖੇਚਲ ਕਰਨੀ। ਮਿਲਣ ਦਾ ਪ੍ਰੋਗਰਾਮ ਬਣਾ ਲਵੋਂ।

ਧੰਨਵਾਦ ਸਾਹਿਤ

*ਗੁਰਦਿਆਲ ਸਿੰਘ*

–0–

ਦੋਸਤ
ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਮੈਂ ਵੈਸੇ ਪਹਿਲਾਂ ਵੀ ਤੁਹਾਨੂੰ ਖ਼ਤ ਲਿਖ ਚੁੱਕਾ ਹਾਂ ਪਰ ਤੁਸੀਂ ਕੋਈ ਜੁਆਬ ਨਹੀਂ ਦਿੱਤਾ। ਕੈਸਿਟ ਫੋਟੂਆਂ ਲਗਵਾਉਣ ਬਾਰੇ ਮੈਂ ਦੁਆਰਾ ਕਲੀਅਰ ਕਰਦਾ ਹਾਂ ਕਿ ਇਸ ਨਾਲ ਅਸੀਂ ਕੈਸਿਟ ਕਲਚਰ ਦੀ ਤਰੱਕੀ ਬਾਰੇ ਨਹੀਂ ਬਲ ਕਿ ਸਿਰਫ਼ ਕੰਪਨੀ ਦੀ ਤਰੱਕੀ ਬਾਰੇ ਸੋਚਿਆ ਹੈ। ਸੱਭਿਆਚਾਰ ਦੀ ਤਰੱਕੀ ਦਾ ਸੰਬੰਧ ਗੀਤਾਂ ਨਾਲ ਹੈ ਇਸ ਬਾਰੇ ਤੁਸੀਂ ਸਾਡੀ ਕੈਸਿਟ ਸੁਣੋ ਕਿੱਥੋਂ ਅਸੀਂ ਗਲਤ ਹਾਂ ਸਾਨੂੰ ਲਿਖ ਕੇ ਭੇਜੋ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ। ਪਹਿਲੀ ਕੈਸਿਟ ਸੀ "ਕਾਲੀ ਸੱਪਣੀ" ਸਾਡੀ ਅਗਲੀ ਪੇਸ਼ਕਸ਼ "ਜਵਾਨੀ ਜੋਰਾਂ ਤੇ"। ਇਸ ਤੋਂ ਅੱਗੇ ਭੁਪਿੰਦਰ ਕੌਰ ਮੁਹਾਲੀ ਦੀ ਆਵਾਜ਼ ਪੂਰੀ ਕੈਸਿਟ ਅਤੇ ਇਕ ਹੋਰ ਨਵੀਂ ਕਲਾਕਾਰ ਪੇਸ਼ ਕਰਾਂਗੇ। ਗੀਤ ਲਿਖੇ ਹੋਣ ਤਾਂ ਭੇਜੋ।

*ਗਗਨਦੀਪ ਸਿੰਘ*

–0–

22/12

ਪਿਆਰੀ ਬੀਬਾ ਕੁਲਜੀਤ

ਨਵੇਂ ਸਾਲ ਦੀ ਵਧਾਈ ਲਈ ਧੰਨਵਾਦ! ਸਾਡੇ ਵਲੋਂ ਵੀ ਆਪ ਦੀ ਰਾਜੀ ਖੁਸ਼ੀ ਤੇ ਚੜ੍ਹਦੀ ਕਲਾ ਲਈ ਸ਼ੁਭ ਇੱਛਾਵਾਂ। ਕੋਈ ਵਿਕਾਸ, ਉਨਤੀ ਵਿਮਾਸ ਤੇ ਕੋਈ ਸਾਹਿਤਕ ਵਿਧੀ!

*ਹਿੱਤੂ*
*ਗੁਰਚਰਨ ਸਿੰਘ ਔਲਖ*

***ਫੋਨ ਨੰ: 98158-32914***

–0–

21/6/2000

ਮੈਡਮ ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਕੋਸ਼ਿਸ਼ ਤੋਂ ਬਾਅਦ 'ਲਿਸ਼ਕਾਰਾ' ਨਾਂ ਦਾ ਮੈਗਜ਼ੀਨ ਛਪ ਚੁੱਕਾ ਹੈ ਜਿਸ ਵਿਚ ਤੁਹਾਡੀ ਫੋਟੋ ਅਤੇ ਰਚਨਾ ਵੀ ਛਪ ਚੁੱਕੀ ਹੈ। 27/6/2000 ਨੂੰ ਲੁਧਿਆਣਾ ਵਿਚ ਰੀਲੀਜ਼ ਹੋ ਰਿਹਾ ਹੈ ਅਤੇ ਜਲਦੀ ਹੀ ਅੰਮ੍ਰਿਤਸਰ ਬੱਸ ਸਟੈਂਡ ਤੇ ਪਹੁੰਚ ਜਾਵੇਗਾ। ਉਮੀਦ ਹੈ ਤੁਸੀਂ ਸਾਨੂੰ ਸਾਥ ਜ਼ਰੂਰ ਦਿਓਗੇ। ਇਸ ਵਾਰ ਤੁਸੀਂ ਕੋਈ ਰਚਨਾ ਨਹੀਂ ਭੇਜੀ। ਪੁਰਾਣੀਆਂ ਹੀ ਲਗਾਈਆਂ ਹਨ। ਉਮੀਦ ਹੈ ਅੱਗੇ ਤੋਂ ਆਪ ਅਪਰੇਟ ਕਰੋਗੇ ਅਤੇ ਕਵਿਤਾਵਾਂ ਖਾਸ ਕਰ ਮਿੰਨੀ ਕਹਾਣੀਆਂ ਅਤੇ ਹਾਸ ਵਿਅੰਗ ਭੇਜਣ ਦੀ ਕੋਸ਼ਿਸ਼ ਕਰਨਾ।

*ਸੰਪਾਦਕ (ਲਿਸ਼ਕਾਰਾ)*
*ਗੁਰਨਾਮ ਸਿੱਧੂ*
*ਪਿੰਡ : ਟਿੱਬੀ ਕਲਾਂ, ਡਾਕ : ਟਿੱਬੀ ਖੁਰਦ*
*ਫਿਰੋਜ਼ਪੁਰ - 152023*

–0–

**ਕਾਰਡ ਨੰ: 1**

ਸਤਿਕਾਰਯੋਗ ਵੱਡੀ ਭੈਣ ਜੀ,
ਸਤਿ ਸ੍ਰੀ ਅਕਾਲ।

ਭੈਣ ਕੁਲਜੀਤ ਹੋਰ ਗੱਲਾਂ ਕਰਨ ਤੋਂ ਪਹਿਲਾਂ ਆਪਣੇ ਬਾਰੇ ਦੱਸ ਦੇਵਾਂ। ਮੈਂ ਗੁਰਪਾਲ ਸਿੰਘ ਬਿਲਾਵਲ ਇਕ ਗੁਰਸਿੱਖ ਲੜਕਾ ਸਰਕਾਰੀ ਰਣਬੀਰ ਕਾਲਜ ਦਾ ਵਿਦਿਆਰਥੀ ਹਾਂ। ਬੀ. ਏ. 1 ਦੇ ਪੇਪਰ ਦਿੱਤੇ ਆ। ਚਿੱਠੀ ਲਿਖਣ ਦਾ ਕਾਰਣ ਆਪ ਨੂੰ ਮੁਬਾਰਕਵਾਦ ਦੇਣਾ ਹੈ ਕਿਉਂਕਿ ਆਪ ਦਾ ਨਾਂ ਪੰਜਾਬੀ ਗਜ਼ਲ ਸਾਹਿਤ ਵਿਚ ਉਘਾ ਹੁੰਦਾ ਜਾ ਰਿਹਾ ਹੈ। ਮੈਂ ਆਪਦੀਆਂ ਕਈ ਗਜ਼ਲਾਂ ਪੜ੍ਹੀਆਂ ਹਨ ਜਿੰਨ੍ਹਾਂ ਨੂੰ ਇਸ ਤਰ੍ਹਾਂ ਕਹਿ ਸਕਦਾ ਹਾਂ ਕਿ ਅਮਰਜੀਤ ਸਿੰਘ ਸੰਧੂ ਦੇ ਦੋ ਮਾਸਿਕ ਪੱਤਰ 'ਨੁਕਤਾ' ਵਿਚ ਰਾਮ ਸਰੂਪ ਅਣਖੀ ਦੇ 'ਕਹਾਣੀ ਪੰਜਾਬ' ਵਿਚ ਅਤੇ ਹੋਰ ਰਸਾਲਿਆਂ ਦੇ ਅਖ਼ਬਾਰਾਂ ਵਿਚ ਆਪ ਦੀਆਂ ਪੜ੍ਹ ਚੁੱਕਾ ਹਾਂ। ਗਜ਼ਲਾਂ ਤੋਂ ਛੁੱਟ ਤੁਹਾਡੇ ਵਿਚ ਕਹਾਣੀ ਕਹਿਣ ਦੀ ਸਮਰੱਥਾ ਵੀ ਹੈ ਇਹ ਮੈਂ ਜਾਣਦਾ ਹਾਂ। 12 ਮਈ 2002 ਨੂੰ ਅਜੀਤ ਮੈਗਜ਼ੀਨ ਵਿਚ ਆਪਦੀ ਕਹਾਣੀ 'ਚਪੇੜਾਂ' ਵੀ ਪੜ੍ਹੀ। ਬੇਹੱਦ ਪਸੰਦ ਆਈ। ਹੁਣ ਆਪਣੇ ਬਾਰੇ ਵੀ ਦੱਸਾਂ ਕਿ ਮੈਂ ਵੀ ਗਜ਼ਲ ਲਿਖਦਾ ਹੁੰਨਾਂ। ਮੈਂ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ ਅਤੇ ਅਖੀਰ ਵਿਚ ਸੱਚ ਪੁੱਛੋਂ ਤਾਂ ਤੁਹਾਡੇ ਤੋਂ ਵੀ ਪ੍ਰਭਾਵਿਤ ਹੋ ਕੇ ਗਜ਼ਲ ਲਿਖਣ ਲੱਗਿਆ ਹਾਂ। ਡਾ. ਸੁਰਜੀਤ ਪਾਤਰ ਦੇ ਕਾਵਿ ਸੰਗ੍ਰਹਿ "ਹਵਾ

ਵਿਚ....” ਵਿਚ ਪਤਾ ਨਹੀਂ ਕੀ ਜਾਦੂ ਹੈ ਜਿਸਨੇ ਮੇਰੇ ਵਰਗੇ ਨਿਕੰਮੇ ਨੂੰ ਵੀ ਗਜ਼ਲ ਲਿਖਣ ਲਈ ਪ੍ਰੇਰਿਤ ਕੀਤਾ।

*ਗੁਰਪਾਲ ਸਿੰਘ ਬਿਲਾਵਲ।*

–0–

**ਕਾਰਡ ਨੰ: 2**

ਸੰਗ੍ਰਹਿ “ਪਤਝੜ ਵਿਚ ਪੁੰਗਰਦੇ ਪੱਤੇ ਤੋਂ ਵੀ ਪ੍ਰਭਾਵਿਤ ਹੋਇਆ ਹਾਂ। ਤੁਹਾਡੀਆਂ ਹੁਣ ਤੱਕ ਜਿੰਨੀਆਂ ਰਚਨਾਵਾਂ ਪੜ੍ਹੀਆਂ ਹਨ ਮੈਨੂੰ ਸਭ ਨੇ ਪ੍ਰਭਾਵਿਤ ਕੀਤਾ ਹੈ। ਵੱਡੀ ਭੈਣ ਜੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੀਆਂ ਗ਼ਜ਼ਲਾਂ ਅਜੀਤ ਮੈਗਜ਼ੀਨ ਵਿਚ (ਕਾਵਿ ਮਹਿਫਿਲ ਜਾਂ ਗਜ਼ਲ ਮਹਿਫ਼ਲ ਅਧੀਨ) ਛਪਵਾਇਆ ਕਰੋ। ਭੈਣ ਜੀ ਮੈਂ ਪਹਿਲਾਂ ਤਾਂ ਸਧਾਰਨ ਗਜ਼ਲ ਹੀ ਲਿਖਦਾ ਸੀ ਪਰ ਜਦੋਂ ਸਾਡੇ ਕਾਲਜ ਵਿਚ ਸੁਰਜੀਤ ਪਾਤਰ ਨਾਲ ਰੂ–ਬ–ਰੂ ਪ੍ਰੋਗਰਾਮ ਕਰਵਾਇਆ ਤੇ ਗਜ਼ਲ ਸੁਣਾ ਕੇ ਮੈਂ ਡਾ. ਪਾਤਰ ਤੋਂ ਸ਼ਾਬਾਸ ਲਈ ਤਾਂ ਪਾਤਰ ਸਾਹਿਬ ਦੇ ਇਨ੍ਹਾਂ ਬੋਲਾਂ ਨੇ – “ਤੇਰੀ ਗਜ਼ਲ ਬਹੁਤ ਵਧੀਆਂ ਸੀ ਬਈ” ਮੈਨੂੰ ਵਧੀਆ ਗਜ਼ਲ ਲਿਖਣ ਲਾ ਦਿੱਤਾ। ਤੁਹਾਡਾ ਛੋਟਾ ਵੀਰ ਰੱਬ ਅੱਗੇ ਦੁਆ ਕਰਦਾ ਹੈ ਕਿ, “ਭੈਣ ਗਜ਼ਲ ਸਾਹਿਤ ਵਿਚ ਮੰਨੀ ਪ੍ਰਮੰਨੀ ਪ੍ਰਸਿੱਧ ਗਜ਼ਲਕਾਰ ਬਣੇ। “ਮੈਂ ਆਪਣੇ ਕੁਝ ਸ਼ੇਅਰ ਇਥੇ ਲਿਖਣਾ ਚਾਹੁੰਦਾ ਹਾਂ।

ਹੱਥ ਸੀਤਲ ਜਲ ਉਠਾ ਕੇ ਧਾਰ ਜਿਹੀ ਬੰਨ੍ਹ ਕੇ,
ਤਪਦੀਆਂ ਹਿੱਕਾਂ ਤੇ ਮੈਂ ਪਾਇਆ ਕਰਾਂਗਾ ਦੋਸਤੋਂ

ਕਦੇ ਕਦੇ ਤਾਂ ਵਾਂਗ ਰੁਕਾਵਟ ਬਣਦੇ ਸਾਡੇ ਗ਼ਮ
ਸਫ਼ੇ ਨੂੰ ਪੱਧਰ ਅਤੇ ਕਲਮ ਨੂੰ ਬੂੰਦ ਬਣਾਉਂਦੇ ਨੇ।

ਗਜ਼ਲਾਂ ਦੀ ਟੁੱਟੀ ਹੋਈ ਕੈਸਿਟ ਦਾ ਫੀਤਾ,
ਕਿਸੇ ਰੁੱਖ ਦੇ ਨਾਲ ਬੰਨ੍ਹਿਆ ਸੀ ਜਦ ਮੈਂ,
ਫਿਰ ਉਡਦਾ ਉਹ ਪੌਣਾਂ ’ਚ ਲੱਗਦਾ ਸੀ ਏਂਦਾ,
ਕਿ ਟੁੱਟ ਕੇ ਵੀ ਕੈਸਿਟ ਗਜ਼ਲ ਗਾ ਰਹੀ ਹੈ।

ਤੰਗ ਵੈਰੀ ਦੀ ਜਦੋਂ ਮੁੜ ਮਿਆਨ ਦੇ ਵਿਚ ਪੈ ਗਈ,
ਫਿਰ ਸਾਹ ਉਹ ਪਹਿਲੇ ਹੋ ਗਏ ਲਗਦੇ ਸੀ ਜਿਹੜੇ ਆਖਰੀ।

ਕਰ ਲਿਆ ਕਬੂਲ ਕਾਲੀ ਰਾਤ ਦੇ ਸਮਰਥਕਾਂ,
ਰੌਸ਼ਨੀ ਦਾ ਜੋਸ਼ ਹੋ ਕੇ ਰੌਸ਼ਨੀ ਦੇ ਰੂ–ਬ–ਰੂ

*ਤੁਹਾਡਾ ਛੋਟਾ ਵੀਰ ਗੁਰਪਾਲ ਸਿੰਘ ਧਾਲੀਵਾਲ*
*ਪੱਤੀ ਜਵੰਧਾ, ਭੈਣੀ ਜੱਸਾ ਰੋਡ ਧਨੌਲਾ, (ਸੰਗਰੂਰ) - 148105*

ਕੁਲਜੀਤ ਜੀ

ਗ਼ਜ਼ਲਾਂ ਠੀਕ ਹਨ। ਪਰ ਏਨੀਆਂ ਰਾਵਾਂ। ਏਨੇ ਸ਼ੁਕਰਾਨੇ। ਤੌਬਾ।
ਸਰਦਾਰ ਪੰਛੀ ਤੋਂ ਚੰਗੀ ਸਲਾਹ ਹੋਰ ਕਿਥੋਂ ਮਿਲੇਗੀ?
ਲਿਖਣਾ ਜਾਰੀ ਰੱਖੋ। ਚੰਗਾ ਹੈ।

- ***ਗੁਲਜ਼ਾਰ ਸਿੰਘ ਸੰਧੂ***

–0–

25/11/2005

ਪਿਆਰੀ ਬੇਟੀ ਕੁਲਜੀਤ ਗ਼ਜ਼ਲ,
ਪਿਆਰ ਭਰੀ ਸਤਿ ਸ੍ਰੀ ਅਕਾਲ,

ਤੇਰੀ ਕਿਤਾਬ ਦਾ ਮੁੱਖ ਬੰਧ ਲਿਖਿਆ ਕਿੰਨੇ ਹੀ ਦਿਨ ਹੋ ਗਏ ਹਨ ਪਰ ਮੇਰੇ ਕੋਲ ਤੇਰਾ ਐਡਰੈਸ ਨਹੀਂ ਸੀ। ਮੈਂ ਪੰਛੀ ਸਾਹਿਬ ਨੂੰ ਫੋਨ ਕਰਦੀ ਰਹੀ ਪਰ ਉਹ ਵੀ ਆਊਟ ਆਫ਼ ਸਟੇਸ਼ਨ ਰਹੇ। ਹੁਣ ਜਦੋਂ ਆਏ ਹਨ ਤਾਂ ਮੈਂ ਉਨ੍ਹਾਂ ਕੋਲੋਂ ਐਡਰੈਸ ਲੈ ਕੇ ਤੈਨੂੰ ਮੁੱਖ ਬੰਧ ਭੇਜ ਰਹੀ ਹਾਂ। ਹੋ ਸਕਦਾ ਹੈ ਹੁਣ ਤੱਕ ਕਿਤਾਬ ਛਪ ਵੀ ਗਈ ਹੋਵੇ ਪਰ ਮੇਰਾ ਕਸੂਰ ਨਹੀਂ ਹੈ। ਕਿਉਂਕਿ ਪਹਿਲਾਂ ਵੀ ਤਾਂ ਪੰਛੀ ਸਾਹਿਬ ਨੇ ਕਿਹਾ ਕਿ ਮੇਰੇ ਪਾਸ ਤਾਂ ਕੁਲਜੀਤ ਕੋਈ ਖਰੜਾ ਹੀ ਨਹੀਂ ਛੱਡ ਕੇ ਗਈ। ਕੁਝ ਦਿਨਾਂ ਬਾਅਦ ਕਹਿਣ ਲੱਗੇ ਕਿ ਹਾਂ ਸੱਚ ਕੁਝ ਗ਼ਜ਼ਲਾਂ ਉਸ ਰਹਿ ਗਈਆਂ ਸਨ ਉਹ ਲੈ ਜਾ। ਸੋ ਮੈਂ ਗ਼ਜ਼ਲਾਂ ਲੈ ਕੇ ਆਈ ਤਾਂ ਕੁਝ ਸ਼ਬਦ ਲਿਖ ਸਕੀ ਹਾਂ।

ਕੁਲਜੀਤ ਜੇ ਤੈਨੂੰ ਮੁੱਖ ਬੰਧ ਪਸੰਦ ਆਵੇ ਤਾਂ ਕਿਤਾਬ ਵਿਚ ਸ਼ਾਮਲ ਕਰ ਲੈਣਾ ਜੇ ਪਸੰਦ ਨਾ ਆਵੇ ਤਾਂ ਵੀ ਮੈਨੂੰ ਕੋਈ ਗਿਲਾ ਸ਼ਿਕਵਾ ਨਹੀਂ ਹੋਵੇਗਾ। ਚਿੱਠੀ ਪਹੁੰਚਣ ਤੇ ਫੋਨ ਜ਼ਰੂਰ ਕਰੀਂ। ਤੂੰ ਜੋ ਫੋਨ ਨੰਬਰ message ਰਾਹੀਂ ਭੇਜਿਆ ਹੈ 98550-56551 ਇਸ ਫੋਨ ਤੇ ਮੈਂ ਕਈ ਦਿਨਾਂ ਤੋਂ ਟ੍ਰਾਈ ਕਰ ਰਹੀ ਹਾਂ ਕਦੇ ਤਾਂ ਮਿਲਦਾ ਹੀ ਨਹੀਂ, ਜੇ ਮਿਲਦਾ ਹੈ ਤਾਂ ਮੋਬਾਇਲ ਸਵਿੱਚ ਆਫ਼ ਦੀ ਰਟ ਲਗਾਈ ਰੱਖਦਾ ਹੈ।

ਬਾਕੀ ਸਭ ਠੀਕ ਹੈ। ਸਾਰੇ ਪਰਿਵਾਰ ਨੂੰ ਮੇਰੇ ਵਲੋਂ ਸਤਿ ਸ੍ਰੀ ਅਕਾਲ।

***ਗੁਰਚਰਨ ਕੌਰ ਕੋਚਰ***

–o–

7/10/2003

**ਪ੍ਰਤੀ**

ਸਤਿਕਾਰਯੋਗ ਕੁਲਜੀਤ ਗ਼ਜਲ ਸਤਿ ਸ੍ਰੀ ਅਕਾਲ

ਮੈਨੂੰ ਤੁਹਾਡੀ ਉਮਰ ਦਾ ਅੰਦਾਜ਼ਾ ਨਾ ਹੋਣ ਕਰਕੇ, ਤੁਹਾਡਾ ਨਾਮ ਹੀ ਸੰਬੋਧਤ ਲਈ ਵਰਤ ਰਿਹਾ, ਆਸ ਹੈ ਆਪ ਨੂੰ ਕੋਈ ਇਤਰਾਜ ਨਹੀਂ ਹੋਵੇਗਾ।

ਕੁਲਜੀਤ ਮੈਂ ਕਾਫ਼ੀ ਸਮੇਂ ਤੋਂ ਤੇਰੀਆਂ ਰਚਨਾਵਾਂ ਪੜ੍ਹਦਾ ਆ ਰਿਹਾ ਹਾਂ। ਮੈਂ ਤੁਹਾਡੀ ਇਕ ਰਚਨਾ ਜਲੰਧਰ, ਦੋਸਤ ਦੇ ਘਰ ਪੜ੍ਹੀ ਸੀ ਸ਼ਾਇਦ ਸਮਰਾਟ ਵਿਚ।

ਕਈ ਵਾਰ ਤੁਹਾਨੂੰ ਖ਼ਤ ਲਿਖਣ ਲਈ ਸੋਚਿਆ ਪਰ ਖ਼ਤ ਲਈ ਪਤਾ ਨਾ ਹੋਣ ਕਰਕੇ ਫਿਰ ਰੁਕ ਜਾਂਦਾ ਸਾਂ।

ਬੀਤੀ ਦਿਨੀ 28/9/03 ਜਗਬਾਣੀ ਵਿਚ ਤੁਹਾਡੀਆਂ 2 ਗ਼ਜ਼ਲਾਂ ਪੜ੍ਹੀਆਂ ਤਾਂ ਤੁਹਾਡਾ ਪਤਾ ਹੀ ਮਿਲ ਗਿਆ। ਤੁਹਾਡੀਆਂ ਰਚਨਾਵਾਂ 'ਚ ਬ੍ਰਿਹੋ ਦਾ ਦਰਦ ਹੈ। ਲੇਖਣੀ ਚੰਗੀ ਹੈ ਪਰ ਆਪਣੀ ਕਲਮ ਨੂੰ ਕਿਰਤੀ ਲੋਕਾਂ ਲਈ ਵੀ ਚਲਾਓ।

ਮੈਂ ਕੈਨੇਡਾ, ਅਮਰੀਕਾ ਚੰਡੀਗੜ੍ਹ ਤੋਂ ਛਪਦੇ ਪਰਵਾਸੀ ਹਮਦਰਦ ਦਾ ਪ੍ਰੈਸ ਰਿਪੋਰਟਰ ਹਾਂ ਅਤੇ ਤੁਹਾਡੇ ਬਾਰੇ ਫੋਟੋ ਫੀਚਰ ਲਿਖਣਾ ਚਾਹੁੰਦਾ ਹਾਂ।

ਸੋ ਕ੍ਰਿਪਾ ਕਰਕੇ ਆਪਣਾ ਪੂਰਾ ਬਾਇਓਡਾਟਾ, 2 ਰੰਗਦਾਰ ਫੋਟੋ, ਪਰਿਵਾਰਕ ਅਤੇ ਆਪਣੇ ਬਾਰੇ ਪੂਰੀ ਜਾਣਕਾਰੀ ਲਿਖੋ।

*ਡਾ. ਗੁਰਚਰਨ ਭਗਤੂਆਣਾ*
*ਨੇੜੇ ਜੈਤੋ - 151202 (ਫਰੀਦਕੋਟ)*

-o-

**9/10/2001**

ਬੀਬੀ ਕੁੜੀ ਕੁਲਜੀਤ,

ਅਦਾਬ ਪੁੱਜੇ। ਤੁਹਾਡੀਆਂ ਗ਼ਜ਼ਲਾਂ ਅਤੇ ਮਿੰਨੀ ਕਹਾਣੀਆਂ ਮਿਲ ਗਈਆਂ ਸਨ। ਇਸ ਸੰਦਰਭ ਵਿਚ ਮੈਂ ਤੁਹਾਡੇ ਪੱਤਰ ਵਿਚ ਅੰਕਿਤ ਬਟਾਲੇ ਵਾਲੇ ਪਤੇ ਉੱਪਰ ਇਕ ਭਾਵਪੂਰਤ ਪੱਤਰ ਵੀ ਲਿਖਿਆ ਸੀ। ਕੀ ਤੁਹਾਨੂੰ ਪ੍ਰਾਪਤ ਹੋਇਆ ਹੈ ਜਾਂ ਨਹੀਂ। ਇਸ ਬਾਰੇ ਤੁਰੰਤ ਸੂਚਿਤ ਕਰਨਾ। ਇਸ ਸੰਦਰਭ ਵਿਚ ਮੇਰਾ ਉਦਾਸ ਹੋਣਾ ਅਤੇ ਫ਼ਿਕਰਮੰਦ ਹੋਣਾ ਕੁਦਰਤੀ ਹੈ। ਹੁਣ ਮੈਂ ਤੁਹਾਡੇ ਕਾਲਜ ਵਾਲੇ ਪੱਤਰ ਉੱਪਰ ਇਹ ਚੰਦ ਲਾਇਨਾਂ ਲਿਖ ਰਿਹਾ ਹਾਂ। ਆਪਣੀ ਸਿਹਤਯਾਬੀ ਬਾਰੇ ਵੀ ਲਿਖਣਾ। ਪੱਤਰ ਦਾ ਜੁਆਬ ਉਡੀਕ ਉਡੀਕ ਕੇ ਮੈਂ ਨਿ ਰਾਸ਼ ਵੀ ਹੋਇਆ ਹਾਂ ਅਤੇ ਅਵਾਜ਼ਾਰ ਵੀ। ਕੀ ਸਭ ਖ਼ੈਰੀਅਤ ਤਾਂ ਹੈ? ਇਸ ਬਾਰੇ ਫੌਰਨ ਸੂਚਨਾ ਦਿਓ ਕਿਉਂਕਿ ਨੇਕ-ਪਾਕ ਰੂਹਾਂ ਨੂੰ ਤਰੱਕੀ ਦੇਣਾ ਮੇਰਾ ਕ੍ਰਮ ਨਹੀਂ ਅਤੇ ਨਾ ਹੀ ਮੇਰੀ ਸੂਖ਼ਮ ਆਤਮਾ ਤੋਂ ਇਸਦਾ ਬੋਝ ਝੱਲਿਆ ਜਾਂਦਾ ਹੈ। ਪ੍ਰਮਾਤਮਾ ਕਰੇ ਸਭ ਖ਼ੈਰੀਅਤ ਹੋਵੇ ਅਤੇ ਖ਼ੁਦਾਵੰਦ ਕਰੀਮ ਅੱਗੇ ਮੇਰੀ ਇਹ ਅਰਜ਼ੋਈ ਵੀ ਹੈ। ਕਿਸੇ ਕੁਤਾਹੀ ਅਣਚਾਹੀ ਉਕਾਈ ਲਈ ਖਿਮਾ ਦਾ ਜਾਚਕ ਹਾਂ। ਮਿਹਰਬਾਨੀ ਕਰਕੇ ਸਭ ਕੁਝ ਤਫ਼ਸੀਲ ਨਾਲ ਲਿਖੋ। ਤੁਹਾਡੇ ਚੰਗੇ ਭਵਿੱਖ ਲਈ ਢੇਰ ਸਾਰੀਆਂ ਦੁਆਵਾਂ।

ਅਪਣਤ ਸਹਿਤ

*ਗੁਰਚਰਨ ਚੀਮਾ*

-o-

ਮੈਂ ਆਪ ਜੀ ਨੂੰ ਕੀ ਕਹਿਕੇ ਸੰਬੋਧਨ ਕਰਾਂ ਮੈਂ ਸੋਚਦਾ ਹਾਂ ਤਾਂ ਸਮਝ ਵਿਚ ਨਹੀਂ ਆਉਂਦਾ ਕੀ ਕਹਾਂ ਮੈਂ ਆਪਦੀ ਇਹ ਗਜਲ ਜਦੋਂ ਪੜ੍ਹੀ ਹੈ ਤਾਂ ਮੈਂ ਪੁਰਾਣੇ

ਗ਼ਜ਼ਲਗੋਆਂ ਵਲ ਧਿਆਨ ਮਾਰਦਾ ਹਾਂ ਤਾਂ ਆਪ ਦੀ ਤੁਲਨਾ ਪਾਤਰ ਸ਼ਿਵ, ਪਾਸ਼ ਉਲਫਤ ਵਰਗੇ ਨਾਮਵਰਾਂ ਵਿਚ ਹੁੰਦੀ ਹੈ ਪਰ ਮੈਂ ਆਪਦੀ ਨਾ ਤਾਂ ਕੋਈ ਗਜਲ ਨਾਂ ਹੀ ਕਿਤਾਬ ਪੜ੍ਹੀ ਹੈ ਇਸ ਲਈ ਮੈਂ ਆਪ ਨੂੰ ਬੀਬੀ ਜੀ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਰਿਸਤੇ ਤੋਂ ਬਾਹਰ ਵੀ ਮੇਰੇ ਖਿਆਲ ਵਿਚੋਂ ਸਤਿਕਾਰਯੋਗ ਲਫ਼ਜ ਹੈ ਜੋ ਬਹੁਤੀ ਜਗ੍ਹਾ ਵਰਤਿਆ ਜਾਂਦਾ ਹੈ ਇਸ ਲਈ ਜੋ ਆਪਣੇ ਦਲੇਰੀ ਭਰੀ ਗ਼ਜ਼ਲ ਲਿਖੀ ਹੈ ਇਸ ਤੋਂ ਆਪ ਜੀ ਦਾ ਰੁਤਬਾ ਬਹੁਤ ਹੀ ਉੱਚਾ ਹੈ ਅਗਰ ਕਿਸੇ ਦੇਸ਼ ਭਗਤ ਨਾਲ ਕਰਾਂ ਤਾਂ ਸ਼ਾਇਦ ਆਪ ਜੀ ਨੂੰ ਕਿਸ ਤਰ੍ਹਾਂ ਦਾ ਲੱਗੇਗਾ ਮੁਕਦੀ ਗੱਲ ਹਾਲੇ ਮੈਂ ਆਪ ਜੀ ਨੂੰ ਇਕ ਭੈਣ ਨਾਤੇ ਸਤਿਕਾਰ ਦੇਣਾ ਚਾਹੁੰਦਾ ਹਾਂ ਅਗਰ ਇਹੋ ਜਿਹੀ ਮੇਰੀ ਸੱਚੀ ਭੈਣ ਲਿਖਦੀ ਜਾਂ ਲਿਖ ਸਕਦੀ ਤਾਂ ਮੈਂ ਕਿੰਨਾ ਕੁ ਮਾਣ ਕਰਦਾ ਇਹ ਅੰਦਾਜ਼ਾ ਤੁਸੀਂ ਲਾ ਹੀ ਸਕਦੇ ਹੋ ਸੋ ਭੈਣ ਬਣਕੇ ਇਕ ਤਾਂ ਆਪ ਦਾ ਗੀਤਾਂ ਦਾ ਸਫ਼ਰ ਅਤੇ ਇਕ ਜੋ ਕੋਈ ਆਪ ਜੀ ਦੀ ਕਿਤਾਬ ਛਪੀ ਹੈ ਉਸਦਾ ਨਾਂ ਜਾਂ ਜਿਥੋਂ ਕਿਤਾਬ ਮਿਲੇ ਉਸ ਜਗ੍ਹਾ ਦਾ ਨਾਂ ਦੱਸਣਾ ਅਗਰ ਕੋਈ ਆਪਣਾ ਗ਼ਜ਼ਲਾਂ ਦਾ ਗੁਲਦਸਤਾ ਕਿਤੇ ਆਪਣੇ ਵੀਰ ਨੂੰ ਭੇਜੋਗੇ ਤਾਂ ਮੈਂ ਸਮਝਾਂਗਾ ਮੇਰੀ ਭੈਣ ਜੀ ਨੇ ਰੱਖੜੀ ਭੇਜੀ ਹੈ ਸੋ ਬੀਬੀ ਜੀ ਅਗਰ ਮੈਂ ਲੰਬਾ ਚੌੜਾ ਲਿਖਦਾ ਹਾਂ ਤਾਂ ਖਾਸ ਮਤਲਬ ਨਹੀਂ ਨਿਕਲਦਾ ਹੈ ਤਾਂ ਸਿਰਫ਼ ਮੇਰੇ ਅਕਾਲ ਪੁਰਖ ਮੇਰੇ ਸੱਚੇ ਸਤਿਗੁਰੂ ਦੀ ਅਪਾਰ ਕ੍ਰਿਪਾ ਦੀ ਬਖਸ਼ਿਸ ਨਾਲ ਆਪ ਜੀ ਨੂੰ ਉਸ ਪ੍ਰਮਾਤਮਾ ਦੀ ਬਖਸ਼ੀ ਕਲਮ ਦੀਆਂ ਹੀ ਕੁਝ ਗ਼ਜ਼ਲਾਂ, ਗੀਤ ਆਪਣੇ ਦਿਲ ਦੇ ਖਜ਼ਾਨੇ ਵਿਚ ਰੱਖਣਾ ਚਾਹੁੰਦਾ ਹਾਂ ਮੈਂ ਮੇਰਾ ਸਿਰਨਾਵਾਂ ਤਾਂ ਜੋ ਮੈਂ ਲਿਖ ਰਿਹਾ ਉਹੀ ਹੈ ਪਰ ਮੇਰੀ ਬਾਬਾ ਬੁਢਾ ਜੀ ਸਾਹਿਬ ਦੇ ਚਰਨ ਧੂੜ ਧਰਤੀ ਦੀ ਛੋਹ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ ਅਗਰ ਆਪ ਮੇਰੇ ਮਨ ਦੀ ਉਸਲਵਟ ਨੂੰ ਸਮਝਣੇ ਹੋਏ ਇਸ ਗਰੀਬ ਪਾਠਕ ਜੋ ਕਿ ਸਦਾ ਹੀ ਵਧੀਆ ਗੀਤਕਾਰਾਂ, ਗ਼ਜ਼ਲਕਾਰਾਂ ਦਾ ਹੀ ਦਿਲ ਵਿਚ ਸਤਿਕਾਰ ਸਾਂਭ ਕੇ ਬੈਠਾ ਹੈ ਮੈਂ ਇਹ ਚਿੱਠੀ ਨੂੰ ਲਿਖਣ ਲਈ 1 ਮਿੰਟ ਲਾਇਆ ਹੈ ਪਰ ਜਿਸ ਦਿਨ ਅਖ਼ਬਾਰ ਵਿਚ ਗ਼ਜ਼ਲ ਪੜ੍ਹੀ ਹੈ ਚਿੱਠੀ ਖਿਆਲਾਂ ਵਿਚ ਰੋਜ ਹੀ ਲਿਖਦਾ ਪੜ੍ਹਦਾ ਹਾਂ ਸੋ ਉਮੀਦ ਹੈ ਆਪ ਆਪਣਾ ਕੁਛ ਨਾ ਕੁਛ ਸਮਝਦੇ ਹੋਏ ਕਿਉਂਕਿ ਜੋ ਵਧੀਆ ਐਕਟਰਸ ਗੀਤਕਾਰ ਗਾਇਕ ਹਨ ਉਨ੍ਹਾਂ ਨੂੰ ਆਪਣੇ ਚਾਹੁਣ ਵਾਲਿਆਂ ਦਾ ਠੀਕ ਠੀਕ ਪਤਾ ਨਹੀਂ ਹੁੰਦਾ ਸੋ ਮੇਰੇ ਪਿਆਰੇ ਭੈਣ ਜੀ ਬਣਕੇ ਚਿੱਠੀ ਅਤੇ ਗ਼ਜ਼ਲਾਂ ਬਾਰੇ ਕਦੋਂ ਤੇ ਕਿੰਨੇ ਸੰਗ੍ਰਹਿ ਅਤੇ ਨਾਂ ਅਤੇ ਮਿਲਣ ਦਾ ਪਤਾ ਦੱਸਣਾ ਮੈਨੂੰ ਮੇਰਾ ਦਿਲ ਕਹਿੰਦਾ ਹੈ ਕਿ ਜੋ ਇਹੋ ਜਿਹੀ ਗ਼ਜ਼ਲ ਲਿਖ ਸਕਦਾ ਹੈ ਉਹ ਕੋਈ ਮਾਮੂਲੀ ਨਹੀਂ ਬਲਕਿ ਕੋਈ ਪ੍ਰਮਾਤਮਾ ਦੀ ਭੇਜੀ ਹੋਈ ਖਾਸ ਰੂਹ ਹੈ ਇਸ ਲਈ।

ਮੇਰੇ ਵੱਲੋਂ ਆਪ ਜੀ ਨੂੰ ਸਤਿਕਾਰ ਸਾਹਿਤ ਸਤਿ ਸ੍ਰੀ ਅਕਾਲ

*ਆਪਦਾ ਛੋਟਾ ਵੀਰ*

*ਗੁਰਚਰਨ ਸਿੰਘ ਪੁੱਤਰ ਮੱਖਣ ਸਿੰਘ, ਪਿੰਡ ਮਹਿਮੂਦਪੁਰ ਗਾਦੜੀਆਂ*

*ਡਾਕ ਕੇਰਾਣਾ ਬੇਟ ਬਕਾਚੌਰ, ਨਵਾਂ ਸ਼ਹਿਰ ਦੁਆਬਾ*

–o–

31/12/2002

ਪਿਆਰੇ ਦੋਸਤ,
ਹੈਲੋ

ਇਕ ਰਿਸ਼ਤਾ ਸੀ ਸਮੁੰਦਰ 'ਚ ਰਹਿ ਕੇ ਵੀ ਭਿੱਜ ਨਾ ਸਕੇ
ਇਕ ਰਿਸ਼ਤਾ ਸੀ ਰੇਗਿਸਤਾਨ ਖਲੋਤਿਆਂ
ਠੰਡੀ ਹਵਾ ਸਾਡੀ ਰੂਹ ਨੂੰ ਸਾਰ ਸਾਰ ਕਰ ਗਈ

ਮੈਂ ਤੁਹਾਡੀਆਂ ਗ਼ਜ਼ਲਾਂ ਐਤਵਾਰ ਦੇ ਜਗਬਾਣੀ ਵਿਚ ਪੜ੍ਹੀਆਂ ਬਹੁਤ ਹੀ ਅੱਛੀਆਂ ਲੱਗੀਆਂ, ਗ਼ਮਗੀਨ ਹੈ ਗ਼ਜ਼ਲਾਂ, ਹੋਰ ਦੋਸਤ ਮੈਂ ਵੀ ਨਜਮ ਜਾਂ ਗ਼ਜ਼ਲਾਂ ਲਿਖਦਾ ਹਾਂ ਪਰ ਮੈਨੂੰ ਉਨ੍ਹਾਂ ਨੂੰ ਸਹੀ ਕਰਨ ਵਾਸਤੇ ਕੋਈ ਨਹੀਂ ਮਿਲਿਆ ਮੈਨੂੰ ਤੁਹਾਡੇ ਆਸਰੇ ਦੀ ਲੋੜ ਐ ਮੈਂ ਜੋ ਨਜ਼ਮਾਂ ਲਿਖੀਆਂ ਮੈਂ ਅਗਲੇ ਲੈਟਰ ਵਿਚ ਆਪ ਨੂੰ ਲਿਖਾਂਗਾ।

ਜੇਕਰ ਤੁਹਾਨੂੰ ਕੋਈ ਸ਼ਿਕਵਾ ਜਾਂ ਸ਼ਿਕਾਇਤ ਨਾ ਹੋਵੇ ਤਾਂ ਹੀ ਮੈਂ ਲਿਖਾਂਗਾ, ਮੈਂ ਆਪ ਦਾ ਬਹੁਤ ਧੰਨਵਾਦੀ ਹੋਵਾਂਗਾ।

ਦੋਸਤੀ ਖੁਸ਼ੀ ਨੂੰ ਦੁਗਣਾ ਕਰਦੀ ਹੈ ਅਤੇ ਦੁੱਖ ਨੂੰ ਵੰਡਾਉਂਦੀ ਹੈ।

ਆਪ ਦਾ ਦੋਸਤ

***ਗੁਰਜੀਤ ਸਿੰਘ, ਇੰਡੀਅਨ ਸੀਡ ਸਟੋਰ***
***ਧਨੌਲਾ ਰੋਡ, ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ***

-o-

2/12/2003

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ,

ਮੈਂ ਆਪਣੀ ਜਗ੍ਹਾ ਪਰ ਠੀਕ ਹਾਂ ਆਸ ਕਰਦਾ ਹਾਂ ਤੁਸੀਂ ਵੀ ਠੀਕ ਹੋਵੋਗੇ, ਹੋਰ ਕੁਲਜੀਤ ਜੀ ਆਪ ਨਾਲ ਕੁਝ ਸਮੇਂ ਤੋਂ ਸੰਪਰਕ ਨਹੀਂ ਹੋ ਸਕਿਆ ਮੈਂ ਇਥੇ ਨਹੀਂ ਸੀ ਮੈਂ ਆਪਣੀ ਕੰਪਨੀ ਦੇ ਕੰਮ ਤੇ ਖੰਨਾ ਗਿਆ ਹੋਇਆ ਸੀ, ਫਿਰ ਉਸ ਤੋਂ ਬਾਅਦ ਬਠਿੰਡਾ ਜਾਣਾ ਪਿਆ। ਦੇਰੀ ਦੀ ਮੁਆਫ਼ੀ ਆਪ ਦੀਆਂ ਗ਼ਜ਼ਲਾਂ ਮੈਂ ਪੜ੍ਹੀਆਂ ਸਨ ਸਿਰਫ਼ ਦੋ ਮਿੰਟ, ਮੈਨੂੰ ਯਾਦ ਨਹੀਂ ਰਿਹਾਂ, ਕਿਸ ਪੇਪਰ ਤੇ ਆਈਆਂ ਸਨ ਦੱਸਣਾ, ਹੋਰ ਮੰਮੀ, ਡੈਡੀ, ਭੈਣ, ਭਰਾ, ਠੀਕ ਹਨ ਦੱਸਣਾ, ਮੈਂ ਤਾਂ ਅਕਸਰ ਟੂਰ ਤੇ ਰਹਿੰਦਾ ਹਾਂ ਕੁਝ ਲਿਖਣ ਨੂੰ ਟਾਇਮ ਹੀ ਨਹੀਂ ਮਿਲਦਾ, ਆਪਨੇ ਜੋ ਲਿਖਿਆ ਸੀ ਬਹੁਤ ਹੀ ਵਧੀਆ ਸੀ, ਪਰ ਯਾਦ ਨਹੀਂ, ਹੋਰ ਦੱਸਣਾ ਤੁਸੀਂ ਅੱਜ ਕੱਲ੍ਹ ਕੀ ਕਰਦੇ ਹੋ, ਅੱਜ ਵੀ ਬੜੀ ਮੁਸ਼ਕਲ ਨਾਲ ਟਾਇਮ ਕੱਢਿਆ ਹੈ ਹੋਰ ਕੁਲਜੀਤ ਜੀ, ਭੈਣਾਂ ਤਾਂ ਭੈਣਾਂ ਹੁੰਦੀਆਂ ਹਨ ਤੁਸੀਂ ਵੀ ਕਦੀ ਫੋਨ ਨਹੀਂ ਕੀਤਾ, ਤੁਹਾਡੇ ਕੋਲ, ਮੇਰਾ ਫੋਨ ਨੰਬਰ ਤਾਂ ਹੋਵੇਗਾ, 98155-70899 ਹੈ, ਤੁਸੀਂ ਸਿਰਫ਼ ਮੈਸ ਕੋਲ ਮਾਰ ਕੇ ਛੱਡ ਦਿਆ ਕਰੋ, ਆਪ ਹੀ ਕਰ ਲਿਆ ਕਰਾਂਗਾ, ਮੈਨੂੰ ਘੋਲ ਬਹੁਤ ਹੁੰਦੀ ਹੈ ਅੱਜ ਕਰਦਾ ਕੱਲ੍ਹ ਕਰਦਾ, ਅਸੀਂ ਇਸ ਤਰ੍ਹਾਂ ਹੀ ਦਿਨ ਨਿਕਲ ਜਾਂਦੇ ਹਨ ਹੋਰ ਬੰਦ ਕਰਦਾ ਹਾਂ, ਕੋਈ ਗਲਤੀ ਹੋਵੇ ਤਾਂ ਮੁਆਫ਼ ਕਰਨਾ। ਮੰਮੀ, ਡੈਡੀ, ਭਰਾ ਨੂੰ ਸਤਿ ਸ੍ਰੀ ਅਕਾਲ।

–o–

ਲਿਖ ਤੁਮ ਗੁਰਦੀਪ ਸੰਦਲੀ, ਅੱਗੇ ਮਿਲੇ
ਮਿਸ ਕੁਲਜੀਤ (ਗਜ਼ਲ)

ਸਭ ਤੋਂ ਪਹਿਲਾਂ ਮੇਰੇ ਵੱਲੋਂ ਆਪ ਜੀ ਨੂੰ ਅਤੇ ਆਪ ਦੇ ਸਾਰੇ ਪਰਿਵਾਰ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਕਬੂਲ ਕਰਨੀ, ਮਿਸ ਕੁਲਜੀਤ ਜੀ ਅਸੀਂ ਸੰਗੀਤ ਦਰਪਣ ਵਿਚ ਇੱਕ ਤੁਹਾਡਾ ਗੀਤ ਪੜ੍ਹਿਆ ਸੀ ਜਿਸ ਦੇ ਬੋਲ ਸਨ,

"ਤੇਰਾ ਮੇਰਾ ਪਿਆਰ ਤਾਂ ਦੋ ਰੂਹਾਂ ਦਾ ਮੇਲ,
ਮਿਲਣਾ ਅਸਾਡਾ ਨਹੀਂ ਏ ਜਿਸਮਾਂ ਦਾ ਖੇਲ"।

ਜੋ ਸਾਨੂੰ ਬਹੁਤ ਵਧੀਆ ਲੱਗਿਆ। ਇਸ ਗੀਤ ਤੋਂ ਖੁਸ਼ ਹੈ ਕਿ ਅਸੀਂ ਤੁਹਾਨੂੰ ਇੱਕ ਖ਼ਤ ਲਿਖਣ ਲੱਗੇ ਹਾਂ। ਮਿਸ ਕੁਲਜੀਤ ਜੀ ਮੈਂ ਤੁਹਾਨੂੰ ਆਪਣੇ ਬਾਰੇ ਵੀ ਕੁਝ ਦੱਸਣਾ ਚਾਹੁੰਦਾ ਹਾਂ, ਸ਼ਾਇਦ ਤੁਹਾਨੂੰ ਸੁਣ ਕੇ ਬਹੁਤ ਖੁਸ਼ੀ ਹੋਵੇਗੀ, ਤੁਸੀਂ ਸੁਣਿਆ ਹੋਵੇਗਾ ਨਾਂ 'ਜਿੰਦਰ ਜਿੰਦਾ' ਯੂ. ਕੇ. ਤੋਂ, ਜਿਨ੍ਹਾਂ ਦੀ ਕੈਸਟ ਆਈ ਸੀ 'ਛੜਿਆਂ ਦੀ ਜੂਨ ਖਰਾਬ, ਰੱਬਾ ਹੁਣ ਕੀ ਕਰੀਏ, ਘੁੱਗੀ ਠੱਪ ਆਈਆਂ ਸਨ। ਮੈਂ ਉਨ੍ਹਾਂ ਦਾ ਛੋਟਾ ਭਰਾ ਹਾਂ। ਥੋੜੇ ਸਮੇਂ ਤੱਕ ਮੇਰੀ ਕੈਸਿਟ ਮੁੰਬਈ ਦੀ ਕਿਸੇ ਵੱਡੀ ਕੰਪਨੀ ਵਿਚ ਆ ਰਹੀ ਹੈ। ਇਸੇ ਕਰਕੇ ਮੈਨੂੰ ਤੁਹਾਡੇ ਵਰਗੇ ਵਧੀਆ ਗੀਤਕਾਰਾਂ ਦੇ ਗੀਤਾਂ ਦਾ ਜ਼ਰੂਰਤ ਹੈ। ਇਸ ਕਰਕੇ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਪਲੀਜ 2-4 ਗੀਤ ਮੈਨੂੰ 'ਬੀਟ ਸੌਂਗ' ਭੇਜਣੇ। ਮੈਨੂੰ ਇਹੋ ਜਿਹੇ ਗੀਤਾਂ ਦੀ ਲੋੜ ਹੈ। ਕਿਉਂਕਿ ਅੱਜ ਕੱਲ ਮਾਰਕੀਟ ਵਿਚ ਜ਼ਿਆਦਾ ਗੀਤ 'ਬੀਟ' ਹੀ ਚੱਲਦੇ ਹਨ। ਕਿਸੇ ਨਵੇਂ ਵਿਸ਼ੇ ਤੇ ਗੀਤ ਲਿਖ ਕੇ ਮੈਨੂੰ ਭੇਜਣੇ। ਆਪ ਦੇ ਗੀਤਾਂ ਦੀ ਮੈਂ ਉਡੀਕ ਰੱਖਾਂਗਾ।

*ਗੁਰਦੀਪ ਸੰਦਲੀ ਕੇਅਰ ਆ.ਫ ਜਿੰਦਰ ਜਿੰਦਾ (ਮਿਊਜ਼ੀਕਲ ਗਰੁੱਪ)*
*ਕਮਾਨ ਸਿੰਘ ਕੰਪਲੈਕਸ, ਨੇੜੇ ਬੱਸ ਸਟੈਂਡ ਲੁਧਿਆਣਾ।*

–o–

ੴ ਸਤਿਗੁਰ ਪ੍ਰਸਾਦਿ॥
ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸੱਰੁ॥
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥ (੩੯੭)
ਗੁਰਮੁਖ ਪਿਆਰੇ ਬੇਟਾ ਬੀਬੀ ਕੁਲਜੀਤ ਕੌਰ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।

ਮਿਤੀ 31/7/2006 ਨੂੰ ਲਿਖੀ ਅੱਜ ਅਗਸਤ 17, 2006 ਨੂੰ ਆਪ ਜੀ ਦੀ ਇਛਿਆ ਅਨੁਸਾਰ ਉੱਤਰ ਹਾਜ਼ਰ ਹੈ। ਹਾਰਦਿਕ ਪ੍ਰਸੰਨਤਾ ਹੋਈ ਹੈ ਕਿ ਤੁਹਾਡੇ ਜੇਹੀ ਗੁਣਵਾਨ ਪੁੱਤਰੀ ਨੂੰ ਗੁਰਮਤਿ ਸਮਝ ਕੇ ਉਸ ਅਨੁਸਾਰ ਜੀਵਨ ਢਾਲੀ ਰੱਖਣ ਦੀ ਲਗਨ ਹੈ। ਨਵੰਬਰ 1947 ਤੋਂ 1957 ਪੁਲੀਸ ਵਿਚ ਸਾਰੀ ਲਿਖਾ ਪੜ੍ਹੀ ਉਰਦੂ ਵਿਚ ਤੇ ਫਿਰ 1981 ਤਾਈ ਉਰਦੂ ਲਿਪੀ ਨਾਲ ਰਲੀ ਡਬਖੜੱਬੀ ਪੰਜਾਬੀ ਵਿਚ।

ਚੰਗੀ ਚਿੱਠੀ ਵੀ ਨਾ ਲਿਖ ਸਕਣ ਵਾਲੇ ਨੀਮ ਪੜ੍ਹੇ ਨੇ 1992 ਵਿਚ ਪਹਿਲੀ ਪੁਸਤਕ ਦਾ ਖਰੜਾ ਲਿਖਣ ਦਾ 'ਪੰਗਾ' ਸਹੇੜ ਬੈਠਾ ਸਾਂ। ਮੇਰੇ ਵਰਗੇ ਕੱਚੇ ਪਿੱਲੇ ਲਿਖਾਰੀ ਨੂੰ 'ਯ' ਅਤੇ 'ਜ' ਅੱਖਰਾਂ ਦੀ ਵਰਤੋਂ ਦੀ ਸੂਝ ਹੀ ਨਹੀਂ ਸੀ ਜੀ? ਭੁੱਲ ਨੂੰ ਧਿਆਨ ਵਿਚ ਲਿਆਉਣ ਦਾ ਧੰਨਵਾਦ ਹੈ ਜੀ। ਏਵੇਂ ਹੀ ਹੈ ਕਿਤੇ ਗੁਰਮਤਿ ਵਿਚਾਰਾਂ ਲਿਖਣ ਵਿਚ ਭੁੱਲਾਂ ਹੋਈਆਂ ਹੋਣ ਤਾਂ ਬੜੀ ਉਦਾਰਤਾ ਸਹਿਤ ਖੁੱਲ੍ਹ ਕੇ ਲਿਖ ਭੇਜਣ ਦੀ ਖੇਚਲ ਨਾਲ ਕਿਰਤਾਰਥ ਕਰਨਾ ਜੀ। ਆਸ ਹੈ ਆਪ ਜੀ ਨੂੰ ਸਾਰੀਆਂ ਪੁਸਤਕਾਂ ਗੁਰਮਤਿ ਦੀ ਨਵੀਂ ਤੋਂ ਨਵੀਂ ਜਾਣਕਾਰੀ ਦੇਣ ਦੀ ਸੇਵਾ ਕਰੀ ਰੱਖਣਗੀਆਂ। ਅੱਜ ਤਾਈ 13 ਪੁਸਤਕਾਂ ਛਪ ਚੁੱਕੀਆਂ ਹਨ। ਦਾਸਰੇ ਨੇ 'Akalsahai Cheritable Trust Rgtd Sector No. 8 Chandigarh' ਨੂੰ ਪੁਸਤਕਾਂ ਦੀ ਛਪਾਈ, ਵਿਕਰੀ ਅਤੇ ਸੰਭਾਲ ਦੇ ਸਾਰੇ ਅਧਿਕਾਰ ਟਰੱਸਟ ਨੂੰ ਸੌਂਪ ਦਿੱਤੇ ਹੋਏ ਹਨ - ਭਾਰਤ ਸਰਕਾਰ ਵਿਚ ਆਈ. ਏ. ਐਸ. ਦੀ ਪੋਸਟ ਤੇ ਸੇਵਾ ਕਰ ਚੁੱਕੇ ਸ. ਗੁਰਤੇਜ ਸਿੰਘ ਜੀ ਉਸ ਟਰੱਸਟ ਦੇ ਗਵਰਨਰ ਹਨ। ਪੁਸਤਕਾਂ ਪ੍ਰਾਪਤ ਕਰਨ ਦਾ ਪਤਾ ਇਸ ਪ੍ਰਕਾਰ ਹੈ, ਟਰੱਸਟ ਐਡਰੈਸ ਉਨ੍ਹਾਂ ਦਾ ਘਰ ਹੀ ਹੈ। ਕੇਹਰ ਸਿੰਘ, ਹਾਊਸ ਨੰ : 420, E-mail: jasbir1699@yahoo.com.

ਦਾਸਰੇ ਨੂੰ ਚਿੱਠੀ ਪੱਤਰ ਭੇਜਣਾ ਚਾਹੋ ਤਾਂ ਮੇਰਾ ਪਤਾ ਇਸ ਪ੍ਰਕਾਰ ਹੈ - 50 Histon Crescent-Brampton L6V ONTARIO CANADA ਸੰਪਰਕ ਬਣਾਈ ਰੱਖਣਾ ਜੀ। ਆਪ ਜੀ ਦਾ ਈ-ਮੇਲ ਐਡਰੈਸ ਹੋਵੇ ਤਾਂ ਗੁਰੂ ਪੰਥ ਦੇ ਇਸ ਸੇਵਕ ਨੂੰ ਸੂਚਤ ਕਰ ਦੇਣਾ ਗੁਰਮਤਿ ਬਾਰੇ ਬੜਾ ਕੁਝ ਭੇਜ ਸਕਦਾ ਹਾਂ। ਸਾਰੇ ਪਰਿਵਾਰ ਲਈ ਸ਼ੁਭ ਇਛਿਆਵਾਂ ਚਾਹੁੰਦਾ ਹੋਇਆ ਗੁਰਮਤਿ ਅਨੁਸਾਰ ਜੀਵਨ ਬਣਾ ਰਹੀਆਂ ਗੁਰਮੁਖਾਂ ਦੀ ਚਰਨ ਧੂੜ-ਲਗਾਂ ਮਾਤਰਾਂ ਦੀਆਂ ਭੁਲਾਂ ਦੀ ਸੁਧਾਈ ਕਰ ਲੈਣ ਦੀ ਬੇਨਤੀ ਕਰਦਾ।

*ਗੁਰਬਖਸ਼ ਸਿੰਘ*

-o-

ੴ
ਬੜੇ ਚਾਵਾਂ ਤੇ ਸਤਿਕਾਰ ਨਾਲ
ਸਤਿਕਾਰਤ ਕੁਲਜੀਤ ਗਜ਼ਲ ਜੀਓ,
ਸਤਿ ਸ੍ਰੀ ਅਕਾਲ।
ਸਤਿਕਾਰਤ ਕੁਲਜੀਤ ਗਜ਼ਲ ਜੀਓ,

ਮੈਂ ਆਪ ਜੀ ਦੁਆਰਾ ਲਿਖੀਆਂ ਰਚਨਾਵਾਂ ਤਾਂ ਅਕਸਰ ਹੀ ਅਖ਼ਬਾਰਾਂ/ ਮੈਗਜ਼ੀਨਾਂ ਵਿਚ ਪੜ੍ਹਦਾ ਰਹਿੰਦਾ ਹਾਂ। ਤੁਹਾਡੇ ਕੋਲ ਹਰ ਗੱਲ ਕਹਿਣ ਦਾ ਤਰੀਕਾ ਬੜਾ ਵਧੀਆ ਤੇ ਲਾਜਵਾਬ ਹੈ। ਤੁਹਾਡੀਆਂ ਰਚਨਾਵਾਂ ਪੜ੍ਹਕੇ ਸਿੱਧ ਹੁੰਦਾ ਹੈ ਕਿ ਤੁਹਾਡੇ ਦਿਮਾਗ਼ ਦੀ ਡਿਕਸ਼ਨਰੀ ਦਾ ਭੰਡਾਰ ਬੜਾ ਡੂੰਘਾ ਤੇ ਵਿਸ਼ਾਲ ਹੈ।

ਬਾਕੀ ਦੋਸਤ, ਕਦੋਂ, ਕਿੱਥੇ, ਕੌਣ ਇਸ ਸੰਸਾਰ ਨੂੰ ਛੱਡ ਜਾਵੇ, ਕਿਸੇ ਨੂੰ ਕੋਈ ਇਲਮ ਨਹੀਂ ਪਰ ਇਸ ਸੰਸਾਰ ਵਿਚ ਖੁੱਲੀ ਕਿਤਾਬ ਵਾਂਗ ਵਿਚਰਨਾ ਹਰ ਇੱਕ ਦੇ ਵਸ ਦਾ ਕੰਮ ਨਹੀਂ ਤੁਹਾਡੇ ਬਾਰੇ ਜਾਣਨ ਦੀ ਇੱਛਾ ਤਾਂ ਕਾਫ਼ੀ ਸਮੇਂ ਦੀ ਸੀ

ਪਰ ਪਤਾ ਅੱਜ ਹੀ 'ਮੁਲਾਕਾਤ 'ਚ' ਪੜ੍ਹਿਆ ਤੇ ਚਿੱਠੀ ਲਿਖ ਰਿਹਾ ਹਾਂ, ਤੁਹਾਡੀ 'ਹੱਡ ਬੀਤੀ' ਵੀ ਪੜ੍ਹੀ ਤੇ ਸੁਖਪਾਲ ਸਿੰਘ ਦਾ ਖ਼ਤ ਵੀ। ਹਾਂ ਇੱਕ ਗੱਲ ਜ਼ਰੂਰ ਏ ਜੇ ਔਰਤਾਂ ਨੂੰ ਮਰਦਾਂ ਦੀ ਬਰਾਬਰੀ ਦੀ ਗੱਲ ਪੱਕੀ ਕਰਨੀ ਏ ਤਾਂ ਤੁਹਾਡੇ ਵਰਗੀਆਂ ਔਰਤਾਂ ਦੀ ਲੋੜ ਏ ਜੋ ਜਿਉਣ ਤਾਂ ਸਿੱਦਕ ਨਾਲ ਖੁੱਲੀ ਕਿਤਾਬ ਵਾਂਗ ਕਿਉਂਕਿ ਆਮ ਕੁੜੀਆਂ ਸੰਗ ਸ਼ਰਮ ਦਾ ਮਤਲਬ ਲੈ ਆਪਣੇ ਹੱਕ ਮੰਗਦੀਆਂ ਹੀ ਨਹੀਂ।

ਸਾਲਾ! ਤੁਸੀਂ ਪੰਜਾਬੀ ਸਾਹਿਤ ਖੇਤਰ ਵਿਚ ਇੱਕ ਦਿਨ ਧ੍ਰੂਰ ਤਾਰੇ ਵਾਂਗ ਚਮਕੋ, ਇਹੀ ਮੇਰੀ ਦੁਆ ਏ। ਆਪਣੇ ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਕਹਿਣਾ। ਤੁਹਾਡੀ ਦੋਸਤੀ ਤੇ ਖ਼ਤ ਦੀ ਉਡੀਕ 'ਚ।

*ਗੁਰਸੇਵਕ 'ਚੁੱਘੇ ਖੁਰਦ' (ਲੇਖਕ)*
*ਪਿੰਡ - ਚੁੱਘੇ ਖੁਰਦ*
*ਡਾਕ - ਬਹਿਮਣ ਦੀਵਾਨਾ*
*ਤਹਿ ਤੇ ਜ਼ਿਲ੍ਹਾ - ਬਠਿੰਡਾ*

–o–

ਅਜ਼ੀਜ਼
ਕੁਲਜੀਤ ਗ਼ਜ਼ਲ ਜੀ!

ਅੱਜ ਤੁਹਾਡਾ ਫੀਚਰ ਬੀਬਾ ਕੁਲਵੰਤ ਦੁਆਰਾ ਲਿਖੇ ਜਾਂਦੇ ਹਫ਼ਤਾਵਾਰੀ ਕਾਲਮ 'ਪਰਿੰਦਿਆਂ ਦੀ ਪਰਵਾਜ਼' ਵਿਚ ਪੜ੍ਹਿਆਂ। ਪਹਿਲਾਂ ਵੀ ਇੱਕਾ ਦੁੱਕਾ ਮੁਲਾਕਾਤਾਂ ਤੁਹਾਡੀਆਂ ਰਚਨਾਵਾਂ ਨਾਲ ਕੁਝ ਮੈਗਜ਼ੀਨਾਂ ਜਾਂ ਅਖ਼ਬਾਰਾਂ ਵਿਚ ਹੋਈਆਂ। ਇੱਕ ਵਾਰ ਪਹਿਲਾ ਵੀ ਤੁਹਾਡੇ ਬਾਰੇ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਿਆ ਸੀ। ਇਸ ਤੋਂ ਅਗਲੀ ਵਾਕਫੀਅਤ ਜੋ ਤੁਹਾਡੀਆਂ ਲਿਖਤਾਂ ਨਾਲ ਹੋਈ ਉਹ ਤੁਹਾਡੀ ਭੈਣ ਰਾਹੀਂ। ਮੈਂ ਨੌਰੇ (ਨਵਾਂ ਸ਼ਹਿਰ) ਈ. ਟੀ. ਟੀ. ਕਰ ਰਿਹਾ ਸਾਂ। ਇਸ ਬਾਬਤ ਸਿਰਫ਼ ਇੱਕ ਮੁਲਾਕਾਤ ਤੁਹਾਡੇ ਭੈਣ ਜੀ ਨਾਲ ਹੋਈ ਸੀ। ਅੱਜ ਫੇਰ ਏਸ ਮੁਲਾਕਾਤ ਵਿਚ ਕਾਫ਼ੀ ਕੁਝ ਤਰੋਤਾਜਾ ਹੋਇਆ। ਤੁਹਾਡੀਆਂ ਮੰਜ਼ਿਲਾਂ, ਤੁਹਾਡੇ ਨਿਸ਼ਾਨਿਆਂ ਬਾਰੇ ਵਿਚ, ਤੇ ਤੁਹਾਡੇ ਅਕੀਦਿਆ ਬਾਰੇ ਜਾਣ ਕੇ ਬੜੀ ਖੁਸ਼ੀ ਹੋਈ। ਸਾਹਿਤ ਦੇ ਪੁਜਾਰੀਆਂ ਦਾ ਇਹ ਰਾਹੋ ਅਖਤਿਆਰ ਕਿਸੇ ਸੂਝ ਬੂਝ ਦੀ ਲੋੜ ਨਹੀਂ। ਤੁਹਾਡੀਆਂ ਰਚਨਾਵਾਂ ਕਾਬਲੇ-ਏ-ਤਾਰੀਫ਼ ਹਨ। ਭਾਵੇਂ ਤੁਹਾਡੀ ਬੁੱਕ ਤਾਂ ਨਹੀਂ ਪੜ੍ਹੀ ਪਰ ਕੁਝ ਰਚਨਾਵਾਂ ਦੇ ਅਧਿਐਨ ਰਾਹੀਂ ਹੀ ਇਹ ਗੱਲ ਪਤਾ ਲੱਗਦੀ ਹੈ। ਵਕਤ ਦੇ ਖਪੇੜਿਆ ਦੀਆਂ ਮਾਰਾਂ ਝੱਲਦੇ, ਅੱਤਿਆਚਾਰਾਂ ਤੇ ਜ਼ਾਲਮਾਂ ਦੇ ਸਤਾਏ ਇੱਕ ਦਿਨ ਜ਼ਰੂਰ ਅਜਿਹੇ ਕੁੰਦਨ ਬਣੋਗੇ ਜਿਸਦਾ ਕੋਈ ਸ਼ਾਨੀ ਨਹੀਂ। ਅੰਤ ਵਿਚ ਤੁਹਾਡੀਆਂ ਰਚਨਾਵਾਂ ਅਤੇ ਤੁਹਾਡੀ ਸੋਚ ਸਦਕਾ ਮਿਥੇ ਨਿਸ਼ਾਨਿਆਂ ਨੂੰ ਮੁਬਾਰਕਬਾਦ।

ਆਮੀਨ!

*- ਗੁਰਨੈਬ ਸਿੰਘ ਮੰਘਾਣੀਆਂ*
*ਪਿੰਡ ਤੇ ਡਾਕ ਮੰਘਾਣੀਆਂ (ਬੁਢਲਾਡਾ), ਮਾਨਸਾ*

–o–

ਅਧੂਰੇ ਖ਼ਤ ਦੀ ਇਬਾਰਤ

ਪਰਮ ਸਤਿਕਾਰ ਯੋਗ,
ਮੇਰੇ ਮਾਤਾ ਜੀ, ਪਿਤਾ ਜੀ!

ਛੋਟੀਆਂ ਭੈਣਾਂ, ਕੁਲਜੀਤ ਗ਼ਜ਼ਲ ਹਰਿੰਦਰ ਕਾਹਲੋਂ.... ਤੇ ਛੋਟੇ ਵੀਰ ਜੀ! ਮੋਹ ਭਰੀ ਸਤਿ ਸ੍ਰੀ ਅਕਾਲ! ਅਸੀਂ ਆਪਣੀ ਜਗ੍ਹਾ ਰਾਜੀ ਖੁਸ਼ੀ ਹਾਂ ਆਪ ਜੀ ਦੀ ਰਾਜੀ ਖੁਸ਼ੀ ਪ੍ਰਮਾਤਮਾ ਪਾਸੋਂ ਮੰਗਦਾ ਰਹਿੰਦਾ ਹਾਂ। ਸਮਾਚਾਰ ਇਹ ਹੈ ਕਿ 20 ਮਈ ਦਿਨ ਐਤਵਾਰ 2007 ਦਾ ਦਿਨ ਮੇਰੇ ਵਾਸਤੇ ਬਹੁਤ ਖੁਸ਼ੀ ਭਰਿਆ ਸੀ ਜਦੋਂ ਮੈਂ ਤੁਹਾਡੀ ਨੂੰਹ ਤੇ ਪੋਤਰੀ ਆਪ ਜੀ ਦੇ ਘਰ ਵਿਚ ਆਪ ਜੀ ਦੇ ਰੂਬਰੂ ਸਾਂ। ਮੇਰੀ ਬਹੁਤ ਚਿਰਾਂ ਦੀ ਰੀਝ ਸੀ ਕਿ ਮੈਂ ਆਪ ਜੀ ਨੂੰ ਆਪ ਜੀ ਦੇ ਘਰ ਵਿਖੇ ਮਿਲਾ ਕਾਰਨ ਇਹ ਸੀ ਕਿ ਮੇਰੀ ਛੋਟੀ ਭੈਣ ਕੁਲਜੀਤ ਗ਼ਜ਼ਲ ਨੇ ਕਈ ਵਰਿਆਂ ਤੋਂ ਪੰਜਾਬੀ ਗ਼ਜ਼ਲ ਵਿਚ ਤਹਿਲਕਾ ਮਚਾ ਰੱਖਿਆ ਹੋਇਆ ਹੈ ਇਸ ਕਰਕੇ ਮੈਂ ਆਪਣੀ ਭੈਣ, ਮਾਤਾ ਪਿਤਾ ਅਤੇ ਛੋਟੀਆਂ ਭੈਣਾਂ ਤੇ ਛੋਟੇ ਵੀਰ ਨੂੰ ਮਿਲਣਾ ਚਾਹੁੰਦਾ ਸਾਂ ਅਤੇ ਉਹ ਘਰ ਵੀ ਵੇਖਣਾ ਚਾਹੁੰਦਾ ਸੀ ਜਿਥੇ ਬੈਠ ਕੇ ਮੇਰੀ ਛੋਟੀ ਭੈਣ ਨੇ ਸੁਲਘਦੇ ਹਰਫ਼ਾਂ ਨੂੰ ਸ਼ਾਇਰੀ ਰਾਹੀ ਕਲਮਬੰਦ ਕੀਤਾ ਸੀ। ਬੱਸ ਇਹੋ ਗਬੱਬ ਸਾਨੂੰ ਤਲਵੰਡੀ ਖੁੰਮਣ ਦੀਆਂ ਗਲੀਆਂ ਵਿਚੋਂ ਦੀ ਘਰ ਦੀ ਦਹਿਲੀਜ਼ ਤੱਕ ਲੈ ਕੇ ਆਇਆ। ਮੇਰੇ ਮਾਤਾ ਜੀ ਪਿਤਾ ਜੀ ਛੋਟੀਆਂ ਭੈਣਾਂ ਤੇ ਵੀਰ ਜੀ ਤੁਸਾਂ ਸਾਨੂੰ ਨਿਮਾਣਿਆਂ ਨੂੰ ਜਿਹੜਾ ਮਾਣ ਸਤਿਕਾਰ ਦਿੱਤਾ ਮੈਂ ਕਦੇ ਵੀ ਦਿਲ 'ਚੋਂ ਵਿਸਾਰ ਨਹੀਂ ਸਕਦਾ। ਮੈਂ ਤੁਹਾਡਾ ਬੱਚਾ ਅਤੇ ਮੇਰਾ ਪਰਿਵਾਰ ਆਪ ਜੀ ਦੇ ਹਰ ਦੁੱਖ-ਸੁੱਖ ਵਿਚ ਸ਼ਾਮਲ ਰਹੇਗਾ। ਮੈਂ ਆਪ ਜੀ ਦਾ ਵੱਡਾ ਲੜਕਾ ਹਾਂ ਛੋਟੀਆਂ ਭੈਣਾਂ ਕੁਲਜੀਤ ਗ਼ਜ਼ਲ, ਹਰਿੰਦਰ ਕਾਹਲੋਂ ਅਤੇ ਛੋਟੇ ਵੀਰ ਦਾ ਵੱਡਾ ਭਰਾ ਹਾਂ ਮੈਂ ਤੁਹਾਡੀਆਂ ਬਾਹਵਾਂ ਬਣ ਕੇ ਰਹਾਂਗਾ।

... ਕੁਝ ਦਿਨ ਛੋਟੀ ਭੈਣ ਕੁਲਜੀਤ ਨੂੰ ਮੈਂ ਆਪ ਜੀ ਦੇ ਪਾਸ ਆਉਣ ਦੀ ਇੱਛਾ ਦੱਸੀ ਤਾਂ ਸਾਡੇ ਆਉਣ ਲਈ ਹੁੰਗਾਰਾ ਭਰਿਆ। ਮੈਂ ਕੁੱਝ ਚਿਰ ਸੋਚੀਂ ਪਿਆ ਰਿਹਾ। ਸਾਡੇ ਲਈ ਨਵਾਂ ਇਲਾਕਾ, ਨਵਾਂ ਰਾਹ ਪਰ ਫਿਰ ਵੀ ਤੁਹਾਡੀ ਨੂੰਹ ਮੈਂ ਤੇ ਤੁਹਾਡੀ ਪੋਤਰੀ ਸਵੇਰੇ ਜਲਦੀ ਉਠ ਕੇ ਚਾਅ ਨਾਲ ਤਿਆਰ ਹੋਏ। ਤੁਰਨ ਤੋਂ ਪਹਿਲਾਂ ਮੈਂ ਫਿਰ ਅਰਦਾਸ ਕਰਕੇ ਤੁਰਿਆ ਸਾਂ ਕਿ ਹੇ ਪ੍ਰਮਾਤਮਾ ਸਾਨੂੰ ਮਾਣ ਸਤਿਕਾਰ ਬਖਸ਼ੀ। ਪਿੰਡ ਕਪੂਰਥਲੇ, ਕਪੂਰਥਲੇ ਤੋਂ ਬਟਾਲੇ ਬੱਸ ਰਾਹੀ 1½ ਘੰਟੇ ਵਿਚ ਪਹੁੰਚ ਗਏ ਸਾਂ ਬਟਾਲੇ ਆ ਕੇ ਮਨ ਮੇਰਾ ਫਿਰ ਵਾਪਸ ਜਾਣ ਨੂੰ ਕਹੇ ਕਿ ਮੈਂ ਬਹਾਨਾ ਮਾਰ ਕੇ ਘਰ ਨੂੰ ਵਾਪਸ ਮੁੜ ਜਾਣਾ, ਪਰ ਇਕ ਝੱਲ ਸੀ ਜਿਹੜਾ ਤਲਵੰਡੀ ਖੁੰਮਣ ਦੀਆਂ ਗਲੀਆਂ ਵਿਚੋਂ ਦੀ ਹੁੰਦਾ ਹੋਇਆ ਘਰ ਦੀਆਂ ਦਹਿਲੀਜ਼ ਤੱਕ ਲੈ ਆਇਆ। ਮੈਂ ਭਾਵਕ ਤੇ ਉਦਾਸ ਹੋ ਕੇ ਪੁੱਛਦਾ ਪਛਾਉਂਦਾ ਛੋਟੀ ਭੈਣ ਕੁਲਜੀਤ ਗ਼ਜ਼ਲ ਦੇ ਘਰ ਆ ਪਹੁੰਚਾ ਸਾਂ। ਪਰ ਮਾਤਾ ਜੀ ਨੂੰ ਉਡੀਕਣ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਮਿਲਣ ਤੋਂ ਬਗੈਰ ਉਦਾਸ ਜਿਹਾ ਹੋ ਕੇ ਆਪਣੇ ਘਰ ਵਾਪਸ ਆਪਣੇ ਪਰਿਵਾਰ ਨਾਲ ਪਰਤ ਗਿਆ ਸਾਂ ...
ਅਤੇ ਮੇਰੇ ਖ਼ਤ ਦੀ ਇਬਾਰਤ ਅਜੇ ਤੱਕ ਅਧੂਰੀ ਹੈ...!
ਛੋਟੀ ਭੈਣ ਕੁਲਜੀਤ ਗ਼ਜ਼ਲ, ਬਾਕੀ ਫੇਰ ਸਹੀ।

ਤੇਰਾ ਵੱਡਾ ਵੀਰ ਗੁਰਦੀਪ ਗਿੱਲ, ਤੇਰੀ ਭਰਜਾਈ ਬਲਵੀਰ ਕੌਰ, ਭਤੀਜੀ ਨੀਤੂ ਤੇ ਭਤੀਜਾ ਗ਼ਜ਼ਲ।
ਮਾਤਾ ਜੀ ਤੇ ਪਿਤਾ ਜੀ ਨੂੰ ਗਲ ਲਗ ਕੇ ਮਿਲ।

ਛੋਟੀਆਂ ਭੈਣਾਂ ਨੂੰ ਤੇ ਵੀਰ ਨੂੰ ਸਿਰ ਤੇ ਹੱਥ ਰੱਖ ਕੇ ਪਿਆਰ।

*ਤੁਹਾਡਾ ਵੱਡਾ ਵੀਰ ਗੁਰਦੀਪ ਗਿੱਲ*
*ਪਿੰਡ ਕੜ੍ਹਾਲ ਨੀਵਾਂ, ਡਾਕ ਖੈੜਾ ਦੋਨਾ*
*ਜ਼ਿਲ੍ਹਾ - ਕਪੂਰਥਲਾ*

–o–

29/3/2007

ਪਿਆਰੀ ਕੁਲਜੀਤ,
ਸਤਿ ਸ੍ਰੀ ਅਕਾਲ।

ਬੜਾ ਚੰਗਾ ਲੱਗਦੈ ਜਦੋਂ ਕੋਈ ਮਾਂ-ਪੰਜਾਬੀ ਲਈ ਕੁਝ ਕਰਨ ਵਾਸਤੇ ਯਤਨਸ਼ੀਲ ਹੁੰਦੈ। ਤੂੰ 'ਪੰਜਾਬੀ-ਸੱਥ' ਨਾਲ ਮਿਲ ਕੇ ਇਹ ਜੋ ਕਿਤਾਬ ਦਾ ਬੀੜਾ ਚੁੱਕਿਐ ਉਸ ਲਈ ਮੈਂ "ਦੁਆਵਾਂ.." ਭੇਜਦੀ ਹਾਂ।

ਮੇਰੀਆਂ ਤਿੰਨ ਰਚਨਾਵਾਂ ਨੇ ਇਸ ਬਾਰੇ - ਸਮਝ ਨਹੀਂ ਆਉਂਦੀ ਕਿਹੜੀ ਭੇਜਾਂ ... ਇਸ ਲਈ ਤਿੰਨੋਂ ਹੀ ਭੇਜ ਰਹੀ ਹਾਂ ਜਿਹੜੀ ਠੀਕ ਲੱਗੇ ਵਰਤ ਲੈਣਾ...! ਹਾਂ ਸੱਚ! ਇੱਕ ਰਚਨਾ ਵਿਚ ਬੇਟੇ-ਬੇਟੀ ਦੇ ਵਿਆਹ ਦੇ ਕਾਰਡ ਦਾ ਜ਼ਿਕਰ ਹੈ। ਜੀਅ ਕਰਦੈ ਇਹ ਵੀ ਇਸ ਕਿਤਾਬ ਕਹਾਂ। ਅਸੀਂ ਪੰਜਾਬੀ ਆਪਣੇ ਕਾਰਡ ਅੰਗਰੇਜ਼ੀ ਵਿਚ ਕਿਉਂ ਛਪਵਾਉਂਦੇ ਹਾਂ? ਜਦੋਂ ਕਿ ਜਿਨ੍ਹਾਂ ਨੂੰ ਦੇਣੇ ਹੁੰਦੇ ਨੇ ਉਹ ਵੀ ਪੰਜਾਬੀ ਹੁੰਦੇ ਨੇ! ਤੇ ਜਿਹੜੈ ਦੂਰ ਦੁਰਾਡੇ ਦੇ ਪਿਛੜੇ ਪਿੰਡਾਂ ਵਿਚ ਵਸਦੇ ਹੋਣਗੇ... ਕੀ ਪਤਾ ਉਹ ਅੰਗਰੇਜ਼ੀ ਕਾਰਡ ਕਿਸੇ ਹੋਰ ਤੋਂ ਹੀ ਪੜ੍ਹਵਾਉਂਦੇ ਹੋਣ। ਮੇਰੇ ਤੋਂ ਇਹ ਕਾਰਡ ਲੈ ਕੇ ਕਈ ਲੋਕਾਂ ਨੇ ਆਪਣੇ ਧੀਆਂ-ਪੁੱਤਾਂ ਦੇ ਵਿਆਹ ਉੱਤੇ ਛਪਵਾਏ ਨੇ! ਕੀ ਸਾਨੂੰ ਇਹ ਵੀ ਇਕ ਮੁਹਿੰਮ ਨਹੀਂ ਛੇੜਨੀ ਚਾਹੀਦੀ?

ਖੈਰ! ਕਰਨ ਵਾਲਾ ਤਾਂ ਬਹੁਤ ਕੁਝ ਹੈ। ਤੁਸੀਂ ਤੇ ਪੰਜਾਬੀ ਸੱਥ ਨੇ ਜੇ ਗੋਹਲੇ ਵਿਚੋਂ ਪੂਣੀ ਰੋਹੀ ਹੈ ਤਾਂ ਸਾਰਾ ਛੋਪ ਵੀ ਕੱਤਿਆ ਹੀ ਜਾਏਗਾ! .. ਰੱਬ ਚਰਖਿਆਂ ਨੂੰ ਘੂਕਰ ਦੇਵੇ ਤੇ ਕੱਤਣ ਵਾਲੀਆਂ ਬਾਹਾਂ ਨੂੰ ਸਿਦਕ...

ਇਸੇ ਦੁਆ ਸਹਿਤ

- ***ਗੁਰਮਿੰਦਰ ਸਿੱਧੂ***

–o–

ਸਤਿ ਸ੍ਰੀ ਅਕਾਲ, ਮੈਡਮ ਕੁਲਜੀਤ ਕੌਰ ਜੀ,

ਮੈਡਮ ਜੀ, ਸਾਡੇ ਵੱਲੋਂ ਸਤਿ ਸ੍ਰੀ ਅਕਾਲ, ਅੱਗੇ ਸਮਾਚਾਰ ਇਹ ਹੈ ਕੀ, ਅਸੀਂ ਤੁਹਾਡੀ (ਕਲਮ ਦੀ ਮਹਿਕ) (ਗ਼ਜ਼ਲ) ਪੜੀ ਇਹ ਗ਼ਜ਼ਲ ਜਗ ਬਾਣੀ ਅਖ਼ਬਾਰ, ਦਿਨ ਮੰਗਲਵਾਰ, $17^{1}/_{6}$ ਨੂੰ ਪੜ੍ਹੀ, ਸੋ ਸਾਨੂੰ ਬਹੁਤ ਪਸੰਦ ਆਈ।

ਸੋ ਅਸੀਂ ਸਾਰਾ ਪਰਿਵਾਰ ਤੁਹਾਨੂੰ ਵਧਾਈ ਭੇਜਦੇ ਹਾਂ ਤੁਹਾਨੂੰ ਅਸੀਂ ਇਹ ਪੁੱਛਣਾ ਹੈ। ਕਿ ਇਹ ਲਾਇਨਾਂ ਨੂੰ ਗੀਤ ਰੂਪੀ ਮਾਲਾ ਵਿਚ ਜੜਨ ਦੀ ਆਗਿਆ ਚਾਹੁੰਦੇ ਹਾਂ।

ਜੇਕਰ ਤੁਹਾਨੂੰ ਕੋਈ ਵੀ ਕਿਸੇ ਤਰ੍ਹਾਂ ਦਾ ਗਿਲਾ ਸ਼ਿਕਵਾ ਨਾ ਹੋਵੇ।

ਜੇਕਰ ਤੁਹਾਨੂੰ ਇਤਰਾਜ ਹੈ। ਜਾਂ ਨਹੀਂ।

ਸੋ ਕ੍ਰਿਪਾ ਕਰਕੇ ਚਿੱਠੀ ਰਾਹੀ ਜਵਾਬ ਭੇਜਣ ਦੀ ਕ੍ਰਿਪਾਲਤਾ ਕਰਨੀ। ਅਸੀਂ ਤੁਹਾਡੇ ਜਵਾਬ ਦਾ ਇੰਤਜ਼ਾਰ ਕਰਾਂਗੇ।

ਅਸੀਂ ਪ੍ਰਮਾਤਮਾ ਪਾਸੋਂ, ਤੁਹਾਡੀ ਕਲਮ ਅਤੇ ਤਰੱਕੀ ਦੇ ਰਾਹ ਤੇ ਚੱਲ ਇਕ ਵਾਰ ਸਾਡੇ, (ਮੀਡਕ) ਪਰਿਵਾਰ ਵੱਲੋ, ਤੁਹਾਨੂੰ ਬਹੁਤ ਬਹੁਤ ਮੁਬਾਰਕਾਂ। ਜੇਕਰ ਕੋਈ ਗਲਤੀ ਹੋਵੇ ਤਾਂ ਮੁਆਫ਼ੀ ਚਾਹੁੰਦੇ ਹਾਂ।

ਓ. ਕੇ. ਬਾਏ, ਬਾਏ।

ਲੱਖ ਲੱਖ ਮੁਬਾਰਕਾਂ (ਮੈਡਮ ਗ਼ਜ਼ਲ ਨੂੰ)

ਉਨ੍ਹਾਂ ਦੀ ਕਲਮ ਵਾਸਤੇ।

ਆਪ ਜੀ ਦੇ ਸ਼ੁਭ ਚਿੰਤਕ

*ਗੁਰਮੀਤ ਸਿੰਘ ਪੁੱਤਰ ਅਮਰਜੀਤ ਸਿੰਘ, ਇੰਦਰ ਵਿਕਾਸ ਕਲੋਨੀ,*
*ਪਿੰਡ ਤੇ ਡਾਕਖਾਨਾ ਘੁੰਗਰਾਲੀ ਰਾਜਪੂਤਾ, ਨੇੜੇ ਹਰਗੋਬਿੰਦ ਸਿੰਘ ਸਟੇਡੀਅਮ,*
*ਜ਼ਿਲ੍ਹਾ - ਲੁਧਿਆਣਾ (ਪੰਜਾਬ)*

-o-

**ਅਕਤੂਬਰ 19**, 2000

ਪਿਆਰੇ ਕੁਲਜੀਤ ਜੀ,

ਤੁਹਾਡਾ ਖ਼ਤ ਮਿਲਿਆ। ਧੰਨਵਾਦ। ਸੋਚਿਆ ਸੀ ਕਿ ਸ਼ਾਇਦ ਤੁਸੀਂ ਖ਼ਤ ਨਾ ਲਿਖੋ। ਖੈਰ, ਇਹ ਚੰਗਾ ਲੱਗਿਆ ਕਿ ਮੇਰੇ ਖ਼ਤ ਨਾਲ ਤੁਹਾਡੀ ਜ਼ਿੰਦਗੀ ਦੀ ਤੌਰ ਥੋੜਾ ਬਦਲ ਗਈ। ਕਲਮ ਵਿਚ ਤਾਕਤ ਹੋਣੀ ਹੀ ਚਾਹੀਦੀ ਹੈ। ਪੂਰੀ ਚਿੱਠੀ ਪੜ੍ਹ ਕੇ ਇਹ ਮਹਿਸੂਸ ਹੋਇਆ ਕਿ ‘ਕੁਲਜੀਤ ਬੜੀ ਤੇਜ਼ ਤਰਾਰ, ਚੁਸਤ ਤੇ ਬੜਬੋਲੀ ਜਿਹੀ ਕੁੜੀ ਹੈ ਤੇ ਉਸ ਕੋਲ ਜਿਸ ਚੀਜ਼ ਦੀ ਘਾਟ ਹੈ ਉਹ ਹੈ ਠਹਿਰਾਅ, ਠਰੰਮਾ।’ ਮੇਰੀ ਜਾਚੇ ਅਸੀਂ ਠਰ੍ਹੰਮੇ ਤੇ ਹੀ ਗੱਲ ਕਰਾਗੇ। ਦੌੜਨਾ ਬੜੀ ਚੰਗੀ ਗੱਲ ਹੈ, ਵਕਤ ਤੋਂ ਤੇਜ ਦੌੜਨਾ, ਵਕਤ ਤੋਂ ਅੱਗੇ ਨਿਕਲਣਾ ਚੰਗੀ ਆਦਤ ਹੈ। ਪਰ ਤੂੰ ਪਰਾਂ ਦੀ ਪਰਵਾਜ਼ ਦਾ ਕੋਈ ਅਰਥ ਨਹੀਂ ਬਣਦਾ ਜੇ ਕਰ ਜ਼ਿੰਦਗੀ ਨੂੰ ਸੇਧ ਨਹੀਂ ਮਿਲਦੀ। ਸੇਧ ਵਾਸਤੇ ਸਵੈ-ਪੜਚੋਲ, ਏਕਾਂਤ, ਧੀਰਜ, ਸਹਿਜ ਤੇ ਅਧਿਅਨ ਦੀ ਲੋੜ ਹੁੰਦੀ ਹੈ। ਅੰਗਰੇਜੀ ਵਿਚ ਆਖਦੇ ਹਨ A rolling stone gathers no moss. moss ਤੋ ਭਾਵ ਹੈ ਇਕ ਕਿਸਮ ਦਾ ਘਾਹ। ਉਹ ਪੱਥਰ ਇਧਰ ਉਧਰ ਰੁੜਦਾ ਰਹਿੰਦਾ ਹੈ। ਉਸ ਉਪਰ ਘਾਹ ਨਹੀਂ ਉੱਗਦਾ। ਇਸ ਲਈ ਕਦੇ ਕਦੇ ਆਪਣੇ ਆਪ ਲਈ ਗੰਭੀਰ ਹੋ ਕੇ ਸੋਚੋ। ਆਪਣੇ ਕੀਤੇ ਨੂੰ ਪੜਚੋਲੋ। ਪਛਤਾਵੇ ਦੀ ਅੱਗ ਜ਼ਰੂਰ ਸੇਕੋ। ਪਰ ਤੂੰ ਗਰਮ ਨਾ ਜਾਉ। ਗ਼ਲਤੀ ਤੋਂ ਮਿਲ ਰਿਹਾ ਸਬਕ ਕਾਫ਼ੀ ਹੈ ਤੁਹਾਡੇ ਕਦਮ ਨੂੰ ਸੇਧ ਦੇਣ ਲਈ। ਗਲਤੀ ਤੇ ਝੂਰੋ ਨਾ, ਕਿਸਮਤ ਤੇ ਗ਼ੁਲਾਮ ਨਾ ਬਣੋ। ਆਪਣੀ ਕਿਸਮਤ ਖੁਦ ਬਣਾਓ। ਖ਼ੁਦ ਬਾਰੇ ਸੁਚੇਤ ਹੋ ਜਾਓ। ਆਪਣੇ ਆਪ ਬਾਰੇ ਕੋਈ ਭੁਲੇਖਾ ਨਾ

ਬਣਾਓ। ਹਮੇਸ਼ਾ ਸਾਬਤ ਕਦਮ ਵੀ ਆਪਣੇ ਉਪਰ ਨਾ ਪੈਣ ਦਿਓ। ਇਕ ਦਾਈਆ ਬਣਾ ਕੇ ਯਤਨਸ਼ੀਲ ਹੋ ਜਾਓ। ਸਕੂਲ, ਪ੍ਰਿੰਸੀਪਲ ਅਤੇ ਨੌਕਰੀ ਇਹ ਸਭ ਵਕਤੀ ਗੱਲਾਂ ਹਨ। ਹੌਲੀ ਹੌਲੀ ਸਹਿਜ ਨਾਲ ਇਸ ਸਭ ’ਤੇ ਕਾਬੂ ਪਾਉਣਾ ਸਿੱਖ ਲਵੋਗੇ। ਆਜ਼ਾਦੀ ਤੋਂ ਤੁਹਾਡਾ ਕੀ ਭਾਵ ਹੈ? ਕਿਸੇ ਲੜਕੀ ਦਾ ਕਿਸੇ ਲੜਕੇ ਨਾਲ ਖੁਲ੍ਹਮ ਖੁੱਲ੍ਹਾ ਮਿਲਣਾ – ਕੀ ਇਸੇ ਦਾ ਨਾਂ ਆਜ਼ਾਦੀ ਹੈ? ਜਰਾ ਸੋਚੋ ਜਦੋਂ ਇਕ ਲੜਕਾ ਇਕ ਲੜਕੀ ਨੂੰ ਮਿਲਦਾ ਹੈ ਤਾਂ ਦੋਹਾਂ ਵਿਚਾਲੇ ਸਬੰਧ ਕੀ ਹੁੰਦਾ ਹੈ? ਸਬੰਧਾਂ ਦੀ ਇਹ ਗਰਜ਼ ਕਿੱਥੇ ਤੱਕ ਲੈ ਜਾਂਦੀ ਹੈ? ਕੀ ਇਨ੍ਹਾਂ ਸਬੰਧਾਂ ’ਚੋਂ ਖੁਸ਼ੀ ਹੀ ਪੈਦਾ ਹੁੰਦੀ ਹੈ? ਕੀ ਇਨ੍ਹਾਂ ਸਬੰਧਾਂ ਨਾਲ ਜ਼ਿੰਮੇਵਾਰੀ ਦਾ ਦੂਜਾ ਸ਼ਬਦ ਵਿਆਹ ਹੈ। ਜਦੋਂ ਜ਼ਿੰਮੇਵਾਰੀ ਤੋਂ ਬਗੈਰ ਸਬੰਧ ਬਣਾਏ ਜਾਂਦੇ ਹਨ ਤਾਂ ਇਕ ਲੜਕੀ ਲਈ ਇਸਦਾ ਕੀ ਅਰਥ ਹੈ? ਲੜਕੇ (ਮਰਦ) ਲੜਕੀ ਦਾ ਸਰੀਰਕ ਸ਼ੋਸ਼ਣ ਹੀ ਕਰਦਾ ਹੈ। ਉਹ ਇਕ ਤੋਂ ਬਾਅਦ ਦੂਸਰਾ, ਫਿਰ ਤੀਸਰਾ ਸਬੰਧ ਬਣਾ ਕੇ ਇਕ ਖੁਸ਼ੀ ਲੱਭਦਾ ਜੋ ਬਹੁਤ ਥੋੜ੍ਹ-ਚਿਰੀ ਹੁੰਦੀ ਹੈ। ਲੜਕੀ ਦਾ ਅਗਲਾ ਪੜਾਅ ਕਿਸੇ ਡਾਕਟਰ ਜਾਂ ਨਰਸ ਦਾ ਕਲੀਨਿਕ ਹੁੰਦਾ ਹੈ। ਸਰੀਰਕ ਸਬੰਧਾਂ ਇਸੇ ਆਜ਼ਾਦੀ ’ਚੋਂ ਸਾਨੂੰ ਏਡਜ਼ ਵਰਗੀ ਭਿਆਨਕ ਬਿਮਾਰੀ ਦਾ ਵਰਦਾਨ ਮਿਲਿਆ ਹੈ। ਦੋਸਤੀ ਵਰਗੇ ਸਬੰਧ ਇਥੇ ਵੀ ਤਾਂ ਬਣਾ ਸਕਦੇ ਹੋ? ਕੀ ਇਹ ਕਾਫ਼ੀ ਨਹੀਂ ਕਿ ਤੁਸੀਂ ਇਕ ਜੁਆਨ ਵਿਆਹੇ ਮਰਦ ਨਾਲ ਚਿੱਠੀ ਪੱਤਰੀ ਕਰ ਰਹੇ ਹੋ? ਕੀ ਇਹ ਅਜ਼ਾਦੀ ਨਹੀਂ? ਸਬੰਧਾਂ ਵਿਚ ਜੇ ਗਲਤ ਕੰਮ ਨਹੀਂ ਤਾਂ ਜਾਇਜ਼ ਮੰਨੇ ਜਾ ਸਕਦੇ ਹਨ। ਸਮਾਜ ਨੇ ਇਸ ਗੱਲ ਦੀ ਇਜ਼ਾਜ਼ਤ ਦੇ ਦਿੱਤੀ ਹੈ। ਮੇਰੀ ਪਤਨੀ-ਬਸਬੀਰ ਨੂੰ ਕੋਈ ਇਤਰਾਜ਼ ਨਹੀਂ। ਤੁਹਾਡੇ ਮਾਂ ਬਾਪ ਵੀ ਇਸ ਬਾਰੇ ਕੁਝ ਗਲਤ ਨਹੀਂ ਸੋਚਦੇ। ਸਬੰਧ ਬਹੁਤ ਕਾਰਗਰ ਹਨ ਜੇ ਇਨ੍ਹਾਂ ’ਚੋਂ ਕੁਝ ਚੰਗੇਰਾ ਉਪਜੇ, ਨਰੋਈ ਸੇਧ ਮਿਲੇ, ਆਪਸੀ ਗੱਲਬਾਤ ਸਖਸ਼ੀਅਤ ਦਾ ਨਿਖਾਰ ਹੋਵੇ।

ਸਮਾਜ ਇਕਦਮ ਨਹੀਂ ਬਦਲਿਆ ਜਾ ਸਕਦਾ। ਕੁਝ ਬਦਲ ਗਿਆ ਹੈ, ਕੁਝ ਬਦਲ ਰਹੇ ਹਾਂ ਤੇ ਕੁਝ ਬਦਲ ਦੇਵਾਂਗੇ। ਪਰ ਇਸ ਸਭ ਪ੍ਰਕਿਰਿਆ ਵਿਚ ਵਕਤ ਲੱਗਦਾ ਹੈ। ਜੇ ਇਸ ਨੂੰ ਤਿਆਗੋਗੇ ਤਾਂ ਕਿੱਥੇ ਜਾਵੋਗੇ। ਪਾਠ ਕਰਦੇ ਹੋ, ਚੰਗੀ ਗੱਲ ਹੈ। ਮੈਂ ਨਹੀਂ ਕਰਦਾ। ਇਕ ਵਾਰ ਕੀਤਾ, ਸਮਝ ਲਿਆ ਹੈ, ਹੁਣ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ। ਗੁਰਬਾਣੀ ਨੂੰ ਰਟਨ ਜਾਂ ਜਪਨ ਦੀ ਬਜਾਏ ਸਮਝਣਾ ਅਤੇ ਅਮਲ ਕਰਨਾ ਵਧੇਰੇ ਜ਼ਰੂਰੀ ਹੈ। ਐਮ. ਏ. ਕਰ ਰਹੇ ਹੋ ਬੜੀ ਚੰਗੀ ਗੱਲ ਹੈ। ਜੇ ਸਾਹਿਤ ਨੂੰ ਪੜ੍ਹ ਕੇ ਫੇਰ ਸਮਾਲੋਚਨਾ ਪੜ੍ਹੋ ਤਾਂ ਬਹੁਤ ਲਾਭ ਹੋ ਸਕਦਾ ਹੈ।

ਇਕ ਗੱਲ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਤੁਸੀਂ ਸਵੇਰੇ ਜਾਗਣਾ ਨਹੀਂ ਚਾਹੁੰਦੇ। ਆਪਣੀ ਆਪਣੀ ਆਦਤ ਹੈ। ਜੇ ਮੇਰੇ ਕੋਲ ਪੁੱਛੋ ਤਾਂ ਮੈਂ ਸਵੇਰੇ ਤੜਕੇ ਉੱਠਣ ਦਾ ਸ਼ੌਕੀਨ ਹਾਂ। ਬਚਪਨ ਵਿਚ ਬਾਬਾ ਫਰੀਦ ਦਾ ਇਕ ਸਲੋਕ ਸੁਣਿਆ ਸੀ।

‘ਫਰੀਦਾ ਰਾਤ ਕਥੂਰੀ ਵੰਡੀਐ’... ਉਸ ਦਿਨ ਤੋਂ ਬਾਅਦ ਮੇਰੀ ਹਰ ਸਵੇਰ ਤਾਰਿਆਂ ਦੀ ਛਾਂਵੇ ਸ਼ੁਰੂ ਹੁੰਦੀ ਹੈ। ਇਸ ਵਕਤ ਰਾਤ ਦੇ 11 ਵੱਜ ਰਹੇ ਹਨ ਤੇ ਮੈਂ ਖ਼ਤ ਲਿਖ ਰਿਹਾ ਹਾਂ। ਛੁੱਟੀ ਵਾਲੇ ਦਿਨ ਮੈਂ ਘੂਕ ਨਹੀਂ ਸੌਂਦਾ ਸਗੋਂ ਰਤਾ ਜਲਦੀ ਉੱਠ ਕੇ ਦਿਨ ਨੂੰ ਖਿੱਚ ਕੇ ਲੰਮਾ ਕਰ ਲੈਂਦਾ ਹਾਂ। ਪੜ੍ਹਨਾ ਲਿਖਣਾ ਚੰਗਾ ਲੱਗਦਾ ਹੈ। ਸਵੇਰ ਦੀ ਤਾਜ਼ੀ ਹਵਾ ਮਨ ਵਿਚ ਚੁਸਤੀ ਫੁਰਤੀ ਭਰ ਦਿੰਦੀ ਹੈ। ਮੈਨੂੰ ਕਦੇ

ਅਲਾਰਮ ਦੀ ਲੋੜ ਨਹੀਂ ਪਈ।

ਖੈਰ ਖ਼ਤ ਬਹੁਤ ਲੰਬਾ ਹੋ ਗਿਆ ਹੈ। ਉਪਦੇਸ਼ ਵੱਧ ਗਿਆ ਹੈ। ਅੱਛਾ ਬਾਕੀ ਫੇਰ।

ਦੀਵਾਲੀ ਦੀਆਂ ਸ਼ੁਭ ਕਾਮਨਾਵਾਂ।

ਬਸਬੀਰ ਨੇ ਤੁਹਾਡੀ ਚਿੱਠੀ ਪੜ੍ਹ ਲਈ ਹੈ, ਤੁਸੀਂ ਵੱਖਰਿਆਂ ਜੋ ਵੀ ਉਨ੍ਹਾਂ ਨੂੰ ਲਿਖੋਗੇ, ਉਹ ਜੁਆਬ ਦੇ ਦੇਣਗੇ।

ਕੁਲਜੀਤ, ਤੁਹਾਡਾ ਪਤਾ ਬੜਾ ਅਜੀਬ ਜਿਹਾ ਹੈ, ਤੁਸੀਂ ਆਪਣਾ ਸਹੀ ਸਿਰਨਾਵਾਂ ਕਿਉਂ ਨਹੀਂ ਲਿਖਿਆ। ਸਹੀ ਸਿਰਨਾਵਾਂ ਕੀ ਹੈ? ਕੀ ਕੋਈ ਟੈਲੀਫੋਨ ਨੰ: ਹੈ?

*ਤੁਹਾਡਾ ਹਿਤੂ,*
*ਗੁਰਮੀਤ ਸਿੰਘ ਭਮਰਾ*

-o-

2/12/2003

ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਪਿਆਰ ਭਰੀ ਸਤਿ ਸ੍ਰੀ ਅਕਾਲ।

ਕੁਲਜੀਤ ਜੀ ਸਭ ਤੋਂ ਪਹਿਲਾਂ ਆਪ ਜੀ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ, ਵਾਹਿਗੁਰੂ ਕਰੇ ਇਸ ਨਵੇਂ ਸਾਲ ਵਿਚ ਤੁਹਾਡੀ ਕਲਮ ਹੋਰ ਵੀ ਦਿਲ ਦੀਆਂ ਗਹਿਰਾਈਆਂ 'ਚ ਜ਼ਿੰਦਗੀ ਦੇ ਸੱਚ ਨੂੰ ਲਿਖੇ ਅਤੇ ਮਰਦ-ਪ੍ਰਧਾਨ ਸਮਾਜ ਵਿਚ ਉੱਭਰਕੇ ਸਾਹਮਣੇ ਆਵੇ। ਤੁਹਾਡੀਆਂ ਰਚਨਾਵਾਂ ਮੈਗਜ਼ੀਨ 'ਮੁਲਾਕਾਤ' ਵਿਚ ਪੜ੍ਹੀਆਂ ਮਨ ਨੂੰ ਬਹੁਤ ਖੁਸ਼ੀ ਹੋਈ ਕਿ ਤੁਸੀਂ ਆਪਣੀ ਹੱਡ-ਬੀਤੀ ਰਾਹੀਂ ਪਾਠਕਾਂ ਦੇ ਰੂ-ਬ-ਰੂ ਹੋਏ। ਕੁਲਜੀਤ ਜੀ ਸੱਚ ਕਹਿਣਾ ਬਹੁਤਾ ਔਖਾ ਹੈ। ਤੁਹਾਡੀ ਕਲਮ ਦੀ ਦਾਦ ਦਿੰਦਾ ਹਾਂ। ਪਿਛਲੇ ਮੈਗਜ਼ੀਨ ਵਿਚ ਤੁਹਾਡੇ ਉੱਪਰ ਇਕ ਵਿਅਕਤੀ ਨੇ ਘਟੀਆ ਸੋਚ ਰਾਹੀ ਦੂਸਣਬਾਜੀ ਕੀਤੀ ਮਨ ਨੂੰ ਬਹੁਤ ਦੁੱਖ ਹੋਇਆ ਕਿ ਐਸੀ ਨਿਧੜਕ ਲੜਕੀ ਬਾਰੇ ਐਸੀ ਘਟੀਆ ਸ਼ਬਦਾਵਲੀ ਵਰਤੀ। ਮੈਂ ਬਹੁਤ ਹੀ ਚਿਰਾਂ ਤੋਂ ਤੁਹਾਨੂੰ ਚਿੱਠੀ-ਪੱਤਰ ਰਾਹੀ ਮੁਬਾਰਕਬਾਦ ਭੇਜਣੀ ਚਾਹੁੰਦਾ ਸੀ ਪਰ ਫਿਰ ਇਕ ਵਾਰ ਫੇਰ ਤੁਹਾਡਾ ਦਲੇਰੀ ਭਰਿਆ ਕਦਮ ਤੁਹਾਡੀਆਂ ਲਿਖੀਆਂ ਸਤਰਾਂ ਪੜ੍ਹੀਆਂ ਮਨ ਨੂੰ ਹੋਰ ਖੁਸ਼ੀ ਹੋਈ ਕਿ ਤੁਸੀਂ ਇਸ ਮਰਦ-ਪ੍ਰਧਾਨ ਸਮਾਜ ਦਾ ਮੁਕਾਬਲਾ ਕਰ ਸਕਦੇ ਹੋ। ਕੁਲਜੀਤ ਜੀ ਭਾਵੇ ਮੈਂ ਵੀ ਮਰਦ-ਪ੍ਰਧਾਨ ਸਮਾਜ ਵਿਚੋਂ ਹੀ ਹਾਂ। ਪਰ ਮੇਰੀ ਸੋਚ ਇਕ ਔਰਤ ਜਾਂ ਲੜਕੀ ਲਈ ਬਹੁਤ ਸਤਿਕਾਰ ਭਾਵਨਾ ਵਾਲੀ ਹੈ। ਮੇਰੀਆਂ ਰਚਨਾਵਾਂ, ਮੁਲਾਕਾਤ ਅਤੇ ਸਮੁੰਦਰੋਂ ਪਾਰ ਅਤੇ ਪੰਜਾਬੀ ਟ੍ਰਿਬਿਊਨ ਅਜੀਤ, ਦੇਸ ਸੇਵਕ, ਜਗ ਬਾਣੀ ਹੋਰ ਵੀ ਬਹੁਤ ਸਾਰੇ ਮੈਗਜ਼ੀਨਾਂ ਅਖ਼ਬਾਰਾਂ ਵਿਚ ਛਪ ਚੁੱਕੀਆਂ ਹਨ ਅਤੇ ਅੱਗੇ ਤੋਂ ਛਪਦੀਆਂ ਰਹਿਣਗੀਆਂ। ਪਰ ਕੁਲਜੀਤ ਤੁਸੀਂ ਇਕ ਬਹੁਤ ਹੀ ਵਧੀਆ ਗ਼ਜ਼ਲਕਾਰ ਹੋ ਸੋ ਮੈਂ ਆਪਣੇ ਮੁਕਾਬਲੇ ਬਹੁਤ ਪਿੱਛੇ ਹਾਂ। ਕੁਲਜੀਤ ਜੀ ਮੈਂ ਔਰਤ

ਨੂੰ ਬਹੁਤ ਹੀ ਕਲੋਜ ਹੋ ਕੇ ਦੇਖਿਆ ਹੈ। ਅੱਜ ਜਿਸ ਮੁਕਾਮ ਤੇ ਮੈਂ ਹਾਂ ਸਿਰਫ਼ ਇਕ ਆਪਣੀ ਧਰਮ ਦੀ ਭੈਣ ਜੀਤੀ ਦੀ ਬਦੌਲਤ ਹੀ ਹਾਂ। ਕਿਉਂਕਿ ਉਸ ਲੜਕੀ ਨੇ ਮੇਰਾ ਹਮੇਸ਼ਾ ਹੌਸਲਾ ਵਧਾਇਆ ਉਸ ਭੈਣ ਜੀਤੀ ਨੇ ਹਮੇਸ਼ਾ ਕਿਹਾ ਬਾਈ ਜੀ ਮੈਂ ਤੈਨੂੰ ਪੱਤਰਕਾਰੀ ਲੇਖਕ ਦੇ ਤੌਰ ਤੇ ਸਾਫ਼-ਸੁਥਰੀ ਪੱਤਰਕਾਰੀ ਵਿਚ ਉੱਚੇ ਮੁਕਾਮ ਤੇ ਦੇਖਣਾ ਚਾਹੁੰਦੀ ਹਾਂ। ਕੁਲਜੀਤ ਜੀ ਮੈਂ ਜਦ ਵੀ ਕੋਈ ਲੇਖ-ਕਹਾਣੀ-ਕਵਿਤਾ-ਗੀਤ ਲਿਖਦਾ ਤਾਂ ਹਮੇਸ਼ਾ ਉਸ ਭੈਣ ਨੂੰ ਜ਼ਰੂਰ ਦਿਖਾਉਂਦਾ ਰਿਹਾ ਹਾਂ। ਉਨ੍ਹਾਂ ਹਮੇਸ਼ਾ ਮੈਨੂੰ ਦਾਦ ਦਿੱਤੀ। ਜਦ ਮੈਂ ਉਸ ਲੜਕੀ ਨੂੰ ਭੈਣ ਦਾ ਦਿਲੋਂ ਦਰਜਾ ਦੇ ਦਿੱਤਾ ਸੀ ਤਾਂ ਸਾਡੇ ਜਾਲਿਮ ਸਮਾਜ ਨੇ ਮੇਰੇ ਉੱਪਰ ਵੀ ਬਹੁਤ ਓਝਾ ਲਾਈਆਂ ਸਨ ਬਥੇਰੇ ਮਾਨਸਿਕ ਦੁੱਖ ਦਿੱਤੇ ਪਰ ਮੈਂ ਹਮੇਸ਼ਾ ਉਸਨੂੰ ਆਪਣੀ ਭੈਣ ਹੀ ਸਮਝਿਆ ਉਹ ਲੜਕੀ ਮੇਰੀ ਧੀ ਭੈਣ ਇਕ ਚੰਗੀ ਦੋਸਤ ਹੈ ਅਤੇ ਈ. ਟੀ. ਟੀ. ਦਾ ਕੋਰਸ ਪੂਰਾ ਕਰਕੇ ਘਰ ਵਿਚ ਹੀ ਹੈ ਮੇਰੇ ਪਰਿਵਾਰ ਵਿਚ ਉਸਦਾ ਰੁਤਬਾ ਇਕ ਧੀ ਦਾ ਹੈ। ਮੇਰੇ ਮਾਂ-ਬਾਪ ਮੇਰੇ ਭੈਣ-ਭਾਈ-ਰਿਸ਼ਤੇਦਾਰ ਉਸ ਨੂੰ ਇਕ ਧੀ ਭੈਣ ਦਾ ਰੁਤਬਾ ਦਿਲੋਂ ਦੇ ਚੁੱਕੇ ਹਨ। ਹੁਣ ਤਾਂ ਮੇਰੇ ਸਿਰ ਉੱਪਰ ਵੀ ਉਸ ਦੇ ਵਿਆਹ ਦਾ ਬੋਝ ਹੈ। ਮੈਂ ਉਸ ਦੀ ਪਸੰਦ ਦੇਖਕੇ ਉਸ ਲੜਕੀ ਨੂੰ ਆਪਣੀ ਧੀ ਬਣਾਕੇ ਡੋਲੀ ਵਿਚ ਛੇਤੀ ਪਾਉਣ ਜਾ ਰਿਹਾ ਹਾਂ। ਸੋ ਕੁਲਜੀਤ ਜੀ ਬੇਨਤੀ ਕਰਦਾ ਹਾਂ ਕਿ ਭਾਵੇਂ ਤੁਸੀਂ ਸਾਡੇ ਤੋਂ ਬਹੁਤ ਹੀ ਬਹੁਤ ਦੂਰ ਬੈਠੇ ਹੋ ਪਰ ਲੱਗਦੇ ਤੁਸੀਂ ਸਾਡੇ ਬਹੁਤ ਹੀ ਨਜ਼ਦੀਕ ਹੋ ਤੁਹਾਨੂੰ ਵੀ ਵਿਆਹ ਦਾ ਸੱਦਾ ਦੇਵਾਂਗੇ ਲੱਗਦੈ ਤੁਸੀਂ ਸਾਡੀ ਖੁਸ਼ੀ ਵਿਚ ਜ਼ਰੂਰ ਸ਼ਰੀਕ ਹੋਵੋਗੇ।

ਭੈਣ ਜੀਤੀ ਮੇਰੀ ਕਹਾਣੀ ਉਸ ਲੜਕੀ ਦੇ ਜ਼ਿੰਦਗੀ ਦੇ ਸੰਘਰਸ਼ ਦੀ ਅਖ਼ਬਾਰਾਂ ਵਿਚ ਛਪ ਚੁੱਕੀ ਹੈ। ਅੱਜ ਉਸ ਕਹਾਣੀ ਨਾਲ ਉਸ ਲੜਕੀ ਨੂੰ ਸਮਾਜ ਨੇ ਬਹੁਤ ਪਿਆਰ ਸਤਿਕਾਰ ਦਿੱਤਾ। ਕੁਲਜੀਤ ਜੀ ਮੈਂ ਭਾਵੇਂ ਵੱਖ-ਵੱਖ ਮੈਗਜ਼ੀਨਾਂ ਵਿਚ ਛਪ ਚੁੱਕਿਆ ਹਾਂ ਪਰ ਤੁਹਾਡੀ ਲੇਖਣੀ ਤੋਂ ਬਹੁਤ ਪਿਛਾਂਹ ਹਾਂ। ਕੁਲਜੀਤ ਜੀ, ਔਰਤ ਨੂੰ ਤਾਂ ਸਾਡੇ ਗੁਰੂਆਂ-ਪੀਰਾਂ ਨੇ ਬਹੁਤ ਹੀ ਮਹਾਨ ਕਿਹਾ ਹੈ ਪਰ ਮਰਦ ਕਦੇ ਵੀ ਔਰਤ ਨੂੰ ਆਪਣੇ ਤੋਂ ਅੱਗੇ ਲੰਘਣਾ ਪਸੰਦ ਨਹੀਂ ਕਰਦਾ। ਪਰ ਅੱਜ ਦੀ ਔਰਤ ਪੜ੍ਹ ਲਿਖਕੇ ਜਾਗ੍ਰਿਤ ਹੋ ਗਈ ਹੈ। ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ। ਇਸਤਰੀ ਦਾ ਸੁਭਾਅ ਹੈ ਕਿ ਉਹ ਜਦੋਂ ਵੀ ਰੁਸਦੀ ਹੈ ਮਨਾਏ ਜਾਣ ਦੀ ਸੰਭਾਵਨਾ ਰੱਖ ਕੇ ਰੁਸਦੀ ਹੈ। ਔਰਤ ਮਾਂ ਬਣੇ ਬਿਨਾਂ ਪੂਰੀ ਨਹੀਂ ਹੋ ਪਾਉਂਦੀ। ਉਸਦੀ ਸ਼ਖਸੀਅਤ ਦਾ ਪੂਰਾ ਨਿਖਾਰ ਅਤੇ ਸੁਹੱਪਣ ਉਸਦੇ ਮਾਂ ਬਣਨ ਤੇ ਪ੍ਰਗਟ ਹੁੰਦਾ ਹੈ। ਇਸਤਰੀ ਨੂੰ ਕਟੀ ਹੋਈ ਪਤੰਗ ਵਾਂਗ ਸਮਝਿਆ ਜਾਂਦਾ ਹੈ। ਜਿਸਦੀ ਡੋਰ ਲੁੱਟਣ ਲਈ ਹਰ ਮਰਦ ਤਿਆਰ ਬਰ ਤਿਆਰ ਹੈ। ਕੁਲਜੀਤ ਜੀ ਮਿਸ ਵਿਸ਼ਵ ਪੰਜਾਬਣ ਰੱਤੀ ਬਰਾੜ ਜੋ ਕਿ ਮੁਕਤਸਰ ਜ਼ਿਲ੍ਹੇ ਨਾਲ ਸਬੰਧ ਰੱਖਦੀ ਹੈ। ਉਸ ਦੇ ਪਰਿਵਾਰ ਨਾਲ ਮੇਰੀ ਪਰਿਵਾਰਿਕ ਨੇੜਤਾ ਹੈ ਕਿਉਂਕਿ ਜਿਸ ਸਮੇਂ ਉਸ ਨੂੰ ਮਿਸ ਵਿਸ਼ਵ ਪੰਜਾਬਣ ਦਾ ਤਾਜ ਪਹਿਨਾਇਆ ਗਿਆ ਸੀ ਤਾਂ ਮੈਨੂੰ ਐਨੀ ਖੁਸ਼ੀ ਹੋਈ ਤਾਂ ਮੈਂ ਸਭ ਤੋਂ ਪਹਿਲਾਂ ਉਸਨੂੰ ਵਧਾਈ ਦਿੱਤੀ ਅਤੇ ਉਸ ਦੀ ਇੰਟਰਵਿਊ ਵੱਖ-ਵੱਖ ਮੈਗਜ਼ੀਨਾਂ, ਅਖ਼ਬਾਰਾਂ ਵਿਚ ਛਾਪੀ ਜਿਸ ਕਰਕੇ ਉਹ ਮੇਰਾ ਅਤੇ ਮੇਰੇ ਪਰਿਵਾਰ ਦਾ ਬਹੁਤ ਸਤਿਕਾਰ ਕਰਦੀ ਹੈ। ਮੈਂ ਵੀ ਉਸ ਦਾ ਬਹੁਤ ਸਤਿਕਾਰ ਕਰਦਾ ਹਾਂ। ਜਦੋਂ ਵੀ ਕੋਈ ਲੜਕੀ ਕਿਸੇ ਵੀ ਖੇਤਰ ਵਿਚ ਅੱਗੇ ਆਉਂਦੀ ਹੈ ਤਾਂ

ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਪਰ ਦੁੱਖ ਹੁੰਦਾ ਜਦੋਂ ਇਕ ਲੜਕੀ ਹੀ ਆਪਣੇ ਮਾਂ-ਬਾਪ-ਭੈਣ ਭਰਾਵਾਂ ਦੀਆਂ ਭਾਵਨਾਵਾਂ ਦਾ ਕਤਲ ਕਰਕੇ ਉਨ੍ਹਾਂ ਦੇ ਮੱਥੇ ਤੇ ਕਲੰਕ ਲਾ ਦਿੰਦੀ ਹੈ ਬਹੁਤ ਦੁੱਖ ਹੁੰਦਾ ਹੈ। ਅਜੇ ਅੱਜ ਹੀ ਮੇਰੇ ਪਿੰਡ ਵਿਚ ਐਸੀ ਘਟਨਾ ਘਟੀ ਹੈ ਕਿ ਜਿਸ ਤੋਂ ਲੱਗਦਾ ਹੈ ਕਿ ਇਹ ਲੜਕੀ ਇਕ ਲੜਕੀ ਦੇ ਮੱਥੇ ਦੇ ਕਲੰਕ ਹੈ। ਅੱਜ ਮਨ ਬਹੁਤ ਉਦਾਸ ਸੀ। ਪਰ ਫੇਰ ਵੀ ਦਿਲ ਕੀਤਾ ਕਿ ਤੁਹਾਡੇ ਵੱਲ ਜ਼ਿੰਦਗੀ ਦੇ ਕੌੜੇ-ਮਿੱਠੇ ਤਜਰਬੇ ਸਾਂਝੇ ਕਰਾਂ। ਕੁਲਜੀਤ ਜੀ ਮੈਂ ਨਵਾਂ ਜ਼ਮਾਨਾ ਦਾ ਅਤੇ ਸਮੁੰਦਰੋਂ ਪਾਰ ਮੈਗਜ਼ੀਨ ਦਾ ਪੱਤਰਕਾਰ ਹਾਂ। ਸਭ ਤੋਂ ਵੱਧ ਮੇਰਾ ਲੜਕੀਆਂ ਵੱਲ ਮੇਲ-ਜੋਲ ਰਿਹਾ। ਹਮੇਸ਼ਾ ਮੈਂ ਹਰ ਖੇਤਰ ਵਿਚ ਉਨ੍ਹਾਂ ਦੀ ਮੱਦਦ ਹੀ ਕੀਤੀ ਹੈ। ਹਮੇਸ਼ਾ ਆਪਣੇ ਜਾਣ ਕੇ ਉਨ੍ਹਾਂ ਨੂੰ ਗਲਤ ਰਸਤੇ ਤੋਂ ਰੋਕਿਆ ਹੈ ਅੱਜ ਮੇਰਾ ਲੜਕੀਆਂ ਬਹੁਤ ਹੀ ਮਾਣ-ਸਤਿਕਾਰ ਕਰਦੀਆਂ ਹਨ। ਕਦੇ ਦਿਲ ਮੈਲ ਨਹੀਂ ਰੱਖੀ। ਪਰ ਕੁਲਜੀਤ ਜੀ ਮੈਂ ਵੀ ਜ਼ਿੰਦਗੀ ਵਿਚ ਪਿਆਰ ਕੀਤਾ ਹੈ ਅੱਜ ਉਹ ਲੜਕੀ ਵਿਆਹੀ ਵੀ ਗਈ ਪਰ ਉਸ ਲੜਕੀ ਦੇ 13 ਸਾਲਾਂ ਤੋਂ ਕੋਈ ਬੱਚਾ ਨਾ ਹੋਣ ਕਰਕੇ ਸਹੁਰੇ ਪਰਿਵਾਰ ਵੱਲੋਂ ਬਹੁਤ ਹੀ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਹਨ। ਪਰ ਮੈਂ ਹਮੇਸ਼ਾ ਉਸ ਲੜਕੀ ਨੂੰ ਖੁਦਕੁਸ਼ੀ ਸ਼ਬਦ ਦੇ ਨੇੜੇ ਦੀ ਲੰਘਣ ਨਹੀਂ ਦਿੱਤਾ। ਉਸ ਲੜਕੀ ਦਾ ਮੈਂ ਇਕ ਸੱਚਾ ਹਮਦਰਦ ਹਾਂ। ਪਿਆਰ ਤਾਂ ਰੂਹਾਂ ਦਾ ਮੇਲ ਹੈ ਨਾ ਕਿ ਸਰੀਰਾਂ ਦਾ ਮੇਲ, ਪਿਆਰ ਕਬਜਾ ਨਹੀਂ ਸਗੋਂ ਸੱਚੀ-ਸੁੱਚੀ ਪਹਿਚਾਣ ਹੈ ਪਿਆਰ ਹਮੇਸ਼ਾ ਕੁਰਬਾਨੀ ਮੰਗਦਾ ਹੈ ਉਹ ਮੈਂ ਦੇ ਚੁੱਕਿਆ। ਕਿਉਂਕਿ ਮੇਰਾ ਉਸ ਨਾਲ ਪਿਆਰ ਸਿਰਫ਼ ਰੂਹ ਦਾ ਹੈ ਉਸ ਲੜਕੀ ਦਾ ਦਰਦ ਮੈਂ ਮਹਿਸੂਸ ਕਰ ਸਕਦਾ। ਜੀ ਤਾਂ ਕਰਦਾ ਕਿ ਇਸ ਜ਼ਾਲਿਮ ਸਮਾਜ ਨੂੰ ਅੱਗ ਲਾ ਕੇ ਫੂਕ ਦਿਆਂ ਪਰ ਮਜ਼ਬੂਰ ਹਾਂ। ਕੁਲਜੀਤ ਜੀ ਮੈਂ ਜੋ ਸ਼ਬਦ ਲਿਖ ਗਿਆ ਸੋ ਮੈਂ ਸਮਝਦਾ ਹਾਂ ਮੈਨੂੰ ਨਹੀਂ ਲਿਖਣੇ ਚਾਹੀਦੇ ਸਨ ਬਾਕੀ ਕੁਲਜੀਤ ਮੈਂ ਆਪ ਜੀ ਦਾ ਬਹੁਤ ਸਤਿਕਾਰ ਕਰਦਾ ਹਾਂ। ਤੁਸੀਂ ਹਮੇਸ਼ਾ ਫੁੱਲਾਂ ਵਾਂਗ ਹੱਸਦੇ ਰਹੋ ਤੁਹਾਡੇ ਸਾਰੇ ਪਰਿਵਾਰ ਨੂੰ ਵੀ ਨਵਾਂ ਸਾਲ ਮੁਬਾਰਕ ਹੋਵੇ ਜੀ ਆਪ ਜੀ ਦੇ ਖਤ ਦੀ ਉਡੀਕ ਵਿਚ।

*ਉਡੀਕਵਾਨ/ ਪੱਤਰਕਾਰ ਗੁਰਨੈਬ ਸਾਜਨ ਕੇਅਰ ਆ.ਫ ਸਾਜਨ ਸਟੂਡੀਓ,*
*ਵੀ. ਪੀ. ਓ. ਦਿਓਣ, ਤਹਿ ਤੇ ਜ਼ਿਲ੍ਹਾ ਬਠਿੰਡਾ*

-o-

**7/1/2001**

ਪਿਆਰੀ ਭੈਣ ਕੁਲਜੀਤ
ਬਹੁਤ ਬਹੁਤ ਪਿਆਰ।

ਨਵਾਂ ਸਾਲ ਮੁਬਾਰਕ/ਚੜ੍ਹਦੀਆਂ ਕਲਾ 'ਚ ਰਹੋ। ਵਾਹਿਗੁਰੂ ਹਰ ਕਦਮ ਕਾਮਯਾਬ ਕਰੇ। ਤੇਰਾ ਖਤ ਮਿਲਿਆ। ਮੈਂ ਪਹਿਲਾਂ ਵੀ ਖਤ ਲਿਖਣਾ ਚਾਹੁੰਦੀ ਸੀ ਪਰ ਤੇਰਾ ਪਤਾ ਮੇਰੇ ਪਾਸੋਂ ਗੁੰਮ ਹੋ ਗਿਆ। ਮੈਨੂੰ ਤੇਰੇ ਜਿਹੀਆਂ ਬੇਟੀਆਂ ਤੇ ਨਾਜ ਹੈ ਅਤੇ ਖੁਸ਼ੀ ਵੀ ਹੁੰਦੀ ਹੈ ਜਦੋਂ ਉਹ ਕਿਸੇ ਮੁਕਾਮ ਨੂੰ ਹਾਸਲ ਕਰਨ ਲਈ ਅੱਗੇ ਵਧਦੀਆਂ ਨੇ। ਅਸੀਂ ਮਿਲਣ ਲਈ ਮੰਗਲਵਾਰ ਦਾ ਦਿਨ ਰੱਖਦੇ ਹਾਂ। ਵੈਸੇ ਤਾਂ ਮੈਂ ਘਰ ਹੀ ਹੁੰਦੀ

ਹਾਂ। ਮੰਗਲਵਾਰ ਇਸ ਕਰਕੇ ਕਿ ਮੈਨੂੰ ਪਤਾ ਹੋਵੇਗਾ ਕਿ ਤੂੰ ਆਉਣਾ ਹੈ। ਕਿਸੇ ਵੀ ਮੰਗਲਵਾਰ ਦੇ ਦਿਨ ਆ ਜਾਵੀਂ। ਫੋਨ ਅਜੇ ਸਾਡੇ ਨਹੀਂ ਲੱਗਾ। ਹੁਣ ਸੋਚ ਰਹੀ ਹਾਂ ਕਿ ਲਗਵਾ ਲਵਾਂ। ਬਹੁਤ ਫੋਨ ਆਉਂਦੇ ਨੇ, ਕਿਸੇ ਦੇ ਘਰ ਜਾਣਾ, ਸੁਣਨ ਲਈ ਚੰਗਾ ਨਹੀਂ ਲੱਗਦਾ। ਅੱਜ ਕੱਲ ਕੀ ਕਰ ਰਹੀ ਹੈ? ਪੜ੍ਹਾਈ ਖ਼ੂਬ ਧਿਆਨ ਲਗਾ ਕੇ ਕਰਨੀ। ਐਸਾ ਮੁਕਾਮ ਹਾਸਲ ਕਰਨਾ ਕਿ ਮੈਂ ਮਾਣ ਕਰ ਸਕਾਂ। ਮਾਂ-ਬਾਪ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਦੀ ਰਹਿਨੁਮਾਈ ਵਿਚ ਹਰ ਕਦਮ ਪੁਟਣਾ। ਅੱਜ ਦੀ ਸੁਆਰਥੀ ਦੁਨੀਆਂ ਵਿਚ ਮਾਂ-ਬਾਪ ਤੋਂ ਚੰਗਾ ਗਾਈਡ ਤੈਨੂੰ ਕੋਈ ਨਹੀਂ ਮਿਲੂ। ਬਾਕੀ ਅਸੀਂ ਮਿਲਣ ਤੇ ਗੱਲਾਂ ਕਰਾਂਗੇ। ਮਜੀਠੇ ਆ ਜਾਣਾ ਮੇਰੇ ਘਰ। ਅੱਡੇ ਤੇ ਅਸ਼ੋਕ ਸਾਈਕਲਾਂ ਵਾਲਾ, ਉਸ ਤੋਂ ਪੁੱਛ ਲੈਣਾ, ਪਰਿੰਸ ਦੇ ਘਰ ਜਾਣਾ ਜਾਂ ਮਾਸਟਰ ਗੁਲਜਾਰ ਸਿੰਘ ਦੇ ਘਰਾਂ ਬਾਰੇ। ਬਾਕੀ ਮਿਲਣ ਤੇ।

- ***ਗੋਗੀ ਗਿੱਲ***

-o-

ਕੁਲਜੀਤ ਜੀ,

ਆਪ ਜੀ ਦੀ ਚਿੱਠੀ ਮਿਲੀ। ਤੁਹਾਨੂੰ ਮੇਰੀ ਕਹਾਣੀ 'ਟੁਕੜੇ-ਟੁਕੜੇ ਜ਼ਿੰਦਗੀ' ਪਸੰਦ ਆਈ। ਮੈਂ ਚਿੱਠੀ ਲਿਖਣ ਲਈ ਆਪ ਜੀ ਦਾ ਧੰਨਵਾਦੀ ਹਾਂ।

ਇਸ ਕਹਾਣੀ ਦਾ ਮਨੋਰਥ ਉਸ ਇਨਸਾਨ ਦੀ ਤਰਾਸਦੀ ਨੂੰ ਪਾਠਕਾਂ ਸਾਹਮਣੇ ਲਿਆਉਣਾ ਹੈ ਜਿਸਦੀ ਸ਼ਕਲ ਸੂਰਤ ਚੰਗੀ ਨਾ ਹੋਣ ਕਰਕੇ ਸਮਾਜ ਨੇ ਉਸਨੂੰ ਠੁਕਰਾਇਆ ਹੈ। ਇਸ ਕਹਾਣੀ ਤੋਂ ਇਹ ਵੀ ਪਤਾ ਚਲਦਾ ਹੈ ਕਿ ਦੁਨੀਆਂ ਵਿਚ ਕੋਈ ਇਨਸਾਨ ਐਸਾ ਨਹੀਂ ਜਿਸ ਵਿਚ ਕੋਈ ਗੁਣ ਨਾ ਹੋਵੇ।
ਪ੍ਰਮਾਤਮਾ ਤੁਹਾਨੂੰ ਸੁੱਖ, ਸਿਹਤ ਅਤੇ ਸਫਲਤਾ ਦੇਵੇ।

***ਆਪ ਜੀ ਦਾ***
***ਗੁਰਸ਼ਰਨ ਸਿੰਘ ਕੁਮਾਰ***

-o-

**ਮਿਤੀ** 03-11-06

ਸਤਿਕਾਰਤ ਕੁਲਜੀਤ ਕੌਰ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ,

'ਪੰਜਾਬੀ ਸਿੱਖਿਆ ਸੰਦੇਸ਼' ਵਿਚ ਪ੍ਰਕਾਸ਼ਿਤ ਮੇਰੀਆਂ ਬਾਲ ਕਵਿਤਾਵਾਂ ਪਸੰਦ ਕਰਨ ਅਤੇ ਫਿਰ ਚਿੱਠੀ ਲਿਖਣ ਲਈ ਬਹੁਤ ਬਹੁਤ ਧੰਨਵਾਦ। ਤੁਹਾਡੇ ਪੜ੍ਹਨ ਲਈ 'ਅੱਖਰ' ਵਿਚ ਛਪੀਆਂ ਪੰਜ ਕਵਿਤਾਵਾਂ ਵੀ ਭੇਜ ਰਿਹਾ ਹਾਂ। 'ਦਰਪਣ' ਸਤੰਬਰ-ਅਕਤੂਬਰ-06 ਵਿਚ ਪ੍ਰਕਾਸ਼ਿਤ ਤੁਹਾਡੀ ਗ਼ਜ਼ਲ ਵੀ ਵਧੀਆ ਲੱਗੀ।

ਅਸੀਂ ਜਨਵਰੀ 2007 ਤੋਂ ਤ੍ਰੈਮਾਸਿਕ ਮੈਗਜ਼ੀਨ 'ਰੂਪ' ਸ਼ੁਰੂ ਕਰ ਰਹੇ ਹਾਂ। ਰਚਨਾਵਾਂ ਵੀ ਭੇਜਦੇ ਰਹਿਣਾ।

ਧੰਨਵਾਦ ਸਹਿਤ,

*ਹਿਤੂ,*
*ਗੁਰਿੰਦਰ ਕਲਸੀ,*
*312, ਵਾਰਡ ਨੰ. 11, ਮੋਰਿੰਡਾ - 140101 (ਰੂਪ ਨਗਰ)*

–o–

22-1-2009

ਜੀ ਕੁਲਜੀਤ,

ਆਪ ਨੇ ਮੇਰੀ ਬੇਨਤੀ ਕਬੂਲ ਕੀਤੀ ਅਤੇ ਆਪਣੀਆਂ ਸਹੇਲੀਆਂ ਨੂੰ ਖ਼ਤ ਲਿਖੇ, ਜਿਸ ਲਈ ਆਪ ਦਾ ਦਿਲੋਂ ਧੰਨਵਾਦੀ ਹਾਂ।

ਮੇਰੇ ਕੋਲ ਹੁਣ ਤੱਕ ਲੇਖਿਕਾ ਬਲਵੀਰ ਗੀਹਲ, ਕੰਵਲਜੀਤ ਜਨੇਜਾ ਅਤੇ ਗੁਰਚਰਨ ਕੌਰ ਕੋਚਰ ਦਾ ਜੀਵਨ ਬਿਓਰਾ ਪਹੁੰਚ ਚੁੱਕਾ ਹੈ। ਪਰ ਬਲਵੀਰ ਗੀਹਲ ਦੀ ਫੋਟੋ ਨਹੀਂ ਆਈ। ਮੈਂ ਉਸ ਨੂੰ ਪੋਸਟ ਕਾਰਡ ਵੀ ਲਿਖ ਦਿੱਤਾ ਸੀ ਪਰ ਜਵਾਬ ਨਹੀਂ ਆਇਆ।

ਹਾਂ ਸੱਚ ਅੱਜ ਪ੍ਰਵਾਸੀ ਹਮਦਰਦ ਵਿਚ ਦੁਬਾਰਾ ਤੇਰੀ ਫੋਟੋ ਅਤੇ ਤਿੰਨ ਗ਼ਜ਼ਲਾਂ ਛਪਵਾ ਦਿੱਤੀਆਂ ਹਨ। ਕਿਉਂਕਿ ਪ੍ਰਵਾਸੀ-ਹਮਦਰਦ ਲਈ ਤੇਰੇ ਨਾਲ ਵਾਅਦਾ ਕੀਤਾ ਸੀ। ਤੇਰੇ ਲਈ ਅਖ਼ਬਾਰ ਭੇਜ ਰਿਹਾ ਹਾਂ।
ਹੋਰ ਸਭ ਠੀਕ ਹੈ।

ਪਿਆਰ ਅਤੇ ਸ਼ੁਭ ਕਾਮਨਾਵਾਂ ਸਹਿਤ

*ਗੁਰਚਰਨ ਭਗਤੂਆਣ*

–o–

ਸਤਿਗੁਰੂ ਪ੍ਰਸਾਦਿ
ਜਲਾਲਾਬਾਦ
ਬਹੁਤ ਹੀ ਪਿਆਰੇ ਵੀਰ ਜੀ,

ਆਪ ਜੀ ਦੀ ਕਹਾਣੀ "ਹਾਤੋ" ਪੜ੍ਹੀ ਜੋ ਕਿ ਜਗ ਬਾਣੀ ਵਿਚ ਦਿਨ ਸ਼ਨੀਵਾਰ ਛਪੀ ਸੀ। ਮੈਨੂੰ ਕਹਾਣੀ ਤੁਹਾਡੀ ਪੜ ਕੇ ਇੰਝ ਲੱਗਿਆ ਜਿਵੇਂ ਕਿ ਤੁਸੀਂ ਮੇਰਾ ਦਿਲ ਹੀ ਕੀਲ ਲਿਆ ਮੇਰੇ ਪਿਆਰੇ ਵੀਰ ਕਹਾਣੀ ਪੜ੍ਹ ਕੇ ਮੇਰੀਆਂ ਅੱਖਾਂ ਭਰ ਆਈਆਂ ਦਿਲ ਰੋ ਉੱਠਿਆ ਔਰ ਮੇਰੇ ਪਿਆਰੇ ਵੀਰ ਮੇਰੀ ਰੱਬ ਅੱਗੇ ਇਹ ਹੀ ਦੁਆਂ ਹੈ ਕਿ ਮੇਰੇ ਵੀਰ ਤੇਰੀ ਕਲਮ ਹਮੇਸ਼ਾ ਹੀ ਇਸੇ ਤਰ੍ਹਾਂ ਹੀ ਚਲਦੀ ਰਹੇ ਔਰ ਮੇਰੇ ਪਿਆਰੇ ਵੀਰ ਅਗਰ ਇਸ ਤੋਂ ਪਹਿਲਾਂ ਜਾਂ ਇਸ ਤੋਂ ਬਾਅਦ ਤੁਸੀਂ ਕਹਾਣੀ ਲਿਖੀ ਹੈ। ਤੁਸੀਂ ਉਹ ਦੀਆਂ ਕਾਪੀਆਂ ਕਰਵਾ ਕੇ ਮੈਨੂੰ ਭੇਜੋ ਤਾਂ ਕਿ ਮੈਨੂੰ ਤੁਹਾਡੀਆਂ ਕਹਾਣੀਆਂ ਪੜ੍ਹ ਕੇ ਮੇਰਾ ਦਿਲ ਖੁਸ਼ੀ ਨਾਲ ਭਰਿਆ ਰਹੇ ਕ੍ਰਿਪਾ ਕਰਕੇ ਜ਼ਰੂਰ ਭੇਜਣਾ।

*ਤੁਹਾਡਾ ਵੀਰ ਚਿਮਨ ਸਿੰਘ*
*ਟੱਕਰ ਹਸਪਤਾਲ*
*ਜਲਾਲਾਬਾਦ (ਪੱਛਮੀ)*

ਸਤਿਕਾਰਤ ਕੁਲਜੀਤ ਜੀ
ਸਤਿ ਸ੍ਰੀ ਅਕਾਲ।

ਕਾਫੀ ਦਿਨਾਂ ਤੋਂ ਆਪ ਜੀ ਨੂੰ ਪੱਤਰ ਲਿਖਣਾ ਚਾਹੁੰਦਾ ਸਾਂ। ਕੁਝ ਜ਼ਿਆਦਾ ਰੁਝੇਵੇਂ ਹੋਣ ਕਰਕੇ ਨਹੀਂ ਲਿਖ ਸਕਿਆ। ਮੈਨੂੰ ਉਮੀਦ ਹੈ ਕਿ ਤੁਸੀਂ ਇਮਤਿਹਾਨ ਪਾਸ ਕਰ ਲਿਆ ਹੋਵੇਗਾ। ਹੁਣ ਵਿਹਲੇ ਹੋਵੋਗੇ। ਆਪ ਜੀ ਦੀ ਕਹਾਣੀ 'ਜਗ ਬਾਣੀ' ਵਿਚ 'ਹਾਤੋ' ਪੜ੍ਹੀ 'ਚੁਪੇੜ' (ਮਿੰਨੀ ਕਹਾਣੀ) ਅਤੇ ਕੁਝ ਗ਼ਜ਼ਲਾਂ ਵੱਖਰਿਆਂ ਵੱਖਰਿਆਂ ਅਖ਼ਬਾਰਾਂ, ਰਸਾਲਿਆਂ ਵਿਚ ਪੜ੍ਹੀਆਂ। ਪੜ੍ਹਕੇ ਅਤਿਅੰਤ ਖੁਸ਼ੀ ਪ੍ਰਾਪਤ ਕੀਤੀ। ਆਪ ਜੀ ਦੀ ਕਲਮ ਸਲਾਹੁਣਯੋਗ ਹੈ। ਆਸ ਕਰਦਾ ਹਾਂ ਕਿ ਆਪ ਜਲਦੀ ਹੀ ਕੁਝ ਖਾਸ ਲੇਖਕਾਂ ਦੀ ਸੂਚੀ ਵਿਚ ਆ ਜਾਓਗੇ। ਪ੍ਰਮਾਤਮਾ ਆਪ ਜੀ ਦੀ ਕਲਮ ਨੂੰ ਹੋਰ ਤਾਕਤ ਬਖਸ਼ੇ।

ਕਦੀ ਦਰਸ਼ਨ ਦਿਓ। ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। ਧੰਨਵਾਦ।

*ਚੰਨ ਬੋਲੇਵਾਲੀਆ*
*ਉਮਰਪੁਰਾ (ਨਵੀਂ ਆਬਦੀ)*
*ਬਟਾਲਾ - 143505*

–o–

ਮਿਸ ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਆਪ ਜੀ ਨੂੰ ਮੇਰਾ ਨਾਂ ਤੇ ਕਵਿਤਾ ਪਿਆਰੀ ਲੱਗੀ। ਬਹੁਤ ਬਹੁਤ ਸ਼ੁਕਰੀਆ। ਖੋਲੇ ਦਾ ਅਰਥ ਖੰਡਰ ਹੁੰਦਾ ਹੈ। ਫ਼ਰਜ ਤੋਂ ਪਾਕ ਕਹਾਣੀ ਰੂਹਾਨੀ ਸੰਦੇਸ਼ਾ ਦੇਂਦੀ ਹੈ। ਮੈਂ ਰੂਹਾਨੀ ਸਾਹਿਤਕਾਰ ਹਾਂ। ਲੋਕ ਦੁੱਖ ਪੈਣ ਤੇ ਰੱਬ ਵਿਚਾਰੇ ਨੂੰ ਗਾਲਾਂ ਕੱਢਣ ਲੱਗ ਪੈਂਦੇ ਹਨ। ਇਸ ਕਹਾਣੀ ਦਾ ਸੰਦੇਸ਼ ਹੈ ਕਿ ਗਾਲਾਂ ਨਹੀਂ ਸਗੋਂ ਉਸ ਦਾ ਸ਼ੁਕਰੀਆ ਕਰਨਾ ਬਣਦਾ ਹੈ। ਕੀ ਪਤਾ ਉਸ ਨੇ ਸਾਡੇ ਕਿਸੇ ਪਿਛਲੇ ਜਨਮ ਦੇ ਕਿੱਡੇ ਵੱਡੇ ਪਾਪ ਦੀ ਸਜ਼ਾ ਘਟਾ ਕੇ ਦਿੱਤੀ ਹੈ। ਕਿਉਂਕਿ ਉਹ ਸੂਲੀ ਦੀ ਸੂਲ ਵੀ ਬਣਾ ਦੇਂਦਾ ਹੈ। ਗੁਰੂ ਨਾਨਕ ਜੀ ਨੇ ਵੀ ਕਿਹਾ ਹੈ – ਕੇਤੇ ਦੂਖ ਭੂਖ ਸਦ ਮਾਰ। ਦੇਹਿ ਭੀ ਦਾਤ ਤੇਰੀ ਦਾਤਾਰ।
ਉਹ ਕਈਆਂ ਨੂੰ ਭੁੱਖਿਆਂ ਰੱਖਦਾ ਹੈ ਪਤਾ ਨਹੀਂ ਉਹ ਭੁੱਖਿਆਂ ਰੱਖਕੇ ਹੀ ਸਾਡੇ ਕਿੰਨੇ ਵੱਡੇ ਪਾਪ ਧੋ ਰਿਹਾ ਹੈ। ਇਸ ਲਈ ਸਾਨੂੰ ਉਸਦਾ ਅਹਿਸਾਨਮੰਦ ਹੋਣਾ ਬਣਦਾ ਹੈ। ਆਸ ਹੈ ਕਿ ਹੁਣ ਤੁਸੀਂ ਮੇਰੀ ਉਸ ਕਹਾਣੀ ਦਾ ਸੰਦੇਸ਼ ਸਮਝ ਗਏ ਹੋਵੋਗੇ। ਕੰਡਾ ਕੱਢਣ ਤੋਂ ਪਹਿਲਾਂ ਧੰਨਵਾਦ ਕੀਤਾ ਗਿਆ ਕਿਉਂਕਿ ਕੰਢਾ ਕੱਢਣ ਤੱਕ ਪਤਾ ਨਹੀਂ ਕਿ ਜ਼ਿੰਦਗੀ ਬਾਕੀ ਬਚਦੀ ਵੀ ਹੈ ਕਿ ਨਹੀਂ? ਇਹ ਖਿਆਲ ਧਾਰਨ ਕਰ ਲੈਣਾ ਹੀ ਬਹੁਤ ਵੱਡੀ ਭਗਤੀ ਹੈ ਤੇ ਫ਼ਕੀਰੀ ਹੈ ਧੰਨਵਾਦ।

ਅਗਲੇ ਅੰਕ ਵਿਚ ਸੁਤੰਤਰਤਾ ਦੇ 50 ਵਰ੍ਹੇ ਉਤੇ ਬਹੁਤ ਵਧੀਆ ਕਵਿਤਾ ਆ ਰਹੀ ਹੈ। ਲੂੰ ਕੰਡੇ ਖੰਡੇ ਕਰ ਦੇਣ ਵਾਲੀ ਲਿਖਣਾ ਕੈਸੀ ਲੱਗੀ?

*ਤੁਹਾਡਾ ਹਿਤੂ*

*ਪ੍ਰੋ. ਚਾਨਣ ਸਿੰਘ ਨਿਰਮਲ*
*ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਆਰੀਆ ਮਹਿਲਾ ਕਾਲਜ,*
*ਦੀਨਾ ਨਗਰ - 143531 (ਗੁਰਦਾਰਪੁਰ)*

–o–

31/10/2001

ਕੁਲਜੀਤ ਜੀ ਸਤਿ ਸ੍ਰੀ ਅਕਾਲ।

ਆਪ ਜੀ ਦੀਆਂ ਦੋ ਗ਼ਜ਼ਲਾਂ 'ਚਿਰਾ.ਗ' ਵਿਚ ਪੜ੍ਹਨ ਦਾ ਮੌਕਾ ਮਿਲਿਆ ਪੜ੍ਹਕੇ ਅਤਿਅੰਤ ਖੁਸ਼ੀ ਹੋਈ। ਕੁਝ ਚਿਰ ਪਹਿਲਾਂ ਵੀ ਆਪ ਜੀ ਦੀ ਗ਼ਜ਼ਲ ਪੰਜਾਬੀ ਟ੍ਰਿਬਿਊਨ ਵਿਚ ਪੜ੍ਹੀ ਸੀ। ਬਹੁਤ ਖੁਸ਼ੀ ਹੋਈ ਸੀ, ਮੈਂ ਆਪ ਜੀ ਨੂੰ ਪੱਤਰ ਲਿਖਣਾ ਚਾਹੁੰਦਾ ਸੀ, ਪਰ ਸਿਰਨਾਵਾਂ ਨਾ ਹੋਣ ਕਰਕੇ ਪੱਤਰ ਨਾ ਲਿਖ ਸਕਿਆ 'ਚਿਰਾ.ਗ' ਵਿਚੋਂ ਆਪ ਦਾ ਐਡਰੈਸ ਮਿਲਿਆ ਤਾਂ ਪੱਤਰ ਲਿਖਣ ਦੀ ਖੁਸ਼ੀ ਪ੍ਰਾਪਤ ਹੋਈ। ਮੈਂ ਆਪ ਨੂੰ ਆਪਣਾ ਕਹਾਣੀ ਸੰਗ੍ਰਹਿ 'ਮਾਂ ਰਾਵੀ' ਪ੍ਰਜੈਂਟ ਕਰਨਾ ਚਾਹੁੰਦਾ ਸੀ। ਇਸ ਲਈ ਮੈਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਗਿਆ, ਟੀ ਸਟਾਲ ਵਾਲੇ ਨੇ ਆਪ ਦਾ ਪਿੰਡ ਜੈਂਤੀਪੁਰ ਦੱਸਿਆ। ਜੈਂਤੀਪੁਰ ਵੀ ਪੁੱਛ ਪੜਤਾਲ ਕਰਨ 'ਤੇ ਆਪ ਜੀ ਦੇ ਦਰਸ਼ਨ ਨਾ ਹੋਏ। ਬਟਾਲੇ ਲੱਕੜ ਮੰਡੀ ਜਗਜੀਤ ਜੀ ਨਾਲ ਵੀ ਸੰਪਰਕ ਕੀਤਾ ਪਰ ਹੋ ਨਾ ਸਕਿਆ। ਮੈਂ ਆਪਣੇ ਇਕ ਵਿਦਿਆਰਥੀ ਨਾਲ ਸੰਪਰਕ ਕੀਤਾ ਜੋ ਆਪ ਨੂੰ ਜਾਣਦਾ ਸੀ, ਮੈਂ ਆਪਣਾ ਟੈਲੀਫ਼ੋਨ ਉਸਨੂੰ ਦਿੱਤਾ, ਪਤਾ ਨਹੀਂ ਆਪ ਨੂੰ ਮਿਲਿਆ ਹੋਵੇ ਕਿ ਨਾ। ਹੋ ਸਕੇ ਤਾਂ ਕਦੀ ਬਟਾਲੇ ਆ ਕੇ ਦਰਸ਼ਨ ਦੇਣੇ। ਮੇਰੇ ਵਲੋਂ ਆਪ ਨੂੰ ਅਤੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ। ਗਲਤੀ ਮੁਆਫ਼ ਕਰਨੀ।

*ਚੰਨ ਬੋਲੇਵਾਲੀਆ*
*ਉਮਰਪੁਰਾ (ਨਵੀਂ ਆਬਾਦੀ)*
*ਬਟਾਲਾ - 143505*

–o–

1/12/06

ਸੁਹਿਰਦ ਕੁਲਜੀਤ ਜੀ,

ਖ਼ਤ ਮਿਲਿਆ, ਪੜ੍ਹ ਕੇ ਚੰਗਾ ਲੱਗਾ ਕਿ ਤੁਹਾਨੂੰ 'ਹਰਖ ਸੋਗ' ਪਸੰਦ ਆਈ ਹੈ ਪਰ ਉਸ ਵਿਚ ਕੁਝ ਪਾਤਰਾਂ ਦੀ ਬੋਲੀ ਤੁਹਾਨੂੰ ਸਮਝ ਨਹੀਂ ਆਈ। ਇਸ ਦਾ ਮਤਲਬ ਏ ਤੁਸੀਂ ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਤੋਂ ਬਿਲਕੁਲ ਅਣਜਾਣ ਹੋ। ਪਰ ਮੈਨੂੰ ਪੰਜਾਬੀ ਦੀਆਂ ਉਪ-ਭਾਸ਼ਾਵਾਂ ਕਾਬਲੀ ਪੰਜਾਬੀ, ਕੰਧਾਰੀ ਪੰਜਾਬੀ, ਹਿੰਦਕੀ, ਪੋਠੋਹਾਰੀ, ਮੁਲਤਾਨੀ, ਜ਼ਰਾਇਕੀ, ਡੋਗਰੀ, ਮਾਝੀ, ਮਾਲਵੀ ਗੋਜਰੀ ਅਤੇ ਹੋਰ ਕਈ - ਬਾਰੇ ਮੁਹਾਰਤ ਹੈ। ਮੈਂ ਇਥੋਂ ਦੇ ਪਾਤਰਾਂ ਨਾਲ ਕੋਈ ਘਟਨਾ ਜਾਂ ਪਲਾਟ ਜੁੜੇ - ਉਹੀ ਬੋਲੀ ਪਾਤਰਾਂ ਤੋਂ ਬੁਲਵਾਉਂਦੀ ਹਾਂ। 'ਹਰਖ ਸੋਗ' ਦੀਆਂ ਦੋ ਕਹਾਣੀਆਂ

'ਖੁਣੇ ਹੋਏ ਤਿਲ ਅਤੇ ਨਿਆਜ਼ਬੋ' ਵਿਚ ਹਿੰਦਕੋ ਬੜੀ ਉਭਰ ਕੇ ਸਾਹਮਣੇ ਆਈ ਹੈ।

ਚੰਗਾ ਕਰੋ ਜੇ ਮੇਰਾ ਨਾਵਲ ਡੋਗਰਾ ਸੰਸਕ੍ਰਿਤੀ ਅਤੇ ਸਭਿਆਚਾਰ ਬਾਰੇ 'ਜਲ ਬਿਨ ਕੁੰਭ' ਪੜ੍ਹੋ ਤੁਹਾਡੀ ਡੋਗਰੀ ਨਾਲ ਵੀ ਜਾਣ-ਪਛਾਣ ਹੋਏਗੀ।

*ਸ਼ੁਭਚਿੰਤਕ*
*ਚੰਦਨ ਨੇਗੀ*

-o-

ਸਤਿਕਾਰਯੋਗ ਕੁਲਜੀਤ ਗ਼ਜਲ ਜੀ,
ਨਮਸਕਾਰ!

ਉਮੀਦ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਦਾ ਪੂਰਾ ਆਨੰਦ ਮਾਣ ਰਹੇ ਹੋਵੋਗੇ। ਮੈਂ ਜਗਬਾਣੀ ਅਖਬਾਰ ਵਿਚ ਆਪ ਜੀ ਦੀ ਗਜ਼ਲ ਪੜ੍ਹੀ ਬਹੁਤ ਹੀ ਮਨ ਨੂੰ ਪਸੰਦ ਆਈ ਅਤੇ ਦਿਲ ਕੀਤਾ ਕਿ ਆਪ ਜੀ ਨੂੰ ਇਸ ਦੀ ਵਧਾਈ ਜ਼ਰੂਰ ਦੇਵਾਂ। ਮੈਂ ਵੀ ਲਿਖਣ ਦਾ ਕਾਫੀ ਸ਼ੌਂਕ ਰੱਖਦਾ ਸੀ ਪਰ ਕੁਝ ਸਮਾਂ ਇਸ ਤਰ੍ਹਾਂ ਦਾ ਆ ਗਿਆ ਕਿ ਲਿਖਣਾ ਅਤੇ ਸੋਚਣਾ ਸਭ ਕੁਝ ਛੁੱਟ ਗਿਆ ਅਤੇ ਹੁਣ ਸਿਰਫ਼ ਕਦੇ-ਕਦੇ ਪੜ੍ਹ ਵੀ ਲਈਦਾ ਹੈ। ਮੈਂ ਸਫਰੀ ਸਾਹਿਬ ਦੀ ਗ਼ਜ਼ਲ ਸੁਣੀ ਸੀ ਤੂੰ ਰੱਖ ਕੁਝ ਹੌਸਲਾ ਸਫਰੀ ਕਈਆਂ ਦੇ ਮਰ ਵੀ ਜਾਂਦੇ ਹਨ। ਤੁਹਾਡੀ ਗ਼ਜ਼ਲ ਵੀ ਕੁਝ ਅਜਿਹੀ ਹੀ ਖੁਸ਼ਬੂ ਛੱਡਦੀ ਲੱਗੀ। ਇਸ ਤਰ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਲੇਖਕ ਨੇ ਸਭ ਕੁਝ ਸਾਡੀ ਜ਼ਿੰਦਗੀ ਬਾਰੇ ਹੀ ਲਿਖਿਆ ਹੋਵੇ। ਪਰ ਇਹ ਸਿਰਫ ਕੋਈ-ਕੋਈ ਹੀ ਮਹਿਸੂਸ ਕਰ ਸਕਦਾ ਹੈ। ਜਿਸ ਨੂੰ ਹੋਰ ਬਹੁਤ ਕੁਝ ਲਿਖਣਾ ਚਾਹੁੰਦਾ ਹਾਂ ਪਰ ਇਸ ਕਰਕੇ ਨਹੀਂ ਲਿਖਾਂਗਾ ਕਿ ਪਤਾ ਨਹੀਂ ਤੁਸੀਂ ਪਸੰਦ ਕਰੋ ਜਾਂ ਨਾ ਕਰੋ। ਪਰ ਹਾਂ ਇਹ ਆਸ ਜ਼ਰੂਰ ਰੱਖਾਂਗਾ ਕਿ ਤੁਸੀਂ ਇਸ ਦਾ ਜਵਾਬ ਗ਼ਜ਼ਲ ਦੇ ਰੂਪ ਵਿਚ ਜ਼ਰੂਰ ਦਿਓਗੇ।

*ਚਰਨਜੀਤ ਕੁਮਾਰ ਸੁਮਨ*
*ਸੁਮਨ ਮੈਡੀਕੋਜ, ਬਲਾਚੌਰ - 144521*
*ਜ਼ਿਲ੍ਹਾ ਨਵਾਂ ਸ਼ਹਿਰ*

-o-

ਸਤਿਕਾਰਤ ਕੁਲਜੀਤ,
ਸਤਿ ਸ੍ਰੀ ਅਕਾਲ।

ਨਵੇਂ ਵਰ੍ਹੇ ਦੀਆਂ ਮੁਬਾਰਕਾਂ ਭੇਜਦਾ ਹੋਇਆ ਮੈਂ ਤੁਹਾਨੂੰ ਆਪਣੇ ਵਲੋਂ ਅਤੇ ਫੋਕਲੋਰ ਰਿਸਰਚ ਅਕੈਡਮੀ (ਰਜਿ) ਚੰਡੀਗੜ੍ਹ ਦੇ ਸਮੂਹ ਅਹੁਦੇਦਾਰਾਂ ਵਲੋਂ ਧੰਨਵਾਦ ਭੇਜ ਰਿਹਾ ਹਾਂ ਕਿਉਂਕਿ ਤੁਸੀਂ ਇਸ ਵਰ੍ਹੇ 6ਵੇਂ ਰਾਜਾ ਪੋਰਸ ਹਿੰਦ-ਪਾਕਿ ਮਿੱਤਰਤਾ ਮੇਲੇ ਤੇ ਸਹਿਯੋਗ ਦਿੱਤਾ। ਤੁਸੀਂ ਸੱਚਮੁੱਚ ਇੱਕ ਅੱਛੀ ਸੋਚ ਦੇ ਮਾਲਕ ਹੋ। ਅਜਿਹੇ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਵਧੀਆ ਸੋਚ ਨੂੰ ਹੋਰ ਪ੍ਰੌੜ ਬਣਾਉਂਦੀ ਹੋਈ ਇੱਕ ਅੱਛੇ ਇਨਸਾਨ ਨੂੰ ਜਨਮ ਦਿੰਦੀ ਹੈ। ਇਸ ਪ੍ਰਕ੍ਰਿਆ ਵਿਚੋਂ ਤੁਸੀਂ ਲੰਘ ਰਹੇ ਹੋ। ਇਸ ਤੋਂ

ਵੀ ਵੱਧ ਵਧਾਈ ਦੇ ਪਾਤਰ ਤੁਹਾਡੇ ਮਾਤਾ-ਪਿਤਾ ਹਨ ਜਿਨ੍ਹਾਂ ਨੇ ਤੁਹਾਡੇ ਵਰਗੀ ਸ਼ਖਸ਼ੀਅਤ ਨੂੰ ਜਨਮ ਦੇਣ ਉਪਰੰਤ ਪੂਰਣ ਵਿਸ਼ਵਾਸ ਤੇ ਪੂਰੇ ਉਤਰੋਗੇ। ਜਦੋਂ ਕਦੇ ਵਕਤ ਮਿਲੇ ਤਾਂ ਪਟਿਆਲੇ ਜ਼ਰੂਰ ਚੱਕਰ ਲਗਾ ਕੇ ਜਾਣਾ। ਬਾਗਾਂ ਦਾ ਸ਼ਹਿਰ ਪਟਿਆਲਾ ਇੱਕ ਖੂਬਸੂਰਤ ਸ਼ਹਿਰ ਹੈ। ਤੁਹਾਡੀ ਪਟਿਆਲਾ ਫੇਰੀ ਦਾ ਸਾਨੂੰ ਇੰਤਜ਼ਾਰ ਰਹੇਗਾ।

ਮੇਰੇ ਵੱਲੋਂ ਮੰਮੀ-ਪਾਪਾ ਅਤੇ ਹੋਰ ਬਜ਼ੁਰਗਾਂ ਨੂੰ ਸਤਿ ਸ੍ਰੀ ਅਕਾਲ ਕਹਿਣਾ।

*ਤੁਹਾਡਾ ਅੰਕਲ*
*ਡਾ. ਚਰਨਜੀਤ ਸਿੰਘ*

-o-

19/9/02

ਸਤਿਕਾਰਯੋਗ ਕੁਲਜੀਤ ਜੀ

ਕੁਲਜੀਤ ਜੀ ਅਗਰ ਮੈਂ ਗਲਤ ਨਹੀਂ ਤਾਂ ਤੁਸੀਂ ਓਹੀ ਗ਼ਜ਼ਲ ਹੋ ਜੋ ਕੁਝ ਸਮਾਂ ਪਹਿਲਾਂ ਫਰੀਦਕੋਟ ਤੋਂ ਛਪਦੇ ਹਫ਼ਤਾਵਾਰੀ 'ਸੁਜਾਤਾ' ਵਿਚ ਛਪਦੇ ਰਹੇ ਓ। ਮੈਨੂੰ ਬੇਹੱਦ ਖੁਸ਼ੀ ਹੈ ਕਿ ਤੁਹਾਡੀਆਂ ਰਚਨਾਵਾਂ ਐਸ ਵੇਲੇ ਜਗਬਾਣੀ ਵਿਚ ਛਪ ਰਹੀਆਂ ਹਨ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਜਵਾਬ ਜ਼ਰੂਰ ਦਿਓਗੇ।
ਤੁਸੀਂ ਸੁਜਾਤਾ ਤੱਕ ਕਿਵੇਂ ਪਹੁੰਚੇ ਜ਼ਰੂਰ ਦੱਸਣਾ।

ਇਸ ਆਸ ਨਾਲ

*ਜਸਵਿੰਦਰ ਸਿੰਘ ਸੰਧੂ*
*ਪਿੰਡ : ਚਹਿਲ, ਡਾਕ : ਟਹਿਣਾ*
*ਤਹਿ ਤੇ ਜ਼ਿਲ੍ਹਾ : ਫਰੀਦਕੋਟ - 151203*

-o-

ਕੁਲਜੀਤ,

ਨਵਾਂ-ਵਰ੍ਹਾ ਤੇਰੇ ਤੇ ਤੇਰੇ ਪਰਿਵਾਰ ਲਈ ਕਦਮ ਕਦਮ ਤੇ ਖੁਸ਼ੀਆਂ ਤੇ ਖੇੜੇ ਦਿੰਦਾ ਰਹਵੇ। ਮੇਰੀਆਂ ਸ਼ੁਭ ਕਾਮਨਾਵਾਂ ਹਮੇਸ਼ਾ ਤੁਹਾਡੇ ਅੰਗ-ਸੰਗ ਰਹਿਣਗੀਆਂ।

*ਪਿਆਰ ਸਹਿਤ*
*ਜਸਬੀਰ*

-o-

3/12/01

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਪਿਛਲੇ ਦਿਨੀ ਤੁਹਾਡੀ ਮੌਲਿਕ ਰਚਨਾ 'ਆੜ' ਪੜ੍ਹੀ, ਜੋ ਬਹੁਤ ਵਧੀਆ

ਲੱਗੀ, ਸਮਾਜ ਵਿਚ ਅਕਸਰ ਹੀ ਇਸ ਤਰ੍ਹਾਂ ਹੁੰਦਾ ਰਹਿੰਦਾ ਹੈ, ਇਸ ਤਰ੍ਹਾਂ ਦੇ ਲੋਕਾਂ ਨੂੰ ਠੇਸ ਤਾਂ ਪਹੁੰਚੀ ਹੋਵੇਗੀ, ਪਰ ਆਮ ਵਰਗ ਨੂੰ ਚੰਗੀ ਲੱਗੀ ਹੋਵੇਗੀ, ਸੋ ਪ੍ਰਮਾਤਮਾ ਅੱਗੇ ਦੁਆ ਕਰਦਾ ਹਾਂ, ਕਿ ਆਉਣ ਵਾਲੇ ਦਿਨਾਂ ਵਿਚ ਤੁਹਾਡੀ ਕਲਮ ਹੋਰ ਵੀ ਸੁਨੱਖੀ ਹੋਵੇ, ਇਸੇ ਆਸ, ਉਮੀਦ ਨਾਲ ਖ਼ਤ ਦੀ ਉਡੀਕ 'ਚ।
ਭਵਿੱਖ 'ਚ ਤੁਹਾਡੇ ਹੁੰਗਾਰੇ ਦੀ ਉਡੀਕ 'ਚ

ਆਪਣਿਆਂ ਦਾ ਆਪਣਾ

*ਇੰਜ : ਜਸਵਿੰਦਰ ਸਿੰਘ 'ਗਿੱਲ'*

–o–

17/1/05

ਸਤਿਕਾਰਯੋਗ ਗ਼ਜ਼ਲ ਜੀ,

ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। ਸਮਾਚਾਰ ਇਹ ਹੈ ਕਿ ਮੈਂ ਆਪ ਜੀ ਦੀ ਕੱਲ੍ਹ ਜਗਬਾਣੀ ਵਿਚ ਗ਼ਜ਼ਲ ਪੜ੍ਹੀ ਬਹੁਤ ਹੀ ਪਸੰਦ ਆਈ ਆਪ ਜੀ ਨੂੰ ਬਹੁਤ ਬਹੁਤ ਮੁਬਾਰਕਾਂ।

ਅੱਗੇ ਸਮਾਚਾਰ ਇਹ ਹੈ ਮੈਂ ਇਕ ਕਵਿਤਰੀ ਦੀਆਂ ਹੀ ਗ਼ਜ਼ਲਾਂ ਦਾ ਸੰਗ੍ਰਹਿ ਤਿਆਰ ਕਰ ਰਿਹਾ ਹਾਂ ਮੇਰੇ ਕੋਲ ਕੁਝ ਕਵਿਤਰੀਆਂ ਦੀਆਂ ਗ਼ਜ਼ਲਾਂ ਪਹੁੰਚ ਗਈਆਂ ਹਨ ਅਤੇ ਕੁਝ ਬਾਕੀ ਹਨ। ਸੋ ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਮੈਨੂੰ ਘੱਟੋ ਘੱਟ 5 ਨਵੀਆਂ ਗ਼ਜ਼ਲਾਂ ਭੇਜਣ ਦੀ ਮੇਹਰਬਾਨੀ ਕਰੋਗੇ। ਨਾਲ ਆਪਣਾ ਜੀਵਨ ਬਿਉਰਾ ਤਾਂ ਕਿ ਮੈਂ ਇਸ ਗ਼ਜ਼ਲ ਸੰਗ੍ਰਹਿ ਵਿਚ ਆਪ ਜੀ ਦੀਆਂ ਗ਼ਜ਼ਲਾਂ ਸ਼ਾਮਲ ਕਰ ਸਕਾਂ ਇਕ ਹੋਰ ਬੇਨਤੀ ਹੈ ਆਪ ਜੀ ਦੇ ਹੋਰ ਸਹਿਯੋਗੀ ਜੋਹਨ ਉਨ੍ਹਾਂ ਨੂੰ ਵੀ ਭੇਜਣ ਦੀ ਬੇਨਤੀ ਕਰਨੀ ਨਹੀਂ ਮੈਨੂੰ ਉਨ੍ਹਾਂ ਦਾ ਐਡਰੈਸ ਭੇਜਣ ਦੀ ਦਿਆ ਕਰਨੀ। ਮੈਂ ਲਿਖਾ ਪੜ੍ਹੀ ਕਰ ਲਵਾਂਗਾ। ਧੰਨਵਾਦ ਗ਼ਜ਼ਲਾਂ ਜ਼ਰੂਰ ਭੇਜਣ ਦੀ ਕ੍ਰਿਪਾ ਕਰਨੀ ਜਲਦੀ ਤੋਂ ਜਲਦੀ। ਮੇਰੇ ਲਾਇਕ ਹੋਰ ਕੋਈ ਸੇਵਾ ਜ਼ਰੂਰ ਲਿਖਣੀ, ਸ਼ੁਭ ਇਛਾਵਾਂ ਸਾਹਿਤ।

*ਜਗਦੇਵ ਸਿੰਘ ਜੱਗੀ*
*ਵੀ. : ਰੰਗੀਆਂ, ਪੀ. ਓ. : ਡੇਹਲੋਂ*
*ਜ਼ਿਲ੍ਹਾ - ਲੁਧਿਆਣਾ*

–o–

ਪਿਆਰੀ ਭੈਣ ਅਤੇ ਕਲਮੀ ਦੋਸਤ

ਕੁਲਜੀਤ ਗ਼ਜ਼ਲ ਜੀ, ਸਤਿ ਸ੍ਰੀ ਅਕਾਲ। ਸਾਨੂੰ ਤੁਹਾਡੀਆਂ ਗ਼ਜ਼ਲਾਂ ਬਹੁਤ ਹੀ ਚੰਗੀਆਂ ਲੱਗਦੀਆਂ ਹਨ, ਇਸੇ ਲਈ ਅਸੀਂ ਤੁਹਾਨੂੰ ਆਪਣਾ ਕਲਮੀ ਦੋਸਤ ਬਣਾਉਦਾ ਚਾਹੁੰਦੇ ਹਾਂ। ਮੈਂ +2 ਕਰ ਰਿਹਾ ਹਾਂ। ਤਸਵੀਰਾਂ, ਮੈਗਜ਼ੀਨ, ਰਾਹੀਂ ਮੇਰੇ ਕੁਝ ਸਵਾਲ ਵੀ ਆ ਰਹੇ ਹਨ। ਸੋ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਡੀ ਕਲਮੀ

ਦੋਸਤੀ ਜ਼ਰੂਰ ਹੀ ਕਬੂਲ ਕਰੋਗੇ। ਪ੍ਰਮਾਤਮਾ ਤੁਹਾਡੀ ਉਮਰ ਲੰਬੀ ਕਰੇ। ਸਾਨੂੰ ਪੋਸਟ ਕਾਰਡ ਜ਼ਰੂਰ ਲਿਖਣਾ।

*ਜਗਸੀਰ ਜਨਾਸਣ, ਖਿੱਲਣ,*
*ਡਾ. ਕੋਟ ਲੱਲੂ,*
*ਜ਼ਿਲ੍ਹਾ+ਤਹਿਸੀਲ - ਮਾਨਸਾ - 151505*

-o-

ਕੁਲਜੀਤ ਜੀ,
ਸਾਹਿਤਕ ਸਲਾਮ,

ਤੁਹਾਡੀ ਗ਼ਜ਼ਲ ਸੁਬਾਸਕ ਵਿਚ ਪੜ੍ਹੀ ਗ਼ਜ਼ਲ ਲਿਖਣੀ ਅਸਾਨ ਨਹੀਂ ਹੈ ਬੜੇ-ਬੜੇ ਉਸਤਾਦ ਇਹ ਕਹਿੰਦੇ ਹਨ ਪਰ ਗ਼ਜ਼ਲ ਲਿਖਣੀ ਏਨੀ ਮੁਸ਼ਕਿਲ ਵੀ ਨਹੀਂ ਤੁਸੀਂ ਆਪਣੇ ਸ਼ੇਅਰਾਂ ਵਿਚ ਕੁਝ ਗਹਿਰਾਈ ਰੱਖੋ ਇਸ਼ਕ, ਪਿਆਰ ਵਫ਼ਾ ਦੁਆਲੇ ਹੀ ਗ਼ਜ਼ਲ ਨਹੀਂ ਘੁੰਮਨੀ ਚਾਹੀਦੀ, ਬਲਕਿ ਇਸ ਤੋਂ ਉਹਾਂਤ ਵੀ ਉੱਠਣਾ ਚਾਹੀਦਾ ਹੈ। ਰੱਬ ਕਰੇ ਤੁਹਾਡੇ ਸ਼ੇਅਰ ਹੋਰ ਨਿਖਰਣ।

ਸ਼ੁਭ ਅਸ਼ਾਵਾਂ

*ਜਗਤਾਰ ਜੋਸ਼*
*ਦ.ਫਤਰ, ਪਿੰਡ+ਡਾਕ - ਹਮੀਰਾ*
*ਜ਼ਿਲ੍ਹਾ : ਕਪੂਰਥਲਾ (144802)*

-o-

ਕੁਲਜੀਤ ਜੀ,

ਸਤਿ ਸ੍ਰੀ ਅਕਾਲ ਮੈਂ ਇਸ ਜਗ੍ਹਾ ਰਾਜੀ ਖੁਸ਼ੀ ਹਾਂ ਆਪ ਜੀ ਦੀ ਰਾਜੀ ਖੁਸ਼ੀ ਵਾਹਿਗੁਰੂ ਤੋਂ ਸਦਾ ਸ਼ੁਭ ਮੰਗਦਾ ਹਾਂ।

ਸਮਾਚਾਰ ਇਹ ਹੈ ਕੀ ਬਹੁਤ ਇੰਤਜ਼ਾਰ ਕੀਤਾ ਤੁਹਾਡੇ ਖ਼ਤ ਦਾ ਪਰ ਤੁਸੀਂ ਹੀ ਖ਼ਤ ਨਹੀਂ ਪਾਇਆ ਮੈਂ ਹੀ ਖ਼ਤ ਲਿਖ ਰਿਹਾ ਹਾਂ, ਹਮੇਸ਼ਾ ਮੇਰੇ ਨਾਲ ਇਹੀ ਹੁੰਦਾ ਆਇਆ ਹੈ ਕੀ ਮੈਨੂੰ ਹੀ ਸਭ ਦੀ ਜ਼ਰੂਰਤ ਹੋਈ ਹੈ ਕਿਸੇ ਨੇ ਕਦੀ ਮੈਨੂੰ ਆਪਣੀ ਜ਼ਰੂਰਤ ਨਹੀਂ ਸਮਝਿਆ ਮੈਂ ਹਮੇਸ਼ਾ ਸਭ ਨੂੰ ਆਪਣਾ ਸਮਝਿਆ ਹੈ ਪਰ ਕਿਸੇ ਨੇ ਮੈਨੂੰ ਕਦੀ ਆਪਣਾ ਨਹੀਂ ਸਮਝਿਆ ਸ਼ਾਇਦ ਇਹ ਇਕ ਸ਼ਾਇਰ ਮਨੋ ਵਲਵਲੇ ਹਨ। ਜਿਨ੍ਹਾਂ ਦੀ ਅੱਜ ਦੇ ਸਮੇਂ ਕੋਈ ਅਹਿਮੀਅਤ ਨਹੀਂ ਹੈ।

ਕਿਤਾਬੋਂ ਮੇ ਛਪਤੇ ਹੈ ਚਾਹਤ ਕੇ ਕਿੱਸੇ
ਹਕੀਕਤ ਦੀ ਦੁਨੀਆਂ ਮੇਂ ਚਾਹਤ ਨਹੀਂ ਹੈ।
ਜ਼ਮਾਨੇ ਕੇ ਬਾਜ਼ਾਰ ਮੇਂ ਯੇ ਵੋ ਸ਼ੈ ਹੈ
ਕੇ ਜਿਸ ਕੀ ਕਿਸੀ ਕੋ ਜ਼ਰੂਰਤ ਨਹੀਂ ਹੈ।

ਤੁਸੀਂ ਕਿਸੇ ਮੀਟਿੰਗ ਤੇ ਵੀ ਨਹੀਂ ਮਿਲੇ ਕੋਈ ਆਪਣੀ ਗ਼ਜ਼ਲ ਹੀ ਸੁਣ ਲੈਂਦੇ। ਚੱਲੋ ਮੈਂ ਤਾਂ ਅੱਜ ਫਿਰ ਪੱਤਰ ਲਿਖ ਹੀ ਦਿੱਤਾ ਹੈ ਉਮੀਦ ਹੈ ਜਵਾਬ ਦੇਵੋਗੇ।

ਉਡੀਕਵਾਨ

***ਜਗਤਾਰ ਜੋਸ਼***

-o-

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀ,
ਮੋਹ ਭਿੱਜੀ ਆਦਾਬ!

...'ਜਗ-ਬਾਣੀ' ਅਖ਼ਬਾਰ ਵਿਚ ਤੁਹਾਡੀ ਕਹਾਣੀ 'ਦੇਣ ਦਾ ਲੈਣ' ਪੜ੍ਹੀ। ਕਹਾਣੀ ਬੜੀ ਸੋਹਣੀ ਲਿਖੀ ਹੈ। ਗ਼ਜ਼ਲ ਵਾਂਗ ਤੁਹਾਨੂੰ ਕਹਾਣੀ ਵੀ ਲਿਖਣੀ ਆਉਂਦੀ ਹੈ। ਉਂਝ ਤਾਂ ਅੱਜ-ਕੱਲ੍ਹ ਹਰ ਬੰਦਾ ਹਰ ਕੰਮ ਹੀ 'ਲੈਣ-ਦੇਣ' ਦੇ ਸਿਧਾਂਤ ਅਨੁਸਾਰ ਕਰਦਾ ਹੈ। ਸ਼ਾਇਦ ਇਹ ਆਧੁਨਿਕ ਦੌਰ ਦਾ ਪਛਾਣ-ਚਿੰਨ੍ਹ ਹੈ। ਪਰ ਜਦੋਂ ਕੋਈ ਵਿਅਕਤੀ ਵਿਸ਼ੇਸ਼ ਕਿਸੇ ਵਿਸ਼ੇਸ਼ ਕਾਰਜ ਲਈ 'ਦੇਣ-ਲੈਣ' ਦਾ ਨਿਯਮ ਵਰਤਦਾ ਹੈ, ਤਾਂ ਹਰ ਸੰਵੇਦਨਸ਼ੀਲ ਬੰਦਾ ਇਸ ਦਾ ਗੰਭੀਰ ਨੋਟਿਸ ਲੈਂਦਾ ਹੈ। ਜਿਵੇਂ ਤੁਹਾਡੀ ਕਹਾਣੀ ਵਿਚਲੇ/ਬਾਠ ਸਾਹਿਬ ਦਾ ਮੈਂ ਪਾਤਰ ਨੇ ਨੋਟਿਸ ਲਿਆ। ਇਹ ਨੋਟਿਸ ਉਦੋਂ ਬਹੁ-ਦਿਸ਼ਾਈ ਬਣ ਜਾਂਦੈ ਜਦੋਂ/ 'ਬਾਠ ਸਾਹਿਬ' ਵਰਗਾ ਬੰਦਾ ਸੈਕਸੂਅਲ - ਦ੍ਰਿਸ਼ਟੀ ਤੋਂ ਵਿਦਿਆਰਥੀ ਨਾਲ ਸੌਦੇਬਾਜ਼ੀ ਕਰਦਾ ਹੈ। ਦੇਣ ਲੈਣ ਦੇ ਸਿਧਾਂਤ 'ਤੇ ਖੜੀ ਕੀਤੀ ਇਸ ਤਰ੍ਹਾਂ ਦੀ ਸੌਦੇਬਾਜ਼ੀ ਤੁਹਾਡੀ ਕਹਾਣੀ ਵਿਚ ਕਈ ਤਰ੍ਹਾਂ ਦੀ ਟੁੱਟ ਭੱਜ ਦੇ ਸੰਕੇਤ ਦਿੰਦੀ ਹੈ। ਇਹ ਟੁੱਟ ਭੱਜ ਰਿਸ਼ਤੇਦਾਰੀ ਦੀ ਹੈ, ਅਧਿਆਪਕ ਤੇ ਪੜ੍ਹਾਈ ਨਾਲੋਂ ਵਿਦਿਆਰਥੀ ਦੀ ਟੁੱਟ ਹੈ ਤੇ ਵਿਦਿਆਰਥੀ ਅੰਦਰ ਬੈਠੇ ਪਾਠਕ ਦੀ ਕਿਤਾਬ ਨਾਲੋਂ ਟੁੱਟ ਹੈ। ਸਭ ਤੋਂ ਵੱਡੀ ਗੱਲ ਵਿਸ਼ਵਾਸ਼ ਤੇ ਸ਼ਾਲੀਨਤਾ ਦੇ ਟੁੱਟਣ ਦੀ ਹੈ। ਤੁਹਾਡੀ ਕਹਾਣੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਜਿਨ੍ਹਾਂ ਬਾਰੇ ਸੋਚ-ਵਿਚਾਰ ਦੀ ਜ਼ਰੂਰਤ ਹੈ।

ਕਹਾਣੀ ਦੀ ਤੋਰ ਸੁਪਰ-ਫਾਸਟ ਹੈ। ਭਾਸ਼ਾ ਕਿਸੇ ਅੜਬ ਜੱਟ ਦੀ ਡਾਂਗ ਵਾਂਗ ਖੜਕਵੀਂ ਹੈ। ਕਹਾਣੀ ਦੀ ਬੁਣਤੀ ਅਤੇ ਡਿਜ਼ਾਇਨ ਬਹੁ-ਤੰਦੀ ਹੈ। ਕਹਾਣੀ ਵਿਚ ਕੋਈ ਵਾਧੂ ਵਿਸਥਾਰ, ਅਕੇਵਾਂ ਜਾਂ ਢਿੱਲਾਪਣ ਨਹੀਂ। ਸੰਤ ਸਿੰਘ ਸੇਖੋਂ ਦੇ ਕਹਿਣ ਵਾਂਗ ਤੁਹਾਡੀ ਇਸ ਕਹਾਣੀ ਵਿਚ ਤੀਰ ਦੀ ਨੋਕ ਜਾਂ ਬੰਦੂਕ ਦੀ ਸੰਗੀਨ ਵਰਗੀ ਇਕ ਚੁੰਝ ਹੈ। ਇਕ ਐਸੀ ਚੁੰਝ ਜੋ ਪੜ੍ਹਨ ਵਾਲੇ ਦੇ ਸੀਨੇ ਵਿਚ ਨਸ਼ਤਰ ਵਾਂਗ ਲਹਿ ਜਾਂਦੀ ਹੈ।

ਜਿੱਥੇ ਤੁਹਾਡੀ ਕਹਾਣੀ ਵਿਚ ਬਹੁਤ ਸਾਰੀਆਂ ਗੱਲਾਂ ਮਾਣਯੋਗ ਹਨ, ਉਥੇ ਮੈਨੂੰ ਇਕ ਘਾਟ ਵੀ ਜਾਪੀ ਹੈ। ਮੈਂ ਕਹਾਣੀ ਦੇ ਅੰਤਲੇ ਪਹਿਰੇ ਬਾਰੇ ਆਖ ਰਿਹਾਂ। ਜਿੱਥੇ ਤੁਸੀਂ ਕਿਹੈ ਕਿ "ਇਕ ਮਰਦ ਹਾਰ ਗਿਆ ਸੀ ਤੇ ਹੁਣ ਮੇਰਾ ਕੱਦ ਉਸ ਤੋਂ ਉੱਚਾ ਜਾਪ ਰਿਹਾ ਸੀ।" ਮੇਰੇ ਖਿਆਲ ਅਨੁਸਾਰ ਇੱਥੇ ਕਹਾਣੀ ਦਾ ਅੰਤ ਸੀ। ਇਸ ਤੋਂ ਅਗਲਾ ਪਹਿਰਾ ਵਾਧੂ ਹੈ।

ਕਹਾਣੀ ਵਿਚ ਇਕ ਸਨਟੈਂਸ ਹੈ ਕਿ 'ਬੇਵਕੂਫ। ਇੰਨਾ ਵੀ ਨਹੀਂ ਸਮਝਦਾ ਕਿ ਸ਼ਰਾਬ, ਸ਼ਰਾਬ ਦਾ ਕੀ ਵਿਗਾੜ ਲਊ?' ... ਇਹ ਵਾਕ ਬੜਾ ਸੋਹਣਾ ਅਤੇ 'ਰਹੱਸਮਈ' ਵੀ ਹੈ। ਇਕ ਚੰਗੀ ਕਹਾਣੀ ਲਿਖਣ ਲਈ ਆਪਨੂੰ ਤੇ ਆਪਦੀ ਕਲਮ

ਨੂੰ ਮੈਂ ਸ਼ਾਬਾਸ਼। ਆਖਦਾ ਹਾਂ।

ਬਹੁਤ ਹੀ ਅਦਬ ਨਾਲ

*ਜਸਵੀਰ ਸਿੰਘ ਰਾਣਾ*

-o-

ਸਤਿਕਾਰਯੋਗ ਕੁਲਜੀਤ ਗ਼ਜ਼ਲ ਜੀਓ
ਸਤਿ ਸ੍ਰੀ ਅਕਾਲ

ਆਪ ਜੀ ਵੱਲੋਂ ਭੇਜੀਆਂ ਗਈਆਂ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦਾ ਮੋਹ ਭਰਿਆ ਪੱਤਰ ਮਿਲਿਆ। ਜਿਸ ਲਈ ਮੈਂ ਆਪ ਜੀ ਦਾ ਦਿਲੋਂ ਧੰਨਵਾਦੀ ਹਾਂ। ਮੈਨੂੰ ਸਦਾ ਹੀ ਤੁਹਾਡੇ ਵਲੋਂ ਪ੍ਰੇਰਨਾ, ਉਤਸ਼ਾਹ ਤੇ ਵਿਸ਼ਵਾਸ ਮਿਲਦਾ ਰਿਹਾ ਹੈ ਜਿਸ ਨਾਲ ਮੇਰਾ ਆਤਮ ਵਿਸ਼ਵਾਸ ਹੋ ਵੀ ਵਧਿਆ ਹੈ।

ਮੈਂ ਆਪ ਜੀ ਨੂੰ ਤੇ ਸਮੂਹ ਪਰਿਵਾਰ ਨੂੰ ਜੀਵਨ ਭਰ ਲਈ ਸ਼ੁਭ ਕਾਮਨਾਵਾਂ ਭੇਜਦਾ ਹਾਂ ਕਿ ਪ੍ਰਮਾਤਮਾ ਤੁਹਾਨੂੰ ਹਰ ਮੈਦਾਨ ਫਤਹਿ ਬਖਸ਼ੇ। ਆਪ ਜੀ ਦੇ ਜੀਵਨ ਵਿਚ ਖੁਸ਼ੀਆਂ ਖੇੜਿਆਂ ਦੀਆਂ ਸੁਨਹਿਰੀ ਕਿਰਨਾਂ ਦਾ ਸਦਾ ਪ੍ਰਕਾਸ਼ ਹੁੰਦਾ ਰਹੇ।

*ਆਪ ਜੀ ਦਾ ਹਿਤੂ*
*ਜਗਦੇਵ ਸਿੰਘ ਜੱਸੋਵਾਲ*

ਕੁਲਜੀਤ ਗ਼ਜ਼ਲ,
ਸਤਿ ਸ੍ਰੀ ਅਕਾਲ।

ਜਦੋਂ ਤੁਹਾਡੇ ਇੱਕ ਪ੍ਰਸ਼ੰਸਕ ਦਾ ਇਹ ਕਾਰਡ ਤੁਹਾਡੇ ਹੱਥਾਂ ਤੱਕ ਪਹੁੰਚੇਗਾ ਤਾਂ ਨਵੇਂ ਸਾਲ ਸੂਰਜ ਤੁਹਾਡੀ ਦਹਿਲੀਜ਼ ਤੇ ਦਸਤਕ ਦੇ ਚੁੱਕਾ ਹੋਵੇਗਾ। ਇਸ ਨਵੇਂ ਸਾਲ 'ਚ ਤੁਹਾਨੂੰ ਉਹ ਖੁਸ਼ੀਆਂ ਤੇ ਖੇੜੇ ਪ੍ਰਾਪਤ ਹੋਣ ਜਿਨ੍ਹਾਂ ਦੀ ਤੁਸੀਂ ਜ਼ਿੰਦਗੀ ਦੇ ਰੰਗੀਨ ਸੁਪਨਿਆਂ 'ਚ ਕਲਪਨਾ ਕੀਤੀ ਹੈ।

ਨਵਾਂ ਸਾਲ ਮੁਬਾਰਕ

*ਜਸਵਿੰਦਰ 'ਮਿੰਟੂ'*
*ਫਰੀਦਕੋਟ*

-o-

**ਮੋਰਿੰਡਾ**
04/07/04

ਕੁਲਜੀਤ ਗ਼ਜ਼ਲ,
ਮੋਹ ਭਰੀ ਸਤਿ ਸ੍ਰੀ ਅਕਾਲ।

ਆਪ ਨੂੰ ਕਈ ਪੱਤਰ ਪਾ ਚੁੱਕਾ ਹਾਂ, ਪਰ ਉਤਰ ਇੱਕ ਵੀ ਪੱਤਰ ਦਾ ਨਹੀਂ ਆਇਆ। ਕੀ ਗੱਲ ਕੁਲਜੀਤ ਲਿਫਾਫੇ ਮੁੱਕ ਗਏ ਜਾਂ ਫਿਰ ਇਹ ਵੀ ਹੋ ਸਕਦਾ ਕਿ ਆਪ ਨੂੰ ਪੱਤਰ ਲਿਖਣ ਲਈ ਸਮਾਂ ਹੀ ਨਹੀਂ ਮਿਲਿਆ ਹੋਣਾ। ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਮੈਂ ਹੋਰ ਪਾਸੇ ਹੀ ਚਲਾ ਗਿਆ।

ਪੰਜਾਬੀ ਸੱਥ ਵੱਲੋਂ ਛਪੀ ਪੁਸਤਕ "ਧੀਆਂ ਧਿਆਣੀਆਂ" ਵਿਚ ਆਪ ਦੀ ਰਚਨਾ ਪੜ੍ਹ ਕੇ ਸਵਾਦ ਆ ਗਿਆ। ਸੱਚਮੁੱਚ ਰਚਨਾ ਬਹੁਤ ਵਧੀਆ ਲੱਗੀ। ਤੁਸੀਂ ਤਾਂ ਕਮਾਲ ਕਰਤੀ, ਸਾਰੀ ਵਿਧਾਵਾਂ ਵਿਚ ਲਿਖ ਕੇ, ਕੁਲਜੀਤ ਮਿੰਨੀ ਕਹਾਣੀ, ਗ਼ਜ਼ਲ, ਕਵਿਤਾ ਅਤੇ 'ਕਹਾਣੀ-ਪੰਜਾਬ' ਵਾਲੇ ਅਣਖੀ ਅੰਕਲ ਨੂੰ ਧਮਕੀ ਲਿਖ ਸਕਦੀ ਹੈ। ਹੋਰ ਪਤਾ ਨਹੀਂ ਕਿਆ ਕਿਆ ਲਿਖ ਸਕਦੀ ਹੈ। ਪਰ ਮੈਨੂੰ ਖਤ ਨਹੀਂ ਲਿਖਦੀ ਰੱਬ ਜਾਣੇ ਕਿਉਂ।

*ਸ਼ੁਭਚਿੰਤਕ...*
*ਜਸਵਿੰਦਰ ਹੈਪੀ*

-o-

ਸਤਿਕਾਰਯੋਗ ਕੁਲਜੀਤ ਜੀ ਨਮਸਕਾਰ

ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ ਤੁਸੀਂ ਇੱਕ ਛੋਟੇ ਜੇ ਪੋਸਟ ਕਾਰਡ ਦਾ ਜਵਾਬ ਕੁਲਜੀਤ ਗ਼ਜ਼ਲ ਜੀ ਓ ਜਿਹੜੇ ਕਦੇ ਫਰੀਦਕੋਟ ਤੋਂ ਛਪਦੇ 'ਸੁਜਾਤਾ' ਵਿਚ ਛਪਦੇ ਸੀ। ਪਰ ਕੁਲਜੀਤ ਜੀ ਮੈਂ ਇੱਕ ਛੋਟੀ ਜਿਹੀ ਗੱਲ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਤੁਸੀਂ ਸੁਜਾਤਾ ਵਿਚ ਛਪਦੇ ਸਮੇਂ ਆਪਣੇ ਨਾਮ ਦੇ ਪਿੱਛੇ ਕੁਲਜੀਤ ਗ਼ਜ਼ਲ ਜੱਗਾ ਲਿਖਦੇ ਸੀ ਪਰ ਹੁਣ ਤੁਸੀਂ ਸਿਰਫ਼ ਕੁਲਜੀਤ ਲਿਖਦੇ ਓ। ਕੀ ਮੈਂ ਪੁੱਛ ਸਕਦਾ ਹਾਂ ਕਿ ਇਹ ਕੁਲਜੀਤ ਤਾਂ ਠੀਕ ਐ ਪਰ ਗ਼ਜ਼ਲ ਤੇ ਜੱਗਾ ਇਨ੍ਹਾਂ ਦੀ ਕੋਈ ਸਮਝ ਨਹੀਂ ਆਈ। ਉਮੀਦ ਐ ਜਵਾਬ ਦਿਓਗੇ? ਅੱਛਾ ਕੁਲਜੀਤ ਜੀ ਐਨਾ ਕੁਝ ਲਿਖਦਾ ਹੋਇਆ ਕਿਸੇ ਵੀ ਪ੍ਰਕਾਰ ਦੀ ਗਲਤੀ ਲਈ ਖਿਮਾ ਦਾ ਜਾਚਕ ਹਾਂ।

ਧੰਨਵਾਦ

*ਜਸਵਿੰਦਰ ਸਿੰਘ ਸੰਧੂ*
*ਪਿੰਡ : ਚਹਿਲ, ਡਾਕ : ਟਹਿਣਾ*
*ਤਹਿ+ਜ਼ਿਲ੍ਹਾ : ਫਰੀਦਕੋਟ - 151203*

-o-

**ਮਿਤੀ** : 11/6/2002

ਪਿਆਰੀ ਭੈਣ ਕੁਲਜੀਤ ਗ਼ਜ਼ਲ ਜੀ, ਮੋਹ ਭਰੀ ਤੇ ਫੁੱਲਾਂ ਜਿਹੀ ਮਹਿਕ ਭਰੀ ਸਤਿ ਸ੍ਰੀ ਅਕਾਲ।

ਮੰਮੀ ਤੇ ਪਾਪਾ ਜੀ ਨੂੰ ਪ੍ਰਣਾਮ ਕਹਿਣਾ।

ਕਹਾਣੀ ਪੰਜਾਬ ਅੰਕ ਜਨਵਰੀ ਮਾਰਚ- 2002 ਤੁਹਾਡੀਆਂ ਤਿੰਨ ਗ਼ਜ਼ਲਾਂ ਮੈਨੂੰ ਬਹੁਤ ਹੀ ਚੰਗੀਆਂ ਲੱਗੀਆਂ ਇਸ ਅੰਕ ਦੀ ਦੂਸਰੀ ਕਾਪੀ ਮੈਨੂੰ ਕੁਝ ਦਿਨਾਂ ਤੋਂ ਮਿਲ ਚੁੱਕੀ ਹੈ। ਤੁਸੀਂ ਆਪਣੀ ਪੜ੍ਹਾਈ ਬਾਰੇ ਲਿਖਣਾ ਤੁਸੀਂ ਪੰਜਾਬੀ ਐਮ. ਏ. ਪਾਰਟ ਸੈਕਿੰਡ ਵਿਚ ਹੋ। ਭੈਣ ਜੀ ਅੱਜ ਕਲ ਤੁਸੀਂ ਕੀ ਲਿਖਦੇ ਹੋ, ਜਾਣਕਾਰੀ ਦੇਣੀ ਮੈਂ ਆਪਣੇ ਪਿੰਡ ਵਿਚ ਖੇਤੀਬਾੜੀ ਕਰਦਾ ਹਾਂ ਉਮਰ 33 ਸਾਲ ਹੈ। ਦੋ ਬੱਚੇ ਨੇ।

ਬੀਬੀ ਜੀ ਹੈ। ਪਿਤਾ ਜੀ 1973 ਤੋਂ ਸੁਰਗਵਾਸ ਹੋ ਚੁੱਕੇ ਨੇ।

ਪਿਆਰੀ ਭੈਣ ਕੁਲਜੀਤ ਜੀ ਤੁਸੀਂ ਆਪਣੇ ਪਰਿਵਾਰ ਬਾਰੇ ਜ਼ਰੂਰੀ ਲਿਖ ਕੇ ਭੇਜਣਾ। ਭੈਣ ਜੀ ਤੁਸੀਂ ਪਰਿਵਾਰ ਸਾਹਿਤ ਹਰਿਆਣੇ ਵਿਚ ਆਉਣਾ। ਮੈਂ ਆਪ ਜੀ ਨੂੰ ਮੋਹ-ਭਰੀ ਦਾਅਵਤ ਭੇਜਦਾ ਹਾਂ (ਸੱਦਾ-ਪੱਤਰ) ਤਿੰਨ ਗ਼ਜ਼ਲਾਂ ਲਈ ਤੁਹਾਨੂੰ ਮੁਬਾਰਕਾਂ ਭੇਜਦਾ ਹਾਂ। ਤੁਸੀਂ ਆਪਣੀ ਪੜ੍ਹਾਈ ਸਮਾਜਿਕ ਇਨਸਾਨਾਂ ਤੇ ਚੰਗੇ ਢੰਗ ਨਾਲ ਪੂਰੀ ਕਰਨੀ। ਵਾਹਿਗੁਰੂ ਤੁਹਾਨੂੰ ਇਸ ਦਾ ਫਲ ਜ਼ਰੂਰ ਦਿਊਗਾ। ਕਾਫੀ ਦਿਨਾਂ ਤੋਂ ਡਾਕ ਲਿਫਾਫੇ ਖਤਮ ਸਨ, ਕਲ ਹੀ ਲਿਫਾਫੇ ਲੈ ਕੇ ਆਇਆ ਸੀ। ਜੀਅ ਕੀਤਾ ਭੈਣ ਜੀ ਨੂੰ ਖਤ ਲਿਖਕੇ ਧੰਨਵਾਦੀ ਸੰਦੇਸ਼ ਭੇਜਾ।

ਬਾਕੀ ਭੈਣ ਜੀ ਸਮਾਜਿਕ ਮੇਲ-ਮਿਲਾਪ ਤੇ ਵਿਸ਼ਵ ਸ਼ਾਤੀ ਤੁਹਾਨੂੰ ਸਮਰਪਿਤ ਹੋਵੇ। ਜ਼ਿਆਦਾ ਤੋਂ ਜ਼ਿਆਦਾ ਦਰੱਖਤ ਲਾਉ। ਪੀਣ ਵਾਲੇ ਪਾਣੀ ਨੂੰ ਸੰਭਾਲ ਕੇ ਵਰਤੀਏ।

ਬਾਕੀ ਘਰ ਵਿਚ ਫਸਲਬਾੜੀ ਕਿਸ ਤਰ੍ਹਾਂ ਹੈ। ਮੀਂਹ ਪੈ ਗਿਆ ਹੈ ਜਾਂ ਨਹੀਂ, ਭੈਣ ਜੀ ਖ਼ਤ ਲਿਖਦਿਆਂ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਆਪਣੀ ਸਕੀ ਭੈਣ ਨੂੰ ਖਤ ਲਿਖ ਰਿਹਾ ਹਾਂ। ਵੈਸੇ ਅੱਜ ਕੱਲ੍ਹ ਗਰਮੀ ਪੈ ਰਹੀ ਹੈ ਫਿਰ ਕੰਮ ਜਾਰੀ ਨੇ। ਬਾਕੀ ਭੈਣ ਜੀ ਕਦੇ ਸਮਾਂ ਮਿਲਿਆ ਤਾਂ ਤੁਹਾਡੇ ਪਿੰਡ ਜ਼ਰੂਰ ਆਵਾਂਗੇ। ਵਾਹਿਗੁਰੂ ਸਾਰਿਆਂ ਨੂੰ ਖੁਸ਼ੀਆਂ ਦੇ ਖਤ ਦਾ ਜਵਾਬ ਜ਼ਰੂਰ ਦੇਈ।

ਬੱਚਿਆਂ ਨੂੰ ਪਿਆਰ, ਮੰਮੀ-ਪਾਪਾ ਨੂੰ ਸਤਿ ਸ੍ਰੀ ਅਕਾਲ, ਬਾਕੀ ਅਗਲੇ ਪੱਤਰ ਵਿਚ ਲਿਖਾਂਗੇ।

ਆਪਣੀ ਪਵਿੱਤਰ ਕਲਮ ਨੂੰ ਚੰਗੇ ਸਮਾਜ ਲਈ ਕੁਝ ਕਰਨ ਲਈ, ਇਸ ਦੀ ਸਿਆਹੀ ਖਤਮ ਨਹੀਂ ਹੋਣ ਦੇਣੀ, ਭੈਣ ਕੁਲਜੀਤ ਗ਼ਜ਼ਲ ਨੂੰ ਸਮਰਪਿਤ ਖ਼ਤ।

*ਤੁਹਾਡਾ ਆਪਣਾ ਵੀਰ*
*ਜੇ. ਐਸ. ਨਾਹਲ*

-o-

ਮੈਂ ਜੀਵਨ ਸਿੰਘ ਭੱਠਲ ਪਿੰਡ ਹਸਨਪੁਰ ਜ਼ਿਲ੍ਹਾ ਲੁਧਿਆਣਾ ਅਤੇ ਮੇਰੇ ਪਿੰਡ ਦੇ ਉਹ ਸਾਰੇ ਬਜ਼ੁਰਗ ਜਿਹੜੇ ਮੇਰੇ ਕੋਲ ਬੈਠੇ ਹਨ। ਉਨ੍ਹਾਂ ਵੱਲੋਂ ਤੁਹਾਡੇ ਲਈ ਬੁਲਾਈ ਗਈ ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ।

12 ਨਵੰਬਰ ਦੇ ਅਖ਼ਬਾਰ ਤੇ ਤੁਹਾਡੇ ਬਾਰੇ ਪੜ੍ਹਿਆ, ਅਤੇ ਦਰਵਾਜੇ ਬੈਠੇ ਸਾਰੇ ਬਜ਼ੁਰਗਾਂ ਨੂੰ ਪੜ੍ਹ ਕੇ ਸੁਣਾਇਆ, ਜਦ ਤੁਹਾਡੇ ਦੁਆਰਾ ਲਿਖੀ ਗਈ ਗ਼ਜ਼ਲ ਦੀਆਂ ਇਹ ਲਾਈਨਾਂ ਪੜ੍ਹੀਆਂ।

ਕੁੜੀਆਂ ਦਾ ਜੰਮਣਾ ਤੈਨੂੰ
ਬਦਸ਼ਗਨੀ ਲੱਗਦਾ ਏ,
ਮੁੰਡਾ ਬਣ ਕੇ ਤੂੰ ਦੱਸ
ਕਿਹੜੇ ਚੰਦ ਚੜ੍ਹਾਉਨਾ ਏਂ।
ਨਸ਼ਿਆਂ ਦਾ ਤੂੰ ਪੱਟਿਆ,
ਸਾਰੀ ਦੁਨੀਆਂ ਕਹਿੰਦੀ ਏ,

"ਕੁਲਜੀਤ" ਇਹੀ ਗੱਲ ਆਖੇ ਤਾਂ
ਤੂੰ ਪੀੜ ਮਨਾਉਣਾ ਏ।

ਤਾਂ ਸਾਰਿਆਂ ਦੇ ਮੂੰਹਾਂ ਵਿਚੋਂ ਇਹੀ ਸੁਣਨ ਨੂੰ ਮਿਲਿਆ ਕਿ ਬਈ ਵਾਹ ਕਿੰਨੀ ਸੋਹਣੀ ਗੱਲ ਲਿਖੀ ਆ ਕੁੜੀ ਨੇ। ਇਸ ਤੋਂ ਬਾਅਦ ਸਾਰੀ ਸੱਥ ਵਿਚ ਇਹੀ ਚਰਚਾ ਹੁੰਦੀ ਰਹੀ ਕਿ ਹੁਣ ਤਾਂ ਬਸ ਨਸ਼ਿਆਂ ਨੇ ਪੱਟਤੇ ਮੁੰਡੇ।

ਉਨ੍ਹਾਂ ਨੇ ਤੁਹਾਡੇ ਲਈ ਇਹ ਸੁਨੇਹਾ ਭੇਜਿਆ ਹੈ ਕਿ ਅੱਗੇ ਤੋਂ ਹੋਰ ਵੀ ਅਜਿਹਾ ਲਿਖਦੇ ਰਹੋ। ਤਾਂ ਜੋ ਅੱਜ ਕੱਲ੍ਹ ਦੀ ਨਸ਼ਿਆਂ ਵਿਚ ਡੁੱਬੀ ਮੰਡੀਰ ਨੂੰ ਕੋਈ ਅਕਲ ਆਵੇ।

–o–

15/2/2003

ਜੈ-ਸਾਹਿਤ ਜ਼ਿੰਦਾਬਾਦ

ਸਤਿਕਾਰਯੋਗ, ਮਾਨਯੋਗ ਪ੍ਰੇਮ ਅਦਬ ਸਾਹਿਤ ਮਿਸ ਕੁਲਜੀਤ ਗ਼ਜ਼ਲ ਜੀ ਆਪ ਜੀ ਨੂੰ ਜਸਵਿੰਦਰ ਜੀਤ ਬਾਜਵਾ ਵਲੋਂ ਸਤਿ ਸ੍ਰੀ ਅਕਾਲ।

ਕੁਲਜੀਤ ਆਪ ਜੀ ਬਾਰੇ ਮੈਨੂੰ ਮੇਰੇ ਉਸਤਾਦ ਸ. ਜਸਵੰਤ ਸਿੰਘ ਜੀ ਗਿੱਲ ਹੋਰਾਂ ਨੇ ਦੱਸਿਆ ਕਿ ਇਕ ਗ਼ਜ਼ਲਗੋ ਸ਼ਾਇਰਾ ਕੁਲਜੀਤ ਵੀ ਹੈ ਬਹੁਤ ਹੀ ਵਧੀਆ ਲਿਖਦੀ ਹੈ। ਕੁਲਜੀਤ ਮੈਂ 10+2 ਧਿਆਨਪੁਰ ਸਕੂਲ ਤੋਂ ਕੀਤੀ ਹੈ। ਬੀ. ਏ. ਕਾਲੇ ਅਫਗਾਨੇ ਕਾਲਜ ਤੋਂ, ਸਾਹਿਤ ਦਾ ਚੇਟਕ ਮੈਨੂੰ ਧਿਆਨਪੁਰ ਸੰਸਥਾ ਵਿਚ ਪੜ੍ਹਦੇ ਸਮੇਂ ਲਿਖੀ, ਪਹਿਲਾਂ ਮੈਂ ਕਵਿਤਾਵਾਂ ਅਤੇ ਵਿਅੰਗ ਲਿਖਦਾ ਸੀ। ਫਿਰ ਉਸਤਾਦ ਜੀ ਹੋਰਾਂ ਨੇ ਮੈਨੂੰ ਗੀਤ ਲਿਖਣ ਲਈ ਪ੍ਰੇਰਿਤ ਕੀਤਾ ਫਿਰ ਗੀਤ ਲਿਖਦਾ ਆ ਰਿਹਾ ਹਾਂ ਮੇਰੇ ਗੀਤਾਂ ਦੀ ਗਿਣਤੀ 275 ਹੋ ਚੁੱਕੀ ਹੈ, ਅਤੇ ਨਾਲ ਕਹਾਣੀਆਂ ਲਿਖਣ ਦਾ ਵੀ ਕਾਫੀ ਸ਼ੋਕ ਸੀ। ਮੇਰੀਆਂ ਦੋ ਕਿਤਾਬਾਂ ਛਪ ਰਹੀਆਂ ਹਨ। ਪਹਿਲਾਂ ਗੀਤ ਸੰਗ੍ਰਹਿ ਯਾਦਾਂ ਜੀ. ਐਨ. ਕਾਲਜ ਦੀਆਂ ਦੂਜੀ ਕਹਾਣੀ ਸੰਗ੍ਰਹਿ ਦਰਦ ਯਾਦਾਂ ਦੀ, ਮੇਰੇ ਕੁਝ ਗੀਤਾਂ ਦੀ ਰਿਕਾਡਿੰਗ ਆਪ ਟੀ. ਵੀ. ਚੈਨਲਾਂ 'ਚ ਕੁਝ ਸਮੇਂ ਦੇ ਅੰਦਰ ਵੇਖ ਸਕੋਗੇ, ਮੈਂ ਜ਼ਿਆਦਾ ਬੀਟ ਵਿਚ ਕਾਲਜੀਏਟ ਗੀਤ ਲਿਖਦਾ ਹਾਂ।

ਕੁਲਜੀਤ ਆਪ ਜੀ ਨਾਲ ਰਾਬਤਾ ਇਸ ਕਰਕੇ ਕਾਇਮ ਕਰ ਰਹੇ ਹਾਂ ਕਿ ਜਿੰਨੇ ਵੀ ਨਵੇਂ ਸ਼ਾਇਰ ਮੁੰਡੇ-ਕੁੜੀਆਂ ਹਨ। ਸਾਰਿਆਂ ਨੂੰ ਇੱਕ ਦਿਨ ਅਸੀਂ ਆਪਣੇ ਪਿੰਡ ਰਾਮਦਾਸ ਸਭਾ "ਵਗਦੀ ਰਾਵੀ ਪੰਜਾਬੀ ਸਰਹੱਦੀ ਸੱਭਿਆਚਾਰਕ ਸਾਹਿਤ ਸਭਾ ਟਰੱਸਟ ਰਾਮਦਾਸ ਵਲੋਂ ਨੌਜਵਾਨ ਨਵੇਂ ਸ਼ਾਇਰਾਂ ਨੂੰ ਸੱਚ ਇੱਕ ਬੜਾ ਹੀ ਵਧੀਆ ਤੇ ਸ਼ਾਨਦਾਰ ਕਵੀ ਦਰਬਾਰ ਕਰਵਾਉਣ ਦੇ ਵਿਚ ਯਤਨਸ਼ੀਲ ਹਾਂ ਇਸ ਕਵੀ ਦਰਬਾਰ ਵਿਚ ਨੌਜਵਾਨ ਮੁੰਡੇ ਕੁੜੀਆਂ ਹੀ ਹੋਣਗੇ ਨਾ ਕਿ ਦੂਸਰੇ ਸਾਹਿਤਕਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਜਿਹੜੇ ਸ਼ਾਇਰ ਸਟੂਡੈਂਟ ਲਾਈਫ ਦੇ ਹੋਣਗੇ ਉਨ੍ਹਾਂ ਨੂੰ ਹੀ ਮੰਚ ਤੇ ਰੂ-ਬ-ਰੂ ਹੋਣ ਦਾ ਮੌਕਾ ਦਿੱਤਾ ਜਾਵੇਗਾ। ਇਸ ਕਰਕੇ ਆਪ ਪ੍ਰਤੀ ਸਾਡੇ ਵਲੋਂ ਆਪ ਜੀ ਨੂੰ ਬੇਨਤੀ ਹੈ ਕਿ ਆਪ ਸਾਡੇ ਨਾਲ ਸਹਿਯੋਗ ਦਿਉ ਅਤੇ ਆਪਣੇ ਤੁਸੀਂ ਵੀ ਦੋਸਤ ਜਿਹੜੇ ਲਿਖਦੇ ਜਾਂ ਜਿਨ੍ਹਾਂ ਦੀਆਂ ਕਿਤਾਬਾਂ ਛਪੀਆਂ ਹੋਣ ਉਨ੍ਹਾਂ ਨੂੰ ਆਪਣੇ

ਨਾਲ ਲਿਆਉ। ਫਿਰ ਸਾਰੇ ਪੰਜਾਬ ਦੇ ਨੌਜਵਾਨਾਂ ਦੀਆਂ ਇਕੱਠੀਆਂ ਕਿਤਾਬਾਂ ਛਪਣ ਬਾਰੇ ਵਿਚਾਰ ਕਰਾਂਗੇ ਅਤੇ ਇੱਕ ਸਾਂਝੀ ਸਾਂਝੇ ਪੰਜਾਬ ਦੇ ਨੌਜਵਾਨ ਸ਼ਾਇਰਾਂ ਵੀ ਕਿਤਾਬ ਛਾਪਾਂਗੇ।

ਕੁਲਜੀਤ ਜੇ ਕਿਧਰੇ ਆਪ, ਜਾਂ ਆਪ ਦੇ ਪਰਿਵਾਰ ਦਾ ਕੋਈ ਮੈਂਬਰ ਰਮਦਾਸ ਸਾਈਡ ਆਵੇ ਤਾਂ ਸਾਡੇ ਘਰ ਜ਼ਰੂਰ ਹੋ ਕੇ ਜਾਣ ਆਪ ਸਭ ਦੇ ਆਉਣ ਦੀ ਉਡੀਕ ਹਰ ਪਲ, ਹਰ ਘੜੀ, ਹਰ ਵਖਤ, ਹਰ ਸਮੇਂ ਕਰਦੇ ਰਹਾਂਗੇ ਜਾਂ ਕੋਈ ਆਪਦੇ ਪਰਿਵਾਰ ਦਾ ਮੈਂਬਰ ਬਾਬੇ ਬੁੱਢੇ ਸਾਹਿਬ ਮੱਥਾ ਟੇਕਣ ਆਵੇ ਤਾਂ ਸਾਡੇ ਕੋਲ ਜ਼ਰੂਰ ਹੋ ਕੇ ਜਾਣ।

ਕੁਲਜੀਤ ਆਪ ਦੇ ਸਾਰੇ ਪਰਿਵਾਰ ਨੂੰ ਸਾਡੇ ਸਾਰੇ ਪਰਿਵਾਰ ਵਲੋਂ ਦਰਦ ਯਾਦਾਂ ਦੀ ਨਿੱਘੀ ਸਤਿ ਸ੍ਰੀ ਅਕਾਲ। ਚਿੱਠੀ ਦਾ ਜੁਆਬ ਚਿੱਠੀ ਪੜ੍ਹਦਿਆ ਸਾਰ ਹੀ ਲਿਖ ਦੇਵੀ। ਚਿੱਠੀ ਵਿਚ ਕੋਈ ਗਲਤੀ ਹੋਵੇ ਤਾਂ ਨਾਲਾਇਕ ਸਮਝ ਕੇ ਮੁਆਫ ਕਰਨਾ। ਏਨਾ ਕੁਝ ਲਿਖਦਾ ਹੋਇਆ ਚਿੱਠੀ ਨੂੰ ਖਤਮ ਕਰਦਾ ਹੋਇਆ ਕੁਲਜੀਤ ਆਪ ਨੂੰ ਜਸਵਿੰਦਰ ਜੀਤ ਬਾਜਵੇ ਵਲੋਂ ਸਤਿ ਸ੍ਰੀ ਅਕਾਲ।

ਧੰਨਵਾਦ

-o-

ਪਿਆਰੀ ਕੁਲਜੀਤ,
ਨਿੱਘੀ ਯਾਦ!

ਮੈਨੂੰ ਅਫ਼ਸੋਸ ਹੈ ਕਿ ਆਉਣ ਲੱਗੇ ਮੈਂ ਤੈਨੂੰ ਮਿਲ ਨਹੀਂ ਸਕਿਆ। ਸ਼ਾਇਦ ਮੈਂ ਕਿਸੇ ਕਾਕਟੈਲ ਪਾਰਟੀ 'ਚੋਂ ਤੈਨੂੰ ਇਕ ਦਿਨ ਪਹਿਲਾਂ ਫੋਨ ਕੀਤਾ ਸੀ - ਪਰ ਮੈਨੂੰ ਯਾਦ ਸੀ - ਜ਼ਿਆਦਾ ਹੋ ਗਈ ਸੀ।

ਮੈਂ ਇੱਥੇ ਠੀਕ ਹਾਂ। ਆਪਣੀ Cousin ਦੇ ਨਾਲ ਰਹਿ ਰਿਹਾ ਹਾਂ। ਵਧੀਆ ਜ਼ਿੰਦਗੀ ਹੈ - ਪਰ Initial Struggle ਚੱਲ ਹੀ ਰਿਹਾ ਹੈ। ਨੌਕਰੀ ਆਉਣ ਤੋਂ ਚਾਰ ਪੰਜ ਦਿਨ ਬਾਅਦ ਹੀ ਮਿਲ ਗਈ ਸੀ ਤੇ ਇੱਥੇ ਆਣ ਕੇ ਬਹੁਤ ਸਾਰੀਆਂ Formalties ਕਰਨੀਆਂ ਪੈਂਦੀਆਂ ਹਨ। ਖ਼ੈਰ ਹੁਣ ਤਾਂ ਇਥੇ ਦਾ ਹੀ Permanent Resident ਹਾਂ। ਜਦੋਂ ਦੋਹਰੀ ਨਾਗਰਿਕਤਾ ਮਿਲੇਗੀ ਉਦੋਂ ਦੋਹੇ ਪਾਸੀ ਕੰਮ ਚੱਲੀ ਜਾਵੇਗਾ।

ਤੇਰਾ ਕੀ ਹਾਲ ਹੈ। ਜੇ ਤੈਨੂੰ ਕੋਈ ਇਧਰੋਂ offer ਮਿਲਦੀ ਹੈ ਤਾਂ ਆ ਜਾਵੀਂ। ਜਿਨ੍ਹਾਂ ਲੋਕਾਂ 'ਚ Pontential ਹੈ - ਉਹ ਬਹੁਤ ਕਾਮਯਾਬ ਹੋ ਜਾਂਦੇ ਹਨ। ਬਾਕੀ ਇੱਥੇ ਸਭ ਕੁਝ ਸਾਫ਼ ਜਿਹਾ ਹੈ। ਸਭ ਠੀਕ ਹੈ।

ਤੂੰ Point Base ਤੇ ਅਪਲਾਈ ਕਰ ਦੇਵੇ ਤਾਂ ਬਹੁਤ ਵਧੀਆ ਹੈ। ਜੋ ਤੈਨੂੰ ਸਹਾਇਤਾ ਚਾਹੀਦੀ ਹੋਈ - ਮੈਂ ਕਰਾਂਗਾ। ਬਾਕੀ ਤੇਰੀ ਊਂ ਹੀ ਯਾਦ ਆਈ ਸੀ - ਤੂੰ ਕਵਿਤਾਵਾਂ ਮੰਗੀਆਂ ਸਨ, ਤੇ ਮੈਂ ਉਸ ਵੇਲੇ ਸ਼ਾਇਰੀ ਛੱਡ ਗਿਆ ਸੀ। ਖੈਰ ਹੁਣ ਨਵੇਂ ਮਾਹੌਲ 'ਚ ਕਲਮ ਚਲਾ ਰਿਹਾ ਹਾਂ ਤੇ ਆਪਣੀਆਂ ਪਹਿਲੀਆਂ ਤਿੰਨ ਕਵਿਤਾਵਾਂ ਤੈਨੂੰ ਭੇਜ ਰਿਹਾ। ਤੂੰ ਇਹ ਨਵਾਂ ਜ਼ਮਾਨਾ 'ਚ ਲਗਵਾ ਦੇਣਾ ਜਾਂ ਬਲਵੀਰ ਪ੍ਰਵਾਨੇ

ਨੂੰ ਕਹਿ ਦੇਣਾ ਉਹ ਛਾਪ ਦੇਵੇਗਾ। ਪਤਾ ਨਹੀਂ ਕਿਉਂ ਇਹ ਕਵਿਤਾਵਾਂ ਮੈਂ ਕਿਸੇ ਹੋਰ ਦੀ ਵਜਾਇ ਤੇਰੇ ਹੱਥੀਂ ਛਪਵਾਉਣਾ ਚਾਹੁੰਦਾ ਹਾਂ - ਸੋ ਤੂੰ ਛਪਵਾ ਲਈ ਤੇ ਉਸ ਦੀ ਇਕ ਕਾਪੀ ਮੈਨੂੰ ਭੇਜ ਦੇਵੀਂ। ਚੰਗਾ ਲੇਖਕ ਬਣਨ ਨਾਲੋਂ ਪਹਿਲਾਂ ਚੰਗੇ ਇਨਸਾਨ ਬਣਨਾ ਚਾਹੀਦਾ ਹੈ ਸਾਨੂੰ। ਬੇਸ਼ਕ ਅਸੀਂ ਚੰਗੇ ਦੋਸਤ ਹਾਂ ਤੇ ਰਹਾਂਗੇ ਵੀ ਪਰ ਫਿਰ ਵੀ ਸਾਨੂੰ ਇੱਕ ਦੂਜੇ ਨਾਲ ਖੁੱਲ੍ਹ ਕੇ ਸਾਰੀ ਗੱਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਹੀ ਅਸੀਂ ਇੱਕ ਦੂਜੇ ਤੋਂ ਸਿੱਖਦੇ ਹਾਂ। ਬਾਕੀ ਘਰਦਿਆਂ ਨੂੰ ਸਮੂਹ ਪਰਿਵਾਰ ਨੂੰ ਸਤਿ ਸ੍ਰੀ ਅਕਾਲ।

ਮੈਂ ਜਿਸ ਤਰ੍ਹਾਂ ਕਵਿਤਾਵਾਂ ਬਾਰੇ ਦੱਸਿਆ ਹੈ ਉਹ ਉਵੇਂ ਹੀ ਲਿਖ ਕੇ ਭੇਜ ਦੇਣਾ - ਖਾਹਸ਼ ਹੈ ਮੇਰੀ ਕਿ ਇਹ ਇਵੇਂ ਦੀ ਹੋਵੇ।

*ਪਿਆਰ ਨਾਲ ਤੇਰਾ*
***ਜਸਬੀਰ ਕਾਲਰਵੀ***

-o-

**22 ਮਾਰਚ 07**

ਪਿਆਰੀ ਕੁਲਜੀਤ,
ਨਿੱਘਾ-ਪਿਆਰ।

ਖ਼ਤ ਦੇਖ ਕੇ ਹੈਰਾਨ ਹੋਵੇਗੀ। ਕੁਝ ਹਫ਼ਤੇ ਹੋਏ ਤੇਰੀ ਕਿਤਾਬ ਕਿਸੇ ਦੋਸਤ ਦੇ ਘਰ ਉਨ੍ਹਾਂ ਦੀ ਸ਼ੈਲਫ ਤੋਂ ਲਿਆ ਕਈ ਵਾਰ ਪੜ੍ਹੀ ਹੈ ਬਹੁਤ ਮਜ਼ਾ ਆਇਆ। ਕਈ ਵਾਰ ਕਿਸੇ ਵਲੋਂ ਲਿਖੀ ਚੀਜ਼ ਸਾਰੇ ਇੰਜ ਸੋਚ ਲੈਂਦੇ ਨੇ ਕਿ ਇਹਦੀ ਆਪ ਬੀਤੀ ਹੈ ਇਹਦਾ ਦਿਲ ਉਦਾਸ ਹੈ ਜ਼ਰੂਰ ਕਿਸੇ ਖਾਸ ਕਿਸੇ ਪਿਆਰੇ ਬਾਰੇ ਲਿਖਿਆ ਹੈ ਤੇ ਮੇਰੀ ਕਲਮ ਨੇ ਅੱਜ ਲਿਖਿਆ ਜੁਆਬ ਦੇਂਦੀ ਹੋਈ ਕਿ "ਜਦ ਵੀ ਕੀਤਾ ਜ਼ਿਕਰ ਬਿਰਹੋਂ ਦਾ ਮੇਰੀ ਕਲਮ ਨੇ ਸਵਾਲ ਉੱਠਿਆ, ਕਿਤੇ ਤੇਰੇ ਬਾਰੇ ਤਾਂ ਨਹੀਂ ਲਿਖਿਆ ਤੇਰੀ ਕਲਮ ਨੇ ਤੇ ਫਿਰ ਮੇਰੀ ਕਲਮ ਮੁੜ ਕਹਿੰਦੀ ਹੈ ਕਿ "ਹਾਂ ਕਰਦੀ ਹੈ ਗੱਲ ਕਦੇ ਕਦੇ ਦਿਲ ਆਪਣੇ ਦੀ ਵੀ ਇਹ ਦਿਲ ਦੀ ਨਾਲੋਂ ਹੋਰ ਵੀ ਹਜ਼ਾਰਾਂ ਅਫਸਾਨੇ ਨੇ ਐਸ ਕਲਮ ਕੋਲ ਸੱਚ ਹੀ ਤੇਰੀ ਕਿਤਾਬ "ਤਰੇਲ ਦੇ ਮੋਤੀ" ਉਨ੍ਹਾਂ ਠੰਡੇ ਸੁਭਾ ਦੀ ਤਰੇਲ ਦੇ ਮੋਤੀਆਂ ਵਾਂਗ ਹੀ ਹਨ। ਤੇਰੀ ਮਿਹਨਤ ਦੇਖ ਦਿਲ ਬੇਹੱਦ ਖੁਸ਼ ਹੋਇਆ "ਮੇਰੀ ਗੱਲ" ਵਿਚ ਜਦ ਤੁਸਾਂ ਜ਼ਿਕਰ ਕੀਤਾ ਮੋਮ ਕਿੱਡੇ ਗੁੱਸੇ ਵਿਚ ਆ ਜਾਂਦੇ ਸਨ ਪਿਛਲੇ ਪਾਸੇ ਤਸਵੀਰ ਦੇਖ ਤੇਰੀ ਤੇਰੇ ਭੋਲੇ ਜਿਹੇ ਚਿਹਰੇ ਦੇ ਅੰਦਰ ਕੀ ਕੁਝ ਲੁਕਿਆ ਹੈ ਅੰਦਾਜ਼ਾ ਵੀ ਨਹੀਂ ਹੋ ਸਕਦਾ। ਤੀਹ ਸਾਲ ਤੋਂ ਇਧਰ ਰਹਿ ਰਹੀ ਹਾਂ ਪੰਜਾਬੀ ਤੋਂ ਵਿਚਰੀ ਕਈ ਕੁਝ ਭੁੱਲ ਗਈ ਹਾਂ। ਮੇਰਾ ਮਤਲਬ ਲਿਖਣ ਤੋਂ ਹੁਣ ਬੱਚੇ ਵੱਡੇ ਹੋ ਗਏ ਆਪਣੀਆਂ ਨੌਕਰੀਆਂ ਵਿਚ ਹਨ ਤੇ ਕੁਝ ਲਿਖਣ ਨੂੰ ਜੀਅ ਕਰਦਾ ਹੈ ਬਿਰਹੋ ਹਿਜਰ ਮੇਰੇ ਪਾਸ ਹੈ ਨਹੀਂ ਪਰ ਪਤਾ ਨਹੀਂ ਕਿਹੜੇ ਯੁਗ ਦੀ ਉਦਾਸੀ ਮੇਰੀ ਕਲਮ

'ਚ ਐਸ ਉਮਰੇ ਆਉਂਦੀ ਹੈ। ਮੈਂ ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ ਦੇ ਵੀ ਕਾਫ਼ੀ ਪ੍ਰਭਾਵਿਤ ਹਾਂ। ਅਮ੍ਰਿਤਾ ਪ੍ਰੀਤਮ ਹੋਰੀ ਵੀ ਮੇਰੇ ਬਹੁਤ ਨਜ਼ਦੀਕ ਹੈ। ਪੰਜਾਬ ਵਿਚ ਜੰਮੀ ਪਲੀ ਵੱਡੀ ਹੋਈ, ਪੰਜਾਬੀ ਵਿਸ਼ਾ ਨਾ ਹੋਣ ਕਰਕੇ ਕਵਿਤਾ ਗ਼ਜ਼ਲ ਦੇ ਵਿਆਕਰਣ ਦੀ ਛੋਟ ਜਿਹੀ ਮਹਿਸੂਸ ਹੁੰਦੀ ਰਹਿੰਦੀ ਹੈ। ਤੁਸੀਂ ਲਿਖਿਆ ਹੈ ਕਿ ਖ਼ਤ ਲਿਖ ਭੇਜਣਾ, ਜ਼ਿਆਦਾ ਖੁਸ਼ੀ ਮਹਿਸੂਸ ਕਰੋਗੇ ਜੇ ਮੈਂ ਕੁਝ ਲਾਇਨਾਂ ਲਿਖ ਹੀ ਦਿੱਤੀਆਂ ਹਨ। ਮਿਹਨਤ ਕਰੀ ਜਾਣੀਂ ਬਹੁਤ ਸਫਲਤਾ ਮਿਲੇਗੀ ਮੇਰੀਆਂ ਸ਼ੁਭ ਇਛਾਵਾਂ ਤੇਰੇ ਨਾਲ ਹਨ।

ਲਿਖਾਰੀਆਂ ਵਾਂਗ ਸੁਚੱਜੇ ਤੇ ਗੂੜ ਪੰਜਾਬੀ ਤੇਰੀ ਤਾਰੀਫ ਤਾਂ ਨਹੀਂ ਕਰ ਸਕੀ ਪਰ ਦਿਲ ਦੀ ਗਹਿਰਾਈ ਤੋਂ ਜ਼ਰੂਰ ਹੈ। ਆਪਣੇ ਪਿਆਰੇ ਮੰਮੀ ਜੀ ਨੂੰ ਮੇਰੇ ਵਲੋਂ ਫਤਹਿ ਕਹੀਂ ਤੇ ਆਪਣੇ ਪਰਿਵਾਰ ਨੂੰ ਵੀ।

ਯਾਦ ਸਹਿਤ

*ਜਗਬੀਰ ਗਿੱਲ*

***49-Englestede close Handsworth wood***
***Birmingham, B20, 1BJ, U.K.***

–o–

ਸਤਿਨਾਮ

ਵਿਸ਼ਾ : ਵਧਾਈ ਪੱਤਰ ਸਤਨਾਮ ਸਿੰਘ ਵੱਲੋਂ।

ਸਤਿਕਾਰਯੋਗ ਕੁਲਜੀਤ ਜੀ,

ਮੇਰੇ ਵਲੋਂ ਤੁਹਾਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਅਤੇ ਤੁਹਾਡੀਆਂ ਮਨਮੋਹਕ ਗ਼ਜ਼ਲਾਂ ਵਾਸਤੇ ਤੁਹਾਨੂੰ ਲੱਖ-ਲੱਖ ਵਧਾਈ। ਮੇਰਾ ਨਾਮ ਸਤਨਾਮ ਸਿੰਘ ਹੈ ਅਤੇ ਮੈਨੂੰ ਵੀ ਤੁਹਾਡੇ ਵਾਂਗ ਸਾਹਿਤ ਨਾਲ ਬਹੁਤ ਡੂੰਘਾ ਪ੍ਰਭਾਵ ਹੈ। ਮੈਂ ਆਪ ਵੀ ਬਹੁਤ ਕੁੱਝ ਲਿਖਦਾ ਹਾਂ ਅਤੇ ਲਿਖ ਰਿਹਾ ਹਾਂ। ਸ਼ਾਇਦ ਜਦੋਂ ਪ੍ਰਮਾਤਮਾ ਦੀ ਨਦਰ ਹੋਈ ਤਾਂ ਮੈਂ ਵੀ ਕਾਮਯਾਬੀ ਨਾਲ ਝੋਲੀ ਭਰ ਲਵਾਂਗਾ।

ਮੈਨੂੰ ਤੁਹਾਡੀਆਂ ਦੋ ਗ਼ਜ਼ਲਾਂ ਬਹੁਤ ਹੀ ਚੰਗੀਆਂ ਲੱਗੀਆਂ, ਤੁਹਾਡੀਆਂ ਗ਼ਜ਼ਲਾਂ ਤੋਂ ਮਹਿਸੂਸ ਹੋਇਆ ਕਿ ਤੁਸੀਂ ਵੀ ਆਪਣੇ ਦਿਲ ਦੀਆਂ ਗਹਿਰਾਈਆਂ ਵਿਚ ਇੱਕ ਖਿਆਲਾਂ ਰੂਪੀ ਨਰੋਇਆ ਜਖ਼ਮ ਲਾਈ ਫਿਰਦੇ ਹੋ। ਤੁਹਾਡੀ ਗ਼ਜ਼ਲ ਵਿਚਲੀ ਹੂਕ ਇੱਕ ਆਤਮਾ ਦੀ ਦਰਦ ਭਰੀ ਕਰੁਣਾਂ ਦੋ ਵਾਂਗ ਹੈ।

ਸੱਚਮੁੱਚ ਤੁਸੀਂ ਬਹੁਤ ਹੀ ਵਧੀਆ ਅਤੇ ਸਾਫ ਸੁਥਰਾ ਲਿਖਦੇ ਹੋ। ਤੁਸੀਂ ਆਪਣੀ ਗ਼ਜ਼ਲ ਵਿਚ ਔਰਤ ਦੀ ਗੁਲਾਮੀ ਦਾ ਬਹੁਤ ਵਧੀਆ ਢੰਗ ਨਾਲ ਜ਼ਿਕਰ ਕੀਤਾ ਹੈ।

ਤੁਸੀਂ ਜੋ ਹਿਜਰਾਂ ਦੇ ਭਾਂਬੜ ਵਿਚ ਸੜਦੀ ਰੂਹ ਦੀ ਬੇਵੱਸੀ ਬਿਆਨ ਕੀਤੀ ਹੈ ਬੇਮਿਸਾਲ ਹੈ। ਪ੍ਰਮਾਤਮਾ ਕਰੇ ਤੁਸੀਂ ਹਮੇਸ਼ਾ ਸੋਹਣਾ ਅਤੇ ਪਿਆਰ ਭਰਿਆ ਨਗਮਾਂ ਲਿਖਦੇ ਰਹੋ।

ਰੱਬ ਅੱਗੇ ਕੋਈ ਕਰੋ ਦੁਵਾਵਾਂ,

ਜਿੰਦ ਛੂਟੇ ਤੇ ਛੂਟੇ,
ਮੈਂ ਨਿੱਤ ਸਹਾਰਾ ਹਿਜਰ ਬਲਾਵਾਂ।
ਨਾ ਮੇਰੀ ਕਲਮ ਨਿਮਾਣੀ ਟੂਟੇ।

ਮੈਂ ਹਰ ਇੱਕ ਸੱਚੇਸੁੱਚੇ ਕਲਾਕਾਰ ਦਾ ਹੌਸਲਾ ਵਧਾਉਣ ਵਾਸਤੇ ਸਭ ਨੂੰ ਖ਼ਤ ਲਿਖਦਾ ਹਾਂ।

ਕੀ ਤੁਹਾਨੂੰ ਚੰਗਾ ਲੱਗਾ ਹੈ? ਜੇ ਹਾਂ ਤਾਂ ਚਿੱਠੀ ਲਿਖ ਕੇ ਦੱਸਣਾ, ਅਤੇ ਆਪਣੇ ਵਿਚਾਰ ਮੇਰੇ ਨਾਲ ਸਾਂਝੇ ਕਰਨਾ। ਅਗਰ ਨਹੀਂ ਤਾਂ ਗਲਤੀ ਮਾਫ ਕਰਨਾ ਅਤੇ ਖ਼ਤ ਫੜ ਕੇ ਕਿਸੇ ਮੁਸਾਫ਼ਿਰ ਦੇ ਰਾਹ ਵਿਚ ਸੁੱਟ ਦੇਣਾ ਤਾਂ ਕਿ ਮੁਸਾਫ਼ਿਰਾਂ ਦਾ ਖ਼ਤ ਮੁਸਾਫ਼ਿਰ ਹੀ ਪੈਰਾਂ ਵਿਚ ਰੋਲਣ।

ਪ੍ਰਮਾਤਮਾ ਕਰੇ ਤੁਸੀਂ ਹਮੇਸ਼ਾ ਤਰੱਕੀ ਕਰਦੇ ਰਹੋ। ਅਗਰ ਤੁਹਾਡਾ ਖ਼ਤ ਮੈਨੂੰ ਮਿਲਿਆ ਤਾਂ ਮੈਂ ਆਪਣੀਆਂ ਰਚਨਾਵਾਂ ਜ਼ਰੂਰ ਤੁਹਾਨੂੰ ਭੇਜਾਂਗਾ। ਤੁਹਾਡੇ ਖ਼ਤ ਦੀ ਉਡੀਕ ਵਿਚ।

*ਗਲਤੀ ਹੋਵੇ ਤਾਂ ਮੁਆਫ਼ ਕਰਨਾ, ਬੁਰਾ ਲੱਗੇ ਤਾਂ ਮੁਆਫ਼ ਕਰਨਾ।*

***ਮੇਰਾ ਪਤਾ***
***ਸਤਨਾਮ ਸਿੰਘ ਪੁੱਤਰ ਜਗੀਰ ਸਿੰਘ ਗ੍ਰੰਥੀ***
***ਜ਼ਿਲ੍ਹਾ - ਕਰਨਾਲ, ਤਹਿਸੀਲ - ਨਿਸੰਗ***
***ਪਿੰਡ ਤੇ ਡਾਕ - ਪਓਂਦ***

–o–

ਪਿਆਰੀ ਕੁਲਜੀਤ,
ਸਤਿ ਸ੍ਰੀ ਅਕਾਲ।

ਮੈਂ ਕਾਫੀ ਪਰਚਿਆਂ ਤੇ ਪਤ੍ਰਿਕਾਵਾਂ ਵਿਚ ਤੁਹਾਡੀਆਂ ਗ਼ਜ਼ਲਾਂ, ਨਜ਼ਮਾਂ ਤੇ ਮਿੰਨੀ ਕਹਾਣੀਆਂ ਪੜ੍ਹਦੀ ਰਹੀ ਹਾਂ। ਤੁਸੀਂ ਬਹੁਤ ਚੰਗਾ ਲਿਖਦੇ ਹੋ।

ਤੁਹਾਨੂੰ ਇਹ ਪੱਤਰ ਇਸੇ ਮਕਸਦ ਨਾਲ ਲਿਖਿਆ ਜਾ ਰਿਹਾ ਹੈ ਕਿ ਤੁਸੀਂ ਆਪਣੀਆਂ ਕੁਝ ਰਚਨਾਵਾਂ ਭਾਵੇਂ ਨਜ਼ਮਾਂ/ਗ਼ਜ਼ਲਾਂ ਤੇ ਭਾਵੇਂ ਮਿੰਨੀ ਕਹਾਣੀਆਂ ਸਾਡੀ ਪਤ੍ਰਿਕਾ 'ਸੁਆਣੀ' ਲਈ ਲਿਖ ਕੇ ਭੇਜੋ। ਤੁਹਾਡੇ ਜਿਹੀ ਪ੍ਰਤਿਭਾਸ਼ਾਲੀ ਤੇ ਨਵੀਂ ਪੀੜ੍ਹੀ ਨਾਲ ਜੁੜ ਕੇ ਸਾਨੂੰ ਬੜੀ ਖੁਸ਼ੀ ਹੋਏਗੀ।

ਤੁਸੀਂ ਘੱਟੋ ਘੱਟ 5–6 ਨਜ਼ਮਾਂ ਜਾਂ ਮਿੰਨੀ ਕਹਾਣੀਆਂ ਆਦਿ ਲਿਖ ਕੇ ਸਾਨੂੰ ਉਪਰ ਲਿਖੇ ਪਤੇ ਉਤੇ ਹੀ ਐਡੀਟਰ/ਸੁਆਣੀ ਲਿਖ ਕੇ ਭੇਜ ਦਿਓ ਜਾਂ ਫਿਰ ਮੇਰੇ ਨਿੱਜੀ ਪਤੇ ਉਤੇ ਭੇਜ ਦੇਣਾ। ਰਚਨਾਵਾਂ ਨਾਲ ਆਪਣੀ ਇਕ ਤਸਵੀਰ ਤੇ ਥੋੜਾ ਜਿਹਾ ਜੀਵਨ ਵੇਰਵਾ ਵੀ ਲਿਖ ਭੇਜਣਾ। ਇਸ ਤੋਂ ਇਲਾਵਾ ਤੁਹਾਡੀ ਰੁਚੀ ਕਿਸ ਵੰਨਗੀ ਪੜ੍ਹਨ–ਲਿਖਣ ਨੂੰ ਵਧੇਰੇ ਹੈ, ਉਹ ਵੀ ਦੱਸਣਾ।

ਤੁਸੀਂ ਜਾਣਦੇ ਹੀ ਹੋਵੋਗੇ ਕਿ ਕਾਫੀ ਸਮੇਂ ਤੋਂ ਸੁਆਣੀ ਇਸਤਰੀਆਂ ਤੇ ਉਨ੍ਹਾਂ ਦੇ ਸਰੋਕਾਰਾਂ ਨਾਲ ਜੁੜੀ ਪ੍ਰੱਤਿਕਾ ਵਜੋਂ ਜਾਣੀ ਜਾ ਰਹੀ ਹੈ। ਤੁਹਾਨੂੰ ਇਸ ਨਾਲ ਜੁੜਨ ਤੇ ਅਤੇ ਸਾਨੂੰ ਤੁਹਾਡੇ ਨਾਲ ਜੁੜਨ ਤੇ ਖੁਸ਼ੀ ਹੋਏਗੀ।

ਉਮੀਦ ਹੈ, ਸਾਨੂੰ ਤੁਹਾਡੇ ਵਲੋਂ ਭਰਵਾਂ ਹੁੰਗਾਰਾ ਮਿਲੇਗਾ, ਤੇ ਛੇਤੀ ਹੀ ਤੁਸੀਂ ਰਚਨਾਵਾਂ ਭੇਜੋਗੇ। ਤੁਹਾਡੀ ਆਪਣੀ ਜਾਣਕਾਰੀ ਵਿਚ ਹੋਰ ਕਈ ਅਜਿਹੀ ਲੇਖਿਕਾਵਾਂ ਹੋ ਸਕਦੀਆਂ ਹਨ, ਜਿਨ੍ਹਾਂ ਦੀ ਰੁਚੀ ਕਵਿਤਾ, ਗ਼ਜ਼ਲ, ਕਹਾਣੀ, ਲੇਖ ਆਦਿ ਲਿਖਣ ਵਿਚ ਹੋਵੇ ਤਾਂ ਤੁਸੀਂ ਉਨ੍ਹਾਂ ਨੂੰ ਵੀ ਸਾਡੇ ਵਲੋਂ ਸੁਆਣੀ ਨਾਲ ਜੁੜਨ ਦਾ ਸੱਦਾ ਦੇ ਸਕਦੇ ਹੋ।

–o–

ਕੁਲਜੀਤ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ।

ਤੁਹਾਡੀ ਇਸ ਐਤਵਾਰ ਨੂੰ ਆਈ ਗ਼ਜ਼ਲ ਪੜ੍ਹੀ ਸੀ। ਵਧੀਆ ਲਿਖੀ ਹੋਈ ਸੀ। ਤੁਹਾਡੀਆਂ ਲਿਖਤਾਂ ਅੱਗੇ ਵੀ ਪੜ੍ਹਦੇ ਹੁੰਦੇ ਆਂ (ਮੈਂ ਤੇ ਡੈਡੀ)। ਅਸੀਂ ਦੋਵੇਂ ਤੁਹਾਡੀਆਂ ਲਿਖਤਾਂ ਪਸੰਦ ਕਰਦੇ ਆਂ। ਡੈਡੀ ਨੂੰ ਗ਼ਜ਼ਲਾਂ ਪੜ੍ਹਨ ਦਾ ਕੋਈ ਖਾਸ ਸ਼ੌਕ ਨਹੀਂ। ਉਹ ਆਪ ਵੀ ਕਹਿੰਦੇ ਨੇ, "ਗ਼ਜ਼ਲਾਂ ਤਾਂ ਆਮ ਬੰਦੇ ਲਈ ਸਮਝਣਾ – ਮੁਸ਼ਕਲ ਐ।" ਪਰ ਫੇਰ ਵੀ ਉਹ ਤੁਹਾਡੀ ਹਰ ਗ਼ਜ਼ਲ ਜ਼ਰੂਰ ਪੜ੍ਹਦੇ ਨੇ।

ਵੈਸੇ ਹੈ ਤਾਂ ਬੁੱਢੀ (ਬੁੜੀ) ਨੂੰ ਗਿੱਧਾ ਸਿਖਾਉਣ ਵਾਲੀ ਗੱਲ ਐ, ਪਰ ਮੈਂ ਇੱਕ ਸਲਾਹ ਜ਼ਰੂਰ ਦੇਣੀ ਚਾਹਾਂਗਾ। ਕਈ ਵਾਰ ਤੁਹਾਡੀ ਲਿਖੀ ਹੋਈ ਸ਼ਬਦਾਵਲੀ ਐਨੀ ਕੰਪਲੈਕਸ ਲੱਗਦੀ ਐ ਕਿ ਮੈਨੂੰ ਤਾਂ ਵਾਰ–ਵਾਰ, ਵਾਰ–ਵਾਰ ਪੜ੍ਹ ਕੇ ਵੀ 60–70% ਹੀ ਸਮਝ ਆਉਂਦੀ ਹੈ। ਮੈਂ ਇਹ ਨੀ ਕਹਿੰਦਾ ਕਿ ਕਿਸੇ ਨੂੰ ਵੀ ...। ਸਮਾਜ ਵਿਚ ਮੈਥੋਂ ਕਿਤੇ ਚੰਗੇ ਪੜ੍ਹੇ ਲਿਖੇ ਬੁਧੀਜੀਵੀ ਬੈਠੇ ਨੇ। ਹੋ ਸਕਦਾ ਐ ਇਕੋ ਵਾਰ ਪੜ੍ਹ ਕੇ ਉਨ੍ਹਾਂ ਨੂੰ ਸਮਝ ਆ ਜਾਂਦੀ ਹੋਵੇ, ਪਰ ਮੇਰੇ ਵਰਗੇ ਹੋਰ ਵੀ ਹੋਣਗੇ, ਉਨ੍ਹਾਂ ਨੂੰ ਵੀ ਧਿਆਨ 'ਚ ਰੱਖ ਕੇ ਲਿਖਿਆ ਕਰੋ। ਹੁਣ ਇਸ ਟਾਈਮ ਮੈਨੂੰ ਤੁਹਾਡੀ ਕੋਈ ਏਸ ਤਰ੍ਹਾਂ ਦੀ ਉਦਾਹਣ ਯਾਦ ਨਹੀਂ ਕਿ ਦੱਸ ਸਕਾਂ। ਮੇਰੇ ਇੱਕ ਅੰਕਲ ਰੋਪੜ ਰਹਿੰਦੇ ਨੇ – ਉਹ ਹਮੇਸ਼ਾ ਤੁਹਾਡੀ ਬਹੁਤ ਤਾਰੀਫ਼ ਕਰਦੇ ਨੇ। ਉਹ ਵੀ ਬਹੁਤ ਸੋਹਣੀਆਂ ਗ਼ਜ਼ਲਾਂ ਲਿਖਦੇ ਨੇ। ਸ਼ਾਇਦ ਇਹ ਵੀ ਇੱਕ ਕਾਰਣ ਐ ਕਿ ਗ਼ਜ਼ਲਾਂ ਲਿਖਣ ਵਾਲਾ ਹੀ ਇਨ੍ਹਾਂ ਨੂੰ ਸਮਝ ਸਕਦਾ ਹੈ। ਮੈਂ ਤੇ ਡੈਡੀ ਦੋਨੋਂ ਗ਼ਜ਼ਲਾਂ ਬਾਰੇ ਬਹੁਤ ਨਹੀਂ ਜਾਣਦੇ।

ਇੱਕ ਰਾਇ ਹੋਰ ਦੇਣੀ ਚਾਹਾਂਗਾ ਕਿ ਬਹੁਤ ਦੇਰ ਤੋਂ ਤੁਸੀਂ ਕੋਈ ਮਿੰਨੀ ਕਹਾਣੀ ਨਹੀਂ ਲਿਖੀ। ਜਾ ਲਿਖੀ ਹੋਣੀ ਪਰ ਅਖ਼ਬਾਰ 'ਚ ਨਹੀਂ ਆਈ। ਤੁਸੀਂ ਮਿੰਨੀ ਕਹਾਣੀ ਵੀ ਵਧੀਆ ਲਿਖਦੇ ਓ। ਲਿਖਿਆ ਕਰੋ। ਮਿੰਨੀ ਕਹਾਣੀ ਹਰ ਵਿਅਕਤੀ ਦੇ ਸਮਝ 'ਚ ਆਉਣ ਵਾਲੀ ਚੀਜ਼ ਐ। ਸਮਾਜ ਹਰ ਵਰਗ ਦੇ ਵਿਅਕਤੀਆਂ ਨਾਲ ਭਰਿਆ ਹੋਇਆ ਹੈ। ਵਪਾਰੀ, ਦੁਕਾਨਦਾਰ, ਕਿਸਾਨ ਆਦਿ ਸਭ ਬਹੁਤ ਅਸਾਨੀ ਨਾਲ ਮਿੰਨੀ ਕਹਾਣੀ ਨੂੰ ਸਮਝ ਸਕਦੇ ਨੇ, ਸੋ ਜ਼ਰੂਰ ਲਿਖਿਆ ਕਰੋ।

ਹਾਂ ਸੱਚ ਇੱਕ ਗੱਲ ਹੋਰ, ਕਈ ਵਾਰੀ ਮੈਂ ਤੁਹਾਡੀਆਂ ਗ਼ਜ਼ਲਾਂ 'ਚ Individualism ਮਹਿਸੂਸ ਕੀਤਾ ਐ। (Sorry ਪੰਜਾਬੀ 'ਚ ਸਮਝ ਨੀ ਆ ਰਿਹਾ ਕਿ ਇਸ ਥਾਂ ਤੇ ਹੋਰ ਕਿਹੜਾ ਸ਼ਬਦ ਆ ਸਕਦਾ ਐ)। ਇਹ ਵੀ ਨਹੀਂ ਹੋਣਾ ਚਾਹੀਦਾ।

ਕੁਲਜੀਤ ਜੀ, ਇਹ ਸਭ ਲਿਖਦੇ ਹੋਏ ਮੈਨੂੰ ਇਹ ਵੀ ਲੱਗੀ ਜਾ ਰਿਹਾ ਐ

ਕਿ ਕਿਤੇ ਤੁਹਾਨੂੰ ਉਪਰੋਕਤ ਸਾਰੀਆਂ ਗੱਲਾਂ ਬੁਰੀਆਂ ਨਾ ਲੱਗਣ। ਕਿਤੇ ਤੁਹਾਨੂੰ ਇਹ ਨਾ ਲੱਗੇ ਕਿ ਇੱਕ ਆਮ ਬੰਦਾ ਮੈਨੂੰ ਕੌਣ ਹੁੰਦੈ ਸਿਖਾਉਣ ਵਾਲਾ। ਜੇ ਕੁਝ ਵੀ ਗਲਤ ਲਿਖਿਆ ਜਾਵੇ ਤਾਂ ਮੁਆਫੀ ਚਾਹੁੰਨਾ।

ਕਿਉਂਕਿ ਮੈਂ ਇਕ ਅਧਿਆਪਕ ਹਾਂ। ਕਾਫੀ ਸਮਾਂ ਦਿਨ ਦਾ ਮੈਂ ਆਪਣੇ ਵਿਦਿਆਰਥੀਆਂ ਨਾਲ ਬਿਤਾਉਂਦਾ ਹਾਂ। ਮੇਰੇ ਸਾਰੇ ਵਿਦਿਆਰਥੀ +1, +2 ਦੇ ਨੇ! ਮੈਂ ਇਹ ਨੋਟਿਸ ਕਰਦਾ ਕਿ ਮਾਪਿਆਂ ਤੇ ਉਨ੍ਹਾਂ ਤੇ ਬੱਚਿਆਂ ਵਿਚਾਲੇ ਰਿਸ਼ਤੇ deteriorate ਹੋ ਰਹੇ ਨੇ। ਇਸ ਬਾਰੇ ਵੀ ਜ਼ਰੂਰ ਲਿਖਿਆ ਕਰੋ।

Thanks for calling is specially by my father, your voice is (& pronunciation also) very good.

ਰੱਬ ਕਰੇ ਕਿ ਅੱਗਿਓ ਹੋਰ-ਹੋਰ-ਹੋਰ ਵੀ ਵਧੀਆ ਲਿਖੋ।

*ਜਗਜੀਤ ਸਿੰਘ ਪਟਿਆਲਾ*

-o-

**30 Sep, 2003**

Respected
Kuljit Ghazal ji, Sat Sri Akal and Jai Hind.

I am writing this appreciation letter in connection with your couple of Ghazals published in a punjabi News paper last year and fortunately through a paper scrap it came to my hands and when I read your Ghazals, I really very impressed and the cutting of that News paper kept with me always as the same is very appreciable things to store.

I would also like to inform you that I am also enggaged with the same field of Ghazals writing. I writing Hindi/Urdu Ghazals as well Punjabi since now, from which so many ghazals has already been published in a monthly magazine named 'Roop Ki Shobha' which is being published from Delhi.

Lastly, please accept my heartiest congraulations on your sincere and impressive language of writing and I wish for your bright future in the same field.

with best wishes

**JUST A CONGRATULATION LETTER**
**Jamhal Jalandhary**
**GS-168195K, LDC**
**Yasveer Singh Jamhal**

**HQ 60 RCC (GREF)**
**C/o 99 APO**

–o–

**ਮੋਰਿੰਡਾ**

ਸਤਿਕਾਰਤ ਕੁਲਜੀਤ ਗ਼ਜ਼ਲ
ਯਾਦ!

ਅੱਜ ਜਗ ਬਾਣੀ ਦੇ ਸੰਡੇ ਅੰਕ ਵਿਚ ਆਪ ਦੀ ਗ਼ਜ਼ਲ ਪੜ੍ਹੀ। ਗ਼ਜ਼ਲ ਬਹੁਤ ਹੀ ਪਸੰਦ ਆਈ। ਆਪ ਨੇ ਵਿਛੋੜੇ ਦੀ ਗੱਲ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤੀ ਹੈ। ਵਾਹਿਗੁਰੂ ਆਪ ਦੀ ਕਲਮ ਨੂੰ ਹੋਰ ਵੀ ਜ਼ਿਆਦਾ ਬਲ ਬਖਸ਼ੇਂ, ਤੁਹਾਡੀ ਸਿਹਤ ਅਤੇ ਕਾਮਯਾਬੀ ਲਈ ਢੇਰ ਸਾਰੀਆਂ ਦੁਆਵਾਂ ਨੇ, ਸਮੇਂ ਨੂੰ ਸਵਾ ਦੇਣਾ ਤੁਹਾਡੇ ਹਿੱਸੇ ਨਾ ਆਵੇ, ਤੁਹਾਨੂੰ ਤੁਹਾਡੇ ਸੋਚਾਂ ਦੇ ਹਾਣ ਦੀ ਧਰਤ ਮਿਲੇ, ਇਹੀ ਮੇਰੀ ਕਾਮਨਾ ਹੈ।

ਧੰਨਵਾਦ ਸਾਹਿਤ

***ਜਸਵਿੰਦਰ ਹੈਪੀ***

–o–

**ਮਿਤੀ** : 14-06-05

ਪਿਆਰੇ ਮਿਸ ਕੁਲਜੀਤ ਗ਼ਜ਼ਲ ਜੀਓ
ਦਿਲੀ ਪਿਆਰ ਸਹਿਤ ਸਤਿ ਸ੍ਰੀ ਅਕਾਲ।

ਕੁਝ ਦਿਨ ਪਹਿਲਾਂ ਤੁਹਾਡਾ ਪੱਤਰ ਮਿਲਿਆ ਸੀ। ਤੁਸਾਂ ਦੇ ਬੀਮਾਰ ਰਹਿਣ ਬਾਰੇ ਪੜ੍ਹਿਆ ਤਾਂ ਬੜੀ ਦੇਰ ਮੈਂ ਦਰਦ ਭਰੀ ਉਦਾਸੀ 'ਚ ਘਿਰਿਆ ਰਿਹਾ। ਟਾਈਫ਼ਾਈਡ ਤੇ ਪਹਿਲੇ ਕਾਰਨ ਪਿਛਲੇ ਦਿਨੀਂ ਤੁਸੀਂ ਕਿੰਨੀ ਮੁਸ਼ਕਿਲ ਵਿਚ ਰਹੇ। ਬੀ. ਐਡ ਦੀ ਪੜ੍ਹਾਈ ਦੇ ਦਿਨ। ਮਾਨਸਿਕ ਪ੍ਰੇਸ਼ਾਨੀ ਤੇ ਸਰੀਰਕ ਪੀੜਾ। ਕਿੰਨਾ ਔਖਾ ਸਮਾਂ ਸੀ ਤੁਹਾਡੇ ਲਈ। ਖ਼ੁਸ਼ੀ ਹੈ ਕਿ ਤੁਸੀਂ ਹੁਣ ਰਾਜੀ ਖੁਸ਼ੀ ਹੋ। ਤੁਹਾਡੀ ਚੰਗੀ ਸਿਹਤ ਤੇ ਚੰਗੇ ਭਵਿੱਖ ਲਈ ਮੇਰੇ ਹਿਰਦੇ 'ਚ ਹਮੇਸ਼ਾ ਹੀ ਸ਼ੁਭ ਇਛਾਵਾਂ ਰਹਿੰਦੀਆਂ ਹਨ। ਖ਼ਤ ਲਿਖਦੇ ਰਿਹਾ ਕਰੋ।

ਤੁਹਾਡਾ ਆਪਣਾ

***ਜੰਗ ਬਹਾਦਰ ਸਿੰਘ ਘੁੰਮਣ***
***ਬੀ-12/42, ਮਾਲ ਰੋਡ***
***ਨੇੜੇ ਇਨਕਮ ਟੈਕਸ ਦਫ਼ਤਰ***
***ਕਪੂਰਥਲਾ 144601***

–o–

ਬਹੁਤ-ਬਹੁਤ ਸਤਿਕਾਰਯੋਗ
ਕੁਲਜੀਤ ਗ਼ਜ਼ਲ ਜੀ,
ਨਮਸਕਾਰ।

ਆਪ ਜੀ ਦਾ ਖ਼ਤ ਮਿਲਿਆ ਪੜ੍ਹਕੇ ਖੁਸ਼ੀ ਹੋਈ ਕਿ ਤੁਸੀਂ ਜਨਾਬ ਸਰਦਾਰ ਪੰਛੀ ਸਾਹਿਬ ਜੀ ਦੀ ਰਹਿਨਮਾਈ ਹੇਠ ਕੰਮ ਕਰ ਰਹੇ ਓ। ਇਹ ਚੰਗੀ ਗੱਲ ਹੈ ਕਿਉਂਕਿ ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ! ਹੋਰ ਸੁਣਾਓ ਕੁਲਜੀਤ ਜੀ ਅੱਜ ਕਲ੍ਹ ਕੀ ਕਰ ਰਹੇ ਓ। ਹਾਂ ਸੱਚ ਇਹ ਤਾਂ ਦੱਸਿਓ ਕਿ ਤੁਹਾਡੀ ਤਲਾਸ਼ ਪੂਰੀ ਹੋਈ ਕਿ ਨਹੀਂ ਮੇਰਾ ਮਤਲਬ ਜੱਗੇ ਡਾਕੂ ਵਾਲੀ... ਕਿ ਜੱਗੇ ਜੱਟ ਵਾਲੀ?

ਆਪ ਜੀ ਦਾ ਸ਼ੁਭਚਿੰਤਕ

*ਜਸਵਿੰਦਰ ਸਿੰਘ ਸੰਧੂ*
*ਪਿੰਡ : ਚਹਿਲ, ਡਾਕ : ਟਹਿਣਾ*
*ਤਹਿ ਤੇ ਜ਼ਿਲ੍ਹਾ : ਫਰੀਦਕੋਟ - 151203*

–o–

ਕੁਲਜੀਤ ਗ਼ਜ਼ਲ
"ਅਜੈਬ"

ਤੁਹਾਡਾ ਖ਼ਤ ਮਿਲਿਆ – ਪੜ੍ਹ ਕੇ ਖੁਸ਼ੀ ਹੋਈ। ਉਮੀਦ ਹੈ ਤੁਸੀਂ ਚੜ੍ਹਦੀ ਕਲਾ ਵਿਚ ਹੋਵੋਗੇ। ਅੱਜ ਕੱਲ੍ਹ ਕੀ ਕਰ ਰਹੇ ਹੋ? ਦਰਅਸਲ 'ਮਾਏ ਨੀ ਮਾਏ' ਬਾਬਤ ਮੈਨੂੰ ਕੁਝ ਪਤਾ ਨਹੀਂ ਹੈ – ਇਹ ਕਿਸ ਨੇ ਕਿਤਾਬ ਐਡਿਟ ਕੀਤੀ ਹੈ – ਦੱਸਣਾ। ਇਹ ਕਵਿਤਾ ਮੇਰੀ ਪਹਿਲੀ ਕਾਵਿ ਪੁਸਤਕ 'ਖਲਾਅ 'ਚ ਤਰਦਾ ਚਿਹਰਾ' ਵਿਚੋਂ ਕਿਸੇ ਵੀਰ ਨੇ ਲਈ ਹੋਈ ਏ। ...ਖੈਰ ਤੁਸੀਂ ਇਤਲਾਹ ਕਰਨਾ ਕਿ ਇਹ ਪੁਸਤਕ ਕਿਥੋਂ ਮਿਲ ਸਕਦੀ ਹੈ। ਬਾਕੀ ਆਪਣੇ ਬਾਰੇ ਲਿਖਣਾ। ਮੇਰੇ ਇਸ ... ਕੋਈ ਖਾਸ ਰੁਝੇਵੇਂ ਨਹੀਂ ਹਨ – ਬਸ ਇਕ 20/3/2002 ਨੂੰ ਰੇਡੀਓ – ਜਲੰਧਰ ਤੇ ਪ੍ਰੋਗਰਾਮ ਹੈ। ਇਹ ਕਵੀ ਸਭਾ ਦਾ ਪ੍ਰਸਾਰਣ 23/3/2003 ਨੂੰ 9.30 ਤੇ ਹੋਵੇਗਾ।

ਖ਼ਤ ਲਿਖਣ ਲਈ ਤੇ ਅੱਜ ਕੱਲ ਦੇ ਸਵੈ ਸਥਿਤ ਸੰਸਾਰ 'ਚੋਂ ਕਿਸੇ ਲਈ ਕੁਝ ਵਕਤ ਕੱਢਣ ਤੇ ਵੀ ਧੰਨਵਾਦ।

*ਜਸਵੀਰ ਕਾਲਰਵੀ*

–o–

ਬੇਟੀ ਕੁਲਜੀਤ,

ਤੇਰੇ ਜਜ਼ਬਾਤ ਜਾਣ ਕੇ ਮੇਰੇ ਮਨ 'ਚ ਤੇਰੀ ਕਦਰ ਵਧੀ। ਨਿਰਸੰਦੇਹ ਤੇਰੇ ਕੋਲ ਨਜ਼ਰ ਵੀ ਹੈ, ਨਜ਼ਰੀਆ ਵੀ। ਰਹੀ ਗੱਲ ਜੋਤਿਸ਼ ਵਿਗਿਆਨ ਬਾਰੇ। ਉਹ ਵਿਗਿਆਨ ਹੈ, ਕਿੰਤੂ ਪ੍ਰੰਤੂ ਕੈਸਾ? ਵਿਗਿਆਨ ਦੀ ਲੱਭਤਾਂ ਤੋਂ ਇਨਕਾਰੀ ਨਹੀਂ

ਹੋਇਆ ਜਾ ਸਕਦਾ। ਹਾਂ, ਉਨ੍ਹਾਂ ਦੀ ਸਾਰਥਕਤਾ/ਅਸਾਰਥਕਤਾ ਬਾਬਤ ਕਿੰਤੂ ਪ੍ਰੰਤੂ ਹੋ ਸਕਦੇ ਨੇ। ਬਾਕੀ ਮੈਂ ਤਾਂ ਇਸ ਲਿਖਤ ਵਿਚ ਆਪਣੇ ਜੀਵਨ ਦੀਆਂ ਨਿੱਜੀ ਘਟਨਾਵਾਂ ਨੂੰ ਵੀ ਜਿਉਂ ਦਾ ਤਿਉਂ ਲਿਖ ਦਿੱਤੈ – ਇਹ ਮੇਰਾ ਅਕੀਦਾ ਸੀ – ਇਸ ਵਿਚ ਚੰਗੇ ਨੂੰ ਉਭਾਰਿਆ ਤੇ ਮਾੜੇ ਨੂੰ ਲੁਕਾਇਆ ਨਹੀਂ ਗਿਆ।

ਰਹੀ ਗੱਲ ਉਦਾਸੀ ਦੀ – ਇਹ ਤਾਂ ਉਮਰ ਜਿੰਨੀ ਲੰਮੀ ਹੈ ...ਹੋਰ ਕੀ ਲਿਖਾਂ?

***ਤੇਜਿੰਦਰ ਸਿੰਘ***

–o–

ਗ਼ਜ਼ਲ (ਬੇਬੇ)
ਬੱਦਲਾਂ ਦੇ ਵਾਂਗੂ ਸਾਡੇ ਉੱਤੇ ਛਾ ਗਈ
ਬਣਕੇ ਹਨੇਰੀ ਜ਼ਿੰਦਗੀ ’ਚ ਆ ਗਈ

ਤੁਹਾਡੇ ਸਾਰੇ ਪਰਿਵਾਰ ਨੂੰ ਸਾਡੇ ਸਾਰੇ ਪਰਿਵਾਰ ਵਲੋਂ : ਨਵੇਂ ਸਾਲ ਦੀਆਂ ਮੁਬਾਰਕਾਂ।

ਬੇਨਤੀ – ਜਿਸ ਦਿਨ ਮੈਂ ਕਹਾਂ ਮੈਨੂੰ ਏਅਰ–ਪੋਰਟ ਤੇ ਜ਼ਰੂਰ ਮਿਲਣ ਆਉਣਾ। ਜਿਸ ਦਿਨ ਫਲੈਟ ਹੋਵੇਗੀ। ਲਿਖਣਾ ਚਾਹੁੰਦਾ ਹਾਂ ਦਿਲ ਦੀਆਂ ਗਹਿਰਾਈਆਂ ’ਚੋਂ, ਕੁਝ ਲਿਖਣਾ ਚਾਹੁੰਦਾ ਹਾਂ ਆਪਣੀਆਂ ਤਨਹਾਈਆਂ ’ਚੋਂ ਹੱਥ ਰੁਕ ਜਾਂਦੇ ਨੇ, ਸ਼ਬਦ ਮੁੱਕ ਜਾਂਦੇ ਨੇ ਪਰ ਫਿਰ ਵੀ ਲਿਖਣਾ ਚਾਹੁੰਦਾ ਹਾਂ “ਗ਼ਜ਼ਲ” ਵਾਸਤੇ ਤੂੰ ਤਾਂ ਸੋਚਿਆ ਕਿ ਲਿਖਣਾ ਮੇਰਾ ਪੇਸ਼ਾ ਏ :

ਤੇਰੇ ਜ਼ਖ਼ਮਾਂ ਨੇ ਕੀਤਾ ਈ ਬੀਮਾਰ ਆ ਕੇ ਵੇਖ ਲੈ
ਤੇਰੀ ਯਾਦ ਵਿਚ ਹੋਏ ਹਾਂ ਖੁਵਾਰ ਆ ਕੇ ਵੇਖ ਲੈ।
ਤੂੰ ਮੰਨੇ ਜਾ ਨਾ ਮੰਨੇ ਅਸੀਂ ਦਿਲੋਂ ਲਿਆ ਮੰਨ
ਤੇਰੀ ਦੀਦ ਤਾਂ ਹੈ ਸਾਡੇ ਲਈ ਪੁੰਨਿਆਂ ਦਾ ਚੰਨ
ਝੱਲਾ ਤੂੰ ਵੀ ਕਹਿੰਦੀ ਹੋਵੇਗੀ, ਕਹਿੰਦੇ ਹੋਰ ਵੀ ਬਥੇਰੇ
ਮੇਰੇ ਝੱਲੇ ਜਿਹੇ ਸੁਭਾਅ ਨੇ ਆਸਾਂ ਲਾਈਆਂ ਉੱਤੇ ਤੇਰੇ।

ਗੀਤਾਂ ਮੇਰਿਆਂ ’ਚੋਂ ਹਾਏ ਦੀਦਾਰ ਤੇਰਾ ਹੁੰਦਾ ਏ
ਕਲਮ ਮੇਰੀ ਦੇ ਪਿੱਛੇ ਗਏ ਪਿਆਰ ਤੇਰਾ ਹੁੰਦਾ ਏ
ਬੋਲ ਕੇ ਕੀ ਦੱਸੀਏ, ਜ਼ੁਬਾਨ ਮੇਰੀ ਲੈ ਗਈ।

ਇੱਕ ਖੁਸ਼ੀ ਉਧਾਰੀ ਦੇਹ, ਕੋਈ ਰੀਝ ਕੁਆਰੀ ਦੇਹ
ਕਿੰਨੇ ਹੀ ਦਿਨ ਕਿਰਦੇ ਨੇ “ਬੇਬੇ” ਉਮਰ ਦੀ ਝੋਲੀ ਵਿਚੋਂ
ਸਫਲ ਹੋ ਜਾਏ ਹਰ ਦਿਨ, ਐਸੀ ਕੋਈ ਖੁਮਾਰੀ ਦੇਹ

ਗੂੜੀਆਂ ਮੁਹੱਬਤਾਂ ਤੇ ਗੂੜੇ ਸਾਕ ਲਾਈ ਬੈਠੇ
ਦਿਲਾਂ ਦੀਆਂ ਦਿਲਾਂ ਨਾਲ ਸਾਂਝਾ ਪਈ ਬੈਠੇ

–o–

ਪਿਆਰੇ ਸਤਿਕਾਰੇ ਮੈਡਮ ਕੁਲਜੀਤ ਗ਼ਜ਼ਲ ਜੀ ਸਾਹਿਤਕ ਆਦਾਬ ਕਬੂਲ ਕਰਨਾ ਜੀ। ਕੁਲਜੀਤ ਜੀ ਆਪ ਜੀ ਦੀ ਕਲਮ ਨੂੰ ਪਰਮਾਤਮਾ ਹੋਰ ਸਾਰਥਿਕ ਬਣਾਵੇ। ਬਾਕੀ ਆਪ ਜੀ ਦੀਆਂ ਰਚਨਾਵਾਂ ਬਹੁਤ ਹੀ ਵਧੀਆ ਹੁੰਦੀਆਂ ਹਨ। ਜੋ ਪੜ੍ਹਨਯੋਗ ਹੁੰਦੀਆਂ ਹਨ। ਕੁਲਜੀਤ ਜੀ ਆਪ ਵਰਗੇ ਸਮਝਦਾਰ ਅਤੇ ਸਾਹਿਤ ਦਾ ਗਿਆਨ ਰੱਖਣ ਵਾਲੇ ਹੀ ਸਾਹਿਤਕ ਚੀਜਾਂ ਲਿਖ ਸਕਦੇ ਹਨ। ਪਰਮਾਤਮਾ ਨੇ ਆਪ ਜੀ ਦੀ ਕਲਮ ਨੂੰ ਬਲ ਬਖਸ਼ਿਆ ਹੈ ਕਿ ਉਹ ਜੋ ਵੀ ਕਾਗਜ ਤੇ ਉਕਰੇ ਸਾਹਿਤਕ ਹੋ ਜਾਵੇ। ਕੁਲਜੀਤ ਜੀ ਮੈਂ ਪਰਮਾਤਮਾ ਪੂਰੇ ਦਿਲੋਂ ਦੁਆ ਕਰਦਾ ਹਾਂ ਕਿ ਆਪ ਜੀ ਹਮੇਸ਼ਾ ਹੀ ਵਧੀਆ ਰਚਨਾਵਾਂ ਪਾਠਕਾਂ ਦੇ ਪੜ੍ਹਨ ਲਈ ਨਜ਼ਰ ਕਰਦੇ ਰਹੋ। ਪਰਮਾਤਮਾ ਆਪ ਜੀ ਨੂੰ ਹਮੇਸ਼ਾ ਖੁਸ਼ੀਆਂ ਖੇੜੇ ਪ੍ਰਦਾਨ ਕਰੇ। ਆਪ ਜੀ ਦੀ ਸਿਹਤ ਲਈ ਰੱਬ ਨੂੰ ਦੁਆ ਹੈ। ਗਲਤੀਆਂ ਹੋਣ ਤੇ ਮਾਫੀ ਦਾ ਜਾਚਕ।

***ਤੀਰਥ ਰਾਮ ਸਾਗਰ***
***ਪੁਲਿਸ ਡੀ. ਏ. ਵੀ. ਪਬਲਿਕ ਸਕੂਲ***
***ਪੁਲਿਸ ਲਾਈਨਜ਼ ਅੰਮ੍ਰਿਤਸਰ***

–o–

7/12/2001

ਪਿਆਰੀ ਕੁਲਜੀਤ,

ਤੇਰੇ ਫੋਨ ਤੋਂ ਬਾਅਦ ਮੈਂ ਹੁਣੇ ਨਵੋਦਿਆ ਹੋ ਕੇ ਮਲਕੀਤ ਨੂੰ ਮਿਲ ਕੇ ਆਇਆ ਹਾਂ, ਉਸ ਦੇ ਪੈਰ ਤੇ ਭੌਰੀਆਂ ਸਨ ਜੋ ਹੁਣ ਠੀਕ ਠਾਕ ਹਨ। ਅੱਜਕਲ ਉਸ ਦੇ ਪੇਪਰ ਹੋ ਰਹੇ ਹਨ, ਇਸ ਲਈ ਕਹਿੰਦੀ ਸੀ ਅਜੇ ਮਿਲਨ ਨਾ ਆਵੇ ਕੋਈ। ਜਨਵਰੀ ਦੇ ਪਹਿਲੇ ਐਤਵਾਰ 6/1/2002 ਨੂੰ ਜਿਸ ਦਿਨ ਆਉਣਾ ਹੋਵੇ ਆ ਜਾਵੇ। ਬਾਕੀ ਸਭ ਠੀਕ ਹੈ। ਪਰਿਵਾਰ ਨੂੰ ਸ਼ੁਭ ਇਛਾਵਾਂ।

–o–

ਕੁਲਜੀਤ ਜੀ ਸਭ ਤੋਂ ਪਹਿਲਾਂ ਪਿਆਰ ਭਰੀ ਸਤਿ ਸ੍ਰੀ ਅਕਾਲ।

ਕੁਲਜੀਤ ਜੀ ਤੁਹਾਡੀਆਂ ਜੋ ਦੋ ਗ਼ਜ਼ਲਾਂ ਜਗਬਾਣੀ ਅਖਬਾਰ ਵਿਚ 28 ਸਤੰਬਰ ਨੂੰ ਛਪੀਆਂ ਸਨ ਉਨ੍ਹਾਂ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ ਘੱਟ ਹੋਵੇਗੀ ਮੇਰੇ ਕੋਲ ਤਾਰੀਫ ਕਰਨ ਲਈ ਅਲਫ਼ਾਜ ਨਹੀਂ ਹਨ। ਸਿਰਫ਼ ਇਹੀ ਕਹਾਂਗਾ ਕਿ ਜਿਸ ਰਸਤੇ ਤੇ ਤੁਸੀਂ ਚੱਲ ਪਏ ਹੋ ਉਹ ਰਸਤਾ ਇਨਸਾਨੀ ਰੂਹਾਂ ਦੇ ਦਿਲਾਂ ਵਿਚ ਜਾਂਦਾ ਹੈ ਸੋ ਤੁਸੀਂ ਏਸੇ ਤਰ੍ਹਾਂ ਦਿਲ ਵਿਚ ਘਰ ਬਣਾ ਲੈਣ ਵਾਲੀਆਂ ਗ਼ਜ਼ਲਾਂ ਲਿਖਦੇ ਰਹੋ ਰੱਬ ਤੁਹਾਡਾ ਹਰ ਪਲ ਸਾਥ ਦੇਵੇ। ਕੁਲਜੀਤ ਜੀ ਦੀਵਾਲੀ ਦੀਆਂ ਢੇਰ ਸਾਰੀਆਂ ਮੁਬਾਰਕਾਂ ਰੱਬ ਕਰੇ ਕਿ ਤੁਸੀਂ ਇਨ੍ਹਾਂ ਦੀਵਿਆਂ ਦੇ ਪ੍ਰਕਾਸ਼ ਦੀ ਤਰ੍ਹਾਂ ਸਾਰੀ ਦੁਨੀਆਂ

ਵਿਚ ਆਪਣਾ ਨਾਂ ਰੋਸ਼ਨ ਕਰੋ।

*ਜਸਵੀਰ ਸਿੰਘ ਬਰਨਾਲਾ*

-o-

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ।

"ਇਕ ਦਰਦ ਸੀ, ਜੋ ਮੈਂ ਸਿਗਰਟ ਦੀ ਤਰ੍ਹਾਂ ਚੁੱਪ-ਚਾਪ ਪੀਤਾ, ਤੇ ਕੁੱਝ ਨਜ਼ਮਾਂ ਹਨ, ਜੋ ਰਾਖ ਵਾਂਗਣ ਇਸ ਨਾਲੋਂ ਝਾੜੀਆਂ।" ਇਹ ਅੰਮ੍ਰਿਤਾ ਪ੍ਰੀਤਮ ਦੀ ਇਕ ਛੋਟੀ ਜਿਹੀ ਨਜ਼ਮ ਹੈ। ਲੇਖਕ ਦੀ ਜ਼ਿੰਦਗੀ ਨੂੰ ਉਸਦੀ ਰਚਨਾ ਨਾਲੋਂ ਅਲੱਗ ਨਹੀਂ ਕੀਤਾ ਜਾ ਸਕਦਾ। ਤੁਹਾਡੀਆਂ ਗ਼ਜ਼ਲਾਂ ਵਿਚ ਬਿਰਹਾ ਭਾਰੂ ਹੈ। ਨਿਰਸੰਦੇਹ ਤੁਸੀਂ ਪਿਆਰ ਵਿਚ, ਜ਼ਿੰਦਗੀ ਵਿਚ ਧੋਖੇ ਦਾ ਸ਼ਿਕਾਰ ਹੋਏ ਹੋ। ਜੇ ਮੈਂ ਤੁਹਾਡੀਆਂ ਗ਼ਜ਼ਲਾਂ ਦੀ ਇਕ ਇਕ ਸਤਰ ਦੀ ਵਿਆਖਿਆ ਕਰਾਂ ਤਾਂ ਇਸ ਸਰਕਾਰੀ ਚਿੱਠੀ ਤੇ ਰੱਤੀ ਭਰ ਵੀ ਨਹੀਂ ਲਿਖਿਆ ਜਾਵੇਗਾ ਗ਼ਜ਼ਲਾਂ ਤੋਂ ਤੁਹਾਡੀ ਲਿਖਣ-ਪ੍ਰਫ਼ੋਰਤਾ ਦਾ ਪ੍ਰਤੱਖ ਸਬੂਤ ਮਿਲਦਾ ਹੈ। ਵਿਚਾਰ ਬੇਸ਼ੱਕ ਪੁਰਾਣੇ ਹਨ। ਗੁੱਸਾ ਨਹੀਂ ਕਰਨਾ। ਇਨ੍ਹਾਂ ਵਿਸ਼ਿਆਂ ਤੇ ਹੀ ਵੱਡੇ ਵੱਡੇ ਲੇਖਕ ਲਿਖਕੇ ਬਣੇ ਹਨ। ਪਿਆਰ, ਵਿਛੋੜਾ, ਵਫ਼ਾ, ਬੇਵਫਾ, ਹਿਜਰ, ਵਸਲ ਜ਼ਿਆਦਾਤਰ ਇਹੀ ਗ਼ਜ਼ਲਾਂ ਦੇ ਵਿਸ਼ੇ ਰਹੇ ਹਨ। ਬੇਸ਼ੱਕ ਅੱਜ ਕੱਲ ਕਈ ਲੇਖਕ ਗ਼ਜ਼ਲਾਂ ਵਿਚ ਰਾਜਨੀਤੀ ਤੇ ਅਰਥ ਵਿਵਸਥਾ ਤੇ ਗਰੀਬੀ ਮੁਫਲਸੀ ਵਿਸ਼ਿਆਂ ਤੇ ਵੀ ਗ਼ਜ਼ਲ ਦਾ ਸੁਨੇਹਾ ਲੈ ਰਹੇ ਹਨ। ਮੈਂ ਖ਼ੁਦਾ ਅੱਗੇ ਇਹੀ ਦੁਆ ਕਰਦਾ ਹਾਂ ਕਿ ਮੇਰੇ ਜ਼ਿਲ੍ਹੇ ਦੀ ਇਹ ਲੇਖਿਕਾ ਇਸੇ ਤਰ੍ਹਾਂ ਲਿਖਦੀ ਰਵੇ। ਕਲਮ ਵਿਚ ਨਿਖਾਰ ਆਵੇ। ਸ਼ਬਦ ਚੋਣ ਵਧੀਆ ਹੋਵੇ। ਵਿਚਾਰਾਂ ਵਿਚ ਵਿਲੱਖਣਤਾ ਤੇ ਨਵੀਨਤਾ ਹੋਏ।

ਬੇਸ਼ੱਕ ਮੈਂ ਵੀ ਆਪ ਵਾਂਗ ਬਿਰਹਾ ਦਾ ਮਾਰਿਆ ਅੱਜ ਕੱਲ੍ਹ ਆਪਣਾ ਕਸਬਾ ਛੱਡ ਕੇ ਹੁਸ਼ਿਆਰਪੁਰ ਦੇ ਹਵੇਲੀ ਪਿੰਡ 'ਚ ਇਕੱਲਾ ਰਹਿ ਰਿਹਾ ਹਾਂ ਤੇ ਇੱਥੇ ਮੇਰੀ ਆਪਣੀ ਡਾਕਟਰੀ ਦੀ ਦੁਕਾਨ ਹੈ। ਸਾਵਣ ਕਵੀ ਦਰਬਾਰ ਮਾਹਿਲਪੁਰ ਹੋਇਆ ਸੀ। ਮੈਂ ਵੀ ਸ਼ਿਰਕਤ ਕੀਤੀ ਸੀ। ਪਰ ਇਧਰਲੇ ਲੋਕਾਂ ਲਈ ਮੈਂ ਨਵਾਂ ਸੀ। ਬੇਸ਼ੱਕ ਮੇਰੀ ਰਚਨਾ ਕਾਫ਼ੀ ਸ਼ਾਇਰਾਂ ਵਜੋਂ ਸਰਾਹੀ ਗਈ। ਇਸ ਵਿਚ ਕਈ ਨਾਮਵਰ ਸ਼ਾਇਰ ਸਨ। ਜੋ ਅਕਸਰ ਅਖ਼ਬਾਰਾਂ ਵਿਚ ਛਪਦੇ ਤੇ 7 ਯੂ ਤੇ ਦਿਖਾਈ ਦੇਂਦੇ ਰਹਿੰਦੇ ਹਨ।

ਸ਼ਾਇਦ 29/06/02 ਨੂੰ ਮੈਂ ਜਗਬਾਣੀ ਵਿਚ ਇਸੇ ਨਾਮ ਹੇਠ "ਹਾਤੋ" ਕਹਾਣੀ ਪੜ੍ਹੀ ਸੀ। ਮੈਨੂੰ ਕਾਫ਼ੀ ਪ੍ਰਭਾਵਿਤ ਕੀਤਾ ਸੀ। ਕਹਾਣੀ ਯਥਾਰਥ ਦੇ ਐਨ ਨੇੜੇ ਸੀ ਵੇਲੇ ਵੀ ਮੈਂ ਸੋਚਿਆ ਸੀ ਕਿ ਮੇਰੇ ਇਲਾਕੇ ਦੀ ਕੋਈ ਲੇਖਿਕਾ ਇਤਨੀ ਵਧੀਆ ਕਹਾਣੀ ਲਿਖ ਸਕਦੀ ਹੈ - ਯਕੀਨ ਜਿਹਾ ਨਹੀਂ ਸੀ ਆ ਰਿਹਾ ਪਰ ਇਹ ਤਾਜੀਆਂ ਗ਼ਜ਼ਲਾਂ ਪੜ੍ਹਕੇ ਯਕੀਨ ਪੱਕਾ ਹੋ ਗਿਆ। ਜ਼ਿਆਦਾ ਨਾ ਲਿਖਦਾ ਹੋਇਆ ਰਚਨਾਵਾਂ ਲਈ ਮੁਬਾਰਕਵਾਦ ਭੇਜਦਾ ਹਾਂ। ਕਦੇ ਅੰਮ੍ਰਿਤਸਰ ਆਇਆ ਤਾਂ ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਾਂਗਾ। ਆਖਿਰ ਵਿਚ ਤੁਹਾਨੂੰ ਤਾਕੀਦ ਕਿ ਨਿਰਾਸ਼ਾਵਾਦੀ ਨਹੀਂ ਹੋਣਾ ਸਾਕਾਰਤਮਕ ਸੋਚ ਬਣਾਉ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਹੈ। "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ।" - ਪਰ ਓਧਰ ਨਾਵਲਕਾਰ ਜਸਵੰਤ ਸਿੰਘ

ਕੰਵਲ ਇਹ ਵੀ ਲਿਖਿਆ ਹੈ "ਉਨ੍ਹਾਂ ਕੁੜੀਆਂ ਦੀ ਜ਼ਿੰਦਗੀ ਵਿਚ ਸ਼ਾਇਦ ਧੁਰ-ਦਰਗਾਹੋਂ ਰੋਣਾ ਲਿਖਿਆ ਹੁੰਦਾ ਹੈ, ਜਿਨ੍ਹਾਂ ਦੇ ਸਾਥੀ ਉਨ੍ਹਾਂ ਨੂੰ ਅੱਧ ਵਿਚਾਲੇ ਧੋਖਾ ਦੇ ਜਾਂਦੇ ਹਨ।"

ਖ਼ਤ ਨੂੰ ਇਥੇ ਹੀ ਵਿਸ਼ਰਾਮ ਦੇਂਦਾ ਹਾਂ।

*ਤੁਹਾਡਾ ਸ਼ੁਭਚਿੰਤਕ ਪਾਠਕ*
*ਤਲਵੀਰ ਸਿੰਘ , ਵੀ : ਹਵੇਲੀ, ਪੀ. ਓ. - ਮੋਹਾਲੀ*

-o-

ਕੁਲਜੀਤ ਜੀ,

ਤੁਹਾਡੀਆਂ ਸਾਰੀਆਂ ਗ਼ਜ਼ਲਾਂ ਬਹੁਤ ਵਧੀਆ ਹੋਣਗੀਆਂ, ਕਿਉਂਕਿ ਤੁਹਾਡੀਆਂ ਜਗਬਾਣੀ ਤੇ ਆਈਆਂ ਦੋਨੋਂ ਗ਼ਜ਼ਲਾਂ ਬੇਹੱਦ ਪਿਆਰੀਆਂ ਨੇ।

ਡੀਅਰ, ਸਾਡੀ ਹਮੇਸ਼ਾ ਪ੍ਰਮਾਤਮਾ ਅੱਗੇ ਦਵਾਵਾਂ ਨੇ ਕਿ ਤੁਸੀਂ ਲੰਮੀਆਂ ਉਮਰਾਂ ਮਾਨੋ ਤੇ ਹਮੇਸ਼ਾ ਦੁਨੀਆਂ ਨੂੰ ਆਪਣੀਆਂ ਲਿਖਤਾਂ ਦਿੰਦੇ ਰਹੋ ਕੁਲਜੀਤ ਜੀ ਮੈ ਵੀ ਲਿਖਣ ਦਾ ਸ਼ੌਕੀਨ ਹਾਂ, ਮੇਰੀਆਂ ਕਵਿਤਾਵਾਂ ਗ਼ਜ਼ਲਾਂ ਅਜੀਤ ਅਖ਼ਬਾਰ ਵਿਚ ਆਉਂਦੀਆਂ ਹਨ, ਰਾਬਤਾ, ਨਜ਼ਮਾਂ, ਚੁਰਾਸਤਾ, ਰਸਾਲਿਆਂ ਵਿਚ ਛਪਦੀਆਂ ਹਨ। ਡੀਅਰ, ਮੈਂ ਤੁਹਾਡੇ ਹੱਥ ਦੀ ਲਿਖੀ ਹੋਈ ਗ਼ਜ਼ਲ ਰਾਬਤਾ ਵਿਚ ਛਪਵਾਉਣਾ ਚਾਹੁੰਦਾ ਹਾਂ। ਹੋ ਸਕੇ ਤਾਂ ਚਿੱਠੀ ਰਾਹੀ ਭੇਜਣ ਦੀ ਕ੍ਰਿਪਾ ਕਰਨੀ।

ਵਹਿਣ ਜਦ ਵਹਿੰਦਾ ਹੈ, ਜਜ਼ਬਾਤ ਦਾ,
ਖਿਆਲ ਕਦ ਰਹਿੰਦਾ ਹੈ, ਉਕਾਂਤ ਦਾ।
ਖਾ ਲਿਆ ਹੈ, ਹਾੜ੍ਹਾ ਦੀਆਂ, ਔੜਾ ਨੇ ਮੈਂ,
ਮੇਰੇ ਲਈ ਮਹੱਤਵ ਹੈ ਕੀ, ਬਰਸਾਤ ਦਾ।
ਬਣ ਗਿਆ ਹੈ ਭਾਵੇ, ਅੱਜ ਉਹ ਗੈਰ ਦਾ,
ਦਿਲ 'ਚ ਚਾਅ ਹੈ, ਫੇਰ ਵੀ ਮੁਲਾਕਾਤ ਦਾ।
ਤੌਂਠੇ ਵਿਚ ਗ਼ਮ ਦੇ ਗਿਆਂ, ਮਾਇਆਂਰ ਨੂੰ ਉਹ,
ਕੀ ਤੂੰ ਕਰਾ ਤਾਰੀ ਦੀ, ਇਸ ਸੌਗਾਤ ਦਾ।
"ਤਾਰੀ ਕੜਿਆਲ"
ਸਮਝ ਨਹੀਂ ਆਉਂਦੀ ਨੈਣ ਕਦੋਂ ਜਾ ਲੜਦੇ ਨੇ,
ਦਿਨ ਵਿਚ ਲੱਖਾਂ ਆਸਕ ਸੂਲੀ ਚੜਦੇ ਨੇ।
ਹਾਸੇ ਚਾਅ ਫਿਰ ਸਾਰੇ ਸੱਜਣਾ ਰੁੜ ਜਾਂਦੇ,
ਨੈਣ ਨਮਾਣੇ ਬਣ ਦਰਿਆ ਜਦ ਵਗਦੇ ਨੇ।
ਮੇਰਾ ਚੰਨ ਨਾ ਆਇਆ ਸੁਪਿਆਂ ਸਦੀਆਂ ਤੋਂ,
ਉਂਝ ਰੋਜ ਰਾਤ ਨੂੰ ਚੰਨ ਤੇ ਤਾਰੇ ਚੜ੍ਹਦੇ ਨੇ।
ਹਰ ਦਿਲ ਅੰਦਰ ਸੋ-ਸੋ-ਚੀਕਾਂ ਸੁਪੀਆ ਨੇ।
ਮੂੰਹ ਦੀ ਚੁੱਪ ਦੇ ਦਿਲ ਤੇ ਆਵੇ ਪੜ੍ਹਦੇ ਨੇ।
ਮੇਰੇ ਆਪਣੇ ਖ਼ੂਨ ਮੇਰੇ ਦੇ ਪਿਆਸੇ ਨੇ,
ਕਤਲ ਲਈ "ਤਾਰੀ" ਰੋਜ ਦਲੀਲਾਂ ਕਰਦੇ ਨੇ।

*- ਤਾਰੀ ਕੜਿਆਲ*
*ਪਿੰਡ ਤੇ ਡਾ: ਕੜਿਆਲ*
*ਤਹਿ : ਮੋਗਾ, ਜ਼ਿਲ੍ਹਾ ਮੋਗਾ*

–o–

ਪਿਆਰੀ ਛੋਟੀ ਭੈਣ "ਕੁਲਜੀਤ",

ਤੂੰ ਠੀਕ ਲਿਖਿਆ ਕਿ ਮੈਂ ਕਾਫੀ ਸਮਾਂ ਤੈਨੂੰ ਕੋਈ ਚਿੱਠੀ ਨਹੀਂ ਲਿਖੀ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਮੇਰੀ ਤਬੀਅਤ ਠੀਕ ਨਹੀਂ ਸੀ ਤੇ ਦੂਜਾ ਯੂਨੀਵਰਸਿਟੀ ਵਾਲੇ ਮੇਰੀ ਡਿਊਟੀ ਲਾ ਦਿੰਦੇ ਹਨ, ਕਿ ਉਥੇ ਜਾ ਕੇ ਇਮਿਤਹਾਨ ਲਵੋ ਜਾਂ ਉਥੇ ਜਾ ਕੇ ਪ੍ਰੈਕਟੀਕਲ ਲਵੋ। ਆਦਿ। ਕੁਝ ਘਰ ਦੇ ਰੁਝੇਂਵੇਂ ਬਸ ਮੈਂ ਇਕੱਲਾ ਤੇ ਜੰਝਾਲ ਸੌ ਹਨ।

ਪਰ ਮੇਰੀ ਭੈਣ ਮੈਂ ਤੈਨੂੰ ਨਹੀਂ ਭੁੱਲਦਾ ਅਕਸਰ ਤੂੰ ਯਾਦ ਆ ਜਾਂਦੀ ਹੈ। ਮੈਂ ਇਸ ਚਿੱਠੀ ਦਾ ਨਾਲ ਇਕ ਇਸ਼ਤਿਹਾਰ ਭੇਜ ਰਿਹਾ ਹਾਂ। ਤੂੰ ਕੋਈ ਮਿੰਨੀ ਕਹਾਣੀ ਲਿਖਣ ਦੀ ਕੋਸ਼ਿਸ਼ ਕਰ ਸ਼ਰਤਾਂ ਨਾਲ ਲਿਖੀਆਂ ਹੋਈਆਂ ਹਨ।

ਮੈਨੂੰ ਪਤਾ ਹੈ ਕਿ ਤੂੰ ਰੱਖੜੀ ਦੇ ਪੈਸੇ ਦੇਖ ਨਰਾਜ਼ ਹੋਵੇਗੀ ਪਰ ਭੈਣੇ ਇਹ ਸ਼ਗਨ ਹੈ, ਇਸ ਨੂੰ ਨਾ ਨਹੀਂ ਕਰੀਦੀ। ਕੁਲਜੀਤ ਤੂੰ ਬੀ. ਐਡ. ਬਾਰੇ ਲਿਖਿਆ ਹੈ। ਕੋਰਸਪੋਡੈਂਸ ਬੀ. ਐਡ ਹੁੰਦੀ ਤਾਂ ਹੈ ਪਰ ਉਹ ਕਿਸੇ ਸਕੂਲ ਦਾ ਪੜ੍ਹਾਉਣ ਦੇ ਤਜ਼ਰਬੇ ਦਾ ਸਰਟੀਫਿਕੇਟ ਮੰਗਦੇ ਹਨ।

ਮੇਰੀ ਸਲਾਹ ਮੁਤਾਬਿਕ, ਕੁਲਜੀਤ ਤੂੰ ਇਉਂ ਕਰ, ਜੇ ਘਰ ਦੇ ਕੋਲ ਕਿਸੇ ਸਕੂਲ ਵਿਚ ਛੋਟੀ ਮੋਟੀ ਪੜ੍ਹਾਉਣ ਦੀ ਨੌਕਰੀ ਮਿਲ ਸਕਦੀ ਹੈ ਤਾਂ ਕਰ ਲੈ। ਕਿਉਂਕਿ ਅੱਜ ਕੱਲ ਐਮ. ਏ. ਕੀਤੇ ਦਾ ਵੀ ਕੋਈ ਫ਼ਾਇਦਾ ਨਹੀਂ ਨੌਕਰੀਆਂ ਸਿਫ਼ਾਰਿਸ ਤੋਂ ਬਿਨਾਂ ਨਹੀਂ ਮਿਲਦੀਆਂ। ਜੇ ਤੈਨੂੰ ਕੋਈ ਪੜ੍ਹਾਉਣ ਦੀ ਨੌਕਰੀ ਮਿਲ ਜਾਂਦੀ ਹੈ ਤਾਂ ਤੂੰ ਐਮ. ਏ. ਪ੍ਰਾਈਵੇਟ ਵੀ ਕਰ ਸਕਦੀ ਹੈ। ਤੁਹਾਡੇ ਘਰ ਦੇ ਕੋਲ ਜਿਹੜੇ ਸਕੂਲ ਹਨ ਤੂੰ ਉਥੇ ਜਾ ਕੇ ਉਨ੍ਹਾਂ ਦੇ ਪ੍ਰਿੰਸੀਪਲ ਨੂੰ ਮਿਲ ਸ਼ਾਇਦ ਜੇ ਰੱਬ ਨੇ ਚਾਹਿਆ ਤਾਂ ਕੰਮ ਬਣ ਵੀ ਸਕਦਾ ਹੈ।

ਕੁਲਜੀਤ ਕਦੇ ਕਦੇ ਮੈਂ ਸੋਚਦਾ ਹਾਂ ਕਿ ਮੇਰੀ ਭੈਣ ਇਵੇਂ ਦੀ ਹੋਵੇਗੀ, ਕਿਵੇਂ ਦੀ ਹੋਵੇਗੀ? ਜੇ ਤੂੰ ਮਾੜਾ ਨਾ ਸਮਝੇ ਆਪਣੀ ਇਕ ਫੋਟੋ ਮੈਨੂੰ ਜ਼ਰੂਰ ਭੇਜੀ ਤਾਂ ਕਿ ਮੈਂ ਵੇਖ ਸਕਾਂ ਮੇਰੀ ਭੈਣ ਕਿਹੋ ਜਿਹੀ ਹੈ। ਜ਼ਰੂਰ।

ਹੋਰ ਕੁਲਜੀਤ ਤੈਨੂੰ ਪੜ੍ਹਾਈ ਵਾਸਤੇ ਜਿੰਨੇ ਵੀ ਪੈਸੇ ਦੀ ਲੋੜ ਹੋਵੇ ਮੈਨੂੰ ਲਿਖੀ ਬਿਨਾਂ ਕਿਸੇ ਝਿਜਕ ਦੇ। ਮੈਂ ਭੇਜ ਦੇਵਾਂਗਾ। ਬਾਕੀ ਸਾਰਿਆਂ ਨੂੰ ਸਤਿ ਸ੍ਰੀ ਅਕਾਲ।

*ਤੇਰਾ ਵੱਡਾ ਵੀਰ*
*ਤਰਲੋਚਨ ਸਿੰਘ*

–o–

ਕੁਲਜੀਤ ਜੀ,

ਸਤਿ ਸ੍ਰੀ ਅਕਾਲ।

ਬਹੁਤ-ਬਹੁਤ ਧੰਨਵਾਦ ਮੇਰੇ ਖ਼ਤ ਦਾ ਜਵਾਬ ਦੇਣ ਲਈ, ਤੁਹਾਡਾ ਪੱਤਰ ਮਿਲਿਆ ਬੜੀ ਖੁਸ਼ੀ ਹੋਈ ਤੁਹਾਡੇ ਵਰਗੇ ਲੇਖਕਾਂ ਕਰਕੇ ਹੀ ਤੁਹਾਡੇ ਪਿੰਡ ਦਾ ਨਾਂ ਚਮਕਣਾ ਹੈ, ਤੁਹਾਡੀਆਂ ਰਚਨਾਵਾਂ ਵਿਚ ਇਕ ਅਜੀਬ ਜਿਹੀ ਖਿੱਚ ਹੈ, ਮੈਂ ਦੇਖਣਾ ਚਾਹੁੰਦਾ ਹਾਂ ਕਿ ਇਨ੍ਹਾਂ ਰਚਨਾਵਾਂ ਨੂੰ ਲਿਖਣ ਵਾਲੀ ਸੂਰਤ ਕੌਣ ਹੈ ਜੋ ਇੰਨੀਆਂ ਪਿਆਰੀਆਂ ਗ਼ਜ਼ਲਾਂ ਲਿਖ ਸਕਦੀ ਹੈ ਵਾਕਿਆ ਹੀ ਬੜੀ ਚੰਗੀ ਕੁੜੀ ਹੋਵੇਗੀ, ਤੁਹਾਡੀਆਂ ਗ਼ਜ਼ਲਾਂ ਵਾਕਿਆਂ ਹੀ ਤਾਰੀਫ਼ ਯੋਗ ਹੈ, ਬਾਕੀ ਤੁਹਾਡੀ ਭੇਜੀ ਹੋਈ ਰਚਨਾ ਬੇਹੱਦ ਪਿਆਰੀ ਸੀ ਇਕ ਦਿਨ ਤੁਸੀਂ ਮਸ਼ਹੂਰ ਲੇਖਕ ਵਾਂਗ ਸੂਰਜ ਵਾਂਗ ਚਮਕੋਗੇ।

***ਤਾਰੀ, ਪਿੰਡ ਕੜਿਆਲ, ਡਾਕਖਾਨਾ ਕੜਿਆਲ***
***ਜ਼ਿਲ੍ਹਾ ਤੇ ਤਹਿ : ਮੋਗਾ***

-o-

ਪਿਆਰੀ ਕੁਲਜੀਤ ਜੀਓ,
ਮੋਹ ਭਰੀ ਯਾਦ!

ਤੁਹਾਡਾ ਨਿੱਕਾ ਜਿਹਾ ਤੇ ਪਿਆਰਾ ਜਿਹਾ ਖ਼ਤ ਮਿਲਿਆ, ਮਨ ਖੁਸ਼ ਹੋਇਆ। ਬਾਕੀ ਤੁਸੀਂ ਗਿਲਾ ਕੀਤਾ ਹੈ ਕਿ ਗ਼ਜ਼ਲ ਮੰਚ ਦੇ ਫੰਕਸ਼ਨ 'ਤੇ ਮੈਂ ਤੁਹਾਨੂੰ ਬੁਲਾਇਆ ਨਹੀਂ ਪਰ ਇਹ ਵੀ ਹਕੀਕਤ ਹੈ ਕਿ ਮੈਨੂੰ ਤਾਂ ਪੰਛੀ ਜੀ ਤੋਂ ਬਾਅਦ 'ਚ ਪਤਾ ਲੱਗਿਆ ਕਿ ਤੁਸੀਂ ਵੀ ਆਏ ਸੀ। ਚਲੋ, ਜ਼ਿੰਦਗੀ ਵਿਚ ਮੇਲੇ-ਗੇਲੇ ਤਾਂ ਹੁੰਦੇ ਈ ਰਹਿੰਦੇ ਨੇ।

ਤੁਹਾਨੂੰ ਮੇਰੀਆਂ ਗ਼ਜ਼ਲਾਂ ਚੰਗੀਆਂ ਲੱਗਦੀਆਂ ਨੇ - ਇਸ ਵਾਸਤੇ ਤੁਹਾਡਾ ਬਹੁਤ-ਬਹੁਤ ਸ਼ੁਕਰੀਆ। ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ ਇਸ ਗ਼ਜ਼ਲ ਨੂੰ ਪੰਛੀ ਸਾਹਿਬ ਵੀ ਵਾਰ-ਵਾਰ ਸੁਣਦੇ ਨੇ। ਕੁੜੀਆਂ ਬਾਰੇ ਮੇਰੀਆਂ ਨਿੱਕੀਆਂ-ਨਿੱਕੀਆਂ ਕਵਿਤਾਵਾਂ ਵੀ ਨੇ ਉਨ੍ਹਾਂ ਵਿਚੋਂ ਦਸ ਕੁ ਪੇਸ਼ ਨੇ -

ਕੁੜੀਓ-ਚਿੜੀਓ
ਉਠੋ ਕੁੜੀਓ-ਜਾਗੋ ਚਿੜੀਓ
ਜੰਮਣ ਤੋਂ ਪਹਿਲਾਂ ਕੀ ਮਰਨਾ
ਨਾਲ ਜੱਗ ਦੇ ਪੈਣਾ ਲੜ੍ਹਨਾ

ਕੁੜੀਆਂ-ਚਿੜੀਆਂ
ਜਿਹੜੇ ਘਰ ਵਿਚ ਕੁੜੀਆਂ-ਚਿੜੀਆਂ
ਵਿਹੜਾ ਭਰਿਆ ਭਰਿਆ ਲੱਗੇ
ਪਰ ਲੋਕਾਂ ਨੂੰ ਸਮਝ ਨਾ ਲੱਗੇ

ਬਾਕੀ ਕਦੇ ਲੁਧਿਆਣੇ ਆਏ ਤਾਂ ਮਿਲਕੇ ਜ਼ਰੂਰ ਜਾਇਓ। ਘਰ-ਪਰਿਵਾਰ ਵਿਚ ਮੇਰੇ ਵੱਲੋਂ ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

*ਤੁਹਾਡਾ*
*ਤਰਲੋਚਨ ਲੋਚੀ*
*20-ਸੈਕੰਡ ਫਲੋਰ, ਐਚ. ਆਈ. ਜੀ. ਫਲੈਟਸ*
*ਰਾਜਗੁਰੂ ਨਗਰ, ਲੁਧਿਆਣਾ*

–o–

**ਮੁਹਾਲੀ**

ਬੀਬੀ ਕੁਲਜੀਤ ਗ਼ਜ਼ਲ,
ਆਦਾਬ।

ਖਿਮਾ ਕਰਨਾ, ਤੁਹਾਡਾ ਪੱਤਰ ਮੈਨੂੰ ਦਿਨ ਹੋਏ ਮਿਲਿਆ। ਖ਼ਤ ਤਾਂ ਬਹੁਤ ਦੇਰ ਦਾ ਆਇਆ ਹੋਇਆ ਹੈ। ਮੈਂ ਹੀ ਇਥੇ ਨਹੀਂ ਸਾਂ ਪਹਿਲਾਂ ਕੰਨਿਆ ਕੁਮਾਰੀ ਵੱਲ ਯਾਤਰਾ ਤੇ ਗਿਆ ਹੋਇਆ ਸੀ। ਫਿਰ ਸਿੱਧਾ ਹੀ ਖਰੜ ਆ ਗਿਆ ਤੇ ਇਥੇ ਦੋ ਢਾਈ ਮਹੀਨੇ ਰਿਹਾ। ਪੱਤਰ ਅੱਜ ਹੀ ਪੜ੍ਹਿਆ ਹੈ। ਮਿੰਨੀ ਕਹਾਣੀਆਂ ਪਸੰਦ ਕਰਨ ਲਈ ਤੁਹਾਡਾ ਬਹੁਤ ਧੰਨਵਾਦ। ਤੁਹਾਡੀਆਂ ਕਹਾਣੀਆਂ ਵੀ ਪੜ੍ਹੀਆਂ ਬਹੁਤ ਪਸੰਦ ਆਈਆਂ। ਪਿੱਛੋਂ ਤੁਹਾਡੀਆਂ ਗ਼ਜ਼ਲਾਂ ਇਕ ਰਸਾਲੇ ਵਿਚ ਪੜ੍ਹੀਆਂ। ਇੱਕ ਮਿੰਨੀ ਕਹਾਣੀ ਵੀ ਅਖ਼ਬਾਰ 'ਚ ਪੜ੍ਹਣ ਨੂੰ ਮਿਲੀ। ਖ਼ੁਸ਼ੀ ਹੋਈ ਤੁਸੀਂ ਲਿਖਦੇ 'ਤੇ ਛਾਪਦੇ ਰਹਿੰਦੇ ਹੋ। ਹੋਰ ਪੜ੍ਹੋ ਤੇ ਲਿਖੋ।

*ਦਿਲਸ਼ੇਰ ਸਿੰਘ ਨਿਰਦੋਸ਼*
*#224, ਫੇਜ - 6, ਮੁਹਾਲੀ (ਰੋਪੜ) - 160055*

–o–

**ਮਿਤੀ** : 4/1/2001

ਦਿਲ ਦੀਆਂ ਡੂੰਘਾਈਆਂ ਵਿਚੋਂ ਜਿੰਨੀਆਂ ਵਧੀਆ ਸ਼ੁਭ ਇਛਾਵਾਂ ਤੁਸੀਂ ਮੇਰੇ ਲਈ ਚਿਤਵੀਆਂ ਹਨ ਉਸ ਤੋਂ ਦੂਣ ਸਵਾਈਆਂ ਮੈਂ ਪ੍ਰਮਾਤਮਾ ਪਾਸੋਂ ਮੈਂ ਪ੍ਰਮਾਤਮਾ ਪਾਸੋਂ ਤੁਹਾਡੇ ਤੇ ਤੁਹਾਡੇ ਪਰਿਵਾਰ ਲਈ ਮੰਗਦਾ ਹਾਂ।

*ਹਿਤੂ*
*ਪ੍ਰਿੰ: ਦਲੀਪ ਸਿੰਘ ਭੂਪਾਲ*
*636 - ਸਿਵਲ ਲਾਈਨਜ਼,*
*ਮੋਗਾ (ਪੰਜਾਬ)*

–o–

ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਤੁਹਾਡੀਆਂ ਲਿਖਤਾਂ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਦੇ ਪਰਚਿਆਂ ਅਤੇ

ਅਖ਼ਬਾਰਾਂ ਵਿਚ ਪੜ੍ਹਦਿਆਂ ਤੁਹਾਡੇ ਲਿਖਣ ਕੌਸਲ ਤੋਂ ਪ੍ਰਭਾਵਿਤ ਹਾਂ।

16/3/2002 ਦੇ ਜਗਬਾਣੀ ਵਿਚ ਆਪ ਦੀ ਰਚੀ ਕਹਾਣੀ ਵੀ ਪ੍ਰਭਾਵੀ ਸੀ।

-o-

ਕੁਲਜੀਤ ਜੀ,

ਸਤਿ ਸ੍ਰੀ ਅਕਾਲ।

ਆਪ ਦੀ ਰਚੀ ਗ਼ਜ਼ਲ 10/2/2002 ਦੇ ਨਵਾਂ ਜ਼ਮਾਨਾ ਵਿਚ ਪੜ੍ਹੀ ਏਨੀ ਸਰਲ ਸੁੰਦਰ ਸੁਘੜ ਗ਼ਜ਼ਲ ਲਈ ਗ਼ਜ਼ਲ ਨੂੰ ਹਾਰਦਿਕ ਵਧਾਈ ਹੋਵੇ।

ਹੋਰ ਸਭ ਖ਼ੈਰ ਸੁੱਖ

-o-

**ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ**

6/3/2003

ਸਤਿਕਾਰਯੋਗ ਕੁਲਜੀਤ 'ਗ਼ਜ਼ਲ' ਜੀ,

ਆਪ ਦਾ ਪੱਤਰ ਮਿਲਿਆ।

ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੇਰੀਆਂ ਲਿਖਤਾਂ ਪੜ੍ਹਦੇ ਰਹਿੰਦੇ ਹੋ। ਜਨ ਸਾਹਿਤ ਵਿਚਲੀਆਂ ਮਿੰਨੀ ਕਹਾਣੀਆਂ ਪਸੰਦ ਕਰਨ ਲਈ ਵੀ ਸ਼ੁਕਰੀਆ!

ਤੁਹਾਡੇ ਨਾਂ ਤੋਂ ਮੈਂ ਪਰਿਚਿਤ ਹਾਂ ਅਤੇ ਤੁਹਾਡੀਆਂ ਕਾਵਿ-ਵੰਨਗੀਆਂ ਵੀ ਮੈਂ ਪੜ੍ਹੀਆਂ ਹਨ। ਵਧੀਆ ਲਿਖਦੇ ਹੋ। ਕਾਦਰ ਤੁਹਾਨੂੰ ਹੋਰ ਸਮਰੱਥਾ ਬਖਸ਼ੇ।

ਕਈ ਵਾਰ ਆਪਾਂ ਇਕ ਦੂਜੇ ਤੋਂ ਉਸ ਦੀਆਂ ਲਿਖਤਾਂ ਰਾਹੀਂ ਜਾਣੂ ਹੁੰਦੇ ਹਾਂ ਪਰ ਸਾਹਿਤਕ-ਸਮਾਗਮਾਂ ਵਿਚ ਚਿਹਰਿਆਂ ਤੋਂ ਵਾਕਫ਼ ਨਹੀਂ ਹੁੰਦੇ। ਜਿਵੇਂ ਤੁਸਾਂ ਲਿਖਿਆ ਹੈ, ਭਾਸ਼ਾ ਵਿਭਾਗ ਦੇ ਸਮਾਗਮ ਤੇ ਵੀ ਸ਼ਾਇਦ ਇੰਜ ਹੀ ਹੋਇਆ ਹੋਵੇ।

ਅੰਮ੍ਰਿਤਸਰ ਸਾਡਾ ਚੱਕਰ ਲੱਗਦਾ ਰਹਿੰਦਾ ਹੈ। ਮੇਰੇ ਕਈ ਸਾਹਿਤਕ ਮਿੱਤਰ ਇਧਰ ਰਹਿੰਦੇ ਹਨ।

ਤੁਹਾਡੀ ਸਾਹਿਤਕ-ਸਮਰੱਥਾ ਲਈ ਦੁਆ ਕਰਦਾ ਹਾਂ।

*ਹਿਤੂ*

***ਦਰਸ਼ਨ ਸਿੰਘ ਆਸ਼ਟ***

-o-

Dear Kuljit,

Happy Lohari and Happy new year, I am thankful that you keep me in your heart and call me time to time. I was not so lazy, but I don't know why I have become so nikkami. Hope

that you will not excuse me for this nikkamapan. How life is running and how are you. I will like to talk you later. My mob. no. 09418-92153.

Wishing for your happly life.

***Deepa***

–o–

11/12/2006

ਸਤਿਕਾਰਤ ਕੁਲਜੀਤ ਜੀਓ,

ਤੁਹਾਡਾ ਕਾਫੀ ਦਿਨ ਪਹਿਲਾਂ ਖਤ ਮਿਲ ਗਿਆ ਸੀ। ਮੈਂ ਭਾਸ਼ਾ ਵਿਭਾਗ ਦੇ ਸਮਾਗਮ ਤੇ ਰਾਜਸਥਾਨ ਗਿਆ ਹੋਣ ਕਾਰਨ ਤਤਕਾਲ ਜਵਾਬ ਨਹੀਂ ਸਾਂ ਦੇ ਸਕਿਆ।

ਤੁਹਾਡੀਆਂ ਗ਼ਜ਼ਲਾਂ ਮਿਆਰੀ ਹੁੰਦੀਆਂ ਹਨ। ਅਕਸ ਦੇ ਆਉਂਦੇ ਅੰਕ ਵਿਚ ਤੁਹਾਡੀ ਪੁਸਤਕ ਦਾ ਰੀਵਿਊ ਆ ਰਿਹਾ ਹੈ।

ਅੱਲਾ ਕਰੇ ਜ਼ੋਰ-ਇ-ਕਲਮ ਔਰਤ ਜ਼ਿਆਦਾ!

***ਸ਼ੁਭਚਿੰਤਕ***
***ਦਰਸ਼ਨ ਆਸ਼ਟ***

–o–

ਸਤਿਕਾਰਯੋਗ ਮਿਸ ਗ਼ਜ਼ਲ ਜੀਓ!

ਮੇਰਾ ਮੋਬਾਇਲ ਨੰ : 98141-53260 ਹੈ - ਸੰਪਰਕ ਕਰਨਾ। ਧੰਨਵਾਦੀ ਹੋਵਾਂਗਾ - 28 ਅਪ੍ਰੈਲ ਤੱਕ ਮੈਂ ਪੰਜਾਬ ਹੋਵਾਂਗਾ।

***ਦਰਸ਼ਨ ਕੌਮਾਂਤਰੀ***

–o–

ਪਿਆਰੀ ਕੁਲਜੀਤ,

ਖ਼ਤ ਲਈ ਸ਼ੁਕਰੀਆ। ਕਹਾਣੀਆਂ ਤਾਂ ਹੁੰਦੀਆਂ ਹੀ ਸੁਣਨ ਤੇ ਸੁਨਾਉਣ ਲਈ ਹਨ। ਇਸ ਲਈ ਜ਼ਰੂਰ ਭੇਜੋ!

ਹਾਂ ਹੁਣਾ ਮੇਰਾ ਫੋਨ ਨੰਬਰ 583666 ਹੈ। ਜਦੋਂ ਵੀ ਫ਼ੋਨ ਕਰਨਾ ਹੋਵੇ ਚੰਗਾ ਇਹੀ ਹੈ ਕਿ ਸਵੇਰੇ 7 ਤੋਂ 9 ਕੁ ਵਜੇ ਤੱਕ ਮੈਂ ਆਮ ਤੌਰ ਉਤੇ ਘਰ ਹੀ ਹੁੰਦਾ ਹਾਂ, ਉਦੋਂ ਕਰਨਾ।

***ਤੁਹਾਡਾ ਦਲਬੀਰ ਚੇਤਨ, 11 ਪ੍ਰਤਾਪ ਨਗਰ, ਅੰਮ੍ਰਿਤਸਰ***

–o–

8/1/2001

ਕੁਮਾਰੀ ਕੁਲਜੀਤ ਗ਼ਜ਼ਲ,
ਆਦਾਬ!

ਯਾਦ-ਆਵਰੀ ਅਤੇ ਸ਼ੁਭ ਇੱਛਾਵਾਂ ਲਈ ਤੁਹਾਡਾ ਮਸ਼ਕੂਰ ਆਂ। ਉਮੀਦ ਕਰਦੈਂ, ਨਵੇਂ ਸਾਲ ਹੀ ਨਹੀਂ ਬਲਕਿ ਜ਼ਿੰਦਗੀ ਦੇ ਪੂਰੇ ਸਫ਼ਰ ਦੌਰਾਨ, ਤੁਸੀਂ ਫੁੱਲਾਂ ਵਾਂਗ ਟਹਿਕਦੇ ਰਹੋਗੇ ਤੇ ਖੁਸ਼ਬੋਆਂ ਵੰਡਦੇ ਰਹੋਗੇ।

ਤੁਹਾਡਾ ਸਾਹਿਤਕ ਦੋਸਤ,

*ਦੇਵ ਵਿਦਿਆਰਥੀ*
*ਨੂਰਪੁਰ ਟਾਂਡਾ ਰੋਡ,*
*ਜਲੰਧਰ।*

-o-

21/5/2003

(ੴ ਸਤਿਗੁਰ ਪ੍ਰਸ਼ਾਦਿ)
ਕੁਲਜੀਤ ਜੀ ਪਿਆਰ ਭਰੀ ਸਤਿ ਸ੍ਰੀ ਅਕਾਲ,

ਕੁਲਜੀਤ ਜੀ ਮੈਂ ਤੁਹਾਡੀਆਂ ਗ਼ਜ਼ਲਾਂ ਅਖ਼ਬਾਰ 'ਚ ਪੜ੍ਹੀਆਂ ਜੋ ਮੇਰੇ ਮਨ ਨੂੰ ਛੂਹੀਆਂ ਤੇ ਜੋ ਮੈਨੂੰ ਇੱਕ ਕਹਿੰਦੇ ਨੇ ਪਸੰਦ ਮੈਨੂੰ ਤਾਂ ਬਹੁਤ ਬਹੁਤ ਪਸੰਦ ਆਈਆਂ। ਜਿਸਦੀ ਪ੍ਰਸੰਸ਼ਾ ਦਾ ਜ਼ਿਕਰ ਕਰਨ ਲਈ ਮੈਂ ਅਨੋਖੇ ਸ਼ਬਦ ਦੀ ਭਾਲ 'ਚ ਰਿਹਾ ਤਾਂ ਹੀ ਐਨਾ ਟਾਇਮ ਲੱਗ ਗਿਆ ਤੁਹਾਨੂੰ ਜਵਾਬ ਦੇਣ ਲਈ ਇਸੇ ਲਈ ਮੈਂ ਸਿੰਪਲ ਜਿਹਾ ਜਵਾਬ ਦੇ ਰਿਹਾ ਹਾਂ ਕਿ ਮੈਨੂੰ ਯਕੀਨਣ ਹੀ ਬਹੁਤ ਪਸੰਦ ਆਈਆਂ। ਮੈਂ ਬਹੁਤ ਕਦਰ ਕਰਦਾ ਹਾਂ। ਹਾਂ ਇਹੋ ਜਿਹੇ ਲਿਖਣ ਵਾਲੇ ਦੀ, ਮੈਂ ਤਾਂ ਪਹਿਲਾਂ ਸਿਰਫ਼ ਸੁਖਵਿੰਦਰ ਅੰਮ੍ਰਿਤ ਜੀ ਨੂੰ ਹੀ ਇਹ ਸਮਝਦਾ ਸੀ ਕਿ ਇਸ ਤੋਂ ਇਲਾਵਾ ਕੋਈ ਨਹੀਂ ਲਿਖ ਸਕਦਾ ਜੋ ਸੁਖਵਿੰਦਰ ਜੀ ਲਿਖਦੇ ਨੇ, ਪਰ ਹੁਣ ਤੁਹਾਡੀਆਂ ਗ਼ਜ਼ਲਾਂ ਪੜ੍ਹ ਕੇ ਮੈਂ ਸੋਚਦਾ ਹਾਂ ਕਿ ਇਹ ਤਾਂ ਪਰ੍ਹੇ-ਪਰ੍ਹੇ ਦੀ ਗੱਲ ਹੈ। ਸੱਚ ਜਾਣਿਓ ਜੋ ਮੇਰੇ ਦਿਲ 'ਚ ਤੁਹਾਡੇ ਪ੍ਰਤੀ ਜਾਂ ਸੁਖਵਿੰਦਰ ਅੰਮ੍ਰਿਤ ਜੀ ਪ੍ਰਤੀ ਮੇਰੇ ਦਿਲ 'ਚ ਇੱਜਤ ਹੈ। ਸ਼ਾਇਦ ਹੀ ਕਿਸੇ ਪ੍ਰਤੀ ਹੋਵੇ। ਇਸੇ ਗੱਲ ਤੇ ਸ਼ੇਅਰ ਐ :

ਦਰਦ ਸਮਝਣ ਲਈ ਦਿਲ 'ਚ, ਦਰਦ ਜ਼ਰੂਰੀ ਐ,
ਵਰਨਾ ਕੀ ਕਦਰ ਕਰੇਗਾ ਜ਼ਮਾਨਾ।
ਦਿਲ ਤੇ ਚੋਟ ਖਾਣ ਵਾਲਿਆਂ ਦੀ।

ਕੁਲਜੀਤ ਜੀ ਕਹਿੰਦੇ ਨੇ ਕਿ ਤਰੀਫ ਉਸ ਦੀ ਹੀ ਕਰੋ। ਜੋ ਤਰੀਫ ਦੇ ਲਾਇਕ ਹੈ। ਕ੍ਰਿਪਾ ਕਰਕੇ ਤੁਸੀਂ ਹੀ ਮੇਰੀ ਕੋਈ ਮੱਦਦ ਕਰੋ। ਇਸੇ ਕਰਕੇ ਮੈਂ ਤੁਹਾਨੂੰ ਆਪਣੀ ਇਕ ਗ਼ਜ਼ਲ ਭੇਂਟ ਕਰ ਰਿਹਾ ਹਾਂ ਅਤੇ ਮੈਨੂੰ ਦੱਸਿਓ ਕਿ ਕਿੱਦਾਂ ਦੀ ਐਂ ਮੇਰੀ ਗ਼ਜ਼ਲ। ਕੁਲਜੀਤ ਜੀ ਮੈਨੂੰ ਮੁਆਫ਼ ਕਰਨਾ ਕਿ ਮੈਂ ਸਾਫ ਨਹੀਂ ਲਿਖ ਪਾਇਆ ਕਿਉਂਕਿ ਮੈਂ ਇਹ ਚਿੱਠੀ ਕਾਹਲੀ ਕਾਹਲੀ 'ਚ ਲਿਖੀ ਹੈ। ਕੁਲਜੀਤ ਜੀ ਤੁਸੀਂ ਮੰਨੋ ਜਾਂ ਨਾ ਮੰਨੋ।

ਮੈਂ ਤੁਹਾਨੂੰ ਆਪਣਾ ਗੁਰੂ ਮੰਨਦਾ ਹਾਂ। ਕਿਉਂਕਿ ਮੈਂ ਅਜੇ ਤੱਕ ਕੋਈ ਗੁਰੂ ਨਹੀਂ ਧਾਰਿਆ। ਬਾਕੀ ਕੁਲਜੀਤ ਜੀ ਤੁਸੀਂ ਮੇਰੀ ਕੋਈ ਹੈਲਪ ਕਰ ਸਕਦੇ ਹੋ ਜਾਂ ਨਹੀਂ ਮੈਨੂੰ ਜ਼ਰੂਰ ਦੱਸਣਾ। ਤੁਸੀਂ ਮੈਨੂੰ ਫੋਨ ਤੇ ਹੀ ਬਤਾ ਦੇਣਾ ਨੰ: ਹੈ 2555962 ਜੋ ਸਾਡੇ ਕਲੀਨਿਕ ਲੋਹਗੜ ਅੰਮ੍ਰਿਤਸਰ 'ਚ ਹੈ ਅਤੇ ਜਦੋਂ ਫੋਨ ਕਰੋਗੇ ਤਾਂ ਕਹਿਣਾ ਕਿ ਦਵਿੰਦਰ ਨੂੰ ਬੁਲਾ ਦਿਓ। ਮੈਂ ਉਥੇ ਕੰਮ ਕਰਦਾ ਹਾਂ। ਤੁਸੀਂ ਮੈਨੂੰ ਫੋਨ ਸਵੇਰੇ 9 ਵਜੇ ਤੋਂ 2 ਵਜੇ ਤੱਕ ਅਤੇ ਫਿਰ ਸ਼ਾਮ ਨੂੰ 5 ਵਜੇ ਤੋਂ ਰਾਤ 9 ਵਜੇ ਤੱਕ ਫੋਨ ਕਰ ਸਕਦੇ ਹੋ। ਐਤਵਾਰ ਨੂੰ ਬੰਦ ਹੁੰਦਾ ਹੈ। ਹੋਰ ਲਿਖਣ 'ਚ ਕੋਈ ਗਲਤੀ ਹੋ ਗਈ ਹੋਵੇ ਤਾਂ ਆਪਣਾ ਛੋਟਾ ਵੀਰ ਸਮਝ ਕੇ ਮੁਆਫ਼ ਕਰਨਾ।

*ਦਵਿੰਦਰ ਸਿੰਘ*

–o–

18/5/2000

ਮਾਨਯੋਗ ਕੁਲਜੀਤ,

ਸਤਿ ਸ੍ਰੀ ਅਕਾਲ। ਅਸੀਂ ਸਾਰਾ ਪਰਿਵਾਰ ਰਾਜੀ ਖੁਸ਼ੀ ਹਾਂ। ਤੁਹਾਡੇ ਸਾਰੇ ਪਰਿਵਾਰ ਦੀ ਰਾਜੀ ਖੁਸ਼ੀ ਪ੍ਰਮਾਤਮਾ ਤੋਂ ਹਰ ਵਕਤ ਮੰਗਦੇ ਹਾਂ।

ਸਮਾਚਾਰ ਇਹ ਹੈ ਕਿ ਤੁਹਾਡਾ ਲਿਖਿਆ ਖ਼ਤ ਮਿਲਿਆ ਹੈ। ਖੈਰ ਫਿਰ ਵੀ ਯਾਦ ਕਰਨ ਲਈ ਮਿਹਰਬਾਨੀ।

ਮੈਂ ਤੁਹਾਨੂੰ ਖ਼ਤ ਲਿਖਿਆ ਸੀ ਉਸ ਦਾ ਜਵਾਬ ਹੁਣ ਦੋ ਸਾਲ ਬਾਅਦ ਆਇਆ ਹੈ। ਸ਼ਾਇਦ ਉਹ ਖ਼ਤ ਤੁਹਾਨੂੰ ਨਾ ਵੀ ਮਿਲਿਆ ਹੋਵੇ। ਉਸ ਵਿਚ ਮੈਂ ਜਗਤ ਸਿੰਘ ਜੱਗੇ ਬਾਰੇ ਲਿਖਿਆ ਸੀ ਜਿਨ੍ਹਾਂ ਦੀ ਕਿ ਉਸ ਸਮੇਂ ਮੌਤ ਹੋ ਗਈ ਸੀ। ਤੁਸੀਂ ਵੀ ਆਪਣੇ ਖ਼ਤ ਵਿਚ ਜੱਗੇ (ਗਾਇਕ) ਦਾ ਜ਼ਿਕਰ ਕੀਤਾ ਸੀ। ਮੈਨੂੰ ਇਹ ਵੀ ਯਾਦ ਹੈ ਮੇਰੀ ਮਿੰਨੀ ਕਹਾਣੀ 'ਚਿੜੀ' ਉਨ੍ਹੀਂ ਦਿਨੀਂ ਪ੍ਰਕਾਸ਼ਤ ਹੋਈ ਸੀ 'ਅਜੀਤ' ਵਿਚ। ਇਸ ਕਹਾਣੀ ਦਾ ਵਧਾਈ ਪੱਤਰ ਡਾ: ਕਰਮਜੀਤ ਸਿੰਘ ਨਡਾਲਾ ਨੇ ਭੇਜਿਆ ਸੀ। ਉਸ ਤੋਂ ਬਾਅਦ 'ਸਿਆਸਤ' ਨਾਂ ਦੀ ਛੋਟੀ ਕਹਾਣੀ ਵੀ 'ਅਜੀਤ' ਵਿਚ ਛਪੀ ਵੀ। ਪਰ ਤੁਸੀਂ ਉਦੋਂ ਤੋਂ ਹੁਣ ਤੱਕ ਕੋਈ ਖ਼ਤ ਨਹੀਂ ਪਾਇਆ। ਮੈਂ ਤਾਂ ਸਮਝਿਆ ਸੀ ਕਿ ਮੈਥੋਂ ਕੋਈ ਗ਼ਲਤੀ ਹੋ ਗਈ ਹੈ ਖ਼ਤ ਲਿਖਦਿਆਂ ਜਿਸ ਕਰਕੇ ਤੁਸੀਂ ਜਵਾਬ ਦੇਣਾ ਠੀਕ ਨਹੀਂ ਸਮਝਿਆ। ਮੈਨੂੰ ਗਿਲਾ ਵੀ ਸੀ ਕਿ ਬਿਨਾ ਕੋਈ ਗਲਤੀ ਦੱਸਿਆਂ ਤੁਸੀਂ ਚਿੱਠੀ ਪਾਉਣੀ ਬੰਦ ਕਰ ਦਿੱਤੀ ਪਰ ਜਾਪਦਾ ਹੈ ਕਿ ਤੁਹਾਨੂੰ ਉਹ ਚਿੱਠੀ ਸ਼ਾਇਦ ਮਿਲੀ ਨਹੀਂ। ਤੁਹਾਡੀ ਚਿੱਠੀ ਮਿਲਣ ਤੇ ਕੁਝ ਸ਼ਿਕਵਾ ਤਾਂ ਦੂਰ ਹੋ ਗਿਆ ਹੈ।

ਹੋਰ ਬਾਕੀ ਤੁਹਾਡੇ ਪਰਿਵਾਰ ਦਾ ਕੀ ਹਾਲ ਹੈ। ਅੱਜਕੱਲ ਕੀ ਕਰਦੇ ਹੋ। ਤੁਹਾਡੇ ਸ਼ਿਵ ਦੀ ਯਾਦ 'ਚ ਬਟਾਲੇ ਫੰਕਸ਼ਨ ਹੋਇਆ ਸੀ ਤੁਸੀਂ ਯਾਦ ਵੀ ਨਹੀਂ ਕਰਿਆ। ਤੁਹਾਡੀਆਂ ਸਾਹਿਤਕ ਸਰਗਰਮੀਆਂ ਕਿਵੇਂ ਚੱਲ ਰਹੀਆਂ ਹਨ ਅੱਜਕਲ ਕੀ ਲਿਖਦੇ ਹੋ।

–o–

**ਦੇਸ ਰਾਜ 'ਜੀਤ'**
**31/10/2001**

ਬੀਬਾ ਕੁਲਜੀਤ ਜੀ,
ਬਹੁਤ ਬਹੁਤ ਪਿਆਰ।

ਤੁਹਾਡਾ ਪਿਆਰਾ ਪੱਤਰ ਮਿਲਿਆ। ਪੂਰੇ 23 ਦਿਨ ਇੰਤਜਾਰ ਕਰਵਾ ਕੇ ਚਾਰ ਅੱਖਰ ਲਿਖ ਦਿੱਤੇ ਮੈਨੂੰ, ਇਸ ਲਈ ਹੁਣ ਤਾਂ ਤੁਹਾਡਾ ਧੰਨਵਾਦ ਕਰਨਾ ਵੀ ਬਣਦਾ ਹੈ। ਤੁਸੀਂ ਗ਼ਜ਼ਲਾਂ ਭੇਜ ਦਿੱਤੀਆਂ ਮੈਂ ਨਜ਼ਰ ਮਾਰ ਲਵਾਂਗਾ ਫੇਰ ਪੁਸਤਕ ਵਿਚ ਛਪਣ ਵਾਸਤੇ ਭੇਜ ਦੇਵਾਂਗਾ। ਫ਼ੋਟੋ ਬਹੁਤ ਪਿਆਰੀ ਹੈ, ਪਰ ਪ੍ਰੈਸ ਦੀ ਅਮਾਨਤ ਹੈ ਮੇਰੇ ਵਾਸਤੇ ਨਹੀਂ।

ਪਹਿਲਾਂ ਆਪਣੀ ਪੜ੍ਹਾਈ ਕਰੋ, ਜੀਵਨ ਵਿਚ ਆਪਣੇ ਪੈਰਾਂ ਤੇ ਖੜੇ ਹੋ ਕੇ, ਕੁਝ ਵੀ ਕਰੋ, ਆਪਣਾ ਸਥਾਨ ਪਾ ਲਵੋਗੇ। ਫੇਰ ਮੈਂ ਤੁਹਾਡੇ ਵਾਸਤੇ ਬਹੁਤ ਕੁਝ ਸੋਚ ਰੱਖਿਆ ਹੈ। ਤੁਹਾਨੂੰ ਪਤਾ ਹੀ ਹੈ ਸਮਾਜ ਵਿਚ ਮੇਰਾ ਇਕ ਮੁਕਾਮ ਹੈ, ਰਸੂਖ ਹੈ, ਭਲੇ ਕੰਮ ਵਾਸਤੇ ਕੁਝ ਵੀ ਕਰ ਸਕਦਾ ਹਾਂ।

ਨੁਕਤਾ ਦੇ ਅਗਲੇ ਤਰਹ-ਮਿਸਰਾ ਤੇ ਗ਼ਜ਼ਲ ਲਿਖ ਕੇ ਭੇਜ ਦਿੱਤੀ ਹੈ, ਤੁਸੀਂ ਜ਼ਰੂਰ ਪੜ੍ਹੋਗੇ। ਕਸਰਤ ਵਿਚ ਲਿਖਣ ਵਾਸਤੇ ਸੰਪਾਦਕ ਨੇ ਮੈਨੂੰ ਵਿਸ਼ੇਸ਼ ਤੌਰ ਤੇ ਕਿਹਾ ਹੋਇਆ ਹੈ। ਹਾਂ ਤੁਹਾਨੂੰ ਪੱਤਰ ਕਿਵੇਂ ਮਿਲਦਾ ਹੈ, ਮੈਂ ਸਮਝ ਸਕਦਾ ਹਾਂ, ਪਿੰਡ ਦੀ ਡਾਕ ਦਾ ਬੁਰਾ ਹਾਲ ਹੈ। ਪਰ ਮੇਰੇ ਮਨ ਵਿਚ ਕੋਈ ਖੋਟ ਨਹੀਂ। ਅਸੀਂ ਤਾਂ ਫੱਕਰ ਲੋਕ ਹਾਂ ਸਭ ਦੀ ਖੈਰ ਮੰਗਦੇ ਹਾਂ, ਪਿਆਰ ਵੰਡਦੇ ਹਾਂ, ਸੁੱਖ ਮੰਗਦੇ ਹਾਂ। ਸਾਨੂੰ ਸਮਾਜ ਤੋਂ ਕੀ ਮਿਲਿਆ ਹੈ ਕਿਸੇ ਨੂੰ ਦੱਸਦੇ ਵੀ ਨਹੀਂ। ਤੁਸੀਂ ਭਾਗਾਂ ਵਾਲੇ ਹੋ ਜਿਨ੍ਹਾਂ ਕੋਲ ਪਿਆਰ ਹੈ। ਪਿਆਰ, ਸਤਿਕਾਰ ਇਕ ਫ਼ਨਕਾਰ ਕੋਲ ਹੁੰਦੇ ਹੀ ਹਨ। ਪਰ ਉਹ ਕਿਸ ਨੂੰ ਦੇਵੇਗਾ ਇਹ ਆਪਣੀ ਆਪਣੀ ਕਿਸਮਤ ਹੈ। ਤੁਹਾਡਾ ਸ਼ੇਅਰ ਯਾਦ ਆਉਂਦਾ ਹੈ।

ਪਿਆਰ ਉਹ ਜਿਸ ਦੇ ਨਾਲ ਕਰੇਗਾ
ਉਸ ਨੂੰ ਮਾਲਾਮਾਲ ਕਰੇਗਾ। (ਦੱਸ ਕੌਣ?)

ਹਾਂ ਇੱਕ ਗੱਲ ਹੋਰ ਜ਼ਰੂਰੀ ਇਹ ਕਿ ਪੱਤਰ ਉੱਪਰ ਸਟੈਪਲਰ ਨਾਲ ਬੰਦ ਨਾ ਕਰਿਆ ਕਰੋ। ਗੂੰਦ ਦੀ ਟਿਊਬ ਜਾਂ ਫੈਵੀਕੋਲ ਦੀ ਡੱਬੀ ਪੰਜ ਰੁਪਏ ਵਾਲੀ ਲੈ ਕੇ ਰੱਖੋ ਉਸ ਨਾਲ ਪੱਤਰ ਵਾਲਾ ਲਿਫ਼ਾਫ਼ਾ ਬੰਦ ਕਰੋ। ਸਟੈਪਲਰ ਪਿਨ ਨਾ ਲਗਾਓ। ਲੋਟੂ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਹੈ ਕਿ ਸਟੈਪਲਰ ਪਿਨ ਦੀ ਆਗਿਆ ਬਾਹਰ ਵਾਸਤੇ ਨਹੀਂ। ਪਿਛਲੇ ਲਿਫ਼ਾਫ਼ੇ ਦੀ ਫ਼ੋਟੋ ਸਟੇਟ ਤੁਹਾਡੀ ਜਾਣਕਾਰੀ ਵਾਸਤੇ ਭੇਜ ਰਿਹਾ ਹਾਂ। ਵੈਸੇ ਮੈਂ ਪੋਸਟ ਆਫ਼ਿਸ ਸ਼ਿਕਾਇਤ ਵੀ ਨਹੀਂ ਕਰਦਾ ਕਿਉਂਕਿ ਤੁਹਾਡਾ ਪੱਤਰ ਕਿਉਂ ਦੇਵਾਂ ਕਿਸੇ ਨੂੰ? ਦੋ ਤਾਜੇ ਸ਼ੇਅਰ ਭੇਜ ਰਿਹਾ ਹਾਂ:

ਝੱਲੇ ਆਸ਼ਿਕ ਮੇਰੇ ਵਰਗੇ, ਕੌਣ ਇਨ੍ਹਾਂ ਨੂੰ ਦੱਸ ਸਮਝਾਵੇ,
ਯਾਰ ਗਏ ਨਈ ਆਉਂਦੇ ਮੁੜਕੇ, ਉਮਰ ਉਡੀਕਾਂ ਵਿਚ ਲੰਘ ਜਾਵੇ।
ਮੈਂ ਤਾਂ 'ਗ਼ਜ਼ਲ' ਦਾ ਸ਼ੈਦਾਈ ਹਾਂ, ਸਿਰਫ਼ ਗ਼ਜ਼ਲ ਹੀ ਮਨ ਨੂੰ ਭਾਵੇ,
ਨਾਜ਼ੋ ਰਾਣੀ ਮੇਰੀ ਗ਼ਜ਼ਲ ਹੈ, ਪਿਆਰ ਦੀ ਜਿਸ 'ਚੋਂ ਖੁਸ਼ਬੋ ਆਵੇ।

ਮਹਿਕਮਾ ਡਾਕ ਵੀ ਇਨ੍ਹਾਂ ਦਿਨਾਂ ਵਿਚ ਘਾਟੇ ਵਿਚ ਹੈ, ਕਿਉਂਕਿ ਦੋ ਚਾਰ ਰੁਪਏ ਵਿਚ, ਸਾਡੇ ਪੰਜਾਬ ਵਿਚ ਕਿਸੇ ਨਾਲ ਵੀ ਗੱਲਾਂ ਕਰ ਲਵੋ। ਥਾਂ ਥਾਂ ਪੀ. ਸੀ. ਓ. ਹਨ ਜਦੋਂ ਮਰਜ਼ੀ ਗੱਲ ਕਰੋ। ਪਰ ਮੇਰਾ ਇਉਂ ਨਹੀਂ ਸਰਦਾ। ਮੈਂ ਤਾਂ ਦੋਸਤਾਂ ਦੀ ਪਿਆਰੀ ਚਿੱਠੀ ਵੀ ਰਾਤ ਨੂੰ ਇਕੱਲੇ ਬੈਠ ਕੇ ਕਈ ਕਈ ਵਾਰ ਪੜ੍ਹਨੀ ਹੁੰਦੀ ਹੈ।

ਪਰ ਮੇਰੀ ਚਿੱਠੀ ਕੋਈ ਨਹੀਂ ਖੋਲ੍ਹਦਾ। ਹਰ ਰੋਜ਼ ਹੀ ਕੋਈ ਨਾ ਕੋਈ ਪੱਤਰ ਆਉਂਦਾ ਹੈ। ਪਰ ਤੁਸਾਂ ਵਰਗਾ ਕੋਈ ਹੋਰ ਨਹੀਂ ਲਿਖਦਾ। ਆਸ ਹੈ ਇਸ ਵਾਰ ਛੇਤੀ ਉੱਤਰ ਦੇਵੋਗੇ। ਘਰ ਵਿਚ ਸਭ ਨੂੰ ਸਤਿਕਾਰ, ਛੋਟਿਆਂ ਨੂੰ ਪਿਆਰ।

*ਤੁਹਾਡਾ 'ਜੀਤ'*
***ਦੇਸ ਰਾਜ ਜੀਤ ਮੋਗਾ***

-o-

"ਸਰਵ-ਜੀਤ" ਗ਼ਜ਼ਲ ਨੂੰ ਉਸਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਕਹਿ ਕੇ ਰਸਮ ਪੂਰੀ ਕਰਨ ਨੂੰ ਮੇਰਾ ਚਿੱਤ ਨਹੀਂ ਕਰਦਾ ਪਰ ਰਸਮ ਹੈ ਨਿਭਾਏ ਬਿਨਾ ਨਹੀਂ ਸਰਦਾ। "ਗ਼ਜ਼ਲ" ਮੈਨੂੰ ਪਹਿਲੇ ਦਿਨ ਤੋਂ ਹੀ ਪਸੰਦ ਰਹੀ ਹੈ ਪਹਿਲੇ ਦਿਨ ਤੋਂ ਹੀ ਮੈਂ ਗ਼ਜ਼ਲ ਪਸੰਦ ਕੀਤੀ ਹੈ ਸ਼ਾਇਦ ਪਹਿਲਾਂ ਹੀ ਬੜੀ ਵਾਰ ਲਿਖਿਆ ਮੈਂ, ਕਿ ਮੈਨੂੰ ਗਜ਼ਲ ਪੜ੍ਹਦੀ ਸੁਨਣੀ ਸਮਝਣੀ ਟੋਲਣੀ ਚੰਗਾ ਲੱਗਦਾ ਹੈ। ਕੁਦਰਤੀ ਇਸ ਕਲਮ ਨੇ ਮੈਨੂੰ ਗ਼ਜ਼ਲ ਦਿੱਤੀ ਤੇ ਗ਼ਜ਼ਲ ਮੇਰੀ ਪਛਾਣ ਦੀ ਹੋ ਗਈ ਮੈਨੂੰ ਸਿਆਣਦੀ ਹੋ ਗਈ ਮੈਨੂੰ ਗ਼ਜ਼ਲ ਆਪਣੀ ਤੇ ਆਪਾ, ਗ਼ਜ਼ਲ ਦਾ ਜਾਪਣ ਲੱਗ ਪਿਆ। ਮੈਂ ਜਾਣਦਾ ਕਿ ਮੈਂ ਗ਼ਜ਼ਲ ਪੜ੍ਹ ਸਕਦਾਂ, ਲਿਖ ਸਕਦਾਂ, ਜਾਣ ਸਕਦਾਂ, ਮਾਣ ਵੀ ਸਕਦਾਂ ਪਰ ਗ਼ਜ਼ਲ ਮੇਰੀ ਮਾਲਕੀ ਨਹੀਂ ਬਲਕਿ ਮੇਰੀ ਮਾਲਿਕ ਹੈ। ਗ਼ਜ਼ਲ ਨੂੰ ਮਹਿਸੂਸ ਕਰਕੇ ਕੁੱਝ ਦੇਰ ਦੁੱਖਾਂ ਸੋਚਾਂ ਤੋਂ ਮੀਲਾਂ ਦੂਰ ਤਾਂ ਜਾ ਸਕਦਾ ਹਾਂ ਪਰ "ਸਮੁੱਚੀ-ਗ਼ਜ਼ਲ" ਨੂੰ ਪਾ ਨਹੀਂ ਸਕਦਾ। ਗ਼ਜ਼ਲ ਤਾਂ ਮਿੱਠੇ ਪਾਣੀ ਦੀ ਝੀਲ ਹੈ ਜੋ ਸਰਬਤ ਦੇ ਭਲੇ ਲਈ ਹੁੰਦੀ ਹੈ ਕਿਸੇ ਇੱਕ ਦੀ ਮਲਕੀਅਤ ਨਹੀਂ।

ਗ਼ਜ਼ਲ ਦੀ ਸਾਲਗਿਰਹ ਤੇ ਖਾਲੀ ਹੱਥ ਆਉਣਾ ਭੈੜਾ ਲੱਗਦਾ ਹੈ ਏਨੀ ਅਮੀਰ ਗ਼ਜ਼ਲ (ਜੋ ਸਭ ਦਾ ਭਲਾ ਲੋਚਦੀ ਹੈ) ਨੂੰ ਗਰੀਬ ਜਿਹਾ ਦੀਪ ਦੇਵੀ ਕੀ ਦੇ ਸਕਦੈ ਦੀਪ ਤਾਂ ਸਦਾ ਤੋਂ ਗ਼ਜ਼ਲ ਦੇ ਦਰ ਸਵਾਲੀ ਬਣਕੇ ਖੜੋਤਾ ਹੈ। ਸੁਆਰਥੀ "ਦੀਪ" ਤਾਂ ਮੱਚਦਾ ਹੀ ਸੁਆਰਥ ਸਿੱਧ ਕਰਨ ਨੂੰ ਹੈ। ਸ਼ਾਇਦ ਕਿਤੇ ਕਿਤੋਂ ਕੁਝ ਲੱਭ ਹੀ ਜਾਵੇ। ਘਰ, ਘ+ਰ ਜੋੜ ਕੇ ਨਹੀਂ ਬਣਦਾ ਸਭ ਜਾਣਦੇ ਹਨ ਤੇ ਨਾ ਹੀ ਇੱਟ ਸੀਮਿੰਟ ਤੋਂ ਘਰ ਉਸਰਦਾ ਹੈ ਘਰ ਤਾਂ ਦਿਲਾਂ ਦੀ ਸਾਂਝ ਨਾਲ ਉਸਰਦਾ ਹੈ ਇੱਟ ਸੀਮਿੰਟ ਮਕਾਨ ਬਣਾ ਸਕਦੇ ਨੇ ਘਰ ਨਹੀਂ। ਗ਼ਜ਼ਲ ਦਾ ਤੇ ਦੀਪ ਦਾ ਫਾਸਲਾ ਬੜਾ ਹੈ ਵਾਟ ਬੜੀ ਹੈ ਪਰ ਮੇਲ ਦੀ ਤਾਂਘ ਮਘੀ ਸੀ, ਮਘੀ ਰਹੇਗੀ।

ਗ਼ਜ਼ਲ ਦੀ ਵਰ੍ਹੇਗੰਢ ਤੇ ਵੀ ਸਵਾਲ ਲੈ ਕੇ ਹਾਜ਼ਰ ਹੋਣ ਦੀ ਗੁਸਤਾਖੀ ਮਾਫ਼ ਕਰਿਓ।

**ਗ਼ਜ਼ਲ**

ਕਦੇ ਤੁਰ ਕੇ, ਕਦੇ ਤਰਕੇ, ਤੁਹਾਡੇ ਨਾਲ ਰਹਿਣਾ ਏ!
ਤੁਸੀਂ ਜੇਕਰ ਖੁਸ਼ੀ ਬਖਸ਼ੋ ਤੁਹਾਡੇ ਨਾਲ ਬਹਿਣਾ ਏ!!!

ਬਿਗਾਨੇ ਹਾਂ ਅਸੀਂ ਬੇਸ਼ਕ, ਬਿਗਾਨੇ ਹੋ ਤੁਸੀਂ ਬੇਸ਼ਕ!
ਮਿਰਾ ਦਿਲ ਅਜ਼ਲ ਤੋਂ ਚਾਹਵੇ ਤੁਹਾਨੂੰ ਆਪਣਾ ਕਹਿਣਾ ਏਂ!

"ਸੁਨਹਿਰੀ" ਉਸ ਮੁਲਾਕਾਤੋਂ ਮਗਰ ਬੇਚੈਨ ਰਹਿੰਦਾ ਹਾਂ।
ਤੁਹਾਡੀ ਮਰਜ਼ੀ ਤੇ ਅੜਿਆ, ਮੇਰਾ ਬੇਚੈਨ ਰਹਿਣਾ ਏ।

ਇਹ ਖੁਦਗਰਜ਼ੀ ਮੇਰੀ ਜਾਣੋਂ ਇਹ ਮੇਰਾ ਸੁਆਰਥ ਜਾਂ।
ਕਦੇ ਗੁੱਥ ਕੇ ਗੱਪਾਂ ਦੇ ਵਾਂਗਰਾਂ ਇਕ ਸਾਥ ਵਹਿਣਾ ਏ!!

ਨਗਰ ਉਲਫਤ ਦਾ, ਮੈਂ ਸੁਣਿਆਂ, ਸੁਨਹਿਰੀ, ਹੈ ਹਰੀ-ਮੰਦਰ।
ਇਸੇ ਮੰਦਰ ਦੀ ਪਰਕਰਮਾ ਅਸਾਂ ਨੇ ਕਰਦੇ ਰਹਿਣਾ ਏ।

ਗ਼ਜ਼ਲ ਪੂਜੇ, ਗ਼ਜ਼ਲ ਲਿਖਦੈ, ਗ਼ਜ਼ਲ ਗਾਵੇ, ਗ਼ਜ਼ਲ ਜੀਵੇ।
ਗ਼ਜ਼ਲ ਦੇ ਬਾਝ ਲੋਕੋ "ਦੀਪ" ਜਗਦਾ ਕਿੱਦਾਂ ਰਹਿਣਾ ਏ॥

ਸ਼ਕਲ ਨੂੰ ਵੇਖਦੀ ਦੁਨੀਆਂ, ਨਕਦ ਨੂੰ ਭਾਲਦੀ ਦੁਨੀਆਂ।
ਮੁਹੱਬਤ ਦੀ ਤਲਬ ਵਿਚ ਜਾਗਦੇ ਦਿਲਦਾਰ ਰਹਿਣਾ ਮੈਂ॥

***ਦੀਪ***

-o-

**12/5/2000**

ਕੁਲਜੀਤ ਗ਼ਜ਼ਲ ਨੂੰ,
ਮੇਰੀ ਯਾਦ।

ਮੇਰੇ ਤੇ ਆਈ ਇਕ ਅਸਹਿ ਦੁੱਖ ਦੀ ਘੜੀ ਸਮੇਂ ਮੈਨੂੰ ਹੌਸਲਾ ਦੇਣ ਲਈ ਤੁਸੀਂ ਅੰਤਾਂ ਦੇ ਦਰਦ ਅਤੇ ਮੋਹ ਸਮੇਤ, ਮੇਰੇ ਦੁੱਖ 'ਚ ਸ਼ਾਮਿਲ ਹੋਏ ਹੋ। ਮੈਂ ਇਹ ਅਪਣੱਤ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ।

ਆਪ ਨੇ ਮੇਰੇ ਦੁੱਖ ਨੂੰ ਆਪਣਾ ਦੁੱਖ ਮਹਿਸੂਸ ਕਰਦਿਆਂ, ਹੰਝੂਆਂ ਭਰੇ, ਹਮਦਰਦੀ ਭਰੇ ਸ਼ਬਦ ਭੇਜੇ ਹਨ। ਮਾਫ਼ ਕਰਨਾ ਅਜੇ ਮੈਂ ਤੁਹਾਡਾ ਧੰਨਵਾਦ ਕਰਨ ਜੋਗੀ ਹਿੰਮਤ ਨਹੀਂ ਇਕੱਠੀ ਕਰ ਸਕਿਆ।

ਬਸ ਹਿੰਮਤ ਦਾ ਕਿਣਕਾ ਕੁ ਇਕੱਠਾ ਕਰਕੇ ਸਿਰਫ਼ ਦੋ ਸਤਰਾਂ ਹੀ ਲਿਖ ਸਕਿਆ ਹਾਂ। ਦੁੱਖਾਂ ਸੁੱਖਾਂ 'ਚ, ਦੂਰ ਰਹਿਕੇ ਵੀ ਤੇਰੀ ਨੇੜਤਾ ਦਾ ਮੈਨੂੰ ਅਹਿਸਾਸ ਹੈ।

*ਤੁਹਾਡਾ*

–o–

**21 ਦਸੰਬਰ, 2007**

ਗ਼ਜ਼ਲਗੋ ਕੁਲਜੀਤ ਜੀ,
ਸਾਹਿਤਕ ਆਦਾਬ।

ਆਪ ਜੀ ਦੀ ਬੇਹਤਰੀਨ ਪੇਸ਼ਕਾਰੀ ਗ਼ਜ਼ਲ–ਸੰਗ੍ਰਹਿ 'ਤਰੇਲ ਜਿਹੇ ਮੋਤੀ' ਨੂੰ ਪੜ੍ਹਿਆ, ਮਨ ਨੂੰ ਬੇਹੱਦ ਤਸੱਲੀ ਅਤੇ ਸਕੂਨ ਮਿਲਿਆ। ਗ਼ਜ਼ਲ–ਸੰਗ੍ਰਹਿ ਨੂੰ ਪੜ੍ਹਦਿਆਂ ਸ਼ਾਇਰਾ ਗ਼ਜ਼ਲ ਅਤੇ ਕਾਵਿ ਸਿਨਫ਼ ਗ਼ਜ਼ਲ ਇਕਮਿਕ–ਇਕਸੁਰ ਹੋਏ ਜਾਪੇ। ਆਪ ਨੇ ਛੋਟੀ ਅਤੇ ਵੱਡੇ ਬਹਿਰ ਨੂੰ ਬਾਖੂਬੀ ਨਿਭਾਇਆ ਹੈ। ਪਿਆਰ, ਮੁਹੱਬਤ, ਹੁਸਨ, ਇਸ਼ਕ, ਬਿਰਹਾ, ਵਸਲ, ਵਿਛੋੜਾ ਓਤ–ਪ੍ਰੋਤ ਸ਼ਾਇਰੀ ਨੇ ਤਾਂ ਬਿਰਹਾ ਦੇ ਸੁਲਤਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਦਿਮਾਗ ਵਿਚ ਤਰੋ ਤਾਜ਼ਾ ਕਰਵਾ ਦਿੱਤੀ। ਆਪ ਜੀ ਦੀ ਸ਼ਾਇਰੀ ਵਿਚ ਜਿੱਥੇ ਮੁੱਖ ਤੌਰ 'ਤੇ ਹੁਸਨ ਇਸ਼ਕ ਵਿਛੋੜੇ ਦੀ ਸੁਰ ਭਾਰੂ ਜਾਪਦੀ ਹੈ, ਉਥੇ ਸਮਾਜਿਕ ਹਾਲਤਾਂ/ਸਰੋਕਾਰਾਂ ਨੂੰ ਦਰਸਾਉਂਦੇ ਸ਼ੇਰ ਵੀ ਕਾਬਲੇ ਤਾਰੀਫ਼ ਹਨ ਅਤੇ ਵਿਸ਼ੇਸ਼ ਧਿਆਨ ਖਿੱਚਦੇ ਹਨ। ਕੁਝ ਕੁ ਸ਼ੇਅਰਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਾਂਗਾ।

ਇਸ਼ਕ ਮੇਰੀ ਜ਼ਿੰਦਗੀ ਤੇ ਲੋਕ ਮੇਰਾ ਇਸ਼ਕ ਨੇ,
ਮੈਂ ਬਹੁਤ ਖੁਸ਼ ਹਾਂ ਕਿ ਇਸ਼ਕ ਤੋਂ ਫੁਰਸਤ ਨਹੀਂ।
ਜਿਸਮ ਵੀ ਤੂੰ, ਜਿੰਦ ਜਾਨ ਵੀ, ਤੇ ਅੱਲਾ ਭਗਵਾਨ ਵੀ ਤੂੰ
ਤੂੰ–ਤੂੰ ਵਾਲਾ ਰਾਗ ਸੁਹਾਣਾ, ਮੇਰਾ ਸਭ ਕੁਝ ਤੇਰਾ ਹੈ।
ਭੁਲਾ ਦਿੱਤਾ ਹੋਵੇਗਾ ਰੱਬ ਨੂੰ ਮੈਂ, ਐਪਰ
ਤੇਰੇ ਇਸ਼ਕ ਤਾਈਂ ਭੁਲਾਇਆ ਕਦੋਂ ਹੈ।
ਭੈਣ ਹਾਂ ਜਾਂ ਧੀ ਕਿਸੇ ਦੀ, ਫੇਰ ਵੀ ਲੱਗਦੀ ਬੇਘਰ ਹਾਂ।
ਮਾਪਿਆਂ ਸਿਰ ਜਨਮ ਤੋਂ ਇਕ ਬੋਝ ਹਾਂ, ਵੱਡਾ ਫ਼ਿਕਰ ਹਾਂ।

ਜਨਮ ਤੋਂ ਪਹਿਲਾਂ ਹੀ ਕਿਉਂ ਆਪਣੇ ਹੀ ਮੈਨੂੰ ਮਾਰ ਦਿੰਦੇ,
ਵੀਰ ਦੀ ਮੈਂ ਆਬਰੂ ਤੇ ਮਾਂ ਦਾ ਦਿਲ, ਪਿਉ ਦਾ ਜਿਗਰ ਹਾਂ।
ਆਪਣਿਆਂ ਦੀ ਥਾਂ ਲਈ ਬੇਗਾਨਿਆਂ,
ਫੁੱਫੜਾਂ–ਭੂਆ ਦੀ ਆਂਟੀ–ਅੰਕਲਾਂ।
ਮਾਸੀਆਂ ਭੈਣਾਂ ਨੂੰ ਤਰਸੋਂਗੇ ਤੁਸੀਂ,
ਇਸ ਕਦਰ ਦੁਰਕਾਰੀਆਂ ਜੇ ਲੜਕੀਆਂ।
ਉਹ ਤੁਰ ਪੈਂਦਾ ਵਲਾਇਤ ਨੂੰ ਸਦਾ ਸੂਲੀ ਚੜ੍ਹਾ ਮੈਨੂੰ
ਪਤਾ ਨਹੀਂ ਜ਼ੁਲਮ ਕਿਹੜੇ ਦੀ ਸੱਜਣ ਮੈਨੂੰ ਸਜ਼ਾ ਦੇਵੇ।
ਛੱਡ ਆ ਦੇਸ਼ ਵਿਦੇਸ਼ਾਂ ਤਾਈਂ, ਐਸੀ ਥਾਂ ਤੇ ਲੈ ਚਲ ਡੇਰਾ,
ਇਕ ਤੂੰ ਹੋਵੇਂ ਇਕ ਮੈਂ ਹੋਵਾਂ, ਇਕ ਸਾਵਣ ਦੀ ਕਿਣਮਿਣ ਹੋਵੇ।

ਡਾਲਰ ਕਮਾ ਲੀਂ ਫਿਰ ਕਿਤੇ ਜਿੰਦ ਨ੍ਹੀਂ ਕਮਾ ਹੋਣੀ ਕਦੇ,
ਆ ਜਾ ਕਿ ਮੇਰੀ ਜਾਨ ਦਾ ਸਿਲਸਿਲਾ ਰੁਕਦਾ ਪਿਆ।
ਹਮੇਸ਼ਾ ਖਾਣ ਨੂੰ ਪੈਂਦੇ ਇਹ ਸਰਕਾਰੀ ਕਰਮਚਾਰੀ
ਤਲੀ 'ਤੇ ਨੋਟ ਜੇ ਕੋਈ ਟਿਕਾ ਜਾਵੇ ਤਾਂ ਚੰਗਾ ਹੈ।
ਆਲੋਪ ਹੋ ਰਹੇ ਪੇਂਡੂ ਸਭਿਆਚਾਰ ਨੂੰ ਦਰਸਾਉਂਦਾ ਸ਼ੇਅਰ
ਪਿੰਡ ਦੀਆਂ ਸੱਥਾਂ, ਤ੍ਰਿੰਝਣ ਆਉਣ ਦਾ,
ਇਹ ਕਦੋਂ ਹੁਣ ਜੁੜਦੀਆਂ ਨੇ ਮਹਿਫ਼ਲਾਂ।

ਪਰੂਫ਼ ਰੀਡਿਗ ਦੌਰਾਨ ਇਕਾ-ਦੁਕਾ ਗਲਤੀਆਂ ਰਹਿ ਗਈਆਂ ਹਨ, ਜਿਵੇਂ ਕਿ ਇਸ ਦੀ ਥਾਂ ਵਿਚ ਆਦਿ। ਸਮੁੱਚੇ ਤੌਰ 'ਤੇ ਗ਼ਜ਼ਲ ਸੰਗ੍ਰਹਿ ਸਲਾਹੁਣਯੋਗ ਹੈ। ਕੁਝ ਸ਼ੇਅਰ ਤਾਂ ਪਰਿਭਾਸ਼ਾ ਅਤੇ ਸਿਧਾਂਤ ਨਿਰਧਾਰਤ ਕਰਨ ਵਾਲੇ ਜਾਪਦੇ ਹਨ। ਜਿਵੇਂ:

ਪਿਆਰ ਇਕ ਅਹਿਸਾਸ ਹੈ, ਅਹਿਸਾਸ ਵਿਚ ਵੀ ਹੈ ਚਮਕ,
ਇਹ ਹੈ ਇਕ ਅਨਮੋਲ ਮੋਤੀ, ਏਸ ਦੀ ਕੀਮਤ ਨਹੀਂ।

ਗ਼ਜ਼ਲ ਦੀ ਪਰਿਭਾਸ਼ਾ/ਸਿਧਾਂਤ

ਉਹ ਗ਼ਜ਼ਲ ਹੀ ਨਹੀਂ, ਜੋ ਬਿਨਾਂ ਤਾਲ ਦੇ,
ਜੇ ਰਵਾਨੀ ਨਹੀਂ, ਪੁਖਤਗੀ ਕਿਸ ਲਈ।

ਪੰਨਾ 111 'ਤੇ ਛਪੀ ਆਪ ਦੀ ਗ਼ਜ਼ਲ ਆਧੁਨਿਕ ਲੇਖਕਾਂ ਨੂੰ ਸੰਦੇਸ਼ ਦੇ ਰਹੀ ਹੈ।

ਆਪ ਜੀ ਦੇ ਪਲੇਠੇ ਗ਼ਜ਼ਲ ਸੰਗ੍ਰਹਿ ਨੂੰ ਖੁਸ਼ਆਮਦੀਦ ਕਹਿੰਦਾ ਹੋਇਆ ਦੁਆ ਕਰਦਾ ਹਾਂ ਕਿ ਪ੍ਰਮਾਤਮਾ ਆਪ ਦੀ ਕਲਮ ਨੂੰ ਹੋਰ ਬਲ ਬਖਸ਼ੇ ਅਤੇ ਹੋਰ ਚੰਗੇਰੀਆਂ ਰਚਨਾਵਾਂ ਨਾਲ ਆਪ ਪੰਜਾਬੀ ਸਾਹਿਤ ਨੂੰ ਅਮੀਰ ਕਰ ਸਕੋਂ।

ਧੰਨਵਾਦ ਅਤੇ ਸਨੇਹ ਸਹਿਤ,

*ਆਪ ਜੀ ਦਾ ਹਿਤੂ,*
*ਦਲਜੀਤ ਰਾਏ ਕਾਲੀਆ,*
*ਸਿਵਲ ਹਸਪਤਾਲ ਜ਼ੀਰਾ,*
*ਜ਼ਿਲ੍ਹਾ ਫਿਰੋਜ਼ਪੁਰ - 142047*

-o-

ਕੁਲਜੀਤ ਕੌਰ "ਗ਼ਜ਼ਲ" ਜੀ,
ਸਤਿ ਸ੍ਰੀ ਅਕਾਲ।

ਮੈਂ ਆਪ ਜੀ ਦੀ ਗ਼ਜ਼ਲ ਰਜਨੀ ਅੰਕ ਨਵੰਬਰ 05 ਵਿਚ ਪੜ੍ਹੀ। ਸੱਚਮੁੱਚ ਆਪ ਜੀ ਦੀ ਗ਼ਜ਼ਲ ਕਾਬਿਲੇਂ ਤਾਰੀਫ਼ ਸੀ। ਬਾਰ ਬਾਰ ਮੇਰਾ ਦਿਲ ਇਸੇ ਗ਼ਜ਼ਲ ਨੂੰ ਪੜ੍ਹੀ ਜਾਣ ਲਈ ਕਰ ਰਿਹਾ ਸੀ। ਆਪ ਜੀ ਨੇ ਇਕ ਇਕ ਅਲਫ਼ਾਜ ਬਹੁਤ ਹੀ ਨਾਪ ਤੋਲ ਕਿ ਲਿਖਿਆ ਹੋਇਆ ਹੈ। ਆਪ ਬਹੁਤ ਹੀ ਖੁਸ਼ਕਿਸਮਤ ਹੋ ਕਿ ਪ੍ਰਮਾਤਮਾ ਨੇ ਆਪ ਨੂੰ ਇਸ ਸੁਨਹਿਰੇਂ ਅਤੇ ਇਕਲੌਂਤੇ ਹੁਨਰ ਨਾਲ ਨਿਵਾਜਿਆ ਹੈ। ਪ੍ਰਮਾਤਮਾ

ਕਰੇ ਆਪ ਦਿਨੋ-ਦਿਨ ਤਰੱਕੀਆਂ ਕਰਦੇ ਜਾਉ। ਹਰ ਇਕ ਬਹਾਰ ਆਪ ਜੀ ਦੇ ਕਦਮ ਚੂੰਮੇਂ। ਆਪ ਸੰਗ ਸਦਾ ਹੀ ਖ਼ੁਸ਼ੀਆਂ ਖੇੜੇ ਰਹਿਣ।

ਆਪ ਜੀ ਦਾ ਸ਼ੁਭਚਿੰਤਕ

***Davinder Singh, ''Nangal"***
***Arjana Nanjar, w/no-8, H/no - 724***
***Dasvya, Dist. Hoshirpur (Pb.)***

-o-

ਕੁਲਜੀਤ ਗ਼ਜ਼ਲ,
ਖੁਦਾ ਸਲਾਮਤ ਰੱਖੇ।

ਤੁਹਾਡਾ ਇਕ ਹੀ ਵਿਸ਼ੇ ਤੇ ਲਿਖਿਆ 25 ਪੈਸੇ ਦਾ ਖ਼ਤ ਮਿਲਿਆ। ਆਪ ਨੇ 200 ਚੋਪਈ ਸਾਹਿਬ ਦੇ ਪਾਠ ਕਰਨ ਨੂੰ ਕਿਹਾ ਹੈ। ਇਹ ਇਕ ਚੰਗਾ ਕਰਮ ਹੈ। ਹਰ ਕੋਈ ਚੰਗੇ ਕਰਮ ਕਰਨ ਲਈ ਤਤਪਰ ਹੈ। ਫੇਰ ਮੈਂ ਕਿਉਂ ਨਹੀਂ?

ਹੋਰ ਗ਼ਜ਼ਲ ਤਰਨਤਾਰਨ ਵਿਖੇ 24 ਫਰਵਰੀ ਨੂੰ ਕਵੀ ਦਰਬਾਰ ਰੱਖਿਆ ਸੀ ਪਰ ਸ੍ਰ. ਜਗਦੇਵ ਸਿੰਘ ਜੱਸੋਵਾਲ ਨੂੰ ਰੁਝੇਵਾਂ ਕਰਕੇ ਅੱਗੇ ਕਰ ਦਿੱਤਾ ਹੈ। ਹੁਣ 6 ਮਾਰਚ ਨੂੰ ਖਿਆਲ ਬਣਦਾ ਉਸ ਦਿਨ ਛੁੱਟੀ ਸਰਕਾਰੀ ਹੈ ਪਰ ਅਜੇ ਪੱਕਾ ਨਹੀਂ। ਆਪ ਫੋਨ ਤੇ ਸੰਪਰਕ ਰੱਖੋ ਮੈਂ ਖ਼ਤ ਵੀ ਪਾਵਾਂਗਾ। ਹੋ ਸਕਿਆ ਤਾਂ ਕਾਰਡ ਵੀ ਭੇਜਾਂਗਾ। ਬਾਕੀ ਆਪ ਮੇਰੇ ਰੁਝੇਵਿਆਂ ਬਾਰੇ ਜਾਣਦੀ ਹੀ ਹੋ। ਆਪ ਨੂੰ ਮੈਂ ਬਟਾਲਾ ਦੇ ਪਤੇ ਤੇ ਖ਼ਤ ਪਾਇਆ ਸੀ ਸ਼ਾਇਦ ਤੈਨੂੰ ਮਿਲਿਆ ਨਹੀਂ।

ਅੱਜ ਕਲ੍ਹ ਮੈਂ ਵਿਹਲਾ ਹਾਂ। ਫਰਵਰੀ ਮਹੀਨਾ ਕਿਉਂਕਿ ਮੇਰੀ ਲਾਪਰਵਾਹੀ ਡਿਊਟੀ ਮਰਦਮਸ਼ੁਮਾਰੀ ਤੇ ਲੱਗੀ ਹੈ ਅੱਗੇ ਮਾਰਚ ਵੀ ਇਮਤਿਹਾਨਾਂ ਵਿਚ ਸੁਪਰਡੈਂਟ ਡਿਊਟੀ ਲੱਗਣੀ ਹੈ।

ਬਾਕੀ ਲੇਖਣੀ, ਰਚਨਾਵਾਂ, ਕਵਿਤਾਵਾਂ ਬਾਰੇ ਵਿਚਾਰ ਚਰਚਾ ਕਰਨੀ ਹੈ। ਆਪ ਦਾ ਨਾ ਤਾਂ ਫ਼ੋਨ ਨਾ ਚਿੱਠੀ ਆਉਂਦੀ ਹੈ। ਸਵੇਰੇ 8 ਤੋਂ 9 ਤੱਕ ਫੋਨ ਕਰ ਸਕਦੇ ਹੋ ਕਿਉਂਕਿ ਇਸ ਸਮੇਂ ਮੈਂ ਘਰ ਮਿਲ ਸਕਦਾ ਹਾਂ। ਜਾਂ ਰਾਤ 8 ਵਜੇ ਤੋਂ 10 ਵਜੇ ਤੱਕ ਕਰੋ। ਉਸ ਤਰ੍ਹਾਂ ਹੋਰ ਸਮੇਂਵੀ ਮਿਲ ਸਕਦਾ ਹਾਂ ਪਰ ਜ਼ਿਆਦਾ ਬੇਹਤਰ ਹਨ। ਬਾਕੀ ਰੁਝੇਵਿਆਂ ਵਿਚ ਹੁੰਦੇ ਹਨ। ਟੈਲੀਫੋਨ ਦੇ ਪੈਸੇ ਖਰਚਣ ਤੋਂ ਨਾ ਡਰੋ ਅੱਜਕਲ ਕਾਲ ਘਰ ਬੈਠਿਆਂ ਹੀ ਹੋ ਜਾਂਦੀ ਹੈ 95852-23042। ਇਹ ਨੰਬਰ ਘਰ ਬੈਠਿਆਂ ਹੀ ਲਾਉ ਅਵਸੋ ਮਿਲੇਗਾ। ਮੇਰੀਆਂ ਦੋ ਕਵੀ ਦਰਬਾਰ ਰਿਕਾਰਡਿੰਗ ਤਾਂ ਟੀ. ਵੀ. ਤੇ ਦੇਖ ਸੁਣ ਲਈਆਂ ਹੀ ਹੋਣਗੀਆਂ।

ਹੋਰ ਤੇਰੀ ਪੜ੍ਹਾਈ ਦਾ ਕੀ ਹਾਲ ਹੈ। ਮੇਰੇ ਕੋਲੋਂ ਪੇਪਰਾਂ ਸਬੰਧੀ ਕੋਈ ਗਾਈਡੈਂਸ ਜਾਂ ਨੋਟਿਸ ਲੈਣੇ ਹੋਣ ਤਾਂ ਮਿਲੋ, ਮੈਂ ਹਾਜ਼ਰ ਹਾਂ। ਸਖ਼ਤ ਮਿਹਨਤ ਕਰੋ ਤੇ ਸ਼ਾਇਰੀ ਵੀ ਵੱਧ ਲਿਖੋ। ਹੋਰ ਮੈਂ ਕਿਸੇ ਦਿਨ ਸ਼ਾਇਦ 8,10 ਦਿਨ ਬਾਅਦ ਬਟਾਲਾ ਆਵਾਂਗਾ। ਕੀ ਆਪ ਪਹਿਲੇ ਪਤੇ ਤੇ ਹੀ ਮਿਲ ਸਕਦੀ ਹੋ। ਜਾਂ ਬਦਲ ਗਿਆ ਹੈ ਪਤਾ ਬਾਕੀ ਫੋਨ ਤੇ ਜਾਂ ਮਿਲਣ ਤੇ।

*ਤੁਹਾਡਾ ਆਪਣਾ*
*ਪੱਤਰਕਾਰ ਧਰਮ ਸਿੰਘ ਪੰਕੂ*
*2/120 ਅਲਾਗੋਬਿੰਦਪੁਰਾ, ਤਰਨਤਾਰਨ*

–o–

20-05-2002

ਮੁਹਤਰਿਮਾ ਕੁਲਜੀਤ ਜੀ ਆਦਾਬ!

"ਪਾਠਕ ਅਤੇ ਗਾਹਕ ਵਿਚ ਕੀ ਫ਼ਰਕ ਹੈ?" ਵਿਚਾਰ ਲਿਖ ਘੱਲੋ। ਅਸੀਂ ਨਵਾਂ ਰਸਾਲਾ "ਇਨਕਲਾਬ" ਸ਼ੁਰੂ ਕਰ ਰਹੇ ਹਾਂ। ਆਪਣੀਆਂ ਰਚਨਾਵਾਂ ਵੀ ਘੱਲੋ।

*ਹਿਤੂ ਨਿਸ਼ਾਨ ਜੌਹਲ*
*ਫਾਇਰ ਸਟੇਸ਼ਨ ਟਾਊਨ ਹਾਲ ਅੰਮ੍ਰਿਤਸਰ*

–o–

18/4/2002

ਸਤਿਕਾਰਤ ਕੁਲਜੀਤ ਜੀ,

ਤੁਹਾਡੇ ਖ਼ਤ ਅਤੇ ਪੁਸਤਕ ਰੀਵਿਊ ਪੁੱਜ ਗਏ ਸਨ। ਨਵਾਂ ਅੰਕ ਅਪ੍ਰੈਲ ਉਪਰੰਤ ਆਵੇਗਾ। ਕੁਝ ਰੁਝੇਵਿਆਂ ਕਾਰਨ ਜਵਾਬ ਨਹੀਂ ਸਾਂ ਦੇ ਸਕਿਆ। ਪੇਪਰ ਚੱਲ ਰਹੇ ਨੇ ਇਸ ਲਈ ਸੰਖੇਪ ਵਿਚ ਹੀ ਲਿਖ ਰਿਹਾਂ। ਤੁਸੀਂ ਖ਼ਤ ਜ਼ਰੂਰ ਲਿਖਣਾ।

*ਨਵਰਾਹੀ*
***City office Amar ujala,***
***2nd Floor,***
***203, Down town plaza, jalandhar***

–o–

ਕੁਲਜੀਤ ਗ਼ਜ਼ਲ
ਸਤਿ ਸ੍ਰੀ ਅਕਾਲ।

ਤੇਰਾ ਖ਼ਤ ਮਿਲਿਆ!

ਮੇਰੇ ਵੱਲੋਂ ਤੈਨੂੰ ਤੇ ਤੇਰੇ ਪਰਿਵਾਰ ਨੂੰ ਨਵੇਂ ਵਰ੍ਹੇ ਦੀ ਲੱਖ-ਲੱਖ ਵਧਾਈ! ਅਚਾਨਕ ਇਕ ਮੁੱਦਤ ਬਾਅਦ ਤੇਰਾ ਖ਼ਤ ਪਾ ਕੇ ਬੜੀ ਹੈਰਾਨੀ ਹੋਈ। ਮੇਰੇ ਰੁਝੇਵੇਂ ਅਖ਼ਬਾਰਾਂ-ਰਸਾਲਿਆਂ ਰਾਹੀਂ ਸਾਹਮਣੇ ਆ ਹੀ ਜਾਂਦੇ ਹਨ। ਤੂੰ ਦੱਸ ਅੱਜਕਲ੍ਹ, ਕੀ ਲਿਖ ਰਹੀ ਏਂ? ਹੋਰ ਸਭ ਸੁਖ ਸਾਂਦ ਹੈ।

*ਨੂਰ ਸੰਤੋਖਪੁਰੀ*
*ਬੀ-10-925, ਮੁਹੱਲੋ ਸੰਤੋਖਪੁਰਾ, ਜਲੰਧਰ*

–o–

कुलजीत जी सस्सीयकाल,

सेवा में,

मैनें आपकी ग़ज़ल अखबार में पड़ी हमें बहुत अच्छी लगी है।

हम आपके बहुत बडे फैन हो चुके है। हमने आपकी जो गजल पड़ी उसकी दो-दो लाइने हम आप को लिखकर भेज रहे है।

याद तेरी आई रहम कर
नीद मेरी तिलमिलाई रहम कर
पन्प गई है हुन ता नजर कुलजीत दी
राह तेरे ते रिबाई रहम कर
मार तेरे हिजर दी झलदी रही
राते सारी जिन्दगी जलदी रही
जान लेनेगी एक दिन कुलजीत की
पीण जेड़ी पनप रही दिल से

हमने आप की ग़ज़ल पड़ी पड़ कर आप के दिल में छिपे हुए दर्द को महसूस किया।

हमारे पास शब्द नहीं है जिन शब्दों से हम आप की तारीफ और शुकरियां अदा करे कि आप के दिल में जो दर्द है उसके अलावा आप एक अच्छी Writer भी है हम लोग आप का शुकिया अदा करने आप के पास चल कर जरुर आते लेकिन क्या करे हम मजबूर है क्योकि हम सैर्न्टल जेल लुधियाना के कैदी है।

आप के दिल में छिपे हुए दर्द को हम महसूस कर सकते है क्योकि हम भी जुदाई सह रहे है हमने भी अपनी जिन्दगी पर एक दो शब्द बनाये है वो हम आप की नजर पेस करते है।

भगवान ने मुझे इतनी बड़ी सजा दी दुनिया ही मेरी उजाड़ दी जुदाई भी ऐसी मिली कि अलविदा भी न कह सके तुम्हारे दिल में तो क्या तुम्हारे पास भी न रह सके हमे उम्मीद है कि आप आगे भी ऐसी कई ग़ज़ले लिखेगी और अपनी लिन्दगी में कामयाबी हासिल करेगी हम सच्चे दिल से भगवान से प्रार्थना करेगे कि आप को बहुत-बहुत कामयाबी मिले।

मुझे उम्मीद ही नहीं है बल्कि यकीन है कि जो मैने उपर चार शब्द

अधुरे लिखे है इन्हे पूरा करके भेजने की कुपा करे हम से अगर इस पत्र में कुछ गलत लिखा तो क्षमा करना।

*नरेश कुमार मुल्ल पुत्र सोडीराम कैदी,*
*ताजपुर रोड़ सैर्न्टल जेल लुधियाना (पंजाब)*

-o-

प्रिय बेटी कुलजीत
सदा खुश रहो,

कुशलता उपरान्त मैं तुम्हे अपनी दो फोटो भेज रही हुँ। पहुँच कर लेना। मुझे पिण्ड जाने की जलदी है इस लिए ज्यादा नहीं लिख पा रही हुँ। मांजी मेरी सास गुजर गई है सो बार बार पिंड भिखी जाना पडता है। धन्यवाद!

*तुम्हारी ममी*
*निर्मल कौर संधू*

-o-

ਬੇਟੇ ਕੁਲਜੀਤ,

ਆਪ ਦੀ ਲਿਖੀ ਕਹਾਣੀ ਪੜ੍ਹੀ ਸੀ ਪਰ ਮੈਂ ਤਾਂ ਉਸ ਨੂੰ ਅਸਲੀਅਤ ਹੀ ਸਮਝਦਾ ਹਾਂ ਕਿਉਂ ਜੋ 47 ਮੈਂ ਵੇਖਿਆ ਹੈ ਆਪੋ ਵਿਚ ਸੱਦੀਆਂ ਤੋਂ ਪਿਆਰ ਇਨ੍ਹਾਂ ਸੀ ਜੋ ਲਿਖਿਆ ਨਹੀਂ ਜਾ ਸਕਦਾ। 47 ਵਿਚ ਵੀ ਕਈ ਲੋਕਾਂ ਨੇ ਇਨਾ ਪਿਆਰ ਵਿਖਾਇਆ ਕਿ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਦੇਵਤਿਆਂ ਨਾਲੋਂ ਵੀ ਵਧ ਕਰ ਵਿਖਾਇਆ ਧਰਮਾਂ ਦੇ ਨਾਂ ਤੇ ਜੋ ਜ਼ਹਿਰ ਪਾਇਆ ਜਾਂਦਾ ਹੈ 84 ਤੇ ਹੁਣ ਵੀ ਪਾਇਆ ਜਾ ਰਿਹਾ ਹੈ। ਕਲਮਾਂ ਤਾਂ ਵਿਚਾਰੀਆਂ ਬੜਾ ਰੋਂਦੀਆਂ ਹਨ ਪਰ ਇਸ ਫਨੀਅਰ ਸੱਪ ਅੱਗੇ ਪੇਸ਼ ਨਹੀਂ ਜਾਂਦੀ। ਕਲਮ ਨੇ ਤਾਂ ਦਿਮਾਗ ਤੇ ਅਸਰ ਕਰਨਾ ਹੈ ਪਰ ਇਹ ਸਿੱਧਾ ਅਤੇ ਝਟਪਟ ਅਸਰ ਕਰ ਜਾਂਦਾ ਹੈ। ਮੈਂ ਤਾਂ ਧਰਮਾਂ ਨੂੰ ਮਨੁੱਖਤਾ ਦਾ ਵੈਰੀ ਸਮਝਦਾ ਹਾਂ ਕਦੇ ਟਾਇਮ ਮਿਲੇ ਤਾਂ ਭਿੰਡਰ ਵੀ ਵੇਖ ਜਾਣਾ।

-o-

**12-01-01**

ਮਿਸ ਕੁਲਜੀਤ ਗ਼ਜ਼ਲ ਜੱਗਾ ਜੀ,
ਸਤਿ ਸ੍ਰੀ ਅਕਾਲ।

25-12-2000 ਨੂੰ ਭੇਜਿਆ ਤੁਹਾਡਾ ਖ਼ਤ ਮੈਨੂੰ 10-01-01 ਨੂੰ ਮਿਲਿਆ। ਸ਼ੁਕਰ ਏ, ਕਿ ਤੁਸੀਂ ਮੇਰਾ ਪਤਾ ਯਾਦ ਰੱਖਿਆ ਹੋਇਐ। ਮੈਂ ਤਾਂ ਸਮਝਦਾ ਸੀ, ਕਿ

ਭੁੱਲ ਗਿਆ ਹੋਵੇਗਾ। ਤੁਸੀਂ ਨਵੇਂ ਵਰ੍ਹੇ ਦੀ ਵਧਾਈ ਭੇਜੀ ਏ। ਬਹੁਤ-ਬਹੁਤ ਸ਼ੁਕਰੀਆ! ਮੇਰੇ ਵਲੋਂ ਵੀ ਤੁਹਾਨੂੰ, ਤੇ ਪਰਿਵਾਰ ਦੇ ਸਾਰੇ ਜੀਆਂ ਨੂੰ 2001 ਤੇ ਨਵੀਂ ਸਦੀ ਦੀਆਂ ਬਹੁਤ ਸਾਰੀਆਂ ਹਾਰਦਿਕ ਸ਼ੁਭ ਇਛਾਵਾਂ! ਸ਼ਾਲਾ! ਤੁਸੀਂ ਰੱਜ ਕੇ ਖੁਸ਼ੀਆਂ ਮਾਣੋ! ਤੁਹਾਡੀ ਕਲਮ ਬੁਲੰਦੀਆਂ ਤੱਕ ਪਹੁੰਚੇ!! ਬੜੀ ਦੇਰ ਪਿੱਛੋਂ ਤੁਹਾਡਾ ਖ਼ਤ ਮਿਲਣ 'ਤੇ ਪਤਾ ਨਹੀਂ ਮੇਰਾ ਮਨ ਕਿਉਂ ਭਰ ਆਇਆ? ਅੱਜਕਲ੍ਹ ਮੈਨੂੰ ਖ਼ਤ ਸੁਨੇਹੇ ਘੱਟ ਮਿਲਦੇ ਹਨ। ਹੁਣ ਤਾਂ 'ਪੰਜਾਬ ਕੇਸਰੀ' ਵਰਗੀ ਕੌਮੀ ਅਖ਼ਬਾਰ 'ਚ ਕਹਾਣੀ ਛਪਣ 'ਤੇ ਵੀ ਕਿਸੇ ਸ਼ੁਭ-ਚਿੰਤਕ, ਪਾਠਕ ਦਾ ਖ਼ਤ ਨਹੀਂ ਆਉਂਦਾ। ਮੈਂ ਸੋਚਿਆ, ਕਿ ਸ਼ਾਇਦ ਤੁਸੀਂ ਜ਼ਿੰਦਗੀ ਰੁਝੇਵਿਆਂ 'ਚ ਰੁੱਝ ਗਏ ਹੋਵੋਗੇ, ਇਸ ਕਰਕੇ ਖ਼ਤ ਨਹੀਂ ਲਿਖਿਆ। ਹੁਣ ਤੁਹਾਡੇ ਜੁਆਬ ਤੋਂ ਪਿੱਛੋਂ ਫਿਰ ਖ਼ਤ ਲਿਖਾਂਗਾ। ਤੁਹਾਡਾ ਤੇ ਸਾਡਾ ਸਾਰਿਆਂ ਦਾ ਰੱਬ ਰਾਖਾ।

***ਨੂਰ ਸੰਤੋਖਪੁਰੀ, ਬੀ-10-925, ਮੁਹੱਲਾ ਸੰਤੋਖਪੁਰਾ, ਜਲੰਧਰ***

-o-

ਸਤਿਕਾਰਯੋਗ ਕੁਲਜੀਤ ਜੀ,

ਸਤਿ ਸ੍ਰੀ ਅਕਾਲ - ਯਕਦਮ ਤੁਹਾਡੇ ਨਾਮ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਮਨੁੱਖੀ ਜ਼ਿੰਦਗੀ ਦੀ ਗੱਡੀ ਦੇ ਦੋ 'ਪਹੀਆਂ' ਵਿਚ ਤੁਸੀਂ ਕਿਸ ਨਾਲ ਸੰਬੰਧਿਤ ਹੋ? ਪਰ ਸ਼ਾਇਦ... 'ਆਖਦੇ ਨੇ ਲੋਕ ਤਾਂ ਝੱਲੀ ਕੁੜੀ 'ਕੁਲਜੀਤ'
ਨੂੰ। ਖੈਰ ਮਸਲਾ ਇਹ ਨਹੀਂ। ਗੱਲ ਤਾਂ ਤੁਹਾਡੀ ਗ਼ਜ਼ਲਾਂ ਵਿਚ ਭਰੇ ਅਥਾਹ ਦਰਦ ਦੀ ਹੈ। ਬਹੁਤ ਸਾਰੇ ਨਵੇਂ ਲੇਖਕਾਂ ਦੀਆਂ ਗ਼ਜ਼ਲਾਂ ਪੜ੍ਹਣ ਦਾ ਮੌਕਾ ਮਿਲਦਾ ਹੈ। ਇਨ੍ਹਾਂ ਅਣਜਾਣੇ ਨਾਵਾਂ ਵਿਚੋਂ ਇਕ ਤੁਹਾਡੀਆਂ ਗ਼ਜ਼ਲਾਂ ਨੇ ਖ਼ਤ ਲਿਖਣ ਲਈ ਮਜ਼ਬੂਰ ਕਰ ਦਿੱਤਾ। ਸ਼ਿਵ ਨੂੰ ਲੁੱਟ ਕੇ ਪ੍ਰਦੇਸੀ ਹੋ ਗਈ ਮੁਹੱਬਤ ਦੀ ਮਜ਼ਾਰ ਨੂੰ ਸਿੱਜਦਾ:-

ਬੜਾ ਭਰਮਾ ਲਿਆ ਤੈਨੂੰ ਵਿਦੇਸ਼ੀ ਡਾਲਰਾਂ ਪੌਂਡਾਂ
ਗ਼ਜ਼ਲ ਦੀ ਜ਼ਿੰਦਗੀ ਬਣਦਾ ਉਹ ਤੈਥੋਂ ਖ਼ਤ ਨਾ ਸਰਿਆ ਹੈ

ਜਾਂ ਫਿਰ ਕੰਡਿਆਂ ਵਿਚ ਘੁੰਮਦੀ ਬੇਆਸ ਤਿਤਲੀ ਦੇ ਜ਼ਿੰਦਗੀ ਦੇ ਜ਼ਿੰਦਾਦਿਲ ਮਕਸਦ ਨੂੰ ਪਛਾਣ ਲੈਣ ਵਾਂਗ :-

ਮੈਂ ਕਿਉਂ ਹੰਝੂ ਵਹਾਵਾਂ? ਉਹ ਨਹੀਂ ਤਾਂ ਨਾ ਸਹੀ
ਸੁਣ ਦਿਲਾ ਕਰ ਹੌਸਲਾ, ਨਾ ਕਰ ਉਡੀਕਾ, ਰਹਿਣ ਦੇ

ਬਹੁਤ ਚਿਰ ਚੱਲੀ ਹਾਂ ਤੇਰੇ ਨਾਂ ਦਾ ਚੁੱਕ ਕੇ ਭਾਰ ਮੈਂ
ਨਾਂ ਮੇਰੇ ਤੋਂ ਨਾਂ ਤੇਰਾ ਲਹਿੰਦਾ ਏ ਹੁਣ ਤਾਂ, ਲਹਿਣ ਦੇ

ਸਹੀ ਲਿਖਿਆ ਏ...ਜ਼ਿੰਦਾਦਿਲੀ ਨਾਲ ਕੁਝ

ਪਲ ਜਿਉਣਾ, ਰੋਂਦਿਆਂ ਸਾਰੀ ਜ਼ਿੰਦਗੀ ਗੁਜ਼ਾਰ ਦੇਣ ਨਾਲੋਂ ਬਹੁਤ ਬੇਹਤਰ ਹੈ। 'ਨਹੀਂ ਤਾਂ ਨਾ ਸਹੀ ਵਰਤਮਾਨ ਜੀਵਨ ਖੁਸ਼ੀਆਂ ਨਾਲ ਜਿਉਣ ਦੀ ਪਹਿਲੀ

ਪੌੜੀ ਏ। ਛੱਡੀ ਖੁਸ਼ੀ ਦੇ ਚੱਕਰ ਵਿਚ ਛੋਟੀਆਂ ਖੁਸ਼ੀਆਂ ਤੋਂ ਮੂੰਹ ਵੱਟ ਲੈਣਾ ਜਾਇਜ ਨਹੀਂ। ਹਰ ਪਲ ਨੂੰ ਰੱਜ ਕੇ ਜੀਣਾ ਤੇ ਕੁਦਰਤ ਦੀ ਅਥਾਹ ਖੂਬਸੂਰਤੀ ਨੂੰ ਮਾਣਨਾ ਬਹੁਤ ਖੂਬਸੂਰਤ ਹੈ ਬਾਕੀ ਫਿਰ ਕਦੇ ਕੋਈ ਸ਼ਬਦ ਅੱਛਾ ਨਾ ਲੱਗੇ ਤਾਂ ਮੁਆਫ਼ੀ ਚਾਹਾਂਗਾ।

*ਨਿਰਮਲ ਮੋਰਾਂਵਾਲੀ*
*ਵੀ. ਪੀ. ੳ : ਮੋਰਾਂ ਵਾਲੀ*
*ਜ਼ਿਲ੍ਹਾ : ਫਰੀਦਕੋਟ*

–o–

ਸਭ ਤੋਂ ਪਹਿਲਾਂ ਲੈਟਰ ਲਿਖਣ ਲਈ ਸ਼ੁਕਰੀਆ ਅਦਾ ਮਿਹਰਬਾਨੀ, ਸੱਬਾ ਖੈਰ ਕੁਲਜੀਤ ਜੀ, ਮੇਰੇ ਵਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ ਅਤੇ ਦੀਵਾਲੀ ਦੀ ਸ਼ੁਭਕਾਮਨਾਵਾਂ ਹੈਪੀ ਦੀਵਾਲੀ ਪ੍ਰਮਾਤਮਾ ਕਰੇ ਕਿ ਤੁਹਾਡੀ ਦੀਵਾਲੀ ਬਹੁਤ ਹੀ ਵਧੀਆ ਬਤੀਤ ਹੋਈ ਹੋਵੇ। ਬਾਕੀ ਕੁਲਜੀਤ ਜੀ ਜੋ ਤੁਸੀਂ ਲੈਟਰ ਵਿਚ ਲਿਖਿਆ ਸੀ ਕਿ ਕੈਦੀ ਕਿਉਂ ਹੋ ਮੈਂ ਆਪਣੀ ਸਾਰੀ ਹਿਸਟਰੀ ਦੱਸ ਰਿਹਾ ਹਾਂ ਕਿ ਕੈਦੀ ਕਿਉਂ ਹਾਂ। ਕੁਲਜੀਤ ਜੀ ਮੈਂ ਲੁਧਿਆਣੇ ਸ਼ਹਿਰ ਦਾ ਰਹਿਣ ਵਾਲਾ ਹਾਂ ਅਤੇ ਮੇਰਾ ਨਾਮ ਨਰੇਸ਼ ਕੁਮਾਰ ਉਰਫ਼ ਮੁੰਨਾ 10 ਸੋਡੀ ਲੁਧਿਆਣ ਹੀ ਰਹਿੰਦਾ ਸੀ ਅਤੇ ਮੇਰੇ ਮੁਹੱਲੇ ਵਿਚ ਇੱਕ ਰਾਜਕੁਮਾਰ ਉਰਫ਼ ਨਾਮ ਦਾ ਗੁੰਡਾ ਰਹਿੰਦਾ ਸੀ ਅਤੇ ਮੈਂ ਸਬਜੀ ਦਾ ਕੰਮ ਕਰਦਾ ਸੀ ਅਤੇ ਮੇਰੀ ਮਾਂ ਦੀਆਂ ਆਪਣੀਆਂ ਤਿੰਨ ਦੁਕਾਨਾਂ ਸੀ ਉਹ ਗੁੰਡਾ ਸਾਰੇ ਮੁਹੱਲੇ ਵਿਚ ਆਪਣੀ ਦਹਿਸ਼ਤ ਦਿਖਾਉਂਦਾ ਸੀ ਅਤੇ ਹਰ ਇੱਕ ਨਾਲ ਧੱਕਾ ਕਰਦਾ ਸੀ ਮੁਹੱਲੇ ਵਿਚ ਉਸ ਡਰਦੇ ਲੋਕ ਬਾਹਰ ਨਹੀਂ ਸੀ ਨਿਕਲਦੇ ਉਸ ਦੀ ਏਨੀ ਦਹਿਸ਼ਤ ਸੀ ਲੋਕਾਂ ਦੀਆਂ ਧੀਆਂ ਭੈਣਾਂ ਵੀ ਛੇੜਦਾ ਸੀ ਅਤੇ ਮੰਨ ਮਰਜੀ ਕਰਦਾ ਸੀ। ਇੱਕ ਦਿਨ ਅਚਾਨਕ ਮੇਰੀ ਦੁਕਾਨ ਤੇ ਆਇਆ ਅਤੇ ਮੈਂ ਦੁਕਾਨ ਵਿਚ ਨਹੀਂ ਸੀ ਮੇਰੇ ਨੌਕਰ ਸੀ ਉਹ ਮੇਰੀ ਦੁਕਾਨ ਦੇ ਅੰਦਰ ਆ ਕਿ ਮੇਰੇ ਨੌਕਰਾਂ ਨੂੰ ਕੁੱਟਮਾਰ ਕਰਕੇ ਜੋ ਪੈਸੇ ਕਮਾਏ ਸਨ ਲੁੱਟ ਕਿ ਲੈ ਗਿਆ ਅਤੇ ਮੇਰੇ ਕਾਰੀਗਰਾਂ ਨੇ ਮੈਨੂੰ ਦੱਸਿਆ ਅਤੇ ਸਾਡੇ ਆਪਸ ਵਿਚ ਬਾਜ਼ਾਰ ਵਿਚ ਹੀ ਟਾਕਰੇ ਹੋ ਗਏ ਅਤੇ ਉਸ ਦੇ ਨਾਲ ਤਿੰਨ ਚਾਰ ਹੋਰ ਗੁੰਡੇ ਸੀ ਅਤੇ ਮੇਰੇ ਨਾਲ ਵੀ ਤਿੰਨ ਚਾਰ ਆਦਮੀ ਸੀ ਆਪਸ ਵਿਚ ਬਹਿਸ ਹੋ ਗਈ ਅਤੇ ਲੜਾਈ ਹੋ ਗਈ ਅਤੇ ਉਸ ਦਾ ਕਤਲ ਮੇਰੇ ਹੱਥੋਂ ਹੋ ਗਿਆ ਅਤੇ ਲੰਕਾ ਨੇ ਸੁੱਖ ਨੀਂਦ ਸੌਣੀ ਸ਼ੁਰੂ ਕੀਤੀ ਉਸ ਨੂੰ ਪੁਲਿਸ ਵਲੋਂ ਗੋਲੀ ਦਾ ਵੀ ਆਡਰ ਉਸ ਦੇ ਕਤਲ ਵਿਚ ਮੈਂ ਅੰਦਰ ਹਾਂ ਅਤੇ ਕੈਦ ਕੱਟ ਰਿਹਾ ਹਾਂ ਇਨਸਾਨ ਨੂੰ ਮਾੜੇ ਚੰਗੇ ਦਿਨ ਤਾਂ ਆਉਂਦੇ ਹੀ ਰਹਿੰਦੇ ਹਨ। ਇਸ ਕਰਕੇ ਮੈਂ ਕੈਦੀ ਹਾਂ ਕੁਲਜੀਤ ਜੀ ਮੈਂ ਬਹੁਤ ਹੀ ਵਧੀਆ ਪਰਿਵਾਰ ਨਾਲ ਸੰਬੰਧ ਰੱਖਦਾ ਹਾਂ ਮੈਂ ਤਾਂ ਹਰ ਰੋਜ ਈਸ਼ਵਰ ਅੱਗੇ ਇਹ ਹੀ ਦਵਾ ਕਰਦਾ ਹਾਂ ਕਿ ਤੁਸੀਂ ਜਿੱਥੇ ਵੀ ਰਹੋਂ ਖੁਸ਼ ਰਹੋ ਅਬਾਦ ਰਹੋਂ ਖੁਦਾ ਕਰੇ ਮੇਰੀ ਵੀ ਉਮਰ ਤੁਹਾਨੂੰ ਲੱਗ ਜਾਵੇ। ਬਾਕੀ ਤੁਸੀਂ ਲਿਖਿਆ ਸੀ ਕਿ ਟਿਕਟ ਜ਼ਰੂਰ ਲਗਾਉਣੀ ਕੁਲਜੀਤ ਜੀ ਜੇਲ ਦੀਆਂ ਮਜ਼ਬੂਰੀਆਂ ਨੂੰ ਤੁਸੀਂ ਨਹੀਂ ਜਾਣਦੇ ਇੱਥੇ ਤਾਂ ਕਾਗਜ ਦਾ ਟੁਕੜਾ ਤੱਕ ਨਹੀਂ ਮਿਲਦਾ ਪਰ ਫਿਰ ਵੀ ਟਿਕਟ ਦੀ ਕੋਸ਼ਿਸ਼ ਜ਼ਰੂਰ ਕਰਾਂਗਾ। ਬਾਕੀ ਜੇਕਰ ਹਿੰਦੀ ਨਹੀਂ ਆਉਂਦੀ ਤਾਂ ਪੰਜਾਬੀ ਵਿਚ ਹੀ ਲਿਖਦਿਆਂ ਕਰੋ।

ਬਾਕੀ ਜੇਕਰ ਗ਼ਜ਼ਲਾਂ ਪਸੰਦ ਹੋਣ ਤਾਂ ਲੈਟਰ ਭੇਜ ਕਿ ਸ਼ੁਕਰੀਆ ਕਰ ਦੇਣਾ। ਲੈਟਰ ਦੀ ਉਡੀਕ ਕਰਾਂਗਾ। ਬਾਕੀ ਕੁਲਜੀਤ ਜੀ ਤੁਹਾਡਾ ਸਹਿਯੋਗ ਚਾਹੀਦਾ ਹੈ। ਬਾਕੀ ਲੈਟਰ ਬੰਦ ਕਰ ਰਿਹਾ ਹਾਂ ਨੀਂਦ ਆ ਰਹੀ ਹੈ।

**ਸ਼ੇਅਰ**

ਮੈਂ ਕੋਈ ਬੀਤਾ ਹੂਆ ਵਕਤ ਨਹੀਂ
ਜੋ ਲੌਟ ਕਰ ਨਹੀਂ ਆਊਗਾ
ਮੇਹਰਬਾਨ ਹੋ ਕਰ ਬੁਲਾਓਗੇ
'ਚੋਂ ਜ਼ਰੂਰ ਚਲਾ ਆਊਗਾ।

***- ਨਰੇਸ਼ ਕੁਮਾਰ ਪੁੱਤਰ ਸੋਡੀ ਦਾਸ,***
***ਸੈਂਟਰਲ ਜੇਲ ਲਾਜਪੁਰ ਰੋਡ ਲੁਧਿਆਣਾ***

–o–

16-05-2002

ਕੁਲਜੀਤ,
ਸਤਿ ਸ੍ਰੀ ਅਕਾਲ।

ਮੈਂ ਪਹਿਲਾਂ ਵੀ ਆਪ ਨੂੰ ਖ਼ਤ ਲਿਖਣ ਬਾਰੇ ਸੋਚ ਕੇ ਕੁਝ ਅੱਖਰ ਲਿਖੇ ਸਨ ਪਰ ਡਾਕ ਵਿਚ ਨਹੀਂ ਪਾਏ।

ਮੈਂ ਸੰਪਾਦਕ ਦੇ ਨਾਂ ਹੇਠ ਰਾਜਿੰਦਰ ਕੌਰ ਵੰਤਾ ਦੀ ਮਿੰਨੀ ਕਹਾਣੀ ਆਪਣੇ-ਪਰਾਏ ਪੜ੍ਹ ਕੇ ਲਿਖਿਆ ਸੀ, 'ਇੰਜ ਲੱਗਦਾ ਜਿਵੇਂ ਵੰਤਾ ਨੇ ਨਕਲੀ ਸ਼ਰੀਫ ਦੇ ਮੂੰਹ ਤੇ ਦਲੇਰੀ ਨਾਲ ਵੱਟ ਕੇ ਥੱਪੜ ਮਾਰਿਆ ਹੋਵੇ ਅਤੇ ਕਹਿ ਰਹੀ ਹੋਵੇ ਮੈਂ ਤੇਰੀਆਂ ਕਾਲੀਆਂ ਕਰਤੂਤਾਂ ਜਗਤ ਸਾਹਮਣੇ ਰੱਖ ਰਹੀ ਹਾਂ।

ਮੇਰੇ ਇਹ ਵਿਚਾਰ ਅਜੀਤ ਵਿਚ ਛਪ ਚੁੱਕੇ ਹਨ।

'ਚਪੇੜਾਂ' ਪੜ ਕੇ ਪਤਾ ਲੱਗਾ ਕਿ ਆਪ ਵਿਚ ਦਲੇਰੀ, ਲਿਖਤ ਵਿਚ ਜਾਨ ਸਿੱਖਿਆ ਦੇ ਨਾਲ ਗੰਦੇ ਸਮਾਜ ਦੇ ਮੂੰਹ ਤੇ ਚਪੇੜਾਂ ਵੀ।

ਮੇਰੀ ਵੀ ਇਕ ਮਿੰਨੀ ਕਹਾਣੀ ਹੌਸਲਾ ਅਜੀਤ ਵਿਚ ਛਪੀ ਸੀ, ਜਿਸ ਵਿਚ ਪੁੱਤ ਆਪਣੇ ਬਿਰਦ ਤੇ ਬਿਮਾਰ ਬਾਪ ਨੂੰ ਕਹਿੰਦਾ ਹੈ, 'ਪਿਤਾ ਜੀ ਹੌਸਲਾ ਨਾ ਛੱਡੋ ਠੀਕ ਹੋ ਜਾਉਗੇ।' ਬਾਪ ਦਾ ਉਤਰ ਹੈ, 'ਪੁੱਤ ਸਾਰੀ ਉਮਰ ਹੌਸਲੇ ਨਾਲ ਕੱਟੀ, ਹੋਰ ਕੰਮ ਤਾਂ ਠੀਕ ਹੀ ਸੀ, ਹੁਣ ਕਿੱਥੇ ਡੁੱਟਣਾ ਹੱਡਾਂ ਦੇ ਨਾਲ ਹੀ ਜਾਉ।'

ਅਸੀਂ ਇਥੇ ਸਭ ਰਾਜੀ ਖੁਸ਼ੀ ਹਾਂ ਆਪਣੇ ਆਪਣੇ ਪਰਿਵਾਰ ਦੀ ਖੁਸ਼ੀ ਦਾ ਪਤਾ ਆਪ ਜਾਂ ਆਪਣੇ ਪਰਿਵਾਰ ਵਿਚ ਕੋਈ ਇਧਰ ਆਵੇ ਤਾਂ ਜ਼ਰੂਰ ਮਿਲ ਕੇ ਜਾਣਾ।

***ਆਪ ਦਾ ਅੰਕਲ***
***ਰਿਟਾਇਰ : ਮਾਸਟਰ ਨਰਸਿੰਘ ਭਿੰਡਰ, ਮੋਗਾ***

–o–

26-03-2003

ਪ੍ਰੀਤਮ ਪਰਵਾਜ਼,

ਪਿਆਰੀ ਬੇਟੀ ਕੁਲਜੀਤ ਗ਼ਜ਼ਲ ਜੀਓ! ਬਹੁਤ! ਬਹੁਤ ਪਿਆਰ। ਆਪਣੀ ਪੁਸਤਕ ਇਕ ਨਜ਼ਰ ਏਧਰ ਵੀ ਤੋਂ ਬਾਅਦ ਮੈਂ ਆਪਣੀ ਇਕ ਹੋਰ ਪੁਸਤਕ ਜੀ ਚਾਹੇ ਪੰਛੀ ਹੋ ਜਾਵਾਂ ਆਪ ਨੂੰ ਨਜ਼ਰ ਕੀਤੀ ਸੀ। ਕਾਫ਼ੀ ਦਿਨ ਪਹਿਲੇ ਉਹ ਪੁਸਤਕ ਆਪ ਨੂੰ ਪ੍ਰਾਪਤ ਹੋ ਗਈ ਹੋਵੇਗੀ। ਉਸ ਪੁਸਤਕ ਦਾ ਤੁਸਾਂ ਅਧਿਐਨ ਕਰ ਲਿਆ ਹੋਵੇਗਾ। ਉਨ੍ਹਾਂ ਨਿਬੰਧਾਂ ਬਾਰੇ ਆਪਣੇ ਭਾਵ ਉਸ ਪੁਸਤਕ ਬਾਰੇ ਆਪਣੇ ਵਿਚਾਰ ਵਿਸਥਾਰ ਪੂਰਬਕ ਲਿਖ ਭੇਜਣਾ। ਧੰਨਵਾਦੀ ਹੋਵਾਂਗਾ। ਤੁਸਾਂ ਲਿਖਿਆ ਸੀ ਕਿ ਮੈਂ ਅੱਜ ਕਲ ਡਾਕਟਰੇਟ ਦੀ ਡਿਗਰੀ ਕਰ ਰਿਹਾ ਹੈ। ਕਿਸ ਥੀਸਿਸ ਤੇ ਰੀਸਰਚ ਕਰ ਰਹੇ ਹੋ? ਪੀ. ਐਚ. ਡੀ. ਕਰੋ ਕਾਲਜ ਵਿਚ ਲੈਕਚਰਾਰ ਤਰਤੋ ਹੋਵੋ ਤੇ ਅੱਗੋਂ ਵੱਡੇ ਸਕਾਲਰ ਬਣੋ। ਇਹ ਮੇਰਾ ਅਸ਼ੀਰਵਾਦ ਹੈ। ਇਕ ਵਿਲੱਖਣ ਲੇਖਕ ਬਣੋ। ਆਪਣੀਆਂ ਕਿਰਿਆਤਮਿਕ ਰਚਨਾਵਾਂ ਰਾਹੀਂ ਇਕ ਵਿਲੱਖਣ ਸਖਸ਼ੀਅਤ ਪੈਦਾ ਕਰੋ। ਦੁਨੀਆਂ ਵਿਚ ਆਪਣਾ ਨਾਮ ਧੰਦਾ ਕਰੋ। ਤੁਸਾਂ ਲਿਖਿਆ ਸੀ ਕਿ ਮੇਰੀ ਛੋਟੀ ਭੈਣ ਈ. ਟੀ. ਟੀ. ਕਰ ਰਹੀ ਹੈ। ਉਸ ਨੂੰ ਖੂਬ ਹੱਲਾ ਸ਼ੇਰੀ ਦਿਓ ਤੇ ਵਿਦਿਅਕ ਖੇਤਰ ਵਿਚ ਉਹ ਵਧ ਚੜ੍ਹ ਕੇ ਪੈੜਾਂ ਮਾਰੇ।

ਮੇਰਾ ਬਹੁਤ ਵੱਡਾ ਆਰ-ਪਰਿਵਾਰ ਹੈ। ਤਿੰਨ ਬੇਟੀਆਂ ਸ਼ਾਦੀਸੁਧਾ ਹਨ। 5 ਦੋਹਤਰੇ ਤੇ ਦੋ ਦੋਹਤਰੀਆਂ ਹਨ। ਵੱਡੀ ਬੇਟੀ ਸਰਕਾਰੀ ਟੀਚਰ ਹੈ ਤੇ ਦੋਹਤਰੀ ਈ. ਟੀ. ਟੀ. ਕਰ ਰਹੀ ਹੈ। ਦੋਵੇਂ ਬੰਦੇ ਸ਼ਾਦੀ ਸੁਧਾ ਹਨ। ਤਿੰਨ ਪੋਤਰੇ ਅਤੇ ਇਕ ਪੋਤਰੀ ਹੈ। ਵੱਡੇ ਬੇਟੇ ਦੀ ਆਪਣੀ ਫ਼ਰਮ ਹੈ Pawaz arts, 112 new colony ladhe wali ਹੈ। ਛੋਟੇ ਬੇਟੇ ਦੀ Motorcycle-mecanie ਦੀ ਦੁਕਾਨ ਸਹਿਦੇਵ ਮਾਰਕਿਅ ਜੜੰਧਾ ਵਿਚ ਹੈ। ਦੋਹਾਂ ਦਾ ਵਧੀਆ ਕਾਰੋਬਾਰ ਹੈ। ਘਰ ਵਿਚ ਨਵੀਂ ਮਾਰੂਤੀ ਕਾਰ ਹੈ। ਮੋਟਰ ਸਾਈਕਲ ਅਤੇ ਸਕੂਟਰ ਹਨ। ਵਧੀਆ ਜ਼ਿੰਦਗੀ ਹੈ। ਦੋਹਾਂ ਬੇਟਿਆਂ ਪਾਸ 7-8 ਆਰਟਿਸਟ ਅਤੇ 3-4 ਵਰਕਰ ਕੰਮ ਕਰਦੇ ਹਨ। ਮੈਨੂੰ 6000/- ਪੈਨਸ਼ਿਨ ਮਿਲ ਜਾਂਦੀ ਹੈ। ਕੁਲਵਿੰਦਰ ਕੌਰ ਮਹਾਰੂ, ਗੁਲਜ਼ਾਰ ਤਾਹਰਪੁਰੀ (ਗੁਰਦਾਸਪੁਰ) ਹਰਜੀਤ ਕੌਰ ਐਮ. ਏ. (ਫਿਰੋਜ਼ਪੁਰ) ਕੇ. ਕੇ. ਊਸ਼ਾ ਮੇਰੇ ਲੇਖਕ ਸ਼ਗਿਰਦ ਹਨ। ਕੇ. ਕੇ. ਊਸ਼ਾ ਜੋ ਕਿ ਪੇਸ਼ੇ ਵਲੋਂ ਨਰਸ ਹੈ। ਵਧੀਆ ਲਿਖਦੀ ਹੈ। ਉਸ ਦਾ ਸਿਰਨਾਵਾਂ ਤੇਜ ਰਿਹਾ ਹੈ। ਉਸ ਨੂੰ ਮੇਰਾ ਹਵਾਲਾ ਦੇ ਕੇ ਖ਼ਤ ਲਿਖਣਾ। ਵੇਖੋ ਕਿਵੇਂ ਤੁਹਾਨੂੰ ਪਿਆਰਾ ਪਿਆਰਾ ਤੇ ਖੁਸ਼ਨੁਮਾ ਪੱਤਰ ਲਿਖਦੀ ਹੈ। ਕੇ. ਕੇ. ਊਸ਼ਾ ਦਾ ਸਿਰਨਾਵਾਂ ਭੇਜ ਰਿਹਾ ਹਾਂ। ਉਹ ਮਿਲਦੀ ਹਸਪਤਾਲ ਵਿਚ ਸਰਵਿਸ ਕਰਦੀ ਹੈ।

ਇਹ ਗੀਤ ਦੇ ਕੁਝ ਬੋਲ :

ਪਿਆਰ ਮੇਰਾ ਇਕ ਖੁਸ਼ਬੂ ਹੈ।
ਜਾਪੇ ਮੈਨੂੰ ਮੇਰੀ ਰੂਹ ਹੈ।
ਇਸ ਲਈ ਰੂਹ ਨਾਲ ਇਕਮਿਕ ਹੋ ਜਾਣਾ।
ਮੈਂ ਇਕ ਦਿਨ ਪਾਗਲ ਹੋ ਜਾਣਾ।

ਸੂਰਤ ਤੇਰੀ ਦਿਲ ਵਿਚ ਵਸ ਗਈ
ਛੁਰੀ ਧੁਰ ਕਲੇਜੇ ਅੰਦਰ ਧਸ ਗਈ।
'ਪਰਵਾਜ਼' ਖ਼ੂਨ ਦਾ ਕਤਰਾ ਕਤਰਾ ਤੇਰਾ ਹੋ ਜਾਣਾ।
ਮੈਂ ਇਕ ਦਿਨ ਪਾਗਲ ਹੋ ਜਾਣਾ।

ਬਿਰਹਾ ਤੇਰੀ ਮੇਰੀ ਜਿੰਦ ਮੇਰੀ ਜਾਨ ਵੇ।
ਤੇਰੇ ਉੱਤੋਂ ਮੇਰਾ ਸਭ ਕੁਝ ਕੁਰਬਾਨ ਵੇ।
'ਪਰਵਾਜ਼' ਮੈਂ ਤਾਂ ਰੰਗ ਤੇਰੇ ਵਿਚ ਰੱਤੀਆਂ।
ਸੱਜਣ ਬਿਨ ਰੋਂਦੀਆਂ ਅੱਖੀਆਂ।

ਹਜਰਤਾਂ ਦਿਲ ਦੀਆਂ ਦਿਲ ਵਿਚ ਰਹਿ ਗਈਆਂ
ਮਜ਼ਬੂਰੀਆਂ ਦਿਲ ਦੀਆਂ ਸਭ ਕੁਝ ਕਹਿ ਗਈਆਂ।
'ਪਰਵਾਜ਼' ਖ਼ੂਨ ਤਮੰਨਾਵਾਂ ਦਾ ਵੀ ਕਰਕੇ ਦੇਖ ਲਿਆ।
ਐ! ਜ਼ਿੰਦਗੀ ਤੇਰਾ ਤਮਾਸ਼ਾ ਦੇਖ ਲਿਆ।

***- ਕੇ. ਕੇ. ਊਸ਼ਾ***
***ਹਾਊਸ ਨੰ : 46, ਪੁਰਾਣ ਰੋਡ, ਐਮ. ਐਚ. ਕਲੋਨੀ ਜਲੰਧਰ***

-o-

ਸਤਿਕਾਰਯੋਗ ਕੁਲਜੀਤ ਜੀ ਸਤਿ ਸ੍ਰੀ ਅਕਾਲ। ਉਮੀਦ ਕਰਦੀ ਹਾਂ ਕਿ ਪ੍ਰਮਾਤਮਾ ਦੀ ਮਿਹਰ ਸਦਕਾ ਠੀਕ ਹੋਵੋਗੇ। ਤੁਹਾਡਾ ਲਿਖਿਆ ਪੀ. ਸੀ. ਕਾਫ਼ੀ ਦੇਰ ਪਹਿਲਾਂ ਮਿਲ ਗਿਆ ਸੀ। ਪੜ੍ਹਕੇ ਖੁਸ਼ੀ ਹੋਈ ਕਿ ਇਸ ਨਿਮਾਣੀ ਨੂੰ ਤੁਸੀਂ ਯਾਦ ਕੀਤਾ। ਤੇ ਮੇਰੀਆਂ ਛਪੀਆਂ ਕਹਾਣੀਆਂ ਬਾਰੇ ਦੱਸਿਆ, ਪਰ ਜਨ-ਸਹਿਤ ਦਾ ਉਹ ਅੰਕ ਮੈਨੂੰ ਮਿਲਿਆ ਨਹੀਂ, ਮੈਂ ਜਨ-ਸਹਿਤ ਵਾਲੀਆ ਨੂੰ ਪੁੱਛਿਆ ਸੀ, ਉਨ੍ਹਾਂ ਕਿਹਾ ਕਿ ਉਹ ਅੰਕ ਤੇਜ ਚੁੱਕੇ ਨੇ। ਉਹ ਪਤਾ ਨੀ ਕਿਉਂ ਨਹੀਂ ਮੈਨੂੰ ਮਿਲਿਆ। ਪਲੇਅ ਜੇਕਰ ਹੋ ਸਕੇ ਤਾਂ ਕਿ ਤੁਸੀਂ ਉਹ ਅੰਕ ਭੇਜ ਸਕਦੇ ਹੋ। ਤੁਹਾਡੀਆਂ ਗ਼ਜ਼ਲਾਂ, ਕਹਾਣੀਆਂ ਮੈਂ ਅਕਸਰ ਹੀ ਅਖ਼ਬਾਰਾਂ ਵਿਚ ਪੜ੍ਹਦੀ ਰਹਿੰਦੀ ਹਾਂ। ਮੈਂ ਅਖ਼ਬਾਰਾਂ ਨੂੰ ਗ਼ਜ਼ਲਾਂ ਤੇ ਕਹਾਣੀਆਂ ਭੇਜਣਾ ਚਾਹੁੰਦੀ ਹਾਂ ਕਿ ਇਹ ਛਪਵਾਉਣ ਲਈ ਪੈਸੇ ਲੱਗਦੇ ਨੇ। ਇਸ ਬਾਰੇ ਜ਼ਰੂਰ ਦੱਸਣਾ। ਵੈਸੇ ਮੈਂ ਵੀ ਤੁਹਾਨੂੰ ਇੱਕ ਗ਼ਜ਼ਲ ਲਿਖਕੇ ਭੇਜ ਰਹੀ ਹਾਂ, ਜੇਕਰ ਹੋ ਸਕੇ ਕਿਸੇ ਵੀ ਅਖ਼ਬਾਰ ਨੂੰ ਭੇਜ ਦੇਣੀ, ਜੇਕਰ ਪੈਸੇ ਲੱਗਦੇ ਨੇ ਫਿਰ ਵੀ ਦੱਸ ਦੇਣਾ। ਬਾਕੀ ਤੁਸੀਂ ਬਹੁਤ ਵਧੀਆ ਲਿਖਦੇ ਹੋ। ਪ੍ਰਮਾਤਮਾ ਕਰੇ ਤੁਹਾਡੀ ਕਲਮ ਰਹਿੰਦੀ ਦੁਨੀਆਂ ਤੱਕ ਲਿਖਦੀ ਹੈ।

***ਤੁਹਾਡੀ ਆਪਣੀ***
***ਪਰਮਜੀਤ ਕੌਰ ਚੁੰਬਰ***
***ਵੀ. ਪੀ. ਓ. ਬਖਲੌਰ***
***ਜ਼ਿਲ੍ਹਾ : ਨਵਾਂ ਸ਼ਹਿਰ - 144422***

-o-

**9/8/2003**

ਸਤਿ ਸ੍ਰੀ ਅਕਾਲ।

ਗ਼ਜ਼ਲ ਜੀ ਉਮੀਦ ਹੈ ਕਿ ਤੁਸੀਂ ਠੀਕ ਠਾਕ ਹੋਵੋਗੇ। ਜਗ ਬਾਣੀ ਅਖ਼ਬਾਰ ਵਿਚ ਮੈਂ ਤੁਹਾਡੀ ਗ਼ਜ਼ਲ ਪੜ੍ਹੀ ਤਾਂ ਦਿਲ ਬਹੁਤ ਖੁਸ਼ ਹੋਇਆ ਕਿਉਂਕਿ ਇਕ ਬਹੁਤ ਲੰਮੇ ਅਰਸੇ ਬਾਅਦ ਮੈਂ ਤੁਹਾਡੀ ਗ਼ਜ਼ਲ ਪੜ੍ਹੀ ਹੈ। ਤੂੰ ਮੇਰੇ ਬਹੁਤ ਯਾਦ ਆਉਂਦੀ ਹੈ ਮੈਂ ਆਪਣੀ ਮੰਮੀ ਕੋਲੋਂ ਤੁਹਾਡੇ ਕੋਲ ਆਉਣ ਲਈ ਆਗਿਆ ਮੰਗੀ ਤਾਂ ਕਹਿਣ ਲੱਗੇ ਕੀ ਉਹ ਤਾਂ ਤੈਨੂੰ ਮਿਲਣ ਆਉਂਦੀ ਨਹੀਂ ਪਰ ਤੂੰ ਵੀ ਉਸ ਨੂੰ ਮਿਲਣ ਜਾ ਸਕਦੀ। ਪਹਿਲਾਂ ਉਸ ਨੂੰ ਤੂੰ ਆਪਣੇ ਘਰ ਆਉਣ ਦਾ ਨਿਉਤਾ ਦੇ ਜੇ ਉਹ ਆਉਂਦੀ ਹੈ ਮੈਂ ਤਾਂ ਡੇਰ ਮੰਨਾਂਗੀ ਤੁਹਾਡੀ ਦੋਸਤੀ ਨੂੰ ਮੰਨਾਂਗੀ ਕੁਲਜੀਤ ਪਲੀਜ ਤੂੰ ਜ਼ਰੂਰ ਆਉਣਾ ਨਹੀਂ ਤਾਂ ਮੈਂ ਨਾਰਾਜ਼ ਹੋ ਜਾਵਾਂਗੀ। ਹੁਣ ਮੈਂ ਇਜਾਜਤ ਚਾਹੁੰਦੀ ਹਾਂ। ਤੇ ਮੰਮੀ ਅਤੇ ਪਾਪ ਨੂੰ ਮੇਰਾ ਪਿਆਰ ਅਤੇ ਨਮਸਤੇ। ਤੁਸੀਂ ਖ਼ਤ ਦਾ ਜਵਾਬ ਜਲਦੀ ਦਿਉ ਤੁਹਾਡੀ ਪਿਆਰੀ ਫ੍ਰੈਂਡ ਪਿੰਕੀ।

***ਨਹਿਰੂ ਮਾਰਕੀਟ***

-o-

ਕੁਲਜੀਤ ਜੀ,
ਸਾਹਿਤਕ ਆਦਾਬ।

ਇਕ ਦੋ ਵਾਰ ਮੈਂ ਤੁਹਾਡੀ ਗ਼ਜ਼ਲ ਤੇ ਤੁਹਾਡਾ ਨਾਂ ਪੜ੍ਹਿਆ ਪਰ ਐਡਰੈਸ ਨਹੀਂ ਸੀ। ਫਿਰ ਕਿਤੇ ਗ਼ਜ਼ਲ ਹੇਠਾਂ ਪਿੰਡ ਦਾ ਪਤਾ ਸੀ ਮੈਂ ਨੋਟ ਕਰਕੇ ਚਿੱਠੀ ਵੀ ਲਿਖੀ ਪਰ ਕੋਈ ਉੱਤਰ ਨਹੀਂ ਦਿੱਤਾ ਹੁਣ ਮੇਰੀ ਤਾਜਾ ਪੁਸਤਕ ਵਿਚ ਵਿਹੜਿਆਂ ਦੀ ਰੌਣਕ (ਬਾਲ ਗੀਤ-ਸੰਗ੍ਰਹਿ) ਛਪੀ ਸੀ। ਉਸ ਦੀ ਕਾਪੀ ਆਪ ਨੂੰ ਭੇਜੀ ਸੀ ਪਰ ਪਹੁੰਚਣ ਬਾਰੇ ਨਹੀਂ ਲਿਖਿਆ। ਅਸੀਂ ਹਰ ਸਾਲ ਦੀ ਤਰ੍ਹਾਂ ਐਤਕਾਂ ਵੀ ਸਕੂਲ ਵਿਚ 25-12-2006 ਦਿਨ ਸੋਮਵਾਰ ਨੂੰ ਪ੍ਰੋਗਰਾਮ ਵਿਚ ਬਲਜਿੰਦਰ ਮਾਨ ਸੰਪਾਦਕ ਕਰੂੰਬਲਾਂ ਦਾ ਸਨਮਾਨ ਕੀਤਾ ਸੀ ਤੇ ਵਿਹੜਿਆਂ ਦੀ ਰੌਣਕ ਰਲੀਜ਼ ਕੀਤੀ ਸੀ। ਤੁਸੀਂ ਕਦ ਚਿੱਠੀ ਪੱਤਰ ਨਹੀਂ ਕੀਤਾ ਇਸ ਕਰਕੇ ਕਾਰਡ ਨਹੀਂ ਭੇਜਿਆ। ਕਪੂਰਥਲੇ ਪ੍ਰੋਗਰਾਮ ਦਾ ਕਾਰਡ ਆਇਆ ਸੀ ਤੁਹਾਡਾ ਵਿਚ ਨਾਂ ਪੜ੍ਹਕੇ ਖੁਸ਼ੀ ਹੋਈ ਸੀ। ਉੱਤਰ ਦੀ ਉਡੀਕ ਵਿਚ ਪੈਦਲ ਧਿਆਨ ਪ੍ਰਤੀ ਐਡਰੈਸ ਬਾਰੇ ਚਾਨਣਾ ਪਾਓ। ਕਦੇ ਸਕੂਲ ਆਓ ਤਾਂ ਧੰਨ-ਭਾਗ ਸਮਝਾਂਗਾ।

-o-

ਆਦਰਯੋਗ ਦੀਦੀ ਜੀ,
ਸਤਿ ਸ੍ਰੀ ਅਕਾਲ।

ਰਚਨਾਕਾਰ ਅਤੇ ਦਰਸ਼ਕ ਇਨ੍ਹਾਂ 'ਚ ਹਮੇਸ਼ਾ ਹੀ ਫ਼ਰਕ ਰਿਹਾ ਹੈ। ਸਾਰੇ ਇਕੋ

ਜਿਹੇ ਨਹੀਂ ਹੁੰਦੇ। ਪਰ ਰਚਨਾਕਾਰ ਸਿਰਫ਼ 20% ਹੀ ਹੁੰਦੇ ਹਨ। ਜੋ ਰਚਨਾ ਕਰਨ ਦੀ ਆਸ ਰੱਖਦਾ ਹੈ। ਉਹ ਕਦੇ ਵੀ ਦਰਸ਼ਕ ਬਣਨਾ ਪਸੰਦ ਨਹੀਂ ਕਰਦਾ ਹੈ। ਜਿਵੇਂ ਕਿ ਆਪ ਹੋ। ਹਿਸਟਰੀ ਲਿਖਣ ਵਾਲੇ ਉਂਝ ਵੀ ਥੌੜੇ ਹੀ ਹੁੰਦੇ ਨੇ। ਪੜ੍ਹਨ ਵਾਲੇ ਬਹੁਤ ਹੁੰਦੇ ਹਨ। ਪਰ ਹਿਸਟਰੀ ਲਿਖਣ ਵਾਲੇ, ਹਿਸਟਰੀ ਪੜ੍ਹਨਾ ਪਸੰਦ ਨਹੀਂ ਕਰਦੇ ਹਨ ਕਿਉਂਕਿ ਉਹ ਭੂਤਕਾਲ ਦੇ ਬਾਰੇ ਨਹੀਂ। ਸਗੋਂ ਭਵਿੱਖ ਬਾਰੇ ਹੀ ਸੋਚਦੇ ਹਨ। ਭਵਿੱਖ ਬਾਰੇ ਸੋਚਣਾ ਹੀ ਅਗਾਂਹਵਧੂ ਲੋਕਾਂ ਦੀ ਨਿਸ਼ਾਨੀ ਹੈ। ਆਪ ਨੂੰ ਤਾਂ ਇਹ ਸਭ ਪਤਾ ਹੀ ਹੋਵੇਗਾ। ਪਰ ਫਿਰ ਵੀ ਖਤ ਲਿਖਣ ਨੂੰ ਮਨ ਕਰਿਆ ਤਾਂ ਵਿਚ ਕੁਝ ਤਾਂ ਲਿਖਣਾ ਹੀ ਸੀ। ਜੇ ਕੋਈ ਵੱਧ-ਘੱਟ ਸ਼ਬਦ ਲਿਖਿਆ ਗਿਆ ਹੋਵੇ ਤਾਂ ਸੌਰੀ।

***ਪਰਮਜੀਤ ਕੌਰ # ਬੀ 10-1/3452***
***ਨੇੜੇ ਬਰੌਟਾ, ਖੁੱਡੀ ਰੋਡ, ਬਰਨਾਲਾ-148101***
***ਜ਼ਿਲ੍ਹਾ ਸੰਗਰੂਰ***

-o-

॥੧ੳ ਸਤਿਗੁਰ ਪ੍ਰਸਾਦਿ॥

ਕੁਲਜੀਤ ਜੀ, ਸਭ ਤੋਂ ਪਹਿਲਾਂ ਆਪ ਨੂੰ ਤੇ ਆਪਦੇ ਸਾਰੇ ਹੀ ਪਰਿਵਾਰ ਨੂੰ ਮੇਰੇ ਵਲੋਂ ਫੁੱਲਾਂ ਨਾਲੋਂ ਸੋਹਣੀ, ਕਲੀਆਂ ਨਾਲੋਂ ਕੋਮਲ ਅਤੇ ਸ਼ਹਿਦ ਨਾਲੋਂ ਕਿਤੇ ਜ਼ਿਆਦਾ ਮਿੱਠੀ ਪਿਆਰ ਭਰੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ!

ਕੁਲਜੀਤ ਜੀ ਸਮਝ ਨਹੀਂ ਆਉਂਦੀ ਕਿ ਚਿੱਠੀ ਕਿਵੇਂ ਅਤੇ ਕਿੱਥੋਂ ਸ਼ੁਰੂ ਕਰਾਂ! ਅਖੀਰ ਵਿਚ ਇਕ ਬੇਜ਼ਬਾਨ ਪਿੰਨ ਤੇ ਕਾਗਜ਼ ਦਾ ਸਹਾਰਾ ਲੈ ਕੇ ਇਸ ਹੱਦ ਤੋਂ ਪੱਤਰ ਸ਼ੁਰੂ ਕਰ ਰਿਹਾ ਹਾਂ! ਜੋ ਤੁਸੀਂ ਗਜ਼ਲਾਂ ਲਿਖੀਆਂ ਹਨ, ਉਹ ਬਿਲਕੁਲ ਮੇਰੀ ਜ਼ਿੰਦਗੀ ਨਾਲ ਮਿਲਦੀਆਂ ਜੁਲਦੀਆਂ ਹਨ। ਜਿਵੇਂ ਕਿ ਤੁਸੀਂ ਗਜ਼ਲ ਦੀ ਇਕ ਤੁਕ ਵਿਚ ਜ਼ਿਕਰ ਕੀਤਾ ਹੈ:-

"ਇਹ ਵਿਛੋੜਾ ਪੀ ਗਿਆ ਕੁਲਜੀਤ ਜ਼ੋਬਨ ਘੋਲ ਕੇ"
ਨੈਣੋਂ ਖਾਰੇ ਨੀਰ ਦੇ ਵਗਦੇ ਹੜ੍ਹਾਂ ਦਾ ਮੈਂ ਕੀ ਕਰਾਂ।

ਕੁਲਜੀਤ ਜੀ ਇਸ ਤਰ੍ਹਾਂ ਦਾ ਵਿਛੋੜਾ ਮੇਰੀ ਵੀ ਜ਼ਿੰਦਗੀ ਵਿਚ ਆਇਆ ਸੀ। ਜਿਸਨੂੰ ਮੈਂ ਅੱਜ ਵੀ ਆਪਣੀਆਂ ਪਲਕਾਂ ਦੇ ਸਾਹਮਣੇ ਆਪ ਦੀ ਜ਼ਿੰਦਗੀ ਦੇ ਉਸ ਸੁਫ਼ਨੇ ਨੂੰ ਪੱਤਝੜ ਦੇ ਉਸ ਪੱਤੇ ਵਾਂਗ ਟੁੱਟਦਾ ਵੇਖਦਾ ਹਾਂ ਤੇ ਦੇਖਦੇ ਦੇਖਦੇ ਹੀ ਮੇਰੀਆਂ ਅੱਖੀਆਂ ਵਿਚੋਂ ਕੋਸੇ ਪਾਣੀ ਦਾ ਹੜ੍ਹ ਵੱਗ ਪੈਂਦਾ ਹੈ ਅਤੇ ਮਜ਼ਬੂਰ ਦਿਲ 'ਚੋਂ ਇਹੀ ਆਵਾਜ਼ ਆਉਂਦੀ ਹੈ:-

"ਮੌਤ ਨੇ ਟਲਣਾ ਨਹੀਂ ਕੁਲਜੀਤ ਆਵੇਗੀ ਜ਼ਰੂਰ
ਕੀ ਮੈਂ ਪਛਤਾ ਕੇ ਕਰਾਂ, ਗੁਜ਼ਰੇ ਪਲਾਂ ਦਾ ਕੀ ਕਰਾਂ।
ਹਾਂ ਕੁਲਜੀਤ ਜੀ ਜਿਵੇਂ ਕਿ ਤੁਸੀਂ ਜ਼ਿਕਰ ਕੀਤਾ ਹੈ :-
"ਵਰਜਿਆ ਸੀ ਇਸ਼ਕ ਤੋਂ ਇਸ ਦਿਲਜਲੀ ਕੁਲਜੀਤ ਨੂੰ,
ਛੱਡ ਗਿਆ ਦੀ ਯਾਦ ਵਿਚ ਹੰਝੂ ਵਹਾਉਂਦੀ ਵੇਖ ਲੈ।"

ਇਸ ਤਰ੍ਹਾਂ ਕੁਲਜੀਤ ਜੀ, ਅਸੀਂ ਵੀ ਆਪਣੇ ਆਪ ਨੂੰ ਇਸ਼ਕ ਤੋਂ ਬਹੁਤ ਹੀ ਵਰਜਿਆ ਪਰ ਅੱਜ ਜ਼ਿੰਦਗੀ ਤੋਂ ਵਾਂਝੇ ਹੋ ਕੇ ਤੁਹਾਡੀਆਂ ਗਜ਼ਲਾਂ ਨਾਲ ਇਸ ਤਰ੍ਹਾਂ ਜੁੜ ਗਏ ਜਿਸ ਤਰ੍ਹਾਂ ਟੁੱਟੀ ਗਾਨੀ ਦਾ ਮੋਤੀ ਗਾਨੀ ਵਿਚ ਹੀ ਜੁੜਦਾ ਹੈ। ਕਾਸ! ਅਸੀਂ ਵੀ ਕਿਸੇ ਗਾਨੀ ਵਿਚ ਜੁੜਨ ਦੀ ਆਸ ਤਾਂ ਰੱਖਦੇ। ਕੁਲਜੀਤ ਜੀ ਤੁਸੀਂ ਪੱਤਰ ਪੜ੍ਹਦੇ ਜ਼ਰੂਰ ਸੋਚਦੇ ਹੋਵੋਗੇ ਕਿ ਇਹ ਪੱਤਰ ਲਿਖਣ ਵਾਲਾ ਕੌਣ ਹੈ! ਕੀ ਕੰਮਕਾਰ ਕਰਦਾ ਹੈ ਤੇ ਕਿੱਥੇ ਰਹਿੰਦਾ ਹਾਂ। ਚਲੋ ਕੁਲਜੀਤ ਜੀ ਤੁਹਾਨੂੰ ਆਪਣੇ ਬਾਰੇ ਦੱਸਦਾ ਹਾਂ!

ਮੈਂ ਇਕ Army ਦਾ Soldier ਹਾਂ। ਮੈਂ J.B.K. ਵਿਚ ਸਰਵਿਸ ਕਰਦਾ ਹਾਂ! ਸਾਡਾ ਕੰਮ ਦੁਸ਼ਮਣ ਤੇ ਨਜ਼ਰ ਰੱਖਣੀ ਹੈ ਜੋ ਸਾਡੇ ਸਵਰਗ ਵਰਗੇ ਕਸ਼ਮੀਰ ਨੂੰ ਨਰਕ ਬਣਾ ਰਹੇ ਹਨ। ਅੱਜ ਮੈਂ ਸਵੇਰ ਤੋਂ ਹੀ ਆਪਣੇ ਗੁਜ਼ਰੇ ਬਚਪਨ ਦੀਆਂ ਯਾਦਾਂ ਵਿਚ ਖੋਇਆ ਬੈਠਾ ਸੀ। ਮੈਂ ਬਹੁਤ ਉਦਾਸ ਵੀ ਸੀ। ਸ਼ਾਇਦ ਇਹ ਉਦਾਸ ਦਿਨ ਮੇਰੀ ਜ਼ਿੰਦਗੀ ਦਾ ਪਹਿਲਾਂ ਦਿਨ ਸੀ। ਇਸ ਤੋਂ ਪਹਿਲਾਂ ਮੈਂ ਕਦੇ ਨਾ ਐਨਾ ਉਦਾਸ ਹੋਇਆ ਸੀ ਤੇ ਨਾ ਹੀ ਬੇਚੈਨ! ਇਸ ਉਦਾਸੀਪਨ ਦਾ ਤੇ ਬੇਚੈਨੀ ਦਾ ਕੋਈ ਰਾਜ ਸੀ। ਜੋ ਤੁਹਾਡੇ ਨਾਲ ਇਕ ਕਾਗਜ਼ ਦੇ ਟੁੱਕੜੇ ਰਾਹੀਂ ਮੁਲਾਕਾਤ ਕਰ ਰਿਹਾ ਹਾਂ। ਇਕ ਵੀਰ, ਮੇਰੀ ਜ਼ਿੰਦਗੀ ਦਾ ਹਿੱਸਾ, ਜਾਨ ਨਾਲੋਂ ਪਿਆਰਾ ਵੀਰ, ਮੇਰਾ ਦੋਸਤ, ਤੇ Young Soldier ਕਮਲ ਸਿੰਘ ਜਿਸ ਨੇ ਮੈਨੂੰ ਤੁਹਾਡੀਆਂ ਲਿਖੀਆਂ ਹੋਈਆਂ ਗਜ਼ਲਾਂ ਵਾਲਾ News Paper ਦਿੱਤਾ ਤੇ ਇਹ ਕਹਿੰਦਾ ਕਿ “Safri” ਜ਼ਿੰਦਗੀ ਇਕ ਜਲਦੇ ਦੀਵੇ ਦੀ ਤਰ੍ਹਾਂ ਹੈ। ਜਿਸ ਨੂੰ ਰੌਸ਼ਨੀ ਦੇਣ ਲੀ ਕੀ ਤੂਫਾਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੇਰਾ ਵੀਰ ਇੰਨਾ ਕਹਿ ਕੇ ਚਲਾ ਗਿਆ। ਮੈਂ Paper ਪੜ੍ਹਦਾ ਹੋਇਆ ਅਚਾਨਕ ਨਜ਼ਰ ਤੁਹਾਡੀਆਂ ਗ਼ਜ਼ਲਾਂ ਵੱਲ ਗਈ। ਕੁਲਜੀਤ ਗਜ਼ਲਾਂ ਪੜ੍ਹਦੇ ਨੂੰ ਇੰਝ ਲੱਗਿਆ ਕਿ ਜਿਵੇਂ ਮੈਂ ਗ਼ਜ਼ਲਾਂ ਨਹੀਂ ਪੜ੍ਹ ਰਿਹਾ, ਬਲਕਿ ਕਿਸੇ ਆਪਦੇ ਨਾਲ ਦੁੱਖ ਸਾਂਝਾ ਕਰ ਰਿਹਾ ਹੋਵਾਂ। ਕੁਲਜੀਤ ਜੀ ਇਹ Letter ਲਿਖ ਕੇ ਦਿਲ ਹੌਲਾ ਹੋ ਗਿਆ। ਮੇਰੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਵਾਹਿਗੁਰੂ ਤੁਹਾਡੀ ਕਲਮ ਨੂੰ ਹਮੇਸ਼ਾ ਹਮੇਸ਼ਾ ਲਈ ਤਰੱਕੀ ਦੇ ਰਾਸਤੇ ਤੇ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਬਖ਼ਸ਼ੇ। ਹਾਂ! ਕੁਲਜੀਤ ਜੀ, ਜਿਵੇਂ

ਉਸੇ ਤਰ੍ਹਾਂ ਅਸੀਂ ਵੀ ਤੁਹਾਡੀਆਂ ਗਜ਼ਲਾਂ ਨੂੰ ਹਰ ਦਿਨ ਤੇ ਹਰ News Paper ਤੇ ਲੱਭਦੇ ਰਹਿੰਦੇ ਹਾਂ। ਕੁਲਜੀਤ ਜੀ ਦੋ ਲਾਈਨਾਂ ਮੈਂ ਵੀ ਇਜ਼ਹਾਰ ਕਰ ਰਿਹਾ ਹਾਂ:–

ਹਮਦਰਦੀਓ ਕੋ ਭੀਖ ਸੀ ਦੇਨੇ ਲਗੇ ਹੈ ਲੋਗ,
ਯੂੰ ਆਪਣੇ ਦਿਲ ਕਾ ਹਾਲ ਨਾ ਸਭ ਕੋ ਕਹਾ ਕਰੋ।

ਕੁਲਜੀਤ ਜੀ ਦਿਲ ਤਾਂ ਨਹੀਂ ਕਰਦਾ ਸੀ ਕਿ ਤੁਹਾਨੂੰ Letter ਲਿਖਾ ਪਰ ਮੈਂ ਲਿਖਣ ਲਈ ਮਜ਼ਬੂਰ ਹੋ ਗਿਆ। ਕੁਲਜੀਤ ਦਿਲ ਤਾਂ ਬਹੁਤ ਕਰਦਾ ਸੀ ਕਿ ਮੈਂ ਜ਼ਿੰਦਗੀ ਦਾ ਹਰ ਦੁੱਖ-ਦਰਦ ਤੁਹਾਨੂੰ ਦੱਸ ਦੇਵਾਂ! ਜਿਸਨੂੰ ਤੁਸੀਂ ਬਿਆਨ ਕਰ ਦੇਵੋ। ਪਰ ਕਾਗਜ਼ ਅਤੇ ਟਾਈਮ ਇਜ਼ਾਜਤ ਨਹੀਂ ਦਿੰਦੇ। ਸੋ Letter ਬੰਦ ਕਰਦਾ ਹਾਂ। ਕੋਈ ਵੀ ਗਲਤੀ ਹੋ ਗਈ ਹੋਵੇ ਤਾਂ ਮੁਆਫ਼ ਕਰਨਾ। ਖ਼ਤ ਜ਼ਰੂਰ ਲਿਖਣਾ। ਐਡਰੈਸ ਵਿਚ ਹੈ। ਆਪ ਦੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ। ਖ਼ਤ ਦੀ ਉਡੀਕ ਕਰਾਂਗਾ। ਉਡੀਕ

ਵਿਚ ਤੁਹਾਡਾ ਸ਼ੁਭ ਚਿੰਤਕ,

***P.S. "Safri" (Vally Kash mir)***

-0-

ਪਿਆਰੀ ਕੁਲਜੀਤ
ਸਤਿ ਸ੍ਰੀ ਅਕਾਲ।

ਤੁਹਾਡੀ ਗਜ਼ਲ 'ਅਜੀਤ' ਦੇ 19 ਮਈ ਦੇ ਅੰਕ 'ਚ ਪੜ੍ਹੀ। ਬਹੁਤ ਖੁਸ਼ੀ ਹੋਈ ਤੇ ਢੇਰ ਸਾਰਾ ਮਾਣ ਵੀ ਮਹਿਸੂਸ ਹੋਇਆ ਤੁਹਾਡੀ ਲੇਖਣੀ ਤੇ'। ਤੁਸਾਂ ਬਹੁਤ ਹੀ ਸੋਹਣੇ ਖ਼ਿਆਲ, ਬਹੁਤ ਹੀ ਸੋਹਣੇ ਅਲਫ਼ਾਜਾਂ 'ਚ ਪਿਰੋ ਕੇ ਪੇਸ਼ ਕੀਤੇ ਨੇ। ਤੁਸਾਂ ਬਹੁਤ ਖ਼ੂਬ ਲਿਖਿਆ ਹੈ-

"ਜੀਵਨ ਤਾਂ ਇਕ ਸਾਗਰ ਹੈ,
ਕੁਝ ਡੁੱਬਦੇ, ਕੁਝ ਤਰਦੇ ਲੋਕ"

ਪਰਮਾਤਮਾ ਕਰੇ ਜ਼ਿੰਦਗੀ 'ਚ ਹਰ ਕਦਮ ਤੇ ਤੁਸਾਂ ਨੂੰ ਸਫ਼ਲਤਾ ਦਾ ਸੁਖ ਦੇਖਣਾ ਨਸੀਬ ਹੋਵੇ।

***ਸ਼ੁਭਕਾਮਨਾਵਾਂ ਸਹਿਤ***
***ਪਰਮਜੀਤ ਸਿੰਘ, ਲੈਕਚਰਾਰ***
***410, ਚੰਦਰ ਨਗਰ, ਬਟਾਲਾ***

-0-

**28/2/2001**

ਕੁਲਜੀਤ ਜੀ,
ਸਾਹਿਤਕ ਆਦਾਬ!

ਨਾ ਆਪਦਾ ਕੋਈ ਚਿੱਠੀ ਪੱਤਰ ਅਤੇ ਨਾ ਹੀ ਤੁਸੀਂ ਆਪ ਆਏ। ਕੀ ਕਾਰਨ ਹੈ? ਕਿਰਪਾ ਕਰਕੇ ਕਿਸੇ ਦਿਨ ਜ਼ਰੂਰ ਆਓ। ਨਾਲ ਹੀ ਆਪਣਾ ਪੱਕਾ ਪਤਾ ਲਿਖੋ। ਬਾਕੀ ਮਿਲਣ ਤੇ।

***ਪੈਦਲ ਧਿਆਨਪੁਰੀ***

Miss Kuljit,

अब से पहिले में आपको जानता भी नहीं था। लेकिन पंजाबी अखबार जगबानी में आपको दो गजलें पढ़ी-बहुत अच्छी लगी आपकी गजलें पढ़कर हमें ये महसूस हुआ कि आप काफी अच्छी राइटर है आपके लिखने में एक काशिश एक अदाण है। जिसे कि एक आम आदमी मैहसूस नहीं कर सकता है।

और वैसे भी जब कोई इंसान अपनी किसी किसी बात की तारीफ

दूसरों को सुनाता है तो दिल को बड़ी तसल्ली और सूकून मिलता है।

आपकी गजले पढ़ने के बाद कुछ दिनों तक तों सोचता रहा कि आपको एक खत लिखकर बताऊं के आप काफी अच्छी राइटर है। वैसे तो मैं भी एक राइटर हूं और सोचता हूं कि पता नहीं आपकों हमारी लिखी हुई गजलें या चन्द बातें पसन्द भी आयेंगी या नहीं? लेकिन फिर भी मैं आपकों अपनी एक दो गजलें भेज रहा हूं अगर आपको अच्छी लगे तो हमें खत द्वारा सूचीत की जीयेगा।

धन्यवाद

**परमजीत सिंह पम्मी**
**पम्मी आटो सर्विस**
**खोथडा चौक**
**नजदीक बसरा पैलेस**
**बंगा रोड़ फगवाड़ा (पंजाब)**

-0-

ਸਤਿਕਾਰਤ ਕੁਲਜੀਤ,
ਯਾਦਾਂ-

ਕਾਫੀ ਅਰਸੇ ਬਾਅਦ ਖ਼ਤ ਲਿਖ ਰਿਹਾ ਹਾਂ। ਮੈਨੂੰ 'ਰੂਪਾਂਤਰ' ਦਾ ਅੰਕ ਅਪ੍ਰੈਲ-ਜੂਨ ਅਤੇ ਜੁਲਾਈ ਸਤੰਬਰ ਚਾਹੀਦਾ ਸੀ। ਆਪ ਕੋਲ ਇਹ ਅੰਕ ਹੋਣੇ ਨੇ। ਕ੍ਰਿਪਾ ਕਰਕੇ ਇਹ ਦੋਵੇਂ ਅੰਕਾਂ ਨੂੰ ਮੇਰੇ ਅਡਰੈਸ ਤੇ ਭੇਜਣਾ ਜੇਕਰ ਤੁਹਾਡੇ ਕੋਲ ਹਨ ਤਾਂ। ਉਂਝ ਮੈਂ ਇਕ ਚਿੱਠੀ ਸ਼ਾਹ ਸਿਕੰਦਬ ਹੁਰਾਂ ਨੂੰ ਵੀ ਲਿਖੀ ਹੈ ਕਿ ਉਹ ਦੋਵੇਂ ਅੰਕ ਭੇਜ ਦੇਵੇ। ਬਾਕੀ ਕਵਿਤਾ ਬਾਰੇ ਲਿਖਣਾ ਕਿਸ ਤਰ੍ਹਾਂ ਚੱਲ ਰਹੀ ਹੈ। ਸਭ ਠੀਕ ਠਾਕ ਹੈ।

***ਪੰਮਦੀਪ***
***ਜ਼ਿਲ੍ਹਾ ਹੁਸ਼ਿਆਰਪੁਰ - 146116***

ਭੇਦਭਰੀ ਨਾਮ ਦੀ ਮਾਲਕ ਸ਼ਖ਼ਸੀਅਤ
ਸਤਿ ਸ੍ਰੀ ਅਕਾਲ।

ਖ਼ਤ ਰਾਹੀਂ ਲਿਖਤ ਤੇ ਲਿਖਣ ਵਾਲੇ ਨੂੰ ਉਤਸ਼ਾਹਿਤ ਕਰਨ ਲਈ ਸ਼ੁਕਰੀਆ। ਪੰਜਾਬੀ ਟ੍ਰਿਬਿਊਨ ਲਈ ਲਗਾਤਾਰ ਲਿਖ ਰਿਹਾ ਹਾਂ। ਦੇਸ ਸ਼ੇਵਕ ਵਿਚ ਪਹਿਲੀ ਰਚਨਾ ਸੀ। ਈ. ਟੀ. ਟੀ. ਅਧਿਆਪਕ ਦੇ ਤੌਰ 'ਤੇ ਵਫ਼ਾਦਾਰੀ ਨਾਲ ਸੇਵਾ ਨਿਭਾ ਰਿਹਾ ਹਾਂ। ਬੀ. ਐਡ. (ਸੀ. ਸੀ.) ਰਾਹੀਂ ਪੰਜਾਬੀ ਯੂਨੀਵਰਸਿਟੀ ਤੋਂ ਕਰ ਰਿਹਾ ਹਾਂ। ਬੀ. ਏ. (ਮੈਥ+ਇਕਨਾਮਿਕਸ) ਐਮ. ਏ. (ਇੰਗਲਿਸ਼) ਹਾਂ। ਸਥਾਪਿਤ ਲੇਖਕਾਂ ਦੀ ਕਤਾਰ ਵੱਲ ਵਧਣ ਲਈ ਤੱਤਪਰ ਹਾਂ। ਕਾਫ਼ੀ ਹੱਦ ਤੱਕ ਸਫ਼ਲਤਾ ਮਿਲੀ ਹੈ। 50 ਦੇ ਕਰੀਬ

ਰਚਨਾਵਾਂ ਲਿਖ ਚੁੱਕਾ ਹਾਂ। ਉਤਸ਼ਾਹ ਲਈ ਬਹੁਤ ਬਹੁਤ ਸ਼ੁਕਰੀਆ। ਸ਼ਖ਼ਸ਼ੀਅਤ ਬਾਰੇ ਹੋਰ ਜਾਨਣ ਦੀ ਇੱਛਾ ਵਿਚ।

*ਪਿਆਰਾ ਸਿੰਘ*
*ਪਿੰਡ ਤੇ ਡਾਕ - ਗੁਰਨੇ ਕਲਾਂ*
*ਤਹਿ - ਬੁਢਲਾਡਾ, ਜ਼ਿਲ੍ਹਾ ਮਾਨਸਾ - 151502*
*ਫੋਨ ਨੰ: 01652-83398*

–0–

26/9/02

ਸਤਿਕਾਰਯੋਗ ਦੀਦੀ ਜੀ,
ਚੰਗੀ ਸਵੇਰ,

ਆਪ ਜੀ ਦਾ ਪਿਆਰਾ ਜਵਾਬੀ ਖ਼ਤ ਮਿਲ ਗਿਆ ਸੀ। ਮੇਰਾ ਜਨਮ ਦਿਨ 24 ਸਤੰਬਰ 1982 ਹੈ। ਮੈਂ ਆਪ ਤੋਂ ਤਿੰਨ ਸਾਲ ਛੋਟੀ ਹਾਂ। ਮੇਰੇ ਪਰਿਵਾਰ ਵਿਚ ਮੰਮੀ–ਡੈਡੀ ਤੋਂ ਇਲਾਵਾ ਮੇਰੇ ਦੋ ਭਰਾ ਹਨ। ਇਕ ਮੇਰੇ ਤੋਂ ਵੱਡਾ ਹੈ ਅਤੇ ਇਕ ਛੋਟਾ ਹੈ। ਮੈਂ ਸਾਹਿਤ ਦੇ ਖੇਤਰ ਵਿਚ ਉਸ ਸਮੇਂ ਪ੍ਰਵੇਸ਼ ਕੀਤਾ ਸੀ ਜਦੋਂ ਮੈਂ ਦਸਵੀਂ ਵਿਚ (1996 ਵਿਚ) ਪੜ੍ਹਦੀ ਸੀ। ਛਪਵਾਉਣ ਦਾ ਸਿਲਸਿਲਾ ਜੂਨ 2001 (ਪੰਜਾਬੀ ਟ੍ਰਿਬਿਊਨ) ਤੋਂ ਸ਼ੁਰੂ ਕੀਤਾ ਸੀ। ਮੇਰਾ ਆਪਣਾ ਮੁੱਖ ਵਿਸ਼ਾ ਨਾਰੀ ਹੈ। ਇਸ ਤੋਂ ਵੀ ਵਧ ਕੇ ਇਹ ਹੈ ਕਿ ਨਾਰੀ ਹੀ ਨਾਰੀ ਦੀ ਦੁਸ਼ਮਣ ਹੈ। ਮੇਰਾ final aim, internation level ਦੀ ਲੇਖਿਕਾ ਹੋ ਨਿਬੜਣਾ ਹੈ। ਸੋ ਅਖਬਾਰਾਂ ਵਿਚ ਛਪਵਾਉਣ ਦਾ ਕਦੇ ਵੀ ਬਹੁਤਾ interest ਤਾਂ ਰਿਹਾ ਹੀ ਨਹੀਂ। ਪੈਨਸਲ ਨੂੰ ਵੱਧ ਤੋਂ ਵੱਧ ਘਸਾਉਣਾ ਹੈ। ਹੁਣ ਯਾਦ ਨਹੀਂ ਕਿਹੜੀ ਕਿਤਾਬ 'ਚ ਪੜ੍ਹਿਆ ਸੀ ਕਿ ਕਿਸੇ ਲੇਖਕ ਦੀ ਕਾਮਯਾਬੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਸ ਨੇ ਬੁੱਕ ਕਿੰਨੇ ਵਾਰੀ ਦੁਆਰਾ–ਦੁਆਰਾ ਸੁਧਾਰ ਕੇ ਲਿਖੀ ਹੈ। ਸਵੇਟ ਮਾਰਡਨ ਨੂੰ ਜ਼ਿਆਦਾ ਪੜ੍ਹਦੀ ਹਾਂ। ਸ਼ਾਇਦ ਉਨ੍ਹਾਂ ਦੀ ਹੀ ਕਿਸੇ ਕਿਤਾਬ 'ਚ ਹੋਵੇਗਾ। ਆਪ ਬਾਰੇ ਵੱਧ ਤੋਂ ਵੱਧ ਜਾਨਣ ਦੀ ਚਾਹਵਾਨ ਹਾਂ।

***ਪੀ. ਕੇ. ਰੈਪੀ (ਬਰਨਾਲਾ)***

–0–

ਸਤਿਕਾਰਯੋਗ,
ਕੁਲਜੀਤ ਕੌਰ ਗਜ਼ਲ।

ਸਭ ਤੋਂ ਪਹਿਲਾਂ ਤੁਹਾਡਾ ਕਾਵਿ ਸੰਗ੍ਰਹਿ 'ਤ੍ਰੇਲ ਜਿਹੇ ਮੋਤੀ' ਛਪਣ ਤੇ ਵਧਾਈ ਭੇਜਦਾ ਹਾਂ। ਕਾਵਿ ਸੰਗ੍ਰਹਿ ਪੜ੍ਹਨ ਨੂੰ ਦਿਲ ਕਰਦਾ ਸੀ। ਸੁਨਾਮ ਸੰਗਰੂਰ ਪਤਾ ਕਰ ਆਇਆ ਹਾਂ ਨਹੀਂ ਮਿਲਿਆ। ਜੇ ਹੋ ਸਕੇ ਤਾਂ ਭੇਜਣ ਦੀ ਖੇਚਲ ਕਰਨਾ। ਨਾ ਹੋ ਸਕੇ ਤਾਂ ਪੁਸਤਕ ਪ੍ਰਾਪਤ ਕਰਨ ਦਾ ਸ੍ਰੋਤ ਦੱਸ ਦੇਣਾ। ਬੜਾ ਧੰਨਵਾਦੀ ਹੋਵਾਂਗਾ। ਤੁਹਾਡੀ ਕਲਮ ਲਈ ਲੱਖਾਂ ਦੁਆਵਾਂ ਨਾਲ।

ਧੰਨਵਾਦ ਸਾਹਿਤ

*ਪਰਗਟ ਸਿੰਘ ਸਤੌਜ*
*ਪਿੰਡ : ਸੰਤੋਜ, ਡਾਕ : ਧਰਮਗੜ੍ਹ*
*ਜ਼ਿਲ੍ਹਾ : ਸੰਗਰੂਰ - 148028*
*ਮੋਬਾਇਲ 94172-41787*

–0–

ਕੁਲਜੀਤ ਜੀ,

ਆਪ ਜੀ ਨੂੰ ਬੜੇ ਮੋਹ ਅਤੇ ਸਤਿਕਾਰ ਨਾਲ ਮੈਗਜ਼ੀਨ "ਮਿਊਜ਼ਿਕ ਪਾਵਰ" ਨਾਲ ਜੁੜਨ ਦੀ ਬੇਨਤੀ ਹੈ।

ਪੰਜਾਬੀ ਮਾਂ–ਬੋਲੀ ਦੇ ਸੂਝਵਾਨ ਲੇਖਕਾਂ, ਸ਼ਾਇਰਾਂ ਕਵੀਆਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪੰਜਾਬ ਦੇ ਅਮੀਰ ਅਨਮੋਲ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਨੂੰ ਵਿਗਾੜਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਅਤੇ ਪੰਜਾਬੀਅਤ ਨੂੰ ਉਚਾ ਚੁੱਕਣ ਲਈ ਤੁਹਾਡੇ ਵਰਗੇ ਸੂਝਵਾਨ ਕਲਮ ਪ੍ਰੇਮੀਆਂ ਦੀ ਅਜੋਕੇ ਸਮੇਂ ਨੂੰ ਬਹੁਤ ਲੋੜ ਹੈ। ਤੁਹਾਡਾ ਸਹਿਯੋਗ ਹੀ ਪੁੱਟੇ ਕਦਮਾਂ ਨੂੰ ਮੰਜ਼ਿਲ ਤੱਕ ਪਹੁੰਚਾ ਸਕਦਾ ਹੈ।

ਤੁਹਾਡੀ ਉਡੀਕ 'ਚ

*ਸਾਹਿਤਕ ਅਤੇ ਸੰਗੀਤਕ ਮੈਗਜ਼ੀਨ*
*ਮਿਊਜ਼ਿਕ ਪਾਵਰ*
*ਸਹਿ ਸੰਪਾਦਕ : ਪ੍ਰਗਟ ਸਿੰਘ, ਪਿੰਡ ਬਦੂਹਾ,*
*ਤਹਿ ਧੂਰੀ, ਡਾਕ : ਕਿਲਾ ਹਕੀਮਾਂ,*
*ਜ਼ਿਲ੍ਹਾ : ਸੰਗਰੂਰ - 148034*
*ਮੋ: 94171-80786, 99148-07968*

–0–

ਸਤਿਕਾਰਯੋਗ ਕੁਲਜੀਤ ਜੀ,

ਨਮਸਕਾਰ! ਉਮੀਦ ਕਰਦੀ ਹਾਂ ਕਿ ਪ੍ਰਮਾਤਮਾ ਦੀ ਮਿਹਰ ਸਦਕਾ ਠੀਕ ਹੋਵੋਗੇ। ਤੁਹਾਡਾ ਖ਼ਤ ਮਿਲਿਆ, ਖੁਸ਼ੀ ਹੋਈ। ਤੁਸੀਂ ਮੈਨੂੰ ਏਨੀ ਜਾਣਕਾਰੀ ਦਿੱਤੀ। ਸ਼ੁਕਰੀਆਂ! ਸਾਡੇ ਨਵਾਂ ਸ਼ਹਿਰ ਦੇ ਪਿੰਡਾਂ ਦੇ ਆਲੇ–ਦੁਆਲੇ ਸ਼ਾਇਰ ਤਾਂ ਬਹੁਤ ਨੇ ਪਰ ਸ਼ਾਇਦ ਸਾਡਾ ਪੇਂਡੂ ਸਮਾਜ ਅੱਜ ਵੀ ਲੜਕੀ ਨੂੰ ਘਰੋਂ ਬਾਹਰ ਜਾਣ ਦੀ ਇਜ਼ਾਜਤ ਨਹੀਂ ਦਿੰਦਾ। ਫਿਰ ਵੀ ਇਕ ਮੁਕਾਮ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੀ। ਤੁਸੀਂ ਲਿਖਿਆ ਕਿ ਮੇਰੀ ਗਜ਼ਲ ਦੇ ਬੋਲ ਤਾਂ ਵਧੀਆ ਨੇ ਪਰ ਤਕਨੀਕ ਸਹੀ ਨਹੀਂ ਹੈ। ਤੁਸੀਂ ਤਾਂ ਵਧੀਆਂ ਲਿਖਦੇ ਹੋ। ਤੁਹਾਨੂੰ ਹਰ ਤਕਨੀਕ ਬਾਰੇ ਪਤਾ ਹੋਵੋਗੇ। ਜੇਕਰ ਤੁਸੀਂ ਦੱਸ ਦਿਆ ਕਰੋਗੇ ਤਾਂ ਧੰਨਵਾਦੀ ਹੋਵਾਂਗੇ। ਨੌਹਾਂ ਸਾਥੋਂ ਥੋੜ੍ਹੀ ਹੀ ਦੂਰ ਹੈ। ਜੇਕਰ ਹੋ ਸਕੇ ਤਾਂ ਆਪਣੀ ਦੀਦੀ ਨੂੰ ਨਾਲ ਲੈ ਕੇ ਸਾਡੇ ਗਰੀਬਖਾਨੇ ਵਿਚ ਜ਼ਰੂਰ ਆਉਣਾ। ਤੁਹਾਡੇ ਦਰਸ਼ਨ ਕਰਾਂਗੇ ਕਿਸਮਤ ਵਾਲੀ ਸਮਝਾਂਗੀ ਆਪਣੇ ਆਪ ਨੂੰ। ਮੈਂ ਤੁਹਾਨੂੰ ਦੋ ਵਾਰੀ ਫੋਨ ਕੀਤਾ। ਪਹਿਲਾ ਤਾਂ ਉਨ੍ਹਾਂ ਕਿਹਾ ਕਿ ਇਥੇ ਕੋਈ ਕੁਲਜੀਤ

ਨਹੀਂ ਰਹਿੰਦੀ ਤੇ ਬਾਦ ਵਿਚ ਫੋਨ ਕੱਟ ਦਿੱਤਾ। ਸਾਡਾ ਫੋਨ ਨੰਬਰ ਏ 01823-248530 ਇਹ ਫੋਨ ਮੇਰੇ ਤਾਇਆ ਜੀ ਦੇ ਘਰ ਹੈ। ਤੁਸੀਂ ਕਹਿਣਾ ਪਰਮਜੀਤ ਨੂੰ ਬੁਲਾ ਦਿਓ। ਉਹ ਬੁਲਾ ਦੇਣਗੇ। ਕਰ ਤਾਂ ਫਿਲਹਾਲ ਕੁਝ ਨਹੀਂ ਰਹੀ। 10+2 ਕਰਨ ਤੋਂ ਬਾਦ ਫਰੀ ਹਾਂ। ਤੁਸੀਂ ਦੱਸਣਾ ਕੀ ਕਰ ਰਹੇ ਹੋ। ਇਕ ਗਜ਼ਲ ਭੇਜ ਰਹੀ ਹਾਂ। ਮੇਰੀ ਗਜ਼ਲ ਵਿਚ ਸੁਧਾਰ ਕਰਕੇ ਭੇਜਣਾ ਕਿ ਕਿਹੋ ਜਿਹੀ ਤਕਨੀਕ ਮੈਨੂੰ ਅਪਨਾਉਣਾ ਚਾਹੀਦੀ ਹੈ।

ਗਜ਼ਲ ਦਿਲ ਵਾਲਾ ਜ਼ਖ਼ਮ ਅਜੇ ਅੱਲਾ ਏ।<br>
ਲੋਕ ਕਹਿੰਦੇ ਨੇ ਉਹ ਝੱਲਾ ਏ।<br>
ਦਿਲ ਰੋਂਦਾ ਹੈ ਚਿਹਰੇ ਤੇ ਮੁਸਕਾਨ ਹੈ ਉਹਦੇ,<br>
ਇਸ਼ਕ ਵਾਲਾ ਇਹ ਰੋਗ ਅਵਲਾ ਏ।<br>
ਦਰਦ ਹੁਣ ਉਹਦਾ ਸਾਥੀ ਬਣ ਗਿਆ,<br>
ਫਿਰ ਵੀ ਲੋਕ ਕਹਿੰਦੇ ਨੇ 'ਪਰਮ' ਕੱਲਾ ਏ।<br>
ਨਾ ਕਿਸੇ ਦੀ ਹੁਣ ਸੁਣਦਾ ਨਾ ਕੁਝ ਕਹਿੰਦਾ,<br>
'ਚੁੰਬਰ' ਤਾਂ ਬਸ ਮਸਤ ਅਵੱਲਾ ਏ।<br>
ਘਰ ਵਿਚ ਸਭ ਨੂੰ ਪ੍ਰਣਾਮ,<br>
ਜਵਾਬ ਦੀ ਉਡੀਕ ਵਿਚ

***ਪਰਮਜੀਤ ਚੁੰਬਰ***

ਸਤਿਕਾਰਯੋਗ ਕੁਲਜੀਤ ਜੀ,<br>
ਸਤਿ ਸ੍ਰੀ ਅਕਾਲ।

ਘਰੇਲੂ ਜ਼ਿੰਮੇਵਾਰੀਆਂ ਅਤੇ ਨਿੱਜੀ ਕੰਮਾਂ ਵਿਚ ਮਸ਼ਰੂਫੀਅਤ ਕਾਰਣ ਖ਼ਤ ਪਾਉਣ ਵਿਚ ਦੇਰੀ ਹੋ ਗਈ ਇਸ ਲਈ ਖ਼ਿਮਾ ਦਾ ਪਾਤਰ ਹਾਂ। ਆਪ ਸੱਚਮੁੱਚ ਹੀ ਪਾਰਖੂ ਨਜ਼ਰ ਦੇ ਪਾਤਰ ਹੋ। ਮੇਰੀਆਂ 'ਜਨ ਸਾਹਿਤ' ਵਿਚ ਛਪੀਆਂ ਦੋ ਮਿੰਨੀ ਕਹਾਣੀਆਂ ਸੰਬੰਧੀ ਜੋ ਰਾਏ ਭੇਜੀ ਹੈ ਉਹ ਬਿਲਕੁੱਲ ਹੀ ਠੀਕ ਹੈ। ਮੈਂ ਅਸਲੋਂ ਹੀ ਨਵਾਂ ਕਹਾਣੀਕਾਰ ਹਾਂ। ਮੇਰੇ ਮਨ ਵਿਚ ਅਨੇਕਾਂ ਹੀ ਵਿਚਾਰ ਆਉਂਦੇ ਹਨ ਪਰ ਇਨ੍ਹਾਂ ਸ਼ਬਦਾਂ ਨੂੰ ਤਰਤੀਬਵਾਰ ਗੁੰਦਣ ਦਾ ਅਜੇ ਮੈਨੂੰ ਵਲ ਨਹੀਂ ਆਉਂਦਾ। ਇਸ ਲਈ ਵਿਸ਼ਾ ਵਸਤੂ ਅਤੇ ਵਾਰਤਾਲਾਪ ਵਿਚ ਗਲਤੀ ਆਉਣਾ ਸੁਭਾਵਿਕ ਹੀ ਹੈ। ਮੈਂ ਆਪ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੇਰੀ ਲੇਖਣੀ ਸੰਬੰਧੀ ਆਪਣੇ ਬਹੁਮੁੱਲੇ ਕੀਮਤੀ ਵਿਚਾਰ ਭੇਜੇ ਹਨ। ਆਸ ਕਰਦਾ ਹਾਂ ਕਿ ਤੁਸੀਂ ਅੱਗੇ ਤੋਂ ਵੀ ਸਮੇਂ ਸਮੇਂ ਆਪਣੇ ਬਹੁਮੁੱਲੇ ਕੀਮਤੀ ਵਿਚਾਰਾਂ ਨਾਲ ਮੈਨੂੰ ਨਿਵਾਜਦੇ ਰਹੋਗੇ। ਅਗਰ ਜੇਕਰ ਤੁਸੀਂ ਮੇਰੀ ਮਿੰਨੀ ਕਹਾਣੀ ਲਿਖਣ ਸੰਬੰਧੀ ਕਿਸੇ ਕਿਸਮ ਦੀ ਸਹਾਇਤਾ ਕਰਨੀ ਚਾਹੋ ਤਾਂ ਮੈਨੂੰ ਦਿਲੋਂ ਖੁਸ਼ੀ ਹੋਵੇਗੀ। ਆਪ ਜੀ ਵਰਗੇ ਤਜ਼ਰਬੇਕਾਰ ਕਲਮਕਾਰਾਂ ਦੀ ਯੋਗ ਅਗਵਾਈ ਸਦਕਾ ਹੀ ਮੇਰੀ ਲੇਖਣੀ ਵਿਚ ਸੁਧਾਰ ਆਵੇਗਾ ਅਤੇ ਇਸ ਵਿਚ ਨਿਖਾਰ ਆਵੇਗਾ ਚਿੱਠੀ ਪੱਤਰ ਦਾ ਸਿਲਸਿਲਾ ਜਾਰੀ ਰੱਖਣਾ। ਇਸੇ ਆਸ ਵਿਚ।

ਬਾਕੀ ਫਿਰ ਕਿਤੇ,<br>
ਰੱਖ ਰਾਖਾ।

***ਪਰਮਿੰਦਰ ਸਿੰਘ 'ਰਾਜੂ'***

–0–

ਮਿਸ ਕੁਲਜੀਤ ਗਜ਼ਲ ਜੀ,
ਸਾਹਿਤਕ ਆਦਾਬ।

ਆਪ ਜੀ ਨੇ ਭਾਸ਼ਾ ਵਿਭਾਗ ਪੰਜਾਬ ਵਲੋਂ ਛਾਪੇ ਗਏ ਜਨ ਸਾਹਿਤ ਦੇ ਮਿੰਨੀ ਕਹਾਣੀ ਵਿਸ਼ੇਸ਼ ਅੰਕ ਵਿਚ ਮੇਰੀਆਂ ਛਪੀਆਂ ਮਿੰਨੀ ਕਹਾਣੀਆਂ ਦੀ ਪ੍ਰਸ਼ੰਸਾ ਵਿਚ ਪੱਤਰ ਲਿਖਿਆ ਸੀ। ਮੈਂ ਫੋਨ ਤੇ ਆਪ ਜੀ ਦਾ ਧੰਨਵਾਦ ਕਰ ਦਿੱਤਾ ਸੀ। ਆਪ ਜੀ ਦੇ ਪਿੰਡ ਦਾ ਨਾਮ ਪਤਾ ਲੱਗਣ ਤੋਂ ਬਾਅਦ ਮੇਰੇ ਦਿਮਾਗ ਵਿਚ ਇਹ ਸਵਾਲ ਪੈਦਾ ਹੋਇਆ ਕਿ ਕਿਤੇ ਮੇਰੀਆਂ ਮਿੰਨੀ ਕਹਾਣੀਆਂ ਆਪ ਜੀ ਨੂੰ ਇਸ ਲਈ ਤਾਂ ਪਸੰਦ ਨਹੀਂ ਆਈਆਂ ਕਿਉਂਕਿ ਆਪਣੇ ਪਿੰਡ/ਕਸਬੇ ਦਾ ਨਾਮ ਇਕੋ "ਤਲਵੰਡੀ" ਹੈ। ਆਪ ਜੀ ਦੀ ਛਪੀ ਮਿੰਨੀ ਕਹਾਣੀ "ਪੁਲਸੀਆਂ" ਸਬੰਧੀ ਵੀ ਮੈਂ ਆਪਣੇ ਵਿਚਾਰ ਆਪ ਜੀ ਨਾਲ ਫੋਨ ਤੇ ਸਾਂਝੇ ਕੀਤੇ ਸਨ। ਆਪ ਜੀ ਨੇ ਖ਼ਤ ਲਿਖਣ ਸਬੰਧੀ ਆਖਿਆ ਸੀ ਲੇਕਿਨ ਮੈਂ ਕੁਝ ਘਾਲੋਂ ਕਰਕੇ ਤੇ ਕੁਝ ਰੁਝੇਵਿਆਂ ਕਾਰਨ ਆਪ ਜੀ ਨੂੰ ਖ਼ਤ ਨਹੀਂ ਲਿਖ ਸਕਿਆ। ਆਪ ਜੀ ਦੀਆਂ ਲਿਖੀਆਂ ਰਚਨਾਵਾਂ ਅਕਸਰ "ਜੱਗਬਾਣੀ" ਤੇ "ਨਵਾਂ ਜ਼ਮਾਨਾ" ਆਦਿ ਦੇ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਹਨ। ਆਪ ਜੀ ਮੋਗਾ ਵਿਖੇ ਪਿਛਲੇ ਦਿਨੀਂ ਹੋਏ ਸਮਾਗਮ ਵਿਚ ਪਹੁੰਚੇ ਸੀ ਮੈਨੂੰ ਆਪ ਦਾ ਨਾਮ ਪ੍ਰੋਗਰਾਮ ਦੀ ਛਪੀ ਖ਼ਬਰ ਵਿਚ ਪੜ੍ਹਕੇ ਪਤਾ ਲੱਗਿਆ, ਵੈਸੇ ਮੈਂ ਵੀ ਮੋਗਾ ਵਿਖੇ ਪਹੁੰਚਣਾ ਸੀ ਲੇਕਿਨ ਇਕ ਘਰੇਲੂ ਕੰਮ ਦੇ ਸਬੰਧ ਵਿਚ ਉਸ ਦਿਨ ਮੈਂ ਮੇਰੀ ਪਤਨੀ ਤੇ ਬੇਟਾ ਲੁਧਿਆਣੇ ਗਏ ਸੀ। ਇਸ ਲਈ ਮੈਂ ਇਹ ਪ੍ਰੋਗਰਾਮ ਵੇਖਣ ਤੇ ਸੁਣਨ ਤੋਂ ਵਾਂਝਾ ਰਹਿ ਗਿਆ। ਇਸ ਐਤਵਾਰ 14/9/03 ਨੂੰ ਵੀ ਨਵਾਂ ਜ਼ਮਾਨਾ ਵਿਚ ਆਪਜੀ ਦੀ ਗਜ਼ਲ ਛਪੀ ਹੈ। ਉਸਦੇ ਆਖਰੀ ਦੋ ਸ਼ੇਅਰ ਆਪਾ ਵਿਰੋਧੀ ਹਨ ਇਕ ਵਿਚ ਪਿਆਰ ਨਾ ਕਰਨ ਦੀ ਮਜਬੂਰੀ ਦਾ ਜ਼ਿਕਰ ਕੀਤਾ ਹੈ ਤੇ ਦੂਸਰੇ ਵਿਚ ਧੁਰ ਤੱਕ ਪਿਆਰ ਨਿਭਾਉਣ ਦੀ ਗੱਲ। ਕੀ ਇਸ ਤਰ੍ਹਾਂ ਗਜ਼ਲ ਵਿਚ ਠੀਕ ਹੈ? ਇਸ ਬਾਰੇ ਦੱਸਣਾ ਕਿਉਂਕਿ ਮੈਨੂੰ ਗਜ਼ਲ ਤੇ ਕਵਿਤਾ ਆਦਿ ਬਾਰੇ ਜ਼ਿਆਦਾ ਸਮਝ ਨਹੀਂ ਹੈ।

ਜੇਕਰ ਆਪ ਨਵਾਂ ਜ਼ਮਾਨਾ ਦਾ ਐਤਵਾਰਤਾ ਪੜ੍ਹਦੇ ਹੋ ਤਾਂ ਆਪ ਨੇ ਪੜ੍ਹਿਆ ਹੋਵੇਗਾ ਕਿ ਮੇਰੀ ਲਿਖੀ ਮਿੰਨੀ ਕਹਾਣੀ "ਈਸਰੀ" ਨੂੰ ਮਿੰਨੀ ਕਹਾਣੀ ਲੇਖਕ ਮੰਚ ਅੰਮ੍ਰਿਤਸਰ ਤੇ ਅਦਾਰਾ "ਮਿੰਨੀ" ਨੇ ਪਹਿਲੇ ਸਥਾਨ ਲਈ ਚੁਣਿਆ ਹੈ। ਆਪਦੇ ਸ਼ਹਿਰ ਅੰਮ੍ਰਿਤਸਰ ਵਿਖੇ ਅਕਤੂਬਰ ਵਿਚ (ਸ਼ਾਇਦ 11 ਅਕਤੂਬਰ) ਹੋ ਰਹੇ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਵਿਚ (ਸ਼ਾਇਦ) ਮੈਨੂੰ ਮੇਰੇ ਇਨਾਮ ਦੀਆਂ ਕਿਤਾਬਾਂ ਤੇ ਸਨਮਾਨ ਚਿੰਨ ਦਿੱਤਾ ਜਾਵੇਗਾ। ਮੈਂ ਸ਼ਾਇਦ ਇਸ ਲਈ ਲਿਖਿਆ ਹੈ ਕਿਉਂਕਿ ਹਾਲੇ ਤੱਕ ਮੈਨੂੰ ਕੋਈ ਲਿਖਤੀ ਸੱਦਾ ਪੱਤਰ ਆਦਿ ਪ੍ਰਾਪਤ ਨਹੀਂ ਹੋਇਆ। ਬਾਕੀ ਫਿਰ।

*ਪ੍ਰੀਤ ਮਹਿੰਦਰ ਸਿੰਘ ਕਲਸੀ,*
*ਨੇੜੇ ਪੁਰਾਣਾ ਬੱਸ ਅੱਡਾ*
*ਵਾਰਡ ਨੰ: 8*
*ਤਲਵੰਡੀ ਭਾਈ - 142050*

*ਫੋਨ ਨੰ: 01632-230934*

-0-

28/10/03

ਮਿਸ ਕੁਲਜੀਤ ਗ਼ਜ਼ਲ ਜੀ,

ਆਪ ਜੀ ਦਾ ਖ਼ਤ ਮਿਲਿਆ। ਸ਼ੰਕਾ ਨਵਿਰਤੀ ਹੋਈ ਕਿ ਆਪ ਨੇ ਮੇਰੀਆਂ ਲਿਖੀਆਂ ਮਿੰਨੀ ਕਹਾਣੀਆਂ ਦੀ ਹੀ ਪ੍ਰਸ਼ੰਸਾ ਕੀਤੀ ਸੀ ਨਾ ਕਿ ਪਿੰਡ ਦੇ ਨਾਮ ਇਕ ਹੋਣ ਕਾਰਨ। ਇਸ ਲਈ ਮਿੰਨੀ ਕਹਾਣੀਆਂ ਪਸੰਦ ਕਰਨ ਲਈ ਇਕ ਵਾਰ ਫਿਰ ਧੰਨਵਾਦ। ਆਪ ਜੀ ਦੀ ਜਾਣਕਾਰੀ ਲਈ ਦੱਸ ਦੇਵਾਂ ਕਿ ਪੰਜਾਬ ਵਿਚ ਤਕਰੀਬਨ 64 ਪਿੰਡ ਤਲਵੰਡੀ ਨਾਮ ਵਾਲੇ ਹਨ।

ਆਪ ਜੀ ਦੇ ਸ਼ੇਅਰ ਜਿੰਨ੍ਹਾਂ ਬਾਰੇ ਮੈਂ ਆਪ ਜੀ ਨੂੰ ਆਪਾ ਵਿਰੋਧੀ ਹੋਣ ਬਾਰੇ ਲਿਖਿਆ ਸੀ। ਸ਼ੇਅਰ ਵਧੀਆ ਸਨ ਤੇ ਆਪਦੇ ਲਿਖਣ ਅਨੁਸਾਰ ਲੁੱਟੀ, ਖਿਝੀ ਜਵਾਨੀ ਧੁਰ ਤੱਕ ਪਿਆਰ ਨਿਭਾਉਣ ਦੀ ਗੱਲ ਕਰਦੀ ਹੈ ਤਾਂ ਇਹ ਵਾਕਿਆ ਹੀ ਕਿਸੇ ਚੈਲੰਜ ਤੋਂ ਘੱਟ ਨਹੀਂ।

ਤੁਹਾਡੀ ਲਿਖੀ ਕੋਈ ਮਿੰਨੀ ਕਹਾਣੀ "ਮਿੰਨੀ" ਵਲੋਂ ਛਾਪੇ ਵਿਸ਼ੇਸ਼ ਅੰਕ ਵਿਚ ਸ਼ਾਮਲ ਨਹੀਂ। ਕੀ ਤੁਸੀਂ ਮਿੰਨੀ ਕਹਾਣੀਆਂ ਭੇਜੀਆਂ ਨਹੀਂ ਸਨ? ਆਪਦੇ ਸ਼ਹਿਰ ਅੰਮ੍ਰਿਤਸਰ ਵਿਖੇ 12ਵੇਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਵਿਚ ਵੀ ਆਪ ਨਹੀਂ ਪਹੁੰਚੇ। ਕੀ ਕਾਰਨ ਸੀ? ਬਾਕੀ ਫਿਰ। ਸਭ ਪੜ੍ਹਦੇ ਸੁਣਦੇ ਨੂੰ ਦਰਜਾ-ਬ-ਦਰਜਾ ਸਤਿ ਸ੍ਰੀ ਅਕਾਲ।

*ਪ੍ਰੀਤ ਮਹਿੰਦਰ ਸਿੰਘ ਕਲਸੀ*
*ਨੇੜੇ ਪੁਰਾਣਾ ਬੱਸ ਅੱਡਾ,*
*ਤਲਵੰਡੀ ਭਾਈ - 142050*
*ਜ਼ਿਲ੍ਹਾ ਫਿਰੋਜ਼ਪੁਰ, ਫੋਨ : 01632-230934*

-0-

ਪਿਆਰੀ ਧੀ ਕੁਲਜੀਤ ਨੂੰ,
ਸਤਿ ਸ੍ਰੀ ਅਕਾਲ।

ਤੁਹਾਡੀ ਚਿੱਠੀ ਮਿਲੀ ਪੜ੍ਹਕੇ ਬਹੁਤ ਖੁਸ਼ੀ ਹੋਈ ਅਤੇ ਮਹਿਸੂਸ ਹੋਇਆ ਕਿ ਹਾਲੇ ਵੀ ਤੁਹਾਡੇ ਵਰਗੇ ਪਾਤਰ ਇਸ ਦੁਨੀਆ ਵਿਚ ਮੌਜੂਦ ਹਨ ਜੋ ਅੱਛੇ ਕੰਮਾਂ ਦੀ ਸਰਾਹਨਾ ਕਰਦੇ ਹਨ। ਆਪਣੀ ਕਿਤਾਬ ਦਾਸਤਾਨ-ਏ-ਗ਼ਮ ਭੇਜ ਰਿਹਾ ਹਾਂ। ਪੜ੍ਹ ਕੇ ਆਪਣੇ ਵਿਚਾਰ ਦੱਸਣਾ। ਤੇਰੀ ਵੱਡੀ ਭੈਣ ਦਾ ਨਾਮ ਤੇਜਿੰਦਰ ਕੌਰ ਅਤੇ ਛੋਟੀ ਭੈਣ ਦਾ ਨਾਮ ਹਰਪ੍ਰੀਤ ਹੈ। ਦੋਨੋਂ ਹੀ ਤੇਰੇ ਵਰਗੇ ਵਿਚਾਰ ਰੱਖਦੀਆਂ ਹਨ।

ਮੇਰੀ ਪਿਆਰੀ ਧੀ ਕੁਲਜੀਤ ਨੇ ਹਾਲੇ ਤੱਕ ਆਪਣੇ ਬਾਰੇ ਕੁਝ ਵੀ ਨਹੀਂ ਦੱਸਿਆ ਕਿ ਉਹ ਪੜ੍ਹ ਰਹੀ ਹੈ ਜਾਂ ਪੜ੍ਹਾਈ ਖ਼ਤਮ ਕਰ ਚੁੱਕੀ ਹੈ। ਅਗਲੀ ਚਿੱਠੀ

ਵਿਚ ਤਪਸੀਲ ਨਾਲ ਲਿਖਣਾ ਮੈਨੂੰ ਕੋਈ ਭੀ ਕੰਮ ਦੱਸਣਾ ਰੱਬ ਦੀ ਮਿਹਰਬਾਨੀ ਨਾਲ ਮੇਰੀ ਵਾਕਫੀਅਤ ਹੈ।

ਮੈਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਨਾਲ ਮਿਲ ਕੇ ਕੁੜੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਾਂਗਾ ਅਤੇ gender diserimination ਦੀਆਂ ਕੁਰੀਤੀਆਂ ਖ਼ਤਮ ਕਰਨ ਲਈ ਯੋਗਦਾਨ ਪਾਵਾਂਗਾ।

ਅਗਲੀ ਚਿੱਠੀ ਦੀ ਉਡੀਕ ਵਿਚ

*ਤੇਰਾ ਧਰਮੀ ਬਾਬਲ,*
*ਪ੍ਰੇਮ ਸਿੰਘ*

–0–

ਕੁਲਜੀਤ ਕੌਰ ਗਜ਼ਲ
ਵਿਸ਼ਾ :– ਪੁਸਤਕਾਂ ਦੀ ਥੋਕ ਖ਼ਰੀਦ ਦੇ ਸੰਬੰਧ ਵਿਚ।
ਸ੍ਰੀ ਮਾਨ/ਸ੍ਰੀਮਤੀ ਜੀ,

ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਆਪ ਜੀ ਦੀ ਹੇਠ ਲਿਖੀ ਪੁਸਤਕ ਪੰਜਾਬੀ ਅਕਾਦਮੀ ਦੀ ਥੋਕ ਖ਼ਰੀਦ ਲਈ ਪ੍ਰਵਾਨ ਕਰ ਲਈ ਗਈ ਹੈ: 'ਤਰੇਲ ਜਹੇ ਮੋਤੀ' ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ 28 ਫਰਵਰੀ, 2008 ਤੱਕ ਇਸ ਪੁਸਤਕ ਦੀਆਂ 50 ਕਾਪੀਆਂ ਅਕਾਦਮੀ ਦੇ ਦਫ਼ਤਰ ਨੂੰ ਭੇਜਣ ਦੀ ਖੇਚਲ ਕਰੋ। ਇਸ ਦੇ ਨਾਲ ਹੀ ਸਕੱਤਰ, ਸਾਹਿਬ ਅਕਾਦਮੀ ਦੇ ਨਾਲ 40 ਫੀਸਦੀ ਵਪਾਰਕ ਛੋਟ ਦੇ ਕੇ ਬਿੱਲ ਦੀਆਂ ਦੋ ਕਾਪੀਆਂ ਵੀ ਭੇਜਣ ਦੀ ਖੇਚਲ ਕਰੋ।

*ਸ਼ੁਭ ਇੱਛਾਵਾਂ ਸਹਿਤ,*
*ਆਪ ਜੀ ਦੀ ਹਿਤੂ,*
*(ਹਰਪ੍ਰੀਤ ਕੌਰ)*
*ਖੋਜ ਅਤੇ ਪ੍ਰਕਾਸ਼ਨ ਅਧਿਕਾਰੀ*

–0–

ਜਨੇਰ ਟੂ ਤਲਵੰਡੀ ਖੁਮਣ
ਵਾਹਿਗੁਰੂ ਜੀ ਕਾ ਖਾਲਸਾ!
ਵਾਹਿਗੁਰੂ ਜੀ ਕੀ ਫਤਹਿ!!

ਅੱਲ੍ਹਾ ਅਲਫ ਨਾ ਜਾਈ ਲਿਖਿਆ, ਗੁੜ੍ਹ ਗੁੜ੍ਹ ਦੀਨਾ ਮੀਠਾ,,
ਕਹੂ ਕਬੀਰ ਹੌ ਸੰਦਾ ਨਾਤੀ, ਸਰਭ ਨਰੰਜਨ ਡੀਠਾ,,

ਲਿਖਤੁਮ ਪੀਰ ਕਾਦਰੀ ਅਗੇ ਮਿਲੇ ਪੁਜਨੀਕ ਮਮਤਾ ਦੀ ਮਲਿਕਾ ਪੁਜਨੀਕ ਮਾਤਾ ਜੀ ਪਿਆਰ ਭਰੀ ਫਤਹਿ ਪਰਵਾਨ ਕਰੋ। ਇਹ ਚਿੱਠੀ ਤੇ ਨਵੇਂ ਸਾਲ ਦਾ ਕਾਰਡ ਮੈਂ ਕਾਫੀ ਚਿਰ ਪਹਿਲਾਂ ਲਿਖ ਦੇਣਾ ਸੀ, ਪਰ ਬਦਕਿਸਮਤੀ ਨਾਲ ਸਰਦੀ ਦੀ ਰੁੱਤ ਨਾ ਸਹਾਰਦਾ ਹੋਇਆ ਕਾਫੀ ਦਿਨ ਬਿਸਤਰੇ ਤੇ ਪਿਆ ਰਿਹਾ ਪਰ ਹੁਣ ਮੈਂ ਬਿਲਕੁਲ ਤੰਦਰੁਸਤ ਹਾਂ। ਮੈਂ ਆਪਣੇ ਫਰਜ਼ ਤੋਂ ਕੁਤਾਹੀ ਕਦੇ ਵੀ ਨਹੀਂ ਵਰਤਦਾ। ਹਾਂ ਸੱਚ

ਤੈਨੂੰ ਲੱਖ ਲੱਖ ਵਧਾਈ ਹੋਵੇ। ਮੈਂ ਪਿੰਡ ਵਿਚ ਜਗ੍ਹਾ ਲੈ ਕੇ ਦੁਕਾਨ ਬਣਾ ਲਈ ਹੈ ਪਹਿਲੀ ਜਲਵਰੀ ਨੂੰ ਨਵੇਂ ਘਰ ਵਿਚ ਬਿਰਾਜਮਾਨ ਹਾਂ। ਹੋਰ ਮੈਂ ਫਰਵਰੀ ਦੇ ਆਖਰੀ ਹਫ਼ਤੇ ਤੱਕ ਜ਼ਰੂਰ ਤੇਰੇ ਕਦਮਾਂ ਵਿਚ ਹਾਜ਼ਿਰ ਹੋਵਾਂਗਾ। ਹੋਰ ਤੁਹਾਡੀ ਨੂੰਹ ਰਾਣੀ ਦੀ ਤਲਾਸ ਜਾਰੀ ਹੈ। ਇਕ ਦਿਨ ਅਚਨਚੇਤ ਭੈਣ ਕੁਲਜੀਤ ਆਈ, ਮੈਨੂੰ ਹਜੇ ਤੱਕ ਯਕੀਨ ਨਹੀਂ ਆ ਰਿਹਾ, ਆਖਿਰ ਉਹ ਵੀ ਦਿਲ ਦੇ ਬਾਦਸਾਹ ਲੋਕ ਹਨ, ਹੋਰ ਮਾਂ ਤੂੰ ਮੇਰੇ ਹੱਕ ਵਿਚ ਦੁਆ (ਅਰਦਾਸ) ਕਰੋ ਕਿ ਮੈਂ ਜਲਦ ਤੋਂ ਜਲਦ ਕਾਮਯਾਬ ਹੋ ਜਾਵਾਂ, ਤੁਹਾਡੀਆਂ ਹੀ ਦੁਆਵਾਂ, ਅਰਦਾਸਾਂ ਨਾਲ ਮੈਂ ਐਥੋਂ ਤੱਕ ਪੁੱਜ ਗਿਆ ਹਾਂ। ਹੋਰ ਮੇਰੇ ਵਲੋਂ ਆਂਢ ਗੁਆਂਢ ਨੂੰ ਤੇ ਵੱਡਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ, ਆਪ ਤੋਂ ਛੋਟਿਆਂ ਨੂੰ ਪਿਆਰ ਭਰਿਆ ਅਸੀਰਵਾਦ।

*ਆਪਦਾ ਆਪਣਾ ਪੀਰ ਕਾਦਰੀ*

–0–

26/04/2001

ਪਿਆਰੀ ਕੁਲਜੀਤ
ਸਤਿ ਸ੍ਰੀ ਅਕਾਲ।

ਉਡੀਕ ਆਖ਼ਰ ਮੁੱਕ ਹੀ ਗਈ ਅਤੇ ਜਜ਼ਬਾਤਾਂ ਦੀ ਗੰਢ ਹੋਰ ਪੱਕੀ ਹੋ ਗਈ। ਇਸ ਲੰਮੇ ਵਕਫ਼ੇ ਨੇ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਸ਼ਾਇਦ ਤੁਹਾਡਾ ਸਾਥ ਏਨਾ ਕੁ ਹੀ ਸੀ ਪਰ ਤੁਹਾਡੇ ਸੱਜਰੇ ਖ਼ਤ ਨੇ ਐਸੀ ਸੋਚ ਦੇ ਮੂੰਹ ਉਤੇ ਜੰਦਰਾ ਲਗਾ ਦਿੱਤਾ। ਸ਼ੁਕਰੀਆ!

ਕੁਲਜੀਤ, ਤੁਸਾਂ ਨੂੰ ਮੇਰੇ ਖ਼ਤਾਂ ਵਿਚੋਂ ਉਦਾਸੀ ਦਾ ਚਿਹਰਾ-ਮੁਹਰਾ ਦਿਸਦਾ ਏ-ਐਸਾ ਕਿਉਂ ਹੈ? ਇਹ ਮੈਨੂੰ ਪਤਾ ਨਹੀਂ ਪਰ ਏਨਾ ਮੈਂ ਜ਼ਰੂਰ ਜਾਣਦਾ ਹਾਂ ਕਿ ਮੈਂ ਉਦਾਸ ਵੀ ਨਹੀਂ ਹਾਂ ਅਤੇ ਦੁਖੀ ਵੀ ਨਹੀਂ। ਅੱਜ ਤੱਕ ਪਰਮਾਤਮਾ ਨੇ ਹਰ ਤਮੰਨਾ ਪੂਰੀ ਕੀਤੀ ਏ, ਕਿਸੇ ਉਦਾਸੀ ਜਾਂ ਦੁੱਖ ਦਾ ਤਾਂ ਪਰਛਾਵਾਂ ਵੀ ਨਹੀਂ ਪੈਣ ਦਿੱਤਾ। ਪਿਆਰ, ਇੱਜ਼ਤ, ਮਾਣ ਸਭ ਕੁਝ ਮਿਲਿਆ ਏ ਇਸ ਜ਼ਿੰਦਗੀ 'ਚ। ਉਸ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਮੇਰੇ ਕੋਲ ਖ਼ਿਆਲ ਅਥਾਂਹ ਹਨ ਪਰ ਸ਼ਬਦ ਇਕ ਵੀ ਨਹੀਂ।

ਰਿਸ਼ਤੇ ਬਹੁਤ ਥੋੜ੍ਹੇ ਬਣਾਉਂਦਾ ਹਾਂ ਪਰ ਕੋਸ਼ਿਸ਼ ਕਰਦਾ ਹਾਂ ਕਿ ਤੋੜ ਨਿਭਾ ਸਕਾਂ। ਤੁਸਾਂ ਵਾਂਗ ਹੀ ਇਕ ਮੂੰਹ ਬੋਲੀ ਭੈਣ ਅਤੇ ਇਕ ਵਿਦਿਆਰਥਣ ਹੈ, ਜੋ ਸਾਲਾਂ ਤੀਕ ਮਿਲਦੀਆਂ ਨਹੀਂ ਪਰ ਜ਼ਿੰਦਗੀ ਦੇ ਹਰ ਮੋੜ ਉਤੇ ਖ਼ਤ ਜ਼ਰੂਰ ਲਿਖਦੀਆਂ ਨੇ। ਗਿਲੇ-ਸਿਕਵੇਂ, ਦੁੱਖ ਤਕਲੀਫ਼ਾਂ ਜ਼ਰੂਰ ਸਾਂਝੀਆਂ ਕਰਦੀਆਂ ਨੇ ਪਰ ਉਨ੍ਹਾਂ 'ਚੋਂ ਇਕ ਦੇ ਘਰ ਮੈਂ ਪਿਛਲੇ 10 ਸਾਲ ਵਿਚ ਇਕ ਵਾਰ ਅਤੇ ਦੂਜੀ ਦੇ ਘਰ ਕਦੇ ਨਹੀਂ ਗਿਆ ਹਾਂ। ਪਰ ਉਹ ਜ਼ਰੂਰ ਮੇਰੇ ਘਰ ਆ ਜਾਂਦੀਆਂ ਨੇ। ਮੇਰੇ ਸਾਹਾਂ, ਮੇਰੇ ਪਰਿਵਾਰ ਦਾ ਹਿੱਸਾ ਨੇ ਉਹ। ਮੇਰੇ ਤੋਂ ਛੋਟੀਆਂ ਨੇ ਪਰ ਡਾਂਟ ਲੈਂਦੀਆਂ ਨੇ। ਕੀ ਕਰਾਂ, ਸੁਣਨੀ ਪੈਂਦੀ ਏ। ਇਕ ਨੂੰ ਉਸਦੀ ਸ਼ਾਦੀ ਸਮੇਂ ਮਿਲਣ ਗਿਆ ਸਾਂ, ਦੂਜੀ ਨੂੰ ਸ਼ਾਇਦ ਸ਼ਾਦੀ ਤੇ ਹੀ ਮਿਲਣ ਜਾਵਾਂਗਾ।

ਤੁਸਾਂ ਫੋਨ ਦਾ ਜ਼ਿਕਰ ਕੀਤਾ ਏ। ਫੋਨ ਮੇਰੇ ਘਰ ਲੱਗਾ ਏ ਪਰ ਆਪਣਾ

ਸੁਭਾਅ ਮੈਂ ਅਨੇਕਾਂ ਵਾਰ ਤੁਹਾਡੇ ਨਾਲ ਸਾਂਝਾ ਕਰ ਚੁੱਕਿਆ ਹਾਂ। ਸੱਚ ਜਾਣਿਓਂ ਜਿਸ ਪਤੇ ਉਤੇ ਮੈਂ ਤੁਸਾਂ ਨੂੰ ਖ਼ਤ ਲਿਖਦਾ ਹਾਂ, ਉਹ ਮੇਰੇ ਘਰ ਤੋਂ ਚੰਦ ਕਦਮਾਂ ਦੀ ਵਿੱਥ ਉਤੇ ਹੈ ਪਰ ਮੇਰਾ ਸਾਂਈ ਜਾਣਦੈ, ਮੈਂ ਪਤਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਫਤਹਿ ਜਗਜੀਤ ਜੀ ਕੌਣ ਹਨ? ਤੁਸੀਂ ਏਥੇ ਮਿਲ ਸਕਦੇ ਹੋ ਜਾਂ ਨਹੀਂ? ਮੈਂ, ਕਿਉਂਕਿ ਫਾਸਲਾ ਰੱਖਣਾ ਚਾਹੁੰਦਾ ਹਾਂ ਸੋ ਮੈਂ ਤੁਹਾਨੂੰ ਕਦੇ ਬਟਾਲਾ ਦਾ ਆਪਣਾ ਪਤਾ ਨਹੀਂ ਦਿੱਤਾ। ਤੁਸਾਂ ਹੁਣ ਕੀ ਕਰਨਾ ਏ, ਇਹ ਤੁਸਾਂ ਦੀ ਮਰਜ਼ੀ। ਮੈਂ ਆਪਣੀ ਸੋਚ ਤੁਸਾਂ ਸਾਹਮਣੇ ਰੱਖ ਦਿੱਤੀ ਏ।

ਤੁਸਾਂ ਦੇ ਪੇਪਰ ਚੰਗੇ ਹੋ ਜਾਣ, ਐਸੀ ਦੁਆ ਦੀ ਕੋਈ ਲੋੜ ਮੈਂ ਸਮਝਦਾ ਨਹੀਂ ਕਿਉਂਕਿ ਭੈਣਾਂ ਦੇ ਉਜਲੇ ਮੁਮਤਕਬਿਲ ਲਈ ਵੀਰਾਂ ਦੇ ਬੁੱਲ੍ਹਾਂ ਉਤੇ ਸਦਾ ਦੁਆਵਾਂ ਹੀ ਹੁੰਦੀਆਂ ਨੇ। ਪਰਮਾਤਮਾ ਤੁਹਾਨੂੰ ਸਫਲਤਾ ਬਖ਼ਸ਼ੇ ਅਤੇ ਨੇਕ ਤੇ ਖੁਸ਼ੀਆਂ ਭਰੀ ਜ਼ਿੰਦਗੀ ਤੁਹਾਡਾ ਮੁਕੱਦਰ ਬਣੇ।

ਮੈਂ ਪਿਛਲੇ ਸਾਲ ਐਮ. ਏ. (ਪੰਜਾਬੀ) ਕੀਤੀ ਸੀ। 55% ਨੰਬਰ ਬਨਾਉਣ ਲਈ 8-10 ਨੰਬਰ ਘੱਟਦੇ ਸਨ ਸੋ important ਦੇ form ਭਰੇ ਸਨ ਪਰ ਪੂਰੀ ਤਿਆਰੀ ਨਾ ਹੋਣ ਕਰਕੇ Exam Drop ਕਰ ਦਿੱਤੇ ਹਨ। ਫਿਰ ਕਦੇ ਸੋਚਾਂਗਾ। ਤੁਸੀਂ ਬੀ. ਐਡ. ਬਾਰੇ ਪੁੱਛਿਆ ਹੈ। ਸ਼੍ਰੀਨਗਰ ਦੀ ਬੀ. ਐਡ (Correspondence) ਤੇ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ 22 ਅਪ੍ਰੈਲ, 2001 ਸੀ। ਹੁਣ ਅਗਲੇ ਮਹੀਨੇ ਪੰਜਾਬ (Regular) ਅਤੇ Jammu (corresponding) B.Ed. ਨਿਕਲਣੀ ਹੈ। ਜੇ ਕੋਈ ਫੋਨ ਨੰਬਰ ਹੈ ਤਾਂ ਦੇ ਦੇਣਾ ਤਾਂ ਕਿ ਛੇਤੀ Message ਦੇ ਸਕਾਂ। ਉਂਝ ਮੈਂ ਫੋਨ ਕਰਨਾ Avoid ਕਰਦਾ ਹਾਂ ਪਰ ਤੁਸਾਂ ਦੀ ਬੇਹਤਰੀ ਲਈ ਜ਼ਰੂਰ ਕਰਾਂਗਾ।

ਮੇਰੇ ਪਰਿਵਾਰ 'ਚ ਮੰਮੀ-ਡੈਡੀ ਹਨ। ਇਕ ਪਿਆਰੀ ਜਿਹੀ ਛੋਟੀ ਭੈਣ ਹੈ। ਐਮ. ਏ. (ਪੰਜਾਬੀ) ਕਰ ਚੁੱਕੀ ਹੈ। ਵੱਡੀ ਭੈਣ ਦੀ ਸ਼ਾਦੀ ਦੋ ਤਿੰਨ ਸਾਲ ਪਹਿਲਾਂ ਹੋ ਚੁੱਕੀ ਹੈ। ਭਰਾ ਕੋਈ ਹੈ ਨਹੀਂ। Engagement ਹੋ ਚੁੱਕੀ ਹੈ, ਸ਼ਾਦੀ ਦਾ ਅਜੇ ਕੋਈ ਦਿਨ Fix ਨਹੀਂ ਕੀਤਾ।

ਤੁਸੀਂ ਮੇਰੀ 'ਖੁਸ਼ਕ' ਤਬੀਅਤ ਤੋਂ ਦੁਖੀ ਵੀ ਹੋਵੋਗੇ ਅਤੇ ਨਾਗਜ਼ ਵੀ ਪਰ ਐਸਾ ਤਾਂ ਹਾਂ ਕਿਉਂਕਿ :-

यूँ ही अकेले अच्छे हैं हम,<br>
कोई साथ हो तो बिछुड़ने का डर रहता है।

***ਪਰਮਜੀਤ ਸਿੰਘ***

-0-

**24/11/03**

ਪਿਆਰੇ ਬੇਟਾ ਕੁਲਜੀਤ ਜੀ,<br>
ਪਿਆਰ ਭਰੀ ਅਸੀਸ!

ਹੈਰਾਨ ਅਤੇ ਨਾਰਾਜ਼ ਨਾ ਹੋਣਾ ਕਿ ਤੁਹਾਨੂੰ ਬੇਟਾ ਜੀ ਕਹਿ ਕੇ ਸੰਬੋਧਨ ਕਰ ਰਿਹਾ ਹਾਂ। ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਵਿਚ ਸਭ ਤੋਂ ਵੱਡਾ ਹੋਣ ਕਰ

ਕੇ ਬਹੁਤ ਸਾਰੇ ਸੰਬੰਧੀਆਂ ਨੂੰ ਬੇਟਾ ਜੀ ਕਹਿ ਕੇ ਬੁਲਾਉਂਦਾ ਆਇਆ ਹਾਂ। ਪਚਵੰਜਾ ਸਾਲ ਦੇ ਲੰਮੇ ਅਭਿਆਸ ਕਾਰਨ ਇਹ ਸੰਬੋਧਨ ਮੇਰੇ ਮੂੰਹ ਚੜ੍ਹ ਚੁੱਕਾ ਹੈ।

ਤੁਸਾਂ ਮੇਰੀਆਂ ਲਿਖਤਾਂ ਦੀ ਪ੍ਰਸ਼ੰਸਾ ਕੀਤੀ ਹੈ, ਧੰਨਵਾਦ! ਇਹ ਤੁਹਾਡੀ ਸੂਝ ਦੀ ਸੂਖਮਤਾ ਅਤੇ ਹਿਰਦੇ ਦੀ ਵਿਸ਼ਾਲਤਾ ਹੈ।

ਮੈਂ ਰੁਪਾਂਤਰ ਤੋਂ ਬਾਹਰ ਕਿਸੇ ਪਰਚੇ ਵਿਚ ਛਪਣਾ ਨਹੀਂ ਚਾਹੁੰਦਾ, ਨਾ ਹੀ ਆਪਣਾ ਜ਼ਿਕਰ ਕਰਵਾਉਣ ਦੀ ਲਾਲਸਾ ਹੈ। ਇਸ ਲਈ ਆਪਣੀ ਜਾਣਕਾਰੀ ਅਤੇ ਤੁਹਾਡੇ ਪ੍ਰਸ਼ਨਾਂ ਦੇ ਉਤਰ ਨਹੀਂ ਘੱਲ ਰਿਹਾ। ਉਂਝ ਮੇਰੀਆਂ ਲਿਖਤਾਂ ਵਿਚ ਮੇਰੀ ਜਾਣ ਪਛਾਣ ਮੌਜੂਦ ਹੈ ਅਤੇ ਤੁਹਾਡੀਆਂ ਪੁੱਛਾਂ ਦੇ ਉਤਰ ਵੀ। ਸਾਰੇ ਪਰਿਵਾਰ ਨੂੰ ਪਿਆਰ ਅਤੇ ਸਤਿਕਾਰ ਨਾਲ।

ਸਤਿ ਸ੍ਰੀ ਅਕਾਲ।

***ਪੂਰਨ ਸਿੰਘ***

–0–

25 **ਅਪ੍ਰੈਲ** 2003

ਪਿਆਰੀ ਧੀ ਕੁਲਜੀਤ,
ਸਤਿ ਸ੍ਰੀ ਅਕਾਲ।

ਦੁਖੀ ਮਨੁੱਖਤਾ ਲਈ ਨਿਸ਼ਕਾਮ ਸੇਵਾ ਨੂੰ ਮਾਨਤਾ ਪ੍ਰਦਾਨ ਕਰਨ ਵਾਲੀ ਤੁਹਾਡੀ ਚਿੱਠੀ ਮਿਲੀ। ਇਹ ਚਿੱਠੀ ਨਹੀਂ ਬਲਕਿ ਮੇਰੀ ਹੌਸਲਾ ਵਧਾਈ ਅਤੇ ਪੱਥ ਪ੍ਰਦਸ਼ਕ ਕਰਨ ਵਾਲੀ ਸੂਰਜ ਦੀ ਪਹਿਲੀ ਕਿਰਨ ਹੈ। ਤੁਸੀਂ ਆਪ ਬਹੁਤ ਮਹਾਨ ਬਣੋਂਗੇ ਕਿਉਂਕਿ ਉਹੀ ਲੋਕ ਦੂਸਰੇ ਦੀ ਵਡਿਆਈ ਕਰ ਸਕਦੇ ਹਨ ਜੋ ਆਪ ਚੰਗੇ ਹੁੰਦੇ ਹਨ। ਮੇਰੀਆਂ ਵੀ ਇਕ 22 ਸਾਲ ਦੀ ਅਤੇ ਇਕ 16 ਸਾਲ ਦੀਆਂ ਦੋ ਬੇਟੀਆਂ ਹਨ। ਵੱਡੀ ਮੇਰੇ ਵਰਗੇ ਵਿਚਾਰ ਰੱਖਦੀ ਹੈ। ਸਮਾਜ ਸੇਵਿਕਾ ਬਣ ਕੇ ਦੁਨੀਆਂ ਦੇ ਦੁੱਖ ਦਰਦ ਵੰਡਾਉਣ ਲਈ ਯਤਨਸ਼ੀਲ ਹੈ। ਮੈਂ ਕਿੰਨਾ ਖੁਸ਼ਕਿਸਮਤ ਹਾਂ ਕਿ ਮੇਰੀਆਂ ਹੁਣ ਦੋ ਜਮਾਂ ਇਕ=ਤਿੰਨ ਧੀਆਂ ਹੋ ਗਈਆਂ ਹਨ, ਜਿਨ੍ਹਾਂ ਨਾਲ ਰਲ ਕੇ ਮੈਂ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਸਕਦਾ ਹਾਂ।

ਹਿੰਮਤ ਅਤੇ ਸਬਰ ਮੈਨੂੰ ਰੱਬ ਵਲੋਂ ਬਖ਼ਸ਼ੀ ਹੋਈ ਇਕ ਦਾਤ ਹੈ ਅਤੇ ਕੁਲਜੀਤ ਵਰਗੀਆਂ ਧੀਆਂ ਕੋਲੋਂ ਮਾਨਤਾ ਮਿਲਣਾ ਮੇਰੀ ਖੁਸ਼ਕਿਸਮਤੀ ਹੈ। ਚਾਹੇ ਮੇਰੀ ਕੁਲਜੀਤ ਵਰਗੀ ਧੀ ਆਪਣੀ ਕਲਮ ਦੀ ਤਾਕਤ ਨਾਲ ਇਸਤਰੀ ਜਾਤੀ ਨਾਲ ਹੋ ਰਹੀਆਂ ਵਧੀਕੀਆਂ ਦੇ ਵਿਰੁੱਧ ਆਵਾਜ਼ ਉਠਾ ਸਕਦੀ ਹੈ।

ਮੈਂ ਭੀ ਇਕ ਗਜ਼ਲ ਲੇਖਕ ਹਾਂ ਅਤੇ ਇਕ ਗਜ਼ਲਾਂ ਦੀ ਕਿਤਾਬ ਲਿਖ ਚੁੱਕਿਆ ਹਾਂ ਜਿਸ ਦਾ ਨਾਮ ਦਾਸਤਾਨ–ਏ–ਗਮ ਹੈ। ਜਿਸ ਵਿਚ ਮੈਂ ਸਮੁੱਚੀ ਇਸਤਰੀ ਜਾਤੀ ਦੇ ਦੁੱਖਾਂ ਦਾ ਤਰਜਬਾ ਕੀਤਾ ਹੋਇਆ ਹੈ। ਇਹ ਕਿਤਾਬ ਬੁੱਕ ਪੋਸਟ ਕਰਕੇ ਭੇਜਾਂਗਾ।

ਮੈਂ ਭਵਿੱਖ ਵਿਚ ਤੁਹਾਨੂੰ ਸਮਾਜ ਸੇਵਾ ਦੇ ਖੇਤਰ ਵਿਚ ਅਤੇ ਗਜ਼ਲਾਂ ਦੁਆਰਾ ਕੀਤੀ ਹੋਈ ਹਰੇਕ ਕਾਰਵਾਈ ਨਾਲ ਵਾਕਫ਼ ਕਰਵਾਉਂਦਾ ਰਹਾਂਗਾ। ਇਕ ਕਵਿਤਾ ਅਤੇ ਗਜ਼ਲ ਭੇਜ ਰਿਹਾ ਹਾਂ। ਅੱਛਾ ਰੱਬ ਤੁਹਾਨੂੰ ਖੁਸ਼ੀਆਂ ਅਤੇ ਤਰੱਕੀ ਦੇਵੇ।

ਤੇਰਾ ਧਰਮੀ ਪਿਤਾ

*ਪ੍ਰੇਮ ਸਿੰਘ*

–0–

**11 ਅਗਸਤ 2001**

ਪਿਆਰੀ ਕੁਲਜੀਤ, ਬੜਾ ਅੱਛਾ ਲੱਗਾ ਜਦੋਂ ਕੱਲ੍ਹ ਤੇਰਾ ਕਾਰਡ ਮਿਲਿਆ। ਇਹ ਮੇਰੇ ਲਈ ਬੜੇ ਫ਼ਖਰ ਵਾਲੀ ਗੱਲ ਹੈ ਕਿ ਤੈਨੂੰ ਐਨੀ ਦੂਰ ਬੈਠਿਆਂ ਮੇਰਾ ਜਨਮ ਦਿਨ ਯਾਦ ਰਿਹਾ। ਵਾਕਿਆ ਈ ਕੋਈ ਮੋਹ ਦੀਆਂ ਤੰਦਾਂ ਹਨ ਜੋ ਆਪਣੇ ਇਸ ਬੇਨਾਮ ਜਿਹੇ ਰਿਸ਼ਤੇ ਨੂੰ ਸੰਭਾਲੀ ਬੈਠੀਆਂ ਹਨ। ਨਹੀਂ ਤਾਂ ਕਿੱਥੇ ਕੁਲਜੀਤ ਅਤੇ ਕਿੱਥੇ ਪ੍ਰਵੇਸ਼ ਭੂਗੋਲਿਕ ਫਾਸਲਾ ਹੀ ਬਹੁਤ ਹੈ ਬਟਾਲੇ ਤੇ ਪਟਿਆਲੇ ਦਰਮਿਆਨ। ਬਟਾਲੇ ਨਾਲ ਮੇਰੀਆਂ ਬੜੀਆਂ ਪੁਰਾਣੀਆਂ ਯਾਦਾਂ ਜੁੜੀਆਂ ਹੋਈਆਂ ਹਨ। ਕਿਸੇ ਵੇਲੇ ਮੈਂ ਪੰਜਾਬ ਨੈਸ਼ਨਲ ਬੈਂਕ ਦੀ ਇੰਡਸਟ੍ਰੀਅਲ ਐਸਟੇਟ ਬ੍ਰਾਂਚ ਵਿਚ ਕੰਮ ਕਰਿਆ ਕਰਦਾ ਸੀ ਅਤੇ ਰਹਿੰਦੇ ਅਸੀਂ (ਮੈਂ ਤੇ ਮੇਰੇ ਰੂਮ ਮੇਟ) ਸਰਕੂਲਰ ਰੋਡ ਦੇ ਨੇੜੇ ਤੇੜੇ ਸੀ। ਉਸ ਗਲੀ ਵਿਚ ਢਕੁੰਜ ਪੀਰ ਨਾਂ ਦੀ ਇਕ ਮਜ਼ਾਰ ਤੇ ਵੀਰਵਾਰ ਨੂੰ ਖੂਬ ਮੇਲਾ ਭਰਦਾ ਹੈ ਜੋ ਅਸੀਂ ਆਪਣੇ ਚੁਬਾਰੇ ਦੀ ਬਾਲਕੋਨੀ 'ਚੋਂ ਦੇਖਿਆ ਕਰਦੇ ਸੀ। ਉਥੋਂ ਹੀ ਅਸੀਂ ਆਰ. ਆਰ. ਬਾਵਾ ਡੀ. ਏ. ਵੀ. ਕਾਲਜ ਦੀਆਂ ਖੂਬਸੂਰਤ ਕੁੜੀਆਂ ਨੂੰ ਸੜਕ ਤੇ ਜਾਂਦਿਆਂ ਵੇਖਕੇ ਹੁੰਦੇ ਸੀ। ਉਦੋਂ ਭਰ ਜਵਾਨ ਜੋ ਸੀ। ਸੰਨ 82–83 ਦੀਆਂ ਗੱਲਾਂ ਹਨ ਇਹ। ਸ਼ਾਮ ਨੂੰ ਚਕਰੀ ਬਾਜ਼ਾਰ ਘੁੰਮਣ ਜ਼ਰੂਰ ਜਾਣਾ। ਬਟਾਲੇ ਦੀਆਂ ਕੁੜੀਆਂ ਦੀ ਖੂਬਸੂਰਤੀ ਦੇਖ ਕੇ ਅਸੀਂ ਦੰਗ ਰਹਿ ਜਾਂਦੇ ਅਤੇ ਸੋਚਦੇ ਕਿ ਬਾਬੇ ਨਾਨਕ ਨੇ ਬੜੇ ਵਧੀਆ ਸ਼ਹਿਰ ਦੀ ਚੋਣ ਕੀਤੀ ਸਹੁਰੇ ਬਣਾਉਣ ਲਈ। ਹਾਂ, ਰੇਲਵੇ ਸਟੇਸ਼ਨ ਦੇ ਬਾਹਰ ਇਕ ਸੰਤ ਵੈਸ਼ਣੋ ਢਾਬਾ ਸੀ, ਜੋ ਸ਼ਾਇਦ ਹਾਲੇ ਵੀ ਹੋਵੇ ਹੋ ਸਕੇ ਤਾਂ ਕਦੀ ਉਥੇ ਜਾ ਕੇ ਮਲਾਈ ਕੋਫ਼ਤਾ ਖਾਣਾ। ਇਹ ਡਿਸ਼ ਮੈਨੂੰ ਹੋਰ ਕਿਤੇ ਵੀ ਉਸ ਤਰ੍ਹਾ ਦੀ ਸਵਾਦਿਸ਼ਟ ਅਤੇ ਸਲੀਕੇ ਨਾਲ ਪਰੋਸੀ ਹੋਈ ਨਹੀਂ ਮਿਲੀ। ਪਰ ਅਫ਼ਸੋਸ ਕਿ ਮੇਰਾ ਦਫ਼ਤਰੀ ਜੀਵਨ ਬਹੁਤਾ ਸੁਖਮਈ ਨਹੀਂ ਸੀ। ਬੈਂਕ ਵਿਚ ਮੇਰਾ ਉਹੋ ਹਾਲ ਹੁੰਦਾ ਸੀ ਜੋ ਕਦੀ ਬਾਬੇ ਨਾਨਕ ਦਾ ਮੋਦੀਖਾਨੇ ਵਿਚ ਹੁੰਦਾ ਸੀ। ਮੇਰੇ ਬੈਲੇਂਸ ਕਦੀ ਠੀਕ ਨਹੀਂ ਹੋਏ। ਬੈਂਕ ਦੇ ਕੰਮ 'ਚ ਕਦੀ ਦਿਲਚਸਪੀ ਪੈਦਾ ਨਹੀਂ ਹੋਈ। ਆਖਰ ਤਿਆਗ ਪੱਤਰ ਹੀ ਦੇਣਾ ਪਿਆ। ਪਰ ਸਾਡੀ ਪ੍ਰਾਈਵੇਟ ਲਾਈਫ਼ ਵਧੀਆ ਸੀ। ਇਸੇ ਕਰਕੇ ਸੰਤੁਲਨ ਬਣਿਆ ਰਿਹਾ, ਵਰਨਾ ਮਾਨਸਿਕ ਸੰਤੁਲਨ ਵੀ ਵਿਗੜ ਸਕਦਾ ਸੀ। ਚਲੋਂ, ਹੁਣ ਬਟਾਲਾ ਪੁਰਾਣ ਦੀ ਕਥਾ ਖ਼ਤਮ ਕਰਦੇ ਹਾਂ।

...ਕੁਲਜੀਤ ਤੇਰੀ ਸ਼ਖ਼ਸ਼ੀਅਤ ਵਿਚ ਕੁਝ ਅਸਪੱਸ਼ਟਤਾ ਜਿਹੀ ਲੱਗਦੀ ਹੈ। ਤੇਰਾ ਮੌਜੂਦਾ ਪਤਾ ਵੀ ਅਸਪੱਸ਼ਟ ਜਿਹਾ ਲੱਗਦਾ ਹੈ। ਪਤਾ ਨਹੀਂ ਲੱਗਦਾ 'ਫ਼ਤਹਿ ਜਗਜੀਤ' ਕੀ ਚੀਜ਼ ਹੈ–ਕੋਈ ਦੁਕਾਨ ਜਾਂ ਵਿਅਕਤੀ। ਤੂੰ ਲਿਖਿਐ ਤੂੰ ਖਾਲਸਾ ਕਾਲਜ 'ਚ ਐਮ. ਏ.–2 ਕਰ ਰਹੀ ਹੈ। ਕਿਹੜੇ ਖਾਲਸਾ ਕਾਲਜ 'ਚ। ਬਟਾਲੇ 'ਚ ਤਾਂ ਉਸ ਵੇਲੇ ਕੋਈ ਹੈ ਨਹੀਂ ਸੀ ਜਿਸ ਵੇਲੇ ਦੀ ਮੈਂ ਗੱਲ ਕਰਦਾ ਹਾਂ। ਬਾਅਦ 'ਚ ਖੁੱਲ੍ਹ ਗਿਆ ਹੋਵੇ ਤਾਂ ਕੁਝ ਕਹਿ ਨਹੀਂ ਸਕਦੇ। ਤੇਰਾ ਐਡਰੈਸ ਵੀ ਹਮੇਸ਼ਾ ਕੇਅਰਔਫ ਵਾਲਾ ਹੀ ਹੁੰਦਾ ਹੈ। ਕੀ ਕੋਈ ਸਮਾਜਿਕ ਮਜ਼ਬੂਰੀਆਂ ਹਨ ਜਾਂ ਕੁਝ ਹੋਰ? ਇਸ ਬਾਰੇ

ਜ਼ਰਾ ਵਿਸਥਾਰ ਪੂਰਵਕ ਜਾਣਕਾਰੀ ਦੇ ਸਕੇ ਤਾਂ ਮਿਹਰਬਾਨੀ ਹੋਵੇਗੀ।

ਤੂੰ ਮੇਰੀ ਸਿਹਤ ਬਾਰੇ ਪੁੱਛਿਆ ਹੈ। ਜਿੱਥੇ ਤੱਕ ਜਿਸਮਾਨੀ ਸਿਹਤ ਦਾ ਤਅਲੁੱਕ ਹੈ, ਉਹ ਕੋਈ ਬਹੁਤੀ ਠੀਕ ਨਹੀਂ ਕਿਉਂਕਿ ਗੋਡਿਆਂ ਵਿਚ ਕੋਈ ਦਰਦ ਪੱਕੇ ਤੌਰ 'ਤੇ ਬਹਿ ਗਿਆ ਹੈ। ਲੱਗਦਾ ਹੈ ਮਾਂ ਬਾਪ, ਭੈਣ-ਭਰਾ, ਬੱਚੇ ਸਭ ਸਾਥ ਛੱਡ ਜਾਣਗੇ। ਲੇਕਿਨ ਇਹ ਮੇਰੀ ਜੀਵਨ ਸਾਥਣ ਨੂੰ ਪਿਆਰ ਕਰਦਾ ਹਾਂ ਉਸੇ ਤਰ੍ਹਾਂ ਉਮਰ ਭਰ ਦੇ ਸਾਥੀ ਇਸੇ ਦਰਦ ਨਾਲ ਵੀ ਸਾਂਝ ਜਿਹੀ ਪੈ ਗਈ ਹੈ। ਜਿੱਥੇ ਤੱਕ ਮਾਨਸਿਕ ਸਿਹਤ ਦਾ ਸਵਾਲ ਹੈ, ਆਨੰਦ ਲਈ ਦਾ ਹੈ। ਹਮੇਸ਼ਾ ਹੱਸਦੇ ਹਸਾਉਂਦੇ ਖਿੜੇ ਮੱਥੇ ਰਹੀ ਦਾ ਹੈ। ਸਰੀਰ ਦਾ ਕੀ ਹੈ, ਇਹ ਤਾਂ ਹੈ ਹੀ ਨਾਸ਼ਵਾਨ! ਇਹ ਦੇਖ ਕੇ ਕਿੰਨਾ ਕੁ ਚਿਰ ਝੁਰਦੇ ਰਿਹਾ ਜਾ ਸਕਦਾ ਹੈ।

ਬੀਵੀ ਬੱਚੇ ਬਿਲਕੁਠ ਠੀਕ ਠਾਕ ਹਨ। ਜੇ ਇਸ ਵਾਰ ਆਪਣੀ ਇਕ ਤਸਵੀਰ ਭੇਜ ਸਕੇ ਤਾਂ ਬੜੀ ਮਿਹਰਬਾਨੀ ਹੋਵੇਗੀ। ਘੱਟੋ ਘੱਟ ਇਕ ਅਕਸ ਤਾਂ ਬਣੇ ਮਨ ਵਿਚ ਕਿ ਨਜ਼ਮ ਵਰਗੀ ਮੋਹ ਭਿੱਜੀ ਕੁਲਜੀਤ ਦੇਖਣ ਨੂੰ ਕਿਹੋ ਜਿਹੀ ਹੈ। ਬਾਕੀ ਕਦੀ ਫੇਰ।

*ਪ੍ਰਵੇਸ਼ ਸ਼ਰਮਾ*

-0-

ਪਿਆਰੀ ਕੁਲਜੀਤ ਜੀ,
ਨਮਸਤੇ!

ਕੁਲਜੀਤ ਜੀ ਮੈਂ ਤੁਹਾਡੀਆਂ ਰਚਨਾਵਾਂ ਜੋ ਕਿ ਮਿਤੀ 22 ਨੂੰ ਛਪੀਆਂ ਸਨ ਪੜ੍ਹੀਆਂ। ਤੁਹਾਡੀਆਂ ਇਹ ਰਚਨਾਵਾਂ ਬਹੁਤ ਬਹੁਤ ਹੀ ਪਿਆਰੀਆਂ ਸਨ। ਤੁਹਾਡੀਆਂ ਇਨ੍ਹਾਂ ਦੋ ਗਜ਼ਲਾਂ ਵਿਚ ਅਲੱਗ ਜਿਹੀ ਕਸ਼ਿਸ਼ ਸੀ ਇਨ੍ਹਾਂ ਰਚਨਾਵਾਂ ਵਿਚ ਦਰਦ ਅਤੇ ਵਿਛੋੜਾ ਸਾਫ਼-ਸਾਫ਼ ਝਲਕ ਰਿਹਾ ਸੀ। ਮੈਂ ਸ਼ਿਵ ਕੁਮਾਰ ਜੀ ਦਾ ਬਹੁਤ ਵੱਡਾ ਫੈਨ ਹਾਂ ਅਤੇ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਪੜ੍ਹ ਚੁੱਕਾ ਹਾਂ। ਤੁਹਾਡੀਆਂ ਰਚਨਾਵਾਂ ਵਿਚ ਵੀ ਉਹੀ ਦਰਦ ਅਤੇ ਵਿਛੋੜਾ ਹੈ ਜੋ ਸ਼ਿਵ ਕੁਮਾਰ ਜੀ ਦੀਆਂ ਰਚਨਾਵਾਂ ਵਿਚ ਹੈ। ਕੁਲਜੀਤ ਜੀ ਮੈਨੂੰ ਨਹੀਂ ਪਤਾ ਸੀ ਇਨ੍ਹਾਂ ਖ਼ੂਬਸੂਰਤ ਚਿਹਰਾ ਇਨ੍ਹਾਂ ਦਰਦ ਦਿਲ ਵਿਚ ਸਮਾਂ ਸਕਦਾ ਹੈ ਅਤੇ ਇਸ ਦਰਦ ਨੂੰ ਕਲਮ ਰਾਹੀਂ ਕਲਮਬੱਧ ਕਰਕੇ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰ ਸਕਦਾ ਹੈ। ਮੈਨੂੰ ਤੁਹਾਡੀਆਂ ਦੋਨੋਂ ਰਚਨਾਵਾਂ ਵਿਚਲੀਆਂ ਕੁਝ ਸਤਰਾਂ ਬਹੁਤ ਮਨ ਭਾਅ ਗਈਆਂ ਇਨ੍ਹਾਂ ਸਤਰਾਂ ਵਿਚ ਪ੍ਰਦੇਸ਼ੀ ਦਾ ਜ਼ਿਕਰ ਕਰਕੇ ਤਾਂ ਕਮਾਲ ਕਰ ਦਿੱਤੀ ਤੁਹਾਡੀਆਂ ਰਚਨਾਵਾਂ ਮੈਂ ਆਪਣੇ ਛੋਟੇ ਵੀਰ ਅਤੇ ਆਪਣੇ ਦੋਸਤ ਨੂੰ ਵੀ ਪੜ੍ਹਾਈਆਂ ਉਨ੍ਹਾਂ ਵੀ ਤੁਹਾਡੀਆਂ ਰਚਨਾਵਾਂ ਦੀ ਖ਼ੂਬ ਵਾਹ-ਵਾਹ ਕੀਤੀ। ਕੁਲਜੀਤ ਜੀ ਤੁਸੀਂ ਸੋਚਣਾ ਪਤਾ ਨਹੀਂ ਕੌਣ ਹੈ? ਜੋ ਮੈਨੂੰ ਲਿਖ ਰਿਹਾ ਹੈ।

ਕੁਲਜੀਤ ਜੀ ਮੇਰਾ ਨਾਮ ਪ੍ਰਦੀਪ ਹੈ। ਮੇਰੀ ਤੁਹਾਡੇ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਮੈਨੂੰ ਆਪਣੀ ਕਲਮਬੱਧ ਕਰਕੇ ਦੋ ਚਾਰ ਸ਼ੇਅਰ ਜ਼ਰੂਰ ਭੇਜਣਾ ਯਾਦ ਰੱਖਣਾ

ਕੁਲਜੀਤ ਜੀ ਇਨ੍ਹਾਂ ਸ਼ੇਅਰਾਂ ਵਿਚ ਵੀ ਉਹੀ ਦਰਦ ਹੋਵੇ ਜੋ ਕਿ ਤੁਹਾਡੀਆਂ ਰਚਨਾਵਾਂ ਵਿਚ ਸੀ। ਮੈਂ ਪਹਿਲੀ ਵਾਰ ਕਿਸੇ ਨੂੰ ਇਸ ਤਰ੍ਹਾਂ ਖ਼ਤ ਪਾ ਰਿਹਾ ਹਾਂ। ਮੈਂ ਰੱਬ ਅੱਗੇ ਇਹੀ ਦੁਆ ਕਰਦਾ ਹਾਂ ਕਿ ਇਕ ਦਿਨ ਤੁਸੀਂ ਇਹੋ ਜਿਹੀ ਰਚਨਾਕਾਰ ਬਣੋ ਕਿ ਹਰ ਕੋਈ ਤੁਹਾਨੂੰ ਜਾਣੇ। ਜੇ ਕੁਝ ਗਲਤ ਲਿਖ ਗਿਆ ਹੋਵਾਂ ਤਾਂ ਮਾਫ਼ ਕਰ ਦੇਣਾ!

ਆਪ ਦਾ ਸ਼ੁਭ ਚਿੰਤਕ

*ਪ੍ਰਦੀਪ ਮੱਲ*
*1002/12ਏ, ਗਲੀ ਨੰ: 11*
*ਬਾਲ ਸਿੰਘ ਨਗਰ, ਬਸਤੀ ਯੋਧੇਵਾਲ*
*ਲੁਧਿਆਣਾ - 141007*

–0–

ਮੇਰੇ ਪਿਆਰੇ "ਪੰਜਾਬ" ਦੀ ਪਿਆਰੀ ਧੀ

ਪ੍ਰਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵਲੋਂ ਬਹੁਤ ਬਹੁਤ ਪਿਆਰ ਕਬੂਲ ਕਰੋ...। ਸਦਾ ਖੁਸ਼ ਰਹੋ ਤੇ ਜਵਾਨੀਆਂ ਮਾਣੋ...।

ਸਭ ਤੋਂ ਪਹਿਲਾਂ ਤਾਂ ਅਸੀਂ (ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸਾਰੇ ਪੰਜਾਬੀ) ਉਸ ਮਾਤਾ ਪਿਤਾ ਨੂੰ ਸਿਰ ਝੁਕਾ ਕੇ ਪ੍ਰਣਾਮ ਕਰਦੇ ਹਾਂ ਜਿੰਨ੍ਹਾਂ ਨੇ ਤੁਹਾਡੇ ਵਰਗੇ ਇਨਸਾਨਾਂ ਨੂੰ ਜਨਮ ਦਿੱਤਾ ਤੇ ਪਾਲਿਆ ਜਿਸ ਸਦਕਾ ਤੁਸੀਂ ਇਕ ਅਲਗ ਤਰ੍ਹਾਂ ਦੀ Poetry ਦੀ ਰਚਨਾ ਕਰਕੇ ਨਾ ਸਿਰਫ਼ ਮਾਂ ਬੋਲੀ ਨਾਲ ਪਿਆਰ ਹੀ ਦਿਖਾਇਆ ਹੈ। ਬਲਕਿ ਪ੍ਰਦੇਸ਼ਾਂ International Level 'ਤੇ ਸਾਬਿਤ ਵੀ ਕਰ ਦਿਖਾਇਆ ਹੈ ਕਿ ਪੰਜਾਬੀ ਦੇ ਸਾਹਿਤ ਵਿਚ ਇਕ ਨੌਜਵਾਨ ਲੇਖਿਕਾ ਅਜਿਹੀ ਵੀ ਹੈ ਜਿਸ ਨੂੰ ਸਾਫ਼ ਸੁਥਰੀ ਪੰਜਾਬੀ ਸ਼ਾਇਰੀ ਲਿਖਣ ਤੇ ਉਹੀ ਸੋਚ ਰੱਖਣ ਦਾ ਮਾਣ ਹਾਸਿਲ ਹੈ।

ਇਹੀ ਕਾਰਣ ਹੈ ਕਿ ਕਨੇਡਾ ਵਿਚ ਨਗਾਰਾ ਵੀਕਲੀ ਵਿਚ ਤੁਹਾਡੀਆਂ ਕੁਝ ਗਜ਼ਲਾਂ ਛਪਣ ਤੋਂ ਬਾਦ ਤੁਹਾਡੀ Poetry ਦੀ ਮੰਗ ਹੋਰ ਵੀ ਵੱਧ ਗਈ ਹੈ।

ਪੰਜਾਬੀ ਦੇ ਪਾਠਕ ਇਕ ਘਾਟ ਜਿਹੀ ਮਹਿਸੂਸ ਕਰਦੇ ਹਨ ਜਦ ਤੁਹਾਡੀ ਕੋਈ ਰਚਨਾ ਅਖ਼ਬਾਰ ਵਿਚ ਨਾ ਹੋਵੇ। ਤੁਹਾਡੀ ਰਚਨਾ ਤੋਂ ਬਿਨ੍ਹਾਂ ਨਗਾਰਾ ਵੀਕਲੀ ਦਾ Poetry ਦਾ ਪੰਨਾ ਜਿਵਾਂ ਅਧੂਰਾ ਜਿਹਾ ਲੱਗਦਾ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਨਗਾਰਾ ਰਾਹੀਂ ਸਾਨੂੰ ਜ਼ਰੂਰ ਕੁਝ ਭੇਜਦੇ ਰਹੋਗੇ ਅਤੇ ਪ੍ਰਦੇਸ਼ੀ ਪੰਜਾਬੀਆਂ ਦੇ ਦਿਲਾਂ ਵਿਚ ਆਪਣੀ ਜਗ੍ਹਾ ਬਣਾਈ ਰੱਖੋਗੇ।

ਸਾਡੀ ਉਸ ਵਾਹਿਗੁਰੂ ਅੱਗੇ ਇਹੋ ਕਾਮਨਾ ਹੈ ਕਿ ਤੁਸੀਂ ਪੰਜਾਬੀ ਸਹਿਤ ਵਿਚ ਬਹੁਤ ਉਚੀ ਸਿਖਰ ਹਾਸਲ ਕਰੋ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰੋ।

ਅੰਤ ਵਿਚ ਇਕ ਵਾਰ ਫਿਰ ਤੋਂ

"Best Wishes"

ਤੁਹਾਡੀ Poetry ਨੂੰ ਪਿਆਰ ਕਰਨ ਵਾਲੇ /ਬਹੁਤ ਸਾਰੇ ਤੁਹਾਡੇ ਆਪਣੇ

ਪੰਜਾਬੀ ਪਾਠਕ...

*ਪੰਜਾਬੀ ਸਾਹਿਤ ਅਕੈਡਮੀ*
*ਟਰਾਂਟੋ (ਕੈਨੇਡਾ)*

-0-

**27/4/2006**

ਕੁਲਜੀਤ ਕੌਰ ਗਜ਼ਲ ਜੀ,

ਬਹੁਤ ਸਮੇਂ ਤੋਂ ਸੋਚ ਰਿਹਾ ਸੀ ਕਿ ਤੁਹਾਨੂੰ ਖ਼ਤ ਲਿਖਾਂ ਪਰ ਕਦੇ ਸਮਾਂ ਹੀ ਨਹੀਂ ਲੱਗਾ। ਅਖੀਰ ਅੱਜ ਸਮਾਂ ਲੱਗ ਹੀ ਗਿਆ ਹੈ। ਗਜ਼ਲ ਜੀ ਮੈਂ ਤੁਹਾਡੀਆਂ ਰਚਨਾਵਾਂ ਜੱਗ ਬਾਣੀ, ਫਿਲਮ ਐਂਡ ਮਿਊਜਿਕ, ਸੱਤ ਸਮੁੰਦਰੋਂ ਪਾਰ, ਰਜਨੀ ਆਦਿ ਮੈਗਜ਼ੀਨਾਂ ਵਿਚ ਪੜ੍ਹੀਆਂ ਹਨ। ਤੁਹਾਡੀ ਗਜ਼ਲ ਉਤੇ ਬੜੀ ਚੰਗੀ ਪਕੜ ਹੈ। ਤੁਹਾਡੀਆਂ ਗਜ਼ਲਾਂ ਪੜ੍ਹ ਕੇ ਰੱਜ ਜਿਹਾ ਆ ਜਾਂਦਾ ਹੈ, ਮਨ ਨੂੰ ਤਸੱਲੀ ਹੋ ਜਾਂਦੀ ਹੈ ਕਿ ਹਾਂ ਕੋਈ ਵਜ਼ਨਦਾਰ ਰਚਨਾ ਪੜ੍ਹੀ ਹੈ। ਕਈ ਗਜ਼ਲਾਂ ਤਾਂ ਵਾਰ-ਵਾਰ ਪੜ੍ਹਨ ਨੂੰ ਮਨ ਕਰਦਾ ਹੈ। ਗਜ਼ਲ ਜੀ, ਤੁਸੀਂ ਲਿਖਦੇ ਰਹੋ ਬਹੁਤ ਚੰਗਾ ਲਿਖਦੇ ਹੋ। ਸਾਹਿਤ ਜਗਤ ਵਿਚ ਕਿਸੇ ਸਮੇਂ ਤੁਹਾਡਾ ਨਾਮ, ਤਾਰਿਆਂ ਵਿਚਕਾਰ ਚੰਦ ਵਾਂਗ ਚਮਕੇਗਾ ਇਹ ਮੈਨੂੰ ਪੱਕਾ ਵਿਸ਼ਵਾਸ ਹੈ।

*- ਪਰਗਟ ਸਿੰਘ ਸਤੌਜ*
*ਪਿੰਡ - ਸਤੌਜ, ਡਾਕ. ਧਰਮਗੜ੍ਹ, ਜ਼ਿਲ੍ਹਾ ਸੰਗਰੂਰ (148028*

-0-

मिस कुलजीत नमस्ते,

आपका पत्र मिला पढ़कर दिल को यकीन ही नहीं हुआ कि ये आपका पत्र है क्योंकि जिस वक्त मैंने आपको पत्र लिखा था उस वक्त मेरे दिल में एक शक सा था कि पता नहीं आपको मेरा पत्र मिलेगा भी या नहीं और अगर मिलेगा तो पता नहीं आप उसका जवाब देंगी या नहीं। आपने पत्र में लिखा था कि आपको हिन्दी नहीं बाती तो ना सही आप पत्र का जवाब पंजाबी में ही लिखकर भेज दिया कि जीयेगा आपको हमारे भेजी हुई गजल और शेयर पसन्द आये इसके लिए मैं आपका दिल से शुक्रिया अदा करता हूं आपकी क्वालीफीकेशन कहा तक है और आप आज क ल क्या करती है इसके बारे में लिखीभेजना हमने तो आपकी सिर्फ दो ही गजलें पढ़ी है ऐसा तो हो नहीं सकता कि आपके पास सिर्फ दो ही गजलें होगी।

कृपा अपनी कुछ एक गजलें और भेजने की कोशिश कीजीयेगा हम

बड़ी शीदूत से इंतजार करेंगे हमारा कयास ये है कि आप हमें निराशा नहीं करेगी आपसे एक रिकवेस्ट है पोस्ट कार्ड की बजाये अगर आप लिफाफे में लिखकर पत्र भेजे तो ज्यादा अच्छा होगा। वैसे मेरे बहुत से दोस्त है जो मेरी शायरी पढ़ते है और उसकी शायद बेकार सी तारीफ भी कर देते है हमें लिखते हुए 17 साल हो गये हैं लेकिन हमने लड़कियों को इतनी गैहराई से लिखते हुए नहीं देखा है। जैसा कि आप लिखती है आपके लिखने का आदाज भी बिलकुल हमारे जैसा है आपकी गजल पढ़ने के बाद हमें ये एहसास हुआ कि आप उन आम लड़कियों में से नहीं हो जो कि इन सब चीजों को पढ़कर भूल जाती है इसलिए जब आपकी गजल पढ़ी तो खुद को रोक नहीं सका और आपको खत लिख दिया आपने पत्र का जवाब देकर हमें जो इज्जात बक्शी है उसके लिए बहुत बहुत शुक्रिया। आपने हमारी हैन्डराईटींग की प्रशंशा की इसके लिए भी बहुत बहुत शुक्रिया।

आपने आपना फोन नं० दिया था मैंने शनीवार दोपहर 1-30 बजे फोन किया था शायद आपकी माता जी ने फोन रिसीव किया था उन्होंने मेरे बारे में पूछा था मैंने अपना नाम और फगवाड़े से बोल रहा हूँ बता दिया था फिर मैंने आपके बारे में पूछा तो उन्होंने कहा कि आप बहाँ नहीं है। मैंने पूछा कि कब मिलेगी तो उन्होंने इतवार शाम तक कहा। कुलजीत जी आप ही बताइये कि अगर मैं फोन पर आपसे बात करना चाहूँ तो कब और किस वक्त फोन करूँ।

एक गजल और शेयर भेज रहा हूं। अगर पसन्द ना भी आये तो पढ़येगा जरूर। धन्यवाद! पत्र का जवाब जरूर और जल्दी दीजीयेगा।
पी. एस. नास्तिक

''दिल की चोटो ने कुछ सवाल उठाये थे दर्द के
चाहा जवाब देना तो कशमकश में ही रहे
दिल टूटने का दर्द किसी को समझाना नहीं पड़ता
ये वो दास्ताँ है जो चेहरे पे लिखी होती है''

***-पी एस नास्तिक***

-0-

ਆਦਰਯੋਗ ਕੁਲਜੀਤ
ਸਤਿ ਸ੍ਰੀ ਅਕਾਲ,

28 ਸਤੰਬਰ ਦਾ ਜੱਗ ਬਾਣੀ ਮਿਲਿਆ,

ਮੈਗਜ਼ੀਨ ਖੋਲਦਿਆਂ ਹੀ ਮੇਰੀ ਨਜ਼ਰ ਆਪ ਜੀ ਦੀਆਂ ਗਜ਼ਲਾਂ ਤੇ ਪਈ।

ਨਾਮ ਤੇਰੇ ਦਾ ਨਸ਼ਾ ਭਾਰੂ ਬੜਾ
ਹੋ ਗਿਆ ਹੈ ਦਿਲ ਸ਼ੁਦਾਈ ਰਹਿਮ ਕਰ
ਸੁਬਹ ਨੇ ਨਾ ਦਰਦ ਮੈਥੋਂ ਪੁੱਛਿਆ
ਚੁੱਪ ਕੀਤੇ ਸ਼ਾਮ ਵੀ ਢਲਦੀ ਰਹੀ।

180 ਸ਼ਬਦਾਂ ਦੇ ਸਮੂਹ ਨਾਲ ਬਣੀਆਂ ਦੋ ਗਜ਼ਲਾਂ ਦੀ ਜ਼ਿੰਨੀ ਵੀ ਤਾਰੀਫ਼ ਕਰਾਂ ਘੱਟ ਹੋਵੇਗੀ।

ਇਸ ਤੋਂ ਪਹਿਲਾਂ ਵੀ ਮੈਂ ਹਮਸਫਰ ਯਾਦਾਂ ਦੀ collection ਵਾਲੇ ਜਗਪਾਲ ਦੀ ਕਿਤਾਬ ਵਿਚ ਆਪ ਜੀ ਦੀਆਂ ਦੋ ਗਜ਼ਲਾਂ ਪੜ੍ਹ ਚੁੱਕਾ ਹਾਂ।

ਇਹ ਸੱਚ ਹੈ ਕਿ ਗਜ਼ਲ ਦਿਲ ਦੇ ਦਰਦ ਤੋਂ ਬਿਨ੍ਹਾਂ ਨਹੀਂ ਬਣਦੀ ਆਪ ਜੀ ਦੀਆਂ ਗਜ਼ਲਾਂ ਵਿਚ ਵੀ ਇਕ ਦਰਦ ਇਕ ਤੜਫ਼ ਇਕ ਪਿਆਸ ਹੈ।

ਮੇਰੀ ਕਾਮਨਾ ਹੈ ਕਿ ਆਪ ਬੁਲੰਦੀਆਂ ਦੇ ਸਿਖ਼ਰ ਤੱਕ ਉਪੜੋ ਔਰ ਸਭਹੁ ਮਨੋਕਾਮਨਾਵਾਂ ਪੂਰੀਆਂ ਹੋਵਣ। ਭਵਿੱਖ ਵਿਚ ਵੀ ਆਪ ਜੀ ਦੀਆਂ ਗਜ਼ਲਾਂ ਪੜ੍ਹਨ ਨੂੰ ਮਿਲਦੀਆਂ ਰਹਿਣ।

ਧੰਨਵਾਦ

*ਪ੍ਰਗਟ ਰੋਰਾ*

–0–

ਬਹੁਤ ਪਿਆਰੇ ਕੁਲਜੀਤ ਗ਼ਜ਼ਲ ਜੀ,

ਸਤਿ ਸ੍ਰੀ ਅਕਾਲ। ਕੁਝ ਦਿਨ ਹੋਏ ਮੈਨੂੰ American Biographical Institute, Inc ਵਲੋਂ ਇਕ ਖਤ ਮਿਲਿਆ। ਇਹ ਜਾਣ ਕਿ ਖੁਸ਼ੀ ਹੋਈ ਕਿ ਤੁਸੀਂ ਮੇਰਾ ਨਾਮ ਉਨ੍ਹਾਂ ਦੀ reference book ਲਈ nominat ਕੀਤਾ ਹੈ।

ਕੁਲਜੀਤ ਜੀ ਮੈਂ ਇਹ ਤਾਂ ਨਹੀਂ ਜਾਣਦੀ, ਕਿ ਮੈਂ ਇਸ ਦੇ ਕਾਬਿਲ ਹਾਂ ਵੀ ਜਾਂ ਨਹੀਂ। ਪਰ ਜੋ ਮਾਣ ਤੁਸੀਂ ਮੈਨੂੰ ਦਿੱਤਾ ਹੈ। ਉਸ ਲਈ ਮੈਂ ਤੁਹਾਡੀ ਤਹਿ ਦਿਲੋਂ ਧੰਨਵਾਦੀ ਹਾਂ।

ਤੁਹਾਡੀਆਂ ਕਵਿਤਾਵਾਂ "ਕਹਾਣੀ ਪੰਜਾਬ" ਅਤੇ ਫਿਰ "ਚਰਚਾ" ਵਿਚ ਪੜ੍ਹਨ ਦਾ ਮੌਕਾ ਮਿਲਿਆ ਸੀ। ਤੁਸੀਂ ਬਹੁਤ ਹੀ ਖੂਬਸੂਰਤ ਲਿਖਦੇ ਹੋ। ਆਪਣੀ ਇਸ ਕਲਾ ਨੂੰ ਹਮੇਸ਼ਾ ਜ਼ਿੰਦਾ ਰੱਖਣਾ। ਕੁਲਜੀਤ ਗ਼ਜ਼ਲ ਦੀ ਕਲਮ ਕਿਸੇ ਦਿਨ ਦੂਰ ਦੂਰ ਤੱਕ ਪਛਾਣੀ ਜਾਵੇਗੀ। ਇਹ ਮੇਰੀ ਦੁਆ ਹੈ।

ਅੱਜਕੱਲ੍ਹ ਤੁਸੀਂ ਕੀ ਕਰ ਰਹੇ ਹੋ? ਇਸ ਬਾਰੇ ਲਿਖਣਾ। ਹੋ ਸਕੇ ਤਾਂ ਆਪਣਾ ਕੋਈ ਫੋਨ ਨੰਬਰ ਜਾਂ ਈ-ਮੇਲ ਜ਼ਰੂਰ ਭੇਜਣਾ। ਮੈਂ ਤੁਹਾਡੇ ਨਾਲ ਫੋਨ ਤੇ ਗੱਲ ਕਰਨਾ ਚਾਹਾਂਗੀ।

*ਪਿਆਰ ਨਾਲ*
***ਪਰਮਜੀਤ ਸੋਮੀ***

-0-

ਆਦਰਯੋਗ ਕੁਲਜੀਤ ਗਜ਼ਲ ਜੀ ਅਤੇ ਪਰਿਵਾਰ ਲਈ 'ਨਵਾਂ ਸਾਲ ਮੁਬਾਰਕ' ਹੋਵੇ.... ਦੁਆ ਕਰਦਾ ਨਵਾਂ ਸਾਲ ਤੁਹਾਡੇ ਲਈ ਅਤੇ ਸਾਰੇ ਪਰਿਵਾਰ ਲਈ ਬਹੁਤ ਸਾਰੀਆਂ ਖੁਸ਼ੀਆਂ ਲੈ ਕੇ ਆਵੇ...ਸਾਰਿਆਂ ਦੀ ਚੰਗੀ ਸਿਹਤ ਬਣੀ ਰਹੇ...ਤੁਸੀਂ ਸਦਾ 'ਸਤਿ ਚਿਤ ਆਨੰਦ' ਦੀ ਅਵਸਥਾ ਵਿਚ ਵਿਚਰੋ...ਤੁਸੀਂ ਪੱਤਰਕਾਰੀ ਅਤੇ ਸਿਰਜਣਾ ਦੇ ਖੇਤਰ ਵਿਚ ਨਵੇਂ ਮੁਕਾਮ ਹਾਸਲ ਕਰੋ...ਬਹੁਤ ਸਾਰੀਆਂ ਸ਼ੁਭ-ਇੱਛਾਵਾਂ ਨਾਲ।

*ਤੁਹਾਡਾ*
*ਪਰਮਿੰਦੀ ਸੋਢੀ*
*ਓਸਾਕਾ, ਜਪਾਨ 2004*

-0-

ਆਦਰਯੋਗ,
ਮਿਸ ਕੁਲਜੀਤ ਗਜ਼ਲ ਜੀ,

ਸਤਿ ਸ੍ਰੀ ਅਕਾਲ। ਮੈਂ ਇਸ ਜਗ੍ਹਾ ਪਰ ਰਾਜੀ ਖੁਸ਼ੀ ਹਾਂ। ਆਪ ਜੀ ਦੀ ਰਾਜੀ ਖੁਸ਼ੀ ਵਾਹਿਗੁਰੂ ਪਾਸੋ ਨੇਕ ਚਾਹੁੰਦਾ ਹਾਂ, ਅਰੌ ਉਸ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਤੁਹਾਡੇ ਪੇਪਰ ਠੀਕ ਠਾਕ ਹੋ ਜਾਣ। ਕੁਲਜੀਤ ਜੀ ਬਹੁਤ ਜ਼ਿਆਦਾ ਮਨ ਨੂੰ ਖੁਸ਼ੀ ਪ੍ਰਾਪਤ ਹੋਈ, ਜਦੋਂ ਅੱਜ ਆਪ ਜੀ ਦੇ ਸ਼ੁਭ ਹੱਥਾਂ ਦਾ ਲਿਖਿਆ ਬਹੁਤ ਹੀ ਸਿੱਖਿਆਦਾਇਕ ਪ੍ਰਾਪਤ ਹੋਇਆ, ਔਰ ਜਾਣਦੀ ਹਾਂ ਕਿ ਕੁਲਜੀਤ ਕਿ ਕਾਸ਼! ਉਸ ਵਕਤ ਆਪ ਜੀ ਮੇਰੇ ਸਾਹਮਣੇ ਬੈਠੇ ਹੁੰਦੇ ਤਾਂ ਮੇਰੀ ਖੁਸ਼ੀ ਦਾ ਅਨੁਮਾਨ ਆਪ ਜੀ ਨੂੰ ਖੁਦ ਹੀ ਲੱਗ ਜਾਣਾ ਸੀ। ਕੁਲਜੀਤ ਜੀ ਆਪ ਜੀ ਦਾ ਖਤ ਸਾਹਮਣੇ ਰੱਖ ਕੇ ਜੁਵਾਬ ਭੇਜ ਰਿਹਾ ਹਾਂ ਜੀ, ਕੁਲਜੀਤ ਜੀ ਆਪ ਜੋ ਵੀ ਕੰਮ ਕਰੋ ਤਨਾਵ ਮੁਕਤ ਹੋ ਕੇ ਕਰੋ, ਕਿਉਂਕਿ ਜੇਕਰ ਰਾਤ ਪੈਦੀ ਹੈ, ਤਾਂ ਇਕਦਮ ਉਜਾਲਾ ਤਾਂ ਨਹੀਂ ਹੋ ਜਾਂਦਾ, ਉਸ ਨੂੰ ਵੀ ਵਕਤ ਜ਼ਰੂਰ ਲੱਗਦਾ ਹੈ, ਆਪ ਸਿਰਫ਼ ਮਿਹਨਤ ਕਰਦੀ ਜਾਵੋ, ਫਲ ਦੀ ਆਸ ਉਸ ਪ੍ਰਮਾਤਮਾ ਉਪਰ ਛੱਡ ਦੇਵੋਂ। ਆਪ ਜੀ ਨੂੰ ਕਾਮਯਾਬੀ ਜ਼ਰੂਰ ਮਿਲੇਗੀ। ਗਜ਼ਲ ਹਾਂ ਇਨਸਾਨ ਨੂੰ ਹਿੰਮਤ ਕਦੇ ਵੀ ਨਹੀਂ ਹਾਰਨੀ ਚਾਹੀਦੀ, ਆਪ ਟੀ. ਵੀ. ਉਪਰ 4 ਵਜੇ ਵਾਲਾ ਸੀਰੀਅਲ ਦਿਸਾਏ, 9:30 ਵਾਲਾ ਕੁਦਰਤ ਅਤੇ ਉਜਾਲਾ ਸੀਰੀਅਲ ਜ਼ਰੂਰ ਦੇਖਿਆ ਕਰੋ, ਕੁੱਝ ਨਾ ਕੁੱਝ ਆਪ ਜੀ ਨੂੰ ਸਿੱਖਣ ਨੂੰ ਮਿਲੇਗਾ। ਗਜ਼ਲ ਹਾਂ ਮੈਨੂੰ ਬਹੁਤ ਹੀ ਖੁਸ਼ੀ ਪ੍ਰਾਪਤ ਹੋਈ ਕਿ ਆਪ ਜੀ ਵਰਗੇ ਉਚ ਸਖ਼ਸ਼ੀਅਤ ਇਨਸਾਨ ਨਾਲ ਰਾਬਤਾ ਕਾਇਮ ਹੋਇਆ, ਔਰ ਆਪ ਜੀ ਨੇ ਮੇਰੇ ਖ਼ਤ ਦੀਆਂ ਭਾਵਨਾਵਾਂ ਨੂੰ ਸਮਝਿਆ। ਗਜ਼ਲ ਜੀ ਆਪ ਜੀ ਦਾ ਖ਼ਤ ਪੜ੍ਹ ਕੇ ਮਨ ਵਿਚ ਉਜਾਲਾ ਹੋ ਗਿਆ, ਕ੍ਰਿਪਾ ਆਸ ਇਸੇ ਤਰ੍ਹਾਂ ਹੀ ਰੈਗੂਲਰੀ ਖ਼ਤ ਜ਼ਰੂਰ ਲਿਖਦੀ ਰਹਿਣਾ।

ਗਜ਼ਲ ਹਾਂ ਆਪ ਜੀ ਵਰਗੇ ਇਨਸਾਨਾਂ ਦਾ ਮੈਂ ਤਹਿ ਦਿਲੋਂ ਆਦਰ ਕਰਦਾ ਹਾਂ। ਬੇਸ਼ੱਕ ਆਪ ਜੀ ਦੀ ਉਮਰ ਛੋਟੀ ਹੈ, ਲੇਕਿਨ ਆਪ ਜੀ thought ਬਹੁਤ ਉਚੇ

ਅਤੇ ਸੁੱਚੇ ਹਨ। ਬਹੁਤ ਹੀ ਵਧੀਆ ਵਿਚਾਰ ਸੀ, ਖ਼ਤ ਵਿਚ, ਮੈਂ ਆਪ ਜੀ ਨੂੰ ਤਹਿ ਦਿਲੋਂ ਵਧਾਈ ਭੇਜ ਰਿਹਾ ਹਾਂ ਔਰ ਉਮੀਦ ਕਰਦਾ ਹਾਂ, ਕਿ ਆਪ ਜੀ ਹਮੇਸ਼ਾ ਖ਼ਤ ਦਾ ਜਵਾਬ ਜ਼ਰੂਰ ਦਿੰਦੇ ਰਹੋਗੇ। ਕੁਲਜੀਤ ਗਜ਼ਲ ਜੀ ਆਪ ਜੀ ਦਾ ਖ਼ਤ ਸਰਪੰਚ ਜੋ ਕਿ ਮੇਰੇ ਵੱਡੇ ਭਾਈ ਸਮਾਨ ਹਨ, ਪੜ੍ਹਕੇ ਬਹੁਤ ਹੀ Effected ਹੋਏ, ਔਰ ਆਪ ਜੀ ਦੀਆਂ ਕਹਾਣੀਆਂ ਬਹੁਤ ਹੀ ਸ਼ੌਕ ਨਾਲ ਪੜ੍ਹਦੇ ਹਨ। ਔਰ ਆਪ ਜੀ ਦਾ ਖ਼ਤ ਪੜ੍ਹ ਕੇ ਵੀ ਬਹੁਤ ਖੁਸ਼ ਹੋਏ, ਦੁਆ ਕਰਦਾ ਹਾਂ ਕਿ ਕੁਲਜੀਤ ਗਜ਼ਲ ਜੀ ਆਪ ਇਹੋ ਜਿਹੀਆਂ ਸਿੱਖਿਆਦਾਇਕ ਕਹਾਣੀਆਂ ਵੱਧ ਤੋਂ ਵੱਧ ਸਾਡੇ ਤੱਕ ਪਹੁੰਚਾਇਆ ਕਰੋ ਅਤੇ ਅਸਾਂ ਰੱਬ ਦੇ ਅੱਗੇ ਅਰਦਾਸ ਕਰਦੇ ਹਾਂ ਕਿ ਕੁਲਜੀਤ ਗਜ਼ਲ ਜੀ ਮਹਾਰਾਜ ਆਪ ਜੀ ਨੂੰ ਬਹੁਤ ਵੱਡੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਖ਼ਤ ਦਾ ਜਵਾਬ ਜਲਦੀ ਤੋਂ ਜਲਦੀ ਗਜ਼ਲ ਜੀ ਬੰਦ ਲਿਫਾਫੇ ਵਿਚ ਭੇਜਣ ਦੀ ਕ੍ਰਿਪਾਲਤਾ ਕਰੋ।

ਧੰਨਵਾਦ ਸਹਿਤ

*ਅਜਾਈਬ ਸਿੰਘ ਬਾਜਵਾ*
*ਕੈਪਟਨ ਸਟੂਡੀਓ*
*ਸੁੰਦਰ ਨਗਰ, 17 ਅਬੋਹਰ*
*ਜਿਲ੍ਹਾ ਫਿਰੋਜ਼ਪੁਰ : 152116*

–0–

ਸਤਿਕਾਰਯੋਗ ਮੈਡਮ ਕੁਲਜੀਤ ਜੀ,
ਪਿਆਰ ਭਰੀ ਨਿੱਘੀ ਨਿੱਘੀ ਨਮਸਤੇ!

ਸਮਾਚਾਰ ਇਹ ਹੈ ਕਿ ਆਪ ਜੀ ਨਾਲ ਫੋਨ 'ਤੇ ਗੱਲ ਕਰਕੇ ਬਹੁਤ ਚੰਗਾ ਲੱਗਾ। ਆਪ ਦਾ ਹਿਰਦਾ ਬਹੁਤ ਵਿਸ਼ਾਲ ਜਾਪਦਾ ਹੈ।

ਮੈਂ ਜਿਸ ਦਿਨ ਆਪਣੇ ਪਿੰਡ ਕੰਗ ਆਈ ਤਾਂ ਜ਼ਰੂਰ ਫੋਨ ਕਰਾਂਗੀ। ਵੈਸੇ ਮੈਂ ਇਤਨੀ ਕਾਬਲ ਤੇ ਨਹੀਂ ਹੂੰ ਪਰ ਤੁਸੀਂ ਮਾਣ ਬਖ਼ਸ਼ਦੇ ਹੋ।

ਮੈਂ ਸਿਰਫ਼ ਬੀ. ਏ. ਤੱਕ ਪੜ੍ਹਾਈ ਕੀਤੀ ਹੋਈ ਹੈ ਤੇ ਅੱਜ ਕੱਲ੍ਹ ਬਸ ਕਵਿਤਾ ਤੇ ਗੀਤ ਲਿਖ ਰਹੀ ਹਾਂ ਤੇ ਸੰਗੀਤ ਸਿਖ ਰਹੀ ਹਾਂ।

ਹੁਣ ਤਾਂ ਬਸ ਆਪਦੇ ਮਿਲਣ ਦਾ ਇੰਤਜ਼ਾਰ ਹੈ ਆਪ ਨਾਲ ਮਿਲਕੇ ਬਹੁਤ ਖੁਸ਼ੀ ਹੋਵੇਗੀ।

ਆਪ ਹਮੇਸ਼ਾ ਖੁਸ਼ ਰਹੋ ਵਧੀਆ ਲਿਖੋ ਆਪਦੀਆਂ ਗਜ਼ਲਾਂ ਇਕ ਧਰੁਵ ਤਾਰੇ ਵਾਂਗ ਚਮਕਣ ਇਹੋ ਮੇਰੀ ਦੁਆ ਹੈ।

ਮੇਰਾ ਪਤਾ ਵੈਸੇ ਮੇਰੇ ਸਾਰੇ ਹੀ ਸਰੋਤੇ ਤੇ ਲੇਖਕਾ ਦੇ ਖ਼ਤ ਘਰ ਹੀ ਆਉਂਦੇ ਹੈ ਤੇ ਜਦ ਪਿੰਡ ਆਵਾ ਤਾਂ ਨਾਲ ਲੈ ਜਾਂਦੀ ਹਾਂ ਤੇ ਜਵਾਬ ਦੇ ਦੇਂਦੀ ਹਾਂ। ਤੁਸੀਂ ਮੈਨੂੰ ਇੱਥੇ ਜਲੰਧਰ ਦੇ ਪਤੇ ਤੇ ਲਿਖ ਲੈਣਾ।

***ਬਲਵਿੰਦਰ ਕੌਰ ਕੰਗ C/o ਊਧਮ ਸਿੰਘ ਮੌਜੀ,***
*ਪਿੰਡ ਨੰਗਲ ਸਲੀਮ, ਡਾਕ : ਨੂਰਪੁਰ*
*ਧੋਗੜੀ ਰੋਡ ਜਲੰਧਰ - 144001*

–0–

ਆਪ ਜੀ ਨੂੰ ਬੜੀ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਮਿੰਨੀ ਤ੍ਰੈਮਾਸਿਕ (ਸੰਪਾਦਕ ਡਾ: ਦੀਪਤੀ+ਅਗਰਵਾਲ+ਨੂਰ) ਦਾ 61ਵਾਂ (ਅਕਤੂਬਰ-ਦਸੰਬਰ) ਅੰਕ ਇਕ ਵੱਡ ਆਕਾਰੀ ਮਿੰਨੀ ਕਹਾਣੀ ਵਿਸ਼ੇਸ਼ ਅੰਕ ਹੋਵੇਗਾ। ਆਪ ਜੀ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਉਪਰਾਲਾ ਸਿਰੇ ਲੱਗ ਸਕਣਾ ਸੰਭਵ ਨਹੀਂ। ਸੋ ਆਪ ਜੀ ਨੂੰ ਗੁਜਾਰਿਸ਼ ਹੈ ਕਿ ਆਪਣੀਆਂ ਪਿਛਲੇ ਦੋ ਸਾਲਾਂ ਦੌਰਾਨ ਲਿਖੀਆਂ ਅਦਪ੍ਰਕਾਸ਼ਿਤ ਅਤੇ ਸ੍ਰੇਸ਼ਟ ਮਿੰਨੀ ਕਹਾਣੀਆਂ (ਦੋ, ਚਾਰ, ਛੇ) ਸੰਪਾਦਕ "ਮਿੰਨੀ" ਪੋਸਟ ਬਾਕਸ ਨੰ: 44 ਕੋਟਕਪੂਰਾ ਦੇ ਪਤੇ ਤੇ 10 ਅਗਸਤ ਤੋਂ ਪਹਿਲਾਂ-ਪਹਿਲਾਂ ਹੀ ਭੇਜ ਦਿੱਤੀਆਂ ਜਾਣ। ਮਿੰਨੀ ਕਹਾਣੀਆਂ ਦੀ ਚੋਣ ਸੰਪਾਦਕੀ ਮੰਡਲ ਦੇ ਸਾਂਝੇ ਫੈਸਲੇ ਅਨੁਸਾਰ ਕੀਤੀ ਜਾਵੇਗੀ। ਵਿਸ਼ੇਸ਼ ਅੰਕ ਨੂੰ ਪੁਸਤਕ ਰੂਪ ਵੀ ਦਿੱਤਾ ਜਾਵੇਗਾ। ਮਿੰਨੀ ਕਹਾਣੀ ਦੀ ਚੋਣ ਉਪਰੰਤ ਆਪ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਮਿੰਨੀ ਕਹਾਣੀਆਂ ਮੁੜਦੀ ਡਾਕ ਭੇਜੋ ਜੀ।

ਧੰਨਵਾਦ।

*ਬਿੱਕਰਮਜੀਤ ਨੂਰ*
*ਗੁਰੂ ਨਾਨਕ ਨਗਰ*
*ਗਿੱਦੜਬਾਹਾ - 152101*

-0-

ਸਾਹਿਤਕ ਖੇਤਰ ਵਿਚ ਉੱਭਰ ਰਹੀ ਲੇਖਿਕਾ ਜੱਗਾ।

ਮੈਂ ਆਪ ਜੀ ਨੂੰ ਨਵੇਂ ਸਾਲ 2002 ਦੀਆਂ ਢੇਰ ਸਾਰੀਆਂ ਮੁਬਾਰਕਾਂ ਭੇਜ ਰਿਹਾ ਹਾਂ।

ਕਾਮਨਾ ਕਰਦਾ ਹਾਂ ਕਿ ਆਉਣ ਵਾਲਾ ਸਾਲ ਤੁਹਾਲੇ ਲਈ ਹਰ ਪੱਖੋਂ ਤਰੱਕੀ ਵਾਲਾ ਹੋਵੇ।

ਲਖਣਪਾਲ ਵਿਚੋਂ ਤੁਹਾਡੀ ਕਵਿਤਾ ਪੜ੍ਹੀ "ਦਿਲ ਦੀ ਅਧੂਰੀ ਰੀਝ ਹੈ" ਪ੍ਰਸ਼ੰਸਾਯੋਗ ਸੀ।

ਸਾਲ ਨਵਾਂ ਚੜ੍ਹ ਆਇਆ ਲੈ ਖੁਸ਼ੀਆਂ ਦੇ ਢੇਰ। ਉਹੀਓ ਖੁਸ਼ੀਆਂ ਲੁੱਟਣਗੇ ਜੋ ਲੇਖਕ ਹੋਏ ਦਲੇਰ।

ਪੱਤਰ ਮਿਲ ਗਿਆ ਸੀ, ਪੱਤਰ ਦੀ ਉਡੀਕ ਰਹੇਗੀ। ਆਓ ਨਵੇਂ ਸਾਲ ਦੀ ਨਵੀਂ ਤਕਦੀਰ ਲਿਖੀਏ ਡੁੱਲੇ ਪਏ ਸੜਕਾਂ ਤੇ ਖੂਨ 'ਚੋਂ ਲੈ ਟੋਬਾ ਲਿਖੀਏ ਸ਼ਬਦ ਪਿਆਰ ਭਰੇ ਐਸੇ ਪੜ੍ਹ ਕਰ ਜਾਣ ਬੁਰੇ ਬੁਰਿਆਈ ਤੋਂ ਤੋਬਾ।

*ਪਿਆਰ ਨਾਲ,*
*ਬੇਦਰਦ ਲੰਗੋਰੀ, ਪਿੰਡ : ਲੰਗੋਰੀ*
*ਜ਼ਿਲ੍ਹਾ : ਹੁਸ਼ਿਆਰਪੁਰ*

-0-

ਸ੍ਰੀਮਾਨ ਜੀ,

ਮਾਤਾ ਜਾਗੀਰ ਕੌਰ

ਮਿੰਨੀ ਕਹਾਣੀ ਮੁਕਾਬਲੇ ਸਬੰਧੀ ਸਮਾਗਮ 25/8/01 ਨੂੰ ਸਵੇਰੇ 9 ਵਜੇ ਬਾਬਾ ਦੀਪ ਸਿੰਘ ਜੀ ਗਰਲਜ਼ ਕਾਲਜ ਮਲੌਦ (ਲੁਧਿਆਣਾ) ਵਿਖੇ ਹੋ ਰਹਾ ਹੈ, ਜ਼ਰੂਰ ਆਉਣਾ ਜੀ।

*ਬਲਵਿੰਦਰ ਕਾਲੀਆ,*
*ਪ੍ਰਧਾਨ*
*ਪੰਜਾਬੀ ਸਾਹਿਤ ਅਤੇ ਕਲਾ ਮੰਚ*
*ਮਲੌਦ (ਲੁਧਿਆਣਾ)*

-0-

6/2/02

ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਮੇਲੇ ਵਿਚ ਸ਼ਿਰਕਤ ਕਰਨ ਤੇ ਧੰਨਵਾਦ ਅਸੀਂ ਆਪ ਜੀ ਦੀ ਸਨਮਾਨ ਵਾਲੀ ਫੋਟੋ ਅਖ਼ਬਾਰ ਨੂੰ ਭੇਜ ਦਿੱਤੀ ਹੈ। ਦੁਵਾਰਾ ਇਕ ਕਾਪੀ ਤਿਆਰ ਕਰਵਾਕੇ ਆਪਨੂੰ ਜਲਦੀ ਭੇਜ ਦੇਵਾਂਗੇ। ਬਰਨਾਲਾ ਵਿਖੇ ਚੌਥਾ ਸਾਈਂ ਬੁੱਲੇ ਸ਼ਾਹ ਯਾਦਗਾਰੀ ਮੇਲਾ 3/3/2002 ਨੂੰ ਹੋ ਰਿਹਾ ਹੈ। ਆਪਨੇ ਜ਼ਰੂਰ ਪਹੁੰਚ ਜਾਣਾ। ਜੇਕਰ ਤੁਸੀਂ ਜਲਦੀ ਆਪਣੀ ਇਕ ਫੋਟੋ ਸਾਨੂੰ ਭੇਜ ਦੇਵੋਂ ਤਾਂ ਅਸੀਂ ਪੋਸਟਰ ਵਿਚ ਛਾਪਣ ਦੀ ਕੋਸ਼ਿਸ਼ ਕਰਾਂਗੇ। ਬਾਕੀ ਸਭ ਠੀਕ ਠਾਕ ਹੈ। ਸਾਰੇ ਪਰਿਵਾਰ ਸਮੇਤ ਆਪਨੂੰ ਸਤਿ ਸ੍ਰੀ ਅਕਾਲ।

*ਬਲਿਹਾਰ ਗੋਬਿੰਦਗੜ੍ਹੀਆ*
*ਪ੍ਰੀਤ ਦਵਾਖਾਨਾ*
*ਵਾਈ ਐੱਸ ਸਕੂਲ, ਨੇੜੇ ਬਸ ਅੱਡਾ ਬਰਨਾਲਾ*

ਬਹੁਤ ਹੀ ਪਿਆਰੇ ਤੇ ਸਤਿਕਾਰਯੋਗ,
ਕੁਲਜੀਤ ਕੌਰ ਗਜ਼ਲ ਜੀ,
ਸਤਿ ਸ੍ਰੀ ਅਕਾਲ।

ਮੈਡਮ ਜੀ ਕਾਮਰੇਡ ਬਾਪੂ ਸੁਰਜੀਤ ਗਿੱਲ ਜੀ ਕੋਲੋਂ ਆਪ ਜੀ ਦੀ ਗਜ਼ਲਾਂ ਦੀ ਪੁਸਤਕ 'ਤਰੇਲ ਜਿਹੇ ਮੋਤੀ' ਪੜ੍ਹਨ ਨੂੰ ਮਿਲੀ। ਮੈਂ ਪੜ੍ਹ ਚੁੱਕਾ ਹਾਂ, ਬਹੁਤ ਹੀ ਅੱਛੀਆਂ ਗਜ਼ਲਾਂ ਹਨ, ਮੈਨੂੰ ਪੜ੍ਹ ਕੇ ਬਹੁਤ ਹੀ ਸਕੂਨ ਮਿਲਿਆ, ਮੈਂ ਤਾਂ ਤੁਹਾਡੀਆਂ ਗਜ਼ਲਾਂ ਦਾ ਦੀਵਾਨਾ ਹੋ ਗਿਆ ਹਾਂ।

ਮੈਡਮ ਜੀ ਮੈਂ ਦੁਆ ਕਰਦਾ ਹਾਂ ਤੁਸੀਂ ਹਰ ਪਾਸਿਓਂ ਖੁਸ਼ ਰਹੋ ਤੇ ਏਦਾਂ ਵਧੀਆ ਹੀ ਰਚਨਾਵਾਂ ਲਿਖਦੇ ਰਹੋਂ, ਤੁਹਾਡੀ ਕਲਮ ਸਿਖਰਾਂ ਨੂੰ ਛੂਹੇ। ਮੈਂ ਆਪ ਜੀ ਦੀਆਂ ਰਚਨਾਵਾਂ ਨੂੰ ਬਹੁਤ ਮੁਹੱਬਤ ਕਰਦਾ ਹਾਂ।

ਤੁਹਾਡੀਆਂ ਗਜ਼ਲਾਂ ਵਿਚ 'ਪ੍ਰਦੇਸ਼ੀ' ਦਾ ਕਾਫ਼ੀ ਜ਼ਿਕਰ ਹੈ। ਮੈਡਮ ਜੀ, ਕਈ ਕਈ ਗਜ਼ਲਾਂ ਤਾਂ ਕਾਫੀ ਕਾਬਿਲੇ ਤਾਰੀਫ਼ ਹਨ। ਤੁਹਾਡਾ ਲਿਖਣ ਦਾ ਢੰਗ ਨਿਰਾਲਾ

ਹੈ।

ਮੈਡਮ ਜੀ, ਮੈਂ ਵੀ ਗਜ਼ਲ ਲਿਖਣ ਦਾ ਸ਼ੌਕ ਰੱਖਦਾ ਹਾਂ, ਪਰ ਪੂਰੀ ਗਜ਼ਲ ਦੀ ਸਾਰ ਨਹੀਂ ਹੈ, ਇਸ ਲਈ ਆਪ ਜੀ ਤੋਂ ਗਜ਼ਲ ਦੀਆਂ ਬਾਰੀਕੀਆਂ ਸਿੱਖਣੀਆਂ ਚਾਹੁੰਦਾ ਹਾਂ।

ਮੈਂ ਪਲੱਸ ਟੂ ਕਰ ਚੁੱਕਾ ਹਾਂ, ਅੱਗੇ ਪੜ੍ਹਨ ਦਾ ਰਸਤਾ ਬਣਾ ਰਿਹਾ ਹਾਂ। ਮੈਡਮ ਜੀ, ਕੋਈ ਸ਼ਬਦ ਤੁਹਾਡੇ ਖਿਲਾਫ਼ ਲਿਖਿਆ ਗਿਆ ਹੋਵੇ ਤਾਂ ਅਣਜਾਣ ਬੱਚਾ ਸਮਝ ਕੇ ਮੁਆਫ਼ ਕਰਨਾ।

ਆਪ ਜੀ ਦਾ ਸ਼ੁਭ ਚਿੰਤਕ

*ਬੇਅੰਤ ਸਿੰਘ ਭਲੂਰ (ਮੋਗਾ)*
*ਪਿੰਡ ਭਲੂਰ*
*ਜਿਲ੍ਹਾ ਮੋਗਾ-151207*
*ਫੋਨ ਨੰ: 98559-39780*

–0–

7/12/2001

ਆਦਰਯੋਗ,
ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਪ੍ਰਮਾਤਮਾ ਕਰੇ ਆਪ ਸਮੂਹ ਪਰਿਵਾਰ ਸਮੇਤ ਰਾਜੀ ਖੁਸ਼ੀ ਹੋਵੋ। ਪਿਛਲੇ ਸਾਲ ਵੀ ਆਪ ਨੂੰ ਸਾਈ ਬੁੱਲੇ ਸ਼ਾਹ ਯਾਦਗਾਰੀ ਸੱਭਿਆਚਾਰਕ ਮੇਲੇ ਤੇ ਸੱਦਾ ਪੱਤਰ ਭੇਜਿਆ, ਪਰ ਆਪ ਨਹੀਂ ਪਹੁੰਚੇ। ਐਂਤਕੀ ਵੀ ਜਨਵਰੀ 'ਚ ਮੇਲੇ ਦਾ ਪ੍ਰੋਗਰਾਮ ਹੈ। ਤੁਸੀਂ ਸੰਪਰਕ ਕਰਨਾ। ਅਸੀਂ ਆਪ ਨੂੰ ਬੁਲਾਵਾ ਭੇਜਾਂਗੇ। ਬਾਕੀ ਆਪਣੇ ਕਲਮੀ ਸਫ਼ਰ ਬਾਰੇ ਵੀ ਕੁਝ ਜਾਣਕਾਰੀ ਭੇਜਣਾ। ਤੁਸੀਂ ਅੱਜਕਲ੍ਹ ਕੀ ਕਰ ਰਹੇ ਹੋ ਸਾਹਿਤਕ ਰੁਚੀਆਂ ਦੀ ਪ੍ਰਾਪਤੀ ਲਿਖਕੇ ਭੇਜਣਾ। ਅਸੀਂ ਆਪ ਨੂੰ ਮੇਲੇ 'ਚ ਢੁਕਵਾਂ ਮਾਨ ਸਨਮਾਨ ਦੇਵਾਂਗੇ। ਇਸੇ ਉਮੀਦ 'ਚ ਹੀ ਸਮੂਹ ਪਰਿਵਾਰ ਨੂੰ ਆਦਰ ਭਰੀ ਸਤਿ ਸ੍ਰੀ ਅਕਾਲ ਸਹਿਤ।

***ਬਲਿਹਾਰ ਗੋਬਿੰਦਗੜ੍ਹੀਆ***
***ਪ੍ਰੀਤ ਦਵਾਖਾਨਾ***
***ਵਾਈ ਐਸ ਸਕੂਲ***
***ਨੇੜੇ ਬੱਸ ਅੱਡਾ ਬਰਨਾਲਾ।***

–0–

ਕੁਲਜੀਤ ਜੀ,

ਤੁਹਾਡਾ ਖ਼ਤ ਮਿਲਿਆ ਖ਼ਤ ਰਾਹੀਂ ਤੁਹਾਡੀਆਂ ਰਚਨਾਵਾਂ ਵੀ ਮਿਲ ਗਈਆਂ ਹਨ। ਖੂਬਸੂਰਤ ਹਨ, ਬਿਲਕੁਲ ਤੁਹਾਡੇ ਵਰਗੀਆਂ ਹਨ ਸੱਚ ਐਕਸੀਡੈਂਟ

ਬਾਰੇ ਪਤਾ ਚੱਲਿਆ ਸੀ ਹੁਣ ਕਿਵੇਂ ਹੋ। ਬਾਕੀ ਸੁੱਖਵਿੰਦਰ ਅਮ੍ਰਿਤ ਦੀ ਨਵੀਆਂ ਵਜ਼ਲਾਂ ਦੀ ਕਿਤਾਬ ਮਾਰਕੀਟ ਵਿਚ ਆਈ। ਉਸਨੂੰ ਜ਼ਰੂਰ ਪੜ੍ਹਨਾ, ਕਾਫੀ ਅੱਛਾ ਲਿਖਦੀ, ਤੁਹਾਡੇ ਗੀਤ ਮੈਂ ਜ਼ਰੂਰ ਰਿਕਾਰਡ ਕਰਾਵਾਂਗਾ। ਮੁਆਫ਼ੀ ਲਈ ਧੰਨਵਾਦ, ਕਦੋਂ ਮਿਲ ਰਹੇ ਹੋ ਜਲਦੀ ਕੋਸ਼ਿਸ਼ ਕਰਨਾ, ਕੋਈ ਗਲਤੀ ਹੋ ਗਈ ਹੋਵੇ ਤਾਂ ਮੁਆਫ਼ ਕਰਨਾ। ਮੇਰੇ ਵਲੋਂ ਬਹੁਤ ਸਾਰਾ ਪਿਆਰ ਤੇ ਸਤਿਕਾਰ।

*ਤੁਹਾਡੇ ਅਪਣਿਆਂ ਵਰਗਾ,*
*ਬਚਨ ਬੇਦਿਲ ਬਡਰੁੱਖਾ*

-0-

**11/4/02**

ਆਦਰਯੋਗ ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ।

ਕੁਲਜੀਤ ਜੀ ਮੇਰੇ ਬਹੁਤ ਸਾਰੇ ਦੋਸਤ ਹਨ ਹਰ ਕਿਤੇ ਹਰ ਵਰਗ ਨਾਲ ਜੁੜੇ ਲੋਕ ਸਰਵਿਸ਼ ਕਰਨ ਵਾਲੇ ਡਾਕਟਰ ਬਿਜ਼ਨਿਸ਼ ਮੈਨ ਕਲਾਕਾਰ ਜਾਂ ਤੁਹਾਡੇ ਵਾਗੂੰ ਗਜ਼ਲਾਂ ਜਾਂ ਕਹਾਣੀਆਂ ਲਿਖਣ ਵਾਲੇ ਮੈਨੂੰ ਉਨ੍ਹਾਂ ਦੁਆਰਾ ਕੀਤਾ ਚੰਗਾ ਕੰਮ ਜਿਸ ਨਾਲ ਮੇਰੇ ਮਨ ਨੂੰ ਤਸੱਲੀ ਜਾਂ ਸਕੂਨ ਮਿਲੇ ਤਾਂ ਮੈਂ ਉਸ ਨੂੰ ਆਪਣੇ ਮਨ ਦੀਆਂ ਪਲਕਾਂ ਤੇ ਸਾਰੀ ਉਮਰ ਲਈ ਬਿਠਾ ਲੈਂਦਾ ਹਾਂ। ਬਾਕੀ ਮੇਰਾ ਪੇਸ਼ਾ ਵੀ ਕੁਝ ਅਜਿਹਾ ਹੈ ਮੈਂ ਹੈਲਥ ਡਿਪਾਰਟਮਿੰਟ ਵਿਚ ਬਤੌਰ ਫਾਰਮਾਸਿਸ਼ਟ ਪਿੰਡ ਚੰਨੂ ਵਾਲਾ (ਮੋਗਾ) ਵਿਖੇ ਸਰਵਿਸ ਕਰਦਾ ਹਾਂ ਮੈਨੂੰ ਸਾਹਿਤ ਨਾਲ ਬਹੁਤ ਪਿਆਰ ਹੈ। ਮੈਂ ਬਹੁਤ ਸਾਰੇ ਲੇਖਕਾਂ ਨੂੰ ਪੜ੍ਹਿਆ ਹੈ ਕੁਝ ਮਨ ਨੂੰ ਚੰਗੇ ਲੱਗੇ। ਮੈਂ ਉਨ੍ਹਾਂ ਨੂੰ ਆਪਣਾ ਦੋਸਤ ਬਣਾਇਆ ਹੈ। ਸਾਡਾ ਚਿੱਠੀ ਪੱਤਰ ਅਕਸਰ ਚੱਲਦਾ ਰਹਿੰਦਾ ਹੈ। ਕਦੀ ਮੌਕਾ ਮਿਲੇ ਤਾਂ ਖੁਦ ਵੀ ਮਿਲ ਲਈਦਾ ਹੈ। ਸੋ ਤੁਸੀਂ ਵੀ ਮੇਰ ਉਨ੍ਹਾਂ ਵਿਚੋਂ ਇਕ ਹੋ ਇਸ ਲਈ ਮੈਂ ਤੁਹਾਨੂੰ ਇਹ ਪਹਿਲਾਂ ਖ਼ਤ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਕੁਲਜੀਤ ਜੀ ਮੈਂ ਤੁਹਾਡੀਆਂ ਗਜ਼ਲਾਂ ਪੜ੍ਹੀਆਂ ਹਨ ਤੁਸੀਂ ਬਹੁਤ ਵਧੀਆ ਗਜ਼ਲ ਲਿਖ ਲੈਂਦੇ ਹੋ। ਸ਼ਬਦਾਂ ਦੀ ਐਸੀ ਮਾਲਾ ਪਰਾਂਉਂਦੇ ਹੋ ਕਿ ਇਕ ਗਜ਼ਲ ਨੂੰ ਹੀ ਵਾਰ-ਵਾਰ ਪੜ੍ਹਨ ਨੂੰ ਦਿਲ ਕਰਦਾ ਹੈ। ਤੁਹਾਡੀਆਂ ਗਜ਼ਲਾਂ ਦਿਲ ਨੂੰ ਧੂਹ ਪਾਉਂਦੀਆਂ ਹਨ। ਵਾਕਿਆ ਹੀ ਤੁਹਾਡੀ ਲੇਖਣੀ ਵਿਚ ਅੰਤਾਂ ਦਾ ਦਰਦ ਹੈ ਪਿਆਰ ਹੈ ਅਤੇ ਬਿਰਾਗ ਹੈ।

ਕੁਲਜੀਤ ਜੀ ਇਕ ਮੈਂ ਤੁਹਾਡੀ ਕਹਾਣੀ ਪੜ੍ਹੀ ਸੀ "ਲੈਣ ਦਾ ਦੇਣ' ਜੋ 17 ਮਾਰਚ 2002 ਨੂੰ ਜੱਗ ਬਾਣੀ ਵਿਚ ਛਪੀ ਸੀ ਬਹੁਤ ਵਧੀਆ ਲੱਗੀ। ਵਾਕਿਆ ਹੀ ਤੁਸੀਂ ਦਫ਼ਤਰਾਂ ਵਿਚ ਬੈਠੇ ਭੱਦਰ ਪੁਰਸਾਂ ਦੇ ਚਿਹਰਿਆਂ ਤੋਂ ਨਕਾਬ ਲਗਾਉਣ ਦਾ ਯਤਨ ਕੀਤਾ ਹੈ ਕੇ ਕਿੰਝ ਦਫ਼ਤਰਾਂ ਵਿਚ ਬੈਠੇ ਜ਼ਿੰਮੇਵਾਰ ਅਫ਼ਸਰ ਲੋੜਵੰਦ ਇਨਸਾਨ ਦਾ ਸ਼ੋਸ਼ਣ ਕਿਵੇਂ ਕਰਦੇ ਹਨ। ਤੁਹਾਡੀ ਕਹਾਣੀ ਕਾਬਿਲੇ ਤਾਰੀਫ਼ ਹੈ। ਪਰ ਅੰਤ ਵਿਚ ਕੁਝ ਸਮਝ ਨਹੀਂ ਆ ਰਿਹਾ ਕਿ ਤੁਸੀਂ ਕੀ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕੀ ਜੋਗਾ ਸਿੰਘ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਂਦਾ ਹੈ ਜਾਂ ਨਹੀਂ। ਮੇਰੇ

ਖਿਆਲ ਵਿਚ ਨਹੀਂ? ਹੋ ਸਕੇ ਤਾਂ ਲਿਖਣ ਦੀ ਕੋਸ਼ਿਸ਼ ਕਰਨਾ।

*ਮੇਰਾ ਪਤਾ*
*ਫਾਰਮਾਸ਼ਿਸ਼ਟ ਬਲਤੇਜ ਸਿੰਘ ਮਿਨਹਾਸ*
*C/o ਫਰੈਂਡਜ ਮੈਡੀਕਲ ਸਟੋਰ*
*ਪਿੰਡ ਚੰਨੂ ਵਾਲਾ, ਜ਼ਿਲ੍ਹਾ ਮੋਗਾ - 142038*

–0–

ਕੁਲਜੀਤ ਕੌਰ ਜੀ,
ਸਭ ਤੋਂ ਪਹਿਲਾਂ ਪੰਜਾਬੀਆਂ ਦੇ ਸੁਭਾਅ ਅਨੁਸਾਰ ਸਤਿ ਸ੍ਰੀ ਅਕਾਲ।

ਮੈਂ ਤੁਹਾਡੀਆਂ ਗਜ਼ਲਾਂ ਜੱਗ ਬਾਣੀ ਅਖ਼ਬਾਰ ਵਿਚ ਪੜ੍ਹੀਆਂ ਬਹੁਤ ਵਧੀਆਂ ਲੱਗੀਆਂ ਮਨ ਕੀਤਾ ਕਿ ਤੁਹਾਨੂੰ ਖ਼ਤ ਲਿਖਾ ਪਰੰਤੂ ਸਮੇਂ ਨੇ ਇਜ਼ਾਜਤ ਹੀ ਨਹੀਂ ਦਿੱਤੀ, ਅੱਜ ਦੇ ਮਨੁੱਖ ਨੂੰ ਘਰ ਦੇ ਰੁਝੇਵਿਆਂ 'ਚੋਂ ਫੁਰਸਤ ਹੀ ਕਿੱਥੋਂ। ਅੱਜ ਜਦ ਮੈਂ ਆਪਣੀ ਅਲਮਾਰੀ ਵਿਚ ਇਕ ਪੁਰਾਣਾ ਅਖ਼ਬਾਰ ਲੱਭ ਰਿਹਾ ਸਾਂ ਤਾਂ 22 ਸਤੰਬਰ ਐਤਵਾਰ ਵਾਲਾ ਅਖ਼ਬਾਰ ਮੇਰੇ ਹੱਥ ਲੱਗਾ ਇਸ ਤੋਂ ਤੁਹਾਡੀਆਂ ਦੋ ਗਜ਼ਲਾਂ ਪੜ੍ਹੀਆਂ।

ਪੀੜ ਤੇਰੇ ਜਾਣ ਦੀ ਮੈਨੂੰ ਮਕਾਉਂਦੀ ਵੇਖ ਲੈ,
ਵੇਖ ਲਏ ਤੂੰ ਜਾਨ ਮੇਰੀ ਤਿਲਮਲਾਉਂਦੀ ਵੇਖ ਲੈ,

ਦਰਦ ਨੂੰ ਕਿੱਦਾਂ ਛਪਾਵਾਂ ਤੇ ਗਮਾਂ ਦਾ ਕੀ ਕਰਾਂ,
ਯਾਦ ਨ ਆਏ ਕਿਸੇ ਦੀ ਇਸ ਤਰ੍ਹਾਂ ਦਾ ਕੀ ਕਰਾਂ।

ਇਹ ਗਜ਼ਲਾਂ ਮੈਨੂੰ ਬਹੁਤ ਵਧੀਆ ਲੱਗੀਆਂ ਤੇ ਬਾਕੀ ਕੰਮ ਛੱਡ ਤੁਹਾਨੂੰ ਚਿੱਠੀ ਲਿਖਣ ਬੈਠ ਗਿਆ। ਮੈਨੂੰ ਸਾਹਿਤ ਪੜ੍ਹਨ ਦੇ ਨਾਲ ਲਿਖਣ ਦਾ ਵੀ ਮਾੜਾ ਮੋਟਾ ਸ਼ੌਂਕ ਹੈ ਤੇ ਤੀਸਰਾ ਸ਼ੌਂਕ ਇਹ ਹੈ ਕਿ ਜਿਹੜੇ ਲੇਖਕ ਦੀ ਗਜ਼ਲ ਪਸੰਦ ਆਵੇ ਕਿਤਾਬ ਜਾਂ ਨਾਵਲ ਪਸੰਦ ਆਵੇ ਉਸ ਨੂੰ ਖ਼ਤ ਜ਼ਰੂਰ ਲਿਖਾ। ਇਸ ਨਾਲ ਮੇਰੇ ਮਨ ਨੂੰ ਸਕੂਨ ਮਿਲਦਾ ਹੈ। ਪਹਿਲਾਂ ਮੈਂ ਜਗ ਬਾਣੀ ਵਿਚ ਸੁਖਵਿੰਦਰ ਅੰਮ੍ਰਿਤ ਦੀਆਂ ਕਿਤਾਬਾਂ ਵੀ ਪੜ੍ਹ ਚੁੱਕਾ ਹਾਂ ਜਿਵੇਂ ਚਿਰਾਗਾਂ ਦੀ ਡਾਰ, ਕਵੀਆਂ, ਪੱਤਝੜ ਵਿਚ ਪੁੰਗਰਦੇ ਪੱਤੇ ਅਤੇ ਹਰੇਕ ਕਿਤਾਬ ਤੋਂ ਬਾਅਦ ਖ਼ਤ ਲਿਖਦਾ ਰਿਹਾ ਹਾਂ ਉਨ੍ਹਾਂ ਜੁਆਬੀ ਖ਼ਤ ਵੀ ਭੇਜੇ ਹਨ। ਮੈਨੂੰ ਤੁਹਾਡੀ ਗਜ਼ਲਾਂ ਵਿਚ ਕਲਪਨਾ ਤੇ ਵਧੇਰੇ ਯਥਾਰਥ ਦਾ ਸਮੇਲ ਲੱਗਦਾ ਹੈ ਇਨ੍ਹਾਂ ਗਜ਼ਲਾਂ ਵਿਚੋਂ ਤੁਹਾਡੇ ਸੀਨੇ ਦੇ ਦਰਦ ਦਾ ਇਤਿਹਾਸ ਡੁਲ੍ਹ ਡੁਲ੍ਹ ਪੈਂਦਾ ਹੈ। ਤੁਹਾਡੀਆਂ ਇਹ ਲਿਖਤਾਂ ਤੁਹਾਡੇ ਸਿਰੜੀ ਤੇ ਮਿਹਨਤੀ ਹੋਣ ਦਾ ਝਾਉਲਾ ਵੀ ਪਾਉਂਦੀਆਂ ਹਨ ਤੇ ਔਰਤ ਜਾਤੀ ਤੇ ਕੀਤੇ ਗਏ ਅਨਿਆ ਦੇ ਖਿਲਾਫ਼ ਵੀ ਆਵਾਜ਼ ਉਠਾਉਂਦੀਆਂ ਹਨ। ਸੌ ਜੇਕਰ ਤੁਹਾਡੀ ਕੋਈ ਕਿਤਾਬ ਛਪੀ ਹੈ ਤਾਂ ਜ਼ਰੂਰ ਦੱਸਣਾ ਸੋ ਲਿਖਣਾ ਬੰਦ ਕਰਦਾ ਹਾਂ ਮੈਂ ਅਜੇ ਦੂਸਰਾ ਅਖ਼ਬਾਰ ਵੀ ਲੱਭਣਾ ਹੈ ਰਾਤ ਵੀ ਕਾਫ਼ੀ ਬੀਤ ਚੁੱਕੀ ਹੈ। ਮੰਮੀ ਵੀ ਵਾਜਾਂ ਮਾਰੀ ਜਾਂਦੀ ਕਾਕਾ ਬੱਤੀ ਬੰਦ ਕਰਕੇ ਸੌ ਜਾ ਸਵੇਰੇ ਕਾਲਜ ਜਾਣ ਲਈ ਸਵਖਤੇ ਉਠਣਾ ਹੈ।

***ਬਲਕਰਨ ਸਿੰਘ ਸੰਧੂ***

–0–

23/11/07

ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ।

'ਤਰੇਲ ਜਿਹੇ ਮੋਤੀ' ਗ਼ਜ਼ਲ ਸੰਗ੍ਰਿਹ ਪੜ੍ਹਕੇ ਤੁਹਾਡੇ ਉਪ ਨਾਮ ਦੀ ਪ੍ਰੋੜਤਾ ਹੋ ਗਈ ਹੈ। ਤੁਹਾਡਾ ਸਾਰਾ ਜੀਵਨ ਗ਼ਜ਼ਲ ਜਿਹਾ ਹੈ। ਜਿਸਨੂੰ ਸਰਦਾਰ ਪੰਛੀ ਵਰਗੇ ਸ਼ਾਇਰ ਦੀ ਅਸ਼ਰੀਵਾਦ ਪ੍ਰਾਪਤ ਹੋਵੇ ਉਸਦੀ ਰਚਨਾ ਵਿਚ ਬਹਿਰ ਵਜ਼ਨ ਅਤੇ ਕੋਈ ਕਾਵਿ ਨੁਕਸ ਕੱਢਿਆ ਹੀ ਨਹੀਂ ਜਾ ਸਕਦਾ। ਕਵੀ ਦੀ ਕਾਵਿ ਉਡਾਰੀ ਅਤੇ ਅਲੰਕਾਰ ਰਚਨਾ ਨੂੰ ਪੜ੍ਹਨਯੋਗ ਬਣਾਉਂਦੇ ਹਨ। ਤੁਹਾਡੀ ਹਰ ਗਜ਼ਲ ਵਿਚ ਉਹ ਸਾਰੇ ਗੁਣ ਹਨ ਜਿਨ੍ਹਾਂ ਨੂੰ ਪੜ੍ਹਕੇ ਪਾਠਕ ਅਨੰਦ ਮਾਣਦਾ ਹੈ।

ਤੁਹਾਡੀ ਸ਼ਾਇਰੀ ਵਿਚ ਇਸਤਰੀ ਦੀ ਮਾਨਸਿਕਤਾ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਤੁਸੀਂ ਇਕ ਧਿਰ ਬਣਕੇ ਚੰਡੀ ਦੇ ਰੂਪ ਵਿਚ ਇਸ ਵਰਗ ਤੇ ਨਾਲ ਖੜ੍ਹੇ ਹੋ। ਵਧਾਈ ਦੇ ਪਾਤਰ ਹੋ।

ਤੁਹਾਡੀ ਗਜ਼ਲ ਨਿੱਜ ਤੋਂ ਪਰ ਤੱਕ ਦਾ ਸਫ਼ਰ ਕਰਦੀ ਸੰਸਾਰ ਪੱਧਰ ਦੀਆਂ ਸਮੱਸਿਆਵਾਂ ਨੂੰ ਕਲਾਵੇ ਵਿਚ ਲੈ ਕੇ ਆਪਣੀ ਪਹਿਚਾਣ ਬਣਾ ਰਹੀ ਹੈ। ਮੇਰੀ ਦੁਆ ਹੈ ਤੁਹਾਡੀ ਕਲਮ ਇਸ ਤਰ੍ਹਾਂ ਹੀ ਚੱਲਦੀ ਰਹੇ।

*ਹਿੱਤੂ*
*ਬਾਬੂ ਸਿੰਘ ਚੌਹਾਨ ਐੱਮ. ਏ., (ਪੰਜਾਬੀ)*
*ਐੱਮ. ਸੀ. ਵਾਰਡ ਨੰ: 9*
*ਖਮਾਣੋਂ ਪਿੰਨ ਕੋਡ 140801*

-0-

15/06/2007

ਕੁਲਜੀਤ ਗਜ਼ਲ,
ਸ਼ੁਭ ਇੱਛਾਵਾਂ!

ਤੇਰੀ ਕਿਤਾਬ 'ਤਰੇਲ ਜਿਹੇ ਮੋਤੀ' ਪੰਜਾਬੀ ਅਕਾਦਮੀ, ਦਿੱਲੀ ਵਲੋਂ ਰੀਵੀਊ ਲਈ ਮੇਰੇ ਕੋਲ ਆਈ ਹੈ। ਕਿਤਾਬ ਪੜ੍ਹ ਕੇ ਮਹਿਸੂਸ ਹੋਇਆ ਕਿ ਤਕਨੀਕੀ ਸੂਝ ਦੇ ਨਾਲ ਨਾਲ ਤੇਰੇ ਕੋਲ ਗ਼ਜ਼ਲ ਦੀ ਵੀ ਸਮਝ ਹੈ। ਪੰਜਾਬੀ ਗਜ਼ਲ ਵਿਚ ਸੁਰਜੀਤ ਸਖੀ ਤੇ ਸੁਖਵਿੰਦਰ ਅੰਮ੍ਰਿਤ ਤੋਂ ਇਲਾਵਾ ਹੋਰ ਕੋਈ ਸ਼ਾਇਰ ਮੈਨੂੰ ਅਜਿਹੀ ਨਹੀਂ ਦਿਸਦੀ ਜਿਸਨੇ ਇਸ ਖੇਤਰ ਵਿਚ ਆਪਣੀ ਥਾਂ ਬਣਾਈ ਹੋਵੇ। ਪਰ ਤੇਰੀਆਂ ਗਜ਼ਲਾਂ ਇਹ ਵਿਸ਼ਵਾਸ ਪੈਦਾ ਕਰਦੀਆਂ ਹਨ ਕਿ ਆਉਣ ਵਾਲੇ ਸਮੇਂ ਵਿਚ ਪੰਜਾਬੀ ਗਜ਼ਲ ਨੂੰ ਤੇਰੇ ਉਤੇ ਮਾਣ ਹੋਵੇਗਾ। ਸ਼ਾਇਦ ਸਰਦਾਰ ਪੰਛੀ ਹੋਰਾਂ ਵਰਗੇ ਜ਼ਹੀਨ ਸ਼ਾਇਰਾਂ ਦੀ ਸੁਹਬਤ ਸਦਕਾ ਹੀ ਤੂੰ ਗਜ਼ਲ ਦੀ ਅਸਲੀ ਰਮਜ਼ ਨੂੰ ਪਛਾਣਿਆ ਹੈ। ਇਸ

ਕਿਤਾਬ ਦੇ ਅਨੇਕਾਂ ਸ਼ੇਅਰ ਮਨ ਵਿਚ ਹਲਚਲ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਉਹ ਗਜ਼ਲ ਜਾਂ ਨਜ਼ਮ ਜੋ ਪੜ੍ਹਣ ਜਾਂ ਸੁਨਣ ਵਾਲੇ ਨੂੰ ਝੰਜੋੜਦੀ ਨਹੀਂ, ਰੌਂਗਟੇ ਨਹੀਂ ਖੜ੍ਹੇ ਕਰਦੀ, ਦਿਲ 'ਤੇ ਅਸਰ ਨਹੀਂ ਕਰਦੀ, ਉਹ ਕੁਝ ਵੀ ਹੋ ਸਕਦੀ ਹੈ ਸ਼ਾਇਰੀ ਨਹੀਂ ਹੋ ਸਕਦੀ। ਤੇਰੇ ਕਈ ਸ਼ੇਅਰਾਂ ਨੂੰ ਪੜ੍ਹ ਮਨ ਵਿਚ ਅਜਿਹੀਆਂ ਹੀ ਲਹਿਰਾਂ ਉਠਦੀਆਂ ਹਨ। ਜਿਵੇਂ:-

ਮਾਵਾਂ ਦੇ ਸਿਵੇ ਬਲ ਕੇ ਬੁਝ ਗਏ ਨੇ ਉਡੀਕਦਿਆਂ,
ਪਰਦੇਸ਼ 'ਚ ਵਸਦਿਆਂ ਨੂੰ ਕੋਈ ਖ਼ਬਰ ਪੁਚਾ ਦੇਵੇ।

ਪਹਿਲਾਂ ਅੱਖੀਆਂ 'ਚ ਮੈਨੂੰ ਵਸਾ ਤਾਂ ਸਹੀ,
ਤੇਰੇ ਦਿਲ 'ਚ ਮੈਂ ਆਪੇ ਉਤਰ ਜਾਵਾਂਗੀ।

ਸਾਂ ਅਸੀਂ ਅਨਪੜ੍ਹ ਤਾਂ ਸਭ ਰੁਜ਼ਗਾਰ 'ਤੇ ਸਾਂ,
ਡਿੱਗਰੀਆਂ ਨੇ ਸਾਨੂੰ ਬੇ-ਰੁਜ਼ਗਾਰ ਕੀਤਾ।

ਕਰ ਕਰ ਯਾਦ ਸੱਜਣ ਆਪਣੇ ਨੂੰ ਰਤ ਦੇ ਹੰਝੂ ਕੇਰਾਂ,
ਰਾਤ ਛੁਰੀ ਬਣ ਬਣ ਕੇ ਮੇਰੀ ਅੱਖ 'ਚੋਂ ਲੰਘਦੀ ਜਾਵੇ।

ਉਹਦੇ ਬਿਨ ਇਕ ਅਧੂਰਾਪਨ ਮੇਰੇ ਜੀਵਨ ਦਾ ਹਿੱਸਾ ਹੈ,
ਗਜ਼ਲ ਨੂੰ ਭਾਲ ਸੀ ਜਿਸਦੀ ਨਹੀਂ ਉਹ ਕਾਫ਼ੀਆ ਮਿਲਿਆ।

ਫੁੱਲ ਚੜ੍ਹਾ ਕੇ ਕਰ ਲਿਆ ਇਕ ਦੇਵਤੇ ਨੂੰ ਖੁਸ਼ ਅਸਾਂ,
ਕੌਣ ਜਾਣੇ ਪੀੜ ਕਿੰਨੀ ਤਿਤਲੀਆਂ ਦੇ ਦਿਲ 'ਚ ਹੈ।

ਨਦੀਆਂ ਨੂੰ ਦੋਸ਼ ਦੇਣਾ ਹੀ ਹੁਣ ਬਾਕੀ ਰਹਿ ਗਿਆ,
ਮਿੱਟੀ ਦਾ ਬਾਵਾ ਖਰ ਗਿਆ ਤੇਰੀ ਉਡੀਕ ਵਿਚ।

ਮਾਰੂਥਲ ਵਿਚ ਮ੍ਰਿਗ ਤ੍ਰਿਸ਼ਨਾ ਮਾਰੇਗੀ,
ਹੋਰ ਕੀ ਦੱਸ ਵਿਗਾੜੂ ਮਨ ਦੀ ਪਿਆਸ ਮੇਰਾ।

ਤੇਰੇ ਬਿਨਾਂ ਪਰਦੇਸੀਆ ਫਿਰ ਕੀ ਗਜ਼ਲ ਦੀ ਹੋਂਦ ਹੈ,
ਮਿਸਰੇ, ਰਦੀਫ਼ਾਂ, ਰਾਗਣੀ ਸਭ ਹੋਣਗੇ, ਪਰ ਤੂੰ ਨਹੀਂ।

ਅਜਿਹੇ ਹੋਰ ਵੀ ਕਿੰਨੇ ਸ਼ੇਅਰ ਹਨ ਜੋ ਮਨ ਵਿਚ ਲਹਿ ਜਾਂਦੇ ਹਨ। ਅਹਿਸਾਸ ਦੀ ਸ਼ਿੱਦਤ ਅਤੇ ਜ਼ੁਬਾਨ ਦੀ ਤਾਜ਼ਗੀ ਇਨ੍ਹਾਂ ਦੀ ਖਾਸ਼ੀਅਤ ਹੈ।

ਮੈਨੂੰ ਨਹੀਂ ਪਤਾ ਤੇਰੇ ਪਸੰਦੀਦਾ ਸ਼ਾਇਰ ਕੌਣ ਨੇ ਪਰ ਜੇ ਤੂੰ ਅਹਿਮਦ ਫਰਾਜ਼, ਪਰਵੀਨ ਸ਼ਾਇਰ, ਨਿਦਾ ਫਾਜ਼ਲੀ, ਬਸ਼ੀਰ ਬਦਰ ਤੇ ਦੁਸ਼ਿਅੰਤ ਕੁਮਾਰ ਵਰਗੇ ਸ਼ਾਇਰਾਂ ਨੂੰ ਪੜ੍ਹ ਲਵੇ, ਜੋ ਜਦੀਦ ਗਜ਼ਲ ਦੇ ਹਸਤਾਖ਼ਰ ਹਨ, ਤਾਂ ਤੇਰੀ ਗਜ਼ਲ

ਇਸ ਤੋਂ ਵੀ ਕਈ ਕਦਮ ਅੱਗੇ ਜਾਏਗੀ।

ਮੈਂ ਗਜ਼ਲ ਦਾ ਉਸਤਾਦ ਨਹੀਂ। ਪਰ ਜਿੰਨੀ ਕੁ ਅਕਲ ਮੈਨੂੰ ਹੋਰਾਂ ਨੂੰ ਪੜ੍ਹ ਸੁਣ ਕੇ ਆਈ ਹੈ, ਉਸ ਦੇ ਅਧਾਰ ’ਤੇ ਕਹਿ ਰਿਹਾ ਹਾਂ ਕਿ ਇਸ ਖ਼ੂਬਸੂਰਤ ਕਿਤਾਬ ਦੇ ਕੁਝ ਸ਼ੇਅਰ ਰੜਕਦੇ ਵੀ ਨੇ। ਆਮ ਪਾਠਕ ਜਾਂ ਸਰੋਤੇ ਲਈ ਠੀਕ ਹੋ ਸਕਦੇ ਨੇ ਜਾਂ ਕਵੀ ਦਰਬਾਰਾਂ ਵਿਚ ਵੀ ਦਾਦ ਹਾਸਲ ਕਰ ਸਕਦੇ ਨੇ, ਪਰ ਗ਼ਜ਼ਲ ਦੀ ਸੂਝ ਰੱਖਣ ਵਾਲੇ ਨੂੰ ਜ਼ਰੂਰ ਖਟਕਦੇ ਨੇ। ਜਿਵੇਂ:-

ਹੋਕੇ ਤੇਰੇ ਤੋਂ ਜੁਦਾ ਮੈਨੂੰ ਇਹ ਪਤਾ ਲਗਾ, ਦੀ ਥਾਂ
ਹੋ ਕੇ ਤੇਰੇ ਤੋਂ ਜੁਦਾ ਮੈਨੂੰ ਪਤਾ ਲੱਗਿਆ, ਵਿਚ ਵਧੇਰੇ ਰਵਾਨੀ ਹੈ।

ਜਾ ਅਮ੍ਰੀਕਾ, ਕਨੇਡਾ ਭਾਵੇਂ ਤੂੰ ਇੰਗਲੈਂਡ ਜਾ, ਵਿਚ ਸਕਤਾ ਹੈ
ਭਾਵੇਂ ਅਮਰੀਕਾ, ਕਨੇਡਾ ਭਾਵੇ ਤੂੰ ਇੰਗਲੈਂਡ ਜਾ, ਵਿਚ ਰਵਾਨੀ ਹੈ।

ਜਦੋਂ ਮਿਲਿਆ ਮੈਨੂੰ ਕੋਈ ਤਾਂ ਪਥਰ ਦਾ ਖੁਦਾ ਮਿਲਿਆ, ਵਿਚ
ਮੈਨੂੰ ‘ਮਨੂੰ’ ਬਣ ਗਿਆ ਹੈ ਜੋ ਠੀਕ ਨਹੀਂ ਲਗਦਾ। ਇਸ ਨੂੰ
ਏਦਾਂ ਵੀ ਕਿਹਾ ਜਾ ਸਕਦਾ ਹੈ ‘ਜਦੋਂ ਮੈਨੂੰ ਕੋਈ ਮਿਲਿਆ....’

ਪੰਨ 74 ਉਤੇ ਛਾਪੀ ਗਜ਼ਲ ਵਿਚ ਕਾਫ਼ੀਏ ਦਾ ਦੋਸ਼
ਪੈਦਾ ਹੋ ਗਿਆ ਹੈ। ਮਤਲੇ ਵਿਚ ‘ਮੁਸ਼ਕਿਲ’ ਤੇ ਮਹਿਫ਼ਲ
ਕਾਫ਼ੀਏ ਆਏ ਹਨ, ਪਰ ਕੁਝ ਸ਼ੇਅਰਾਂ ਵਿਚ ‘ਪਲ’,
‘ਪਾਗਲ’ ਤੇ ‘ਦਲਦਲ’ ਕਾਫ਼ੀਏ ਆਏ ਹਨ, ਜੋ ਦਰੁਸਤ ਨਹੀਂ।

ਖ਼ੈਰ ਮੈਂ ਬਹੁਤਾ ਨਹੀਂ ਕਹਿਣਾ ਕਿਧਰੇ ਗੁੱਸੇ ਹੀ ਨਾ ਹੋ ਜਾਵੇ। ਨਾਲੇ ਇਹ ਤਾਂ ਛੋਟੀਆਂ ਮੋਟੀਆਂ ਗੱਲਾਂ ਹਨ। ਵੱਡੀ ਗੱਲ ਤਾਂ ਬੁਲੰਦ ਖ਼ਿਆਲੀ ਅਤੇ ਖ਼ੂਬਸੂਰਤ ਜ਼ੁਬਾਨ ਦੀ ਹੁੰਦੀ ਹੈ, ਜੋ ਆਮ ਸਤਰ ਨੂੰ ਸ਼ਾਇਰੀ ਬਣਾ ਦਿੰਦੀ ਹੈ ਤੇ ਇਹ ਕਮਾਲ ਤੇਰੇ ਕੋਲ ਹੈ। ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਤੇਰੀਆਂ ਇਸ ਤੋਂ ਵੀ ਕਮਾਲ ਦੀਆਂ ਗਜ਼ਲਾਂ ਪੜ੍ਹਨ-ਸੁਨਣ ਨੂੰ ਮਿਲਣਗੀਆਂ।

ਮੇਰੀ ਕਿਤਾਬ ‘ਪੌਣਾਂ ਉਤੇ ਦਸਤਖ਼ਤ’ ਜੇ ਪੜ੍ਹੇ ਤਾਂ ਖ਼ੂਬੀਆਂ ਦੀ ਥਾਂ ਕਮੀਆਂ ਜ਼ਰੂਰ ਲਿਖ ਤੇਜ਼ੀ ਤਾਂ ਜੋ ਮੈਂ ਵੀ ਇਕ ਜ਼ਹੀਨ ਕੁੜੀ ਤੋਂ ਕੁਝ ਸਬਕ ਲੈ ਸਕਾਂ।

***ਹਿੱਤੂ ਤੇ ਗਜ਼ਲ ਦਾ ਵਿਦਿਆਰਥੀ/ਸਿਖਿਆਰਥੀ***

***WZ-157, Ist Floor,***
***Lane No. 8,***
***Krishna Park,***
***New Delhi-18***
***Ph. 011-25990510,09818969601***

-0-

ਕੁਲਜੀਤ ਗ਼ਜ਼ਲ ਜੀ,

ਆਸ ਹੈ ਇਮਤਿਹਾਨ ਕੈਂਸਲ ਹੋਣ ਦਾ ਦੁੱਖ ਸਚਮੁੱਚ ਘੱਟ ਗਿਆ ਹੋਵੇਗਾ ਤੇ ਤੁਸੀਂ ਆਨੰਦ ਪ੍ਰਸੰਨ ਹੋਵੋਗੇ।

ਤੁਹਾਡੀ ਕਵਿਤਾ 'ਖੁੱਲ੍ਹਾ ਖ਼ਤ' ਮਿਲੀ। ਮੈਂ ਤੁਹਾਡੇ ਜਜ਼ਬਾਤ ਦੀ ਕਦਰ ਕਰਦਾ ਹਾਂ। ਤੁਸੀਂ ਅੱਛਾ ਲਿਖਦੇ ਹੋ ਤੇ ਹੋਰ ਅੱਛਾ ਲਿਖ ਸਕਦੇ ਹੋ। ਮੈਂ ਕਹਾਣੀ ਪੰਜਾਬ ਅਤੇ 'ਸਰੋਕਾਰ' ਵਿਚ ਵੀ ਤੁਹਾਡੀਆਂ ਰਚਨਾਵਾਂ ਪੜ੍ਹੀਆਂ ਹਨ। ਮੈਂ ਚਾਹਵਾਂਗਾ ਤੁਹਾਡੀਆਂ ਕੁਝ ਹੋਰ ਰਚਨਾਵਾਂ ਮੇਰੇ ਕੋਲ ਆਉਣ ਤਾਂ ਮੈਂ ਉਨ੍ਹਾਂ ਨੂੰ ਛਾਪਾਂ। ਜੇ ਤੁਸੀਂ ਇਜਾਜ਼ਤ ਦਿਓ ਤਾਂ ਖੁੱਲ੍ਹਾ ਖ਼ਤ ਨਜ਼ਮ ਮੈਂ ਆਪਦੀ ਫ਼ਾਇਲ 'ਚ ਹੀ ਰੱਖ ਲਵਾਂ, ਇਸ ਦੀ ਵਰਤੋਂ ਮੈਂ 'ਆਬਰੂ' ਵਿਚ ਨਾ ਕਰਕੇ ਜੇ ਕਿਸੇ ਟੈਲੀ ਫਿਲਮ ਲਈ ਕਰਨਾ ਚਾਹਵਾਂ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ਹੋਵੇਗਾ? ਲਿਖਣਾ ਅਤੇ ਨਵੀਆਂ ਰਚਨਾਵਾਂ ਭੇਜਣਾ।

*ਸ਼ੁਭ ਕਾਮਨਾਵਾਂ ਨਾਲ,*

*ਬਲਜੀਤ ਸਿੰਘ ਰੈਣਾ*

*ਪੋਸਟ ਬੌਕਸ ਨੰ: 121, ਜੰਮੂ-180001*

–0–

ਪਿਆਰੀ ਕੁਲਜੀਤ ਕੌਰ

ਕਦੇ ਹੱਸਾਂ ਕਦੇ.....ਗਵਾ ਮੈਨੂੰ

ਪਿਆਰੀ ਤੁਹਾਡੀ ਇਹ ਗਜ਼ਲ ਸਾਨੂੰ ਬਹੁਤ ਪਸੰਦ ਆਈ। ਮੈਂ ਤੁਹਾਡੀ ਇਹ ਪਹਿਲੀ ਹੀ ਗਜ਼ਲ ਪੜ੍ਹੀ ਤਾਂ ਮੈਂ ਬਹੁਤ ਉਤਸ਼ਾਹਤ ਹੋਈ। ਮੈਂ ਇਸ ਗਜ਼ਲ ਰਾਹੀਂ ਹੀ ਆਪਦੀ ਬਹੁਤ ਬੜੀ ਫੈਨ ਬਣ ਗਈ ਹਾਂ। ਆਪਕੋ ਬਹਤੁ ਮਿਲਨੇ ਕੋ ਦਿਲ ਚਾਹਤਾ ਹੈ ਪ੍ਰਮਾਤਮਾ ਨੇ ਚਾਹਾ ਤੋਂ ਆਪਸੇ ਜ਼ਰੂਰ ਮਿਲੇਗੇ। ਔਰ ਮੈਂ ਪਰਮਾਤਮਾ ਸੇ ਫਰਿਆਦ ਕਰਤੀ ਹੂੰ ਆਪ ਇਨਸੇ ਭੀ ਜ਼ਿਆਦਾ ਗਜ਼ਲਾਂ ਲਿਖੇ ਔਰ ਆਪਣਾ ਨਾਮ ਰੌਸ਼ਨ ਕਰੇ। ਸਾਡੀ ਸ਼ੁਭਕਾਮਨਾਵਾਂ ਤੁਹਾਡੇ ਨਾਲ। ਪਲੀਜ਼ ਇਸ ਲੈਟਰ ਦੇ ਬਾਅਦ ਹਮੇ ਫੋਨ ਕਰਨਾ ਨਾ ਭੁਲਨਾ।

*ਬਲਜੀਤ ਕੌਰ ਪੁੱਤਰੀ ਸ. ਹਰਦਿਆਲ ਸਿੰਘ*

*ਜੋਤ ਨਰਸਿੰਗ ਹੋਮ*

*ਪਿੰਡ ਤੇ ਡਾਕ : ਪਰਜੀਆਂ ਕਲਾਂ*

*ਜਿਲ੍ਹਾ : ਜਲੰਧਰ।*

*ਫੋਨ ਨੰ: 98144-89996, 98552-15906, 01821-274893*

–0–

6/02/2002

ਸ਼–ਪ੍ਰਸਿੱਧ ਸ਼ਾਇਰਾ ਕੁਲਜੀਤ ਗ਼ਜ਼ਲ ਜੀਓ!

ਅਦਬ ਕੁੱਠੀ ਦੁਆ–ਸਲਾਮ,

ਤੁਹਾਡੇ ਵਿਅਕਤੀਤਵ ਹਿੱਤ ਨਿੱਕੇ ਵੀਰਾਂ ਜਿਹੇ ਮਿੱਤਰ ਸਵੱਰਨ ਟਹਿਣਾ ਨੇ ਚਨਣਾ ਪਾਇਆ ਸੀ।

ਉੱਚਪਾਏਦਾਰੀ, ਉਸਾਰੂ ਤੇ ਤੁਹਾਡੀ ਸਾਹਿਤਕ ਸੋਚ ਨੂੰ ਅਕਸਰ ਹੀ ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ ਵਿਚ ਪੜ੍ਹੀਦੈ, ਸਮਝੀਦੈ ਤੇ ਮਾਣੀਦੈ, ਵਧੀਆ ਸੋਚ ਲਈ ਮੁਸਕੀਨ ਮੁਬਾਰਿਕ।

ਅੱਜ ਸਾਡੇ ਦੋਹਾਂ ਵਿਚ ਫੈਸਲਾ ਹੋਇਆ ਕਿ ਮੈਂ ਖ਼ਤ ਰਾਹੀਂ ਆਪਦੇ ਸਨਮੁੱਖ ਹੋਵਾਂ। ਸੋ ਮੈਂ ਆਪਦੇ ਰੂ-ਬ-ਰੂ ਹਾਂ।

ਡਾ: ਹਰਿਭਜਨ, ਅੰਮ੍ਰਿਤਾ, ਸ਼ਿਵ, ਪਾਤਰ, ਸਵਿਤੋਜ, ਦੀਦ, ਪ੍ਰੋ: ਰਮਨ, ਬਚਨਜੀਤ, ਪ੍ਰੋ: ਅਨੂਪ ਵਿਰਕ ਤੇ ਗੁਰਭਜਨ ਗਿੱਲ ਤੇ ਹੋਰ ਵੀ ਸ਼ਾਇਰਾਂ ਦੀ ਸ਼ਾਇਰੀ ਨੂੰ ਗਾਉਣ ਸਦਕਾ ਸਰੋਤਿਆਂ ਨੇ ਸਵੀਕਾਰਿਆ ਤੇ ਸਤਿਕਾਰਿਆ। ਮੈਨੂੰ ਹਿੰਮਤ ਤੇ ਹੌਸਲਾ ਹੋਰ ਉਦੋਂ ਮਿਲਿਆ ਜਦੋਂ ਲੋਕ ਸੋਚ ਨੇ ਮੇਰੇ ਗੀਤ "ਕੁੱਕੂ ਰਾਣਾ ਰੌਂਦਾ" ਤੇ "ਮਾਂ ਦਿਆ ਸਿਰਜਣਾ" (ਘੋੜੀ) ਆਦਿ ਨੂੰ ਬੇ ਇੰਤਹਾ ਪਿਆਰਿਆ, ਸੁਣਿਆ ਤੇ ਮਾਣਿਆ।

ਲੰਮੇ ਅਰਸੇ ਮਗਰੋਂ ਆਪਣੇ ਮਹਿਬੂਬ ਸਰੋਤਿਆਂ ਲਈ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਕੇ ਆਪਣੀ ਨਵੀਂ ਐਲਬਮ "ਮੋਟੀ ਅੱਖ ਵਾਲੀਏ" ਨਾਲ ਪੇਸ਼ ਹੋਇਆ ਹਾਂ ਜੋ ਵੋਟਾਂ ਉਪਰੰਤ ਰਲੀਜ਼ ਹੋਵੇਗੀ।

ਕਹਿੰਦੇ ਹਨ ਕਿ ਜਿੰਨਾਂ ਦੀਆਂ ਰਗਾਂ ਵਿਚ ਸੰਗੀਤ ਹੁੰਦਾ ਹੈ ਉਹ ਤਾਨ ਪੂਰੇ ਦੀਆਂ ਤਾਰਾਂ ਸੁਰ ਕਰਦੇ ਹਨ ਤਾਂ ਉਨ੍ਹਾਂ ਦੀਆਂ ਉਂਗਲਾਂ ਸਹਿਜ ਆਪਣੀ ਛਾਤੀ ਵਿਚ ਜਾ ਕੇ ਆਪਣੀ ਰੂਹ ਦੀਆਂ ਤਾਰਾਂ ਵੀ ਸੁਰ ਕਰ ਲੈਂਦੀਆਂ ਹਨ....ਤੇ ਫੇਰ....ਤੇ ਫੇਰ ਉਹਦੇ ਸੰਗੀਤ ਨੂੰ ਸੁਣਨ ਵਾਲਿਆਂ ਵਿਚ ਕਈ ਦਿਲਾਂ ਵਾਲੇ ਹੁੰਦੇ ਹਨ। ਜਿੰਨ੍ਹਾਂ ਦੀਆਂ ਰੂਹਾਂ ਆਪੇ ਸੁਰ ਹੋ ਜਾਂਦੀਆਂ ਹਨ, ਸੋ ਸਾਡੀ ਆਸ ਹੀ ਨਹੀਂ ਬਲਕਿ ਗੱਡੇ ਜਿੱਡਾ ਯਕੀਨ ਹੈ ਕਿ ਇਹ ਐਲਬਮ ਦਿਲਾਂ ਵਾਲਿਆਂ ਦੀਆਂ ਰੂਹਾਂ ਸੁਰ ਕਰੇਗੀ, ਇਸ ਵਿਚ ਹਰ ਵਰਗ ਦੀ ਉਪਜ ਪੂਰੀ ਹੋਏਗੀ।

ਸਾਡੀ ਸੋਚ ਤੇ ਚਾਹਤ ਮੁਤਾਬਿਕ ਅਸੀਂ ਆਪਣੇ ਗਰੁੱਪ ਵਿਚ ਤੁਹਾਡੀਆਂ ਸਾਹਿਤਕ ਸੇਵਾਵਾਂ ਲੈਣ ਦੇ ਇੱਛੁਕ ਹਾਂ, ਤੁਹਾਡੀ ਭੂਮਿਕਾ ਮੰਚ ਸੰਚਾਲਕ ਵਜੋਂ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਇਸ ਸਬੰਧ ਵਿਚ ਰੁਚੀ ਰੱਖਦੇ ਹੋ ਤੇ ਇਸ ਜ਼ਿੰਮੇਵਾਰੀ ਲਈ ਸਹਿਮਤ ਹੋ ਤਾਂ ਤਾਲਮੇਲ 'ਚ ਦੇਰੀ ਨਾ ਹੋਵੇ। ਇਸ ਕਾਰਗੁਜ਼ਾਰੀ ਦਾ ਮਿਹਨਤਾ ਨਾ ਅਦਾ ਹੋਵੇਗਾ ਕਿਉਂਕਿ ਸਾਡਾ ਹਰ ਮੈਂਬਰ ਸਟੇਜ ਸ਼ੋਅ ਲਈ ਪੈਡ ਹੁੰਦਾ ਹੈ। ਉਮੀਦ ਹੈ ਕਿ ਇਸ ਮਾਮਲੇ ਵਿਚ ਤੁਸੀਂ ਵੱਡਮੁੱਲਾ ਯੋਗਦਾਨ ਪਾਕੇ ਧੰਨਵਾਦੀ ਬਣਾਓਗੇ।

ਇਸ ਮਹੀਨੇ ਦੇ ਮੈਗਜ਼ੀਨ ਰਜਨੀ ਵਿਚ ਤੁਹਾਡੀ ਰਚਨਾ "ਤੇਰੇ ਮੱਥੇ 'ਤੇ ਜੋ ਤਿਲ ਹੈ, ਮੈਨੂੰ ਲੱਗਦਾ ਮੇਰਾ ਦਿਲ ਹੈ"....ਅੱਲ੍ਹਾ ਕਰੇ! ਜ਼ੋਰ-ਏ-ਕਲਮ ਔਰ ਜ਼ਿਆਦਾ ਖੁਦਾ ਬੁਲੰਦੀਆਂ ਬਖ਼ਸ਼ੇ ਬਹੁਤ ਚੰਗਾ ਲੱਗਿਆ।

ਤੁਹਾਡੇ ਪਰਿਵਾਰ ਤੁਹਾਡੀ ਮਿੱਤਰ ਮੰਡਲੀ ਤੇ ਤੁਹਾਨੂੰ ਸਭ ਨੂੰ ਸ਼ੁਭ ਇੱਛਾਵਾਂ। ਰਿਸ਼ਤਿਆਂ ਤੋਂ ਪਾਰਲੇ ਇਨਸਾਨੀਅਤ ਦੇ ਰਿਸ਼ਤੇ ਸੰਗ।

-0-

03/09/2004

ਪਿਆਰੀ ਬੇਟੀ "ਗਜ਼ਲ"
ਸਤਿ ਸ੍ਰੀ ਅਕਾਲ।

ਤੁਹਾਨੂੰ ਮੇਰੀ ਪੁਸਤਕ "ਜ਼ਿੰਦਗੀ ਖੁਦਕੁਸ਼ੀ ਨਹੀਂ" ਪਸੰਦ ਆਈ। ਮੈਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੋਈ। ਖ਼ਤ ਲਿਖਣ ਲਈ ਧੰਨਵਾਦ। ਤੁਹਾਡੀ ਚਿੱਠੀ ਆਈ ਨੂੰ ਕਾਫ਼ੀ ਦੇਰ ਹੋ ਗਈ ਹੈ। ਮੈਂ ਉਨ੍ਹਾਂ ਦਿਨਾਂ ਵਿਚ ਆਸਟ੍ਰੇਲੀਆ ਜਾਣ ਦੀ ਤਿਆਰੀ ਵਿਚ ਸਾਂ। ਕੁਝ ਦਿਨ ਪਹਿਲਾਂ ਵਾਪਸ ਆਇਆ ਹਾਂ ਤੇ ਉਤਰ ਭੇਜ ਰਿਹਾ ਹਾਂ। ਤੁਸੀਂ ਗ਼ਜ਼ਲ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾ ਰਹੇ ਹੋ, ਇਸ ਲਈ ਤੁਸੀਂ ਵੀ ਵਧਾਈ ਦੇ ਪਾਤਰ ਹੋ, ਤੁਸੀਂ ਪੜ੍ਹਾਈ ਕਰ ਰਹੇ ਹੋ ਜਾਂ ਕੋਈ ਨੌਕਰੀ? ਮੇਰੀਆਂ ਸ਼ੁਭ ਇੱਛਾਵਾਂ ਤੁਹਾਡੇ ਨਾਲ ਹਨ।

*ਤੁਹਾਡਾ ਆਪਣਾ*
*ਭਜਨ ਸਿੰਘ ਵਿਰਕ,*
*ਪਿੰਡ ਤੇ ਡਾਕ ਵਿਰਕ*
*ਜਿਲ੍ਹਾ ਜਲੰਧਰ - 144632*
*ਫੋਨ ਨੰ: 01826-278266*

-0-

19/8/06

ਸਤਿ ਸ੍ਰੀ ਅਕਾਲ

ਕੁਲਜੀਤ ਕੌਰ ਗ਼ਜ਼ਲ ਜੀ ਉਮੀਦ ਕਰਦਾ ਹਾਂ ਕੀ ਤੁਹਾਡਾ ਪਰਿਵਾਰ ਰੁੱਬ ਦੀ ਮੇਹਰ ਸਦਕਾ ਠੀਕ ਠਾਕ ਹੋਵੋਗੇ। ਤੁਹਾਡਾ ਪਹਿਲਾਂ ਪਹਿਲਾਂ ਗਜ਼ਲ ਸੰਗ੍ਰਹਿ ਪੜ੍ਹਿਆ ਅਤੇ ਬਹੁਤ ਚੰਗਾ ਲੱਗੀਆਂ ਕਿਉਂਕਿ ਤੁਸੀਂ ਭਰੂਣ ਹੱਤਿਆ ਦੇ ਵਿਰੁੱਧ ਵੀ ਲਿਖੀਆ, ਅਤੇ ਸਰਕਾਰੀ ਦਫ਼ਤਰਾਂ ਬਾਰੇ ਅਤੇ ਨਾਲ ਬੇਰੁਜ਼ਗਾਰੀ ਬਾਰੇ ਵੀ ਲਿਖਕੇ ਪੰਜਾਬੀਆਂ ਦੀਆਂ ਅੱਖਾਂ ਖੋਲੀਆਂ ਅਤੇ ਅਪਨੀ ਮਾਂ ਬੋਲੀ ਜ਼ੁਬਾਨ ਨੂੰ ਵੀ ਬਹੁਤ ਵੱਡਾ ਮਾਨ ਬਖ਼ਸ਼ਿਆ ਉਮੀਦ ਕਰਦੇ ਹਾਂ ਕਿ ਤੁਸੀਂ ਅੱਗੇ ਨੂੰ ਵੀ ਆਪਣੀ ਮਾਂ ਬੋਲੀ ਨੂੰ ਮਾਨ ਬਖ਼ਸ਼ੋਗੇ। ਸਾਡੀਆਂ ਦੁਆਵਾਂ ਹਮੇਸ਼ਾ ਤੁਹਾਡੇ ਨਾਲ ਹਨ ਅਤੇ ਅਸੀਂ ਹੱਥ ਜੋੜ ਕੇ ਰੱਬ ਅੱਗੇ ਦੁਆ ਕਰਾਂਗੇ ਕਿ ਤੁਸੀਂ ਖ਼ੂਬ ਤਰੱਕੀ ਕਰੋ ਖੁਦਾ ਹਾਫ਼ਿਜ਼। ਹਾਂ ਤੁਹਾਡੀ ਜ਼ਿੰਦਗੀ ਦਾ ਇਕ ਵਰਾ ਹੋਰ ਬੀਤ ਗਿਆ ਹੈ। ਸੋਚੋ ਅਤੇ ਸਮਝੋ?

*ਮੋਹਦ ਆਸੀਨ ਸਨਡੇ*
*ਮਲੇਰਕੋਟਲੇ ਵਾਲੇ*
*ਸਕੂਲ ਵਾਲਾ ਰੋਡ*
*ਪਿੰਡ ਤੇ ਡਾਕ : ਚੰਨਣਵਾਲ*
*ਤਹਿ : ਬਰਨਾਲਾ, ਜ਼ਿਲ੍ਹਾ : ਸੰਗਰੂਰ*

-0-

ਪਿਆਰੀ ਭੈਣ ਕੁਲਜੀਤ,
ਗੁਰ ਫਤਹਿ!

ਮੰਜਕੀ ਸੱਥ ਦੇ ਸਮਾਚਾਰ ਨਕੋਦਰ ਮੈਂ ਤੇ ਮੇਰੀ ਸੁ ਪਤਨੀ ਦਲਜੀਤ ਕੌਰ ਦਾਊ ਆਏ ਸਾਂ। ਪ੍ਰੋਗਰਾਮ ਚੰਗਾ ਰਿਹਾ। ਸੌਵੀਨਰ ਦੇ ਪੰਨਾ 25 'ਤੇ ਤੁਹਾਡਾ ਕਵਿਤਾ 'ਪੰਜਾਬੀ ਸੱਥ' ਪੜ੍ਹੀ, ਬਹੁਤ ਚੰਗੀ ਲੱਗੀ। ਮੁਬਾਰਕ ਹੋਵੇ। ਮੇਰੀ ਪਤਨੀ ਤਾਂ ਤੁਹਾਨੂੰ ਮਿਲ ਲਏ ਸਨ ਪਰੰਤੂ ਮੈਂ ਤੁਹਾਡੇ ਨਾਲ ਬੋਲਾਂ ਦੀ ਸਾਂਝ ਨਾ ਪਾ ਸਕਿਆ। ਇਸ ਪੱਤਰ ਰਾਹੀਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਆਪਣੀ ਕਵਿਤਾ ਵਿਚ ਮੇਰੀ ਪ੍ਰਸੰਸਾ ਕੀਤੀ ਹੈ। ਸਾਰੀਆਂ ਸੱਥਾਂ ਨੂੰ ਕਵਿਤਾ 'ਚ ਪਰੋਕੇ ਇਤਿਹਾਸਕ ਜਾਣਕਾਰੀ ਦੇ ਦਿੱਤੀ ਹੈ। ਏਨਾ ਚੰਗਾ ਲਿਖਣ ਲਈ ਵਧਾਈ ਹੋਵੇ। ਹੋਰ ਪੜ੍ਹੋ, ਮਿਹਨਤ ਕਰੋ ਤੇ ਲਿਖਦੇ ਰਹੋ। ਮੇਰੀਆਂ ਸ਼ੁਭ ਇੱਛਾਵਾਂ ਪ੍ਰਵਾਨ ਕਰਨੀਆਂ। ਕੁਲਜੀਤ ਜੀ ਵਲੋਂ ਵੀ ਯਾਦ 25/2 ਨੂੰ ਅਸੀਂ ਲਾਂਬੜਾ ਸੱਥ ਦੇ ਸਮਾਗਮ 'ਤੇ ਆਉਣਾ ਹੈ। ਹੋ ਸਕਿਆ, ਮਿਲਣਾ/ ਆਦਰ ਸਹਿਤ।

ਸਾਰਿਆਂ ਨੂੰ ਸਤਿਕਾਰ,

*ਹਿੱਤੂ*
*ਮ. ਸ. ਦਾਊਂ*

-0-

੧ਓ
ਨਮਸਤੇ ਜੀ,

ਮੇਰੇ ਵਲੋਂ ਆਪ ਜੀ ਨੂੰ ਪਿਆਰ ਸਤਿਕਾਰ ਨਾਲ ਸਤਿ ਸ੍ਰੀ ਅਕਾਲ, ਬੀਬਾ ਕੁਲਜੀਤ ਜੀ ਬਹੁਤ ਬਹੁਤ ਵਧਾਈ ਹੋਵੇ ਆਪ ਜੀ ਦੀ ਕਲਮ 'ਚੋਂ ਨਿਕਲੇ ਹਰਫ਼ ਮੈਂ 22/9 ਦੇ ਪੇਪਰ 'ਚ ਪੜ੍ਹੇ ਮੈਨੂੰ ਆਪ ਜੀ ਦੀਆਂ ਲਿਖੀਆਂ ਗਜ਼ਲਾਂ ਬੇਹੱਦ ਪਸੰਦ ਲੱਗੀਆਂ ਇਸ ਲਈ ਇਕ ਛੋਟਾ ਜਿਹਾ ਖ਼ਤ ਵਧਾਈ ਦੇ ਤੌਰ 'ਤੇ ਭੇਜ ਰਿਹਾ ਹਾਂ, ਤੁਸੀਂ ਨਿਮਾਣਾ ਅਜਿਹਾ ਖ਼ਤ ਕਬੂਲ ਕਰਨਾ ਤੁਹਾਡੀਆਂ ਗਜ਼ਲਾਂ ਵਿਚ ਕਾਫ਼ੀ ਦਮ ਸੀ, ਅਤੇ ਕੁਝ ਬੇਹੱਦ ਦਰਦ ਵੀ ਜਿਵੇਂ ਕਿਸੇ ਟੁੱਟੇ ਦਿਲ ਦੀ ਕੂਕ ਹੋਵੇ, ਇਨਸਾਨ ਦੀ ਦੁਨੀਆ ਬਦਲ ਦਿੰਦੀ ਏ ਮੈਂ ਵੀ ਕੁਝ ਲਿਖਦਾ ਹਾਂ, ਪਰ ਲਿਖਣ ਵਾਲਾ ਈ ਜਾਣਦਾ ਏ ਇਨ੍ਹਾਂ ਹਰਫ਼ਾਂ ਨੂੰ, ਪਰ ਕੁਝ ਦੁਨੀਆਂ ਇਸ ਤਰ੍ਹਾਂ ਵੀ ਏ, ਜਿਵੇਂ ਸਮਝੋ ਕੇ ਚਾਰੇ ਪਾਸੇ ਚਾਕ ਰੱਖੇ ਦਿਲ ਦਾ ਸ਼ਿਕਾਰੀ/ਵਾਰ-ਵਾਰ ਆਖੀ ਜਾਵੇ ਜਾਨ ਤੋਂ ਪਿਆਰੀ। ਬੀਬੀ ਜੀ ਮੈਂ ਕੁਝ ਆਪਣੇ ਕੋਲ ਲਿਖਿਆ ਮੈਂ ਦੱਸਣ ਲੱਗਾਂ, ਗੱਲ ਫਿਰ ਵੀ ਠੋਕਰ ਦੀ ਏ, ਜਿਵੇਂ:

ਗਮ ਤੇ ਗਜ਼ਲ ਦਾ ਦਰਦ ਹੋ ਜਾਣਾ
ਦਾ ਏ ਜੋ ਰਾਮ ਵਿਚ ਰੋੜ ਗਿਆ ਹੋਵੇ,

ਖਾਰੇ ਪਾਣੀ ਦੀ ਪਰਖ ਹੋ ਕਰਦਾ
ਹੈ ਜੋ ਵਿਛੋੜਿਆਂ ਦੇ ਨੀਰ ਵਿਚ ਖੋਰ ਗਿਆ ਹੋਵੇ

ਤੁਸੀਂ ਜਵਾਬ ਜ਼ਰੂਰ ਭੇਜਣਾ, ਤੁਹਾਡਾ ਸਮਾਪਤ।

*ਗੀਤਕਾਰ : ਮਲਕੀਤ 'ਸੋਨੂੰ, ਗਿੱਲ,*
*ਪਿੰਡ : ਨਾਜੂ ਸ਼ਾਹ ਮਿਸ਼ਰੀ ਵਾਲਾ*
*ਡਾਕ : ਸ਼ੇਰਖਾਂ*
*ਜਿਲ੍ਹਾ : ਫਿਰੋਜ਼ਪੁਰ : 152002*

-0-

28/11/2002

ਪਿਆਰੀ ਬੇਟੀ ਕੁਲਜੀਤ ਗਜ਼ਲ
ਸਤਿ ਸ੍ਰੀ ਅਕਾਲ

ਤੁਹਾਡੀਆਂ ਮਿੰਨੀ ਕਹਾਣੀਆਂ ਅਜੀਤ ਆਦਿ ਅਖ਼ਬਾਰਾਂ ਵਿਚ ਪੜ੍ਹੀਆਂ। ਬਹੁਤ ਖੁਸ਼ੀ ਹੋਈ। ਮੈਂ ਆਪਣੀ ਬੇਟੀ ਨਿਰਮਲਜੀਤ ਕੌਰ ਘੁੰਮਣ ਕੋਲੋਂ ਮਿੰਨੀ ਕਹਾਣੀਆਂ ਦੀ ਇਕ ਪੁਸਤਕ ਸੰਪਾਦਿਤ ਕਰਵਾਉਣੀ ਚਾਹੁੰਦਾ ਹਾਂ ਜਿਸ ਵਿਚ ਕੇਵਲ ਨਵੀਂ ਪੀੜ੍ਹੀ ਦੀਆਂ ਲੇਖਕਾਵਾਂ ਦੀਆਂ ਮਿੰਨੀ ਕਹਾਣੀਆਂ ਹੀ ਸ਼ਾਮਲ ਕਰਨਾ ਚਾਹੁੰਦਾ ਹਾਂ। ਪੁਸਤਕ ਦਾ ਨਾ ਹੋਵੇਗਾ ਵਕਤ ਰੁਕਦਾ ਨਹੀਂ। ਜੇ ਤੁਸੀਂ ਇੱਛਾ ਰੱਖਦੇ ਹੋ ਕਿ ਤੁਹਾਡੀਆਂ ਮਿੰਨੀ ਕਹਾਣੀਆਂ ਵੀ ਇਸ ਪੁਸਤਕ ਦਾ ਸ਼ਿੰਗਾਰ ਬਣਨ ਤਾਂ ਕ੍ਰਿਪਾ ਕਰਕੇ ਪਾਸਪੋਰਟ ਫੋਟੋ ਅਤੇ ਆਪਣੇ ਬਾਇਓਡੈਟਾ ਸਮੇਤ ਪੰਜ ਮਿੰਨੀ ਕਹਾਣੀਆਂ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ।

ਤੁਹਾਡਾ ਅਤਿ ਧੰਨਵਾਦੀ ਹੋਵਾਂਗਾ

*ਮਲਕੀਅਤ ਸਿੰਘ ਘੁੰਮਣ*
*ਪ੍ਰੋ: ਅਮਨਦੀਪ ਪਬਲੀਕੇਸ਼ਨਜ਼*
*ਪਿੰਡ ਤੇ ਡਾਕ ਸਰਵਰਪੁਰ*
*ਤਹਿ : ਸਮਰਾਲਾ, ਜ਼ਿਲ੍ਹਾ : ਲੁਧਿਆਣਾ : 141114*

25/7/03

ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਕਾਫੀ ਦਿਨਾਂ ਤੋਂ ਤੁਹਾਡਾ ਫੋਨ ਨਹੀਂ ਸੀ ਮਿਲ ਰਿਹਾ। ਇਸ ਲਈ ਖ਼ਤ ਲਿਖਿਆ ਹੈ। ਅਸੀਂ 30/7 ਤੋਂ ਪਹਿਲਾਂ ਖੰਨੇ ਜਾ ਰਹੇ ਹਾਂ। ਮੇਰਾ ਪਤਾ ਹੁਣ ਇਹ ਹੈ। ਸੁਨੇਤ ਨਗਰ, ਅਮਲੋਹ ਰੋਡ, ਖੰਨਾ (ਲੁਧਿਆਣਾ) ਫੋਨ ਨੰ: 98143-77495। ਏਥੋਂ ਵਾਲਾ ਫੋਨ 2258983 ਕੱਟਿਆ ਜਾ ਚੁੱਕਾ ਹੈ। ਮੈਨੂੰ ਇਹ ਵੀ ਪਤਾ ਨਹੀਂ ਤੁਸੀਂ ਕੀ ਕਰ ਰਹੇ ਹੋ। ਬੀ. ਐਡ. ਟੈਸਟ ਦਿੱਤਾ ਸੀ ਜਾਂ ਨਹੀਂ। ਪੀ. ਐਚ. ਡੀ. ਦੀ ਤਿਆਰੀ ਜਾਂ ਬਾਹਰ ਜਾਣ ਦੀ ਤਿਆਰੀ। ਕੋਈ ਕਿਸੇ ਕਿਸਮ ਦੀ ਮਦਦ ਹੋਵੇ ਤਾਂ ਲਿਖਣਾ। ਸਭ ਨੂੰ ਸਤਿ ਸ੍ਰੀ ਅਕਾਲ।

*ਮੁਖਤਿਆਰ ਸਿੰਘ*

–0–

22/5/2002

ਬੇਟੇ ਕੁਲਜੀਤ,

ਪਹਿਲਾਂ ਤਾਂ ਆਪ ਨੂੰ ਐਮ. ਏ. ਕਰਨ ਦੀ ਵਧਾਈ ਦਿੰਦਾ ਹਾਂ। ਪਹਿਲਾਂ ਵੀ ਆਪਦੀਆਂ ਚਪੇੜਾਂ ਪੜ੍ਹਕੇ ਦੋ ਸ਼ਬਦ ਲਿਖੇ ਸਨ। ਅੱਜ ਫਿਰ ਗਜ਼ਲ ਪੜ੍ਹਕੇ ਲਿਖ ਰਿਹਾ ਹਾਂ। ਦਿਲ ਨੂੰ ਬਹੁਤ ਪਸੰਦ ਆਈ। ਵਿਚਾਰ ਤੋਂ ਜਿਹੜਾ ਅੱਜ ਠੀਕ ਲੱਗਦਾ ਹੈ ਕਲ ਨੂੰ ਉਹ ਗਲਤ ਵੀ ਹੋ ਸਕਦਾ ਹੈ। ਆਪਦੇ ਇਕ ਬੰਦ ਜੀਵਨ ਸਸਤਾ ਮਹਿੰਗੀ ਮੌਤ ਦੇ ਮੇਰਾ ਵਿਚਾਰ ਤਾਂ ਇਸਦੇ ਉਲਟ ਹੈ ਜੀਵਨ ਮਹਿੰਗਾ ਸਸਤੀ ਮੌਤ। ਚਲੋਂ ਵਿਚਾਰਾਂ ਦੀ ਦੁਨੀਆ ਵਿਚ ਵਿਚਾਰ ਉਲਟ ਵੀ ਹੁੰਦੇ ਹਨ। ਅਸਲ ਤਾਂ ਇਹ ਸਭ ਕੁਝ ਜ਼ਿੰਦਗੀ ਕਿਸ ਤਰ੍ਹਾਂ ਜਿਊਣੀ ਹੈ। ਸਾਡੇ ਸਾਰੇ ਸੰਸਾਰ ਦੇ ਲੇਖਕਾਂ ਦੀ ਰਾਏ ਆਪੋ ਆਪਣੀ ਹੈ। ਸਾਰੇ ਪਰਿਵਾਰ ਅਤੇ ਆਪ ਨੂੰ ਸਤਿ ਸ੍ਰੀ ਅਕਾਲ।

ਆਪ ਦਾ ਅੰਕਲ

–0–

ਪਿਆਰੇ ਕੁਲਜੀਤ ਜੀ,

ਨਮਸਤੇ,

ਮੈਂ ਤੁਹਾਡੀਆਂ ਗਜ਼ਲਾਂ ਦਾ ਇਕ ਬਹੁਤ ਵੱਡਾ ਫੈਨ ਹਾਂ ਜਦੋਂ ਮੇਰੇ ਘਰ ਸਵੇਰੇ ਅਖ਼ਬਾਰ ਆਉਂਦਾ ਹੈ ਤਾਂ ਮੈਂ ਪਹਿਲਾਂ ਤੁਹਾਡੀ ਗਜ਼ਲ ਭਾਲਦਾ ਜਦੋਂ ਤੁਹਾਡੀ ਗਜ਼ਲ ਪੜ੍ਹਨ ਨੂੰ ਨਹੀਂ ਮਿਲਦੀ ਤਾਂ ਮੈਂ ਬਹੁਤ ਨਿਰਾਸ਼ ਹੁੰਦਾ ਹਾਂ ਅਤੇ ਫਿਰ ਪੁਰਾਣੀਆਂ ਤੁਹਾਡੀਆਂ ਗਜ਼ਲਾਂ ਪੜ੍ਹਕੇ ਦਿਲ ਨੂੰ ਬਹਿਲਾ ਲੈਂਦਾ ਹਾਂ। ਹੁਣ ਪਤਾ ਨਹੀਂ 20-25 ਦਿਨਾਂ ਤੋਂ ਕੀ ਹੋ ਗਿਆ ਹੈ ਤੁਹਾਡੀਆਂ ਗਜ਼ਲਾਂ ਹੀ ਨਹੀਂ ਛਪਦੀਆਂ ਮੇਰੀ ਤੁਹਾਡੇ ਅੱਗੇ ਬੇਨਤੀ ਹੈ ਕਿ ਤੁਸੀਂ ਅਖ਼ਬਾਰਾਂ ਵਾਲਿਆਂ ਨੂੰ ਗਜ਼ਲਾਂ ਭੇਜਦੇ ਰਿਹਾ ਕਰੋ। ਮੈਂ ਤੁਹਾਡਾ ਸ਼ੁਭਚਿੰਤਕ ਰਾਹੀ।

ਨੋਟ : ਤੁਸੀਂ ਬਹੁਤ ਜਾਲਿਮ ਹੋ ਇੰਨ੍ਹਾਂ ਤਾਂ ਹਿਟਲਰ ਵੀ ਜ਼ਾਲਿਮ ਨਹੀਂ ਸੀ।

ਖੁਦਾ ਹਾਫਿਜ਼

*ਤੁਹਾਡਾ ਸ਼ੁਭਚਿੰਤਕ*

*ਮੁਹੰਮਦ ਯਾਸੀਲ ਮਾਲੇਰਕੋਟਲਾ*

–0–

27/12/2002

ਨਿੱਘੀ ਯਾਦ,

ਨਮਸਤੇ ਜੀ,

ਮੇਰੇ ਵਲੋਂ ਆਪ ਜੀ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਆਸ ਕਰਦਾ ਹਾਂ ਕਿ ਤੁਸੀਂ ਠੀਕ ਠਾਕ ਹੋਵੋਗੇ, ਮੇਰੇ ਵਲੋਂ ਆਪ ਜੀ ਨੂੰ ਅਤੇ ਸਾਰੇ ਪਰਿਵਾਰ ਨੂੰ

ਨਵੇਂ ਸਾਲ ਦੀਆਂ ਲੱਖ ਲੱਖ ਮੁਬਾਰਕਾਂ, ਕਿਸ ਤਰ੍ਹਾਂ ਆਪ ਜੀ ਦੇ ਜ਼ਿੰਦਗੀ ਦੇ ਕੀਮਤੀ ਪਲ ਬੀਤ ਰਹੇ ਹਨ। ਸਿਹਤ ਠੀਕ ਹੈ, ਤੁਹਾਡੀਆਂ ਕਾਵਿਤਾਵਾਂ ਹਮੇਸ਼ਾ ਪੜ੍ਹੀ ਦੀਆਂ ਹਨ ਬਹੁਤ ਪਸੰਦ ਆਉਂਦੀਆਂ ਨੇ, ਪ੍ਰਮਾਤਮਾ ਆਪ ਜੀ ਨੂੰ ਇਸ ਤੋਂ ਵੀ ਉੱਚਾ ਮਾਨ ਬਕਸ਼ੇ, ਅੰਤ ਵਿਚ ਆਪ ਜੀ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ।

ਆਪਣਾ ਵਿਸ਼ਵਾਸ ਪਾਤਰ

*ਗੀਤਕਾਰ ਮਲਕੀਤ 'ਸੋਨੂੰ, ਗਿੱਲ*
*ਪਿੰਡ : ਨਾਜੂ ਮਿਸ਼ਰੀ ਵਾਲਾ*
*ਡਾਕ: ਸ਼ੇਰਖਾਂ*
*ਜਿਲ੍ਹਾ ਫਿਰੋਜ਼ਪੁਰ*
*ਫੋਨ ਨੰ: 01632-270599*

–0–

**ਗਜ਼ਲ**

ਜਦ ਵੀ ਤੇਰਾ ਦਿਦਾਰ ਹੋਵੇਗਾ
ਵੱਲ ਦਿਲ ਦਾ ਬਿਮਾਰ ਹੋਵੇਗਾ
ਕਿਸੇ ਵੀ ਜਨਮ ਆਕੇ ਵੇਖ ਲਈ
ਤੇਰਾ ਹੀ ਇੰਤਜ਼ਾਰ ਹੋਵੇਗਾ
ਜਿੱਥੇ ਭੱਜਿਆ ਵੀ ਨਾ ਮਿਲੂ ਦੀਵਾ
ਸੋਈਓ ਮੇਰਾ ਮਿਜ਼ਾਰ ਹੋਵੇਗਾ
ਕਿਸ ਨੇ ਮੈਨੂੰ ਆਵਾਜ਼ ਮਾਰੀ ਹੈ
ਕੋਈ ਦਿਲ ਦਾ ਬਿਮਾਰ ਹੋਵੇਗਾ
ਇੰਝ ਲੱਗਦਾ ਹੈ 'ਸ਼ਿਵ' ਦੇ ਸ਼ਿਆਰਾਂ 'ਚੋਂ
ਕੋਈ ਧੁਖਦਾ ਅੰਗਾਰ ਹੋਵੇਗਾ

*-ਸ਼ਿਵ ਕੁਮਾਰ ਬਟਾਲਵੀ*

ਗ਼ਜ਼ਲ ਜੀ ਤੁਹਾਨੂੰ ਤੁਹਾਡਾ ਜਨਮ ਦਿਨ ਬਹੁਤ ਬਹੁਤ ਮੁਬਾਰਕ ਹੋਵੇ ਰੱਬ ਤੁਹਾਨੂੰ ਦਿਨ ਦੁਗਨੀ ਰਾਤ ਚੋਗੁਣੀ ਤਰੱਕੀ ਦੇਵੇ। ਅਸੀਂ ਤੁਹਾਡੇ ਜਨਮ ਦਿਨ ਉਪਰ ਅਪਨੇ ਸ਼ਹਿਰ ਵਿਚ ਤੁਹਾਡੇ ਨਾਂ ਦੇ ਉਪਰ ਕੇਕ ਕੱਟਾਂਗੇ ਸਾਨੂੰ ਬਹੁਤ ਖੁਸ਼ੀ ਹੋਵੇਗੀ।

ਤੁਹਾਡਾ ਸ਼ੁਭਚਿੰਤਕ,
Happy Birthday To You

***M.Y. Sandhey***
***C/o Gyan Sohi S.T.D.***
***P.C.O. Malkana Pati***
***Road Near Lachu***
***Floor mill Samana Mandi***
***Distt. Patiala***

–0–

ਕੁਲਜੀਤ ਭੈਣ ਜੀ,
ਸਤਿ ਸ੍ਰੀ ਅਕਾਲ!

ਤੁਹਾਡੀ ਗਜ਼ਲ ਜਗ ਬਾਣੀ ਵਿਚ ਛਪੀ ਪੜ੍ਹਕੇ ਬਹੁਤ ਖੁਸ਼ੀ ਹੋਈ। ਤੁਹਾਡੀ ਕਲਮ ਵਧੇ ਫੁਲੇ। ਮੇਰੇ ਪਿਤਾ ਜੀ ਤੁਹਾਡੀ ਇਸ ਗਜ਼ਲ ਦੀ ਬਹੁਤ ਤਰੀਫ਼ ਕਰਦੇ ਹਨ। ਤੁਸੀਂ 'ਅੱਖਾਂ' ਤੇ ਹੋਈ ਸਾਹਿਤਕ ਗੋਸ਼ਟੀ ਸਮੇਂ ਸਾਡੇ ਕੋਲ ਆਲਮ ਵਾਲਾ ਕਲਾਂ ਵਿਖੇ ਆਏ ਸੋ। ਅਸੀਂ ਪਰਿਵਾਰ ਵਾਲੇ ਸਾਰੇ ਤੁਹਾਡਾ ਬਹੁਤ ਬਹੁਤ ਧੰਨਵਾਦ ਵੀ ਕਰਦੇ ਹਾਂ ਪਰ ਤੁਸੀਂ ਛੇਤੀ ਤੁਰ ਗਏ। ਅਗਾਂਹ ਨੂੰ ਇਸ ਤਰ੍ਹਾਂ ਨਹੀਂ ਕਰਨਾ। ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ। ਅਸੀਂ ਮਨਵੀਰ ਕੌਰ ਮਨੀ ਤੇ ਨਵਦੀਪ ਸਿੰਘ ਨੂਰ।

ਬੇਟਾ ਕੁਲਜੀਤ ਉਪਰਲਾ ਹਿੱਸਾ ਮੈਂ ਤੇਰੀ ਛੋਟੀ ਭੈਣ ਤੇ ਵੀਰ ਦੇ ਕਹਿਣ ਤੇ ਲਿਖਿਆ ਹੈ। ਵਾਕਿਆ ਤੁਹਾਡੀ ਗਜ਼ਲ ਬਹੁਤ ਹੀ ਵਧੀਆ ਹੈ। ਪਰ ਦੱਸਦਾ ਇਹ ਤੁਹਾਡਾ ਪਿੰਡ ਕਿੱਥੇ ਕਿ ਹੈ। ਕਿਸ ਸੜਕ 'ਤੇ ਹੈ। ਕਿਹੜੀ ਤਹਿਸ਼ੀਲ ਵਿਚ ਹੈ। ਤੁਹਾਨੂੰ ਨਵਾਂ ਸਾਲ ਮੁਬਾਰਕ ਹੋਵੇ। ਤੁਹਾਡੀ ਕਲਮ ਕਰੇ ਕਮਾਲ।

*ਮਲਕੀਤ ਸਿੰਘ ਬਰਾੜ*
*ਪਿੰਡ ਤੇ ਡਾਕ ਆਲਮ ਵਾਲਾ ਕਲਾਂ*
*ਤਹਿਸ਼ੀਲ : ਬਾਘਾ ਪੁਰਾਣਾ*
*ਜ਼ਿਲ੍ਹਾ : ਮੋਗਾ*

-0-

12/8/04

ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ!

ਅਕਸਰ ਤੁਹਾਡੀਆਂ ਲਿਖਤਾਂ ਨੂੰ ਹਰ ਮੈਗਜ਼ੀਨ ਅਖ਼ਬਾਰ ਵਿਚ ਵੇਖਦਾ ਪੜ੍ਹਦਾ ਹਾਂ ਬਹੁਤ ਚੰਗਾ ਲਿਖਦੇ ਹੋ ਖੁੱਲ੍ਹਾ ਲਿਖਦੇ ਹੋ! ਖੁਸ਼ੀ ਹੁੰਦੀ ਹੈ ਕਿ ਕੋਈ ਕੁੜੀ ਵੀ ਐਨਾ ਖੁੱਲ੍ਹ ਕੇ ਲਿਖ ਰਹੀ ਹੈ। ਖੈਰ! ਮੈਂ ਕਸਬਾ ਅਲਾਵਲਪੁਰ ਤੋਂ ਇਕ ਮੈਗਜ਼ੀਨ ਕੱਢ ਰਿਹਾ ਹਾਂ ਦੋਆਬ ਨਾਂ ਹੇਠ ਜੋ ਸਤੰਬਰ ਵਿਚ ਪਹਿਲਾ ਅੰਕ ਛਪੇਗਾ ਉਸ ਵਿਚ ਛਾਪਣ ਲਈ ਆਪਣੀਆਂ ਰਚਨਾਵਾਂ ਭੇਜੋ ਛਾਪ ਕੇ ਖੁਸ਼ੀ ਮਹਿਸੂਸ ਕਰਾਂਗਾ। ਛਪਣ ਤੇ ਮੈਗਜ਼ੀਨ ਭੇਜਿਆ ਜਾਵੇਗਾ ਕੋਈ ਵਿਸ਼ੇਸ਼ ਲੇਖ ਵੀ ਭੇਜ ਸਕਦੇ ਹੋ ਜ਼ਰੂਰ ਥਾਂ ਦਿੱਤੀ ਜਾਵੇਗੀ ਖ਼ਤ ਦੀ ਉਡੀਕ ਵਿਚ।

ਮੋਹ ਨਾਲ ਤੁਹਾਡਾ ਆਪਣਾ

*ਮਦਨ ਬਗੰੜ*
*ਪਿੰਡ ਤੇ ਡਾਕ : ਸਿਕੰਦਰਪੁਰ*
*ਵਾਇਆ : ਅਲਾਵਲਪੁਰ*
*ਜ਼ਿਲ੍ਹਾ : ਜਲੰਧਰ : 144301, ਫੋਨ ਨੰ: 98154-60984*

-0-

ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ!

ਲੋਕ ਲਿਖਾਰੀ ਸਭਾ ਵਲੋਂ 18 ਅਗਸਤ ਦਿਨ ਐਤਵਾਰ ਦੀ ਨਿਸ਼ਸਤ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਨੂੰ ਸਮਰਪਤ ਹੈ। ਆਪ ਜੀ ਲਾਲਾ ਜੀ ਬਾਰੇ ਜੋ ਵੀ ਰਚਨਾ ਪੇਸ਼ ਕਰੋਗੇ, ਮੁੱਖ ਮਹਿਮਾਨ ਦੀ ਮੌਜ਼ੂਦਗੀ ਵਿਚ ਪੇਸ਼ ਕਰੋਗੇ। ਇਸ ਮੌਕੇ ਉਤੇ ਆਪ ਜੀ ਨੂੰ ਸਨਮਾਨਤ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਆਪ ਜੀ ਸਵੇਰੇ ਠੀਕ 9 ਵਜੇ ਮਠਾਰੂ ਹਾਊਸ, ਪੰਜਾਬੀ ਆਲ੍ਹਣਾ ਨਜ਼ਦੀਕ ਟੀ. ਵੀ. ਟਾਵਰ ਨਕੋਦਰ ਰੋਡ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ।

18 ਅਗਸਤ ਦੀ ਨਿਸ਼ਸਤ ਵਾਸਤੇ ਤਰਹ ਮਿਸਰਾ ਹੈ।
ਅਪਨੀ ਹਸਤੀ ਮਿਟਾ ਗਿਆ ਹੂੰ ਮੈਂ।

*ਡਾ. ਮਠਾਰੂ ਹਰਬੰਸ ਸਿੰਘ*
*ਲੋਕ ਲਿਖਾਰੀ ਸਭਾ*
*ਜਲੰਧਰ-144003*

–0–

3/6/2003

ਪਿਆਰੀ ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਕਾਫ਼ੀ ਦਿਨ ਪਹਿਲਾਂ ਆਪ ਜੀ ਦਾ ਖ਼ਤ ਮਿਲਿਆ ਜੋ ਕਿ ਆਪ ਜੀ ਨੇ ਜਨ ਸਾਹਿਤ ਵਿਚਲੀਆਂ ਮੇਰੀਆਂ ਰਚਨਾਵਾਂ ਪੜ੍ਹ ਕੇ ਲਿਖਿਆ ਸੀ। ਆਪ ਜੀ ਦੇ ਵਿਚਾਰ ਬਹੁਤ ਚੰਗੇ ਲੱਗੇ। ਆਪ ਜੀ ਨੇ ਮੇਰੀਆਂ ਰਚਨਾਵਾਂ ਪੜ੍ਹਕੇ ਆਪਣੇ ਕੀਮਤੀ ਵਿਚਾਰ ਭੇਜੇ। ਉਸ ਲਈ ਆਪ ਜੀ ਦਾ ਧੰਨਵਾਦ! ਮੈਂ ਵੀ ਅਕਸਰ ਹੀ 'ਅਜੀਤ' ਵਿਚ ਆਪ ਜੀ ਦੀਆਂ ਰਚਨਾਵਾਂ ਪੜ੍ਹਦੀ ਰਹਿੰਦੀ ਹਾਂ। ਜੋ ਕਾਫ਼ੀ ਜਵਾਲੇ ਤਾਰੀਫ਼ ਹੁੰਦੀਆਂ ਹਨ। ਅੱਜ ਕੱਲ੍ਹ ਤੁਸੀਂ ਕੀ ਕਰ ਰਹੇ ਹੋ? ਕੀ ਆਪ ਦੀ ਕੋਈ ਪੁਸਤਕ ਛਪ ਚੁੱਕੀ ਹੈ? ਮੈਂ ਆਪ ਜੀ ਦੇ ਖ਼ਤ ਦਾ ਜੁਆਬ ਕਾਫ਼ੀ ਪਹਿਲਾਂ ਦੇ ਦੇਣਾ ਸੀ। ਪਰ ਇਹ ਮੈਨੂੰ ਮੇਰੇ ਪਹਿਲੇ ਪਤੇ ਤੋਂ ਲੇਟ ਮਿਲਿਆ ਇਸ ਲਈ ਦੇਰੀ ਹੋ ਗਈ।

*ਤੁਹਾਡੀ ਸ਼ੁਭਚਿੰਤਕ,*
*ਮਨਪ੍ਰੀਤ ਕੌਰ ਭਾਟੀਆ*
*194, ਆਜ਼ਾਦ ਨਗਰ, ਫਿਰੋਜ਼ਪੁਰ - 152002*

–0–

3/6/03

ਪਿਆਰੀ ਗਜ਼ਲ,

ਨਿੱਘੀ ਯਾਦ,

ਤੇਰਾ ਖ਼ਤ ਮਿਲ ਗਿਆ ਸੀ। ਬਟਾਲੇ ਮਿਲਣ ਤੋਂ ਬਾਅਦ ਕਿੰਨੇ ਦਿਨ ਇਹੀ ਸੋਚਦਾ ਰਿਹਾ ਕਿ ਮਿਲ ਤਾਂ ਲਏ। ਪਰ ਫਿਰ ਘੜੀ ਮੁੜੀ ਖ਼ਤ ਦਾ ਖਿਆਲ ਆ ਜਾਂਦਾ। ਕਿ ਕਿਤਾਬ ਬਾਰੇ ਲਿਖਾਂ। ਉਨ੍ਹਾਂ ਨੇ ਮੈਨੂੰ ਕਿਤਾਬ ਵੀ ਭੇਜ ਦਿੱਤੀ। ਨਾਲ ਇਕ ਖ਼ਤ ਵੀ ਲਿਖਿਆ ਸੀ ਤੈਨੂੰ ਪੜ੍ਹਾਵਾਂ ਤਾਂ ਤੇਰਾ ਰੋਣ ਹੀ ਨਿਕਲ ਆਵੇ। ਮੈਂ ਅੱਠ ਤਾਰੀਖ਼ ਨੂੰ ਧਾਰੀਵਾਲ ਆ ਰਿਹਾ ਹਾਂ। ਸ਼ਾਇਦ ਤੂੰ ਵੀ ਆਉਣਾ ਹੋਵੇ ਤਾਂ ਮੈਂ ਤੈਨੂੰ ਖ਼ਤ ਪੜ੍ਹਾਊਂਗਾ। ਜੇ ਲਿਖਣ ਬੈਠ ਗਿਆ ਤਾਂ ਲਿਖੀ ਗਿਆ ਜੇ ਸ਼ਰਾਬ ਪੀਣ ਲੱਗ ਪਿਆ ਤਾਂ ਪੀ ਗਿਆ। ਆਸ ਹੈ ਕਿ ਤੂੰ ਬਟਾਲੇ ਗੁੱਸਾ ਤਾਂ ਨਹੀਂ ਮਨਾਇਆ ਜੇ ਮਨਾ ਲਿਆ ਹੋਵੇ ਤਾਂ ਕੀ ਆਂ....। ਬੱਸ ਏਨਾ ਹੀ।

ਨਿੱਘੇ ਪਿਆਰ ਨਾਲ,

*ਮਲਕੀਤ ਦਰਦੀ,*
*ਟੀ-2/356 ਰਣਜੀਤ ਸਾਗਰ ਡੈਮ*
*ਸਾਹਮਣੇ ਕੰਡੀ ਟਾਊਨਸ਼ਿਪ - 145025*

-0-

01/01/2004

ਪਿਆਰੇ ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਏਥੇ ਮੈਂ ਠੀਕ ਹਾਂ ਪ੍ਰਮਾਤਮਾ ਪਾਸੋਂ ਆਸ ਕਰਦਾ ਹਾਂ ਕਿ ਆਪ ਜੀ ਵੀ ਪਰਿਵਾਰ/ਸਨੇਹੀਆਂ ਸੰਗ ਤੰਦਰੁਸਤ ਹੋਵੋਗੇ।

ਹੋਰ ਕਾਫੀ ਸਮੇਂ ਤੋਂ ਆਪ ਜੀ ਨਾਲ ਕੋਈ ਸੰਪਰਕ/ਚਿੱਠੀ/ਪੱਤਰ ਨਹੀਂ ਹੋ ਸਕਿਆ, ਕੁਝ ਮਜ਼ਬੂਰੀਆਂ ਸਨ, ਖੁਦਮਰਜ਼ੀਆਂ ਨਹੀਂ, ਖ਼ਿਮਾ ਚਾਹੁੰਦਾ ਹਾਂ। ਉਨ੍ਹਾਂ 'ਚੋਂ ਇਕ ਤੁਹਾਡੀ ਤਸਵੀਰ (ਜੋ ਭੇਜ ਰਿਹਾ ਹਾਂ) ਦਾ ਨਾ ਮਿਲਣਾ ਸੀ।

ਗਾਹੇ-ਬਗਾਹੇ ਤੁਹਾਡੀਆਂ ਪ੍ਰਕਾਸ਼ਿਤ ਰਚਨਾਵਾਂ ਪੜ੍ਹਨ ਨੂੰ ਮਿਲੀਆਂ ਸ਼ਲਾਘਾਯੋਗ ਹਨ। ਹੋਰ ਮਿਹਨਤ ਕਰੋ; ਮੰਜ਼ਿਲ ਅਵੱਸ਼ ਮਿਲੇਗੀ।

ਅੱਜ-ਕੱਲ੍ਹ ਕੀ ਕਰ ਰਹੇ ਹੋ? ਮੰਮੀ ਡੈਡੀ ਭੈਣ-ਭਰਾ ਕਿਵੇਂ ਹਨ? ਲਿਖਣਾ! ਸਾਰਿਆਂ ਨੂੰ ਸਤਿ ਸ੍ਰੀ ਅਕਾਲ।

ਨਵੇਂ ਸਾਲ ਦੀਆਂ ਢੇਰ ਸਾਰੀਆਂ ਮੁਬਾਰਕਾਂ/ਸ਼ੁਭ ਇੱਛਾਵਾਂ ਨਾਲ....
ਬੀਤੇ ਦਾ ਨਾ ਮਾਤਮ ਕਰੀਏ, ਬੀਤ ਗਏ ਤੇ ਨਾ ਪਛਤਾਈਏ।
ਵਰਤਮਾਨ ਦੀਆਂ ਸੁੱਖਾਂ ਮੰਗੀਏ, ਸੌ-ਸੌ ਸ਼ਗਨ ਮਨਾਈਏ॥

*ਮਨਜੀਤ ਸਿੰਘ ਗਿੱਲ*
*ਪਿੰਡ ਤੇ ਡਾਕ : ਬੱਬਰੀ ਨੰਗਲ*
*ਤਹਿ ਤੇ ਜ਼ਿਲ੍ਹਾ : ਗੁਰਦਾਸਪੁਰ : 143529*

-0-

ਮੇਰੀ ਪਿਆਰੀ ਭੈਣ ਕੁਲਜੀਤ,
ਸਤਿ ਸ੍ਰੀ ਅਕਾਲ!

ਮੈਨੂੰ ਤੁਹਾਡਾ ਖ਼ਤ ਮਿਲਿਆ, ਪੜ੍ਹ ਕੇ ਮਨ ਖੁਸ਼ੀ ਨਾਲ ਝੂਮ ਉਠਿਆ। ਤੁਹਾਡੇ ਖ਼ਤ ਤੋਂ ਪਹਿਲਾਂ ਮੈਨੂੰ 11 ਖ਼ਤ ਮਿਲ ਚੁੱਕੇ ਸਨ ਪਰ ਸਾਰੇ ਵੀਰਾਂ ਵਲੋਂ ਹੀ ਸਨ ਜਦੋਂ ਭੈਣ ਦਾ ਖ਼ਤ ਮਿਲਿਆ ਮੈਨੂੰ ਸਭ ਤੋਂ ਵੱਧ ਖੁਸ਼ੀ ਹੋਈ। ਤੁਸੀਂ ਖ਼ਤ ਬਹੁਤ ਦੂਰੋਂ ਲਿਖਿਆ ਹੈ ਪਰ ਬਹੁਤ ਹੀ ਸੰਖੇਪ ਵਿਚ ਲਿਖਿਆ ਹੈ ਤੁਸੀਂ ਕੀ ਕਰਦੇ ਹੋ ਇਹ ਨਹੀਂ ਦੱਸਿਆ। ਤੁਹਾਡੀਆਂ ਦਿੱਤੀਆਂ ਸ਼ੁਭ-ਕਾਮਨਾਵਾਂ ਨਾਲ ਮੇਰਾ ਹੌਂਸਲਾ ਅਤੇ ਉਤਸ਼ਾਹ ਬਹੁਤ ਵਧੀਆ ਹੈ। ਮੈਂ ਆਪਣਾ ਅਗਲਾ ਲੇਖ ਨਾਰੀ ਉਪਰ ਯਾਨੀ ਔਰਤ ਉਪਰ ਲਿਖਿਆ ਹੈ ਪਰ ਅਜੇ ਅਜੀਤ ਨੂੰ ਭੇਜਣਾ ਹੈ ਅਗਰ ਛਪਿਆ ਤਾਂ ਮੈਨੂੰ ਖ਼ਤ ਜ਼ਰੂਰ ਲਿਖਣਾ ਅਤੇ ਦੱਸਣਾ ਕਿ ਕਿਵੇਂ ਲੱਗਿਆ? ਮੈਂ Govt. School ਵਿਚ Computer Teacher ਹਾਂ। ਅੱਗੇ ਤੋਂ ਖ਼ਤ ਵੱਡਾ ਲਿਖਣਾ। ਤੁਹਾਨੂੰ ਮੇਰੇ ਵਲੋਂ ਬਹੁਤ ਬਹੁਤ ਪਿਆਰ...

ਬਹੁਤ-ਬਹੁਤ ਧੰਨਵਾਦ ਸਹਿਤ!

*ਤੁਹਾਡੀ ਭੈਣ*
*ਮਨਦੀਪ ਕੌਰ ਸਿੱਧੂ*

-0-

11/5/2007

॥ ਅਕਾਲ ਸਹਾਇ॥
ਸਤਿਕਾਰਯੋਗ ਕੁਲਜੀਤ ਕੌਰ "ਗਜ਼ਲ" ਜੀ,
ਸਤਿ ਸ੍ਰੀ ਅਕਾਲ!

ਆਪ ਜੀ ਦੀ ਪਲੇਠੀ "ਗਜ਼ਲ ਸੰਗ੍ਰਹਿ" "ਤ੍ਰੇਲ ਜਿਹੇ ਮੋਤੀ" ਵੀਰ ਮੋਤਾ ਸਿੰਘ ਸਹਾਇ ਹੋਰਾਂ ਪਾਸੋਂ ਮਿਲੀ ਪੜ੍ਹਦਿਆਂ ਹੀ ਮਨ ਵਿਚੋਂ ਪ੍ਰੇਰਣਾ ਉੱਠੀ, ਕਿ ਲੇਖਕਾ ਸਾਹਿਬਾ ਨੂੰ ਮੁਬਾਰਕਵਾਦ ਦੇਣੀ ਬਣਦੀ ਐ।

ਹਾਂ...ਹੱਥਲੀ ਕਿਤਾਬ ਵਿਚ ਆਪ ਨੇ ਬਿਰਹਾ, ਤੜਫ਼, ਮੁਹੱਬਤ, ਵਫ਼ਾ ਤੇ ਬੇਵਫਾ ਨੂੰ ਬਾਖੂਬੀ ਸਹਿਤ ਚਿਤਰਿਆ ਹੈ। ਪੜ੍ਹਕੇ ਐਸਾ ਖਿਆਲ ਵੀ ਨਹੀਂ ਉਪਜਦਾ ਕਿ ਇਹ ਤੁਹਾਡੀ ਪਹਿਲੀ ਕਿਰਤ ਹੈ।

ਕੁਲਜੀਤ ਗਜ਼ਲ ਗਜ਼ਲਗੋਆਂ ਵਿਚੋਂ ਇਕ ਦਿਨ ਸਰਵੋਤਮ ਮੰਨੀ ਜਾਏਗੀ, ਇਕ ਸਾਹਿਤ ਦੀ ਸਿਰਜਣਾਤਮਕ ਸ਼ਕਤੀ ਦਾ ਆਪ ਮੁਹਾਰਾ ਚਸ਼ਮਾ ਫੁਟੇਗਾ ਜਦੋਂ ਇਕ ਖਾਸ ਤਪੱਸਿਆ ਭਰੀ ਲਗਨ ਦੀਆਂ ਵਿੰਗੀਆਂ ਟੇਢੀਆਂ ਪਗਡੰਡੀਆਂ 'ਚੋਂ ਆਪ ਗੁਜ਼ਰ ਜਾਓਗੇ।

ਹੱਥਲੀ ਕਿਤਾਬ ਅੰਦਰ ਆਪ ਨੇ ਨੀਲ ਤਣੇ ਅਕਾਸ਼ ਵਿਚ ਬਹੁਤ ਗਹਿਰੀਆਂ ਭਾਵ ਬੁਲੰਦ ਹੋ ਕੇ ਉਡਾਰੀਆਂ ਲਾਈਆਂ ਹਨ ਸਮੁੰਦਰ ਦੀ ਤਹਿ ਦੀ ਫਰੋਲਾ ਫਰਾਲੀ ਕੀਤੀ ਐ ਉਹ ਵੀ ਬੜੀ ਸ਼ਿੱਦਤ ਨਾਲ।

ਉਮੀਦ ਹੈ ਅਗਲੀਆਂ ਰਚਨਾਵਾਂ ਵਿਚ ਗਜ਼ਲ ਮੱਕਾਰ ਰਾਜਨੀਤੀ, ਡਾਵਾਂਡੋਲ ਆਰਥਿਕਤਾ, ਵਾਤਾਵਰਣ ਦੀ ਗੰਭੀਰ ਪ੍ਰਦੂਸ਼ਿਤ ਸਥਿਤੀ ਅਨਪੜ੍ਹਤਾ ਬੇਰੋਜ਼ਗਾਰੀ ਅਤੇ ਸਮਾਜਿਕ ਰਿਸ਼ਤਿਆਂ ਦੀਆਂ ਟੁੱਟਦੀਆਂ ਬਦਲਦੀਆਂ ਕੀਮਤਾਂ ਪ੍ਰਤੀ ਗਹਿਰੀ ਸੰਵੇਦਨਸ਼ੀਲਤਾ ਨਾਲ ਮੁਲਾਂਕਣ ਕਰਕੇ ਸਹਿਤਕ ਕਚਹਿਰੀ ਵਿਚ ਪੇਸ਼ ਕਰਨ ਦਾ ਸ਼ਿੱਦਤ ਨਾਲ ਯਤਨ ਕਰੇਗੀ। ਹੱਥਲੀ ਕਿਤਾਬ ਦੀ ਕਾਮਯਾਬੀ ਲਈ ਢੇਰ ਸਾਰੀਆਂ ਮੁਬਾਰਕਾਂ....।

ਫੋਨ ਤੇ ਆਪ ਜੀ ਨੇ ਗਲਤੀਆਂ ਬਾਰੇ ਪੁੱਛਿਆ ਸੀ....ਬੱਸ ਅੰਨ੍ਹਾ ਕੀ ਰਾਹ ਦੱਸ ਸਕਦਾ ਐ....ਇਨ੍ਹਾਂ ਹੀ ਕਹਿਣਾ ਚਾਹਾਂਗਾ। ਇਕ ਪ੍ਰਦੇਸ਼ੀ ਵੀਰ....।

ਨੋਟ : ਇਸ ਸਾਲ ਦੇ ਅੰਤ ਤੱਕ ਇਕ ਕਾਵਿ ਸੰਗ੍ਰਹਿ ਦੀ ਪਲੇਠੀ ਕਿਰਤ ਪੇਸ਼ ਕਰਨ ਦਾ ਨਿਮਾਣਾ ਯਤਨ ਕਰਾਂਗਾ। ਵੀਰ ਮੋਤਾ ਸਿੰਘ ਸਹਾਇ ਹੋਰਾਂ ਨੂੰ ਤੁਹਾਡੀ ਸਤਿ ਸ੍ਰੀ ਅਕਾਲ ਭੇਜ ਦਿੱਤੀ ਸੀ ਜਵਾਬ ਵਿਚ ਤੁਹਾਨੂੰ ਵੀ ਉਹ ਭੇਜਦੇ ਹਨ।

*ਮਲਕੀਤ ਸਿੰਘ ਸੰਧੂ*
**10 Old farm Crescent,**
**Flockton Road**
**Bradford**
**BD 4 7RG, U.K.**
**Tel: 0044**-1274-727823

-0-

1/5/07

ਪਿਆਰੀ ਬੇਟੀ ਕੁਲਜੀਤ,
ਸਤਿ ਸ੍ਰੀ ਅਕਾਲ।

ਆਸ ਕਰਦਾ ਹਾਂ ਕਿ ਆਪ ਅਤੇ ਆਪ ਦਾ ਪਰਿਵਾਰ ਸਿਹਤਮੰਦ ਹੈ। ਕੁਝ ਸਮਾਂ ਪਹਿਲਾਂ ਤੁਸੀਂ ਫੋਨ ਕੀਤਾ ਸੀ ਅਤੇ ਪਤਾ ਭੇਜਣ ਦਾ ਸੰਕਲਪ ਕੀਤਾ ਸੀ ਪਰ ਪਤਾ ਨਹੀਂ ਭੇਜਿਆ ਗਿਆ।

ਅਪ੍ਰੈਲ 2007 ਦਾ ਰਸਾਲਾ ਤਸਵੀਰ ਮਿਲਣ ਤੇ ਤੇਰੀ ਕਾਵਿ ਰਚਨਾ "ਦਿਲ ਦੀ ਇਹ...ਦੇ ਅੰਦਰ" ਤਾਂ ਪੜ੍ਹਨ ਨੂੰ ਮਿਲੀ ਪਰ ਡਾਕ ਪਤਾ ਵੀ ਮਿਲ ਗਿਆ। ਮੈਂ ਵਧਾਈ ਭੇਜਦਾ ਸੋਚਦਾ ਹਾਂ ਕਿ ਆਪਨੇ ਮੇਰੀਆਂ ਇਹ ਰਚਨਾਵਾਂ ਮਿਲਣ ਤੇ ਤੁਰੰਤ ਪੜ੍ਹੀਆਂ ਹੋਣਗੀਆਂ।

ਮੈਂ ਪਿਛਲੇ 8 ਸਾਲ ਤੋਂ ਨਾ-ਇਲਾਜ ਬੀਮਾਰੀ ... ਤੋਂ ਪੀੜਤ ਹਾਂ। ਇਲਾਜ ਲੱਗਭਗ ਬੰਦ ਸੀ। ਫਰਵਰੀ 2006 ਤੋਂ ਸ਼ੁਰੂ ਕੀਤਾ। ਹੱਥਾਂ ਅਤੇ ਪੈਰਾਂ ਵਿਚ ਕੰਬਣੀ ਹੋਣ ਕਰਕੇ ਸਾਫ਼ ਸਾਫ਼ ਲਿਖਣਾ ਸੰਭਵ ਨਹੀਂ। ..........

ਮੈਨੂੰ ਇਹ ਜਾਣਕੇ ਬੜੀ ਖੁਸ਼ੀ ਹੋਈ ਕਿ ਤੂੰ ਪੀ. ਐਚ. ਡੀ. ਕਰ ਰਹੀ ਹੈਂ। ਆਪਣੇ ਮਾਤਾ-ਪਿਤਾ ਨੂੰ ਮੇਰੇ ਵਲੋਂ ਫਤਹਿ ਬੁਲਾਉਣਾ। ਪੱਤਰ ਦਾ ਉਤਰ ਭੇਜਣ ਦੀ ਖੇਚਲ ਕਰਨੀ।

ਸ਼ੁਭ ਦੁਆਵਾਂ ਨਾਲ,

*ਪਿਤਾ ਸਮਾਨ*
*ਐਮ. ਜੀ. ਗੁਪਤਾ*

-0-

ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ!

ਅੱਜ ਹੀ ਤੁਹਾਡਾ ਪੱਤਰ ਮਿਲਿਆ ਹੈ, ਪੜ੍ਹ ਕੇ ਬਹੁਤ ਖੁਸ਼ੀ ਮਹਿਸੂਸ ਹੋਈ ਨਹੀਂ ਤਾਂ ਅੱਜ ਕੱਲ੍ਹ ਵਤਨਾਂ ਤੋਂ ਖ਼ਤ ਕਿੱਥੇ ਆਉਂਦੇ ਹਨ? ਸਮਾਂ ਬੜੀ ਤੇਜ਼ੀ ਨਾਲ ਬੀਤਦਾ ਹੈ। ਇੰਡੀਆ ਤੋਂ ਗਏ ਨੂੰ ਮੈਨੂੰ ਐਨਾ ਸਮਾਂ ਪਤਾ ਨਹੀਂ ਕਿਵੇਂ ਲੰਘ ਗਿਆ ਪਰੰਤੂ ਆਪਣੇ ਮੁਲਕ ਦੀਆਂ ਯਾਦਾਂ ਹਮੇਸ਼ਾ ਨਾਲ ਰਹੀਆਂ ਨੇ ਕਦੀ ਕਹਾਣੀਆਂ ਦੇ ਰੂਪ ਵਿਚ ਅਤੇ ਕਦੀ ਕਵਿਤਾ ਦੇ ਰੂਪ ਵਿਚ ਆਉਂਦੀਆਂ ਰਹੀਆਂ ਨੇ। ਤੁਹਾਡਾ ਖ਼ਤ ਵੀ ਇਕ ਬਹੁਤ ਚੰਗਾ ਅਹਿਸਾਸ ਹੈ, ਵਕਤ ਦੀ ਦੌੜ ਵਿਚ ਇਕ ਠਹਿਰਾ ਤੇ ਨਿੱਘ। ਉਮੀਦ ਕਰਦਾ ਹਾਂ ਇਹ ਸਿਲਸਿਲਾ ਬਣਿਆ ਰਹੇਗਾ ਅਗਲੀ ਵਾਰ ਦੋ ਸਾਲ ਦਾ ਵਕਫ਼ਾ ਨਾ ਪਾਇਉ ਦੋ ਹਫ਼ਤੇ ਦਾ ਹੀ ਠੀਕ ਹੈ।

ਕੁਲਜੀਤ ਜੇ ਤੁਹਾਨੂੰ ਲੇਖਕਾਂ ਨੇ ਏਧਰੋਂ ਰਿਸਪੋਂਸ਼ ਨਹੀਂ ਦਿੱਤਾ ਤਾਂ ਨਿਰਾਸ਼ ਹੋਣ ਦੀ ਕੋਈ ਗੱਲ ਨਹੀਂ ਤੁਸੀਂ ਉਨ੍ਹਾਂ ਦੇ ਫਾਇਦੇ ਲਈ ਕੀ ਕਰਨਾ ਸੀ। ਆਪਣਾ ਕੰਮ ਕਰਦੇ ਰਹੋ। ਮੈਂ ਮਹਿਸੂਸ ਕੀਤਾ ਹੈ ਕਿ ਤੁਹਾਡੀ ਗਜ਼ਲ ਵਿਚ ਕਾਫ਼ੀ ਨਿਖਾਰ ਆ ਰਿਹਾ ਹੈ। ਜਿੰਨੀ ਵਾਰੀ ਮੈਂ ਤੁਹਾਡੀਆਂ ਗਜ਼ਲਾਂ ਪੜ੍ਹੀਆਂ ਨੇ ਪਹਿਲਾਂ ਤੋਂ ਅੱਗੇ ਜਾਪੀਆਂ ਹਨ। ਏਸੇ ਤਰ੍ਹਾਂ ਮਿਹਨਤ ਕਰਕੇ ਰਹੋ। ਹੁਣ ਤੁਹਾਨੂੰ ਬਹੁਤ ਸਾਰੇ ਲੋਕ ਜਾਣਦੇ ਹਨ। ਤੁਹਾਡੀ ਕਿਤਾਬ ਜੇ ਇਸ ਸਾਲ ਆ ਜਾਂਦੀ ਤਾਂ ਬਹੁਤ ਚੰਗਾ ਸੀ ਹੁਣ ਅਗਲੇ ਸਾਲ ਤੱਕ ਦੇਰ ਕਿਉਂ ਹੋ ਰਹੀ ਹੈ? ਅੰਮਬੈਮੀ ਵਿਚ ਕਿਤਾਬ ਦਿਖਾ ਕੇ ਵੀਜ਼ਾ ਲੈਣਾ ਥੋੜ੍ਹਾ ਸੌਖਾ ਹੋ ਜਾਂਦਾ ਹੈ ਜੂਨ ਵਿਚ ਇੰਗਲੈਂਡ ਵਿਸ਼ਵ ਪੰਜਾਬੀ ਕਾਨਫਰੰਸ ਹੋਵੇਗੀ ਮੈਂ ਉਸਦੇ ਪ੍ਰਬੰਧਕਾਂ ਪਾਸੋਂ ਤੁਹਾਨੂੰ ਸਪੋਂਸਰਸ਼ਿਪ ਭਿਜਵਾ ਦਵਾਂਗਾ। ਜੇ ਇੰਗਲੈਂਡ ਦਾ ਵੀਜ਼ਾ ਮਿਲ ਗਿਆ ਫੇਰ ਕਨੇਡਾ ਦਾ ਕੋਈ ਮੁਸ਼ਕਲ ਨਹੀਂ ਆਪਾਂ ਪੂਰੀ ਕੋਸ਼ਿਸ਼ ਕਰਾਂਗੇ। ਹੋਰ ਤੁਹਾਡਾ ਕੀ ਹਾਲ ਹੈ? ਬੀ. ਐਡ. ਕਰ ਰਹੇ ਸੀ ਪੂਰੀ ਹੋ ਗਈ। ਅੱਗੇ ਦੀ ਕਰਨ ਦਾ ਵਿਚਾਰ ਹੈ? ਪਰਿਵਾਰ ਦਾ ਕੀ ਹਾਲ ਚਾਲ ਹੈ? 2006 ਵਿਚ ਮੈਂ ਇੰਡੀਆ ਆਕੇ ਤੁਹਾਨੂੰ ਫੋਨ ਕਰਾਂਗਾ।

ਇਨ੍ਹੀ ਦਿਨੀਂ ਏਥੇ ਮੇਰਾ ਡਰਾਈਵਿੰਗ ਸਕੂਲ ਹੈ ਮੈਂ ਇਨਸਟਕਟਰ ਹਾਂ। ਇਸ ਦੇ ਨਾਲ ਨਾਲ ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮ ਕਰਦਾ ਹਾਂ। ਨਾਲ ਲਿਖਦੇ ਰਹੀਦਾ ਹੈ। ਮੇਰੀਆਂ ਤਿੰਨ ਕਹਾਣੀਆਂ ਦੀਆਂ ਕਿਤਾਬਾਂ ਪਹਿਲਾਂ ਹਨ। ਇਨ੍ਹਾਂ ਮੁਲਕਾਤਾਂ ਦੀ 2004 ਵਿਚ ਛਪੀ ਸੀ। ਹੁਣ ਇਕ ਹੋਰ ਕਹਾਣੀਆਂ ਦੀ ਤਿਆਰ ਹੈ ਅਤੇ ਇਕ ਨਾਵਲ ਤੇ ਕੰਮ ਕਰ ਰਿਹਾ ਹਾਂ। ਦੋ ਕਹਾਣੀਆਂ ਤੇ ਫ਼ਿਲਮਾਂ ਬਣੀਆਂ ਹਨ। ਬੱਸ ਏਸੇ ਤਰ੍ਹਾਂ ਟਾਈਮ ਪਾਸ ਹੋਈ ਜਾਂਦਾ ਹੈ।

ਬਾਕੀ ਕੋਈ ਵੀ ਗੱਲ ਹੋਵੇ ਬਗੈਰ ਕਿਸੇ ਝਿਜਕ ਦੇ ਲਿਖਣਾ ਜੇ ਮੈਂ ਕਿਸੇ ਕੰਮ ਆ ਸਕਦਾ ਹੋਇਆ ਮੈਨੂੰ ਖੁਸ਼ੀ ਹੋਵੇਗੀ। ਬਾਕੀ ਤੁਹਾਡੇ ਲਈ ਸਾਲ 2006 ਬਹੁਤ

ਸਫ਼ਲਤਾਵਾਂ ਤੇ ਖੁਸ਼ੀਆਂ ਲੈ ਕੇ ਆਏ। ਤੁਹਾਡੀ ਸ਼ਾਇਰੀ ਬੁਲੰਦੀ ਛੂਹਵੇਂ ਤੇ ਜੀਵਨ ਵਿਚ ਬਹੁਤ ਸੁੱਖ ਪ੍ਰਾਪਤ ਹੋਣ ਏਹੋ ਮੇਰੀ ਦੁਆ ਹੈ। ਫੋਨ ਵੀ ਕਰਾਂਗਾ। ਤੁਸੀਂ ਚਿੱਠੀ ਜਲਦੀ ਪਾਉਣਾ। ਮੇਰੇ ਵਲੋਂ ਤੁਹਾਡੇ ਸਾਰੇ ਪਰਿਵਾਰ ਨੂੰ ਬਹੁਤ ਬਹੁਤ ਮੁਬਾਰਕਾਂ ਨਵੇਂ ਸਾਲ ਦੀਆਂ ਤੇ ਸਤਿ ਸ੍ਰੀ ਅਕਾਲ।

Happy New Year 2006

ਪਤਾ ਤੇ ਫੋਨ ਨੰਬਰ ਤੁਹਾਡੇ ਕੋਲ ਹਨ ਹੀ। ਤੁਹਾਡੀਆਂ ਗਜ਼ਲਾਂ ਬਹੁਤ ਸੋਹਣੀਆਂ ਨੇ ਛਪਵਾ ਕੇ ਕੰਟਿੰਗਜ਼ ਭੇਜਾਂਗਾ।

***ਮੇਜਰ ਮਾਂਗਟ***

–0–

**17/3/2002**

ਪਿਆਰੀ ਗ਼ਜ਼ਲ
ਸਤਿ ਸ੍ਰੀ ਅਕਾਲ,

ਕਲ੍ਹ ਦੀ ਜੱਗਬਾਣੀ 16–3–2002 ਦੇ ਕਹਾਣੀ ਪੰਨੇ ਵਿਚ ਤੇਰੀ ਕਹਾਣੀ 'ਲੈਣ ਦਾ ਦੇਣ' ਪੜ੍ਹੀ। ਫੇਰ ਦੁਬਾਰਾ ਪੜ੍ਹੀ। ਪੜ੍ਹ ਕੇ ਦਾਦ ਦੇਣ ਨੂੰ, ਸ਼ਾਬਾਸ਼ ਦੇਣ ਨੂੰ ਦਿਲ ਕੀਤਾ ਤੇ ਅੱਜ ਤੈਨੂੰ ਚਿੱਠੀ ਲਿਖ ਰਿਹਾ ਹਾਂ।

ਉਮੀਦ ਹੈ ਕਿ ਇਸ ਦੇ ਪਾਤਰਾਂ ਦੇ ਨਾਮ ਬਦਲੇ ਹੋਏ ਹੋਣਗੇ ਪਰ ਜੇ ਨਹੀਂ ਵੀ ਬਦਲੇ ਤਾਂ ਵੀ ਕੋਈ ਫਰਕ ਨਹੀਂ ਪੈਂਦਾ। ਆਧੁਨਿਕ ਔਰਤ ਜਾਂ ਲੜਕੀ ਹੁਣ 'ਉਹ' ਪੁਰਾਣੇ ਸਮਿਆਂ ਵਾਲੀ ਨਹੀਂ ਹੈ, ਉਸਨੂੰ ਆਪਣੇ ਮਾਨ, ਸਨਮਾਨ, ਇੱਜ਼ਤ ਪਰੰਪਰਾਵਾਂ ਦਾ ਅਹਿਸਾਸ ਹੋ, ਉਹ ਬੇਇਨਸਾਫ਼ੀ ਤੇ ਵਧੀਕੀਆਂ ਵਿਰੁੱਧ ਬੋਲਣ ਤੇ ਲਿਖਣ ਦਾ ਹੌਂਸਲਾ ਰੱਖਦੀ ਹੈ। ਇਸ ਕਹਾਣੀ ਦੇ ਸ਼ੁਰੂ ਵਿਚ ਮੈਂ ਸੋਚ ਰਿਹਾ ਸਾਂ ਕਿ ਤੂੰ ਉਸਨੂੰ "ਬੈਠਾ ਹੋਇਆ ਸੀ"..."ਗੋਗੜ ਬਾਹਰ ਲਟਕ ਰਹੀ ਸੀ" ਆਦਿ ਲਿਖਿਆ ਸੀ ਪਰ ਉਹ ਤੈਨੂੰ ਕਹਿ ਰਿਹਾ ਸੀ। "ਉਹ ਤੁਸੀਂ ਓ....ਆਦਿ।" ਪਰ ਕਹਾਣੀ ਦੇ ਅੱਧ ਤੋਂ ਬਾਅਦ ਪਤਾ ਲੱਗਾ ਕਿ ਉਹ ਇਸੇ ਲਾਈਕ ਹੀ ਸੀ। ਬੜੇ ਚੰਗੇ ਤਰੀਕੇ ਨਾਲ ਭਾਵਨਾਵਾਂ ਦਰਸਾਈਆਂ ਹਨ ਗਜ਼ਲ ਨੂੰ ਸ਼ਾਬਾਸ਼ ਇਸੇ ਤਰ੍ਹਾਂ ਜਾਰੀ ਰੱਖਣਾ।

ਕੁਝ ਦਿਨ ਪਹਿਲਾਂ "ਮਿੰਨੀ" ਵਿਚ ਵੀ ਤੇਰੀ ਇਕ ਕਹਾਣੀ ਪੜ੍ਹੀ ਸੀ। ਬਹੁਤ ਚੰਗੀ ਲੱਗੀ ਸੀ। ਉਸ ਬਾਰੇ ਮੈਂ ਚਿੱਠੀ ਨਹੀਂ ਸੀ ਲਿਖੀ ਹੁਣ ਉਸ ਸਬੰਧੀ ਵੀ ਸ਼ਾਬਾਸ਼! ਮੇਰੇ ਵਲੋਂ ਬਹੁਤ ਬਹੁਤ ਮੁਬਾਰਕਾਂ।

***ਮ. ਸ. ਬੱਲ***

–0–

**26/6/2006**

ਧਰਤੀ 'ਤੇ ਰਹਿ ਕੇ ਧਰਤ ਸੰਗ ਕਾਹਨੂੰ ਕਮਾਉਂਦੈ ਦੁਸ਼ਮਣੀ,
ਆਜਾ ਮੈਂ ਤੇਰੀ ਸੋਚ ਨੂੰ ਅਸਮਾਨ ਜਿੱਡਾ ਕਰਦਿਆਂ।

ਕਿਸ ਨੂੰ ਦਿਖਾਵਾਂ ਖੋਲ੍ਹ ਕੇ ਦਿਲ ਦੀ ਮੈਂ ਤਾਣੀ ਰੇਸ਼ਮੀ,
ਦਿੱਤੇ ਨੇ ਗ਼ਮ ਤੋਹਫ਼ੇ ਵਜੋਂ, ਬਾਹਰਦਿਆਂ ਕੁਝ ਘਰਦਿਆਂ।

ਤੂੰ ਅੱਥਰੂ ਵੀ ਏਂ ਨੈਣਾਂ ਦਾ, ਹਾਸਾ ਵੀ ਏਂ ਬੁੱਲ੍ਹਾਂ ਦਾ,
ਚੀਖ, ਉਦਾਸੀ, ਨਚਣਾ-ਗਾਣਾ, ਮੇਰਾ ਸਭ ਕੁਝ ਤੇਰਾ ਹੈ।
ਸੂਲੀ ਚੜਵਾ, ਨਗ ਵਿਚ ਜੜਵਾ, ਜਹਿਰ ਪਿਲਾ ਜਾਂ ਹੜ੍ਹ 'ਚ ਹੜਾ,
ਮੈਂ ਤਾਂ ਬਸ ਆਖੀ ਹੀ ਜਾਣਾ, ਮੇਰਾ ਸਭ ਕੁਝ ਤੇਰਾ ਹੈ।

ਕੁਲਜੀਤ 'ਗਜ਼ਲ' ਜੀਓ,
ਕਲਮੀ ਆਦਾਬ!

ਆਪ ਜੀ ਦੀਆਂ ਗਜ਼ਲਾਂ ਵਿਚੋਂ ਕੁਝ ਸ਼ੇਅਰ ਲਿਖ ਰਿਹਾ ਹਾਂ, ਚੰਗੇ ਲੱਗੇ ਇਸ ਲਈ। ਮੇਰੀ ਸਮਝ ਅਨੁਸਾਰ ਕਵਿ ਦੀ ਕਲਪਨਾ ਦੀ ਪ੍ਰਵਾਜ਼ ਜਿੰਨੀ ਵਿਸ਼ਾਲ ਹੋਵੇਗੀ, ਉਨ੍ਹਾਂ ਹੀ ਉਸਦਾ ਕਾਲਪਨਿਕ ਸੰਸਾਰ ਸੁੰਦਰ ਹੋਵੇਗਾ। ਯਥਾਰਤ ਰੂਪ ਵਿਚ ਉਹ ਉਨੀ ਹੀ ਚੰਗੀ ਸਿਰਜਣਾ ਕਰ ਸਕਦਾ ਹੈ। ਤੁਹਾਡੇ ਕੋਲ ਉਡਾਨ ਹੈ, ਪੁਖਤਾ ਖਿਆਲ ਹਨ ਅਤੇ ਨਾਲ ਹੀ ਗਜ਼ਲ ਦੀ ਕੋਮਲਤਾ ਵੀ ਹੈ। ਸਾਲਾ ਤੁਹਾਡੀ ਕਲਮ ਉਮਰ-ਦਗਜ਼ ਹੋਵੇ। ਮੈਂ ਆਪ ਜੀ ਨੂੰ ਇਸ ਤੇ ਮੁਬਾਰਕਬਾਦ ਦਿੰਦਾ ਹਾਂ। ਪੰਜਾਬੀ ਸਾਹਿਤ ਨੂੰ ਤੁਹਾਡੇ ਕੋਲੋਂ ਹੋਰ ਚੰਗੀਆਂ ਗਜ਼ਲਾਂ ਦੀ ਆਸ ਹੈ। ਮੈਂ ਆਪ ਜੀ ਦੇ ਦ੍ਰਿਸ਼ਟੀ ਗੋਚਰ ਆਪਣਾ ਗ਼ਜ਼ਲ ਸੰਗ੍ਰਹਿ ਭੇਜ ਰਿਹਾ ਹਾਂ।

*ਤੁਹਾਡਾ ਸ਼ੁਭ ਚਿੰਤਕ*
*ਮਿੱਤਰ*
*ਮਨਜੀਤ 'ਬਠਿੰਡਾ'*

-0-

**4 ਫਰਵਰੀ, 2001**

ਮਿਸ ਕੁਲਜੀਤ ਗਜ਼ਲ ਜੱਗਾ ਜੀ,
ਸਤਿ ਸ੍ਰੀ ਅਕਾਲ!

ਤੁਹਾਡੀ ਚਿੱਠੀ ਮਿਲੀ ਧੰਨਵਾਦ! ਤੁਹਾਡਾ ਨਾਂ ਮੈਂ ਕਿਸ ਪੱਤ੍ਰਿਕਾ ਵਿਚ ਪੜ੍ਹਿਆ, ਯਾਦ ਨਹੀਂ। ਸ਼ਾਇਦ ਕਿਸੇ ਅਖ਼ਬਾਰ ਵਿਚ ਪਾਠਕਾਂ ਦੇ ਖ਼ਤਾਂ ਵਿਚ ਪੜ੍ਹਿਆ ਹੋਵੇ! ਖੈਰ...

ਤੁਸੀਂ ਜਿਹੜੇ ਰਸਾਲਿਆਂ ਸੁਬਾਸਕ, ਦਸਤਕ, ਸੁਜਾਤਾ ਅਤੇ ਅਣੂ ਦਾ ਜ਼ਿਕਰ ਕੀਤਾ ਹੈ, ਇਹ ਕਿੱਥੋਂ ਛਪਦੇ ਹਨ? ਲਿਖਣਾ ਜੇ ਤੁਸੀਂ ਲਿਖਦੇ ਹੋ, ਤਾਂ ਜ਼ਰੂਰ ਲਿਖੋ ਅਤੇ ਛੋਟੇ ਰਸਾਲਿਆਂ ਦੇ ਨਾਲ-ਨਾਲ ਵੱਡੇ ਅਖ਼ਬਾਰਾਂ ਰਸਾਲਿਆਂ ਵਿਚ ਵੀ ਭੇਜਿਆ ਕਰੋ। ਰੇਡੀਓ ਤੇ ਭੇਜੋ ਟੀ. ਵੀ. ਤੇ ਭੇਜੋ। ਆਪਣੀ ਕੋਈ ਰਚਨਾ ਮੈਨੂੰ ਭੇਜੋ।

ਪੜ੍ਹਕੇ ਵੇਖਾਂਗੇ ਕਿ ਕਿਥੇ ਭੇਜੀ ਜਾ ਸਕਦੀ ਹੈ।

ਚਿੱਠੀ ਲਈ ਧੰਨਵਾਦ! ਸਤਿ ਸ੍ਰੀ ਅਕਾਲ।

***ਸ਼ੁਭ ਚਿੰਤਕ***
***ਰਾਜਕੁਮਾਰ ਸ਼ਕੋਲੀਆ***
***29/11-ਭਾਰਗੋ ਨਗਰ***
***ਜਲੰਧਰ-144003***
***ਫੋਨ ਨੰ: 0181-55961***

–0–

28/4/03

ਪਿਆਰੀ ਗਜ਼ਲ

ਹੈਲੋ,

Sorry ਮੈਂ ਤੁਹਾਡੇ ਖ਼ਤ ਦਾ ਜਲਦੀ ਜਵਾਬ ਨਹੀਂ ਦੇ ਸਕੀ। ਪਰ ਅੱਗੇ ਤੋਂ ਇੰਝ ਨਹੀਂ ਹੋਵੇਗਾ। ਜਦੋਂ ਤੁਹਾਡਾ ਖ਼ਤ ਆਇਆ ਹੀ ਸੀ ਤਾਂ ਉਸ ਤੋਂ ਥੋੜ੍ਹੇ ਹੀ ਦਿਨ ਪਹਿਲਾਂ ਮੈਂ ਅੰਮ੍ਰਿਤਸਰ ਆਈ ਸੀ। ਅੱਗੇ ਤੋਂ ਮੈਂ ਆਈ ਤਾਂ ਜ਼ਰੂਰ ਆਵਾਂਗੀ। ਤੁਸੀਂ ਵੀ ਫਿਰੋਜ਼ਪੁਰ ਆਏ ਤਾਂ ਜ਼ਰੂਰ ਆਇਓ। ਮੈਂ ਵੇਖਣਾ ਚਾਹੁੰਦੀ ਹਾਂ ਤੇ ਨਾਲ ਬਹੁਤ ਜਲਦੀ ਵੇਖਣਾ ਚਾਹੁੰਦੀ ਹਾਂ ਕਿ ਇਹ ਗਜ਼ਲ ਹੈ ਕਿਸ ਤਰ੍ਹਾਂ ਦੀ। ਸੋ ਮੈਂ ਜਲਦੀ ਹੀ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਬਣਾਵਾਂਗੀ। ਹੋਰ ਪੇਪਰ ਕਿਵੇਂ ਦੇ ਹੋਏ ਹਨ ਲਿਖਣਾ ਆਂਟੀ, ਅੰਕਲ ਤੇ ਬਾਕੀ ਸਭ ਨੂੰ।

ਸਤਿ ਸ੍ਰੀ ਅਕਾਲ।

***ਰੈਪੀ ਪਨੇਸਾਰ***

–0–

ਪਿਆਰੀ ਕੁਲਜੀਤ,

ਮੋਹ ਭਰੀ ਸਤਿ ਸ੍ਰੀ ਅਕਾਲ।

ਤੂੰ ਮੈਨੂੰ ਤੂੰ ਕਹਿਕੇ ਸੰਬੋਧਿਤ ਹੋ ਲਿਆ ਕਰ। ਚੰਗਾ ਲੱਗੇਗਾ। ਅੱਜਕੱਲ੍ਹ ਕੀ ਹੋ ਰਿਹਾ ਹੈ? ਤੇਰਾ ਕਾਰਡ ਵੀ ਮਿਲਿਆ ਚੰਗਾ ਲੱਗਿਆ। ਮੇਰੀਆਂ ਰਚਨਾਵਾਂ ਤੈਨੂੰ ਚੰਗੀਆਂ ਲੱਗੀਆਂ ਇਹ ਪੜ੍ਹਕੇ ਖੁਸ਼ੀ ਮਿਲੀ। ਕਿਸੇ ਨੂੰ ਜੱਫੀ ਵਿਚ ਲੈਣ ਲਈ ਕਿਸੇ ਬਹਾਨੇ ਦੀ ਲੋੜ ਨਹੀਂ। ਜੇ ਮਿਲਣਾ ਹੈ ਤਾਂ ਕਦੇ ਖੁਦ ਆ ਜਾਈਦਾ ਹੈ। ਪਤਾ ਨਹੀਂ ਜ਼ਿੰਦਗੀ ਕਿੰਨੀ ਕੁ ਹੈ ਸਾਡੇ ਕੋਲ, ਮਿਲਦਿਆਂ ਦੇ ਹੀ ਮੇਲੇ ਨੇ। ਪਰ ਜਿੰਨੇ ਵੀ ਦਿਨ ਸਾਡੇ ਹਿੱਸੇ ਸੁਚੱਜੇ ਪਾਸੇ ਲਾਉਣ ਦੀ ਕੋਸ਼ਿਸ਼ ਕਰਾਂਗੇ। ਤੂੰ ਕਿਹਾ ਕਿ ਤੇਰੀ ਉਮਰ ਵੀ ਮੈਨੂੰ ਲੱਗ ਜਾਵੇ, ਕੁਲਜੀਤ ਇਉਂ ਨਹੀਂ ਲਿਖੀਦਾ ਹੁੰਦਾ। ਤੂੰ ਜੀਅ ਭਰਕੇ ਜਿਉਂ ਮੈਂ ਤੇਰੇ ਨਾਲ ਹਾਂ। ਖੁਸ਼ ਰਿਹਾ ਕਰ। ਸਾਹਿਤ ਰਚਨਾ ਕਰਦੀ ਰਹਿ। ਕਦੇ ਮਿਲਾਂਗੇ ਵੀ

ਜ਼ਰੂਰ ਘਰ ਪਰਿਵਾਰ ਵਿਚ ਮੈਂ, ਮੰਮੀ ਤੇ ਪਾਪਾ ਹਾਂ। ਭਰਾ ਪੜਦਾ ਹੈ। ਤੂੰ ਵੀ ਆਪਣੇ ਬਾਰੇ ਦੱਸੀ। ਅੱਗੇ ਤੋਂ ਖ਼ਤ ਵੱਡਾ ਲਿਖਿਆ ਕਰਾਂਗੀ, ਹੁਣ ਜਗ੍ਹਾ ਵੀ ਥੋੜ੍ਹੀ ਰਹਿ ਗਈ। ਰੱਬ ਕਰੇ ਤੇਰੀ ਗੱਲ ਸੱਚੀ ਹੋਵੇ ਤੇ ਅਸੀਂ ਨਾਲੋਂ-ਨਾਲ ਤੁਰਦੇ ਜ਼ਿੰਦਗੀ ਗੁਜ਼ਾਰ ਦੇਈਏ। ਬਾਕੀ ਫੇਰ।

*ਤੇਰੀ ਭੈਣ ਦੋਸਤ*
*ਰਵਿੰਦਰ ਕਿਰਨ।*

-0-

24/10/01
ਕੁਲਜੀਤ,

ਤੇਰੀ ਪਹਿਲੀ ਚਿੱਠੀ ਵੀ ਮਿਲੀ ਸੀ। ਇਹ ਦੂਜੀ ਚਿੱਠੀ ਹੈ। ਦੇਖ, ਮੈਂ ਤੇਰੀ ਚਿੱਠੀ ਦਾ ਜਵਾਬ ਦੇ ਰਿਹਾ ਹਾਂ। ਹੁਣ ਤੈਨੂੰ ਬਰਨਾਲੇ ਆਕੇ ਹੜਤਾਲ ਨਹੀਂ ਕਰਨੀ ਪਵੇਗੀ। ਹਾਂ, ਆਪਣੀਆਂ ਤਿੰਨ ਵਧੀਆ ਗਜ਼ਲਾਂ ਭੇਜਦੇ। ਜੇ ਉਨ੍ਹਾਂ ਵਿਚ ਕੋਈ ਦਮ ਹੋਇਆ ਤਾਂ 'ਕਹਾਣੀ ਪੰਜਾਬ' ਵਿਚ ਕਦੇ ਛਾਪ ਦਿਆਂਗੇ। ਮੈਂ ਅੰਮ੍ਰਿਤਸਰ ਕਦੇ ਕਦੇ ਆਉਂਦਾ ਹਾਂ ਅਤੇ ਆਪਣੇ ਮਿੱਤਰ ਡਾਃ ਬਿਕਰਮ ਸਿੰਘ ਘੁੰਮਣ ਕੋਲ ਠਹਿਰਦਾ ਹਾਂ। ਉਹ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਹਨ।

ਤੇਰੇ ਪਿਤਾ ਕੀ ਕੰਮ ਕਰਦੇ ਹਨ? ਘਰ ਵਿਚ ਹੋਰ ਕੌਣ ਕੌਣ ਹਨ? ਪਰਤਾਪੀ ਨਾਵਲ ਤੈਨੂੰ ਕਿਉਂ ਚੰਗਾ ਲਗਦਾ ਹੈ। ਇਕ ਪੈਰੇ ਵਿਚ ਜਵਾਬ ਦੇਹ।

*ਤੇਰਾ ਸ਼ੁਭ ਚਿੰਤਕ*
*ਰਾਮ ਸਰੂਪ ਅਣਖੀ*

-0-

16/5/02

ਸਤਿਕਾਰਯੋਗ,
ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਵਾਹਿਗੁਰੂ ਦੀ ਕ੍ਰਿਪਾ ਸਦਕਾ ਆਪ ਠੀਕ ਠਾਕ ਹੋਵੋਗੇ। ਆਪ ਦੀ ਰਚਨਾਵਾਂ ਮੈਂ ਅਕਸਰ ਹੀ ਪੜ੍ਹਦਾ ਰਹਿੰਦਾ ਹਾਂ। ਤੁਹਾਡੀਆਂ ਗਜ਼ਲਾਂ ਜੋ ਖੁਪਾ ਕਰ ਜਜ਼ਬਾਤ ਨਾਲ ਭਰਭੂਰ ਤੇ ਮਾਨਸਿਕ ਪੀੜ੍ਹਾਂ ਦੀ ... ਤੋਂ ਪੈਦਾ ਹੁੰਦੀਆਂ ਨੇ ਪੜ੍ਹਦਾ ਹਾਂ। ਅਕੀਤ 'ਚ ਤੁਹਾਡੀ ਕਵਿਤਾ ਪੜ੍ਹੀ ਉਹੀ ਪਸੰਦ ਆਈ ਵੇਖੋ ਤੁਸੀਂ ਇਕ ਸ਼ਾਇਰ ਵਧੀਆ ਹੋ। ਸੋ ਵਧੀਆਂ ਰਚਨਾਵਾ ਲਿਖਣ ਲਈ ਆਪ ਵਧਾਈ ਦੇ ਪਾਤਰ ਹੋ।

*ਹਿੱਤੂ*
*ਸਰਬੱਤ ਦਾ ਭਲਾ ਹੋਵੇ!*
*ਰਾਜਵਿੰਦਰ ਸ਼ਮੀਰ*
*ਪਿੰਡ ਤੇ ਡਾਕ : ਸ਼ਮੀਰ, ਬਠਿੰਡਾ*
*ਫੋਨ : 0164-436642*

–0–

*22/9/02*

ਕੁਲਜੀਤ ਜੀ,
ਸਹਿਤਕ ਆਦਾਬ,

ਮੈਂ ਅੱਜ ਹੀ ਆਪ ਦੀਆਂ ਗਜ਼ਲਾਂ ਪੜ੍ਹੀਆਂ, ਵੈਸੇ ਮੈਂ ਅਕਸਰ ਹੀ ਤੁਹਾਡੀਆਂ ਰਚਨਾਵਾਂ ਤਾਂ ਪੜ੍ਹਦਾ ਹੀ ਹਾਂ ਪਰ ਆਪ ਦੀ ਇਕ ਕਹਾਣੀ ਕਾਫੀ ਚਿਰ ਪਹਿਲਾ ਮੈਂ ਪੜ੍ਹੀ ਸੀ "ਹਾਤੋ"। ਮੈਨੂੰ ਉਹ ਕਹਾਣੀ ਪੜ੍ਹਕੇ ਕਈ ਵਿਚਾਰਾ ਦਾ ਸਾਹਮਣਾ ਕਰਨਾ ਪਿਆ। ਭਾਵੇਂਕਿ ਮੈਂ ਇਹ ਵਿਸਥਾਰ ਲਿਖਣਾ ਸੀ ਵਕਤ ਦੀ ਵਜ੍ਹਾ ਕਾਰਨ ਇਹ ਨਹੀਂ ਹੋ ਸਕਿਆ। ਤੁਹਾਡੀਆਂ ਲਿਖਤਾਂ ਤੁਹਾਡੇ ਵਧੀਆ ਲੇਖਕ ਹੋਣ ਦਾ ਸਬੂਤ ਦਿੰਦੀਆਂ ਨੇ ਪਰ ਫਿਰ ਵਧੀਆ ਲੇਖਕ ਨੂੰ 'ਹਾਤੋਂ' ਅਜਿਹੀਆਂ ਗੈਰ ਮਿਆਰੀ ਕਹਾਣੀਆਂ ਨਹੀਂ ਲਿਖਣੀਆਂ ਚਾਹੀਦੀਆਂ। ਅੱਗੇ ਤੋਂ ਹਰ ਪਾਠਕ ਤੁਹਾਡੇ ਤੋਂ ਵਧੀਆ ਲਿਖਤ ਦੀ ਆਸ਼ ਕਰੇਗਾ।

ਸਰਬੱਤ ਦਾ ਭਲਾ!

*ਰਾਜਵਿੰਦਰ ਸ਼ਮੀਰ*
*ਪਿੰਡ ਤੇ ਡਾਕ : ਕੋਟ ਸ਼ਮੀਰ*
*ਬਠਿੰਡਾ*
*ਫੋਨ ਨੰ: 98151-30184*

–0–

20/3/02

ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਸਾਹਿਤਕ ਆਦਾਬ!

ਆਪ ਜੀ ਦੀ ਕਲਮ ਦੀ ਰਚਨਾ ਇਕ ਕਹਾਣੀ ਦੇ ਰੂਪ 'ਚ 'ਜਗ ਬਾਣੀ' ਅਖ਼ਬਾਰ ਦੇ ਸ਼ਨੀਵਾਰ ਅੰਕ ਵਿਚ 'ਲੈਣ ਦਾ ਦੇਣ' ਨਾਂ ਹੇਠ ਪੜ੍ਹਨ ਨੂੰ ਨਸੀਬ ਹੋਈ, ਜੋ ਕਿ ਬੇਹੱਦ ਪਸੰਦ ਆਈ ਹੈ। ਅਜਿਹੀਆਂ ਰਚਨਾਵਾਂ ਦੁਰਲੱਭ ਹੀਰਿਆਂ ਦਾ ਹੀ ਇਕ ਰੂਪ ਲੱਗਦੀਆਂ ਹਨ, ਜਦੋਂ ਇਹ ਭਾਵਨਾਵਾਂ ਦਾ ਸਾਗਰ, ਮਾਤਰ ਕੁ ਸ਼ਬਦਾਂ ਲੈ ਕੇ ਸਾਡੇ ਦਿਲਾਂ ਦੀ ਥਾਂ ਨੂੰ ਲੈਣ ਦਾ ਵਜੂਦ ਸਾਂਭ ਕੇ ਰੱਖਦੀਆਂ ਹਨ। ਤੁਸੀਂ ਤਾਂ ਇਕ ਘਟਨਾਵਾਂ ਨਾਲ ਖਹਿੰਦੀ ਔਰਤ ਨੂੰ ਕਹਾਣੀ ਵਿਚ ਸ਼ੇਰਨੀ ਹੀ ਬਣਾ ਦਿੱਤਾ।

ਇਸ ਕਹਾਣੀ ਲਈ ਆਪ ਜੀ ਨੂੰ ਬਹੁਤ ਬਹੁਤ ਵਧਾਈ। ਅੱਗੇ ਭਵਿੱਖ 'ਚ ਵੀ ਇਹ ਆਸ ਰੱਖਦੇ ਹਾਂ ਕਿ ਤੁਹਾਡੀ ਕਲਮ ਅਜਿਹੀਆਂ ਹੋਰ ਰਚਨਾਵਾਂ ਰਾਹੀਂ ਪਾਠਕ ਜਗਤ ਨਾਲ ਜੁੜੀ ਰਹੇਗੀ। ਇਸੇ ਇੱਛਾ ਸਹਿਤ!

***Writer Reporter***
***Raja Jandiala***
***V.P.O. Jandiala Manjki***
***Near Union Bank Of India***
***Distt. Jalandhar.***

–0–

ਪੰਜਾਬੀ ਲੇਖਿਕਾ ਕੁਲਜੀਤ ਕੌਰ 'ਗਜ਼ਲ' ਜੀ,
ਸਾਹਿਤਕ ਆਦਾਬ!

13 ਨਵੰਬਰ ਦੇ 'ਜਗ ਬਾਣੀ' ਵਿਚ ਤੁਹਾਡੀ ਸਾਹਿਤਕੀ, ਮਨ ਦੀਆਂ ਗਹਿਰਾਈਆਂ 'ਚੋਂ ਲਿਖੀ ਰਚਨਾ ਪੜ੍ਹੀ। ਬਹੁਤ ਹੀ ਵਧੀਆ ਲੱਗੀ, ਸੋ ਤਾਰੀਫ਼ ਦੇ ਤੌਰ 'ਤੇ ਖ਼ਤ ਲਿਖ ਰਿਹਾ ਹਾਂ। ਬਾਕੀ ਮੈਂ ਵੀ ਪੱਤਰਕਾਰੀ ਦੇ ਨਾਲ ਨਾਲ ਸਾਹਿਤਕ ਖੇਤਰ ਵਿਚ ਵੀ ਵਿਚਰ ਰਿਹਾ ਹਾਂ। ਬਾਕੀ ਮੈਂ ਆਪ ਜੀ ਦੇ ਸਾਹਿਤਕ ਜੀਵਨ ਬਾਰੇ ਲਿਖਣਾ ਚਾਹੁੰਦਾ ਹਾਂ, ਸੋ ਆਪ ਜੀ ਆਪਣਾ ਬਾਇਓਡਾਆ ਭੇਜਣ ਦੀ ਖੇਚਲ ਕਰਨੀ...?

ਧੰਨਵਾਦ ਸਾਹਿਤ

***ਰਮੇਸ਼ ਭਰਾਤੂਆਣਾ***
***ਨੇੜੇ ਜੈਤੋ***
***ਜਿਲ੍ਹਾ ਫਰੀਦਕੋਟ। - 151202***
***ਫੋਨ : 01635-282342***

–0–

12/3/03

ਬੀਬਾ ਕੁਲਜੀਤ,
ਯਾਦ ਪੁਜੇ!

ਬੀਤੇ ਦਿਨੀਂ ਤੇਰੀ ਕਹਾਣੀ ਹਿੰਦ ਪਾਕ ਦੋਸਤੀਂ ਪੜ੍ਹਣ ਦਾ ਸੁਭਾਗ ਪ੍ਰਾਪਤ ਹੋਇਆ। ਕਹਾਣੀ 'ਚ ਹਿੰਦ ਪਾਕ ਸੰਬੰਧਾਂ ਦਾ ਭਾਵਕ ਪ੍ਰਗਟਾਵਾ ਕੀਤਾ। ਮਿੰਨੀ ਕਹਾਣੀ ਦੇ ਹੋਰ ਪਹਿਲੂ ਤੇ ਗਲ ਕਰਨ ਤੋਂ ਪਹਿਲਾਂ ਮੈਂ ਮਿੰਨੀ ਕਹਾਣੀ ਦੇ ਸਿਰਲੇਖ ਬਾਰੇ ਹੀ ਲਿਖਾਂਗਾ। ਏਸ ਕਹਾਣੀ ਦਾ ਸਿਰਲੇਖ ਜੇਕਰ ਸਿਰਫ਼ ਦੋਸਤੀ ਹੀ ਰੱਖਿਆ ਜਾਂਦਾ ਤੇ ਠੀਕ ਸੀ। ਕਿਉਂਕਿ ਜੋ ਕਹਾਣੀ 'ਚ ਪ੍ਰਗਟਾਵਾ ਸਿਰਫ਼ ਤੇ ਸਿਰਫ਼ ਹਿੰਦ ਪਾਕ ਦੋਸਤੀ ਹੈ। ਮਿੰਨੀ ਕਹਾਣੀ 'ਚ ਸਿਰਲੇਖ ਜਿੰਨਾ ਛੋਟਾ ਰੱਖਿਆ ਜਾਵੇ ਪ੍ਰਭਾਵਿਤ

ਕਰਦਾ ਹੈ। ਅੱਗੇ ਤੋਂ ਜਦੋਂ ਵੀ ਕੋਈ ਮਿੰਨੀ ਰਚਨਾ ਲਿਖੋ ਕੋਸ਼ਿਸ਼ ਕਰੋ ਸਿਰਲੇਖ ਵੱਡਾ ਨਾ ਹੋਵੇ। ਬਾਕੀ ਫੇਰ ਸਹੀ।

ਸ਼ੁਭ ਇੱਛਾਵਾਂ ਨਾਲ,

***ਰਣਜੀਤ ਕੋਮਲ***
***4649, ਸਰਵਰਪੁਰਾ,***
***ਅੰਮ੍ਰਿਤਸਰ।***

-0-

25/02/07

ਮੁਹਤਰਿਮ ਗਜ਼ਲ ਜੀਓ,
ਸਾਹਿਤਕ ਆਦਾਬ!

ਉਮੀਦ ਕਰਦਾ ਹਾਂ ਕਿ ਆਨੰਦ ਮੰਗਲ ਹੋਵੋਗੇ। ਸਵਾਲ ਇਹ ਹੈ ਕਿ ਮੈਂ ਜਗ ਬਾਣੀ (25/02/07) ਵਿਚ ਤੇਰੀ ਪੁਸਤਕ 'ਤਰੇਲ ਜਿਹੇ ਮੋਤੀ' ਦਾ ਰੀਵੀਊ (ਰੀਵੀਊਕਾਰ ਕੁਲਦੀਪ ਸਿੰਘ ਬੇਦੀ) ਪੜ੍ਹਿਆ। ਬਹੁਤ ਚੰਗਾ ਤੇ ਚੰਗੀ ਜਾਣਕਾਰੀ ਭਰਪੂਰ ਚੇਤਨਾ ਪੱਖ ਵਿਚ ਲਿਖਿਆ ਗਿਆ ਹੈ। ਮੈਂ ਕਈ ਵਾਰ ਤੁਹਾਡੇ ਫੋਨ ਤੇ ਸੰਪਰਕ ਵੀ ਕੀਤਾ ਹੈ ਪਰ Swich off/Out of area ਦਾ ਜਵਾਬ ਹੀ ਮਿਲਦਾ ਹੈ। ਪਰ ਅੱਜ ਜਦੋਂ ਜਗਬਾਣੀ ਵਿਚ Review ਪੜ੍ਹਿਆ ਤਾਂ ਪੱਤਰ ਲਿਖਣ ਤੇ ਮਜ਼ਬੂਰ ਹੋ ਗਿਆ ਹਾਂ। ਕ੍ਰਿਪਾ ਕਰਕੇ ਇਸ ਦੀ ਇਕ ਕਾਪੀ ਜ਼ਰੂਰ ਭੇਜ ਦੇਣੀ। ਹੋਰ ਸਭ ਠੀਕ ਅੱਗੇ ਪੜ੍ਹਾਈ ਠੀਕ ਚੱਲ ਰਹੀ ਹੋਵੇਗੀ। ਆਪਣੀ ਰਾਏ ਤੋਂ ਜ਼ਰੂਰ ਜਾਣੂ ਕਰਵਾ ਦਿਆਂਗਾ। ਹੋਰ ਪਰਿਵਾਰ ਨੂੰ ਗੁਰ ਫਤਹਿ ਕਹਿਣਾ।

***ਰਣਜੀਤ ਆਜ਼ਾਦ ਕਾਂਝਲਾ***
***ਸ਼ਿਵਪੁਰੀ ਧੂਰੀ (ਪੰਜਾਬ)***
***ਫੋਨ ਨੰ: 98760-69262***

-0-

ਕੁਲਜੀਤ ਜੀ,

ਆਪ ਜੀ ਦੀਆਂ ਦੋ ਰਚਨਾਵਾਂ ਜਗਬਾਣੀ ਵਿਚ ਪੜ੍ਹੀਆਂ ਦੋਨੋਂ ਰਚਨਾਵਾਂ ਬਹੁਤ ਖ਼ੂਬ ਸਨ।

ਬਾਕੀ ਕੁਲਜੀਤ ਜੀ ਮੈਂ ਚਾਹੁੰਦਾ ਤੁਸੀਂ ਹੁਣ ਗੀਤਕਾਰੀ ਵਾਲੇ ਪਾਸੇ ਹੱਥ ਅਜਮਾਓ।

ਆਪ ਜੀ ਦੀਆਂ ਜੋ ਰਚਨਾਵਾਂ ਪਿਛਲੇ ਐਤਵਾਰ ਅਖ਼ਬਾਰ ਵਿਚ ਪੜ੍ਹੀਆਂ ਸਨ ਉਨ੍ਹਾਂ ਵਿਚ ਇਸ਼ਕ ਕਾ ਰੰਗ ਜ਼ਿਆਦਾ ਸੀ। ਕੁਲਜੀਤ ਜੀ ਆਪ ਜੀ ਦੀ ਕਲਮ ਵਿਚ ਜਾਨ ਹੈ ਕਿਉਂ ਨਾ ਹੋਵੇ ਤੁਸੀਂ ਸਮਾਜਿਕ ਬੁਰਾਈਆਂ ਤੇ ਚੋਟ ਕਰੋ ਅੰਧਵਿਸ਼ਵਾਸੀਆਂ ਨੂੰ ਨੰਗਾ ਕਰੋ। ਬਾਕੀ ਕੁਲਜੀਤ ਜੀ ਪ੍ਰੇਮ ਭਾਵ ਬੁਰਾ ਨਹੀਂ। ਕੁਲਜੀਤ ਜੀ ਸਾਨੂੰ

ਬੰਦਿਆਂ ਨੂੰ ਬਹੁਤ ਰਜੇਵੇਂ ਹੁੰਦੇ ਹਨ ਇਸ ਲਈ ਅਸਾਂ ਲਿਖਣਾ ਤੇ ਕੀ ਸਹਿਤ ਪੜ੍ਹਣ ਦਾ ਟਾਈਮ ਨਹੀਂ ਮਿਲਦਾ ਬਾਕੀ ਆਪ ਕੋਲ ਸਮਾਂ ਵੀ ਹੈ ਹੁਨਰ ਵੀ ਸ਼ਬਦ ਵੀ ਹਨ ਫਿਰ ਕਿਉਂ ਪਿੱਛੇ ਰਹਿਆ ਜਾਵੇ।

ਆਪ ਜੀ ਦਾ ਸ਼ੁਭਚਿੰਤਕ,

*ਰਣਜੀਤ ਸਿੰਘ ਰੈਡੀ*
*ਰੈਡੀ ਸ਼ਾਹ ਬਟਾਲਵੀ*
*ਹਾਊਸ ਨੰ: 403 ਡੋਗਰਾ ਮੁਹੱਲਾ*
*ਬਟਾਲਾ।*

–0–

ਮੁਹਤਰਿਮ ਗਜ਼ਲ ਜੀਓ,
ਸਾਹਿਤਕ ਆਦਾਬ!

ਉਮੀਦ ਕਰਦਾ ਹਾਂ ਕਿ ਆਪ ਸਭ ਅਨੰਦ ਮੰਗਲ ਹੋਵੋਗੇ। ਪਿਛੇ ਜਿਹੇ 'ਮੁਲਾਕਾਤ' ਨਵਾਂ ਜ਼ਮਾਨਾ (13/02/05) ਵਿਚ ਗਜ਼ਲਾਂ ਤੇ ਹੋਰ ਕਈ ਪੇਪਰਾਂ ਵਿਚ ਜਿਵੇਂ ਜਗ ਬਾਣੀ ਵਿਚ ਵੀ ਕਈ ਵਾਰ ਰਚਨਾਵਾਂ ਪੜ੍ਹਦੇ ਰਹੀਦਾ ਹੈ। ਕਿੰਨਾ ਆਨੰਦ ਤੇ ਕਿੰਨੀ ਪਿਆਰੀ ਮਿੱਠੀ ਸ਼ੈਲੀ ਵਿਚ ਰਚੀਆਂ ਇਹ ਰੰਗੀਨ ਰਚਨਾਵਾਂ ਧੁਰ ਅੰਦਰ ਲਹਿ ਜਾਂਦੀਆਂ ਹਨ। ਵਿਚਾਰਾਂ ਦੀ ਖ਼ੂਬਸੂਰਤੀ ਮਨ ਨੂੰ ਮੋਹ ਲੈਣ ਵਾਲੀ ਹੈ। ਜੀਅ ਕਰਦੈ ਤੇਰੀ ਕਲਮ ਅਤੇ ਕੋਮਲ ਹੱਥਾਂ ਨੂੰ ਸਿਜਦਾ ਵੀ ਕਰਾਂ ਤੇ ਚੁੰਮਾਂ ਵੀ। ਹੋਰ ਕਿਵੇਂ ਗੁਜ਼ਰ ਰਹੀ ਏ ਜ਼ਿੰਦਗੀ। ਲੱਗਦੈ ਪੰਜਾਬ ਸਰਕਾਰ ਦੀਆਂ ਰੋਟੀਆਂ ਖਾਣ ਦੇ ਯੋਗ ਹੋ ਗਏ ਹੋ। ਪਿੱਛੇ ਜਿਹੇ ਕਿਸੇ ਹੋਰ ਥਾਂ ਦਾ ਪਤਾ ਰਚਨਾ ਤੇ ਪੜ੍ਹਕੇ ਮਾਲੂਮ ਹੋਇਆ ਹੈ ਕਿ ਨੌਕਰੀ ਮਿਲ ਗਈ ਹੈ? ਚੰਗੀ ਗੱਲ ਹੈ ਜੇ ਏਦਾਂ ਹੀ ਹੋਇਆ ਹੋਵੇ।

ਜਿਵੇਂ ਕਹਿੰਦੇ ਨੇ ਭੁੱਖੇ ਪੇਟ ਤਾਂ ਸ਼ਾਇਰੀ ਵੀ ਨਹੀਂ ਹੁੰਦੀ। ਸੋ ਜੀਵਨ ਗੁਜਾਰਨ ਲਈ ਜੀਵਨ ਸਾਥੀ ਤੇ ਰੋਟੀ ਦੀ ਅਤਿ ਜ਼ਰੂਰਤ ਹੁੰਦੀ ਹੈ। ਪਤਾ ਇਹ ਦੋਵੇਂ ਵਸਤਾਂ ਹਰੇਕ ਨੂੰ ਦੇਵੇ। ਹੋਰ ਸਭ ਠੀਕ। ਭੁੱਲੇ ਭਅਕੇ ਕਦੇ ਖ਼ਤ ਲਿਖਕੇ ਯਾਦ ਹੀ ਕਰ ਲਿਆ ਕਰੋ। ਅਦਬ ਤੇ ਸਨੇਹ ਨਾਲ।

*ਰਣਜੀਤ ਆਜ਼ਾਦ ਕਾਂਝਲਾ, ਸ਼ਿਵਪੁਰੀ ਧੂਰੀ (ਪੰਜਾਬ), ਫੋਨ : 95-1675-223721*

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ!

ਕੁਲਜੀਤ ਜੀ ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਤੁਹਾਡੀਆਂ ਭੇਜੀਆਂ ਰਚਨਾਵਾਂ ਵਿਚੋਂ ਇਕ ਰਚਨਾ ਫ਼ਿਲਮ ਐਂਡ ਮਿਊਜ਼ਿਕ ਦੇ ਅਗਸਤ ਅੰਕ ਵਿਚ ਛਪ ਚੁੱਕੀ ਹੈ। ਮੈਗਜ਼ੀਨ ਤਾਂ ਮੈਂ ਆਪ ਜੀ ਨੂੰ ਨਹੀਂ ਭੇਜ ਸਕਾਂਗਾ ਕਿਉਂਕਿ ਮੇਰੇ ਕੋਲ ਸਿਰਫ਼ ਇਕ ਕਾਪੀ ਹੀ ਪਹੁੰਚਦੀ ਹੈ। ਮੈਂ ਤਾਂ ਸਿਰਫ਼ ਤੁਹਾਨੂੰ ਇਸਦੀ ਸੂਚਨਾ ਹੀ ਦੇ ਸਕਦਾ ਹਾਂ ਬਾਕੀ ਮੈਗਜ਼ੀਨ ਅੰਮ੍ਰਿਤਸਰ ਬੱਸ ਸਟੈਂਡ ਤੋਂ ਮਿਲ ਸਕਦਾ ਹੈ ਜੇਕਰ ਕੋਈ ਆਉਂਦਾ ਜਾਂਦਾ ਹੋਵੇ ਤਾਂ ਮੰਗਵਾ ਲੈਣਾ ਜੇਕਰ ਜ਼ਿਆਦਾ ਕਾਪੀਆਂ ਦੀ ਜ਼ਰੂਰਤ ਹੋਵੇ ਤਾਂ ਤੁਸੀਂ ਇਹ ਮੈਗਜ਼ੀਨ ਫ਼ਿਲਮ ਐਂਡ ਮਿਊਜ਼ਿਕ 80–ਚੱਢਾ ਮਾਰਕਿਟ

ਫਗਵਾੜਾ ਨੂੰ ਪੱਤਰ ਲਿਖਕੇ ਵੀ ਮੰਗਵਾ ਸਕਦੇ ਹੋ। ਫਗਵਾੜੇ ਦਾ ਫੋਨ ਨੰਬਰ ਹੈ 951824-21745/ਬਾਕੀ ਸਭ ਠੀਕ ਠਾਕ ਹੈ।

ਹਾਂ ਇਕ ਸਵਾਲ ਜੋ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਸੀ ਉਹ ਇਹ ਕਿ ਤੁਸੀਂ ਆਪਣੀ ਜਾਣ ਪਹਿਚਾਣ ਵਿਚ ਲਿਖਿਆ ਸੀ ਕਿ ਆਪ ਪੱਤਰ-ਵਿਵਹਾਰ ਕੋਰਸ ਰਾਹੀਂ ਈ. ਟੀ. ਟੀ. ਮਦਰਾਸ ਤੋਂ ਕਰ ਰਹੇ ਹੋ। ਮੈਂ ਪੁੱਛਣਾ ਚਾਹੁੰਦਾ ਸੀ ਕਿ ਈ. ਟੀ. ਟੀ. ਮਦਰਾਸ ਤੋਂ ਉਹ ਵੀ ਪੱਤਰ ਵਿਵਹਾਰ ਕੋਰਸ ਰਾਹੀਂ। ਇਸ ਸਭ ਕਿਵੇਂ ਹੈ ਇਸਦੀ ਦਾਖਲਾ ਪ੍ਰਣਾਲੀ ਕੀ ਹੈ ਕੀ ਇਸ ਕੋਰਸ ਨੂੰ ਪੰਜਾਬ ਵਿਚ ਵੀ ਮਾਨਤਾ ਪ੍ਰਾਪਤ ਹੈ। ਇਸ ਲਈ ਲੋੜੀਂਦੀ ਯੋਗਤਾ ਕੀ ਹੈ। ਜੇਕਰ ਹੋ ਸਕੇ ਤਾਂ ਆਪਣਾ ਪੁਰਾਣਾ Prospectus ਭੇਜ ਦੇਣਾ। ਉਮੀਦ ਕਰਦਾ ਹਾਂ ਕਿ ਤੁਸੀਂ ਮੇਰੇ ਉਪਰੋਕਤ ਸਵਾਲਾਂ ਦਾ ਜਵਾਬ ਇਕ ਜ਼ਿੰਮੇਵਾਰੀ ਸਮਝਦਿਆਂ ਜ਼ਰੂਰ ਦਿਓਗੇ। ਬਾਕੀ ਮੈਂ ਆਪਣੇ ਬਾਰੇ ਵੀ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਪੱਤਰਕਾਰੀ ਦੇ ਨਾਲ ਨਾਲ ਗੁਰਦਾਸਪੁਰ ਡਾਈਟ ਤੋਂ ਈ. ਟੀ. ਟੀ. ਕਰ ਰਿਹਾ ਹਾਂ। ਦੂਜਾ ਸਮੈਸਟਰ ਹੈ।

ਸ਼ਾਇਦ ਕੁਝ ਜ਼ਿਆਦਾ ਹੀ ਲਿਖ ਗਿਆ ਹਾਂ ਮਾਫ਼ੀ ਚਾਹਾਂਗਾ।

ਪੱਤਰ ਦੇ ਇੰਤਜ਼ਾਰ ਵਿਚ।

***ਰਾਜੇਸ਼ ਕੁਮਾਰ C/o ਬਲਵਿੰਦਰ ਚਿੰਟੂ***
***78/20 ਗੀਤਾਂ ਭਵਨ ਰੋਡ***
***ਗੁਰਦਾਸਪੁਰ-143521***

-0-

ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ ਪ੍ਰਵਾਨ ਹੋਵੇ

ਪਿਛਲੇ ਦਿਨੀਂ ਤੁਹਾਡਾ ਹੌਸਲਾ ਅਫ਼ਜਾਈ ਭਰਿਆ ਪੱਤਰ ਮਿਲਿਆ ਤੁਸੀਂ ਜੋ ਕਿਹਾ ਮੈਂ ਖਿੜ੍ਹੇ ਮੱਥੇ ਪ੍ਰਵਾਨ ਕਰਦਾ ਹੋਇਆ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਆਪਣੇ ਕੀਮਤੀ ਸਮੇਂ 'ਚੋਂ ਪੱਤਰ ਲਿਖਣ ਲਈ ਸਮਾਂ ਕੱਢਿਆ। ਬਾਕੀ ਰਹੀ ਪੰਜਾਬੀ ਮਾਂ ਬੋਲੀ ਦੇ ਦੁਸ਼ਮਣਾਂ ਦੀ ਗੱਲ ਇਹ ਤਾਂ ਸਿਰਫ਼ ਚੰਦ ਦਿਨਾਂ ਦੇ ਪ੍ਰਾਹੁਣੇ ਹਨ ਕਿਉਂਕਿ ਹਰ ਹਨੇਰੀ ਰਾਤ ਬਾਅਦ ਸਵੇਰਾ ਜ਼ਰੂਰ ਹੁੰਦਾ ਹੈ, ਸੂਰਜ ਜ਼ਰੂਰ ਚੜ੍ਹਦਾ ਹੈ ਤੇ ਮੈਨੂੰ ਦਿਸ ਰਿਹਾ ਕਿ ਸੂਰਜ ਚੜ੍ਹਨ ਵਿਚ ਥੋੜ੍ਹੀ ਦੇਰ ਹੀ ਬਾਕੀ ਹੈ। ਤੁਸੀਂ ਕਿਹਾ ਕਿ ਇਨ੍ਹਾਂ ਨੂੰ ਨਲਾਇਕ ਵੀਰ ਨਹੀਂ ਕਹਿਣਾ ਚਾਹੀਦਾ ਪਰ ਪੰਜਾਬੀਆਂ ਦਾ ਮਾਣਮੱਤਾ ਇਤਿਹਾਸ ਹਿੱਕ ਕੱਢਕੇ ਗਵਾਹੀ ਭਰਦਾ ਹੈ ਕਿ ਇਨ੍ਹਾਂ ਨੇ ਦੁਸ਼ਮਣ, ਵੈਰੀ ਨੂੰ ਵੀ ਜੀ ਸਦਕੇ। ਆਖ ਕੇ ਸੱਦਾ ਦਿੱਤਾ ਹੈ ਉਹ ਤਾਂ ਬਿਗਾਨੇ ਸਨ ਪਰ ਇਹ ਫਿਰ ਵੀ ਸਾਡੇ ਆਪਣੇ ਹਨ ਪੁੱਤ ਕਪੁੱਤ ਹੋ ਸਕਦਾ ਹੈ। ਮਾਪੇ ਕਮਾਪੇ ਕਦੇ ਨਹੀਂ ਹੁੰਦੇ ਉਹ ਮਾੜੇ ਸਹੀ ਪਰ ਹਨ ਤਾਂ ਸਾਡੇ ਹੀ ਆਪਣੇ ਪਰ ਤੁਹਾਡੀ ਗੱਲ ਵੀ ਬਿਲਕੁੱਲ ਸਹੀ ਹੈ ਮੈਂ ਤੁਹਾਡੀ ਸੋਚ ਨੂੰ ਸਲਾਮ ਕਰਦਾ ਹਾਂ।

ਇਕ ਨਿਮਾਣੇ ਲੇਖਕ ਲਈ ਇਹ ਹੌਂਸਲਾ ਅਫ਼ਜਾਈ ਪੱਤਰ ਬਹੁਤ ਹੀ ਹੌਸਲਾ ਦਿੰਦੇ ਨੇ। ਮੈਂ ਖ਼ੁਦ ਇਕ ਗੀਤਕਾਰ ਵੀ ਹਾਂ ਪਰ ਮੇਰੀ ਜ਼ਮੀਰ ਇਜ਼ਾਜਤ ਨਹੀਂ ਦਿੰਦੀ

ਕਿ ਮੈਂ ਕੁਝ ਅਜਿਹਾ ਲਿਖਾਂ ਜੋ ਮੈਂ ਆਪਣੇ ਪਰਿਵਾਰ ਵਿਚ ਬੈਠ ਕੇ ਨਾ ਸੁਣ ਸਕਾਂ, ਤੁਹਾਨੂੰ ਲੇਖ ਵਧੀਆ ਲੱਗਾ ਇਹ ਮੇਰੇ ਲਈ ਸਭ ਕੁਝ ਹੈ ਇਹ ਕਲਮ ਹੀ ਤਾਂ ਹੈ ਜੋ ਸਭ ਕੁਝ ਹੁੰਦੀ ਹੈ ਮੈਂ ਭਵਿੱਖ ਵਿਚ ਵੀ ਇਨ੍ਹਾਂ ਲਫੰਗਿਆਂ ਦੇ ਖਿਲਾਫ਼ ਲਿਖਦਾ ਰਹਾਂਗਾ। ਮੈਂ ਤੁਹਾਡੇ ਨਾਲ ਇਹ ਵਾਅਦਾ ਕਰਦਾ ਹਾਂ। ਭਵਿੱਖ ਵਿਚ ਜੇਕਰ ਕਦੇ ਵੀ ਮੈਂ ਕਿਸੇ ਲੱਚਰ ਗਾਇਕ ਦੀ ਸਿਫ਼ਤ ਕਰਦਾ ਹਾਂ ਤੁਸੀਂ ਮੈਨੂੰ ਰੋਕ ਸਕਦੇ ਹੋ ਕਿਉਂਕਿ ਕਈ ਵਾਰ ਇਨਸਾਨ ਤੋਂ ਅਚਨਚੇਤ ਗਲਤੀਆਂ ਹੋ ਜਾਂਦੀਆਂ ਹਨ। ਬਾਕੀ ਮੈਂ ਅੱਜਕੱਲ੍ਹ ਸੁਰਾਂ ਦੇ ਸਿਕੰਦਰ ਸਰਦੂਲ ਸਿਕੰਦਰ ਜੀ ਦੀ ਜੀਵਨੀ ਤੇ ਇਕ ਕਿਤਾਬ ਲਿਖ ਰਿਹਾ ਹਾਂ ਹੋ ਸਕੇ ਤਾਂ ਆਪਣੇ ਕੀਮਤੀ ਵਿਚਾਰ ਸਰਦੂਲ ਜੀ ਬਾਰੇ ਲਿਖ ਕੇ ਜ਼ਰੂਰ ਭੇਜ ਦੇਣਾ, ਤੁਹਾਡੇ ਜ਼ਿਹਨ ਵਿਚ ਉਨ੍ਹਾਂ ਬਾਰੇ ਜੋ ਕੁਝ ਹੈ ਉਹ ਜ਼ਰੂਰ ਲਿਖਣਾ ਜੇਕਰ ਤੁਸੀਂ ਉਨ੍ਹਾਂ ਉਪਰ ਕੋਈ ਗਜ਼ਲ, ਸ਼ੇਅਰ, ਗੀਤ ਬਗੈਰਾ ਵੀ ਲਿਖ ਸਕਦੇ ਹੋ ਤਾਂ ਜ਼ਰੂਰ ਲਿਖਣਾ ਮੈਂ ਰਿਣੀ ਹੋਵਾਂਗਾ। ਇਸ ਸੰਬੰਧੀ ਜਿੰਨੀ ਜਲਦੀ ਹੋ ਸਕੇ ਮੈਟਰ ਭੇਜ ਦੇਣਾ ਕਦੇ ਚੰਡੀਗੜ੍ਹ ਖੰਨੇ ਵੱਲ ਆਏ ਤਾਂ ਦੱਸ ਦੇਣਾ।

ਅੱਗੇ ਜਿਨ੍ਹਾਂ ਦੇ ਫੋਨ ਆਏ ਹਨ ਮੈਂ ਉਨ੍ਹਾਂ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਅਜੇ ਮੈਂ ਸ਼ੁਰੂਆਤ ਕੀਤੀ ਹੈ ਅੰਤ ਨਹੀਂ ਕੀਤਾ ਪਤਾ ਨਹੀਂ ਕਿਉਂ ਉਹ ਧਮਕੀ ਨਹੀਂ ਦਿੰਦੇ ਸਗੋਂ ਮਿੰਨਤ ਹੀ ਕਰਦੇ ਨੇ ਕਿ ਵੀਰ ਜ਼ਿਆਦਾ ਗਰਮ ਨਾ ਲਿਖਿਆ ਕਰੋ ਉਨ੍ਹਾਂ ਦਾ ਮੇਰੇ ਤੇ ਕੋਈ ਅਸਰ ਨਹੀਂ ਹੋਣ ਵਾਲਾ ਕਿਉਂਕਿ ਮੇਰਾ ਪਰਿਵਾਰਕ ਪਿਛੋਕੜ, ਅਣਖ ਇੱਜ਼ਤ ਭਰਿਆ ਹੈ।

ਅਖੀਰ ਵਿਚ ਮੈਂ ਆਪ ਜੀ ਦਾ ਫਿਰ ਧੰਨਵਾਦ ਕਰਦਾ ਹੋਇਆ ਇਹੀ ਕਹਾਂਗਾ ਕਿ–

"ਆਉ ਮਾਂ ਪੰਜਾਬੀ ਦੀ ਰੁੱਸੀ ਹੋਈ ਤਕਦੀਰ ਮਨਾਈਏ,
ਇਸਦਾ ਖੁੱਸਿਆ ਤਾਜ਼ ਮੁੜਕੇ ਇਸਦੇ ਸਿਰ ਟਿਕਾਈਏ।"

ਅਖੀਰ ਵਿਚ ਤੁਹਾਡਾ ਸ਼ੁਭਚਿੰਤਕ,

*ਰਾਜੂ ਲਖਣਪੁਰੀ*
*ਪਿੰਡ ਲਖਣਪੁਰੀ*
*ਤਹਿ ਤੇ ਡਾਕ : ਖਮਾਣੋਂ*
*ਫ: ਗ: ਸ*
*ਫੋਨ ਨੰ: 98152-27948*

ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ।

ਆਪ ਜੀ ਦੀਆਂ ਦੋ ਗਜ਼ਲਾਂ ਜਗਬਾਣੀ ਵਿਚ ਪੜੀਆਂ ਹਨ। ਆਪ ਜੀ ਦੀ ਕਲਮ ਅਤੇ ਦਿਲ ਦੀਆਂ ਗਹਿਰਾਈਆਂ ਤੋਂ ਨਿਕਲੀ ਅੰਦਾਜ਼ੇ ਬਿਆਨੀ ਨੂੰ ਸਿਜਦਾ ਕਰਨ ਲਈ ਇਹ ਖ਼ਤ ਲਿਖ ਰਿਹਾ ਹਾਂ ਜੀ। ਇਕ ਇਕ ਲਾਈਨ ਦਿਲ ਵਿਚ ਘਰ ਕਰ ਗਈ ਹੈ ਜੀ।

ਖੁਦਾ ਖੈਰ ਕਰੇ, ਆਪ ਜੀ ਦੀ ਕਲਮ ਇਸੇ ਤਰ੍ਹਾਂ ਚਲਦੀ ਚਲਦੀ ਆਖਿਰ ਇਕ ਦਿਨ ਆਪਣੇ ਮੁਕਾਮ ਤੇ ਪਹੁੰਚ ਜਾਏ। ਮੰਜਿਲ ਮਿਲ ਜਾਏ। ਪਰਮਾਤਮਾ ਆਪ

ਜੀ ਨੂੰ ਕਾਮਯਾਬੀ ਬਖਸ਼ੇ ਜੀ।

*ਰਮਨਦੀਪ 'ਬੌਬੀ'*
*ਫੋਨ ਨੰ: 98152-06613*

–0–

*23/9/2002*

ਸਤਿਕਾਰਯੋਗ ਕੁਲਜੀਤ ਜੀ,
ਸਤਿ ਸ੍ਰੀ ਅਕਾਲ।

ਰੋਜ਼ਾਨਾ ਜਗ ਬਾਣੀ ਵਿਚ 22/9/2002 ਨੂੰ ਐਤਵਾਰ ਵਾਲੇ ਮੈਗਜ਼ੀਨ ਵਿਚ ਆਪ ਜੀ ਦੀਆਂ ਦੋ ਗਜ਼ਲਾਂ ਪੜ੍ਹੀਆਂ। ਬਹੁਤ ਹੀ ਵਧੀਆ ਲਿਖੀਆਂ ਗਜ਼ਲਾਂ ਦਿਲ ਨੂੰ ਟੁੰਬ ਜਾਣ ਵਾਲੀਆਂ ਸਨ। ਕੁਲਜੀਤ ਜੀ ਮੈਨੂੰ ਵੀ ਆਪ ਜੀ ਵਾਂਗ ਗਜ਼ਲਾਂ ਲਿਖਣ ਦਾ ਸ਼ੌਂਕ ਹੈ। ਪਹਿਲਾਂ ਮੇਰੀਆਂ ਵੀ ਕੁਝ ਕਹਾਣੀਆਂ/ਮਿੰਨੀ ਕਹਾਣੀਆਂ, ਗਜ਼ਲਾਂ, ਆਰਟੀਕਲ ਵੱਖ ਵੱਖ ਮੈਗਜ਼ੀਨਾਂ/ਅਖ਼ਬਾਰਾਂ ਵਿਚ ਛਪੇ ਹਨ। ਹੁਣ ਮੈਂ ਜ਼ਿਆਦਾਤਰ ਪੱਤਰਕਾਰੀ ਵੱਲ ਧਿਆਨ ਦੇ ਰਿਹਾ ਹਾਂ। ਮੈਂ ਕਸਬਾ ਚੋਹਲਾ ਸਾਹਿਬ ਤੋਂ ਰੋਜ਼ਾਨਾ ਜਗ ਬਾਣੀ ਅਤੇ ਪੰਜਾਬੀ ਟ੍ਰਿਬਿਊਨ ਵਿਚ ਪੱਤਰਕਾਰੀ ਕਰ ਰਿਹਾ ਹਾਂ। ਕੁਲਜੀਤ ਜੀ ਤੁਸੀਂ ਗਜ਼ਲਾਂ ਤੋਂ ਇਲਾਵਾ ਵੀ ਕੁਝ ਹੋਰ ਲਿਖਿਆ ਹੈ ਜਾਂ ਨਹੀਂ ਅਤੇ ਕਦੋਂ ਤੋਂ ਲਿਖ ਰਹੇ ਹੋ, ਜ਼ਰੂਰ ਦੱਸਣਾ। ਮੈਂ ਦੁਆ ਕਰਦਾ ਹਾਂ ਕਿ ਪ੍ਰਮਾਤਮਾ ਤੁਹਾਡੀ ਕਲਮ ਨੂੰ ਹੋਰ ਬਲ ਬਖ਼ਸ਼ੇ।

*ਮੇਰਾ ਪਤਾ*
*ਰਾਕੇਸ਼ ਨਈਅਰ*
*ਪੱਤਰਕਾਰ ਜਗ ਬਾਣੀ, ਪੰਜਾਬੀ ਟ੍ਰਿਬਿਊਨ*
*ਮੇਨ ਬਜ਼ਾਰ ਚੋਹਲਾ ਸਾਹਿਬ*
*ਜਿਲ੍ਹਾ : ਅੰਮ੍ਰਿਤਸਰ : 143408*

–0–

22/10/2002

ਸਤਿਕਾਰਯੋਗ ਕੁਲਜੀਤ ਦੀਦੀ ਜੀ,
ਸਤਿ ਸ੍ਰੀ ਅਕਾਲ।

ਮੈਂ ਇੱਥੇ ਠੀਕ ਠਾਕ ਹਾਂ ਅਤੇ ਆਪ ਜੀ ਦੀ ਰਾਜੀ ਖੁਸ਼ੀ ਵਾਹਿਗੁਰੂ ਕੋਲੇ ਭਲੀ ਮੰਗਦੀ ਹਾਂ। ਅੱਗੇ ਸਮਾਚਾਰ ਇਹ ਹੈ ਦੀਦੀ ਜੀ ਮੈਂ ਤੁਹਾਡੀ ਜਗ ਬਾਣੀ ਵਿਚ ਗਜ਼ਲ ਪੜ੍ਹੀ। ਮੈਨੂੰ ਬਹੁਤ ਹੀ ਪਸੰਦ ਆਈ। ਦੀਦੀ ਜੀ ਮੈਂ ਤੁਹਾਨੂੰ ਟੈਲੀਫੋਨ ਤੇ ਕੀਤਾ ਹੀ ਸੀ। ਫਿਰ ਵੀ ਮੈਂ ਆਪਣੀ ਪਛਾਣ ਲਿਖਣ ਲੱਗੀ ਹਾਂ। ਦੀਦੀ ਜੀ ਮੇਰੀ ਸ਼ਾਦੀ 1992 ਨੂੰ ਹੋਈ ਸੀ। ਮਗਰ ਇਹ ਰਿਸ਼ਤਾ ਸ਼ਾਇਦ ਕੁਦਰਤ ਨੂੰ ਮਨਜੂਰ ਨਹੀਂ ਸੀ।

ਜੋ ਜਲਦੀ ਹੀ ਟੁੱਟ ਗਿਆ। ਮੇਰੀ ਸੱਸ ਤੇ ਮੇਰੀ ਜੇਠਾਣੀ ਨੇ ਮੈਨੂੰ ਟਿਕਣ ਨਹੀਂ ਦਿੱਤਾ। ਸੱਸ ਮੇਰੀ ਮੇਹਣੇ ਮਾਰਦੀ ਰਹਿੰਦੀ ਸੀ। ਕਿ Colour T.V., V.C.R., C.D. ਸਕੂਟਰ, ਫਰਿੱਜ਼, ਕੂਲਰ ਨਹੀਂ ਆਇਆ। ਮੇਰਾ ਪਤੀ ਸੀ ਜੋ ਉਹ ਜੇਠਾਣੀ ਨਾਲ ਰਹਿੰਦਾ ਸੀ। ਇਸ ਕਰਕੇ ਮੈਨੂੰ ਛੇਤੀ ਹੀ ਤਲਾਕ ਲੈਣਾ ਪਿਆ। ਦੀਦੀ ਇਸ ਘਟਨਾ ਤੋਂ ਬਾਅਦ ਮੈਂ ਲਿਖਣਾ ਸ਼ੁਰੂ ਕੀਤਾ। ਅੱਜ ਕੱਲ੍ਹ ਮੈਂ ਬਾਲ ਕਹਾਣੀਆਂ ਲਿਖ ਰਹੀ ਹਾਂ। ਜੋ ਕਿ ਅਜੀਤ, ਜਗ ਬਾਣੀ, ਦੇਸ਼ ਸੇਵਕ, ਨਵਾਂ ਜ਼ਮਾਨਾ ਵਿਚ ਛਪ ਰਹੀਆਂ ਹਨ। ਦੀਦੀ ਜੀ ਮੇਰੀ ਅਜੇ ਇਕ ਹੀ ਕਿਤਾਬ ਛਪੀ ਹੈ ਜੋ ਕਿ ਉਸਦਾ ਨਾਂ ਹੰਕਾਰੀ ਹਾਥੀ ਹੈ। ਦੀਦੀ ਮੇਰੇ ਖ਼ਤ ਦਾ ਜਵਾਬ ਜਲਦੀ ਦੇਣਾ। ਮੈਂ ਇੰਤਜ਼ਾਰ ਕਰਾਂਗੀ। ਕਦੀ-ਕਦੀ ਮੈਨੂੰ ਟੈਲੀਫੋਨ ਵੀ ਕਰਦੇ ਰਹਿਣਾ। ਮੈਂ ਆਪ ਜੀ ਨੂੰ ਟੈਲੀਫੋਨ ਕਰਦੀ ਰਹਾਂਗੀ। ਮੇਰੀ ਉਮਰ 30 ਸਾਲ ਹੈ। ਮੈਂ ਮੈਟ੍ਰਿਕ ਪਾਸ ਹਾਂ। ਮੈਂ ਸਕੂਲ ਪ੍ਰਾਈਵੇਟ ਪੜ੍ਹਾਉਣ ਜਾਂਦੀ ਸੀ ਮਗਰ ਹੁਣ ਹੱਟ ਗਈ। ਸਿਰਫ਼ ਘਰ Tutions ਹੀ ਪੜ੍ਹਾ ਲੈਂਦੀ ਹਾਂ। ਦੀਦੀ ਮੇਰੇ ਵਾਸਤੇ ਰਿਸ਼ਤਾ ਦੇਖਣਾ। ਸਾਡੀ ਜਾਤ ਰਾਮਦਾਸੀਏ ਸਿੱਖ ਹੈ। ਡੈਡੀ ਮੇਰੇ ਟੈਲੀਫੋਨ ਮਹਿਕਮੇ ਵਿਚ ਸੁਪਰਵਾਈਜ਼ਰ ਲੱਗੇ ਹੋਏ ਹਨ।

ਤੁਹਾਡੀ ਵੱਡੀ ਭੈਣ।

*ਮਿਸ. ਸੁਰਿੰਦਰ ਕੌਰ ਰੋਮੀ*
*ਪੁੱਤਰੀ ਮਹਿੰਗਾ ਸਿੰਘ*
*ਮੁਹੱਲਾ : ਤ਼ਖ਼ਤਗੜ੍ਹ, ਫਿਲੌਰ : 144410, ਜ਼ਿਲ੍ਹਾ : ਜਲੰਧਰ*

-0-

22/10/2002

ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਸਤਿ ਸ੍ਰੀ ਅਕਾਲ।

ਮੈਂ ਤੁਹਾਡੀਆਂ ਕਈ ਗਜ਼ਲਾਂ ਜੱਗਬਾਣੀ ਅਖ਼ਬਾਰ ਵਿਚ ਪੜ੍ਹੀਆਂ ਜੋ ਕਿ ਮੈਨੂੰ ਬਹੁਤ ਪਸੰਦ ਆਈਆਂ ਵੈਸੇ ਤਾਂ ਮੈਂ ਅਖ਼ਬਾਰ ਬਹੁਤ ਘੱਟ ਪੜ੍ਹਦਾ ਹਾਂ ਪਰ ਐਤਵਾਰ ਦੇ ਮੈਗਜ਼ੀਨ ਵਿਚ ਤੁਹਾਡੀ ਗਜ਼ਲ ਬੇ-ਵਫ਼ਾ!' ਨਾ ਨਾਲ ਆਪਣੇ ਜੋੜ ਮੈਨੂੰ, ਮੈਂ ਵਫ਼ਾ ਹਾਂ ਤੇ ਵਫਾ ਦੀ ਲੋੜ ਮੈਨੂੰ।

ਜੋ ਮੈਨੂੰ ਬਹੁਤ ਪਸੰਦ ਆਈ ਹੁਣ ਹਰ ਐਤਵਾਰ ਤੁਹਾਡੀ ਪੜ੍ਹਨ ਲਈ ਅਖ਼ਬਾਰ ਖਰੀਦ ਲਈਦਾ ਹੈ ਤੁਸੀਂ ਬਹੁਤ ਵਧੀਆ ਲਿਖਦੇ ਹੋ ਪ੍ਰਮਾਤਮਾ ਕਰੇ ਤੁਸੀਂ ਦਿਨ ਦੁਗਣੀ ਰਾਤ ਚੋਗਣੀ ਤਰੱਕੀ ਕਰੋ ਅਤੇ ਇਸੇ ਤਰ੍ਹਾਂ ਸਾਡੇ ਲਈ ਪਾਠਕਾਂ ਲਈ ਵਧੀਆ-ਵਧੀਆ ਗ਼ਜ਼ਲਾਂ ਲਿਖਦੇ ਰਹੋ। ਬਹੁਤ ਵਾਰੀ ਤੁਹਾਨੂੰ ਚਿੱਠੀ ਲਿਖਣ ਬਾਰੇ ਸੋਚਿਆ ਪਰ ਫਿਰ ਇਹ ਸੋਚ ਕੇ ਚੁੱਪ ਕਰ ਜਾਂਦਾ ਸੀ ਕਿ ਪਤਾ ਨਹੀਂ ਤੁਹਾਨੂੰ ਚਿੱਠੀ ਮਿਲੇਗੀ ਵੀ ਜਾ ਨਹੀਂ ਜੇ ਮਿਲ ਵੀ ਗਈ ਕੀ ਪਤਾ ਤੁਸੀਂ ਚਿੱਠੀ ਦਾ ਜਵਾਬ ਦੇਵੋਗੇ ਜਾਂ ਨਹੀਂ। ਪਰ 20 ਅਕਤੂਬਰ ਨੂੰ ਤੁਹਾਡੀ ਗਜ਼ਲ 'ਹਿਜ਼ਰ ਦਾ ਉਹ ਰੋਗ ਮੈਨੂੰ ਜਾਣ ਲੱਗਾ ਲਾ ਗਿਆ। ਪੜ੍ਹੀ ਜੋ ਬਹੁਤ ਵਧੀਆ ਲੱਗੀ ਅਤੇ ਹਿੰਮਤ ਜੀ ਕਰਕੇ ਚਿੱਠੀ ਲਿਖ ਹੀ ਦਿੱਤੀ ਤੁਸੀਂ ਬਹੁਤ ਖ਼ੂਬਸੂਰਤ ਲਿਖਦੇ ਹੋ। ਤੁਹਾਡੀ ਉਮਰ ਤਾਂ ਮੈਨੂੰ ਪਤਾ ਨਹੀਂ ਪਰ ਮੈਂ ਤੁਹਾਡੇ ਨਾਲ ਦੋਸਤੀ ਕਰਨਾ ਚਾਹੁੰਦਾ ਹਾਂ। ਮੇਰੀ ਜਨਮ ਤਾਰੀਕ 4

ਅਪ੍ਰੈਲ 1979 ਹੈ ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਮੇਰੀ ਦੋਸਤੀ ਜ਼ਰੂਰ ਕਬੂਲ ਕਰੋਗੇ ਅਤੇ ਚਿੱਠੀ ਦਾ ਜਵਾਬ ਜ਼ਰੂਰ ਦਿਓਗੇ। ਜੇਕਰ ਕੋਈ ਸ਼ਬਦਗਲਤ ਲਿਖਿਆ ਗਿਆ ਹੋਵੇ ਤਾਂ ਮੁਆਫ਼ ਕਰਨਾ। ਆਪ ਜੀ ਦਾ ਸ਼ੁਭਚਿੰਤਕ।

*ਰਣਜੀਤ ਸਿੰਘ ਬਰਾੜ ਪੁੱਤਰ ਸ: ਪੂਰਨ ਸਿੰਘ ਬਰਾੜ*
*ਪਿੰਡ ਤੇ ਡਾਕ : ਬਾਜਾ ਖਾਨਾ*
*ਤਹਿ : ਜੈਤੋ*
*ਜ਼ਿਲ੍ਹਾ : ਫਰੀਦਕੋਟ : 151205*

-0-

**31-10-2003**

कुलजीत जी सत श्री अकाल!
पत्र मिला! धन्यवाद!

पूरन एहसान जी एक शादी के सिलसिला में जम्मूं गए हुए हैं। 2.11.2003 तक लौटेंगे। जब वह आएगें तो आप का पत्र उन को दिखा दूंगा वैसे उन का पता इस प्रकार है।

***पूरन एंहसान***
***नजदीक दफतर सेल्ज टैक्स***
***बजारी कम्पनी, कालिज रोड़***
***पठानकोट-145001***

*और कहिए आजकल क्या लिख रहे हैं! - राजेंद्र नाथ रंहबर*

-0-

**ਜਨਵਰੀ** 17, 2003

ਮਾਨਯੋਗ ਕੁਲਜੀਤ ਜੀ,

ਸ: ਕੁਲਦੀਪ ਸਿੰਘ ਜੀ ਦੇ ਕਹਿਣ ਅਨੁਸਾਰ, ਮੈਂ ਆਪਣੀਆਂ ਪੁਸਤਕਾਂ ਦਾ ਇਕ ਸੈਟ ਕੱਲ੍ਹ ਰਵਾਨਾ ਕਰ ਦਿੱਤਾ ਹੈ। ਮੈਂ ਇਹ ਜ਼ਰੂਰੀ ਸਮਝਿਆ, ਕਿ ਡਾ: ਈਸ਼ਰ ਸਿੰਘ ਤਾਂਘ ਜੀ ਦਾ ਆਰਟੀਕਲ ਉਚੇਚੇ ਤੌਰ 'ਤੇ ਅਲੱਗ ਵੀ ਭੇਜਾਂ, ਤਾਂ ਕਿ ਤੁਹਾਡੇ ਸਾਹਮਣੇ ਇਸ ਨਵੀਂ ਵਿਧੀ ਦੀਆਂ ਗ਼ਜ਼ਲਾਂ ਦੀ ਰੂਪ ਰੇਖਾ ਦੀ ਤਸਵੀਰ ਬਣ ਜਾਵੇ। ਪੁਸਤਕਾਂ ਵਿਚ ਲਿਖੇ ਮੁਖਠ ਬੰਦ ਵੀ ਕਾਫੀ ਜਾਣਕਾਰੀ ਵਾਲੇ ਹਨ।

ਵਿਚਾਰ ਆਪਣੇ, ਇਨ੍ਹਾਂ ਤੋਂ ਮੁਕਤ ਹੋ ਕੇ ਹੀ ਬਣਾਓਗੇ, ਇਹ ਮੈਂ ਉਮੀਦ

ਕਰਦਾ ਹਾਂ। ਆਪਜੀ ਦੀ ਨਿੱਜੀ ਵਿਚਾਰਧਾਰਾ ਹੀ ਸਹੀ ਮੰਨਾਂਗਾ, ਸਿਰ ਮੱਥੇ।

*ਸ਼ੁਭਚਿੰਤਕ,*
*ਰਣਧੀਰ ਸਿੰਘ ਨਿਊਯਾਰਕ*
*8707, 57 Road, 3rd Floor*
*Elmhurst, NY 11373-4856*
*U.S.A*
*Phone (718)899-3948*
*E Mail rdsnv1@yahoo.com*

-0-

28/9/2006

ਗਜ਼ਲਾਂ ਦੀ ਲੇਖਿਕਾ ਗ਼ਜ਼ਲ ਜੀ,
ਸਤਿ ਸ੍ਰੀ ਅਕਾਲ।

ਆਪ ਜੀ ਵਲੋਂ ਪਿਆਰ ਸਾਹਿਤ ਮੈਨੂੰ ਭੇਟਾ ਕੀਤੀ ਤੁਹਾਡੀ ਲਿਖੀ ਗਜ਼ਲਾਂ ਦੀ ਪੁਸਤਕ "ਤਰੇਲ ਜਿਹੇ ਮੋਤੀ" ਮੈਨੂੰ ਮਿਲ ਗਈ ਹੈ, ਪੁਸਤਕ ਭੇਜਣ ਲਈ ਤੁਹਾਡਾ ਧੰਨਵਾਦ ਵੀ ਕਰਦਾ ਹਾਂ ਅਤੇ ਬਹੁਤ-ਬਹੁਤ ਵਧਾਈ ਵੀ ਦਿੰਦਾ ਹਾਂ ਕਿਉਂਕਿ ਕਿਤਾਬ ਤਿਆਰ ਕਰਨੀ ਤੇ ਛਪਵਾਉਣੀ ਖਾਸ ਕਰਕੇ ਪੰਜਾਬੀ ਵਿਚ, ਹਰ-ਕਿਸੇ ਦੇ ਵੱਸ ਦੀ ਗੱਲ ਨਹੀਂ ਹੈ, ਇਸ ਲਈ ਤੁਹਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਤੁਸੀਂ ਛੋਟੀ ਜਿਹੀ ਉਮਰ ਵਿਚ ਹੀ ਇਕ ਵਧੀਆ ਗ਼ਜ਼ਲਾਂ ਦੀ ਕਿਤਾਬ ਪੰਜਾਬੀ ਜਗਤ ਨੂੰ ਸੌਂਪ ਦਿੱਤੀ ਹੈ।

ਅਗਲੀ ਗੱਲ ਹੈ, ਗ਼ਜ਼ਲਾਂ ਦੀ ਤਕਨੀਕ ਬਾਰੇ। ਸੱਚ ਪੁੱਛੋਂ ਤਾਂ ਮੈਂ ਗਜ਼ਲ ਦੀ ਪਰਖ਼ ਬਾਰੇ ਬਿਲਕੁਲ ਕੋਰਾ ਹਾਂ ਪਰ ਹਾਂ ਗ਼ਜ਼ਲਾਂ ਪੜ੍ਹਣ ਦਾ ਸ਼ੌਕ ਜ਼ਰੂਰ ਰੱਖਦਾ ਹਾਂ। ਗ਼ਜ਼ਲ ਦੀਆਂ ਗ਼ਜ਼ਲਾਂ ਫਿਰ ਮੈਂ ਕਿਉਂ ਨਾ ਪੜ੍ਹਦਾ? ਹਾਂ ਕੁਝ ਗਜ਼ਲਾਂ ਤਾਂ ਮਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਹਨ, ਉਹ ਸਾਰੀਆਂ ਦਾ ਜਿਕਰ ਤਾਂ ਸ਼ਾਇਦ ਇਸ ਛੋਟੀ ਜਿਹੀ ਚਿੱਠੀ ਵਿਚ ਨਾ ਹੋ ਸਕੇ ਪਰ ਫਿਰ ਉਦਾਹਰਨ ਤੌਰ 'ਤੇ ਕੁਝ ਅੰਕਿਤ ਕਰਦਾ ਹੈ ਜਿਵੇਂ -

ਉਹ ਮਨਾਉਂਦਾ ਨਿੱਤ, 'ਗ਼ਜ਼ਲ' ਨੂੰ ਹੈ ਨਿਸ਼ਾਨੀ ਪਿਆਰ ਦੀ,
ਜੇ ਨਾ ਹੋਵੇ ਪਿਆਰ ਤਾਂ ਰੁਸਦਾ ਮਨਾਉਂਦਾ ਕੌਣ ਹੈ?

ਕਿਸ ਨੂੰ ਦਿਖਾਵਾਂ ਖੋਲ੍ਹ ਕੇ ਦਿਲ ਦੀ ਮੈਂ ਤਾਣੀ ਰੇਸ਼ਮੀ,
ਦਿੱਤੇ ਨੇ ਗ਼ਮ ਤੋਹਫ਼ੇ ਵਜੋਂ ਬਾਹਰਦਿਆਂ ਕੁਝ ਘਰਦਿਆਂ।
ਇਕ ਵਾਰ ਕਰਕੇ ਹੌਂਸਲਾ ਮੇਰੇ ਸ਼ਹਿਰ ਆ ਤਾਂ ਸਹੀ,
ਜਿੰਦ ਕੱਢਕੇ ਮੈਂ ਆਪਣੀ ਤੇਰੀ ਤਲੀ ਤੇ ਧਰ ਦਿਆਂ।

ਅੰਦਰ ਬਾਹਰ ਤਾਣਾ-ਬਾਣਾ, ਮੇਰਾ ਸਭ ਕੁਝ ਤੇਰਾ ਹੈ,
ਇਸ ਸਿਰਲੇਖ ਹੇਠਾਂ ਸਾਰੇ ਸ਼ੇਅਰ ਹੀ ਕਾਬਲੇ ਤਾਰੀਫ਼ ਹਨ।

ਰੱਬ ਦਾ, ਦੌਲਤ ਦਾ, ਨਾ ਸਰਕਾਰ ਦਾ।
ਮੈਨੂੰ ਤਾਂ ਬਸ ਆਸਰਾ ਹੈ ਪਿਆਰ ਦਾ।

ਘਰ ਮੇਰੇ ਆ ਜਾ ਤੂੰ ਪਹਿਲਾਂ ਮੌਤ ਤੋਂ,
ਕੀ ਪਤਾ ਲੱਗਣਾ ਘੜੀ ਤੇ ਵਾਰ ਦਾ।

ਭੈਣ ਹਾਂ ਜਾਂ ਧੀ ਕਿਸੇ ਦੀ, ਫਿਰ ਵੀ ਲਗਦੀ ਬੇਘਰ ਹਾਂ।
ਮਾਪਿਆਂ ਸਿਰ ਜਨਮ ਤੋਂ ਇਕ ਬੋਝ ਹਾਂ, ਵੱਡਾ ਫ਼ਿਕਰ ਹਾਂ।
ਘਰ ਵੀ ਹੈ ਪਰਿਵਾਰ ਵੀ ਹੈ, ਫਿਰ ਵੀ ਹਾਂ ਬੇਚੈਨ ਕਿਉਂ ਮੈਂ?
ਨਾ ਪਤਾ ਆਈ ਹਾਂ ਕਿਧਰੋਂ, ਨਾ ਪਤਾ ਚੱਲੀ ਕਿਧਰ ਹਾਂ।

ਮਜ਼ਹਬ ਦਾ ਨਾਂ ਦੂਜਾ ਬਸ ਪਿਆਰ ਮੁਹੱਬਤ ਹੈ,
ਕੀ ਦੀਨ ਧਰਮ ਕਰਨਾ ਜੋ ਹੱਥ ਛੁਰਾ ਦੇਵੇ।
ਸ਼ੈਤਾਨ ਹੋਊ ਕੋਈ, ਉਹ ਰੱਬ ਨਹੀਂ ਹੋਣਾ,
ਮੰਦਿਰ ਨੂੰ ਗਿਰਾਵੇ ਜੋ, ਮਸਜਿਦ ਵੀ ਗਿਰਾ ਦੇਵੇ।
ਨਹੀਂ ਇਸ਼ਕ ਨਿਭਾ ਸਕਦੇ ਕਦੀ ਹੋਸ਼ ਸ਼ਰਤ ਵਾਲੇ,
ਉਹ ਇਸ਼ਕ ਹੀ ਹੁੰਦਾ ਹੈ, ਜੋ ਹੋਸ਼ ਭੁਲਾ ਦੇਵੇ।

ਸ਼ੇਅਰ ਹੋਰ ਵੀ ਹਨ ਜੋ ਮੈਨੂੰ ਪਸੰਦ ਹਨ ਪਰ ਸਾਰੇ ਲਿਖਣ ਦੀ ਥਾਂ ਨਹੀਂ ਹੈ। ਪੰਨਾ 34 ਤੇ ਆਖਰੀ ਸ਼ੇਅਰ ਹੈ:-

ਹੈ ਭਾਲ 'ਗਜ਼ਲ' ਤਾਈਂ ਇਕ ਉਸ ਖਿਡਾਰੀ ਦੀ,
ਇਸ ਖੇਡ ਇਸ਼ਕ ਦੀ ਤੋਂ ਜੋ ਜਾਨ ਲੁਟਾ ਦੇਵੇ।
ਜਾਨ ਲੁਟਾ ਦੇਵੇ ਜਾਂ ਜਾਨ ਲੁਟਾ ਦੇਵੇ?
ਬਾਕੀ ਫਿਰ!

***ਰਘਬੀਰ ਸਿੰਘ ਮਹਿਮੀ***

ਸਤਿਕਾਰਯੋਗ ਕੁਲਜੀਤ ਗਜ਼ਲ ਜੀ,

ਮੈਂ ਮੂਨਕ ਤੋਂ ਆਪ ਨੂੰ ਲਿਖ ਰਹੀ ਹਾਂ। ਮੈਂ ਆਪ ਬਾਰੇ ਆਨੰਦ ਅਲੋਕ ਧੂਰੀ ਤੋਂ ਜਾਣਿਆਂ। ਮੇਰਾ ਪਹਿਲਾਂ ਕਾਵਿ-ਸੰਗ੍ਰਹਿ 'ਹਾਦਸੇ' ਛਪਿਆ ਸੀ। ਹੁਣ ਦੂਜਾ 'ਸੁਲਘਦੇ ਹਰਫ਼' ਆਪ ਦੀ ਨਜ਼ਰ ਕਰ ਰਹੀ ਹਾਂ। ਆਪਦੇ ਪ੍ਰਤੀਕਰਮ ਦੀ ਉਡੀਕ ਰਹੇਗੀ। ਮੈਂ ਤ੍ਰੈਮਾਸਿਕ 'ਮੁਬਾਰਕ' ਵਿਚ ਆਪਨੂੰ ਪੜ੍ਹਦੀ ਰਹਿੰਦੀ ਹਾਂ। ਆਪ ਬਹੁਤ ਚੰਗਾ ਲਿਖਦੇ ਹੋ। ਬਹੁਤ ਸਾਰੇ ਧੰਨਵਾਦ ਸਾਹਿਤ!

***ਰਵਿੰਦਰ 'ਕਿਰਨ'***

*ਮੂਨਕ, ਵਾਰਡ ਨੰ: 2, ਨੇੜੇ ਪਾਤੜਾ ਰੋਡ*
*ਮੂਨਕ (ਸੰਗਰੂਰ), ਫੋਨ ਨੰ: 0167-30-76590*

–0–

ਕੁਲਜੀਤ! ਇਨਕਲਾਬੀ ਹੋਣ ਬਾਰੇ ਸੋਚਣਾ ਬੜੀ ਵੱਡੀ ਪੁਲਾਂਘ ਤੇ ਅਤੇ ਇਸਤੋਂ ਔਖਾ ਹੈ ਇਨਕਲਾਬੀ ਬਨਣਾ। ਸਾਨੂੰ ਆਪਣੀ ਸੋਚ ਨੂੰ ਤਾੜਦਿਆਂ ਰਹਿਣਾ ਚਾਹੀਦਾ ਹੈ। ਨਿੱਤ ਨਵੇਂ ਵਿਚਾਰਾਂ ਨਾਲ ਵਿਚਰੋ। ਸ਼ਾਮ ਨੂੰ ਬੈਠ ਕੇ ਦੇਖੋ ਕਿ ਜੋ ਸਮਾਜ ਲਈ ਸੋਚਿਆ ਸੀ ਉਹ ਸਾਰਥਿਕ ਕਿਉਂ ਨਹੀਂ ਹੋ ਸਕਿਆ। ਇੰਜ ਕੀਤਿਆਂ ਤੁਹਾਡੀ ਸੋਚ ਸਾਰਥਿਕ ਹੋ ਜਾਵੇਗੀ। ਤੁਸੀਂ ਜੋ ਵੀ ਸੋਚੋਗੇ, ਚਿਤਰੋਗੇ ਉਹ ਇੰਨ ਬਿੰਨ ਸਹੀ ਹੁੰਦਾ ਜਾਵੇਗਾ। ਲੋਕ ਵਿਚਾਰੇ ਸੋਚਣਗੇ ਕਿ ਤੁਹਾਡੇ ਹੱਥ ਸੁੱਢ ਦੀ ਗੱਠੀ ਲੱਗ ਗਈ ਹੈ।

ਜਿਨ੍ਹਾਂ ਚਾਅ ਤੁਹਾਨੂੰ ਬਾਹਰ ਜਾਣਦਾ ਹੈ ਉਨ੍ਹਾਂ ਹੀ ਡਰ ਮੈਨੂੰ ਤੁਹਾਡੇ ਪੀ. ਆਰ ਬਾਰੇ ਸੋਚਣਾ ਹੈ। ਅਸੀਂ ਬਹੁਤ ਵਾਰ ਵੱਡੇ ਹੋਣ ਬਾਰੇ ਸੋਚਦੇ ਹਾਂ। ਪਰ ਅਜਿਹਾ ਨਹੀਂ ਹੁੰਦਾ ਜਿਨ੍ਹਾਂ ਚਿਰ ਤੁਹਾਡੇ ਸਾਹਮਣੇ ਵਾਲਾ ਇਸ ਗੱਲ ਨੂੰ ਪ੍ਰਵਾਨ ਨਹੀਂ ਕਰਦਾ। ਤੁਹਾਡੇ ਪੀ. ਆਰ ਦਾ ਮਤਲਬ ਤੁਹਾਡਾ ਆਪਣੀ ਧਰਤੀ, ਲੋਕਾਂ, ਰਿਸ਼ਤਿਆਂ ਤੋਂ ਮੂੰਹ ਮੋੜਨਾ ਹੈ। ਨਵੇਂ ਰਿਸ਼ਤੇ ਸਿਰਜਣੇ ਮਨੁੱਖੀ ਸੁਭਾਅ ਦੀ ਤਾਂਘ ਹੈ ਪਰ ਪੁਰਾਣਿਆਂ ਤੋਂ ਮੂੰਹ ਮੋੜਨਾ ਖੁਦਗਰਜ਼ੀ ਦਾ ਸ਼ਿਖਰ ਹੈ। ਹੋ ਸਕੇ ਤਾਂ ਅਜਿਹਾ ਅੰਤ ਨਾ ਕਰਨਾ ਇਹ ਮੇਰੀ ਤਮੰਨਾ ਰਹੇਗੀ।

ਸ਼ਾਇਦ ਤੂੰ ਸਮਝਦੀ ਹੈ ਕਿ ਲੱਕੀ, ਗੁਰਪ੍ਰੀਤ, ਮਲਕੀਅਤ ਇਕ ਉਸ ਬਾਪ ਤੇ ਹੀ ਭਾਰ ਹਨ ਜੋ ਥੋੜ੍ਹੀ ਬਹੁਤ ਜ਼ਮੀਨ ਦੇ ਹੁੰਦਿਆ ਇਕ ਗ੍ਰੰਥੀ ਦੀ ਡਿਊਟੀ ਵੀ ਕਰਦਾ ਹੈ। ਕੀ ਉਸਦੀ ਉਮਰ ਤੇ ਆ ਰਹੇ ਗੇੜ ਤੇਰੀ ਸੋਚਦਾ ਹਿੱਸਾ ਨਹੀਂ। ਇਥੇ ਮੈਂ ਆਪਣੇ ਬਾਰੇ ਕੁਝ ਨਹੀਂ ਲਿਖਾਂਗਾ। ਜੇ ਲਿਖਾਂਗਾ ਤਾਂ ਮੈਂ ਖੁਦਗਰਜ਼ ਲੋਕਾਂ ਦੀ ਜਮਾਤ ਦਾ ... ਹੋਵਾਂਗਾ। ਕੀ ਤੂੰ ਸਮਝਦੀ ਹੈ ਕਿ ਤੇਰੇ ਪੀ ਆਰ ਪਿੱਛੋਂ ਜਾਂ ਅੱਗੋਂ ਉਹ ਸ਼ਖ਼ਸ਼ ਲਈ ਵਰ ਲੱਭ ਲਵੇਗਾ। ਬਾਹਰ ਦੇ ਲੋਕ ਉਸਦੀ ਮਦਦ ਕਿਉਂ ਕਰਨਗੇ ਜੇ ਬਾਹਰ ਗਏ ਲੋਕ ਨਹੀਂ ਸੋਚਣਗੇ। ਖਿਆਲ ਰਹੇ ਇਹ ਕੋਈ ਸਿੱਖਿਆਦਾਇਕ ਭਾਸ਼ਨ ਨਹੀਂ ਹੈ। ਭਾਸ਼ਨ ਤਾਂ ਉਹ ਲੋਕ ਕਰਦੇ ਹਨ ਜੋ ਲੋਕਾਂ ਨੂੰ ਕੁਝ ਦੇਣਾ ਨਹੀਂ ਚਾਹੁੰਦੇ। ਪਰ ਇਹ ਤੈਨੂੰ ਇਹ ਕੁਝ ਦੇਣ ਲਈ ਹੀ ਹੈ, ਸ਼ਾਇਦ ਆਪਣਿਆਂ ਦਾ (ਮੇਰੇ ਤੋਂ ਬਗੇਰ) ਭਲਾ ਲੋਚਣ ਲਈ ਹੀ ਹੈ।

ਹਾਂ ਗੁਰਪ੍ਰੀਤ ਤਾਂ ਅਜੇ ਡਿਪਲੋਮਾ ਹੀ ਕਰ ਸਕਿਆ ਹੈ। ਉਸਦੀ ਡਿਗਰੀ ਦਾ ਇੰਤਜ਼ਾਮ ਕਰਨਾ ਸਿਰਫ਼ ਆਪਣੇ ਪਿਤਾ ਜ਼ੁੰਮੇਵਾਰੀ ਸਮਝਣਾ ਵੀ ਤਾਂ ਤੇਰੇ ਲਈ ਆਪਣੀ ਜ਼ੁੰਮੇਵਾਰੀ ਨੂੰ ਭੁੱਲਣਾ ਨਹੀਂ ਤਾਂ ਹੋਰ ਕੀ ਹੈ। ਉਸਨੇ ਵੱਡਾ ਹੋਣਾ ਹੈ। ਰੋਜ਼ੀ ਰੋਟੀ ਦੇ ਆਹਰ ਕਰਨ ਲੱਗਣਾ ਹੈ। ਉਸਨੂੰ ਵੱਡੀ ਭੈਣ ਦੇ ਪਿਆਰ ਦੀ ਜ਼ਰੂਰਤ ਰਹੇਗੀ।

ਮਲਕੀਤ ਦੀ ਮੰਜਿਲ ਬਹੁਤ ਦੂਰ ਹੈ। ਉਸਦਾ ਰਾਹ ਔਖਾ ਤੇ ਔਕੜਾਂ ਭਰਿਆ ਹੈ। ਘਰ, ਗੁਰਦੁਆਰੇ ਦੀ ਨੌਕਰੀ ਤੋਂ ਇਲਾਵਾ ਤਿੰਨ ਬੱਚਿਆਂ ਨੂੰ ਪੜਾਉਣਾ, ਲਿਖਾਉਣਾ, ਵਿਆਹੁਣਾ ਸਿਰੇ ਚੜਾਉਣਾ ਸ਼ਾਇਦ ਇਕ ਇਨਸਾਨ ਲਈ ਸੰਭਵ ਨਹੀਂ ਕਿਸੇ ਆਪਣੇ ਨੇੜੇ ਦੀ ਬਿਲਕੁਲ ਨੇੜੇ ਦੇ ਪਲੇਠੇ ਪੁੱਤ/ਧੀ ਤੋਂ ਹੀ ਇਹ ਆਸ ਰੱਖੀ

ਜਾ ਸਕਦੀ ਹੈ। ਜੇ ਉਹ ਸਮਝੇ ਤਾਂ ਉਹਦਾ ਬਹੁਤ ਪਵਿੱਤਰ ਫਰਜ਼ ਵੀ ਹੈ। ਤੇਰੇ ਤੋਂ ਇਹ ਲੋੜ ਤੋਂ ਜ਼ਿਆਦਾ ਹੀ ਸਮਝਿਆ ਜਾ ਸਕਦਾ ਹੈ ਕਿਉਂ ਤੂੰ ਅੱਤ ਦੀ ਜ਼ਿੱਦੀ ਹੈ ਤੇ ਵਿਆਹ ਨਾ ਕਰਵਾਉਣ ਦਾ ਫੈਸਲਾ ਬੜਾ ਸੋਚ ਕੇ ਪੜ੍ਹਿਆ ਲਿਖਿਆ ਵਿਚਾਰ ਕੇ ਹੀ ਕੀਤਾ ਹੈ ਤੇ ਇਸਤੇ ਕਾਇਮ ਰਹਿਣਾ ਹੀ ਬਹੁਤ ਵੱਡੀ ਕ੍ਰਾਂਤੀਕਾਰੀ ਗੱਲ ਹੈ। ਸ਼ਾਇਦ ਇਹ ਜ਼ਿੰਦਗੀ ਵਿਚ ਤੈਨੂੰ ਕ੍ਰਾਂਤੀਕਾਰੀ ਬਣਾ ਵੀ ਦੇਵੇ। ਮੇਰੀ (ਰਵਿੰਦਰ ਹੰਸ ਦੀ) ਇਹ ਤਮੰਨਾ ਹੈ ਕਿ ਤੂੰ ਬਾਹਰ ਜ਼ਰੂਰ ਜਾਵੇ ਪਰ ਘਰ ਨਾਲ ਜੁੜੀ ਰਹੇ, ਸ਼ਾਇਦ ਤੂੰ ਸਾਹਿਤ ਦਾ ਕਰਜ਼ਾ ਵੀ ਅਦਾ ਕਰਨਾ ਹੈ। ਜੋ ਧੀ ਆਪਣੇ ਪਿਤਾ ਦੇ ਫਰਜ਼ ਨਿਭਾਉਣੀ ਵਿਚ ਸਹਾਈ ਨਹੀਂ ਉਹ ਧੀ ਕਹਾਉਣ ਦੀ ਹੱਕਦਾਰ ਨਹੀਂ। ਹਾਂ ਮੈਂ ਤੇਰੀ ਕਹਾਣੀ ਦਾ ਕੋਈ ਪਾਤਰ ਨਹੀਂ। ਮੈਂ ਕਾਫ਼ੀ ਉਲਝਿਆ/ਸੁਲਝਿਆ ਬੰਦਾ ਹਾਂ ਤੇਰੀਆਂ ਗਜ਼ਲਾਂ ਪੜ੍ਹੀਆਂ ਹਨ। ਮੈਂ ਤੇਰੀ ਹਰ ਗਜ਼ਲ ਅੰਦਰ ਛੁਪੀ ਪੀੜ। ਉਲਝਣ/ਸੁਲਝਣ ਨੂੰ ਸਮਝਦਾ ਹਾਂ ਜੋ ਸ਼ਾਇਦ ਆਸਟ੍ਰੇਲੀਆ ਤਾਂ ਕੀ ਦੁਨੀਆ ਦੇ ਹੋਰ ਹਿੱਸੇ ਤੇ ਜਾਣ ਤੇ ਵੀ ਘਟੇਗੀ ਨਹੀਂ, ਵਧੇਗੀ ਹੀ, ਪਨਪੇਗੀ ਤੇਰੀ ਰੂਹ ਨੂੰ ਅਸ਼ਾਤੇ ਰੱਖੇਗੀ। ਜੇ ਕਿਤੇ ਤੈਨੂੰ ਸ਼ਾਂਤੀ ਮਿਲ ਸਕਦੀ ਹੈ ਤਾਂ ਉਹ ਸਿਰਫ਼ ਤੇਰੇ ਘਰ, ਤੇਰੇ ਆਪਣਿਆਂ 'ਚ ਹੈ ਜਿਵੇਂ ਮੈਨੂੰ ਮੇਰੇ ਅਤਿਅੰਤ ਪਿਆਰੇ ਮਿਤਰਾਂ ਸਨੇਹੀਆਂ 'ਚ ਹੈ ਜਿਨ੍ਹਾਂ ਨੂੰ ਵੀ ਸ਼ਾਮਲ ਹੈ, ਸ਼ਾਮਲ ਰਹੇਗੀ। ਇਹ ਤੇਰੇ ਤੇ ਨਿਰਭਰ ਕਰਦਾ ਹੈ ਕਿ ਜਿਨ੍ਹਾਂ ਚਿਰ ਚਾਹੇ ਤੂੰ ਖੁਦ ਨੂੰ ਮੇਰੇ ਅਤਿ ਨਜ਼ਦੀਕੀਆਂ ਵਿਚ ਸ਼ਾਮਲ ਰੱਖ ਸਕਦੀ ਹੈ। ਮੈਂ ਤੇਰੇ ਵਲੋਂ ਲਾਏ ਕਿਸਮਵੀ ਹੁਕਮ ਦੀ ਤਾਮੀਲ ਕਰਦਾ ਰਹਾਂਗਾ। ਇਹ ਮੇਰਾ ਧਰਮ ਹੈ। ਸ਼ਾਇਦ ਮੈਂ ਧਾਰਮਿਕ ਨਹੀਂ ਪਰ ਇਸ ਤਰ੍ਹਾਂ ਦਾ ਧਰਮ ਪਾਲਣਾ ਬੰਦੇ ਨੂੰ ਜਿਉਂਦਾ ਰੱਖਣ ਲਈ ਜ਼ਰੂਰੀ ਹੈ।

***ਰਵਿੰਦਰ***
***ਲੁਧਿਆਣਾ***

–0–

13/12/02

ਪਰਮ ਸਤਿਕਾਰਯੋਗ ਕੁਲਜੀਤ ਗਜ਼ਲ ਜੀ,
ਸਾਹਿਤਕ ਆਦਾਬ!

ਜਨ ਸਾਹਿਤਕ ਮਿੰਨੀ ਕਹਾਣੀ ਵਿਸ਼ੇਸ਼ ਅੰਕ ਵਿਚ ਛਪੀਆਂ ਆਪ ਜੀ ਦੀਆਂ ਦੋ ਕਹਾਣੀਆਂ ਛਪਣ ਤੇ ਮੁਬਾਰਕ! ਤੁਹਾਡੀਆਂ ਵੱਡੀਆਂ ਕਹਾਣੀਆਂ ਵੀ ਜੱਗ ਬਾਣੀ 'ਚ ਕਈ ਵਾਰ ਪੜ੍ਹੀਆਂ ਹਨ। ਤੁਸੀਂ ਵਧਾਈ ਦੇ ਪਾਤਰ ਹੋ। "ਪਰਚੀਆਂ" ਕਹਾਣੀ ਚੰਗੀ ਲੱਗੀ ਪਰ "ਬੇਵਫਾ" ਮਿੰਨੀ ਕਹਾਣੀ ਨੇ ਕਾਫੀ ਪ੍ਰਭਾਵਿਤ ਕੀਤਾ। ਵਿਸ਼ਾ, ਸਿਰਲੇਖ, ਪਕੜ ਸਭ ਕੁਝ ਚੰਗਾ ਚੰਗਾ ਲੱਗਾ। ਸ਼ੁਰੂਆਤ ਜਿੰਨੀ ਚੰਗੀ ਸੀ ਅੰਤ ਵੀ ਉਨ੍ਹਾ ਹੀ ਢੁੱਕਵਾਂ ਰਿਹੈ। ਮਾਨਸਿਕਤਾ ਨੂੰ ਬਖੂਬੀ ਬਿਆਨ ਕੀਤਾ ਗਿਆ ਹੈ ਸਮੇਂ ਦੀਆਂ ਕਦਰਾਂ ਕੀਮਤਾਂ ਬਾਰੇ ਬਹੁਤ ਕੁਝ ਮਿਲਦਾ ਹੈ ਜਾਨਣ ਲਈ। ਤੁਹਾਡੀ ਸਾਹਿਤਕ ਸੋਚ ਦੀ ਉਚੀ ਉਡਾਰੀ ਹੈ। ਅਸੀਂ ਪਾਠਕ ਹਮੇਸ਼ਾ ਤੁਹਾਡੇ ਰਿਣੀ ਰਹਾਂਗੇ ਤੁਸੀਂ ਸਾਹਿਤ ਰਚ ਕੇ ਸਮਾਜ ਨੂੰ ਸੇਧ ਬਖ਼ਸ਼ ਰਹੇ ਹੋ। ਚੜ੍ਹਦੀ ਕਲਮ, ਕਲਾਂ ਤੇ ਸਮੂਹ

ਪਰਿਵਾਰ ਦੀ ਚੜ੍ਹਦੀ ਕਲਾ ਲਈ ਦੁਆਵਾਂ।

***ਲਲੀ ਕਰਤਾਰਪੁਰੀ (ਜ: ਸਕੱਤਰ ਸਾਹਿਤ ਸਭਾ ਕਰਤਾਰਪੁਰ)***
***ਮੰਡੀ ਮੁਹੱਲਾ, ਕਰਤਾਰਪੁਰ-144801***
***ਜ਼ਿਲ੍ਹਾ - ਜਲੰਧਰ।***

-0-

ਸਤਿਕਾਰਯੋਗ ਕੁਲਜੀਤ ਜੀ,

ਮੈਂ ਆਪ ਦੀ ਇਕ ਰਚਨਾ ਪੇਪਰ ਵਿਚ ਅਤੇ ਇਕ ਹੰਭਲਾ ਵਿਚ ਪੜ੍ਹੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਰਚਨਾਵਾਂ ਪੜੀਆਂ। ਆਪ ਦੀਆਂ ਸਾਰੀਆਂ ਰਚਨਾਵਾਂ ਤਕਰੀਬਨ ਤੋਲ ਤੁਕਾਂਤ ਅਤੇ ਸ਼ਬਦਾਵਲੀ ਪੱਖੋਂ ਉਤਮ ਹਨ ਪਜ "ਮਾਰ ਤੇਰੇ ਹਿਜਰਦੀ" ਗਜ਼ਲ ਦਾ ਅੰਤਲਾ ਸ਼ੇਅਰ ਕੁਝ ਸ਼ੱਕੀ ਜਿਹਾ ਹੈ ਤੁਸਾਂ ਲਿਖਿਆ ਹੈ, "ਜਾਨ ਇਕ ਦਿਨ ਲੈ ਲੇਗੀ" ਕੁਲਜੀਤ ਦੀ ਪੀੜ ਜਿਹੜੀ ਦਿਲ ਚੇ ਹਸ ਪਲਦੀ ਰਹੀ।" ਸ਼ਾਇਦ ਮੈਂ ਗਲਤ ਹੋਵਾਂ ਪਰ ਮੇਰੇ ਅਨੁਸਾਰ ਇੰਝ ਹੋਣਾ ਚਾਹੀਦਾ ਸੀ "ਜਾਨ ਇਕ ਦਿਨ ਲੈ ਲਏਗੀ" ਕੁਲਜੀਤ ਦੀ। ਖੈਰ ਤੁਸੀਂ ਜੋ ਵੀ ਲਿਖਦੇ ਹੋ ਜਾਂ ਜਵਾਬ ਲਿਖਦੇ ਹੋ। ਮੈਂ ਕਾਫੀ ਚਿਰ ਤੋਂ (ਜਾਨੀ ਕਿ ਕਾਲਜ ਦੇ ਦਿਨਾਂ ਤੋਂ ਆਪ ਦਾ ਪਾਠਕ ਰਿਹਾ ਹਾਂ। ਸ਼ਾਲਾ ਆਪ ਪੰਜਾਬੀ ਸਾਹਿਤ ਦੀ ਸੇਵਾ ਵਿਚ ਦਿਨ ਦੁਗਣੀ ਰਾਤ ਚੋਗੁਣੀ ਉਨਤੀ ਕਰੋ। ਇਹੀ ਮੇਰੀ ਦਿਲੀ ਤਮੰਨਾ ਹੈ। ਕ੍ਰਿਪਾ ਕਰਕੇ ਦੋ ਹਰਫ਼ ਜਵਾਬ ਦੇ ਜ਼ਰੂਰ ਲਿਖ ਦੇਣਾ ਅਤੇ ਆਪਣੀ ਛਪਾ ਚੁੱਕੀ ਜਾਂ ਆ ਰਹੀ ਪੁਸਤਕ ਬਾਰੇ ਦੱਸਣਾ)

***ਵਕੀਲ ਸਿੰਘ***
***ਤਹਿ : ਨਿਹਾਲ ਸਿੰਘ***
***ਵਾਇਆ ਤੇ ਜ਼ਿਲ੍ਹਾ : ਮੋਗਾ - 142055***

-0-

कुलजीत जी हैलों,

हम सब यहां पर कुशल पूर्वक है और उस सब की कुशलता भगवान से सदा नेक चाहते है। आगे समाचार ये है कि आपका लिखा हुआ दूसरा पत्र भी हमें मिल गया है। आपने लिखा है कि Vikas Bhandari कौत है? जिसकी आपकी गजल पसंद आई और जिसने आपको दो पत्र लिखे, आप उसी से पूछ रहें हैं कि वो कोन हैं? मेरा नाम ही विकास अंडारी है। मेरी करियाणे की दुकान है और इस समय मैं दुकान पर बैठा हुआ ही आपकी पत्र लिख रहा हूं। सुरिंदर भंडारी मेरे डैडी जी का नाम है। उनीके नाम पर हमें पत्र मिलते हैं।

क्या उस गजल के बाद अभी तक आपने कुछ लिखा है? अगर हो

सके तो कुछ दर्द भरा लिखना। मुझे जरूर बता देना। बाकी सब ठीक-ठाक है। सारे परिवार को मेरी तरफ से प्यार भरी नमस्ते। आपकी पढ़ाई कैसी चल रही है? पत्र का ज्वाब जन्दी देना। पत्र बंद करता हूं।

*शुभचिंतक*
*विकास भंडारी*

-0-

नमस्ते जी,
श्रीमती कुलजीत जी,

आप सब की कुशलता भगवान से सदा मागता हुं। आगे समाचार यह है कि आप की गजल जो की इस मंगलबार की अखबार जग बाणी में छपी है। पड़ कर बहुत ही अच्छी लगी। इस में एक दिल की बात है जो एक जगा पर होता है पर वहा नहीं होते कही और ही सोया रहता है। इस लिय कियो की आप सोचती होगे यह I am Sorry लड़का कौन है। मै आपने बारे में बताता हुं। मेरा नाम विजय कुमार जस्सी है। मैं Guru Nanak Pura (East) Jalandhar का रहने वाला हुं। में D.A.V. Collage Student हुं और मेरी Shahkot कभी-कभी Work Shop जाता हुं। आप सोचती होगी की यह कैसा लडका है की एक ही बात को लेकर बैठ जाता है। मैं आपने कमरे में बैठा था सोचा की आप को एक पत्र लिखा जाये। तो बस लिखने बैठ गया। यह गजल इस लिए अच्छी लगी की इस में मेरे दिल की बात है जो मैं किसी को वह तो देता हुं पर उसे बोल नहीं पाता जैसेः

ਹੈ ਬੜਾ ਔਖਾ ਕਿਸੇ ਨੂੰ ਦਿਲ ’ਚੋਂ ਕੱਢ ਕੇ ਮਾਰਨਾ,
ਵਾਹ! ਮੇਰੇ ਰੱਬਾ ਬੜਾ ਜੇਰਾ ਮੇਰੇ ਕਾਤਿਲ ’ਚ ਹੈ।

आप सच में बहुत अच्छा लिखती है। मैं इस प्रकार की गजल का इन्तजार कर रहा था, जो आप ने लिख ही दी। अब मेरे पे जाने का टाइम हो गिया है और मम्मी भी बोल रहे है। मेरी लिखाई साफ नहीं है कोई मुश्कील हो रही हो तो I am Sorry.

कुछ लाईने आप के नाम

ਜੇ ਕਿਸ ਕੀ ਗ਼ਜ਼ਲ ਕ ਕਰਿਸ਼ਮਾ ਹੈ ਗ਼ਜ਼ਲ

ਕਿ ਬੇ ਜ਼ੁਬਾਨ ਪੱਥਰ ਵੀ ਗਾਨੇ ਲਗੇ।

भगवान से यही दुया करूगा की आप जो भी लिखे एक साफ और अच्छी गजल लिखे।

*नमस्कार कुलजीत कौर जी*

***Vijay Kumar Jassi***

–0–

ਸਤਿ ਸ੍ਰੀ ਅਕਾਲ।

ਲਿਖ ਤੁਮ ਅੱਗੇ ਮਿਲੇ ਪਿਆਰੀ ਸਾਹੇਲੀ ਕੁਲਜੀਤ ਸਤਿ ਸ੍ਰੀ ਅਕਾਲ। ਮੈਨੂੰ ਆਸ ਹੈ ਕਿ ਤੁਸੀਂ ਆਪਣੀ ਜਗ੍ਹਾ ਤੇ ਠੀਕ ਠਾਕ ਹੋਵੋਗੇ। ਮੇਰੀ ਪਿਆਰੀ ਸਹੇਲੀ ਮੇਰਾ ਤੈਨੂੰ ਮਿਲਣ ਨੂੰ ਬਹੁਤ ਜੀ ਕਰਦਾ ਹੈ। ਕੁਲਜੀਤ ਤੁਸੀਂ ਮੈਨੂੰ ਫੋਨ ਕਿਉਂ ਨਹੀਂ ਕੀਤਾ। ਤੁਸੀਂ ਮੈਨੂੰ ਆਪਣੀ ਰਾਜੀ ਖੁਸ਼ੀ ਦਾ ਪਤਾ ਦੱਸ ਦਿਆ ਕਰੋ। ਮੈਨੂੰ ਤੁਹਾਡਾ ਬਹੁਤ ਫਿਕਰ ਰਹਿੰਦਾ ਹੈ। ਕੀ ਤੁਸੀਂ ਫੋਨ ਕਿਉਂ ਨਹੀਂ ਕੀਤਾ। ਮੇਰੀ ਪਿਆਰੀ ਸਹੇਲੀ ਤੁਸੀਂ ਮੈਨੂੰ ਫੋਨ ਕਰੋ। 23529 ਫੋਨ ਕਰਨ ਦਾ ਸਮਾਂ ਸ਼ਨੀਵਾਰ ਨੂੰ ਸਵੇਰੇ 10.30 ਸ਼ਾਮ ਜਾਂ 5.30 ਵਜੇ ਮੈਂ ਚਿੱਠੀ ਬੰਦ ਕਰਦੀ ਹੋਈ ਪ੍ਰਮਾਤਮਾ ਪਾਸੋ ਤੁਹਾਡੀ ਸੁੱਖ ਮੰਗਦੀ ਹਾਂ।

***ਵਿੱਕੀ***

***ਤਰਨ ਤਾਰਨ***

–0–

**27/6/03**

ਗਜ਼ਲ

ਯਾਦ!

ਤੇਰਾ ਖ਼ਤ ਮਿਲਿਆ...ਕੋਈ ਯਾਦ ਕਰੇ ਬਹੁਤ ਚੰਗਾ ਲੱਗਦਾ ਹੈ...ਕਵਿਤਾ ਵੀ ਤਾਂ ਸਾਰੇ ਦਾ ਸਾਰਾ ਬਦਲ ਨਹੀਂ ਹੁੰਦੀ...ਅਸਲ 'ਚ ਗੈਰ-ਹਾਜ਼ਰੀ ਹੀ ਹਾਜ਼ਰੀ ਹੁੰਦੀ ਹੈ...ਜਿਵੇਂ ਤੇਰਾ ਹੀ ਸ਼ੇਅਰ ਹੈ...ਕੋਈ ਆਵੇ ਮੇਰੇ ਦਿਲ ਦੀ ਦਵਾ ਬਣ ਕੇ...

ਮੈਨੂੰ ਇਟਲੀ ਆਇਆ ਅਜੇ ਤਿੰਨ ਵਰ੍ਹੇ ਵੀ ਨਹੀਂ ਹੋਏ...ਵੱਡੇ ਭਰਾ ਨੇ ਏਥੇ ਬੁਲਾਇਆ ਹੈ...ਪੱਕੇ ਪੇਪਰ ਬਣੇ ਹੋਏ ਹਨ...ਤੂੰ ਇਸ ਖ਼ਤ ਦਾ ਜੁਆਬ ਨਾ ਦੇਵੀਂ...ਕਿਉਂ ਕਿ ਜਦ ਨੂੰ ਤੇਰੀ ਚਿੱਠੀ ਮੁੜਦੀ ਹੈ...ਓਨਾ ਦਿਨਾਂ 'ਚ ਮੈਂ ਇੰਡੀਆ ਆਉਣਾ ਹੈ ਕਰੀਬ ਇਕ ਮਹੀਨੇ ਲਈ...ਕਵਿਤਾਵਾਂ...ਸੁਆਲਾਂ ਦੇ ਜੁਆਬ ਆ ਕੇ ਆਪ ਨੂੰ ਪੋਸਟ ਕਰ ਦੇਵਾਂਗਾ ਭਾਰਤ ਤੋਂ ਹੀ...ਉਂਜ ਮੈਂ ਵੀ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ...ਜੇ ਸੰਭਵ ਹੋਇਆ ਤਾਂ ਮੁਲਾਕਾਤ ਵੀ ਹੋ ਜਾਵੇਗੀ...ਮੇਰੀਆਂ ਦੋ ਕਿਤਾਬਾਂ (ਕਵਿਤਾ) ਦੀਆਂ ਛਪ ਚੁੱਕੀਆਂ ਹਨ ਜੇ ਅੰਮ੍ਰਿਤਸਰ ਜਾਣ ਦਾ ਸਬੱਬ ਬਣੇ ਤਾਂ "ਤਿੱਤਲੀ ਤੇ ਕਾਲੀ ਹਵਾ" ਲਾਇਬਰੇਰੀ 'ਚੋਂ ਮਿਲ ਸਕਦੀ ਹੈ। ਦੂਸਰੀ "ਕੈਨਵਸ

ਕੋਲ ਪਈ ਬੰਸਰੀ" ਨਾਨਕ ਸਿੰਘ ਪੁਸਤਕ ਮਾਲਾ 5 ਸਿਟੀ ਸੈਂਟਰ ਨੇੜੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਤੋਂ ਮਿਲ ਸਕਦੀ ਹੈ।

ਵਿਦੇਸ...ਔਖਾ ਹੈ...ਇਕੱਲੀਆਂ ਕੰਧਾਂ ਘਰ ਨਹੀਂ ਨਾ ਹੁੰਦਾਂ...ਜਿਥੇ ਮਾਂ ਤੇ ਹੋਰ ਰਿਸ਼ਤੇ ਨਾ ਹੋਣ...ਫਿਰ ਵੀ ਵਿਦੇਸ਼ਾਂ 'ਚ ਬਹੁਤ ਕੁਝ ਸਿੱਖਣ ਵਾਲਾ ਵੀ ਹੈ...

ਅਗਸਤ ਦੇ ਪਹਿਲੇ ਹਫ਼ਤੇ ਮੈਂ ਆਵਾਂਗਾ...ਘਰ 'ਚ ਸਾਰਿਆਂ ਨੂੰ ਮੇਰਾ ਸਤਿਕਾਰ ਕਹੀਂ।

*ਤੁਹਾਡਾ ਆਪਣਾ*

*ਵਿਸ਼ਾਲ*

*ਫੋਨ : 0039-34951-72262*

-0-

22-06-03

ਮਿਸ ਕੁਲਜੀਤ ਗਜ਼ਲ ਜੀ,

ਆਦਾਬ!

ਸ਼ਬਾਸਕ-42 ਵਿਚ ਤੁਹਾਡੀ ਗਜ਼ਲ ਪੜ੍ਹੀ। ਉਂਜ ਤਾਂ ਇਸ ਗਜ਼ਲ ਦਾ ਹਰੇਕ ਸ਼ੇਅਰ ਅਰਥ ਭਰਪੂਰ ਅਤੇ ਪ੍ਰਭਾਵਸ਼ਾਲੀ ਹੈ,

ਪਰ ਕਹਿਣ ਨੂੰ ਬਾਗ ਦਾ ਮਾਲੀ ਹੈ<br>
ਢਿੱਡ ਪਰ ਉਸਦਾ ਖਾਲੀ ਹੈ<br>
ਅਤੇ<br>
ਪਲ ਦੇ ਪਲ ਦੇ ਜੀਵ ਲਈ<br>
ਸਾਰੀ ਉਮਰ ਹੀ ਗਾਲੀ ਹੈ।

ਦਿਲ ਨੂੰ ਵਧੇਰੇ ਟੁੰਬਦੇ ਹਨ। ਇਹ ਇਸ ਗਜ਼ਲ ਦੇ ਸ਼ੇਅਰ ਕਹੇ ਜਾ ਸਕਦੇ ਹਨ। ਤੁਹਾਡੀ ਰਣਧੀਰ ਸਿੰਘ ਨਿਊਯਾਰਕ ਦੀ ਕਵਿਤਾ ਬਾਰੇ ਰਾਏ ਤੇ ਚੋਣ ਕਾਬਲੇ ਤਾਰੀਫ ਹੈ।

ਢੇਰ ਸਾਰੀਆਂ ਸ਼ੁਭਕਾਮਨਾਵਾਂ ਸਹਿਤ!

*ਧਰਮਪਾਲ ਸਾਹਿਲ*

*ਤਲਵਾੜਾ*

-0-

31/10/06

ਪਿਆਰੀ ਬੇਟੀ ਕੁਲਜੀਤ,

ਸਤਿ ਸ੍ਰੀ ਅਕਾਲ!

ਆਪ ਜੀ ਦੀ ਸਨੇਹ ਭਰਪੂਰ ਅਤੇ ਸ਼ਲਾਘਾ ਭਰੀ ਪੋਸਟ ਕਾਰਡ ਲਈ ਧੰਨਵਾਦ। ਕੋਈ ਲਿਖਾਰੀ ਚੰਗਾ ਮਾੜਾ ਨਹੀਂ ਹੁੰਦਾ ਕੇਵਲ ਪਾਠਕ ਹੀ ਉਸ ਨੂੰ ਚੰਗਾ ਜਾ ਮਾੜਾ ਸਮਝ ਲੈਂਦੇ ਹਨ। ਜਿਵੇਂ ਖ਼ੂਬਸੂਰਤੀ ਕਿਸੇ ਵਸਤੂ ਜਾਂ ਪ੍ਰਾਣੀ ਵਿਚ ਨਹੀਂ

ਹੁੰਦੀ, ਕੇਵਲ ਦਰਸ਼ਨ ਦੀਆਂ ਅੱਖਾਂ ਵਿਚ ਹੁੰਦੀ ਹੈ। ਇਸੇ ਤਰ੍ਹਾਂ ਮੇਰੇ ਲੇਖਾਂ ਵਿਚ ਕੁਝ ਨਹੀਂ ਕੇਵਲ ਤੁਹਾਡੇ ਹਿਰਦੇ ਦਾ ਹੀ ਪ੍ਰਤੀਬਿੰਬ ਹੈ ਜੋ ਆਪ ਨੂੰ ਚੰਗਾ ਲੱਗਾ ਹੈ। ਤੁਹਾਡਾ ਧੰਨਵਾਦ। ਕਦੇ ਕਦਾਏ ਲਿਖ ਘੱਲਿਆ ਕਰੋ।

*ਆਦਰ ਸਹਿਤ*

*ਹਿੱਤੂ*

*ਟੀ. ਆਰ. ਸ਼ਰਮਾ (ਡਾ.)*

–0–

ਬੇਟਾ ਜੀ,

*(ਮੇਰੀ ਜਾਚੇ ਉਮਰ ਦੇ ਤਕਾਜ਼ੇ ਨਾਲ ਇਹ ਹੀ ਸੰਬੋਧਨ ਠੀਕ ਹੈ)*

ਤੁਹਾਡੀ, ਭਾਵ ਪੂਰਨ ਸਿੰਘ ਵੱਲ, ਮਿਤੀ 14–11–03 ਦੀ ਲਿਖੀ ਚਿੱਠੀ ਘੁੰਮ ਘੁਮਾ ਕੇ ਮੇਰੇ ਪਾਸ ਪੁੱਜ ਗਈ ਹੈ। ਬੜੀ ਪਿਆਰੀ ਚਿੱਠੀ ਹੈ।

'ਕੁਲਜੀਤ ਗ਼ਜ਼ਲ'–ਨਾਂ ਤੋਂ ਤਾਂ ਮੈਂ ਅੱਗੇ ਹੀ ਚੰਗੀ ਤਰ੍ਹਾਂ ਜਾਣੂੰ ਸਾਂ, ਮਿਲਣ ਦਾ ਮੌਕਾ ਫਗਵਾੜੇ ਵਾਲੇ ਸਮਾਗਮ ਵਿੱਚ ਹੀ ਹਾਸਲ ਹੋਇਆ।

ਪੂਰਨ ਸਿੰਘ ਬਾਰੇ ਬਹੁਤੀਆਂ ਗੱਲਾਂ ਕਰਨ ਦੀ ਤਾਂ ਵਿਹਲ ਨਹੀਂ ਸੀ; ਸੋ ਮੈਂ ਇੱਕੋ ਫਿਕਰੇ 'ਚ ਗੱਲ ਮੁਕਦੀ ਕਰ ਦਿੱਤੀ ਸੀ ਕਿ–'ਪਰਚਾ ਉਨ੍ਹਾਂ ਦੇ ਸਿਰ ਤੇ ਹੀ ਚੱਲ ਰਿਹਾ ਹੈ।' ਤੁਹਾਡੀ ਚਿੱਠੀ ਦੱਸਦੀ ਹੈ ਕਿ ਤੁਸੀਂ, ਪੂਰਨ ਸਿੰਘ ਨੂੰ ਪੜ੍ਹਨ ਉਪਰੰਤ, ਮੇਰੀ ਉਕਤ ਟਿੱਪਣੀ ਨੂੰ ਬਾਖ਼ੂਬੀ ਸਮਝ ਗਏ ਹੋ।

ਮੈਂ ਹਰ ਵਜ਼ਾਹਤ ਕਰਾਂ? ਪੂਰਨ ਸਿੰਘ ਇੱਕ ਖਾਸ ਵਿਚਾਰਧਾਰਾ ਦਾ ਨਾ ਹੈ–ਜੋ ਨਵੀਂ ਵੀ ਹੈ ਤੇ ਨਵੇਕਲੀ ਵੀ ਅਤੇ ਨਿਰੰਤਰ ਵਿਕਾਸਸ਼ੀਲ ਵੀ ਹੈ। ਏਸ ਵਿਚਾਰਸ਼ੀਲਤਾ ਨੂੰ ਸਾਂਭਣ ਤੇ ਪਾਠਕਾਂ ਦੇ ਰੂ–ਬ–ਰੂ ਕਰਨ ਦੀ ਇੱਛਾ 'ਚੋਂ ਹੀ 'ਰੂਪਾਂਤਰ' ਜਨਮਿਆ ਵਿਗਸਿਆ ਹੈ। ਬੇਸ਼ੱਕ ਇਹ ਸੋਚ ਦਾ ਸਫ਼ਰ ਸਾਡੇ ਲਈ ਪ੍ਰਮੁੱਖ ਹੈ; ਫਿਰ ਵੀ ਸੋਚ ਨੂੰ ਡੱਬਾ–ਬੰਦ ਕਰਨ ਤੋਂ ਪ੍ਰਹੇਜ਼ ਕਰਦੇ ਹੋਏ ਅਸੀਂ ਜਗਤ ਫੁਲਵਾੜੀ ਦੇ ਹੋਰ ਰੰਗਾਂ ਨੂੰ ਵੀ ਸਤਿਕਾਰਦੇ ਹੋਏ 'ਰੂਪਾਂਤਰ' ਦੀ ਵੰਨ–ਸੁਵੰਨਤਾ ਬਣਾਈ ਰੱਖਦੇ ਹਾਂ।

ਤੁਹਾਡੀ ਇਹ ਚਿੱਠੀ 'ਰੂਪਾਂਤਰ' ਦੇ ਚਾਲੀਵੇਂ ਅੰਕ 'ਚ ਸ਼ਾਮਲ ਹੋਵੇਗੀ। (ਉਨਤਾਲੀਵਾਂ ਅੰਕ ਛਪ ਚੁੱਕਾ ਹੈ)। ਪੂਰਨ ਸਿੰਘ ਦੀ ਕੋਈ ਪੁਸਤਕ ਪੜ੍ਹਨ ਦੀ ਇੱਛਾ ਹੋਵੇ ਤਾਂ ਮੈਂ ਭੇਜ ਸਕਦਾ ਹਾਂ। 'ਸੋਚ ਦਾ ਸਫ਼ਰ' (ਲੜੀਵਾਰ) ਜਦੋਂ ਕਿਤਾਬੀ ਸ਼ਕਲ 'ਚ ਆ ਗਿਆ ਤਾਂ ਉਹ ਵੀ ਜ਼ਰੂਰ ਭੇਜ ਦਿਆਂਗਾ।

ਫਿਲਹਾਲ ਤਾਂ ਇਹ ਵੀ ਉਡੀਕ ਹੈ ਕਿ 'ਕੁਲਜੀਤ ਗ਼ਜ਼ਲ' ਵੱਲੋਂ 'ਰੂਪਾਂਤਰ ਲਈ ਕੀ 'ਮੈਂਟਰ' ਪੁੱਜਦਾ ਹੈ।

ਮੋਹ ਨਾਲ

*ਗਿਆਨ ਸਿੰਘ*

*ਸ਼ਾਹ ਸਿਕੰਦਰ*

–0–

ਕੁਲਜੀਤ ਗ਼ਜ਼ਲ-ਨਵਾਂ ਸਾਲ ਮੁਬਾਰਿਕ ਹੋਵੇ
ਅਕਾਲ ਸਹਾਇ।

ਲਗਦਾ ਕਾਫ਼ੀ ਸ਼ਮਾਂ ਹੋ ਗਿਆ ਤੁਹਾਡਾ ਕੋਈ ਖ਼ਤ ਨਹੀਂ ਮਿਲਿਆ ਤੇ ਨਾ ਹੀ ਫੋਨ-ਲਗਦੇ ਰੁਝੇਵੇਂ ਭਾਰੀ ਹੋਣਗੇ। ਜੋ ਘਰ ਤੁਹਾਡਾ ਫੋਨ ਆਇਆ ਸੀ ਪਰ ਆਪ ਕੋਈ ਸੁਨੇਹਾ ਨਹੀਂ ਛੱਡਿਆ ਸੀ।

ਕੁਲਜੀਤ 31-12-2000 ਐਤਵਾਰ ਅਤੇ 7-1-2001 ਐਤਵਾਰ ਨੂੰ ਕਰਮਵਾਰ ਝਬਾਲ ਅਤੇ ਜੰਡਿਆਲਾ ਗੁਰੂ ਦੋ ਵੱਡੇ ਕਵੀ ਦਰਬਾਰ ਹੋਏ ਸਨ। ਜੇ ਆਪ ਦਾ ਸਮੇਂ ਕੋਈ ਮੇਰੇ ਪਾਸ ਫੋਨ ਹੁੰਦਾ ਤਾਂ ਤੁਹਾਨੂੰ ਕਰਕੇ ਕਵੀ ਦਰਬਾਰ ਵਿਚ ਸ਼ਾਮਲ ਹੋਣ ਦਾ ਮੌਕਾ ਦੇਂਦਾਂ। ਇਸ ਦੀਆਂ ਛਪੀਆਂ ਖ਼ਬਰਾਂ ਤਾਂ ਤੂੰ ਪੜ੍ਹ ਹੀ ਲਈਆਂ ਹੋਣਗੀਆਂ। 18 ਫਰਵਰੀ ਨੂੰ ਤਰਨਤਾਰਨ ਕਵੀ ਦਰਬਾਰ ਕਰਾਉਣ ਦਾ ਖ਼ਿਆਲ ਬਣਦਾ ਹੈ। ਅਜੇ ਪੱਕਾ ਨਹੀਂ ਹੈ। ਪਰ ਆਪ ਇਸ ਤਰੀਕ ਬਾਰੇ ਖ਼ਿਆਲ ਰੱਖਣਾ ਅਤੇ ਮੇਰੇ ਤੋਂ ਪੁੱਛਦੇ ਰਹਿਣਾ। ਮੈਂ ਵੀ ਦੱਸਾਂਗਾ ਤੇ ਕਾਰਡ ਭੇਜਾਂਗਾ।

ਹੋਰ ਕੁਲਜੀਤ ਜੋਸ਼ੋ ਗਰੋਸ਼ ਨਾਲ ਲਿਖੋ, ਸਮਾਜ ਵਿਚ ਖਿਲਰਿਆ ਝੂਠ ਪਸਾਰਾ, ਜ਼ੁਲਮ, ਭਰਿਸ਼ਟਾਚਾਰ ਨੂੰ ਕਲਮ ਰਾਹੀਂ ਦੂਰ ਕਰੋ। ਹਰੇਕ ਹਿਰਦੇ ਵਿਚ ਪਿਆਰ ਦੀ ਜੋਤ ਜਗਾਓ। ਬੱਸ ਏਨਾ ਹੀ ਕਾਫ਼ੀ ਹੈ। ਬਾਕੀ ਮਿਲਣ ਤੇ ਜਾਂ ਫ਼ੋਨ ਤੇ।

***ਤੁਹਾਡਾ ਆਪਣਾ***
***ਧਰਮ ਸਿੰਘ ਪੰਨੂ***
***ਪੱਤਰਕਾਰ ਤਰਨਤਾਰਨ***

-0-

ਮੈਡਮ ਕੁਲਜੀਤ ਗ਼ਜ਼ਲ ਜੀ,

ਪੰਜਾਬੀ ਸਾਹਿਤ ਤੇ ਵਿਰਸੇ ਨੂੰ ਸੰਭਾਲਣ ਲਈ ਅੱਜ ਬੜੇ ਹੀ ਘੱਟ ਗਿਣਤੀ ਲੋਕ ਹਨ ਜੋ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ 'ਚ ਲੱਗੇ ਹਨ। ਜਦੋਂ ਤੁਹਾਡੀ ਕੋਈ ਵੀ ਰਚਨਾ ਪੜ੍ਹਦਾਂ ਹਾਂ ਲਗਦਾ ਹੈ ਇਕਤ ਪਰਪੱਕ ਤੇ ਲੋੜ ਕਵੀ ਦਿਲ ਦੀਆਂ ਗਹਿਰਾਈਆਂ ਜੋ ਇਕ ਸਾਰਥਕ ਸ਼ਬਦਾਂ ਨੂੰ ਲੜੀ ਦਰ ਲੜੀ ਪਰੋਦਾ ਅਜਿਹੀਆਂ ਗਹਿਰੀਆਂ ਤੇ ਗੂੜ੍ਹੀਆਂ ਗੱਲਾਂ ਕਰ ਜਾਂਦਾ ਏ ਜੋ ਤੁਹਾਡੀ ਆਤਮਾ ਤੱਕ ਇੱਕ ਅਮਿੱਟ ਛਾਪ ਛੱਡ ਜਾਂਦਾ ਏ। ਤੁਹਾਡੀ ਕਲਮ ਤ ਸ਼ਬਦ ਦਿਲੋ ਤੁਹਾਡੀ ਰਚਨਾ ਤੇ ਤੁਹਾਡਾ ਧੰਨਵਾਦ ਕਰਨ ਲਈ ਹਰ ਸਾਹਿਤ ਨਾਲ ਜੁੜੇ ਇਨਸਾਨ ਨੂੰ ਮਜ਼ਬੂਰ ਕਰ ਦਿੰਦੇ ਹਨ। ਮਾਂ ਬੋਲੀ ਦੀ ਅਜਿਹੀ ਸੇਵਾ ਲਈ ਤੇ ਤੁਹਾਡੀਆਂ ਚੰਗੀਆਂ ਰਚਨਾਵਾਂ ਲਈ ਮੈਂ ਤੁਹਾਡਾ ਧੰਨਵਾਦੀ ਹਾਂ ਤੇ ਦਿਲੋਂ ਮੁਬਾਰਕਬਾਦ ਦਿੰਦਾ ਹਾਂ।

***ਤੁਹਾਡਾ ਪਾਠਕ।***

-0-

***6-1-06***

ਕੁਲਜੀਤ ਗ਼ਜ਼ਲ

ਨਵੇਂ ਸਾਲ ਦੀਆਂ ਵਧਾਈਆਂ। ਜਿਵੇਂ ਕਿ ਫ਼ੋਨ ਤੇ ਗੱਲ ਹੋਈ ਸੀ, ਤੇਰੀਆਂ ਗ਼ਜ਼ਲਾਂ ਨਗਾਰਾ ਦੇ ਦੋ ਇਸ਼ੂਜ਼ ਵਿਚ ਤੇਰੀ ਤਸਵੀਰ ਸਮੇਤ ਛਾਪ ਕੇ ਦੋਵੇਂ ਪਰਚੇ ਤੇ ਮੇਰਾ ਜੀਵਨ ਬਿਤਿਰਾ ਭੇਜ ਰਿਹਾ ਹਾਂ। ਲਿਖਣਾ ਕਿ ਡਾ. ਥਿੰਦ ਸਾਹਿਬ ਕੋਲੋਂ ਕਿਤਾਬਾਂ ਮਿਲ ਗਈਆਂ ਸਨ ਜਾਂ ਨਹੀਂ। ਸਿੰਘ ਬ੍ਰਦਰਜ਼ ਅੰਮ੍ਰਿਤਸਰ ਤੋਂ ਵੀ ਮਿਲ ਸਕਦੀਆਂ ਹਨ। ਉਨ੍ਹਾਂ ਨੇ ਹੀ ਛਾਪੀਆਂ ਸਨ। ਹੋ ਸਕੇ ਤਾਂ ਹੋਰ ਰਚਨਾਵਾਂ ਭੇਜਣੀਆਂ ਪਰ ਸਾਹਿਤਕ ਪੱਧਰ ਦੀਆਂ ਹੋਣੀਆਂ ਚਾਹੀਦੀਆਂ ਹਨ। ਵਧੇਰੇ ਅਧਿਅਨ ਅਤੇ ਤਜ਼ਰਬਾ ਇਸ ਵਿਚ ਵਾਧਾ ਕਰਦਾ ਹੈ। ਮੈਂ ਆਪਣਾ ਈਮੇਲ ਆਗਮਨ@ *Ngers, am* ਲਿਖ ਦਿੱਤਾ ਹੈ। ਕੋਸ਼ਿਸ਼ ਕਰੋ ਕਿ ਉਸ ਤੇ ਕਾਰਸਪੈਂਨਡਸ ਕਰਨ ਦੀ। ਸੌਖਾ ਤੇ ਜਲਦੀ ਹੋ ਜਾਂਦਾ ਹੈ। ਹੋਰ ਕੋਈ ਸੇਵਾ।

–0–

ਰੱਬਾ–ਰੱਬਾ ਮੈਂ ਕਰਦਾ ਫਿਰਦਾ
ਵਾਂਗ ਮੈਂ ਸੁਦਾਈਆਂ ਹੋਇਆ ਫਿਰਦਾ
ਆਪਣਿਆਂ ਨੂੰ ਭੁਲਾ ਕੇ ਗੈਰਾਂ ਨੂੰ ਗਲ ਲਾਈ ਫਿਰਦਾ
ਮੈਂ ਤਾਂ ਜਾਨ ਨੂੰ ਅਪਨੀ ਇੱਕ ਜਾਨ ਵਿਚ ਫਸਾਈ ਫਿਰਦਾ

ਇੰਞ ਛੁਪਾਉਂਦਾ ਮੈਂ ਹਾਂ ਅਪਨੇ ਗ਼ਮਾਂ ਨੂੰ ਫਿਰਦਾ
ਅੱਖਾਂ ਦੇ ਵਿੱਚੋਂ ਪਾਣੀ ਵਾਂਗ ਅੱਥਰੂ ਵਹਾਉਂਦਾ ਫਿਰਦਾ

ਰੱਬ ਦੇ ਨਾਂ ਵਾਂਗ ਮੈਂ ਚੁੱਕੀ ਤੇਰਾ ਨਾਂ ਹਾਂ ਫਿਰਦਾ
ਅੱਜ ਜ਼ਿੰਦਗੀ ਨੂੰ ਮੈਂ ਅਪਨੀ ਜੂਆ ਬਣਾਈ ਫਿਰਦਾ
ਸੰਧੇ ਤੂੰ ਅਪਨੀ ਜਾਨ ਗੁਆਈ ਫਿਰਦਾ
ਇੱਕ ਗ਼ਜ਼ਲ ਜਿਹੀ ਅੱਲ੍ਹੜ ਪਿੱਛੇ ਅਪਨਾ ਇਮਾਨ ਗੁਆਈ ਫਿਰਦਾ।

***Mohd Toseem Sandhg Malerth***

ਤੂੰ ਗ਼ਜ਼ਲ ਹੈ
ਜਾਂ ਗਜਲਾ
ਤੈਨੂੰ ਹੋ ਜਾਏ ਨਜਲਾ
ਛੇਤੀ–ਛੇਤੀ ਸਜਲਾ
ਫੇਰ ਬਾਜ਼ਾਰ ਜਾਵਾਂਗੇ
ਲੋਕਾਂ ਨੂੰ ਤੜਫਾਵਾਂਗੇ
ਖ਼ਰੀਆਂ–ਖ਼ਰੀਆਂ ਸੁਣਾਵਾਂਗੇ
ਦੋ ਚਾਰ ਦੇ ਛਿੱਤਰ ਲਾਵਾਂਗੇ
ਘਰ ਆ ਕੇ ਨਜ਼ਮਾ ਸੁਣਾਵਾਂਗੇ

ਹੱਸਾਂਗੇ, ਗਾਵਾਂਗੇ
ਰੋਟੀਆਂ ਪਚਾਵਾਂਗੇ
ਬੂਟਿਆਂ ਨੂੰ ਪਾਣੀ ਪਾਵਾਂਗੇ।
ਰੱਖੜੀ ਦਾ ਰਿਸ਼ਤਾ ਨਿਭਾਵਾਂਗੇ।
ਲੇਖਕ ਭਵਨ ਬਣਾਵਾਂਗੇ।
ਵੱਡੀ ਕੋਠੀ ਪਾਵਾਂਗੇ
ਢੱਠੇ ਖੂਹ ਵਿਚ ਜਾਵਾਂਗੇ।

-0-

Respected
ਕੁਲਜੀਤ ਗ਼ਜ਼ਲ ਜੀ
ਸਤਿ ਸ੍ਰੀ ਅਕਾਲ

18 ਨਵੰਬਰ ਦੇ ਅਜੀਤ ਵਿਚ ਤੁਹਾਡੀ ਮਿੰਨੀ ਕਹਾਣੀ 'ਆੜ' ਪੜ੍ਹੀ ਕਹਾਣੀ ਦਾ ਵਿਸ਼ਾ-ਪੱਖ ਤੇ ਕਲਾ-ਪੱਖ ਦੋਵੇਂ ਕਾਬਿਲ-ਏ-ਤਾਰੀਫ਼ ਹਨ। ਵੇਖਣ ਨੂੰ ਉਪਰੋਂ ਇਕ ਦਿਸਦੇ ਬੰਦੇ ਅੰਦਰ ਅੱਜ ਕੱਲ੍ਹ ਕਈ ਬੰਦੇ ਰਹਿੰਦੇ ਹਨ। ਉਪਰੋਂ ਬੰਦਾ ਤੁਹਾਡੇ ਨਾਲ ਕਿਸ ਰੂਪ ਵਿਚ ਗੱਲ ਕਰਦੈ ਤੇ ਠੀਕ ਉਸੇ ਵਕਤ ਉਹਦੇ ਅੰਦਰ ਕੀ ਚੱਲ ਰਿਹੈ ਹੁੰਦਾ ਇਹ ਅੰਦਾਜ਼ਾ ਲਾਉਣਾ ਜ਼ਰਾ ਮੁਸ਼ਕਿਲ ਹੈ। ਇਸ ਸਥਿਤੀ ਵਿਚ ਖਾਸ ਤੌਰ 'ਤੇ ਰਿਸ਼ਤਿਆਂ ਦੇ ਸੰਸਾਰ ਅੰਦਰ ਬੜੇ ਜ਼ੋਰਦਾਰ ਧਮਾਕੇ ਹੁੰਦੇ ਹਨ। ਭੈਣ-ਭਰਾ ਦੇ ਰਿਸ਼ਤੇ ਦੀ ਆੜ ਲੇ ਕੇ ਤੁਹਾਡੇ ਕੰਪਿਊਟਰ ਸੈਂਟਰ ਅੰਦਰ ਜੇਕਰ ਮੈਡਮ ਤੇ ਉਸ ਮੁੰਡੇ ਨੇ ਵਿਆਹ ਕਰਵਾ ਲਿਆ ਤਾਂ ਇਹ ਵੀ ਇੱਕ ਧਮਾਕਾ ਹੈ। ਇਸ ਨੂੰ ਸੁਣਕੇ ਹੇਠਲਾ ਬੁੱਲ੍ਹ ਦੰਦਾਂ ਥੱਲੇ ਆ ਹੀ ਜਾਂਦਾ ਹੈ। ਰਿਸ਼ਤਿਆਂ ਵਿਚਲੀ ਧਮਾਕੇਬਾਜ਼ੀ ਸੁਣ-ਸੁਣ ਅੱਜ ਕੱਲ੍ਹ ਵੈਸੇ ਹੀ ਹਰੇਕ ਬੰਦੇ ਦਾ ਹੇਠਲਾ ਬੁੱਲ੍ਹ ਲਹੂ-ਲੁਹਾਣ ਹੋਇਆ ਰਹਿੰਦਾ ਹੈ। ਖ਼ੈਰ....! ਉਪਰੋਕਤ ਵਿਸ਼ੇ ਨੂੰ ਤੁਸੀਂ 'ਆੜ' ਮਿੰਨੀ ਕਹਾਣੀ ਵਿਚ ਬਹੁਤ ਹੀ ਖ਼ੂਬਸੂਰਤ ਭਾਸ਼ਾ ਤੇ ਸ਼ੈਲੀ ਵਿਚ ਸੂਤਰਬੱਧ ਕੀਤਾ ਹੈ। ਆਪ ਦੀ ਦ੍ਰਿਸ਼ਟੀ ਤੇ ਕਲਮ ਨੂੰ ਸਲਾਮ ਹੈ।...ਮਾਫ਼ ਕਰਨਾ ਕੁਲਜੀਤ, ਮੈਂ ਤੁਹਾਡੀ ਹਰ ਰਚਨਾ ਹਰ ਅਖ਼ਬਾਰ-ਰਸਾਲੇ ਵਿਚੋਂ ਪੜ੍ਹਦਾ ਰਹਿੰਦਾ ਹਾਂ। ਪਿੱਛੇ ਜਿਹੇ 'ਚਿਰਾਗ' ਮੈਗਜ਼ੀਨ ਵਿਚ ਤੁਹਾਡੀ ਦੋ ਗ਼ਜ਼ਲਾਂ ਪੜ੍ਹੀਆਂ ਸਨ।

ਇੱਕ ਭੇਦ ਦੀ ਗੱਲ ਦੱਸਾਂ? ਤੁਸੀਂ ਗ਼ਜ਼ਲਾਂ-ਨਜ਼ਮਾਂ ਵਧੀਆ ਲਿਖਦੇ ਹੋਂ। ਜਿਵੇਂ ਤੁਹਾਡੀ 'ਨਿਹੁੰ ਦੀ ਨਦੀ' ਵਾਲੀ ਨਜ਼ਮ ਹੈ। ਬੜੀ ਖੁਸ਼ੀ ਤੇ ਮਾਣ ਦੀ ਗੱਲ ਹੈ ਕਿ ਤੁਸੀਂ ਪੰਜਾਬੀ ਦੀ ਐਮ. ਏ. ਕਰਨ ਦੇ ਨਾਲ ਨਾਲ ਪੰਜਾਬੀ ਸਾਹਿਤ ਸਿਰਜਣਾ ਵੀ ਕਰ ਰਹੇ ਹੋ। ਸਾਡੇ ਸਮਾਜ ਨੂੰ ਆਪ ਜਿਹੇ ਸ਼ਹਿਰਦ ਇਨਸਾਨਾਂ ਦੀ ਲੋੜ ਹੈ। ਤੁਹਾਡੀ ਜ਼ਿੰਦਗੀ ਦੇ ਹਰ ਪੱਖ ਦੀ ਬਿਹਤਰੀ ਵਾਸਤੇ ਦਿਲੀ-ਦੁਆ ਹੈ। ਆਸ ਹੈ ਅਖ਼ਬਾਰਾਂ ਮੈਗਜ਼ੀਨਾਂ ਵਿਚ ਅੱਗੋਂ ਵੀ ਤੁਹਾਡੀਆਂ ਰਚਨਾਵਾਂ ਨਾਲ ਰੂ-ਬ-ਰੂ ਹੋਣ ਦਾ ਅਵਸਰ ਮਿਲਦਾ ਰਹੇਗਾ।

***ਬਹੁਤ ਹੀ ਅਦਬ ਨਾਲ***
***ਤੁਹਾਡਾ ਇੱਕ ਪਾਠਕ ਤੇ ਸ਼ੁਭਚਿੰਤਕ!!***

-0-

Most Respected

ਮਿਸ ਗ਼ਜ਼ਲ ਜੀ

Happy New Year All Time For you Yours Fimily

ਜਨਵਰੀ-ਮਾਰਚ ਕਹਾਣੀ ਪੰਜਾਬ ਮਿਲਿਆ। ਤਿੰਨ ਖ਼ੂਬਸੂਰਤ ਗ਼ਜ਼ਲਾਂ ਪੰਨਾ ਨੰ 93 ਤੇ ਪੜ੍ਹਨ ਨੂੰ ਮਿਲੀਆਂ। ਗ਼ਜ਼ਲਾਂ ਵਿਚਲੀ ਬੇਬਾਕ ਰਵਾਨੀ ਪੱਤਰ ਲਿਖਣ ਲਈ ਮਜ਼ਬੂਰ ਕਰਦੀ ਹੈ ਨਹੀਂ ਤਾਂ ਪਹਿਲਾਂ ਵਾਲੇ ਪੋਸਟ ਕਾਰਡ ਦੀ ਪੀੜਾ ਹੀ ਹਾਲੇ ਭੁੱਲਣਯੋਗ ਨਹੀਂ ਹੋਈ। ਪਰ ਸੱਚ, ਸੱਚ ਹੈ।

ਭੁੱਖਾ ਨੰਗਾ ਨੇਤਾ ਬਣਕੇ, ਖ਼ੁਦ ਨੂੰ ਮਾਲਾ-ਮਾਲ ਕਰੇਗਾ
ਡੁੱਬਿਆ ਹੈ ਜੋ....................
ਕਰਜ਼ੇ ਵਿੱਚ.........................
ਕਮਾਲ ਹੈ।

ਸ਼ਾਲਾ! ਤੁਹਾਡੀਆਂ ਗ਼ਜ਼ਲਾਂ ਦੀ ਪੁਸਤਕ ਜਲਦ ਹੀ ਮਾਰਕੀਟ ਵਿਚ ਆਵੇ ਤਾਂ ਕਿ ਮੈਂ ਆਪਣੇ ਸ਼ੁਭਚਿੰਤਕਾਂ ਨੂੰ ਤੋਹਫ਼ਿਆਂ ਦੇ ਰੂਪ ਵਿੱਚ ਭੇਜ ਸਕਾਂ, ਮੇਰੀ ਤਮੰਨਾ ਹੈ।

ਕੁਦਰਤ ਅੱਗੇ ਆਪ ਜੀ ਦੀ ਲੇਖਣ ਕਲਾਂ ਲਈ ਇਬਾਦਤ ਕਰਦੇ ਹੋਏ ਕਹਿਣਾ ਚਾਹਾਂਗਾ ਕਿ ਹੇ ਕੁਦਰਤ...

ਦਿਲਦਰਦ ਵਾਲਾ ਹੁੰਦਾ ਹੈ
ਸੌ ਦਿਲਾਂ ਦੀ ਦਾਰੂ
ਵੇਖੀ ਕਿ ਕਿਤੇ ਦਿਲ ਉਸਦੇ ਨੂੰ
ਆਰਾਮ ਨਾ ਹੋ ਜਾਏ।

ਫੁੱਲਾਂ ਵਰਗੀਆਂ ਗ਼ਜ਼ਲਾਂ ਲਿਖਕੇ
ਕਰਦੀ ਦਿਲ ਦਾ ਹੌਲਾ ਭਾਰ

-0-

**2-3-2004**

ਕੁਲਜੀਤ ਜੀ ਸਤਿ ਸ੍ਰੀ ਅਕਾਲ।

ਮੈਂ ਬਹੁਤ ਵਾਰ ਕਿਤਾਬਾਂ ਵਿਚ ਪੜ੍ਹਿਆ ਤੇ ਆਪ ਜ਼ਿੰਦਗੀ ਵਿਚ ਸੁਣਿਆ ਵੀ ਸੀ ਕਿ ਕਲਾਕਾਰ ਜ਼ਿਆਦਾਤਰ ਆਪਣੇ ਮਨ ਮੁਤਾਬਿਕ ਹੀ ਕੰਮ ਕਰਦੇ ਹਨ। ਜੇਕਰ ਉਨ੍ਹਾਂ ਦਾ ਮੂਡ ਹੋਇਆ ਤਾਂ ਉਹ ਕੁਝ ਕਰਨਗੇ ਨਹੀਂ ਤਾਂ ਬਿਲਕੁਲ ਵੀ ਨਹੀਂ

ਕਰਨਗੇ। ਚਲੋ ਮੈਂ ਮੰਨਦਾ ਹਾਂ ਕਿ ਕਲਾਕਾਰ ਮੂਡ ਦੇ ਮੁਤਾਬਿਕ ਹੀ ਕੁਝ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਸਾਹਮਣੇ ਵਾਲੇ ਇਨਸਾਨ ਦੀਆਂ ਭਾਵਨਾਵਾਂ ਦਾ ਥੋੜ੍ਹਾ ਜਿਹਾ ਤਾਂ ਖ਼ਿਆਲ ਰੱਖਣਾ ਚਾਹੀਦਾ ਹੈ। ਮੈਂ ਕਦੋਂ ਦਾ ਇਸ ਇੰਤਜ਼ਾਰ ਵਿੱਚ ਹਾਂ ਕਿ ਸਾਡੀ ਕੁਲਜੀਤ ਜੀ ਦਾ ਮੂਡ ਠੀਕ ਹੋਵੇ ਤੇ ਮੈਨੂੰ ਉਨ੍ਹਾਂ ਵੱਲੋਂ ਲਿਖੀਆਂ ਕਹਾਣੀਆਂ ਪੜ੍ਹਨ ਨੂੰ ਨਸੀਬ ਹੋਣ ਪਰ ਪਤਾ ਨਹੀਂ ਉਹ ਭਾਗਾਂ ਵਾਲਾ ਦਿਨ ਕਦੋਂ ਆਵੇਗਾ। ਮੈਂ ਪ੍ਰਮਾਤਮਾ ਸਾਹਮਣੇ ਅਰਦਾਸ ਕਰਦਾ ਹਾਂ ਕਿ ਕੁਲਜੀਤ ਜੀ ਦਾ ਮੂਡ ਜਲਦੀ ਤੋਂ ਜਲਦੀ ਠੀਕ ਹੋ ਜਾਵੇ ਤਾਂ ਜੋ ਮੈਂ ਉਨ੍ਹਾਂ ਵੱਲੋਂ ਲਿਖੀਆਂ ਕਹਾਣੀਆਂ ਪੜ੍ਹ ਸਕਾਂ।

ਨਵੇਂ ਸਾਲ ਦੀ ਮੁਬਾਰਕ ਮੈਂ ਬਹੁਤ ਹੀ ਘੱਟ ਕਹਿੰਦਾ ਹਾਂ ਜ਼ਿੰਦਗੀ ਵਿਚ ਪਹਿਲੀ ਵਾਰੀ ਮੈਂ ਕਾਰਡ ਪਾਇਆ ਸੀ ਉਹ ਵੀ ਪਤਾ ਨਹੀਂ ਤੁਹਾਨੂੰ ਮਿਲਿਆ ਵੀ ਜਾਂ ਡਾਕਖਾਨੇ ਵਿਚ ਹੀ ਬਿਨਾਂ ਪਤੇ ਦੇ ਖ਼ਤ ਵਾਂਗ ਰੁਲ ਰਿਹਾ ਹੈ। ਨਵੇਂ ਸਾਲ ਦੀ ਵਧਾਈ ਮੈਂ ਕੁਲਜੀਤ ਜੀ ਪਤਾ ਕਿਉਂ ਨਹੀਂ ਦਿੰਦਾ ਬਚਪਨ ਵਿਚ ਇੱਕ ਵਾਰ ਮੈਂ ਸਿਨੇਮਾ ਹਾਲ ਵਿਚ ਫ਼ਿਲਮ ਵੇਖ ਰਿਹਾ ਸੀ। ਫਿਲਮ ਦਾ ਪਹਿਲਾ ਹੀ ਸੀਨ ਬਹੁਤ ਜਬਰਦਸਤ ਸੀ ਜਿਸਨੂੰ ਵੇਖ ਕੇ ਪੂਰਾ ਹਾਲ ਤਾੜੀਆਂ ਮਾਰਨ ਲੱਗ ਪਿਆ। ਮੈਂ ਵੀ ਜੋਸ਼ ਵਿਚ ਆ ਕੇ ਤਾੜੀ ਮਾਰ ਦਿੱਤੀ। ਪਰ ਬਾਅਦ ਵਿਚ ਉਹ ਫਿਲਮ ਏਨੀ ਬਕਵਾਸ ਨਿੱਕਲੀ ਕਿ ਮੈਂ ਸੋਚਦਾ ਰਿਹਾ ਕਿ ਆਖ਼ਿਰ ਮੈਂ ਤਾੜੀ ਕਿਉਂ ਵਜਾਈ ਸੀ। ਉਸ ਤੋਂ ਬਾਅਦ ਮੈਂ ਅੱਜ ਤੱਕ ਕਦੇ ਵੀ ਫ਼ਿਲਮ ਵੇਖਦੇ ਨੇ ਤਾੜੀ ਨਹੀਂ ਵਜਾਈ। ਇਸੇ ਤਰ੍ਹਾਂ ਹੀ ਨਵਾਂ ਸਾਲ ਹੈ ਉਸਦਾ ਵੀ ਕੁਝ ਨਹੀਂ ਪਤਾ ਕਿ ਅੱਗੇ ਜਾ ਕੇ ਕਿਸ ਤਰ੍ਹਾਂ ਨਿੱਕਲੇਗਾ। ਵੈਸੇ ਤਾਂ ਹਰ ਦਿਨ ਦੀ ਸ਼ੁਰੂਆਤ ਨਵੇਂ ਸਾਲ ਵਾਂਗ ਹੀ ਕਰਨੀ ਚਾਹੀਦੀ ਹੈ।

ਕੁਲਜੀਤ ਜੀ ਜਿਹੜਾ ਤੁਸੀਂ ਲਿਖਿਆ ਹੈ ਕਿ 'ਬੱਚਾ ਹਮੇਸ਼ਾ ਬੱਚਾ ਨਹੀਂ ਰਹਿੰਦਾ ਵੱਡਾ ਹੋ ਕੇ ਚੰਨ ਤੇ ਵੀ ਜਾ ਸਕਦਾ' ਮੈਂ ਤੁਹਾਡੀ ਇਸ ਸੋਚ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ ਤੇ ਤੁਹਾਡੀ ਇਸ ਗੱਲ ਨੇ ਮੇਰੇ ਅੰਦਰ ਇੱਕ ਨਵਾਂ ਜੋਸ਼ ਤੇ ਆਤਮ ਵਿਸ਼ਵਾਸ ਜਗਾਇਆ ਹੈ। ਵਾਕਈ ਇਸ ਤਰ੍ਹਾਂ ਦੀ ਗੱਲ ਕੋਈ ਤੁਹਾਡੇ ਵਰਗਾ ਕਲਾਕਾਰ ਹੀ ਕਰ ਸਕਦਾ। ਹੁਣ ਮੈਨੂੰ ਪੱਕਾ ਯਕੀਨ ਹੈ ਕਿ ਮੇਰਾ ਚੰਨ ਮੈਨੂੰ ਜ਼ਰੂਰ ਮਿਲੇਗਾ। ਮੇਰੇ ਅੰਦਰ ਇਕ ਨਵਾਂ ਜੋਸ਼ ਤੇ ਆਤਮ ਵਿਸ਼ਵਾਸ ਜਗਾਵੁਣ ਲਈ ਕੁਲਜੀਤ ਜੀ ਤੁਹਾਡਾ ਬਹੁਤ ਬਹੁਤ ਤਹਿ ਦਿਲੋਂ ਧੰਨਵਾਦ ਤੇ ਆਸ ਕਰਦਾ ਹਾਂ ਕਿ ਤੁਸੀਂ ਅੱਗੋਂ ਵੀ ਮੇਰੀ ਇਸ ਤਰ੍ਹਾਂ ਦੀ ਜ਼ਰੂਰ ਮੱਦਦ ਕਰੋਗੇ ਜਿਸ ਨਾਲ ਕਿ ਮੇਰਾ ਆਤਮ ਵਿਸ਼ਵਾਸ ਹੋਰ ਵਧੇ।

ਹਾਂ ਯਾਦ ਆਇਆ ਤੁਹਾਡੇ ਨਾਂ ਅੱਗੇ ਗ਼ਜ਼ਲ ਕਿਸ ਤਰ੍ਹਾਂ ਜੁੜਿਆ ਇਸ ਬਾਰੇ ਜ਼ਰੂਰ ਲਿਖਣਾ ਤੇ ਆਪਣੇ ਖਾਸ ਸਹੇਲੀ 'ਰਾਜ' ਬਾਰੇ ਵੀ ਜ਼ਰੂਰ ਕੁਝ ਲਿਖਣਾ।

ਤੁਰ ਗਏ ਨੇ ਛੱਡ ਕੇ ਮਿਸਰੇ, ਰਦੀਫਾਂ, ਕਾਫੀਏ,
ਤੁਰ ਪਿਆ ਮਹਿਬੂਬ ਵੀ, ਢਹਿੰਦੀ ਗ਼ਜ਼ਲ ਤਾਂ ਢਹਿਣ ਦੇ।

ਕੁਲਜੀਤ ਜੀ ਤੁਹਾਡੀਆਂ ਲਿਖੀਆਂ ਦੋ ਗ਼ਜ਼ਲਾਂ ਹੋਰ ਪੜ੍ਹਨ ਨੂੰ ਮਿਲੀਆਂ ਜਿਨ੍ਹਾਂ ਨੂੰ ਪੜ੍ਹਨ ਦੋਂ ਬਾਅਦ ਮੈਂ ਸੋਚਦਾ ਹਾਂ ਕਿ ਇਸ ਤੋਂ ਜ਼ਿਆਦਾ ਉਦਾਸ, ਬਿਰਹਾ, ਦਰਦ ਕੋਈ ਹੋਰ ਨਹੀਂ ਲਿਖ ਸਕਦਾ ਪਰ ਹਾਂ ਮੈਂ ਇੱਕ ਗੱਲ ਜ਼ਰੂਰ ਲਿਖਣੀ ਚਾਹੁੰਦਾ ਹਾਂ ਕਿ ਮੈਂ ਤੁਹਾਡੀਆਂ ਚਾਰ ਗ਼ਜ਼ਲਾਂ ਪੜ੍ਹੀਆਂ ਇਨ੍ਹਾਂ ਚਾਰ ਗ਼ਜ਼ਲਾਂ ਦਾ ਵਿਸ਼ਾ ਇੱਕ

ਹੀ ਵਿਦੇਸ਼ ਗਏ ਮਹਿਬੂਬ ਦੀ ਪ੍ਰੇਮਿਕਾ ਦੀ ਤਨਹਾਈ, ਉਸਦੇ ਦਿਲ ਦਾ ਦਰਦ ਪਰ ਤੁਹਾਡੀ ਮੈਂ ਇਸ ਗੱਲ ਦੀ ਤਾਰੀਫ਼ ਕਰਦਾ ਹਾਂ ਕ ਇਨ੍ਹਾਂ ਚਾਰ ਗ਼ਜ਼ਲਾਂ ਨੂੰ ਤੁਸੀਂ ਅਲੱਗ ਅਲੱਗ ਅੰਦਾਜ਼ ਵਿਚ ਲਿਖਿਆ ਹੈ।

ਬੜਾ ਭਰਮਾ ਲਿਆ ਤੈਨੂੰ ਵਿਦੇਸ਼ੀ ਡਾਲਰਾਂ, ਪੌਂਡਾਂ,
ਗ਼ਜ਼ਲ ਦੀ ਜ਼ਿੰਦਗੀ ਬਣਦਾ ਉਹ ਤੈਥੋਂ ਖ਼ਤ ਨਾ ਸਰਿਆ ਹੈ।
ਮੈਂ ਆਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ।
ਇਹ ਬੱਦਲ ਪੀੜ ਦਾ ਫਿਰ ਵੀ ਛਰਾਟੇ ਵਾਂਗ ਵਰਿਆ ਹੈ।

ਕੁਲਜੀਤ ਜੀ ਕੀ ਤੁਹਾਨੂੰ ਸਿਰਫ਼ ਗ਼ਜ਼ਲਾਂ ਲਿਖਣ ਦਾ ਹੀ ਸ਼ੌਂਕ ਹੈ ਜਾਂ ਕਿ ਗਾਉਣ ਦਾ ਵੀ ਸ਼ੌਂਕ ਹੈ? ਕੀ ਤੁਸੀਂ ਕਦੇ ਕਿਸੇ ਮਹਿਫਿਲ ਵਿਚ ਆਪਣੀ ਗ਼ਜ਼ਲ ਗਾ ਕਿ ਵੀ ਸੁਣਾਈ ਹੈ?

ਕੁਲਜੀਤ ਜੀ ਤੁਹਾਡੀ ਨਜ਼ਰ ਵਿਚ ਉਹ ਕਿਹੜਾ ਗਾਇਕ ਹੈ ਜਿਹਡਾ ਤੁਹਾਡੀਆਂ ਲਿਖੀਆਂ ਗ਼ਜ਼ਲਾਂ ਨੂੰ ਵਧੀਆ ਤਰੀਕੇ ਨਾਲ ਗਾ ਸਕਦਾ?

ਕੁਲਜੀਤ ਜੀ ਤੁਸੀਂ ਕਿਸ ਪੰਜਾਬੀ ਗਾਇਕ ਨੂੰ ਸਭ ਤੋਂ ਜ਼ਿਆਦਾ ਪਸੰਦ ਕਰਦੇ ਹੋ?

ਕੁਲਜੀਤ ਜੀ ਲਿਖਣ ਤੋਂ ਇਲਾਵਾ ਤੁਹਾਨੂੰ ਹੋਰ ਕੀ ਕੀ ਸ਼ੌਂਕ ਹਨ?

ਕੀ ਤੁਹਾਡੀ ਖੇਡਾਂ ਵਿਚ ਵੀ ਦਿਲਚਸਪੀ ਹੈ। ਜੇਕਰ ਹੈ ਤਾਂ ਤੁਹਾਡੀ ਪਸੰਦੀਦਾ ਖੇਡ ਕਿਹੜੀ ਹੈ?

ਕੁਲਜੀਤ ਜੀ ਤੁਹਾਡੀ ਕੋਈ ਤਮੰਨਾ, ਕੋਈ ਮੰਜ਼ਿਲ ਜਿਸ ਨੂੰ ਤੁਸੀਂ ਪੂਰੀ ਕਰਨਾ ਚਾਹੁੰਦੇ ਹੋ?

ਇਸ ਵਾਰ ਤੁਹਾਡੀ ਹੋਲੀ ਕਿਸ ਤਰ੍ਹਾਂ ਦੀ ਰਹੀ ਜ਼ਰੂਰ ਲਿਖਣਾ ਕੀ ਹੋਲੀ ਵਾਲੇ ਦਿਨ ਖ਼ੂਬ ਮਸਤੀ ਕੀਤੀ ਸੀ ਆਪਣੀ ਖਾਸ ਸਹੇਲੀ 'ਰਾਜ' ਨਾਲ। ਕੁਲਜੀਤ ਜੀ ਜਿਸ ਤਰ੍ਹਾਂ ਮੇਰਾ ਦਿਲ ਕਰਦਾ ਕਿ ਮੈਂ ਪਾਕਿਸਤਾਨ ਜਾਵਾਂ ਉਥੇ ਜਾ ਕੇ ਆਪਣਾ ਅੱਧਾ ਪੰਜਾਬ ਵੇਖਾਂ ਲਾਹੌਰ ਸ਼ਹਿਰ ਵੇਖਾਂ। ਕੀ ਤੁਹਾਡੀ ਵੀ ਕੋਈ ਦੇਸ਼ ਵੇਖਣ ਨੂੰ ਦਿਲ ਕਰਦਾ?

ਕੁਲਜੀਤ ਜੀ ਮੇਰੀ ਇੱਕ ਤਮੰਨਾ ਹੈ ਮੈਂ ਤੁਹਾਡੇ ਨਾਲ ਹਰਿਮੰਦਰ ਸਾਹਿਬ ਜਾ ਕਿ ਮੱਥਾ ਟੇਕਣਾ ਚਾਹੁੰਦਾ ਹਾਂ ਤੇ ਅਜਾਇਬ-ਘਰ ਵੇਖਣਾ ਚਾਹੁੰਦਾ ਹਾਂ, ਅਟਾਰੀ ਰੇਲਵੇ ਸਟੇਸ਼ਨ ਵੇਖਣਾ ਚਾਹੁੰਦਾ ਹਾਂ। ਕੀ ਮੇਰੀ ਇਹ ਤਮੰਨਾ ਜ਼ਿੰਦਗੀ ਵਿਚ ਕਦੇ ਪੂਰੀ ਹੋਵੇਗੀ? ਅੱਛਾ ਕੁਲਜੀਤ ਜੀ ਬਾਕੀ ਕਦੇ ਫੇਰ ਲਿਖਾਂਗਾ ਹਾਂ ਤੇਰੇ ਖ਼ਤ ਦਾ ਜ਼ਰੂਰ ਬਹੁਤ ਹੀ ਬੇਸਬਰੀ ਨਾਲ ਇੰਤਜਾਰ ਕਰਾਂਗਾ।

-0-

RESPECTED KULJEET JI

ਸਤਿ ਸ੍ਰੀ ਅਕਾਲ

ਕੁਲਜੀਤ ਜੀ ਆਪ ਜੀ ਦਾ ਖ਼ਤ ਮਿਲਿਆ ਪੜ੍ਹਕੇ ਬਹੁਤ ਖੁਸ਼ੀ ਹੋਈ। ਤੁਹਾਡੇ ਨਾਲ ਫ਼ੋਨ ਤੇ ਗੱਲਾਂ ਕਰਕੇ ਤਾਂ ਬਹੁਤ ਹੀ ਜ਼ਿਆਦਾ ਖੁਸ਼ੀ ਹੋਈ। ਮੈਨੂੰ ਤਾਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਿ ਮੈਂ ਗ਼ਜ਼ਲ ਜੀ ਨਾਲ ਫ਼ੋਨ ਤੇ ਨਹੀਂ ਸਗੋਂ ਆਹਮਣੇ-ਸਾਹਮਣੇ

ਗੱਲਾਂ ਕਰ ਰਿਹਾ ਹੋਵਾਂ! ਕੁਲਜੀਤ ਜੀ ਤੁਸੀਂ ਲੈਟਰ ਬਹੁਤ ਛੋਟਾ ਲਿਖਦੇ ਹੋ ਚਲੋ ਕੋਈ ਨਹੀਂ! ਪਰ ਤੁਹਾਡਾ ਇਹ ਛੋਟਾ ਖਤ ਬਹੁਤ ਕੁਝ ਆਖ ਦਿੰਦਾ ਹੈ। ਕੁਲਜੀਤ ਜੀ ਕੁਝ ਨਵਾਂ ਲਿਖ ਕੇ ਪਲੀਜ਼ ਭੇਜਣਾ ਬਹੁਤ ਚਿਰ ਹੋ ਗਿਆ ਤੁਹਾਨੂੰ ਸੁਣੇ ਨੂੰ! ਇਹ ਹਮੇਰੀ ਮਾੜੀ ਕਿਸਮਤ ਸੀ ਕਿ ਤੁਹਾਨੂੰ ਮਿਲ ਨਹੀਂ ਹੋਇਆ ਚਲੋ ਜਦੋਂ ਰੱਬ ਚਾਹੇਗਾ ਅਤੇ ਕਿਸਮਤ 'ਚ ਹੋਵੇਗਾ ਤਾਂ ਜ਼ਰੂਰ ਮਿਲਾਂਗੇ। ਕੁਲਜੀਤ ਜੀ ਮੈਨੂੰ ਤਾਂ ਲੱਗਦਾ ਜੇਕਰ ਤੁਸੀਂ ਮੈਨੂੰ ਵੇਖ ਲਿਆ ਤਾਂ ਫਿਰ ਸ਼ਾਇਦ ਹੀ ਮੇਰੇ ਖ਼ਤ ਦਾ ਜਵਾਬ ਦੇਵੋਂਗੇ ਅਤੇ ਮੇਰੇ ਨਾਲ *Contact* ਕਰੋਗੇ! ਮੈਂ *Jgly* ਜਿਹਾ ਮੋਟਾ ਜਿਹਾ ਬੇਸੂਰਤਾ ਜਿਹਾ ਹਾਂ! ਕੁਲਜੀਤ ਜੀ ਛੱਡੋ ਇਨ੍ਹਾਂ ਗੱਲਾਂ ਨੂੰ! ਕੁਲਜੀਤ ਜੀ ਤੁਹਾਡਾ *U.G.C.* ਦਾ*TEST* ਵਧੀਆ ਹੋਇਆ। ਰੱਬ ਕਰੇ ਤੁਸੀਂ ਕਾਮਯਾਬ ਹੋਵੋ ਅਤੇ ਹਮੇਸ਼ਾ ਹੀ ਕਾਮਯਾਬ ਰਹੋ! ਰੱਬ ਤੁਹਾਨੂੰ ਸਾਰੇ ਜਹਾਨ ਦੀ ਖੁਸ਼ੀ ਦੇਵੇ! ਕੁਲਜੀਤ ਜੀ ਤੁਸੀਂ ਆਪਣੇ ਆਪ ਨੂੰ ਨਾਲਾਇਕ ਨਾ ਕਿਹਾ ਕਰੋ! ਤੁਹਾਡੇ ਵਰਗਾ ਨਾਲਾਇਕ ਰੱਬ ਮੈਨੂੰ ਵੀ ਬਣਾਏ।

ਕੁਲਜੀਤ ਜੀ ਤੁਸੀਂ ਪ੍ਰਦੇਸੀਆਂ ਤੇ ਇਨ੍ਹਾਂ ਦਰਦ ਕਿਉਂ ਲਿਖਦੇ ਹੋ ਤੁਹਾਡਾ ਤਾਂ ਕੋਈ ਪ੍ਰਦੇਸੀ ਵੀ ਨਹੀਂ ਗਿਆ! ਹਾਂ ਇੱਕ ਸ਼ਕਸ ਹੇ ਪ੍ਰਦੇਸ਼ ਗਿਆ ਅਤੇ ਉਹ ਕਦੇ ਵਾਪਿਸ ਨਹੀਂ ਆਉਣ ਵਾਲਾ ਮੇਰਾ ਮਤਲਬ 'ਸ਼ਿਵ'! ਕੁਲਜੀਤ ਜੀ ਪਤਾ ਨਹੀਂ ਪ੍ਰਦੇਸਾਂ 'ਚ ਕਿਉਂ ਜਾਂਦੇ ਹਨ ਜਿਹੜਾ ਸਾਨੂੰ ਦਿਲੋਂ ਚਾਹੁੰਦਾ ਸੀ ਅਤੇ ਫਿਰ ਪ੍ਰਦੇਸ ਜਾ ਕੇ ਬਸ ਡਾਲਰਾਂ ਨੂੰ ਚਾਹੁੰਦਾ ਹੈ ਅਤੇ ਡਾਲਰਾਂ 'ਚ ਸਾਡਾ ਪਿਆਰ ਗੁੰਮ ਹੋ ਜਾਂਦਾ ਹੈ। ਅੱਜ ਤਾਂ ਬੱਸ ਪੈਸੇ ਨਾਲ ਹੀ ਪਿਆਰ ਕਰਦਾ ਬੰਦਾ ਬੰਦੇ ਨੂੰ ਕੋਈ ਨਹੀਂ? ਡੀਅਰ ਕੁਲਜੀਤ ਜੀ ਲੱਗਦਾ ਹੈ ਹੁਣ ਆਪ ਜੀ ਨੂੰ ਬੋਰ ਕਰਨ ਲੱਗ ਪਿਆ ਮੁਆਫ਼ ਕਰਨਾ। ਇਸ ਨਾਚੀਜ਼ ਵੱਲੋਂ ਆਪ ਸਭ ਨੂੰ 'ਸਤਿ ਸ੍ਰੀ ਅਕਾਲ' ਜੇਕਰ ਕੁਝ ਗਲਤ ਲਿਖ ਦਿੱਤਾ ਹੋਵੇ ਤਾਂ ਮਾਫ਼ ਕਰਨਾ। ਇੱਕ ਛੋਟਾ ਚਿ ਸ਼ੁਭਚਿੰਤਕ ਸਮਝ ਕੇ ਬਾਕੀ ਫਿਰ ਸਹੀ! ਜ਼ਿੰ......ਦਗੀ ਰਹੀ ਤਾਂ ਤੁਹਾਡੇ ਨਾਲ ਮੁਲਾਕਾਤ ਜ਼ਰੂਰ ਹੋਵੇਗੀ! ਰੱਬ ਰਾਖਾ।

***ਆਪ ਜੀ ਦਾ ਸ਼ੁਭਚਿੰਤਕ***

-0-

20-8-2005

ਕੁਲਜੀਤ ਗ਼ਜ਼ਲ ਜੀ, ਆਪ ਜੀ ਨੂੰ ਬਹੁਤ ਸਾਰੀ ਸਤਿ ਸ੍ਰੀ ਅਕਾਲ।

ਪ੍ਰਮਾਤਮਾ ਆਪ ਜੀ ਨੂੰ ਤੇ ਆਪ ਜੀ ਦੇ ਪਰਿਵਾਰ ਨੂੰ ਹਮੇਸ਼ਾ ਢੇਰ ਸਾਰੀਆਂ ਖੁਸ਼ੀਆਂ ਵੰਡਦਾ ਰਹੇ।

ਗ਼ਜ਼ਲ ਜੀ ਇਹ ਚਿੱਠੀ ਮੈਂ ਆਪ ਜੀ ਨੂੰ ਤਾਂ ਲਿਖ ਰਿਹਾਂ ਹਾਂ, ਕਿਉਂਕਿ ਤੁਹਾਡੇ ਨਾਲ ਫ਼ੋਨ ਤੇ ਗੱਲ ਕਰਦਿਆਂ ਮੈਨੂੰ ਬੜੀ ਝਿਜਕ ਜਿਹੀ ਮਹਿਸੂਸ ਹੁੰਦੀ ਏ। ਉਂਝ ਵੀ ਆਪ ਜੀ ਦੀਆਂ ਗ਼ਜ਼ਲਾਂ ਤੋਂ ਮੈਨੂੰ ਲੱਗਿਆ ਸੀ ਕਿ ਤੁਸੀਂ ਕਾਫ਼ੀ ਉਮਰ ਦੇ ਹੋਵੋਗੇ ਪਰ ਜਦੋਂ ਤੁਸੀਂ ਦੱਸਿਆ ਕਿ ਅਜੇ ਬੀ. ਐਡ. ਕਰ ਰਹੇ ਹੋ ਤਾਂ ਫਿਰ ਮੈਨੂੰ ਥੋੜ੍ਹੀ ਹੈਰਾਨੀ ਹੋਈ। ਖੈਰ ਚਲੋ ਉਮਰ ਤੋਂ ਨਹੀਂ ਤਾਂ ਸੋਚ ਤੋਂ ਬੁੱਢੇ ਓ। ਜਾਨੀ ਸ਼ਾਰਪ ਮਾਈਂਡ ਓ ਜ਼ਹੀਨ ਓ ਚੰਗੀ ਸੋਚ ਰੱਖਦੇ ਓ ਸੋਹਣਾ ਦਿਲ ਰੱਖਦੇ ਓ। ਪਰ ਮੇਰੀ ਮੁਸ਼ਕਿਲ ਇਹ ਹੈ ਕਿ ਮੈਂ ਤੁਹਾਡਾ , ਪਾਠਕ ਹੋ ਕੇ ਵੀ ਫੋਨ ਉੱਪਰ ਗੱਲ ਨਹੀਂ ਕਰ

ਸਕਦਾ ਇਕੋ ਝਿਜਕ ਮੇਰੇ ਵਿਚ ਹਮੇਸ਼ਾ ਬਣੀ ਰਹਿੰਦੀ ਹੈ। ਮੈਂ ਕੋਈ ਵਧੀਆ ਲਿਖਣ ਨਹੀਂ ਜਾਣਦਾ, ਫਿਰ ਵੀ ਚਿੱਠੀ ਮੈਨੂੰ ਜ਼ਿਆਦਾ ਮਾਨਸਿਕ ਤਸੱਲੀ ਦਿੰਦੀ ਹੈ।

ਵੀਰ ਇਹ ਚਿੱਠੀ ਮੈਂ ਤੁਹਾਨੂੰ ਸਤਿਕਾਰ ਵਜੋਂ ਲਿਖ ਰਿਹਾ ਹਾਂ। ਤੁਸੀਂ ਮੇਰੇ ਤੋਂ ਕਾਫ਼ੀ ਛੋਟੇ ਹੋ ਉਮਰ ਵਿਚ ਮੇਰੀ ਉਮਰ ਪੈਂਤੀ ਸਾਲ ਹੈ ਮੇਰਾ ਇੱਕ ਬੇਟਾ ਹੈ ਜਿਸ ਦੀ ਉਮਰ 11 ਸਾਲ ਹੈ ਬੇਟੇ ਦਾ ਨਾਮ ਪ੍ਰਭਪੁਨੀਤ ਸਿੰਘ ਤੇ ਮੇਰੀ ਮਿਸਜ਼ ਦਾ ਨਾਮ ਬਲਜੀਤ ਕੌਰ ਹੈ। ਬਾਊ ਤੁਸੀਂ ਤਾਂ ਕਾਫ਼ੀ ਪੜ੍ਹੇ ਲਿਖੇ ਹੋ, ਤੇ ਹੋਰ ਵੀ ਪੜ੍ਹ ਰਹੇ ਹੋ, ਵਹਿਗੁਰੂ ਤੁਹਾਨੂੰ ਸਫਲਤਾ ਦੇਵੇ ਪਰ ਮੈਂ ਜ਼ਿਆਦਾ ਪੜ੍ਹਿਆ ਲਿਖਿਆਂ ਨਹੀਂ ਹਾਂ। ਪਲੱਸ ਟੂ ਕੀਤੀ ਏ ਬੱਸ। ਉਹ ਵੀ ਜ਼ਿਆਦਾ ਏਧਰੋਂ ਉਧਰੋਂ ਝਾਕ ਕੇ। ਪੰਜ ਸਾਲ ਆਰਮੀ ਦੀ ਸਰਵਿਸ ਵੀ ਕੀਤੀ ਏ, ਫਿਰ ਆਪਣਾ ਬਿਜਨੈਸ ਸ਼ੁਰੂ ਕਰ ਲਿਆ, ਗੁਜ਼ਾਰੇ ਜੋਗੀ ਜ਼ਮੀਨ ਵੀ ਹੈ। ਪਰ ਬਣਦੀ ਕਿਸੇ ਨਾਲ ਨਹੀਂ, ਪਤੀ ਪਤਨੀ ਇਕ ਦੂਜੇ ਦੀ ਕਦਰ ਕਰਦੇ ਹਾਂ, ਇਸੇ ਲਈ ਸ਼ਾਇਦ ਬਾਰ੍ਹਾਂ ਸਾਲ ਵਿਆਹ ਦੀ ਉਮਰ ਹੋਣ ਦੇ ਬਾਵਜੂਦ ਕਿਸੇ ਨੇ ਲੜਦਿਆਂ ਨਹੀਂ ਵੇਖਿਆ। ਉਂਝ ਲੜਦੇ ਜ਼ਰੂਰ ਹਾਂ, ਪਰ ਸ਼ੌਂਕ ਲਈ। ਰੁੱਸਣ ਲਈ ਨਹੀਂ। ਬੇਟਾ ਕਾਨਵੈਂਟ ਸਕੂਲ ਤਰਨਤਾਰਨ ਚੌਥੀ ਵਿਚ ਪੜ੍ਹਦਾ ਹੈ। ਤਿੰਨ ਮੈਂਬਰ ਹਾਂ ਕੁੱਲ ਇੱਕ ਪੁਰਾਣੇ ਜਿਹੇ ਖੰਡਰ ਵਿਚ ਖੁਸ਼ੀ ਨਾਲ ਰਹਿ ਰਹੇ ਹਾਂ। ਹੁਣ ਕਿਸੇ ਨਾਲ ਕੋਈ ਸ਼ਿਕਵਾ ਨਹੀਂ ਜ਼ਿੰਦਗੀ ਸ਼ੁਰੂ ਹੀ ਸ਼ਿਕਵਿਆਂ ਨਾਲ ਹੋਈ ਸੀ। ਪਰ ਹੁਣ ਆਪਣੇ ਤੋਂ ਸਿਵਾ ਸਭ ਹੀ ਚੰਗੇ ਲੱਗਦੇ ਹਨ।

ਤੁਹਾਡੀਆਂ ਗ਼ਜ਼ਲਾਂ ਚੰਗੀਆਂ ਲੱਗੀਆਂ, ਇਸ ਲਈ ਤੁਹਾਨੂੰ ਚਿੱਠੀ ਲਿਖ ਦਿੱਤੀ। ਮੈਨੂੰ ਖੁਦ ਲਿਖਣ ਦਾ ਸ਼ੌਂਕ ਏ, ਸ਼ਾਇਦ ਇਸ ਲਈ ਲਿਖਣਾ ਮੈਂ ਕੀ ਏ, ਕੁਝ ਵਲਵਲੇ ਹੀ ਨੇ, ਜਿਹੜੇ ਦਿਲ ਵਿਚ ਆ ਕੇ, ਕਾਗਜ਼ਾਂ ਉੱਪਰ ਉਂਕਰ ਜਾਂਦੇ ਹਨ। ਪਰ ਇਹ ਕੋਈ ਮਿਆਰੀ ਨਹੀਂ ਹੁੰਦੇ ਹੰਢਣਸਾਰ ਨਹੀਂ ਹੁੰਦੇ। ਇਸ ਲਈ ਇਨ੍ਹਾਂ ਤੋਂ ਖੁਦ ਹੀ ਡਰਦਾ ਹਾਂ। ਗ਼ਜ਼ਲ ਲਿਖਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਇਸਦੇ ਵਯੂਦ ਤੋਂ ਵੀ ਕੋਹਾਂ ਪਿੱਛੇ ਰਹਿ ਜਾਂਦਾ ਹਾਂ। ਗ਼ਜ਼ਲ ਨੇ ਅਰਬ ਦੇ ਰਸਤਿਓ, ਪੰਜਾਬੀ ਜੁਬਾਨ ਤੱਕ ਆਉਂਦਿਆਂ ਲੰਮਾ ਸ਼ਫਰ ਤੈਅ ਕੀਤਾ ਹੈ। ਇਸ ਗ਼ਜ਼ਲ ਨਾਲ ਜੁੜੇ ਲੋਕ ਆਪਣੇ-ਆਪਣੇ ਜਾਪਦੇ ਨੇ।

ਗ਼ਜ਼ਲ ਜੀ ਇਹ ਚਿੱਠੀ ਮੈਂ ਤਾਂ ਲਿਖੀ ਏ, ਕਿਉਂਕਿ ਫ਼ੋਨ ਉਪਰ ਗੱਲ ਕਰਨ ਦਾ ਵਲ ਮੈਨੂੰ ਨਹੀਂ ਆ ਸਕਿਆ, ਹਾਲੇ ਕਿ ਇਸੇ ਹੀ ਪ੍ਰਫੈਸ਼ਨ ਵਿਚ ਹਾਂ। ਉਂਝ ਵੀ ਗ਼ਜ਼ਲ ਦੇ ਸ਼ਬਦੀ ਅਰਥ ਸੋਹਣੀ ਕੁੜੀ ਹੀ ਹਨ। ਤੇ ਤੁਸੀਂ ਤਾਂ ਮੈਨੂੰ ਸੋਨੇ ਉਪਰ ਸੁਹਾਗਾ ਨਜ਼ਰ ਆਉਂਦੇ ਹੋ।

ਮੈਂ ਸਭ ਤੋਂ ਜ਼ਿਆਦਾ ਉੜਦੂ ਗ਼ਜ਼ਲਾਂ ਦਾ ਫੈਨ ਹਾਂ। ਪੰਜਾਬੀ ਵਿਚ ਸੁੱਖਬਿੰਦਰ ਅਮ੍ਰਿਤ ਹੋਰੀਂ ਚੰਗੇ ਲੱਗਦੇ ਨੇ। ਸ਼ਿਵ ਦੇ ਤਾਂ ਕਹਿਣੇ ਹੀ ਕੀ ਸਭ ਉਨ੍ਹਾਂ ਦੇ ਫੈਨ ਨੇ। ਪਰ ਵਾਰਿਸ਼ ਸ਼ਾਹ ਹੋਰਾਂ ਦੀ 'ਹੀਰ' ਨੇ ਮੈਨੂੰ ਸੱਭ ਤੋਂ ਜ਼ਿਆਦਾ ਕਾਇਲ ਕੀਤਾ ਏ-ਅਰਬ ਦੀ ਤਾਂ ਜਿਵੇਂ ਵਾਰਿਸ਼ ਹੋਰੀਂ ਯੂਨੀਵਰਸਿਟੀ ਹੀ ਹੋਣ। ਏਨਾ ਜ਼ਿਆਦਾ ਹਕੀਕਤ ਦੇ ਨੇੜਿਓਂ ਲਿਖਿਆ ਹੈ ਕਿ ਸਾਰੀ ਦੁਨੀਆਂ ਹੀ ਫਰੇਬ ਨਜ਼ਰ ਆਉਂਦੀ ਏ। ਲਿਖਣ ਦੀ ਰਵਾਨਗੀ ਹੈਰਾਨੀ ਉਪਰ ਹੈਰਾਨੀ ਪੈਦਾ ਕਰਦੀ ਏ। ਉਂਝ ਗਜ਼ਲ ਜੀ ਮੁਆਫ਼ੀ ਚਾਹੁੰਦਾ ਹਾਂ। ਤੁਸੀਂ ਪੜ੍ਹੇ ਲਿਖੇ ਜੇ ਤੇ ਮੈਂ ਉਜੱਡ ਜਿਹਾ-ਜੱਟਾਂ ਦਾ ਮੁੰਡਾ ਨਾ ਅਕਲੋਂ ਨਾ ਸ਼ਕਲੋਂ ਤੇ ਫ਼ੋਨ ਤੇ ਗੱਲ ਕਰਨ ਜੋਗਾ ਨਹੀਂ ਤੇ ਪਿਆ ਏ ਪਿਉ

ਵਾਲੀਆਂ ਸਲਾਹੀ ਚਿੱਠੀ ਵਿੱਚ ਉਂਝ ਜੱਟ ਦੇ ਸ਼ਬਦੀ ਅਰਥ ਬੇਵਕੂਫ਼ ਹੁੰਦੇ ਨੇ-ਜੇਕਰ ਮੇਰੇ ਕੋਲੋਂ ਕੋਈ ਬੇਵਕੂਫ਼ੀ ਦੀ ਗੱਲ ਕਹੀ ਗਈ ਹੋਵੇ ਤਾਂ ਮੁਆਫ਼ੀ ਚਾਹੁੰਦਾ ਹਾਂ

ਗ਼ਜ਼ਲ ਜੀ ਇਕ ਲਤੀਫ਼ਾ ਯਾਦ ਆ ਗਿਆ। ਇੱਕ ਵਾਰੀ ਇੱਕ ਬਾਣੀਆ ਦਾ ਮੁੰਡਾ ਤੇ ਜੱਟ ਦਾ ਮੁੰਡਾ ਦੋਸਤ ਬਣ ਗਏ। ਇੱਕ ਦਿਨ ਕਿਸੇ ਗੱਲੋਂ ਨਰਾਜ਼ ਹੋ ਕੇ ਬਾਣੀਏ ਦੇ ਮੁੰਡੇ ਨੇ ਜੱਟ ਦੇ ਮੁੰਡੇ ਨੂੰ ਜੱਟ ਬੇਵਕੂਫ਼ ਕਹਿ ਦਿੱਤਾ, ਅੱਗੇ ਜੱਟ ਦੇ ਮੁੰਡੇ ਨੇ ਥੱਪੜ ਜੜ੍ਹ ਦਿੱਤਾ। ਬਾਣੀਆਂ ਦਾ ਮੁੰਡਾ ਰੋਂਦਾ-ਰੋਂਦਾ ਪਿਉ ਕੋਲ ਗਿਆ ਕਿ ਮੈਂ ਜੱਟਾਂ ਦੇ ਮੁੰਡੇ ਨੂੰ ਜੱਟ ਬੇਵਕੂਫ਼ ਕਿਹਾ ਸੀ, ਉਸ ਨੇ ਇੱਕ ਥੱਪੜ ਮਾਰਿਆ ਹੈ। ਬਾਣੀਆਂ ਪਿਉ ਗੁੱਸੇ 'ਚ ਆ ਕੇ ਬੋਲਿਆ ਤੈਨੂੰ ਦੋ ਥੱਪੜ ਵੱਜਣੇ ਚਾਹੀਦੇ ਸਨ। "ਪਰ ਉਹ ਕਿਉਂ? ਬਾਣੀਆਂ ਮੁੰਡਾ ਬੋਲਿਆ। ਪਾਗਲ ਜਦੋਂ ਤੂੰ ਉਸ ਨੂੰ ਜੱਟ ਹੀ ਕਹਿ ਦਿੱਤਾ, ਬੇਵਕੂਫ਼ ਕਹਿਣ ਦੀ ਕੀ ਲੋੜ ਸੀ। ਬਾਣੀਏ ਪਿਉ ਨੇ ਜਵਾਬ ਦਿੱਤਾ।

ਇਸ ਲਈ ਮੁਆਫ਼ੀ ਪਹਿਲਾਂ ਚਾਹੁੰਦਾ ਹਾਂ। ਬਾਊ ਲਿਖਦਾ ਤਾਂ ਮੈਂ ਵੀ ਹਾਂ, ਸਿਰਫ਼ ਆਪਣੇ ਸ਼ੌਂਕ ਖਾਤਿਰ ਹੀ, ਪੰਜ ਛੇ ਡਾਇਰੀਆਂ ਲਿਖੀਆਂ ਹੋਈਆਂ ਨੇ। ਹਰ ਚੰਗੀ ਮਾੜੀ ਘਟਨਾ ਨੂੰ ਮੈਂ ਗ਼ਜ਼ਲ ਦਾ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹਾਂ। ਇੱਕ ਗ਼ਜ਼ਲ ਹੈ ਲਿਖਕੇ ਭੇਜ ਰਿਹਾ ਹਾਂ।

**ਗ਼ਜ਼ਲ**

ਬਹਿਕੇ ਨਿੱਤ ਸਰਹਾਣੇ ਭੁੱਜਣ।
ਕਿਉਂ ਭੱਠੀ ਵਿਚ ਦਾਣੇ ਭੁੱਜਣ।
ਆਸ਼ਿਕ ਹੋ ਗਏ ਉਹ ਧੁੱਪਾਂ ਦੇ,
ਕੋਈ ਸੋਚੇ ਅਣਜਾਣੇ ਭੁੱਜਣ।
ਇੰਤਜਾਰ ਹੈ ਉਹ ਅੰਗਿਆਰਾਂ,
ਜਿਸ ਤੇ ਖੜ੍ਹੇ ਸਿਆਣੇ ਭੁੱਜਣ।
ਸੀਨੇ ਵਾਲੀਆਂ ਅੱਗਾਂ ਵਿੱਚ ਵੀ
ਕੀ ਰਾਜੇ, ਕੀ ਕਾਣੇ ਭੁੱਜਣ।
ਦਰਦ ਦੀਆਂ ਇੰਝ ਤੱਤੀਆਂ ਹੇਕਾਂ,
ਹੋਠੀਂ ਆਉਣ ਤਾਂ ਗਾਣੇ ਭੁੱਜਣ।
ਜੇ ਕੁਝ ਦੇ ਦਿਓ ਮੋਹ ਦਾ ਪਾਣੀ,
ਨਾ ਇਹ ਹਰਫ਼ ਨਿਮਾਣੇ ਭੁੱਜਣ।
ਤੱਕਿਆਂ ਏ ਜਿਸ ਸ਼ਿਵੇ ਨੂੰ ਉਸ ਨੇ,
ਇੱਥੇ ਵਾਅਦੇ ਕੁਝ ਪੁਰਾਣੇ ਭੁੱਜਣ।

*ਕੁਲਜੀਤ ਜੀ ਚਿੱਠੀ ਇੱਥੇ ਹੀ ਬੰਦ ਕਰਦਾ ਹਾਂ।*

***ਫ਼ੋਨ ਨੰ : 01851-226592, ਮੋਬਾ : 98550-84486***

ਗੁਲਜ਼ਾਰ ਦੀ ਮਹਿਕ ਵਰਗੀਏ
ਸਾਡੀਏ ਆਪਣੀਏ ਕੁੜੀਏ।

"ਹਾਤੋ' ਪੜ੍ਹੀ। ਇਹ ਚੰਗੀ ਭਲੀ ਨੂੰ ਤੈਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ। ਬੜੀ ਸੁਹਣੀ ਗ਼ਜ਼ਲ ਲਿਖਦੀ-ਲਿਖਦੀ ਕਹਾਣੀ ਦੇ ਚੱਕਰਵਿਊ ਵਿਚ ਉਲਝ ਜਾਂਦੀ

ਹੈਂ। ਮੰਨਣੀ ਤੈਂ ਕਿਸੇ ਦੀ ਹੈ ਨਹੀਂ, ਇਹ ਅਸੀਂ ਜਾਣਦੇ ਹਾਂ। 50 ਪੈਸੇ ਦਾ ਪੋਸਟ ਕਾਰਡ ਵੀ ਤੈਥੋਂ ਸਰਦਾ ਨਹੀਂ (ਜਵਾਬੀ ਖ਼ਤ ਲਈ) ਇਹ ਵੀ ਜਾਣਦੇ ਹਾਂ।

ਜਿਹੜੇ ਤੇਰੇ ਗਾਈਡਰ ਹਨ ਅਸੀਂ ਉਨ੍ਹਾਂ ਤੇ ਹੈਰਾਨ ਹਾਂ। ਬੇਸ਼ੱਕ 'ਹਾਤੋ' ਬਾਰਾਂ ਬੰਦਿਆਂ ਨੇ ਪਾਣੀ ਸਾਡੇ ਫਰੈਂਡ ਸਰਕਲ ਵਿਚ। 'ਸਭ ਸਿਆਣੇ ਇੱਕਮੱਤ' ਕਹਿੰਦੇ ਥਾਂ ਨਾ ਸਿਰਾ। ਕੀ ਮਤਲਬ ਹੈ ਕਹਾਣੀ ਦਾ। ਅਸੀਂ ਕਿਹਾ ਬਈ ਬਾਰਾਂ ਦੇ ਬਾਰਾਂ ਆਲੋਚਕੋ, ਥੋਨੂੰ ਕੋਈ ਪੁੱਛਣ ਵਾਲਾ ਹੋਵੇ ਬਈ ਕੀ ਹਰ ਗੱਲ ਦਾ ਮਤਲਬ ਹੋਣਾ ਜ਼ਰੂਰੀ ਹੈ। ਲੋਕੀਂ ਤਾਂ ਬਣੀ-ਬਣਾਈ ਚੀਜ਼ ਤੇ ਨੁਕਸ ਕੱਢਦੇ ਹਨ। ਕੀ ਉਹ ਜਾਣਦੇ ਬਈ ਕਿਸੇ ਚੀਜ਼ ਨੂੰ ....ਕਰਨਾ ਕਿੰਨਾ ਔਖਾ ਹੈ।

ਪਿਕਾਸੋ ਨੂੰ ਕਿਸੇ ਸਿਰ ਫਿਰੇ ਆਲੋਚਕ ਨੇ ਪੁੱਛਿਆ "ਬਈ ਆਹ ਤੂੰ ਜਿਹੜੀਆਂ ਮੂਰਤਾਂ ਜਿਹੀਆਂ ਬਣਾਉਂਦੇ ਇਹਦੇ ਕੀ ਅਰਥ ਨੇ, ਪਿਕਾਸੋ ਕਹਿੰਦਾ "ਤੁਸੀਂ ਲੋਕ ਹਰੇਕ ਚੀਜ਼ ਵਿਚ ਅਰਥ ਲੱਭਣ ਲੱਗ ਜਾਂਦੇ ਹੋ, ਕੀ ਹਰ ਗੱਲ ਦੇ ਅਰਥ ਜ਼ਰੂਰੀ ਨੇ? ਤੁਸੀਂ ਚੰਨ, ਤਾਰਿਆਂ ਫੁੱਲਾਂ ਕੋਲੋਂ ਉਹਨਾਂ ਦੇ ਖਿੜਨ ਦੇ ਅਰਥ ਕਿਉਂ ਨਹੀਂ ਪੁੱਛਦੇ ਤੇ ਫੇਰ ਮੇਰੇ ਕੋਲੋਂ ਹੀ ਕਿਉਂ?

ਮਾਨਯੋਗ ਸ੍ਰ. ਜਸਵੰਤ ਸਿੰਘ ਕੰਵਲ ਨੇ ਪਹਿਲੀ ਕਿਤਾਬ ਕਵਿਤਾ ਦੀ ਲਿਖੀ ਕਿਤਾਬ ਪੜ੍ਹਕੇ ਅੰਮ੍ਰਿਤਸਰ ਦੇ ਇੱਕ ਪ੍ਰਕਾਸ਼ਨ ਜੀਵਨ ਸਿੰਘ ਨੇ ਉਹਨਾਂ ਨੂੰ ਨਾਵਲ ਲਿਖਣ ਦੀ ਸਲਾਹ ਦਿੱਤੀ ਤੇ ਅੱਜ ਕੰਵਲ ਜੀ ਦੀ ਮਹਿਕ ਸਾਡੀਆਂ ਤਪਦੀਆਂ ਰੂਹਾਂ ਨੂੰ ਠਾਰਨ ਦਾ ਸੋਮਾ ਹੈ।

ਹੋਰ ਨੀ, ਰਾਣੇ ਵਰਗੇ ਚੰਗੇ ਮਨੁੱਖ, ਚੰਗੇ ਕਹਾਣੀਕਾਰ ਤੋਂ ਹੀ ਸਲਾਹ ਲੈ ਲਿਆ ਕਰ ਭਾਈ। ਪੜ੍ਹੀ ਹੈ ਤਿੰਸ਼ਕੂ ਵਿਚ ਉਸਦੀ ਕਹਾਣੀ, ਨਹੀਂ ਪੜ੍ਹੀ।

"ਜੇ ਕਰਨਾ ਹੈ ਕੁਝ ਤਾਂ ਕਰ ਕਿਉਂ ਨਹੀਂ ਜਾਂਦੇ
ਇਹ ਲੋਕ ਭੀ ਲੋਕ ਨੇ ਮਰ ਕਿਉਂ ਨਹੀਂ ਜਾਂਦੇ"
ਕਦੇ ਚਪੇੜਾਂ, ਕਦੇ ਕੁੱਝ ਤੇ ਕਦੀ ਕੁੱਝ।
ਹਾਤੋ ਕਈ ਜਗ੍ਹਾ ਤਾਂ ਚੰਗਾ ਟੁੰਬਦੀ ਹੈਂ

ਪਰ......।

ਇੱਕ ਗ਼ਜ਼ਲ ਵਰਗੀਏ ਕੁੜੀਏ, ਮੈਂ ਐਨਾ ਚੰਗਾ-ਮੰਦਾ ਬੋਲਣ ਦਾ ਅਧਿਕਾਰੀ ਤਾਂ ਨਹੀਂ ਫੇਰ ਪਤਾ ਨਹੀਂ ਕਿਓਂ ਵੱਡੇ ਭਰਾਵਾਂ ਵਾਲਾ, ਨਿੱਘੇ ਪਿਓਆਂ ਵਾਲਾ ਹੱਕ ਮਹਿਸੂਸਣ ਲੱਗ ਪੈਂਦਾ ਹਾਂ।

ਜੱਗਬਾਣੀ ਹੋਵੇ ਜਾਂ ਕੋਈ ਪਰਚਾ ਤੇਰੀ ਲਿਖਤ ਮੇਰੀਆਂ ਅੱਖਾਂ ਤੋਂ ਛੁਪ ਨਹੀਂ ਸਕਦੀ। ਤੈਨੂੰ ਉਸ ਬਾਰੇ ਰਾਏ ਲਿਖਾਂ ਜਾਂ ਨਾ ਲਿਖਾਂ ਉਹ ਵੱਖਰੀ ਗੱਲ ਹੈ। 'ਹਾਤੋ' ਪੜ੍ਹਕੇ ਇੱਕਦਮ ਗੁੱਸਾ ਆ ਗਿਆ। ਸੋ ਲਿਖ ਦਿੱਤਾ।

ਮੈਂ ਵੀ ਨਹੀਂ ਰਹਾਂਗੀ ਰਾਖਵੀਂ ਸਦਾ
ਮਹਿਬੂਬ ਲਈ ਇੰਝ
ਤੁਰ ਹੀ ਜਾਵਾਂਗੀ
ਸੂਹੇ ਚੀਰੇ ਵਾਲੇ ਦੀਆਂ ਸੱਧਰਾਂ ਸੰਗ
ਤੇ ਮੇਰੀ ਮੁਹੱਬਤ ਦੇ ਇਹ ਚਿਰਾਗ
ਬੇਰੁਖੇ ਤੂਫ਼ਾਨਾਂ ਵਿੱਚ

ਸਦਾ ਇੰਝ ਨਹੀਂ ਜਗਮਗਾਉਣਗੇ
ਤੇ ਨਾ ਹੀ ਦੇਣਗੇ ਗੂੜ ਰੌਸ਼ਨੀ

ਮੇਰਾ ਮਿੱਤਰ ਹਰਭਜਨ ਨੀਰ (ਪ੍ਰਸਿੱਧ ਕਹਾਣੀਕਾਰ) ਊਧਮ ਸਿੰਘ ਨਗਰ ਸੁਨਾਮ ਫੋਨ 23011 ਭਾਸ਼ਾ ਵਿਭਾਗ ਨਾਲ ਇਨਾਮੀ ਕਹਾਣੀ ਮੁਕਾਬਲਾ ਕਰਵਾ ਰਿਹਾ ਹੈ, ਤੇਰਾ ਚਿੱਤ ਮੰਨੇ ਦੋ ਕਹਾਣੀਆਂ ਭੇਜ ਦੇਵੀਂ ਚਾਹੇ ਛਪੀਆਂ ਹੋਣ ਜਾਂ ਨਾ।

–0–

25-2-2007

ਪਹਿਲਾਂ ਤਾਂ ਮੇਰੀ ਗੁਰੂ ਫਤਿਹ ਪ੍ਰਵਾਨ ਕਰਨੀ

ਲਿਖਤੁਮ ਮੇਰੇ ਪਿਆਰੇ ਅਜੀਜ ਕੁਲਜੀਤ ਗ਼ਜ਼ਲ ਰੱਬ ਵਰਗੀ ਭੈਣ ਜੀ ਮੇਰਾ ਸਲਾਮ ਕਬੂਲ ਕਰਨਾ। ਤੁਸੀਂ ਤਾਂ ਗ਼ਰੀਬ ਜਹੇ ਵੀਰ ਨੂੰ ਭੁੱਲ ਗਏ ਪਰ ਅਸੀਂ ਤਾਂ ਤੁਹਾਡੀ ਦਿੱਤੀ ਗ਼ਜ਼ਲ ਦੀ ਰਹੈਸਲ ਕਰਨ ਲਈ ਕਿਤਾਬ ਪੜ੍ਹਦੇ ਰਹਿੰਦੇ ਹਾਂ। ਮੈਂ ਰਾਖੀ ਵਾਲੇ ਦਿਨ ਬਹੁਤ ਹੀ ਸੋਚਿਆ ਕਿ ਮੇਰੀ ਭੈਣ ਰਾਖੀ ਭੇਜੇਗੀ ਪਰ ਨਾ ਆਈ ਫਿਰ ਮੈਂ ਸੋਚਿਆ ਕਿ ਮੇਰੇ ਪਾਸੋਂ ਕੋਈ ਕਮੀ ਰਹਿ ਗਈ ਹੋਣੀ ਜੋ ਮੈਂ ਰਾਖੀ ਤੋਂ ਸੱਖਣਾ ਰਹਿ ਗਿਆ। ਚਲੋ ਭੈਣ ਜੀ ਮੈਨੂੰ ਤਾਂ ਕੁਝ ਵੀ ਨਹੀਂ ਚਾਹੀਦਾ ਮੈਂ ਤਾਂ ਹਰ ਇਨਸਾਨ ਨੂੰ ਖੁਦਾ ਦਾ ਵਸਲ ਸਮਝਦਾ ਹਾਂ। ਅੱਜ ਜਦੋਂ ਮੈਂ ਤੁਹਾਡੀ ਅਖ਼ਬਾਰ ਵਿਚ ਤਰੇਲ ਜਿਹੇ ਮੋਤੀ ਪੁਸਤਕ ਦੀ ਚਰਚਾ ਪੜ੍ਹੀ ਤਾਂ ਫਿਰ ਮਨ ਵਿਚ ਖੁਸ਼ੀ ਦੀ ਕੋਈ ਹੱਦ ਨਾ ਰਹੀ। ਆਪ ਜੀ ਦੇ ਹਰਫ਼ ਜਾਲ ਤੋਂ ਵੀ ਪਿਆਰੇ ਲੱਗਦੇ ਹਨ ਮੈਂ ਆਪ ਦੀ ਕਿਤਾਬ ਜ਼ਰੂਰ ਖਰੀਦਾਂਗਾ। ਮੈਂ ਜਦੋਂ ਵੀ ਕਵੀ ਦਰਬਾਰ 'ਚ ਜਾ ਕੇ ਆਪਣੀ ਕਵਿਤਾ ਨੂੰ ਜਨਮ ਦਿੰਨਾ ਤਾਂ ਮੈਂ ਆਪ ਜੀ ਦਾ ਨਾਮ ਜ਼ਰੂਰ ਦੱਸ ਦਿੰਦਾ ਹਾਂ।

ਮੈਂ ਪਾਣੀ ਤੇ ਇੱਕ ਲਕੀਰ ਹਾਂ
ਮੈਂ ਤੜਫੀ ਦੀ ਇੱਕ ਤਸਵੀਰ ਹਾਂ
ਮੈਂ ਗ਼ਮਾਂ ਦੀ ਇੱਕ ਰਾਤ ਹਾਂ
ਮੈਂ ਇਸੇ ਲਈ ਇੱਕ ਲਾਸ਼ ਹਾਂ
ਮੈਂ ਛਲਕ ਦਾ ਇੱਕ ਜਾਮ ਹਾਂ
ਮੈਂ ਇਸੇ ਲਈ ਤਾਂ ਬਦਨਾਮ ਹਾਂ
ਮੈਂ ਸਾਗਰ ਦੀ ਇੱਕ ਬੂਦ ਹਾਂ
ਮੈਂ ਇਸੇ ਲਈ ਤੈਥੋਂ ਵਾਲਾ ਦੂਰ ਹਾਂ।
ਮੈਂ ਉਜੜੀ ਹੋਈ ਇੱਕ ਬਸਤੀ ਹਾਂ
ਮੈਂ ਇਸੇ ਲਈ ਇੱਕ ਹਸਤੀ ਹਾਂ।
ਮੈਂ ਨਦੀਆਂ ਤੋਂ ਟੁੱਟਾ ਇੱਕ ਨੀਰ ਹਾਂ
ਮੈਂ ਇਸੇ ਲਈ ਗ਼ਮਾਂ ਦੀ ਇੱਕ ਤਕਦੀਰ ਹਾਂ
ਮੈਂ ਕਬਰਾਂ ਦੀ ਇੱਕ ਲਾਟ ਹਾਂ
ਮੈਂ ਖੁਸੀਆਂ ਤੇ ਟੁੱਟੀ ਇੱਕ ਬਾਤ ਹਾਂ
ਸ਼ਾਇਰ ਵੀ ਇੱਕ ਗਮਾਂ ਦਾ ਖੋਲ ਹੈ।

ਮੈਂ ਇਸੇ ਲਈ ਹਰਫ਼ਾਂ ਦਾ ਇੱਕ ਬੋਲ ਹੈ।

**ਸ਼ੇਅਰ**

ਮੈਂ ਹੰਝੂਆਂ ਦੀ ਸੁਲਤਾਨ ਹਾਂ।
ਮੇਰੇ ਸਦਾ ਹੰਝੂ ਵਗਦੇ ਰਹਿਣਗੇ॥
ਤੇਰੇ ਗ਼ਮਾਂ ਦੇ ਚੁਰਾਗ ਮੇਰੇ ਘਰ ਦੀ।
ਦਹਿਲੀਜ਼ ਉਤੇ ਸਦਾ ਹੀ ਬਲਦੇ ਰਹਿਣਗੇ।

ਬੁਜ ਗਏ ਮੇਰੇ ਸਾਰੇ ਸ਼ਹਿਰ ਦੇ ਦੀਵੇ
ਅਚਾਨਕ ਅੱਜ ਕੌਣ ਦੀਪਕ ਜਗਾ ਗਿਆ
ਬੜੀ ਮੁਦਤਾ ਤੋਂ ਪਈ ਸੀ ਲਾਸ਼ ਮੇਰੀ
ਅੱਜ ਇਸ ਨੂੰ ਕੌਣ ਕਫ਼ਨ ਪਹਿਨਾ ਗਿਆ।

ਮੈਂ ਸੋਚਿਆ ਨਹੀਂ ਸੀ ਕਿ ਉਹ ਮੈਨੂੰ ਛੱਡ ਜਾਣਗੇ।
ਮੇਰੇ ਹੱਸਦਿਆਂ ਹੋਇਆਂ ਹਾਸਿਆਂ ਉਹ ਕਾਤਲ ਬਣ ਜਾਣਗੇ।

ਭੈਣ ਜੀ ਮੈਂ 500 ਕਵਿਤਾ ਲਿਖ ਦਿੱਤੀ ਹੈ ਤੇ 200 ਗੀਤ ਲਿਖ ਦਿੱਤਾ ਹੈ। 60 ਕਹਾਣੀਆਂ ਲਿਖ ਦਿੱਤੀਆਂ ਹਨ।

ਭੈਣ ਜੀ ਮੇਰਾ ਤੁਹਾਡੇ ਸਾਰੇ ਪਰਿਵਾਰ ਸਾਹਿਤ ਸਲਾਮ ਭੇਜਦਾ ਹਾਂ। ਭੈਣ ਜੀ ਮੈਂ ਆਪ ਜੀ ਨੂੰ ਕਦੇ ਭੁੱਲ ਨਹੀਂ ਸਕਦਾ ਭਾਵੇਂ ਮੈਨੂੰ ਮੌਤ ਵੀ ਆ ਜਾਵੇ ਮੈਂ ਆਪ ਦੇ ਹੱਥਾਂ ਦੀਆਂ ਰੋਟੀਆਂ ਖਾਧੀਆਂ ਹਨ ਜੋ ਪਿਆਰ ਤੁਹਾਡੇ ਘਰ ਤੋਂ ਮਿਲਿਆ ਉਹ ਕਦੇ ਅੱਜ ਤੱਕ ਆਪਣੇ ਘਰ ਵਿਚ ਵੀ ਨਹੀਂ ਮਿਲਿਆ। ਮੈਂ ਕਾਫ਼ੀ ਕਵਿਤਾ ਤੇ ਗੀਤ ਗਾਨੀ ਵਾਲਿਆਂ ਨੂੰ ਭੇਜੇ ਹਨ ਉਨ੍ਹਾਂ ਨੇ ਛਾਪ ਦਿੱਤੇ ਹਨ ਮੇਰੀ ਇੱਕ ਕਵਿਤਾ ਨਵੇਂ ਸਾਲ 2007 ਵਿਚ ਆਈ ਸੀ। ਸਾਹਿਤ ਆਪ ਨੇ ਪੜ੍ਹੇ ਹੋਣੇ ਭੈਣ ਜੀ ਤੁਹਾਡੀ ਬਦੌਲਤ ਮੈਂ ਸ਼ਾਇਰ ਬਣਿਆ ਹਾਂ ਤੇ ਕਵੀ ਕਿਉਂ ਬਣਿਆਂ ਉਹ ਮੈਂ ਤਾਂ ਬਣਿਆਂ ਕਿ ਮੇਰੀ ਜਲਦੀ ਪਹਿਚਾਣ ਬਣੇ ਤੇ ਪੰਜਾਂ ਸਾਲਾਂ ਵਿਚ ਮੇਰੀ ਸਾਰੀ ਦੁਨੀਆਂ ਹੋ ਗਈ। ਮੈਨੂੰ ਰੋਜ਼ 2-3 ਖ਼ਤ ਆਉਂਦੇ ਹਨ। ਅਖਬਾਰ ਵਾਲਿਆਂ ਨੇ ਮੇਰੀ ਘਰ ਆ ਕੇ ਆਰਟੀਕਲ ਲਾਏ 2006 ਵਿੱਚ। ਭੈਣ ਜੀ ਮੇਰਾ ਮੈਗਜ਼ੀਨ ਨਵਾਂ ਸ਼ਹਿਰ ਵਾਲੇ ਵੀ ਛਾਪਦੇ ਨੇ ਉਸ ਵਿਚ ਵੀ ਮੇਰੀਆਂ ਕਾਫ਼ੀ ਰਚਨਾਵਾਂ ਛਪ ਗਈਆਂ ਹਨ। ਭੈਣ ਜੀ ਗ਼ਰੀਬ ਜਿਹੇ ਵੀਰ ਨੂੰ ਖ਼ਤ ਜ਼ਰੂਰ ਲਿਖਣਾ ਨਾਲੇ ਫੋਨ ਨੰਬਰ ਭੇਜਣਾ। ਮੈਂ ਆਪ ਸੇ ਕਵਿਤਾ ਦਾ ਵਰਨਣ ਕਰਕੇ ਦੱਸਾਂਗਾ ਤੇ ਸ਼ਾਇਰੀ ਦੇ ਖੇਤਰ ਵਿਚ ਮੇਰੇ ਕਾਫ਼ੀ ਸ਼ੇਅਰ ਸ਼ਾਮਲ ਹੋ ਚੁੱਕੇ ਹਨ।

ਭੈਣ ਜੀ ਮੇਰੀ ਵੀ ਕਿਤਾਬ ਛਪ ਰਹੀ ਹੈ। ਉਸ ਦਾ ਟਾਈਟਲ ਸੋਚ ਕੇ ਰੱਖਣਾ ਹੈ ਮੇਰੀ ਕਿਤਾਬ ਵਿਚ ਗ਼ਮ ਤੇ ਗ਼ਰੀਬ ਦੀ ਕਹਾਣੀ ਤੇ ਲਾਮ ਬਣ ਕੇ ਤੁਰੀ ਜ਼ਿੰਦਗੀ ਮੈਂ ਤੇਰਾ ਸਰਨਾਮ ਕਵਰਾਂ ਕੋਲੋਂ ਪੁੱਛਾਂਗਾ। ਪੀੜ ਜਾਲਮ ਦੀ ਸੀਨੇ ਵਿਚ ਦੁਬਾਕੇ ਰੱਖੀਂ।

ਜਦ ਵੀ ਤੇਰਾ ਖ਼ਿਆਲ ਆਇਆ,
ਲੱਕੜਾਂ ਦੇ ਭਾਰ ਥੱਲੇ ਲਾਸ ਮੇਰੀ ਫਿਸਲ ਗਈ।
ਤੇਰੇ ਹੱਥਾਂ ਦੀ ਹਿਨਾ ਹੱਸ ਕੇ ਲਾਬੂੰ ਲਾ ਗਈ।
ਫੁੱਲਾਂ ਤੇ ਨਾ ਸੋਇਆ ਕਰੋ ਇੱਕ ਦਿਨ ਕੰਡਿਆਂ ਵਿਚ ਦਫਨ ਹੋ ਜਾਓਗੇ,
ਜੇ ਨਾ ਆਈ ਮੌਤ ਕਤੇ ਫਿਰ ਤੜਫ਼ ਤੜਫ਼ ਮਰ ਜਾਓਗੇ।

ਭੈਣ ਜੀ ਜੇਕਰ ਕੋਈ ਹਰਫ਼ ਗ਼ਲਤ ਲਿਖਿਆ ਗਿਆ ਹੋਵੇ ਤਾਂ ਦਾਸ ਸਮਝ ਕੇ ਮੁਆਫ਼ ਕਰ ਦੇਣਾ।

–0–

ਸ਼ਿਵ ਕੁਮਾਰ ਬਟਾਲਵੀ ਦੀ ਗ਼ਜ਼ਲ ਵਰਗੀ
ਗ਼ਜ਼ਲ ਨੂੰ, ਮੇਰੇ ਵੱਲੋਂ ਨਿੱਘੀ ਯਾਦ ਤੇ ਸਾਹਿਤਕ ਸਲਾਮ!

ਤੁਹਾਡਾ ਖ਼ਤ ਮਿਲਿਆ ਬਹੁਤ ਚੰਗਾ ਲੱਗਿਆ, ਖ਼ਤ ਵਿਚਲੀ ਖ਼ੂਬਸੂਰਤ ਸ਼ਬਦਾਵਲੀ ਰਾਹੀਂ ਮੈਂ ਤੁਹਾਡੀ ਤਾਸੀਰ ਦਾ ਵਾਕਫ਼ ਜਿਹਾ ਹੋ ਗਿਆ, ਭਾਵੇਂ ਮੈਂ ਤੁਹਾਨੂੰ ਅੱਜ ਤੱਕ ਕਿਤੇ ਵੇਖਿਆ ਨਹੀਂ, ਪਰ ਪਤਾ ਨਹੀਂ ਇੰਝ ਕਿਉਂ ਲੱਗੀ ਜਾਂਦੈ ਕਿ ਮੈਂ ਤੁਹਾਨੂੰ ਕਿਤੇ ਤਾਂ ਕਿਤੇ ਮਿਲਿਆ ਜ਼ਰੂਰ ਹਾਂ, ਚਲੋ ਖ਼ੈਰ ਇਹ ਤਾਂ ਸ਼ਾਇਦ ਮੇਰੇ ਮਨ ਦਾ ਵਹਿਮ ਹੈ, ਕਿੱਥੇ ਬਟਾਲਾ ਕਿੱਥੇ ਸੰਗਰੂਰ ਆਪਾਂ ਭਲਾਂ ਕਿਵੇਂ ਮਿਲ ਸਕਦੇ ਹਾਂ।

ਤੁਹਾਨੂੰ ਮੇਰੇ ਗੀਤਾਂ ਦੇ ਚੰਦ ਬੋਲ ਪਸੰਦ ਆਏ ਇਸ ਲਈ ਆਪ ਜੀ ਦੀ ਮੇਹਰਬਾਨੀ।

ਬਾਕੀ ਜੋ ਤੁਸੀਂ ਮੇਰੇ ਗੀਤ ਸੁਣਨੇ ਬੰਦ ਕਰਕੇ ਮੈਨੂੰ ਸਜ਼ਾ ਦੇ ਰਹੇ ਹੋ, ਇਹ ਤੁਹਾਡੇ ਅਤੇ ਤੁਹਾਡੀਆਂ ਸਹੇਲੀਆਂ ਲਈ ਚੰਗੀ ਗੱਲ ਨਹੀਂ, ਕਿਉਂਕਿ ਤੁਹਾਡਾ ਪੋਹਲਾ ਖ਼ਤ ਸੱਚਮੁੱਚ ਹੀ ਧਰਮ ਨਾਲ ਮੈਨੂੰ ਨਹੀਂ ਮਿਲਿਆ। ਤੁਹਾਡੇ ਲਈ ਇੱਕ ਬੇਕਸੂਰ ਬੰਦੇ ਨੂੰ ਇਸ ਤਰ੍ਹਾਂ ਸਜ਼ਾ ਦੇਣੀ ਠੀਕ ਨਹੀਂ, ਕਿਉਂਕਿ ਅਸੀਂ ਲੋਕ ਤਾਂ ਨਿੱਕੀ ਜਿੰਨੀ ਝਿੜਕ ਨਾਲ ਹੀ ਮਰ ਜਾਂਦੇ ਹਾਂ।

ਤੁਹਾਡੀਆਂ ਗੀਤ ਰੂਪੀ ਰਚਨਾਵਾਂ ਮੇਰੇ ਕੋਲ ਪੁੱਜ ਚੁੱਕੀਆਂ ਹਨ, ਉਨ੍ਹਾਂ ਨੂੰ ਕਿਸੇ ਕਲਾਕਾਰ ਤੋਂ ਰਿਕਾਰਡ ਕਰਵਾਕੇ ਮੈਂ ਤੁਹਾਡੀ ਖੁਸ਼ੀ ਲੈਣ ਦੀ ਪੂਰੀ ਪੂਰੀ ਕੋਸ਼ਿਸ਼ ਕਰਾਂਗਾ। ਇਹ ਮੇਰਾ ਤੁਹਾਡੇ ਨਾਲ ਵਾਅਦਾ ਹੈ।

ਮੇਰਾ ਪਿੰਡ ਸੰਗਰੂਰ ਤੋਂ ਬਰਨਾਲਾ ਰੋਡ ਤੇ 4 ਕਿਲੋ ਮੀਟਰ ਦੀ ਦੂਰੀ ਤੇ ਹੈ ਘਰ 2 ਨੰਬਰ 01672–89264 ਹੈ ਅਤੇ ਮੇਰਾ ਦਫ਼ਤਰ ਸੰਗਰੂਰ ਹੈ ਦਫ਼ਤਰ ਦਾ ਨੰਬਰ 01672–34390 ਹੈ। ਕਦੇ ਫੁਰਸਤ ਹੋਵੇ ਤਾਂ ਮਿਲ ਜਾਇਓ।

ਤੁਸੀਂ ਆਪਣਾ ਟੈਲੀਫੋਨ ਦੇਣਾ ਠੀਕ ਨਹੀਂ ਸਮਝਿਆ ਖੈਰ ਤੁਹਾਡੀ ਮਰਜ਼ੀ, ਕੋਈ ਗ਼ਲਤੀ ਹੋਵੇ ਤਾਂ ਮੁਆਫ਼ ਕਰ ਦੇਣਾ।

ਆਖ਼ਿਰ ਵਿਚ ਸਾਹਿਤਕ ਸੱਥ ਦੇ ਇਸ ਨਵੇਂ ਸੱਜਣਾਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਤੇ ਢੇਰ ਸਾਰਾ ਸਤਿਕਾਰ, ਤੁਹਾਡੇ ਅਗਲੇ ਖ਼ਤ ਵਿਚ ਫੋਨ ਨੰਬਰ ਅਤੇ ਕੁੱਝ ਸੱਜਰੀਆਂ ਰਚਨਾਵਾਂ ਦੀ ਉਡੀਕ ਵਿੱਚ।

*ਤੁਹਾਡੇ ਆਪਣਿਆਂ ਵਰਗਾ*

–0–

Dear Friend Kuljeet

ਸਤਿ ਸ੍ਰੀ ਅਕਾਲ,

ਕੁਲਜੀਤ ਤੂੰ ਆਉਣ ਦਾ ਲਾਰਾ ਲਾ ਕੇ ਫਿਰ ਆਉਂਦੀ ਹੀ ਨਹੀਂ ਹੈ। ਮੈਂ ਤੇਰੀ ਉਡੀਕ ਕਰਦੀ ਰਹਿੰਦੀ ਹਾਂ। ਬੇਵੀ ਜ਼ਰੂਰੀ ਨਹੀਂ ਕੀ ਸਕੂਟਰ ਤੇ ਹੀ ਆਉਣਾ ਹੈ ਸਾਈਕਲ ਤੇ ਵੀ ਆ ਸਕਦੀ ਏਂ। ਬੇਟੀ ਹੁਣ ਜ਼ਰੂਰ ਆਉਣਾ ਹਾਂ ਜੇਕਰ ਆਉਣ ਦੀ ਮਜ਼ਬੂਰੀ ਹੈ ਤਾਂ ਫਿਰ ਨਾ ਆਉਣਾ। ਮਜ਼ਬੂਰ ਨਹੀਂ ਕਰਦੀ। ਬਾਕੀ ਤੇਰੇ ਨਾਲ ਜ਼ਰੂਰੀ ਗੱਲ ਕਰਨੀ ਹੈ। ਟਾਈਮ ਕੱਢਣਾ ਆਪਣਿਆਂ ਵਾਸਤੇ ਤਾਂ ਆਪਣਿਆਂ ਵਾਸਤੇ ਪੈਂਦਾ ਹੀ ਹੈ।

***Bye***
***From Raj***
***Mugho Sohi***
***ASR***

–0–

To

Dear Sister

how are you?

ਦੀਦੀ ਮੈਂ ਤੁਹਾਡੀ ਰੁੱਝੀ ਹੋਈ ਜ਼ਿੰਦਗੀ ਵਿਚੋਂ ਥੋੜ੍ਹਾ ਜਿਹਾ ਟਾਈਮ ਮੰਗਣ ਦੀ ਗੁਸਤਾਖੀ ਚਾਹੁੰਦੀ ਹਾਂ।

ਵੀਨਾ ਨੇ Gurdaspur ਵਿਚੋਂ ਪਸਟ ਪੁਜੀਸ਼ਨ ਪ੍ਰਾਪਤ ਕੀਤੀ ਹੈ। ਹੁਣ ਉਸਦਾ Compitition State lavel ludhiana ਵਿਚੋਂ 'ਪੰਜਾਬੀ ਭਵਨ' ਵਿਚ ਹੈ। ਵੀਨਾ ਨੂੰ Personal letter ਆਈ ਹੈ। ਇਸ ਲਹੀ ਸਕੂਲ ਵੱਲੋਂ ਕੋਈ ਵੀ ਸਹਾਇਤਾ ਨਹੀਂ ਕੀਤੀ ਜਾਵੇਗੀ। 5 ਨਵੰਬਰ ਨੂੰ 10 ਵਜੇ ਸਵੇਰੇ ਉਥੇ ਪਹੁੰਚਣਾ ਜ਼ਰੂਰੀ ਹੈ।

But bad luck ਕਿ ਪਾਪਾ ਵੀ ਵਿਹਲੇ ਨਹੀਂ ਤੇ ਮੰਮੀ ਸੋਮਵਾਰ ਦਾ ਦਿਨ ਹੋਣ ਕਰਕੇ ਕਿਤੇ ਨਹੀਂ ਜਾ ਸਕਦੇ ਤੇ ਮੈਂ ਜਾਂ ਕੋਈ ਹੋਰ ਆਪਣੇ femalesex ਹੋਣ ਕਰਕੇ ਜਾ ਨਹੀਂ ਸਕਦੀ।

ਤੁਸੀਂ ਜਾਣਦੇ ਹੋ ਕਿ ਇਹ ਤੁਹਾਡਾ Good luck ਹੈ ਕਿ ਤੁਹਾਨੂੰ Independence ਮਿਲੀ ਹੈ ਪਰ ਸਾਡੇ ਘਰ ਦੇ ਮਾਹੌਲ ਵਿਚ ਅਜਿਹੀ ਚੀਜ਼ ਤੋਂ ਵਾਂਝੇ ਹਾਂ ਅਸੀਂ।

ਪਲੀਜ਼ ਵੀਨਾ ਦੇ ਦਿਲ ਵਿਚ ਫਸਟ ਪੁਜੀਸ਼ਨ ਲੈਣ ਲਈ ਜੋ ਆਸਾਂ State level ਤੋਂ ਹੈ। ਤੁਸੀਂ ਪੂਰੀ ਕਰ ਸਕਦੇ ਹੋ ਜੇ ਤੁਸੀਂ ਨਾਲ ਚੱਲਣ ਦਾ ਕਸ਼ਟ ਕਰੋ।

ਕੱਲ੍ਹ ਮੈਂ ਜਦੋਂ ਘਰ ਪਹੁੰਚੀ ਤਾਂ ਵੀਨਾ ਨੂੰ ਚਿੱਠੀ ਫੜ ਕੇ ਰੋਂਦਿਆਂ ਵੇਖਿਆ ਉਹਦੀਆਂ ਅੱਖਾਂ ਵਿਚ ਜਿੱਥੇ ਸਟੇਟ ਲੈਵਲ ਤੋਂ ਜਿੱਤਣ ਦੀ ਆਸਾ ਤੇ ਪ੍ਰਤਿਸ਼ਠਾ ਸੀ, ਉਹ ਲੁਧਿਆਣਾ ਨਾ ਜਾਣ ਬਾਰੇ ਸੁਣ ਕੇ ਨਮ ਜਿਹੀ ਦਿਖ ਰਹੀ ਸੀ।

ਪਲੀਜ਼ ਤੁਸੀਂ ਉਹਦੀ ਮੱਦਦ ਕਰੋ ਤੇ ਜਿਸ ਪੱਧਰ ਤੱਕ ਤੁਸੀਂ ਕੱਲ੍ਹੇ ਹੀ ਕੋਸ਼ਿਸ਼ ਕਰਕੇ ਪਹੁੰਚੇ ਹੋ ਬਿਨਾਂ ਕਿਸੇ ਮੱਦਦ ਤੋਂ ਉਥੋਂ ਦੀ ਇੱਕ ਪੌੜੀ ਤੇ ਵੀਨਾ ਨੂੰ ਪਹੁੰਚਣ ਵਿਚ ਮੱਦਦ ਕਰੋ।

*ਬੜੀ ਉਮੀਦਾਂ ਲਾਈ ਬੈਠੀ*
*ਤੁਹਾਡੀ ਛੋਟੀ ਭੈਣ*
*ਰਾਜਵਿੰਦਰ।*

-0-

My Dear Sweet Friend
Harinder
How Are you?

ਸਭ ਤੋਂ ਪਹਿਲਾਂ ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ। ਹੋਰ ਸੁਣਾ ਦਿਨ ਕਿਵੇਂ ਦੇ ਬੀਤ ਰਹੇ ਹਨ। ਕਦੀ ਨੌਰੇ ਦੀ ਯਾਦ ਵੀ ਆਉਂਦੀ ਹੈ ਜਾਂ ਨਹੀਂ। ਵੈਸੇ ਨੌਰਾ ਕਦੀ ਨਹੀਂ ਭੁੱਲ ਸਕਦਾ ਔਰ ਮੈਂ ਜਾਣਦੀ ਹਾਂ ਕਿ ਤੂੰ ਵੀ ਨੌਰਾ ਨੂੰ ਕਦੀ ਨਹੀਂ ਭੁਲਾ ਸਕਦੀ। ਕਿਉਂਕਿ ਇੱਥੇ ਦੋ ਸਾਲਾਂ ਵਿੱਚ ਅਸੀਂ ਬਹੁਤ ਕੁਝ ਸਿੱਖਿਆ ਹੈ। ਸਾਰੀਆਂ ਸਹੇਲੀਆਂ ਬਹੁਤ ਯਾਦ ਆਉਂਦੀਆਂ ਹਨ। ਖੱਟੀਆਂ ਮਿੱਠੀਆਂ ਯਾਦਾਂ ਦਿਲ ਵਿਚੋਂ ਨਹੀਂ ਨਿੱਕਲਦੀਆਂ। ਹੋਰ ਸੁਣਾ ਮੈਨੂੰ ਪਤਾ ਹੈ ਤੂੰ ਤੇ ਸ਼ੈਲੀ ਹਰ ਰੈਲੀ ਤੇ ਜਾਣੀਆਂ ਹੋ ਪਰ ਘਰ ਦੀਆਂ ਕੁਝ ਪਰਾਬਲਮਜ਼ ਕਾਰਨ ਮੈਂ ਰੈਲੀ ਤੇ ਨਹੀਂ ਜਾਂਦੀ। ਪਰ ਫਿਰ ਵੀ ਮੇਰੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਇਨ੍ਹਾਂ ਰੈਲੀਆਂ ਦਾ ਮੁੱਲ ਪੈ ਜਾਵੇ ਤੇ ਜਲਦੀ ਗੌਰਮਿੰਟ ਨੌਕਰੀ ਮਿਲ ਜਾਵੇ। ਹੋਰ ਸੁਣਾ ਸ਼ੈਲੀ ਦਾ ਕੀ ਹਾਲ ਚਾਲ ਹੈ। ਉਸ ਦੀ ਵੀ ਬਹੁਤ ਯਾਦ ਆਉਂਦੀ ਹੈ। ਉਸ ਦੀਆਂ ਸ਼ਰਾਰਤਾਂ ਬਹੁਤ ਯਾਦ ਆਉਂਦੀਆਂ ਹਨ ਸੱਚ ਦੱਸਾਂ ਤਾਂ ਸਹੇਲੀਆਂ ਵਿਚੋਂ ਤੇਰੀ, ਸ਼ੈਲੀ ਤੇ ਤਰੰਨਮ ਦੀ ਬਹੁਤ ਯਾਦ ਆਉਂਦੀ ਹੈ। ਮੈਂ ਪਹਿਲਾਂ ਵੀ ਤੈਨੂੰ ਇੱਕ ਲੈਟਰ ਲਿਖੀ ਸੀ ਪਰ ਪੋਸਟ ਨਹੀਂ ਕਰ ਸਕੀ। ਹੋਰ ਥੋੜ੍ਹੇ ਦਿਨਾਂ ਤੱਕ ਤਰੰਨਮ ਦਾ ਫ਼ੋਨ ਵੀ ਆਵੇਗਾ ਤੇ ਉਸਦੇ ਵਿਆਹ ਦਾ ਕਾਰਡ ਵੀ ਕਹਿੰਦੀ ਸੀ ਕਿ ਮੈਂ ਹਰਿੰਦਰ ਸ਼ੈਲੀ ਨੂੰ ਵੀ ਵਿਆਹ ਤੇ ਜ਼ਰੂਰ ਬੁਲਾਉਣਾ ਹੈ। ਸ਼ਾਇਦ ਮੇਰਾ ਲੈਟਰ ਮਿਲਣ ਤੋਂ ਪਹਿਲਾਂ ਤੈਨੂੰ ਫ਼ੋਨ ਆ ਜਾਵੇ। ਉਸ ਦੀ ਤੇ ਵੀਨਾ ਦੀ ਮੈਰਿਜ਼ ਇਕੱਠੇ ਹੈ। 23 ਨੂੰ ਤਰੰਨਮ ਦੀ ਤੇ 24 ਨੂੰ ਵੀਨਾ ਦੀ। ਦੋਹਾ ਭੈਣਾਂ ਦੀ ਮੈਰਿਜ਼ ਦੇਖਣ ਦਾ ਬਹੁਤ ਮਜ਼ਾ ਆਵੇਗਾ। ਮੈਂ ਪਹਿਲਾਂ ਫ਼ੋਨ ਕਰਨ ਬਾਰੇ ਸੋਚਿਆ ਸੀ ਪਰ ਫਿਰ ਸੋਚਿਆ ਫ਼ੋਨ ਤਾਂ ਫਿਰ ਕਰ ਲਵਾਂਗੀ ਪਰ ਲੈਟਰ ਲਿਖਣ ਦਾ ਮਜ਼ਾ ਕੁਝ ਹੋਰ ਹੀ ਹੈ। ਹੋਰ ਸੁਣਾ ਦੀਦੀ ਕੁਲਜੀਤ ਦਾ ਕੀ ਹਾਲ ਹੈ ਉਨ੍ਹਾਂ ਦੀ ਮੈਰਿਜ਼ ਵੀ ਜ਼ਰੂਰ ਦੇਖਣੀ ਹੈ। ਜਦੋਂ ਵੀ ਰਿਸ਼ਤਾ ਹੋਵੇ ਜ਼ਰੂਰ ਦੱਸੀਂ ਤੇ ਮੈਰਿਜ਼ ਤੇ ਜ਼ਰੂਰ ਬੁਲਾਵੀਂ। ਹੋਰ ਕਦੀ ਟਾਈਮ ਮਿਲਣ ਤੇ ਫ਼ੋਨ ਜ਼ਰੂਰ ਕਰੀਂ। ਮੇਰਾ ਫ਼ੋਨ ਨੰ 98720-68485 ਹੈ। ਕਦੀ ਮੌਕਾ ਮਿਲਿਆ ਤਾਂ ਮੈਂ ਤੇਰੇ ਘਰ ਜ਼ਰੂਰ ਆਵਾਂਗੀ। ਔਰ ਤੂੰ ਵੀ ਜਦੋਂ ਕਿਤੇ ਅੰਮ੍ਰਿਤਸਰ ਆਏ ਤਾਂ ਫ਼ੋਨ ਕਰੀਂ ਤੇ ਮੈਂ ਤੈਨੂੰ ਖੁਦ ਆਪਣੇ ਘਰ ਲੈ ਜਾਵਾਂਗੀ। ਹੋਰ ਸ਼ੈਲੀ ਮਿਲੇ ਤਾਂ ਉਸ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਆਖੀਂ। ਕਿਉਂਕਿ ਉਸ ਨੂੰ ਮੈਂ ਹਾਲੇ ਕੋਈ ਲੈਟਰ ਨਹੀਂ ਲਿਖਿਆ। 1-2 ਹਫ਼ਤੇ ਤੱਕ ਉਸ ਨੂੰ ਵੀ ਲੈਟਰ ਲਿਖਾਂਗੀ। ਮੈਨੂੰ ਪਤਾ

ਨਹੀਂ ਤੈਨੂੰ ਮੇਰਾ ਲੈਟਰ ਪਸੰਦ ਆਵੇ ਜਾਂ ਨਾ ਪਰ ਇਹ ਲੈਟਰ ਮੈਂ ਦਿਲੋਂ ਲਿਖੀ ਹੈ ਕਿਉਂਕਿ ਡਾਈਟ ਵਿਚ ਸਭ ਤੋਂ ਵੱਧ ਮੈਨੂੰ ਤੇਰਾ ਸੁਭਾਅ ਹੀ ਵਧੀਆ ਲੱਗਾ ਤੇ ਤੇਰੇ ਤੋਂ ਹੀ ਸਭ ਤੋਂ ਵੱਧ ਮੈਂ ਪ੍ਰਭਾਵਿਤ ਹੋਈ। ਅੰਤ ਵਿਚ ਸਾਰੇ ਪਰਿਵਾਰ ਨੂੰ ਮੇਰੇ ਵੱਲੋਂ ਇੱਕ ਵਾਰ ਫਿਰ ਸਤਿ ਸ੍ਰੀ ਅਕਾਲ।

*ਤੇਰੀ ਸਹੇਲੀ*
*ਗੁਰਬਿੰਦਰ*
*ਨਿੱਕੀ*

–0–

18. 3. 02

ਮੇਰੀ ਪਿਆਰੀ ਛੋਟੀ ਭੈਣ,

ਪਿਆਰ ਭਰੀ ਸਤਿ ਸ੍ਰੀ ਅਕਾਲ। ਅਸੀਂ ਸਾਰੇ ਇੱਥੇ ਰਾਜੀ–ਖ਼ੁਸ਼ੀ ਹਾਂ। ਆਪਦੀ ਰਾਜੀ ਖ਼ੁਸ਼ੀ ਪ੍ਰਮਾਤਮਾ ਪਾਸੋਂ ਨੇਕ ਮੰਗਦਾ ਹਾਂ। ਅੱਗੇ ਸਮਾਚਾਰ ਇਹ ਹੈ ਕਿ ਤੇਰੇ ਪੇਪਰ 20 ਨੂੰ ਚਾਲੂ ਹੋਣੇ ਹਨ ਤਾਂ ਮਿਹਨਤ ਕਰਕੇ ਬੜੇ ਪਿਆਰ ਨਾਲ ਪੇਪਰ ਦੇਣੇ ਹਨ। ਮੇਰੇ ਪੇਪਰ ਠੀਕ–ਠਾਕ ਹੋ ਗਏ ਹਨ। ਲੱਕੀ ਦੀਦੀ ਨੂੰ ਮੰਮੀ ਜੀ ਕੱਲ੍ਹ ਨੋਰੇ ਛੱਡ ਆਏ ਹਨ। ਮੇਰੀ ਪਿਆਰੀ ਭੈਣ ਜਿਸ ਤਰ੍ਹਾਂ ਉਸ ਨੂੰ ਮਿਹਨਤ ਦਾ ਫ਼ਲ ਮਿਲ ਗਿਆ ਹੈ ਉਸੇ ਤਰ੍ਹਾਂ ਮਿਹਨਤ ਕਰਨੀ। ਆਪਣੀ ਸਿਹਤ ਦਾ ਖਾਸ ਖ਼ਿਆਲ ਰੱਖਣਾ ਕਿਉਂਕਿ ਸਿਹਤ ਹੀ ਸਭ ਤੋਂ ਵੱਡਾ ਧਨ ਹੈ। ਜੇ ਪੜ੍ਹਾਈ ਵਿਚ ਕੋਈ ਵਿਗਨ ਪੈਂਦਾ ਹੈ ਤਾਂ ਨਿਸ਼ਾ ਮੈਡਮ ਕੋਲੋਂ ਪੁੱਛ ਲੈਣਾ। ਸਹੇਲੀਆਂ ਨਾਲ ਮਿਲ–ਜੁਲ ਕੇ ਰਹਿਣਾ ਤੇ ਲੜਾਈ ਨਹੀਂ ਕਰਨੀ। ਮੰਮੀ ਜੀ ਫਿਰ ਆਖਦੇ ਹਨ ਧਿਆਨ ਨਾਲ ਇਕ ਮਨ ਹੋ ਕੇ ਪੜ੍ਹਨਾ ਤੇ ਉਹ ਕਹਿੰਦੇ ਹਨ ਕਿ ਜੇ ਤੈਨੂੰ ਕਿਸੇ ਚੀਜ਼ ਦੀ ਲੋੜ ਪੈਂਦੀ ਹੈ ਤਾਂ ਮੈਡਮ ਨੂੰ ਪੈਸੇ ਦੇ ਕੇ ਮੰਗਵਾ ਲਿਆ ਕਰ। ਮੰਮੀ ਦਾ ਕਹਿਣਾ ਹੈ ਕਿ ਗੁੱਤਾਂ ਕਰਕੇ ਵਾਲਾਂ ਨੂੰ ਵਧਾਉਣਾ ਹੈ।

ਮੰਮੀ–ਡੈਡੀ ਤੇ ਬਾਕੀ ਸਾਰਿਆਂ ਵੱਲੋਂ ਪਿਆਰ।

*ਤੇਰਾ ਵੀਰ*

–0–

ਸਾਰੇ ਪਰਿਵਾਰ ਨੂੰ ਮਲਕੀਤ ਵੱਲੋਂ ਸਤਿ ਸ੍ਰੀ ਅਕਾਲ।

ਮੈਂ ਏਥੇ ਠੀਕ ਠਾਕ ਹਾਂ। ਰੱਬ ਕਰੇ ਤੁਸੀਂ ਵੀ ਠੀਕ ਠਾਕ ਰਹੋ। ਮੰਮੀ ਜੀ ਮੇਰੀ ਘਰ ਭਗੋਲ ਦੀ ਕਿਤਾਬ ਰਹਿ ਗਈ ਹੈ। ਪਰ ਉਹ ਹਿੰਦੀ ਵਿਚ ਹੈ ਜ਼ਰੂਰ ਲਿਆਉਣਾ ਮਾਊਲ ਅੰਕਲ ਦੇ ਹੱਥ ਟੋਪੀ, ਕਿਤਾਬ ਇਹ ਜ਼ਰੂਰ ਭੇਜ ਦੇਣਾ। ਮੰਮੀ ਜੀ ਤੁਸੀਂ ਜਨਵਰੀ ਦੇ ਪਹਿਲੇ ਐਤਵਾਰ 6 ਤਰੀਕ ਨੂੰ ਜ਼ਰੂਰ ਆਉਣਾ ਬੱਸ ਮੰਮੀ ਜੀ ਤੇ ਡੈਡੀ ਜੀ ਤੁਸੀਂ ਤਾਂ ਜ਼ਰੂਰ ਆਉਣਾ ਤੁਸੀਂ ਦੋਹਾਂ ਨੇ ਆਉਣਾ ਜ਼ਰੂਰ ਮੈਂ ਤੁਹਾਡੀ 9 ਵਜੇ ਤੱਕ ਉਡੀਕ ਕਰਾਂਗੀ। ਰੋਟੀ, ਸਬਜ਼ੀ ਤੇ ਖੀਰ ਜ਼ਰੂਰ ਲਿਆਉਣਾ। ਡੋਡੀਆਂ ਤੇ ਰੇੜੀਆਂ ਤੇ ਜੋ ਤੁਸੀਂ ਘਰ ਵਿਚ ਬਣਾਇਆ ਹੋਵੇਗਾ ਉਹ ਲਿਆਉਣਾ। ਬੀਬੀ

ਜੀ ਨੂੰ ਸਤਿ ਸ੍ਰੀ ਅਕਾਲ। 5 ਰੁਪਏ ਦੇ ਰਸ ਵੀ ਲਿਆਉਣਾ ਘੜੀ ਪੈਂਟ ਕਮੀਜ਼ ਉਹੋ ਲੈ ਕੇ ਆਉਣੀ ਜਿਹੜੀ ਮੈਂ ਵੇਖੀ ਸੀ ਜੇ ਪੈਸੇ ਹੈਗੇ ਤਾਂ ਲਿਆਉਣੀ ਨਹੀਂ ਤਾਂ ਬਾਅਦ ਵਿਚ ਲੈ ਆਉਣਾ। ਟਰੰਕ ਨਹੀਂ ਲਿਆਉਣਾ ਉਹ ਛੁੱਟੀਆਂ ਤੋਂ ਬਾਅਦ ਲਿਆਉਣਾ। ਮੈਨੂੰ ਤੁਹਾਡੀ ਬਹੁਤ ਯਾਦ ਆਉਂਦੀ ਹੈ। ਇੱਕ ਸੂਈ ਕਢਾਈ ਕੱਢਣ ਵਾਲੀ ਸਿਰਫ਼ ਮੰਮੀ ਤੇ ਡੈਡੀ ਜੀ ਨੇ ਹੀ ਆਉਣਾ ਹੈ। ਜੇ ਨਾ ਆਏ ਤਾਂ ਵੇਖ ਲਿਉ। ਕੀ ਬਣਦਾ ਜ਼ਰੂਰ ਮੰਮੀ ਤੇ ਡੈਡੀ ਜੀ ਨੇ ਆਉਣਾ ਬੱਸ ਆਉਣਾ ਤੇ ਆਉਣਾ 9 ਵਜੇ ਤੱਕ ਫਿਰ ਸਾਰਿਆਂ ਨੂੰ ਸਤਿ ਸ੍ਰੀ ਅਕਾਲ। ਤੁਹਾਡੀ ਮਲਕੀ ਵਜੋਂ ਜੇ ਮਲਕੀਤ ਨਾ ਹੁੰਦੀ ਤਾਂ ਤੁਹਾਨੂੰ ਐਨਾ ਖਰਚਾ ਨਾ ਪੈਂਦਾ।

-0-

10-4-2002

ਪਿਆਰੀ ਮਲਕੀਤ, ਸਤਿ ਸ੍ਰੀ ਅਕਾਲ!

We are fine here. Ho are you? ਗੋਪੀ ਠੀਕ ਠਾਕ ਹੈ। ਲੱਕੀ ਨਵਾਂ ਸ਼ਹਿਰ ਹੀ ਹੈ। ਦਾਦੀ ਜੀ ਕਲੇਰੀਂ ਗਈ ਹੈ। ਗੁਰਪ੍ਰੀਤ ਨੂੰ ਕੱਲ੍ਹ-ਪਰਸੋਂ ਦਾਖ਼ਲਾ ਦਿਵਾਉਣਾ ਹੈ। ਮੇਰੇ ਪੇਪਰ 16 ਅਪ੍ਰੈਲ ਤੋਂ ਸ਼ੁਰੂ ਹਨ। ਮੰਮੀ ਠੀਕ-ਠਾਕ ਹੈ। ਮੰਮੀ ਨੇ ਕਿਹਾ ਹੈ ਕਿ ਹੁਣ ਤੈਨੂੰ ਜਦੋਂ ਛੁਟੀਆਂ ਹੋਣੀਆਂ ਹਨ ਉਦੋਂ ਹੀ ਲੈਣ ਆਵਾਂਗੇ। ਪੜ੍ਹਾਈ ਦਾ ਕੀ ਹਾਲ ਹੈ? ਫੀਲ ਨਹੀਂ ਕਰਨਾ, ਮੰਮੀ ਬਹੁਤ ਬਿਜ਼ੀ ਹੈ ਇਸ ਲਈ ਨਹੀਂ ਆ ਸਕੀ, ਤੂੰ ਫ਼ਿਕਰ ਨਹੀਂ ਕਰਨਾ, ਤੈਨੂੰ ਪਤਾ ਹੈ ਕਿ ਲੱਕੀ ਨੂੰ ਵੀ ਛੱਡਣ ਜਾਣਾ ਸੀ ਤੇ। ਉਸਦਾ ਸਾਰਾ ਸਮਾਨ ਵੀ ਭੇਜਣਾ ਸੀ। ਇਸ ਲਈ ਮੋਟੇ ਫਿਕਰ ਨਹੀਂ ਕਰਨਾ। ਮਨ ਲਾ ਕੇ ਪੜ੍ਹਾਈ ਕਰਨੀ ਹੈ। ਡਟ ਕੇ ਪੜ੍ਹਨਾ ਹੈ। ਫਸਟ ਆਉਣਾ ਹੈ। ਕਿਸੇ ਨਾਲ ਲੜਾਈ ਨਹੀਂ ਕਰਨੀ। ਨਿਸ਼ਾ ਮੈਡਮ ਨੂੰ ਸਤਿ ਸ੍ਰੀ ਅਕਾਲ ਕਹਿਣੀ। ਸਾਰਿਆਂ ਨੂੰ ਜੀ-ਜੀ ਕਰਕੇ ਬੋਲਣਾ ਹੈ। ਖੇਡਣਾ ਵੀ ਹੈ। ਚੰਗੀ ਜਿਹੀ ਗ਼ੇਮ ਖੇਡਣੀ। ਹੋਰ ਸਭ ਠੀਕ-ਠਾਕ ਹੈ। ਡੈਡੀ-ਮੰਮੀ, ਲੱਕੀ, ਗੁਰਪ੍ਰੀਤ, ਸੰਦੀਪ, ਪਵਨ, ਪ੍ਰਿੰਸ, ਅੰਟੀ ਤੇ ਭਾਬੀਆਂ ਸਾਰੇ ਤੈਨੂੰ ਯਾਦ ਕਰਦੇ ਹਨ। ਪਵਨ ਨਵਾਂ ਸਾਇਕਲ ਲਿਆਇਆ ਹੈ। ਤੂੰ ਫਿਕਰ ਨਾ ਕਰੀਂ। ਆਪਣੇ ਸਿਹਤ ਦੀ ਸੰਭਾਲ ਕਰਨੀ। ਤੇਰੀ ਦੀਦੀ ਕੁਲਜੀਤ ਗ਼ਜ਼ਲ।

***ਪਿੰਡ : ਤਲਵੰਡੀ ਖੁੰਮਣ***

***ਡਾਕ : ਪਾਖਰਪੁਰਾ, ਅੰਮ੍ਰਿਤਸਰ-143502***

-0-

Written far Malkeet Kaur.

सारे परिवार को प्रणाम

मैं जहाँ ठीक ठाक हूँ। ईश्वर की कृपा हो आप भी ठीक ठाक रहें। मम्मी मुझे आप  सभ की बहुत जाद आती है। मेरी Final Exam में 4+a Position आई है। मम्मी Please Sorry First Posetion नहीं ले सकी। क्योंकि यहां हर कोई बच्चा होछिआर आता है। इस लिए में 1st Position

न ले सकी। मम्मी मेरे बाल बड़े हो गये हैं। मम्मी जी जब में छुट्टियों में घर जाऊँगी तो में books के ऊपर जिलते चडवानी है। मैंने कवर भी चडवाने है। मैं कवर गोइदवाल से लेलूंगी। आप मुझे 30 तारीक को मंगलवार 11 बजे जरुर ले जाना पलीज़ जल्दी से जल्दी ले जाना क्यिों कि मुझे सब को जल्दी मिलना है कितनी देर हो गई सबको मिले हुए। दादी जी को बोलना मंगलवार तक जरुर घर आ जाय। जब आप ने मुझे 30 तारीक को लेने आना है उस दिन मेरी सरदएी कलर वाली फरोक ले आना जरुर ले आना भूल मत जाना। जब आप भूल गए तो में घर क्या पाकर जाऊंगी। मम्मी जी आप कुलजीत दीदी की कोई जुती ले आना। क्यों कि मेरे पास घर जाने के लिए कोई जुती नहीं है। सभी लड़कियों ने जुतियां पहिननी है। में भी पहिनूगी। मम्मी पलीज आप जरुर ले आना। कुलजीत दीदी को मना लेना। जे आप जुती नहीं लेकर आये तो में घर नहीं जाऊंगी। पलीज ले आना। मेरा समान घर खड़ने वाला है-एक बैग एक स्कूल बैग, रजाई, एक लीफाफा है यह सभ समान है। मम्मी जी आप ही मुझे लेने आना। जे कोई काम पै गया हो तो जरुर डैडी जी मो भेज देना। मैंने गुरप्रीत, संदीप, पवन, प्रिंस के लिए जरुर कोई चीज खडनी है। पहले बताये की आप में Parents day को क्यों नहीं आये। मैं बहुत रोई थी। आप निशा मैड़म के घर फून नहीं किया। मम्मी जी अब मैं 7th Class में हो गई हूँ। मुझे कापियों की बहुत जरुरत थी। स्कूल से सिर्फ छे कापियां ही मिली थी। परन्तू Subjects के लगनी 15 थी। अब में सारा काम रोज कापी पर करती हूँ । मुझे बहुत प्राबलम आई थी। परन्तु अब नहीं हैं। अब मैं खुश हूँ क्यों कि मुझे छुट्टियों की खुशी है। मम्मी जी साड़े सातवीं कक्षा के Unit Test 26 तरीक को शुरु हैं।

मैं अच्छा पडूंगी मन लगाकर। मैंने छुट्टियों में कहीं नहीं जाना। जाना है तो सिर्फ भूआ-भावी के पास जाना है। मम्मी जी 30 तरीक अप्रैल 2002 को जरुर आना। जुती भी जरुर लाना पलीज लाना। जरुर लाना। मुझे आपकी उडीक है 11 बजे जरुर ग्यारह बजे आ जाना। जरुर जाना फरोक भी जरुर लाना।

फिर सभी को एक बार आपकी बेटी से प्रणाम में अब लैटर बंद कर रही हूँ।

मेरी लीखाई साफ नहीं हुई। अपनी पियारी बेटी समझ के मुआफ करना।

-0-

20-03-2007

ਆਦਰਯੋਗ ਬੇਟੀ ਕੁਲਜੀਤ ਕੌਰ 'ਗ਼ਜ਼ਲ' ਜੀ

ਸਤਿ ਸ੍ਰੀ ਅਕਾਲ ਪ੍ਰਵਾਨ ਹੋਵੇ

ਆਪ ਜੀ ਦਾ ਗ਼ਜ਼ਲ ਸੰਗ੍ਰਹਿ 'ਤ੍ਰੇਲ ਜਹੇ ਮੋਤੀ' ਮੈਂ ਬਹੁਤ ਹੀ ਦਿਲਚਸਪੀ ਨਾਲ ਪੜ੍ਹਿਆ ਹੈ। ਉਹ ਪੈਂਫਲਿਟ ਤੇ ਰਸਾਲੇ ਵੀ ਪੜ੍ਹ ਰਿਹਾ ਹਾਂ। ਉਨ੍ਹਾਂ ਨੂੰ ਵੀ ਆਪ ਜੀ ਦੇ ਹਵਾਲੇ ਨਾਲ ਧੰਨਵਾਦ ਪੱਤਰ ਲਿਖ ਰਿਹਾ ਹਾਂ।

ਮੈਂ ਕੁਝ ਸਮੇਂ ਲਈ ਸ੍ਰੀਨਗਰ ਚਲਾ ਗਿਆ ਸੀ ਇਸ ਲਈ ਪੁਸਤਕ ਬਾਰੇ ਆਪਣੇ ਵਿਚਾਰ ਲਿਖਣ ਵਿਚ ਦੇਰੀ ਹੋਈ ਹੈ। ਨਾਲ ਹੀ ਹੁਣ ਲਿਖ ਭੇਜ ਰਿਹਾ ਹਾਂ।

ਮੈਂ ਸਾਹਿਤਕ ਪੜਚੋਲ ਲਿਖਣ ਦਾ ਮਾਹਿਰ ਤਾਂ ਨਹੀਂ ਪਰ ਇੱਕ ਸਾਧਾਰਨ ਜਿਹਾ ਪਾਠਕ ਹੋਣ ਦੇ ਨਾਤੇ ਜੋ ਵੀ ਚੰਗੀ ਪੁਸਤਕ ਪੜ੍ਹਨ ਨੂੰ ਮਿਲਦੀ ਹੈ ਉਸ ਦੇ ਲੇਖਕ ਨੂੰ ਆਪਣੇ ਤਾਅਸਰਾਤ ਲਿਖ ਭੇਜਦਾ ਹਾਂ।

ਆਪ ਜੀ ਦਾ ਇਹ ਰੌਚਕ ਤੇ ਅਤਿ ਪਿਆਰਾ ਇਹ ਗ਼ਜ਼ਲ ਸੰਗ੍ਰਹਿ ਮੈਨੂੰ ਬਹੁਤ ਹੀ ਅੱਛਾ ਲੱਗਾ ਹੈ। ਪੜ੍ਹ ਕੇ ਆਪਣੀ ਪ੍ਰਤੀਕ੍ਰਿਆ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੋ ਸਕਦਾ ਹੈ ਕਿ ਜੋ ਮੈਂ ਅਨਭਉ ਕੀਤਾ ਹੈ, ਸ਼ਾਇਦ ਮੇਰਾ ਲਿਖਣ ਢੰਗ ਮੇਰੇ ਮਨ ਦੀ ਸਹੀ ਅਨਭਉਤਾ ਨੂੰ ਪ੍ਰਗਟ ਕਰਨ ਵਿਚ ਅਸਮਰਥ ਰਿਹਾ ਹੋਵੇ, ਪਰ ਆਪ ਜੀ ਦੀਆਂ ਸਾਰੀਆਂ ਗ਼ਜ਼ਲਾਂ ਅਤੇ ਗ਼ਜ਼ਲਾਂ ਦੇ ਸਾਰੇ ਹੀ ਸ਼ੇਅਰ (ਬੰਧ) ਮੈਨੂੰ ਬਹੁਤ ਬਹੁਤ ਚੰਗੇ ਲੱਗੇ ਹਨ।

ਜਿਵੇਂ ਮੈਂ ਪਹਿਲੇ ਵੀ ਆਪ ਜੀ ਨੂੰ ਕਹਿ ਚੁੱਕਾ ਹਾਂ ਕਿ ਉਹ ਦਿਨ ਦੂਰ ਨਹੀਂ ਜਦ ਆਪ ਜੀ ਸਾਹਿਤ ਦੇ ਆਕਾਸ਼ ਵਿਚ ਸਰਘੀ ਤਾਰੇ ਵਾਂਗ ਸਾਰੀ ਦੁਨੀਆਂ ਨੂੰ ਲਿਸ਼ਕਦੇ ਨਜ਼ਰ ਆਉਣਗੇ। ਕਿਉਂਕਿ ਆਪ ਜੀ ਦੀ ਮੈਂ ਚੜ੍ਹਦੀ ਜੁਆਨੀ ਵਾਂਗ ਰੱਬ ਨੇ ਆਪ ਦੀ ਕਲਮ ਵਿਚ ਵੀ ਉਹ ਜ਼ੋਬਨ ਜਜ਼ਬਾ, ਬੌਧਕਤਾ ਹੁਨਰ ਤੇ ਕਲਾ ਦੀ ਬਖ਼ਸ਼ੀ ਹੈ। ਸਾਡੀ ਅਰਦਾਸ ਹੈ ਕਿ ਆਪ ਜ਼ਿੰਦਗੀ ਦੇ ਹਰ ਖੇਤਰ ਵਿਚ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰਦੇ ਰਹੋ।

ਗਰਮੀਆਂ ਦਾ ਮੌਸਮ ਆ ਰਿਹਾ ਹੈ। ਆਪਣੇ ਵਾਅਦੇ ਅਨੁਸਾਰ ਇਸ ਸਾਲ ਕਸ਼ਮੀਰ ਵੱਲ ਜ਼ਰੂਰ ਆਉਣਾ। ਸਾਨੂੰ ਬਹੁਤ ਹੀ ਖ਼ੁਸ਼ੀ ਹੋਵੇਗੀ। ਅਗਰ ਪ੍ਰਵਾਰ ਦੇ ਕਿਸੇ ਬੰਦੇ ਨੂੰ ਜਾਂ ਆਪਣੀ ਮਹਿਰਮ ਮਿੱਤਰ ਸਹੇਲੀ ਨੂੰ ਵੀ ਨਾਲ ਲਿਆਉਗੇ-ਹੋਰ ਵੀ ਚੰਗਾ ਲੱਗੇਗਾ। ਅਸੀਂ ਕਸ਼ਮੀਰ ਦੇ ਸੁੰਦਰ ਤੇ ਫੇਮਸ ਮੁਕਾਮਾਂ ਦੀ ਸੈਰ ਦੌਰਾਨ ਪੂਰਾ ਸਹਿਯੋਗ ਦੇਵਾਂਗੇ। ਆਪਣੇ ਇੱਧਰ ਵੱਲ ਨੂੰ ਆਂਵਣ ਦੇ ਪ੍ਰੋਗਰਾਮ ਬਾਰੇ ਜ਼ਰੂਰ ਸੂਚਤ ਕਰ ਦੇਣਾ ਜੀ। ਸਾਡੇ ਲਾਇਕ ਕੋਈ ਹੁਕਮ ਹੋਵੇ ਲਿਖਣ ਜਾ ਫ਼ੋਨ ਰਾਹੀਂ ਕਹਿ ਦੇਣਾ ਜੀ। ਮੇਰੇ ਵੱਲੋਂ ਆਪ ਜੀ ਦੇ ਸਾਰੇ ਪਰਿਵਾਰ ਨੂੰ 'ਪੁਸਤਕ ਪ੍ਰਕਾਸ਼ਨਾ' ਦੀ ਵਧਾਈ ਤੇ ਆਦਰ ਸਹਿਤ ਪ੍ਰਨਾਮ!

ਸ਼ੁਭ ਚਿੰਤਕ

***ਜਰਨੈਲ ਸਿੰਘ ਗੁਲਾਬ, ਕਸ਼ਮੀਰ***

*ਨੋਟ : ਚਿੱਠੀ ਦਾ ਉਤਰ ਕਸ਼ਮੀਰ ਵਾਲੇ ਐਡਰਸ ਤੇ ਦੇਣ ਦੀ ਕ੍ਰਿਪਾਲਤਾ ਕਰਨਾ ਜੀ। ਕਿਉਂਕਿ ਅਪ੍ਰੈਲ ਦੇ ਪਹਿਲੇ ਅਫ਼ਤੇ ਅਸੀਂ ਕਸ਼ਮੀਰ ਚਲੇ ਜਾਂਦੇ ਹਾਂ। ਲਫਾਫੇ ਦੇ ਬਾਹਰ ਸੰਖੇਪ ਐਡਰਸ ਲਿਖਿਆ ਹੈ।*

✪✪✪